ੴ ਸਤਿ ਗੁਰਪ੍ਰਸਾਦਿ ॥

# ਕੋਮ ਖਾਤਕਰ

ਗਿ. ਊਧਮ ਸਿੰਘ

ੴ ਸਤਿ ਗੁਰਪ੍ਰਸਾਦਿ

# ਕੌਮ ਚਮਤਕਾਰ

—ਲਿਖਤ—

ਭਾਈ ਸਾਹਿਬ ਗਿ: ਊਧਮ ਸਿੰਘ ਜੀ
ਨਵੀਂ ਦਿੱਲੀ

—ਕਰਤਾ—

'ਸੱਚਾ ਗੁਰੂ' 'ਨਿਰਾਲੀ ਖੋਜ', 'ਨਿਤਨੇਮ ਸਟੀਕ,'
'ਲਾਸਾਨੀ ਸ਼ਹੀਦ' 'ਨਾਮ ਸਿਮ੍ਰਨ ਜੁਗਤੀ', ਆਦਿ

---

TO PROMOTE PANJABI READERSHIP IN ENGLAND.

---

*Panjabi Parkashan*
ਪੰਜਾਬੀ ਪ੍ਰਕਾਸ਼ਨ

Manager:
M.K. Sandhu,
91 Mantilla Drive,
Coventry. CV3 6LJ

Telephone: 0203-415531

ਕਾਪੀ ਰਾਈਟ ਯੂ.ਕੇ. 1975

# — ਧੰਨਵਾਦ —

ਲੇਖਕ ਅਤੇ ਪ੍ਰਕਾਸ਼ਕ, ਕਾਵੈਂਟਰੀ ਨਿਵਾਸੀ ਹੇਠ ਲਿਖੇ ਸੱਜਨਾਂ ਦੇ ਹਾਰਦਿਕ ਧਨਵਾਦੀ ਹਨ ਜਿਨ੍ਹਾਂ ਨੇ ਇਸ ਪੁਸਤਕ ਨੂੰ ਇਥੇ ਪ੍ਰਕਾਸ਼ਤ ਕਰਨ ਦਾ ਉੱਦਮ ਕੀਤਾ:

ਗੁਰਦੁਆਰਾ ਸਾਹਿਬ, ਲਮਿੰਗਟਨ ਸਪਾ
ਸ੍ਰ. ਹਜ਼ਾਰਾ ਸਿੰਘ ਭੂਈ
ਸ੍ਰ. ਬਾਬੂ ਸਿੰਘ ਮਾਂਗਟ
ਸ੍ਰ. ਗੁਰਦਿਆਲ ਸਿੰਘ ਬਾਂਸਲ
ਸ੍ਰ. ਊਧਮ ਸਿੰਘ ਧੰਜਲ
ਸ੍ਰ. ਮੋਹਨ ਸਿੰਘ ਬਾਂਸਲ
ਸ੍ਰ. ਹਰਮੀਤ ਸਿੰਘ ਮਾਂਗਟ
ਸ੍ਰ. ਅਨੂਪ ਸਿੰਘ ਢਿੱਲੋਂ
ਸ੍ਰ. ਗੁਰਮੇਲ ਸਿੰਘ
ਸ੍ਰ. ਚੰਨਣ ਸਿੰਘ ਚੰਨ
ਸ੍ਰ. ਚਰਨ ਸਿੰਘ ਗਰੇਰ, ਡਾਇਰੈਕਟਰ ਜੀ. ਐਂਡ ਐਸ. ਫੈਸ਼ਨਜ਼
ਸ੍ਰ. ਸੁਰਿੰਦਰ ਸਿੰਘ ਜੰਡੂ, ਡਾਇਰੈਕਟਰ ਫ਼ਾਰਵਰਡ ਟ੍ਰੇਡਿੰਗ ਕੰਪਨੀ
ਸ੍ਰ. ਮੁਹਿੰਦਰਪਾਲ ਸਿੰਘ ਢਿੱਲੋਂ ਆਫ਼ ਐਮ. ਐਂਡ ਡੀ. ਮੋਟਰਜ਼
ਬਾਂਸਲ ਬ੍ਰਦਰਜ਼ ਆਫ਼ ਰੇਫ਼ੀਲਡ ਔਟੋ ਲਿਮਟਡ

---

ਕਵਰ ਡੀਜ਼ਾਈਨ: ਸ੍ਰ. ਹਰਮੀਤ ਸਿੰਘ ਮਾਂਗਟ
ਪਹਿਲੀ ਵਾਰ: 1000 ਕਾਪੀ

ਡਿਸਟ੍ਰੀਬਿਊਟਰਜ਼

9 CANAL ROAD, COVENTRY, CV6 5GN
Tel: 0203-82922

## —ਤਤਕਰਾ—


| | ਸਫ਼ਾ |
|---|---|
| ਭੂਮਕਾ 'ਲੇਖਕ' | 2 |
| ਮੁਖ ਬੰਦ ਸ੍ਰ: ਹੁਕਮ ਸਿੰਘ ਜੀ ਸਪੀਕਰ | 6 |
| ਦੋ ਸ਼ਬਦ ਪ੍ਰੋ: ਸਤਬੀਰ ਸਿੰਘ ਜੀ | 7 |
| ਪ੍ਰਚਾਰ ਸਬੰਧੀ ਸਿੰਘ ਸਭਾ ਨਰੋਬੀ ਦੀ ਰਾਇ | 9 |
| ਸੈਂਟ੍ਰਿਲ ਸਿੱਖ ਟੈਂਪਲ ਸਿੰਘਾ ਪੁਰ ਦੀ ਰਾਇ | 9 |
| ਤੱਤ ਖ਼ਾਲਸਾ ਦੀਵਾਨ ਮਲਾਇਆ ਦੀ ਰਾਇ | 10 |
| ਸਿੱਖ ਮਿਸ਼ਨਰੀ ਸੁਸਾਇਟੀ ਸਿੰਘਾ ਪੁਰ ਦੀ ਰਾਇ | 11 |
| ਧਰਮ ਵੀ ਇਕ ਕਾਨੂੰਨ ਹੈ | 12 |
| ਜਗ ਰਚਨਾ ਦੇ ਅਗੰਮੀ ਭੇਦ | 15 |
| ਕੇਸ ਕਿਉਂ ਜ਼ਰੂਰੀ ਹਨ ? | 18 |
| ਸਭ ਤੋਂ ਪਹਿਲੇ ਕੇਸ ਕਿਸ ਨੇ ਰਖਾਏ ? | 22 |
| ਦਾੜ੍ਹੇ ਦੇ ਕੇਸਾਂ ਦੀ ਮਹਾਨਤਾ | 25 |
| ਈਸ਼ਵਰ ਵੀ ਕੇਸਾਂ ਵਾਲਾ ਹੈ | 32 |
| ਅਵਤਾਰ ਰਿਸ਼ੀ ਮੁਨੀ ਤੇ ਕੇਸ | 35 |
| ਯਹੂਦੀ ਮਤ ਤੇ ਕੇਸ | 42 |
| ਈਸਾਈ ਮਤ ਤੇ ਕੇਸ | 43 |
| ਇਸਲਾਮ ਤੇ ਕੇਸ | 45 |
| ਦੂਜੇ ਮਤਾਂ ਦੇ ਨੇਤਾ ਤੇ ਕੇਸ | 48 |
| ਸਾਰੀਆਂ ਕੌਮਾਂ ਸਿੱਖੀ ਤੋਂ ਪੈਦਾ ਹੋਈਆਂ | 51 |
| ਕੇਸ ਕਿਉਂ ਰਖਦੇ ਹੋ, ਦਾ ਉੱਤਰ | 53 |
| ਕੇਸਾਂ ਬਿਨਾਂ ਸਿੱਖ, ਸਿੱਖ ਨਹੀਂ ਕਹਾ ਸਕਦਾ | 55 |
| ਕੇਸ ਤੇ ਸਹਿਜਧਾਰੀ ਸਿੱਖ | 57 |
| ਕੇਸਾਂ ਬਾਰੇ ਚਾਰੇ ਵੇਦਾਂ ਦੇ ਹਵਾਲੇ | 59 |
| ਕੇਸਾਂ ਬਾਰੇ ਉਪਨਿਸ਼ਦਾਂ ਦੇ ਹਵਾਲੇ | 73 |
| ਕੇਸਾਂ ਬਾਰੇ ਸਿਮ੍ਰਤੀਆਂ ਦੇ ਹਵਾਲੇ | 76 |
| ਕੇਸਾਂ ਬਾਰੇ ਪੁਰਾਣਾਂ ਦੇ ਹਵਾਲੇ | 81 |
| ਬਾ: ਰਾਮਾਇਣ, ਹਨੂਮਾਨ ਨਾਟਕ ਤੇ ਅਧਿਆਤਮ ਰਾਮਾਇਣ, ਦੇ ਹਵਾਲੇ | 85 |
| ਯੋਗ, ਵਸ਼ਿਸ਼ਟ, ਮਹਾਂ ਭਾਰਤ ਤੇ ਅਸ੍ਵਮੇਧ | |
| ਪੁਰਾਣ ਦੇ ਕੁਝ ਹਵਾਲੇ | 93 |
| ਕੁਝ ਨੋਟ | 97 |
| ਕੇਸ ਤੇ ਗੁਰਬਾਣੀ ਦੇ ਹਵਾਲੇ | 99 |
| ਕੇਸ ਤੇ ਭਗਤ ਬਾਣੀ ਦੇ ਪ੍ਰਮਾਣ | 100 |
| ਕੇਸਾਂ ਬਾਰੇ ਭਾ: ਗੁਰਦਾਸ ਤੇ ਭਾ: ਨੰਦ ਲਾਲ ਜੀ ਦੇ ਹਵਾਲੇ | 106 |
| ਕੇਸਾਂ ਬਾਰੇ ਗੁਰੂ ਕਲਗੀਧਰ ਜੀ ਦੇ ਹੁਕਮ | 109 |
| ਬਿਜੈ ਮੁਕਤ ਧਰਮ ਸ਼ਾਸਤ੍ਰ ਦੇ ਪ੍ਰਮਾਣ | 113 |
| ਗੁਰਪ੍ਰਤਾਪ ਸੂਰਜ | 117 |
| ਸੁਧਰਮ ਮਾਰਗ ਅੰਤੇ ਸ੍ਵਾਣੇ ਉਮਰੀ ਚੋਂ | 120 |
| ਕੇਸ ਕਟਾਉਣ ਬਾਰੇ ਮਨੋਕਲਪਤ ਦਲੀਲਾਂ | 122 |
| ਕੇਸ ਕਟਾਉਣ ਦੀ ਰੀਤੀ ਕਿਥੋਂ ਚਲੀ | 124 |
| ਕੇਸ ਕਟਾਉਣ ਦੇ ਨੁਕਸਾਨ | 131 |
| ਕੇਸਾਂ ਦਾ ਵਿਗਿਆਨਕ ਪਹਿਲੂ | 133 |

| | |
|---|---|
| ਕੇਸਾਂ ਬਾਰੇ ਸ਼ੰਕੇ ਤੇ ਉਨ੍ਹਾਂ ਦੇ ਉੱਤਰ | 136 |
| ਸਿੱਖ ਕਦੇ ਪਤਿਤ ਨਹੀਂ ਹੋ ਸਕਦਾ | 144 |
| ਸਿੱਖੀ ਕੇਸਾਂ ਸੁਆਸਾਂ ਨਾਲ ਨਿਭਾਉਣ ਦੇ ਚਮਤਕਾਰ | 146 |
| ਸਿੰਘਣੀਆਂ ਤੇ ਕੇਸ | 152 |
| ਇਸਤ੍ਰੀ ਵੀ ਸਾਬਤ ਸੂਰਤ ਰਹੇ | 153 |
| ਕੇਸਾਂ ਬਾਰੇ ਸਿੱਖਾਂ ਦਾ ਫ਼ਰਜ਼ | 154 |
| ਕੇਸਾਂ ਦੀ ਮਹਾਨਤਾ ਦੇ ਪਰਤੱਖ ਸਬੂਤ | 156 |
| ਕੇਸਾਂ ਦੀ ਸੇਵਾ ਤੇ ਸਫ਼ਾਈ | 161 |
| ਪਤਿਤ ਸਿੱਖ | 162 |
| ਅੰਤਕਾ ਤੇ ਪ੍ਰਚਾਰ ਸਬੰਧੀ ਸਾਡੀ ਅਨਗੈਹਲੀ ਦੀ ਹੱਦ | 164 |
| ਸਿੱਖ ਪੰਥ ਦੇ ਧਿਆਨ ਯੋਗ | 170 |


## ਸਮੱਰਪਣ

ਕੇਸ ਰੱਖਯਕ, ਅੰਮ੍ਰਿਤ ਦਾਤਾ, ਕਲਗੀਧਰ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਅਤੇ ਉਨ੍ਹਾਂ ਦੇ ਅੰਮ੍ਰਿਤਧਾਰੀ ਸੂਰਬੀਰ ਪੂਰਣ ਗੁਰ ਸਿੱਖਾਂ ਨੂੰ, ਜਿਨ੍ਹਾਂ ਨੇ ਗੁਰਮਤਿ ਅਨੁਸਾਰ ਜੀਵਨ ਬਿਤਾਏ, ਧਰਮ ਹੇਤ ਪੁਰਜ਼ਾ ਪੁਰਜ਼ਾ ਕੱਟ ਮਰੇ, ਪਰ ਸੀਂ ਨਾ ਕੀਤੀ ਅਤੇ ਸਿੱਖੀ ਸਿਦਕ ਨੂੰ ਕੇਸਾਂ ਸੁਆਸਾਂ ਨਾਲ ਨਿਭਾਹਿਆ।

## ਭੂਮਿਕਾ

ਅਸੂਲ ਦੋ ਪ੍ਰਕਾਰ ਦੇ ਹੁੰਦੇ ਹਨ, ਇਕ ਈਸ਼ਵਰ ਕ੍ਰਿਤ ਅਤੇ
ਦੂਜੇ ਮਨੁੱਖੀ ਕ੍ਰਿਤ। ਜੀਵਨ ਨੂੰ ਸਫਲ ਬਣਾਉਣ ਲਈ ਮਨੁੱਖ
ਨੂੰ ਕਿਸੇ ਅਸੂਲ ਦਾ ਪਾਬੰਦ ਰਹਿਣਾ ਜ਼ਰੂਰੀ ਹੈ, ਜੇ ਇਹ
ਰੱਬੀ ਅਸੂਲ ਦਾ ਪਾਬੰਦ ਰਹੇ ਤਾਂ ਆਪਣੇ ਮੰਤਵ ਵਿਚ ਸਫ਼ਲ ਹੋ
ਸਕਦਾ ਹੈ, ਪਰ ਜੇ ਮਨੁੱਖੀ ਮਨੋਕਲਪਤ ਕਾਢਾਂ ਪਿਛੇ ਲਗ ਤੁਰੇ ਤਾਂ
ਇਨਸਾਨੀ ਆਦਰਸ਼ ਤੋਂ ਗਿਰ ਕੇ ਦੁਖਾਂ ਦੇ ਚੱਕਰ ਵਿਚ ਪੈ ਜਾਂਦਾ ਹੈ:-

ਸੋ ਸਿਖ ਸਖਾ ਬੰਧਪ ਹੈ ਭਾਈ ਜਿ ਗੁਰ ਕੇ ਭਾਣੇ
ਵਿਚ ਆਵੈ। ਆਪਣੈ ਭਾਣੈ ਜੋ ਚਲੈ ਭਾਈ ਵਿਛੜ
ਚੋਟਾ ਖਾਵੈ। (ਸੋਰਠ ਮ: ੩)

ਸਾਡੇ ਸਰੀਰ ਦੀ ਬਨਾਵਟ ਇਕ ਰੱਬੀ ਅਸੂਲ ਹੈ ਅਤੇ ਇਸ
ਦੀ ਭੰਨ ਤੋੜ ਕਰਨਾ ਮਨੁੱਖੀ ਕਾਢ, ਰੱਬੀ ਅਸੂਲ ਨੂੰ ਭੰਗ ਕਰ ਕੇ
ਭਾਵੇਂ ਲੱਖਾਂ ਹੋਰ ਤ੍ਰੀਕੇ ਕਿਉਂ ਨ ਅਪਨਾਏ ਜਾਣ, ਵਾਹਿਗੁਰੂ ਦੀ
ਹਜ਼ੂਰੀ ਵਿਚ ਉਹਨਾਂ ਦਾ ਕੋਡੀ ਮੁਲ ਨਹੀਂ ਪੈਂਦਾ, ਸਗੋਂ ਉਹ ਸਾਡੀ
ਬੇਮੁਖਤਾ ਦਾ ਕਾਰਣ ਬਣਦੇ ਹਨ।

ਇਸ ਵਿਚ ਸ਼ੱਕ ਨਹੀਂ ਕਿ ਈਸ਼ਵਰ ਪ੍ਰਾਪਤੀ ਲਈ ਮਨ ਦੀ
ਪਵਿੱਤ੍ਰਤਾ ਅਤੇ ਸਿਮਰਨ ਆਦਿ ਚੰਗੇ ਗੁਣਾਂ ਦੀ ਵੀ ਲੋੜ ਹੈ, ਪਰ
ਇਨ੍ਹਾਂ ਗੁਣਾਂ ਦੀ ਪ੍ਰਾਪਤੀ ਨਿਰੰਕਾਰ ਦੀ ਰਜ਼ਾ ਵਿਚ ਰਹਿ ਕੇ ਹੀ ਹੋ
ਸਕਦੀ ਹੈ ਅਤੇ ਉਸ ਲਈ ਸਾਬਤ ਸੂਰਤ ਰਹਿਣਾ ਜ਼ਰੂਰੀ ਹੈ।

ਸੰਸਾਰ ਤੇ ਅਜ ਤਕ ਜਿੰਨੇ ਵੀ ਰਿਸ਼ੀ ਮੁਨੀ ਅਵਤਾਰ ਅਥਵਾ

ਪੈਗੰਬਰ ਆਏ, ਉਨ੍ਹਾਂ ਨੇ ਆਪਣਾ ਆਪਣਾ ਮੱਤ ਚਲਾਣ ਲਈ ਕਈ ਵੱਖਰੇ ਵੱਖਰੇ ਅਸੂਲ ਬਣਾਏ ਅਤੇ ਪ੍ਰਚਾਰੇ ਹਨ, ਪਰ ਕਿਸੇ ਨੇ ਵੀ ਕੇਸਾਂ ਦਾ ਖੰਡਨ ਨਹੀਂ ਕੀਤਾ, ਸਗੋਂ ਇਨ੍ਹਾਂ ਦੀ ਮਹਾਨਤਾ ਦਰਸਾਈ ਹੈ, ਇਹ ਹਕੀਕਤ ਹੈ ਕਿ ਕੇਸਹੀਣ ਪੁਰਸ਼ ਦਾ ਆਤਮਕ ਬਲ ਨਸ਼ਟ ਹੋ ਕੇ ਉਸ ਦੀ ਮਨੁੱਖੀ ਪ੍ਰਭਤਾ ਖਤਮ ਹੋ ਜਾਂਦੀ ਹੈ ਅਤੇ ਉਹ ਕਿਸੇ ਚੰਗੇ ਕਰਮ (ਯੱਗ ਆਦ) ਵਿਚ ਬੈਠਣ ਦੇ ਵੀ ਯੋਗ ਨਹੀਂ ਰਹਿੰਦਾ। ਪਰ ਸਮੇਂ ਦੇ ਚੱਕਰ ਨੇ ਮਨੁੱਖਤਾ ਨੂੰ ਇਥੋਂ ਤਕ ਗਿਰਾ ਦਿਤਾ ਹੈ ਕਿ ਦੁਨੀਆਂ ਭਰ ਦੇ ਬਹੁਤ ਸਾਰੇ ਮੱਤਾਂ ਦੇ ਪੈਰੋਕਾਰਾਂ ਨੇ ਇਸ ਪਤਿਤ ਕਰਮ ਨੂੰ ਧਰਮ ਦਾ ਨਾਮ ਦੇਣ ਤੋਂ ਵੀ ਸੰਕੋਚ ਨਹੀਂ ਕੀਤਾ।

ਵੇਦ, ਪੁਰਾਣ, ਸ਼ਾਸਤ੍ਰ ਅਤੇ ਕੁਰਾਣ ਆਦਿ ਇਸਲਾਮੀ ਪ੍ਰਸਤਕਾਂ ਪੜ੍ਹਨ ਤੋਂ ਵੀ ਪਤਾ ਲਗਦਾ ਹੈ ਕਿ ਕੇਸ ਕਟਾਣੇ ਕਿਸੇ ਤਰ੍ਹਾਂ ਵੀ ਜਾਇਜ਼ ਨਹੀਂ ਅਤੇ ਇਨ੍ਹਾਂ ਦਾ ਕਟਾਣਾ ਬੱਜਰ ਪਾਪ ਹੈ। ਇਹ ਤਾਂ ਉਹਨਾਂ ਲੋਕਾਂ ਦੇ ਕੱਟੇ ਜਾਂਦੇ ਸਨ, ਜਿਨ੍ਹਾਂ ਨੂੰ ਮੌਤ ਤੋਂ ਵੀ ਕੋਈ ਵੱਡੀ ਸਜ਼ਾ ਦਿਤੀ ਜਾਂਦੀ ਸੀ, ਜਾਂ ਦੁਨੀਆਂ ਦੇ ਸਾਹਮਣੇ ਉਨ੍ਹਾਂ ਨੂੰ ਨਸ਼ਰ ਕਰਨਾ ਹੁੰਦਾ ਸੀ। ਪਰ ਮਨੁੱਖਤਾ ਦੇ ਮੰਦੇ ਭਾਗਾਂ ਨੂੰ ਇਹ ਪਾਪ ਕਰਮ, ਧਰਮ ਵਿਚ ਬਦਲ ਦਿਤਾ ਗਿਆ ਹੈ ਅਤੇ ਦੁਨੀਆਂ ਨੇ ਇਸ ਨੂੰ ਫ਼ੈਸ਼ਨ ਹੀ ਬਣਾ ਲਿਆ ਹੈ।

ਸੰਸਾਰ ਲਈ ਮਾਨ, ਖ਼ੁਸ਼ੀ ਅਤੇ ਗੌਰਵਤਾ ਦੀ ਗੱਲ ਹੈ ਕਿ ਵਾਹਿਗੁਰੂ ਅਕਾਲ ਪੁਰਖ ਨੇ ਜਗਤ ਗੁਰੂ, ਗੁਰੂ ਨਾਨਕ ਸਾਹਿਬ ਦਾ ਰੂਪ ਧਾਰ ਕੇ ਦਸ ਜਾਮਿਆਂ ਵਿਚ ਸਾਰੇ ਸੰਸਾਰੀ ਜੀਵਾਂ ਨੂੰ ਰੱਬੀ ਉਪਦੇਸ਼ ਦਿਤਾ, ਉਨ੍ਹਾਂ ਨੂੰ ਮਨੁੱਖੀ ਫ਼ਰਜ਼ਾਂ ਦਾ ਅਹਿਸਾਸ ਕਰਾਇਆ ਅਤੇ ਮਨੁੱਖਤਾ ਨੂੰ ਸਾਬਤ ਸੂਰਤ ਕੇਸਾਧਾਰੀ ਰਹਿਣ ਦਾ ਉਪਦੇਸ਼ ਕਰ ਕੇ, ਮਨੁੱਖੀ ਸਾਬਤ ਸੂਰਤ ਨੂੰ ਡੁਬਦਿਆਂ ਬਚਾ ਲਿਆ।

ਭਾਵੇਂ ਗੁਰੂ ਸਾਹਿਬ ਮਨੁੱਖੀ ਕਲਪਿਤ ਮਜ਼੍ਹਬ, ਫਿਰਕੇ ਜ਼ਾਤ ਪਾਤ ਆਦ ਦੇ ਬੰਧਨਾਂ ਤੋਂ ਉਚੇ ਸਨ ਅਤੇ ਉਨ੍ਹਾਂ ਦਾ ਮਜ਼੍ਹਬ ਇਕ ਰੱਬੀ ਮਜ਼੍ਹਬ ਸੀ, ਪਰ ਕਿਉਂਕਿ ਪੂਰਨ ਰੱਬੀ (ਨਿਰੰਕਾਰੀ)
ਕਾਰਣ ਉਹ ਸਾਬਤ ਸੂਰਤ ਸਨ ਅਤੇ ਉਨ੍ਹਾਂ ਤੇ ਵਿਸ਼
ਲਿਆਉਣ ਵਾਲੇ ਵੀ ਸਾਬਤ ਸੂਰਤ ਰਹਿ ਕੇ ਉਨ੍ਹਾਂ ਦੇ ਸਿੱਖ ਕ
ਲੱਗੇ, ਇਸ ਲਈ ਦੂਜੇ ਮੱਤਾਂ ਦੇ ਲੋਕਾਂ ਨੇ ਫ਼ਿਰਕਾਪ੍ਰਸਤੀ
ਜਿੱਲ੍ਹਣ ਵਿਚ ਫਸ ਕੇ ਸਾਬਤ ਸੂਰਤ ਰਹਿਣ ਵਾਲਿਆਂ ਨੂੰ ਵੀ
ਫ਼ਿਰਕਾ ਕਹਿਣਾ ਸ਼ੁਰੂ ਕਰ ਦਿਤਾ ਅਤੇ ਆਪਣੇ ਮਨੋਕਲਪਤ ਅ
ਦੇ ਢੋਲ ਦਾ ਪੋਲ ਖੁਲ੍ਹ ਜਾਣ ਦੇ ਡਰ ਤੋਂ ਕੇਸ ਕਟਾਉਣ ਦੀ
ਨਾਪਾਕ ਲਹਿਰ ਦਾ ਹੋਰ ਵੀ ਜ਼ੋਰ ਸ਼ੋਰ ਨਾਲ ਪਰਚਾਰ ਅਰੰਭ ਦਿ

ਭਾਵੇਂ ਇਸ ਤਰ੍ਹਾਂ ਦੇ ਪ੍ਰਚਾਰ ਦਾ ਸਿੱਖ ਹਿਰਦਿਆਂ ਤੇ
ਅਸਰ ਨਹੀਂ ਪੈ ਸਕਿਆ ਅਤੇ ਰੰਬੀ ਦੀ ਧਾਰ, ਚਰਖੜੀ ਦੇ
ਅਥਵਾ ਗੋਲੀਆਂ ਦੀ ਬੁਛਾੜ ਵੀ ਸਿੱਖ ਨੂੰ ਸਿੱਖੀ ਤੋਂ ਡੁਲਾਉਣ
ਨਾਕਾਮ ਰਹੀ, ਪਰ ਅਜਿਹੇ ਲੋਕ (ਖ਼ਾਸ ਕਰ ਕੇ) ਨੌਜੁਆਨ
ਪੱਛਮੀ ਵਿੱਦਿਆ ਦੇ ਅਸਰ ਹੇਠ ਸਿੱਖੀ ਅਸੂਲਾਂ ਤੋਂ ਅਨ
ਅਥਵਾ ਡੋਲੇ ਹੋਏ ਸਨ, ਉਹ ਇਸ ਪਤਿਤਪੁਣੇ ਦੀ ਲਹਿਰ ਤੋਂ
ਬਚ ਸਕੇ, ਜਿਸ ਦੇ ਨਤੀਜੇ ਦੇ ਤੌਰ ਤੇ ਥੋੜੇ ਸਾਲਾਂ ਵਿਚ ਹੀ
ਸਿੱਖ ਪਤਿਤ ਹੋ ਗਏ ਹਨ। ਹੋ ਸਕਦਾ ਹੈ ਕਿ ਇਸ ਦੇ ਹੋਰ ਵੀ
ਕਾਰਣ ਹੋਣ, ਪਰ ਵਡਾ ਕਾਰਣ ਪ੍ਰਚਾਰ ਦੀ ਘਾਟ ਹੈ।

ਸਾਡੇ ਖ਼ਿਆਲ ਵਿਚ ਸਿੱਖ ਕਦੇ ਪਤਿਤ ਨਹੀਂ ਹੁੰਦਾ,
ਕੋਈ ਤਾਕਤ ਇਸ ਨੂੰ ਪਤਿਤ ਕਰ ਸਕਦੀ ਹੈ। ਪਤਿਤ ਓਹੀ
ਹੈ ਜੋ ਸਿੱਖ ਨਹੀਂ, ਅਰਥਾਤ ਜੋ ਸਿੱਖੀ ਦੇ ਗਿਆਨ ਤੋਂ ਕੋਰਾ

ਸਿੱਖੀ ਦੇ ਵਾਧੇ ਲਈ ਸਿੱਖੀ ਦੇ ਪ੍ਰਚਾਰ ਦੀ ਲੋੜ ਸੀ,
ਅਸਾਂ (ਖ਼ਾਸ ਕਰ ਕੇ ਜ਼ਿੰਮੇਵਾਰ ਬਾਡੀਆਂ ਨੇ) ਆਪਣੀ ਜ਼ਿੰਮੇ
ਨਾਲ ਇਸ ਪਾਸੇ ਪੂਰਾ ਧਿਆਨ ਨਹੀਂ ਦਿਤਾ। ਲੇਖਕ ਨੇ ਨ
੧੯੫੭ ਤੋਂ ਮਈ ੧੯੫੮ ਤਕ ਈਸਟ ਅਫ਼ਰੀਕਾ ਵਿਚ ਪ੍ਰ
ਦੇ ਦੌਰੇ ਸਮੇਂ ਇਸ ਗੱਲ ਨੂੰ ਖ਼ਾਸ ਕਰ ਕੇ ਨੋਟ ਕੀਤਾ ਹੈ ਕਿ ਪ੍ਰ

ਦੀ ਕਮੀ ਕਰ ਕੇ ਹੀ ਸਿੱਖੀ ਨੂੰ ਬਹੁਤੀ ਢਾਹ ਲਗ ਰਹੀ ਹੈ।

ਦੂਰ ਜਾਣ ਦੀ ਲੋੜ ਨਹੀਂ, ਜੇ ਅਸੀਂ ਪੰਜਾਬ ਵਲ ਹੀ ਧਿਆਨ ਮਾਰੀਏ ਤਾਂ ਉਹ ਧਰਤੀ, ਜਿਸ ਤੇ ਦੱਸੇ ਹੀ ਗੁਰੂ ਸਾਹਿਬਾਨਾਂ ਨੇ ਚਰਨ ਪਾਏ ਅਤੇ ਰੱਬੀ ਉਪਦੇਸ਼ ਦਾ ਪ੍ਰਚਾਰ ਕੀਤਾ ਹੈ ਉਸ ਤੇ ਵੱਸਣ ਵਾਲੇ ਸਿੱਖਾਂ ਦੀ ਭਾਰੀ ਗਿਣਤੀ (ਖ਼ਾਸ ਕਰ ਕੇ ਜ਼ਿਮੀਂਦਾਰਾ ਤਬਕੇ ਦੇ ਲੋਕ) ਦਾੜ੍ਹੀ ਕੇਸ ਕੱਟਦੇ ਅਤੇ ਕਈ ਖੁਲ੍ਹਮ ਖੁਲ੍ਹਾ ਤਮਾਕੂ ਆਦਿ ਦਾ ਸੇਵਣ ਕਰਦੇ ਵੀ ਦੇਖੇ ਜਾ ਰਹੇ ਹਨ।

ਤਰਨ ਤਾਰਨ ਸਾਹਿਬ ਦੀ ਮੱਸਿਆ, ਅੰਮ੍ਰਿਤਸਰ ਦੀ ਦੀਵਾਲੀ ਅਤੇ ਅਨੰਦਪੁਰ ਸਾਹਿਬ ਦੇ ਹੋਲੇ ਮਹੱਲੇ ਤੇ ਉਨ੍ਹਾਂ ਦੇ ਚੱਟਮ ਕੀਤੇ ਹੋਏ ਦਾੜ੍ਹੇ, ਕੇਸਾਂ ਦੀ ਬੇਅਦਬੀ ਅਤੇ ਕੰਨਾਂ ਵਿਚ ਮੁੰਦ੍ਰਾ ਦੇਖ ਕੇ ਲੱਜਾ ਨਾਲ ਸਿਰ ਝੁਕ ਜਾਂਦਾ ਹੈ। ਕਰੋੜਾਂ ਰੁਪਏ ਦੀ ਆਮਦਨ ਤੋਂ ਇਲਾਵਾ ਹਜ਼ਾਰਾਂ ਹੋਰ ਸਾਧਨਾਂ ਦੇ ਹੁੰਦਿਆਂ ਹੋਇਆਂ ਜੇ ਸਾਡਾ ਆਪਣੇ ਘਰ ਦਾ ਇਹ ਹਾਲ ਹੈ ਤਾਂ ਅਸੀਂ ਬਾਹਰ ਦੇ ਦੇਸਾਂ ਵਿਚ ਸਿੱਖੀ ਦਾ ਕੀ ਪ੍ਰਚਾਰ ਕਰਨਾ ਹੈ।

ਦਾਸ ਨੇ ਕਈ ਸਾਲਾਂ ਤੋਂ ਸਿੱਖ ਧਰਮ ਦੇ ਕੁਝਕੁ ਖ਼ਾਸ ਖ਼ਾਸ ਵਿਸ਼ਿਆਂ ਪਰ ਆਪਣੀ ਤੁਛ ਬੁੱਧੀ ਅਨੁਸਾਰ ਖੋਜ ਵੀਚਾਰ ਅਰੰਭੀ ਹੋਈ ਹੈ, ਜਿਸ ਦੇ ਨਤੀਜੇ ਦੇ ਤੌਰ ਤੇ 'ਸੱਚਾ ਗੁਰੂ', ਅਤੇ 'ਨਿਰਾਲੀ ਖੋਜ' ਪੁਸਤਕਾਂ ਪਾਠਕਾਂ ਦੇ ਸਾਹਮਣੇ ਆ ਚੁਕੀਆਂ ਹਨ ਅਤੇ ਉਨ੍ਹਾਂ ਬਾਰੇ ਵਿਦਵਾਨਾਂ ਦੀਆਂ ਰਾਵਾਂ ਪਾਠਕ ਪੜ੍ਹ ਚੁਕੇ ਹਨ। ਇਹ ਤੀਜੀ ਪੁਸਤਕ **'ਕੇਸ ਚਮਤਕਾਰ'** ਭਾਰੀ ਮਿਹਨਤ ਦੁਆਰਾ ਵੇਦਾਂ, ਪੁਰਾਣਾਂ, ਸਿੰਮ੍ਰਤੀਆਂ, ਸ਼ਾਸਤ੍ਰਾਂ, ਕੁਰਾਨ, ਬਾਈਬਲ ਅਤੇ ਸਿੱਖ ਇਤਿਹਾਸ, ਗੁਰਬਾਣੀ ਆਦਿ ਦੇ ਬੇਅੰਤ ਪ੍ਰਮਾਣਾਂ ਅਤੇ ਸੈਂਕੜੇ ਹੀ ਹੋਰ ਹਵਾਲਿਆਂ ਅਥਵਾ ਦਲੀਲਾਂ ਸਹਿਤ ਤਿਆਰ ਕਰ ਕੇ ਪਾਠਕਾਂ (ਖਾਸ ਕਰ ਕੇ ਉਹਨਾਂ ਨੌਜੁਆਨਾਂ, ਜੋ ਕੇਸਾਂ ਬਾਰੇ ਡਾਵਾਂ ਡੋਲ ਹਨ) ਦੇ ਪੇਸ਼ ਕੀਤੀ ਜਾ ਰਹੀ ਹੈ, ਦਾਸ ਦਾ ਵਿਸ਼ਵਾਸ਼ ਹੈ ਕਿ
ਇਸ ਦਾ ਅਸਰ ਹਜ਼ਾਰਾਂ ਲੋਕਾਂ ਦੇ ਮਨਾਂ ਤੇ ਪਵੇਗਾ ਅਤੇ ਜਿਸ ਮੰਤ
ਨਾਲ ਇਹ ਲਿਖੀ ਗਈ ਹੈ, ਉਸ ਵਿਚ ਜ਼ਰੂਰ ਸਫਲਤਾ ਪ੍ਰਾਪ
ਕਰੇਗੀ।

ਇਸ ਦੀ ਪਹਿਲੀ ਐਡੀਸ਼ਨ ਛੋਟੇ ਆਕਾਰ ਵਿਚ ੧੯੫੮ ਵਿ
ਛਪੀ ਸੀ ਅਤੇ ਬਹੁਤ ਹੀ ਥੋੜੇ ਅਰਸੇ ਵਿਚ ਦੇਸ ਪ੍ਰਦੇਸ ਦੇ ਪਾਠਕਾਂ ਤ
ਪੁਜ ਗਈ ਸੀ। ਜੇ ਇਸ ਵਲ ਪੂਰਾ ਧਿਆਨ ਦਿਤਾ ਗਿਆ ਹੁੰਦਾ ਤ
ਅਜ ਤਕ ਕਈ ਐਡੀਸ਼ਨਾਂ ਪ੍ਰਕਾਸ਼ਤ ਹੋ ਜਾਂਦੀਆਂ। ਇਸ ਬਾਰੇ ਅੰਤਕ
ਵਿਚ ਸਾਰੇ ਕਾਰਣ ਸਵਿਸਥਾਰ ਅੰਕਿਤ ਕਰ ਦਿਤੇ ਹਨ, ਇ
ਕੇਵਲ ਐਨਾ ਹੀ ਲਿਖਣਾ ਕਾਫ਼ੀ ਹੈ ਕਿ ਭਾਵੇਂ ਜ਼ਿੰਮੇਂਵਾਰ ਬਾਡੀਅ
ਦੇ ਆਗੂਆਂ ਨੇ ਇਸ ਪਾਸੇ ਉਕਾ ਹੀ ਧਿਆਨ ਨਹੀਂ ਦਿਤਾ
ਨਾ ਹੀ ਇਹ ਆਸ ਰੱਖੀ ਜਾ ਸਕਦੀ ਹੈ ਕਿ ਕਦੇ ਦੇਣਗੇ, ਪ
ਪਾਠਕਾਂ ਦੀਆਂ ਸੈਂਕੜੇ ਹੀ ਪਿਆਰ ਸਤਿਕਾਰ ਅਥਵਾ ਉਤਸ਼ਾ
ਭਰੀਆਂ ਰਾਵਾਂ ਅਤੇ ਚਿੱਠੀਆਂ ਨੇ ਅਤਿ ਵਲਵਲੇ ਭਰਪੂਰ ਪ੍ਰੇਰ
ਦਿਤੀ ਹੈ, ਜਿਨ੍ਹਾਂ ਸਦਕਾ ਨਾ ਕੇਵਲ ਇਸ ਨੂੰ ਪਹਿਲੇ ਰੂਪ ਵਿ
ਹੀ, ਬਲਕਿ ਕਾਫ਼ੀ ਮਿਹਨਤ ਅਥਵਾ ਖੋਜ ਦੁਆਰਾ ਕੇਸਾਂ
ਮਹਾਨਤਾ ਬਾਰੇ ਹੋਰ ਬੇਅੰਤ ਹਵਾਲੇ ਇਕੱਤਰ ਕਰ ਕੇ ਅਗੇ ਨਾਲੋ
ਵਡੇ ਅਕਾਰ ਵਿਚ ਛਾਪਣ ਦੇ ਸਮੱਰਥ ਹੋ ਸਕਿਆ ਹਾਂ।

ਪਹਿਲੀ ਐਡੀਸ਼ਨ ਦਾ ਜੋ ਸਿਖ ਸੰਗਤਾਂ ਤੇ ਪ੍ਰਭਾਵ ਪਿ
ਹੈ ਅਤੇ ਨਤੀਜੇ ਵਜੋਂ ਭਾਰੀ ਗਿਣਤੀ ਵਿਚ ਪਤਿਤ ਹੋਏ ਜੋ ਸੱਜ
ਸਿੱਖ ਸਜੇ ਅਤੇ ਕਈ ਹਿੰਦੂ ਪਰਵਾਰਾਂ ਨੇ ਕੇਸ ਰਖੇ ਹਨ, ਉ
ਸਮਾਚਾਰ (ਸਣੇ ਚਿੱਠੀਆਂ ਦੇ) ਇਥੇ ਨਹੀਂ ਲਿਖੇ।

ਇਸ ਵਾਰੀ ਪਿਛਲੀ ਐਡੀਸ਼ਨ ਦੀ ਸੁਧਾਈ ਤੋਂ ਇਲਾ
ਬਹੁਤ ਸਾਰਾ ਵਾਧਾ ਕੀਤਾ ਗਿਆ ਹੈ ਅਤੇ ਇਹ ਕੋਸ਼ਿਸ਼ ਕੀਤੀ ਗ
ਹੈ ਕਿ ਕੇਸਾਂ ਦੇ ਵਿਸ਼ੇ ਪਰ ਖੋਜ ਦਾ ਇਹ ਇਕ ਅਮੁੱਲਾ ਖ਼ਜ਼ਾ

ਬਣ ਸਕੇ।

ਇਸ ਵਿਚ ਵੇਦਾਂ ਪੁਰਾਣਾਂ ਦੇ ਹਵਾਲਿਆਂ ਦਾ ਥਾਂ ਪਤਾ ਸਮਝਣ ਲਈ ਲਿਖਤ ਨੂੰ ਵਧੇਰੇ ਸੌਖਲ ਬਣਾ ਦਿਤਾ ਹੈ ਅਤੇ ਅੰਤਿਕਾ ਵਿਚ ਲਿਖ ਦਿਤਾ ਹੈ ਕਿ ਇਹ ਅਮੁੱਲੇ ਸਮਾਂਚਾਰ ਚਾਰੇ ਵੇਦਾਂ ਅਤੇ ਸੰਸਕ੍ਰਿਤ ਦੇ ਹੋਰ ਗ੍ਰੰਥਾਂ ਚੋਂ ਕਿਵੇਂ ਪ੍ਰਾਪਤ ਕੀਤੇ ਹਨ।

ਪੁਸਤਕ ਦੇ ਭਾਵ ਨੂੰ ਚੰਗੀ ਤਰ੍ਹਾਂ ਸਮਝਣ ਲਈ :–

(੧) ਮਜ਼ਮੂਨਾਂ ਨੂੰ ਕਰਮ ਵਾਰ ਲਿਖਣ ਦਾ ਯਤਨ ਕੀਤਾ ਗਿਆ ਹੈ।

(੨) ਵੇਦਾਂ, ਪੁਰਾਣਾਂ, ਸਿੰਮ੍ਰਤੀਆਂ, ਉਪਨਿਸ਼ਦਾਂ, ਰਾਮਾਇਣ, ਗੀਤਾ ਅਤੇ ਹੋਰ ਪੁਰਾਤਨ ਗ੍ਰੰਥਾਂ ਦੇ ਪ੍ਰਮਾਣ ਸੰਸਕ੍ਰਿਤ (ਲਿਪੀ ਹਿੰਦੀ) ਵਿਚ ਹੀ ਇਕ ਵੇਰਾਂ ਜਿਉਂ ਦੇ ਤਿਉਂ ਲਿਖ ਕੇ ਫਿਰ ਉਨ੍ਹਾਂ ਦਾ ਉਚਾਰਣ ਪੰਜਾਬੀ ਵਿਚ ਲਿਖਿਆ ਹੈ ਤਾ ਕਿ ਸ਼ੱਕ ਦੀ ਉਕੀ ਗੁੰਜਾਇਸ਼ ਨਾ ਰਹੇ ਅਤੇ ਹਿੰਦੀ ਪੰਜਾਬੀ ਵੱਖ ਵੱਖ ਜ਼ਬਾਨਾਂ ਪੜ੍ਹ ਸੱਕਣ ਵਾਲੇ ਪਾਠਕ ਪੂਰਾ ਪੂਰਾ ਲਾਭ ਉਠਾ ਸੱਕਣ। ਪੂਰੀ ਗਿਆਤ ਲਈ ਪਦ ਅਰਥ, ਅਤੇ ਭਾਵਅਰਥ ਵੀ ਖੋਹਲ ਕੇ ਲਿਖੇ ਗਏ ਹਨ।

(੩) ਸੰਸਕ੍ਰਿਤ ਅਤੇ ਪੰਜਾਬੀ ਦੇ ਉਚਾਰਣ ਵਿਚ ਕਾਫ਼ੀ ਫ਼ਰਕ ਹੈ, ਇਸ ਲਈ ਜਿਸ ਮੰਤਰ ਵਿਚ ਕਿਸੇ ਅੱਖਰ ਦੇ ਕੰਨੇ ਦਾ ਉਚਾਰਣ ਜਾਂ ਅਰਥ ਉਸ ਦੀ ਸੰਧੀ ਤੋੜੇ ਬਿਨਾਂ ਨਹੀਂ ਹੋ ਸਕਦਾ ਸੀ, ਉਥੇ ਕੰਨੇ ਦੀ ਥਾਂ ਪੰਜਾਬੀ ਵਿਚ ਐੜਾ ਅੱਖਰ ਵਰਤਿਆ ਹੈ, ਅਤੇ ਹਿੰਦੀ ਵਿਚ ਜੋ ਸਿਹਾਰੀ ਦਾ ਉਚਾਰਣ ਬਿਹਾਰੀ ਵਾਂਗ ਹੈ, ਉਥੇ ਸਿਹਾਰੀ ਦੀ ਥਾਂ ਬਿਹਾਰੀ ਵਰਤੀ ਹੈ। ਪਾਠਕ ਇਸ ਨੂੰ ਲਿਖਤੀ ਭੁੱਲ ਨਾ ਸਮਝਣ।

(੪) ਸੰਸਕ੍ਰਿਤ ਵਿਚ ਇਹ ਨਿਯਮ ਹੈ ਕਿ ਕੰਨੇ ਦੀ ਛੋਟੀ ਆਵਾਜ਼ ਦੀ ਥਾਂ ਅੱਖਰ ਦੇ ਅਗੇ ਦੋ ਬਿੰਦੀਆਂ ਲਗਦੀਆਂ ਹਨ ਜਿਨ੍ਹਾਂ ਨੂੰ ਵਿਸੱਰਗਾਂ ਕਹਿੰਦੇ ਹਨ, ਇਥੇ ਬਹੁਤੀ ਥਾਈਂ ਪੰਜਾਬੀ ਅੱਖਰਾਂ ਨਾਲ ਵੀ ਉਹੀ ਵਰਤੀਆਂ ਹਨ, ਪਰ ਕਈ ਥਾਈਂ ਉਨ੍ਹਾਂ ਦੀ ਥਾਵੇਂ

ਕੰਨਾਂ ਵੀ ਲਾ ਦਿਤਾ ਹੈ ਤਾਂਕਿ ਪਾਠਕਾਂ ਨੂੰ ਉਚਾਰਣ ਵਿਚ ਸੌਖ ਰ
(੫) ਸੰਸਕ੍ਰਿਤ ਸਲੋਕਾਂ ਦੇ ਪਦ ਅਰਥਾਂ ਅਤੇ ਅਰਥਾਂ
ਜ਼ਬਾਨ ਹਿੰਦੀ ਹੀ ਵਰਤੀ ਹੈ, ਅਤੇ ਪੁਰਾਤਨ ਟੀਕਿਆਂ ਦੀ ਅ
ਵਿਆਖਿਆ ਲੰਬੀ ਹੋਣ ਕਰ ਕੇ ਅਰਥਾਂ ਦੀ ਇਬਾਰਤ ਹਿੰਦੀ ਜ਼
ਵਿਚ ਆਪਣੀ ਵਰਤੀ ਹੈ, ਜੋ ਸੰਖੇਪ ਰੱਖੀ ਹੈ ਅਤੇ ਭਾਵ ਅਰਥ ਪੰਜ
ਜ਼ਬਾਨ ਵਿਚ ਲਿਖੇ ਹਨ, ਤਾ ਕਿ ਹਰ ਪਾਠਕ ਲਾਭ ਉਠਾ ਸਕੇ।

(੬) ਅੱਖੀਂ ਵੇਖੇ ਅਤੇ ਪਦ ਅਰਥ ਸੋਧੇ ਬਿਨਾਂ ਕਿਸੇ
ਮੰਤ੍ਰ, ਸੂਤ੍ਰ, ਜਾਂ ਸ਼ਲੋਕ ਤੇ ਭਰੋਸਾ ਨਹੀਂ ਕੀਤਾ।

(੭) ਅਰਬੀ ਦੇ ਮਾਹਿਰ ਮੌਲਵੀ ਸਾਹਿਬ ਤੋਂ ਪੂਰਾ
ਨਾ ਮਿਲ ਸਕਣ ਕਰ ਕੇ ਕੁਰਾਨ ਮਜੀਦ ਦੇ ਜ਼ਿਆਦਾ ਹਵਾਲੇ ਨ
ਲਿਖੇ ਜਾ ਸਕੇ ਫਿਰ ਵੀ ਕਾਫ਼ੀ ਮਸਾਲਾ ਦਿਤਾ ਗਿਆ ਹੈ।

(੮) ਸੰਸਕ੍ਰਿਤ ਦੇ ਪ੍ਰਮਾਣਾਂ ਦੇ ਮੂਲ ਜਾਂ ਪਦ ਪਦਾਰਥਾਂ
ਲੱਗ ਮਾਤ੍ਰ ਵਧ ਘਟ ਹੋ ਸਕਦੀ ਹੈ, ਪਰ ਪਾਠਕ ਨਿਸਚਾ ਕਰਨ ਕਿ
ਇਕ ਸਲੋਕ ਤੇ ਪਦ ਨੂੰ ਮੂਲ (ਓਰਿਜਨਲ) ਪੁਸਤਕਾਂ ਵਿਚ ਕਈ
ਵੇਰ ਆਪ ਵੇਖਿਆ ਤੇ ਸੋਧਿਆ ਹੈ, ਫਿਰ ਵੀ ਛਪਾਈ ਸਮੇਂ
ਭੁਲਾਂ ਦਾ ਰਹਿ ਜਾਣਾ ਅਸੰਭਵ ਨਹੀਂ ਸੀ, ਜਿਨ੍ਹਾਂ ਦੀ ਗਿ
ਕਰਾਉਣ ਵਾਲੇ ਪਾਠਕਾਂ ਦਾ ਹਾਰਦਿਕ ਧੰਨਵਾਦੀ ਹੋਵਾਂਗਾ।

ਜੇ ਦਾਸ ਦੇ ਇਸ ਯਤਨ ਨੇ ਪਤਿਤਪੁਣੇ ਦੀ ਲਹਿਰ
ਕੁਝ ਠੱਲ੍ਹ ਪਾਈ, ਪਾਠਕਾਂ (ਖ਼ਾਸ ਕਰ ਕੇ ਨੌਜੁਆਨਾਂ) ਨੂੰ ਇਸ
ਕੁਝ ਲਾਭ ਪ੍ਰਾਪਤ ਹੋਇਆ ਤਾਂ ਦਾਸ ਇਸ ਮਿਹਨਤ ਨੂੰ
ਸਮਝੇਗਾ।

ਊਧਮ ਸਿੰਘ,

੧ ਅਪਰੈਲ ੧੯੬੫ ਲਾਜ਼ਪਤ ਨਗਰ, ਨਵੀਂ ਦਿੱਲ

# ਮੁਖ ਬੰਦ

[ਵਲੋਂ-ਸ: ਹੁਕਮ ਸਿੰਘ ਜੀ ਸਪੀਕਰ ਲੋਕ ਸਭਾ, ਨਵੀਂ ਦਿੱਲੀ]

ਇਹ ਗੱਲ ਕਿਸੇ ਤੋਂ ਗੁੱਝੀ ਛਿਪੀ ਨਹੀਂ ਕਿ ਸਿਖ ਕੌਮ (ਖ਼ਾਸ ਕਰ ਕੇ ਨੌਜੁਆਨਾਂ) ਵਿੱਚ ਧਾਰਮਕ ਤੌਰ ਤੇ ਦਿਨਬਦਿਨ ਭਾਰੀ ਕਮਜ਼ੋਰੀ ਆ ਰਹੀ ਹੈ, ਜਿਸ ਦਾ ਨਤੀਜਾ ਕੁਝ ਸਾਲਾਂ ਵਿੱਚ ਹੀ ਬਹੁਤ ਸਾਰੇ ਸਿੱਖ ਕੇਸ ਕਟਾ ਕੇ ਸਿੱਖੀ ਤੋਂ ਪਤਿਤ ਹੋ ਗਏ ਅਤੇ ਆਏ ਦਿਨ ਹੋ ਰਹੇ ਹਨ।

ਯੂ. ਪੀ., ਸੀ. ਪੀ., ਬਿਹਾਰ, ਪੰਜਾਬ ਦੇ ਦਿਹਾਤੀ ਇਲਾਕੇ, ਮਿਲਟਰੀ, ਕਾਲਜਾਂ ਅਤੇ ਅਮੀਰ ਘਰਾਣਿਆਂ ਵਿਚ ਜਿਸ ਤੇਜ਼ੀ ਨਾਲ ਇਹ ਲਹਿਰ ਚੱਲ ਰਹੀ ਹੈ, ਉਸ ਦਾ ਅੰਦਾਜ਼ਾ ਲਾਉਣਾ ਕਠਨ ਹੈ।

ਸਿੱਖ ਪੰਥ ਲਈ ਇਹ ਖੁਸ਼ੀ ਦੀ ਗੱਲ ਹੈ ਕਿ ਇਸ ਲਹਿਰ ਨੂੰ ਰੋਕਣ ਅਤੇ ਕੇਸਾਂ ਦੀ ਮਹਾਨਤਾ ਨੂੰ ਦਰਸਾਉਣ ਲਈ ਭਾਈ ਸਾਹਿਬ ਗਿਆਨੀ ਊਧਮ ਸਿੰਘ ਜੀ ਨੇ ਇਹ (ਕੇਸ ਚਮਤਕਾਰ' ਨਾਮ ਦੀ ਪੁਸਤਕ ਲਿਖ ਕੇ ਕੌਮ ਦੀ ਇਕ ਨਿੱਗਰ ਸੇਵਾ ਕੀਤੀ ਹੈ।

ਇਸ ਵਿਚ ਗਿਆਨੀ ਜੀ ਨੇ ਗੁਰਬਾਣੀ, ਇਤਿਹਾਸ, ਗੁਰੂ ਸਾਹਿਬ ਦੇ ਹੁਕਮਨਾਮੇ, ਰਹਿਤਨਾਮੇ, ਪੁਰਾਤਨ ਲਿੱਖਤਾਂ ਦੇ ਹਵਾਲੇ ਅਤੇ ਕੇਸਾ ਬਾਰੇ ਸੈਂਕੜੇ ਸ਼ੰਕਿਆਂ ਦੇ ਵਿਦਵਤਾ ਨਾਲ ਦਲੀਲਾਂ ਭਰੇ ਉੱਤ੍ਰ ਦੇ ਕੇ ਇਕ ਬਹੁਤ ਵਡੇ ਘਾਟੇ ਨੂੰ ਪੂਰਾ ਕੀਤਾ ਹੈ ਅਜਿਹੀ ਪੁਸਤਕ ਦੀ ਇਸ ਸਮੇਂ ਬੜੀ ਲੋੜ ਸੀ।

ਪਾਠਕ ਇਸ ਪੁਸਤਕ ਨੂੰ ਪੜ੍ਹ ਕੇ ਹੀ ਇਸ ਗੱਲ ਦਾ ਅੰਦਾਜ਼ਾ ਲਾ ਸੱਕਣਗੇ ਕਿ ਇਨ੍ਹਾਂ ਨੇ ਇਸਲਾਮੀ ਕਿਤਾਬਾਂ ਤੋਂ ਇਲਾਵਾ
ਪੁਰਾਣਾਂ' ਉਪਨਿਸ਼ਦਾਂ, ਸਿੰਮ੍ਰਤੀਆਂ, ਗੀਤਾ ਅਤੇ ਰਾਮਾਇਣ
ਬਹੁਤ ਸਾਰੇ ਪੁਰਾਤਨ ਗ੍ਰੰਥਾਂ ਚੋਂ ਐਨੇ ਢੁੱਕਵੇਂ ਅਤੇ ਖਾਸ
ਕਿਸ ਕਦਰ ਮੇਹਨਤ ਨਾਲ ਕਿਥੋਂ ਕਿਥੋਂ ਪ੍ਰਾਪਤ ਕਰ ਕੇ ਉਨ੍ਹਾਂ ਗ
ਹਵਾਲਿਆਂ ਸਹਿਤ ਅੰਕਿਤ ਕੀਤੇ ਅਤੇ ਉਨ੍ਹਾਂ ਤੋਂ ਕੇਸਾਂ ਦੀ ਰੋ
ਸਾਬਤ ਕੀਤਾ ਹੈ, ਜੋ ਬਿਲਕੁਲ ਨਵੀਂ ਅਤੇ ਸ਼ਲਾਘਾ ਯੋਗ ਖੋ
ਗਿਆਨੀ ਊਧਮ ਸਿੰਘ ਜੀ ਚਿਰਾਂ ਤੋਂ ਦਿਲੀ ਤੜਪ ਨਾਲ
ਧਰਮ ਦਾ ਪ੍ਰਚਾਰ ਕਰ ਰਹੇ ਹਨ, ਇਨ੍ਹਾਂ ਦੀਆਂ ਪਹਿਲੀਆਂ ਕਿ
'ਸੱਚਾ ਗੁਰੂ' ਅਤੇ 'ਨਿਰਾਲੀ' ਖੋਜ ਤੋਂ ਸਿੱਖ ਸੰਗਤਾਂ ਨੇ
ਲਾਭ ਪ੍ਰਾਪਤ ਕੀਤਾ ਹੈ। ਪਿਛਲੇ ਸਾਲ ਆਪ ਈਸਟ ਅਫ
ਦੀਆਂ ਸੰਗਤਾਂ ਦੇ ਸੱਦੇ ਤੇ ਗੁਰਮਤ ਪ੍ਰਚਾਰ ਲਈ ਦੌਰੇ ਤੇ ਗਏ
ਬਾਹਰ ਦੇ ਮੁਲਕਾਂ ਵਿਚ ਇਨ੍ਹਾਂ ਦੇ ਪ੍ਰਚਾਰ ਦਾ ਜੋ ਅਸਰ ਹੋਇ
ਉਹ ਸਕੱਤ੍ਰ ਸ੍ਰੀ ਗੁਰੂ ਸਿੰਘ ਸਭਾ ਨੈਰੋਬੀ (ਅਫ਼ਰੀਕਾ) ਦੀ
ਚਿੱਠੀ ਦੀਆਂ ਇਨ੍ਹਾਂ ਸਤ੍ਰਾਂ ਤੋਂ ਜ਼ਾਹਿਰ ਹੈ। ਸਕੱਤ੍ਰ ਸ
ਲਿਖਦੇ ਹਨ :-

'...ਗਿ: ਊਧਮ ਸਿੰਘ ਜੀ ਉੱਚ ਕੋਟੀ ਦੇ ਵਿਦਵਾਨ ਹੋ
ਇਲਾਵਾ ਸਿਆਣੇ ਸਾਹਿਤਕਾਰ ਵੀ ਹਨ, ਆਪ ਨੇ ਅ
ਰਚਨਾ 'ਸੱਚਾ ਗੁਰੂ' (ਪੁਸਤਕ) ਦੀਆਂ ਬਹੁਤ ਸਾਰੀਆਂ ਕਾ
ਈਸਟ ਅਫਰੀਕਾ ਵਿਰ ਮੁਫ਼ਤ ਵੰਡੀਆਂ ਹਨ, ਜਿਨ੍ਹਾਂ ਤੋਂ ਸ
ਨੇ ਬਹੁਤ ਲਾਭ ਪ੍ਰਾਪਤ ਕੀਤਾ ਹੈ। ਬਹੁਤ ਸਾਰੇ ਢਿੱਲੜ ਨੌਜੁ
ਆਪ ਦੇ ਪਰਚਾਰ ਤੋਂ ਪ੍ਰਭਾਵਤ ਹੋ ਕੇ ਮੁੜ ਗੁਰ ਸਿਖੀ
ਪ੍ਰਪੱਕ ਹੋਏ ਹਨ ਅਤੇ ਸੰਗਤਾਂ ਨੇ ਆਪਣੇ ਜੀਵਨ ਵਿੱਚ
ਸਾਰੀ ਤਬਦੀਲੀ ਮਹਿਸੂਸ ਕੀਤੀ ਹੈ। ਅਸੀਂ ਸਿੱਖ ਪੰਥ ਨੂੰ ਵ
ਦੇਂਦੇ ਹਾਂ, ਜਿਸ ਪਾਸ ਇਹੋ ਜਿਹੇ ਉੱਚ ਕੋਟੀ ਦੇ ਵਿਦਵਾਨ
ਮੌਜੂਦ ਹਨ।......'

ਬਾਹਰ ਦੇ ਸਿੰਘਾਂ ਦੀ ਉਕਤ ਰਾਇ ਬਹੁਤ ਵਡੀ ਮਹਾਨਤਾ ਰੱਖਦੀ ਹੈ। ਮੇਰੇ ਖ਼ਿਆਲ ਵਿੱਚ ਭਾਈ ਸਾਹਿਬ ਪਹਿਲੇ ਪ੍ਰਚਾਰਕ ਹਨ, ਜਿਨ੍ਹਾਂ ਦਾ ਬਾਹਰ ਦੇਸ਼ਾਂ ਦੀਆਂ ਸੰਗਤਾਂ ਤੇ ਇਸ ਤਰ੍ਹਾਂ ਦਾ ਪ੍ਰਭਾਵ ਪਿਆ ਹੈ। ਮੈਨੂੰ ਪਤਾ ਲਗਾ ਹੈ ਕਿ ਆਪ ਹੋਰ ਵੀ ਕਈ ਜ਼ਰੂਰੀ ਵਿਸ਼ਿਆਂ ਤੇ ਖੋਜ ਅਤੇ ਮਿਹਨਤ ਨਾਲ ਪੁਸਤਕਾਂ ਲਿਖ ਰਹੇ ਹਨ, ਜਿਨ੍ਹਾਂ ਦੀ ਇਸ ਸਮੇਂ ਸਖ਼ਤ ਲੋੜ ਹੈ, ਪਰ ਇਸ ਕੰਮ ਵਿਚ ਜੋ ਇਨ੍ਹਾਂ ਨੂੰ ਔਕੜਾਂ ਪੇਸ਼ ਆ ਰਹੀਆਂ ਹਨ, ਉਨ੍ਹਾਂ ਵਲ ਬਹੁਤ ਘਟ ਧਿਆਨ ਦਿਤਾ ਜਾ ਰਿਹਾ ਹੈ। ਮੁਖੀ ਬਾਡੀਆਂ, ਸਭਾਵਾਂ ਅਤੇ ਆਮ ਸਿੱਖ ਸੰਗਤਾਂ ਦਾ ਫ਼ਰਜ਼ ਹੈ ਕਿ ਇਨ੍ਹਾਂ ਦੀ ਇਸ ਅਮੁੱਲੀ ਸਾਹਿਤਕ ਸੇਵਾ ਦੀ ਕਦਰ ਕਰਨ ਅਤੇ ਇਨ੍ਹਾਂ ਦੀ ਹੋਸਲਾ ਅਫ਼ਜ਼ਾਈ ਕਰਨ ਤਾ ਕਿ ਇਹ ਇਸੇ ਤਰ੍ਹਾਂ ਪੰਥ ਦੀ ਸੇਵਾ ਕਰਦੇ ਰਹਿਣ। ਅੰਤ ਵਿਚ ਮੈਂ ਇਨ੍ਹਾਂ ਨੂੰ ਇਹ ਕਾਮਯਾਬ ਪੁਸਤਕ ਲਿਖਣ ਤੇ ਵਧਾਈ ਦੇਂਦਾ ਹਾਂ ਤੇ ਆਸ ਕਰਦਾ ਹਾਂ ਕਿ ਇਸ ਤੋਂ ਸਿੱਖ ਸੰਗਤਾਂ ਖ਼ਾਸ ਕਰ ਕੇ ਪੜ੍ਹੇ ਲਿਖੇ ਨੌਜੁਆਨਾਂ ਨੂੰ ਬਹੁਤ ਲਾਭ ਪੁਜੇਗਾ।

ਨਵੀਂ ਦਿੱਲੀ
੧੭-੧੦-੫੮

ਦਾਸ-ਹੁਕਮ ਸਿੰਘ,
(ਡਿਪਟੀ) ਸਪੀਕਰ, ਲੋਕ ਸਭਾ,

# ਕੁਝ ਸ਼ਬਦ

ਪ੍ਰੋ: ਸਤਿਬੀਰ ਸਿੰਘ ਜੀ

ਸੰਸਾਰ ਵਿਚ ਕਈ ਕਿਸਮ ਦੇ ਰਿਸ਼ਤੇ ਨਾਤੇ ਹਨ, ਹ
ਖ਼ੂਨ ਦੇ ਰਿਸ਼ਤੇ ਨੂੰ ਹੀ ਬਹੁਤੀ ਮਹੱਤਤਾ ਦਿਤੀ ਜਾਂਦੀ ਹੈ, ਪਰ
ਜਾਚੇ ਸਭ ਤੋਂ ਉੱਤਮ ਹੈ ਆਤਮਕ ਰਿਸ਼ਤਾ ਜੋ ਅਦਿੱਖ ਤਾਂ ਜ਼
ਪਰ ਹੈ ਅਟੁੱਟ।

ਕੁਝ ਐਸਾ ਹੀ ਆਤਮਕ ਸਬੰਧ ਹੈ ਮੇਰਾ ਤੇ ਗਿ
ਊਧਮ ਸਿੰਘ ਜੀ ਦਾ। ਜਦ ਮੈਂ 'ਪ੍ਰਚਾਰ ਦੇ ਸਾਧਨ ਤੇ ਪ੍ਰਚ
ਲੇਖ ਵਿਚ ਪਰਚਾਰਕ ਦੇ ਉਹ ਚੋਦ੍ਹਾਂ ਗੁਣ ਦਰਸਾ ਰਿਹਾ ਸਾਂ,
ਦਾ ਜ਼ਿਕਰ ਭਾਈ ਗੁਰਦਾਸ ਜੀ ਨੇ ਕੀਤਾ ਹੈ ਤਾਂ ਮੇਰੇ ਸਾ
ਗਿਆਨੀ ਊਧਮ ਸਿੰਘ ਜੀ ਦੀ ਸ਼ਖ਼ਸੀਅਤ ਸੀ। ਮੈਨੂੰ ਉਹ ਪ
ਵੀ ਯਾਦ ਹੈ ਜਦ ਭਾਈ ਕਾਹਨ ਸਿੰਘ ਜੀ ਨਾਭਾ ਮਹਾਨ ਕੋਸ਼
ਅਕਾਲੀ ਪਦ ਦਾ ਵਿਸਥਾਰ ਦੇ ਰਹੇ ਸਨ ਤਾਂ ਉਨ੍ਹਾਂ ਨੇ ਅਕਾਲੀ
ਸਿੰਘ ਜੀ ਦੀ ਪਵਿੱਤਰ ਤੇ ਮਹਾਨ-ਸ਼ਖ਼ਸੀਅਤ ਨੂੰ ਸਾ
ਰਖਿਆ ਸੀ।

ਅਜ ਮੈਨੂੰ ਵੀ ਕੁਝ ਐਸੀ ਪ੍ਰਸੰਨਤਾ ਗਿਆਨੀ ਊਧਮ
ਜੀ ਅਤੇ ਉਨ੍ਹਾਂ ਦੀ ਰਚਨਾ 'ਕੇਸ ਚਮਤਕਾਰ' ਦੇ ਨਵੇਂ ਰੂਪ ਬਾ
ਸ਼ਬਦ ਲਿਖ ਕੇ ਹੋ ਰਹੀ ਹੈ। ਇਸ ਵਿਚ ਜੋ ਖ਼ਿਆਲ ਸਾਕਾਰ
ਗਏ ਹਨ, ਉਨ੍ਹਾਂ ਨੂੰ ਪੜ੍ਹ ਕੇ ਸ਼ਰਧਾ ਤੇ ਵਿਸ਼ਵਾਸ ਪ੍ਰਪੱਕਤਾ ਦ
ਤਕ ਪੁਜ ਜਾਂਦੇ ਹਨ।

ਸਿੱਖਾਂ ਲਈ ਅਜ ਦੇ ਯੁੱਗ ਦੀ ਸਭ ਤੋਂ ਵਡੀ ਲੋੜ ਹੈ ਕਕਾਰ ਭਗਤੀ ਅਤੇ 'ਕਕਾਰਾਂ' ਵਿਚ ਸਭ ਤੋਂ ਵਧ ਜੇ ਕਿਸੇ ਦੀ ਪਵਿੱਤ੍ਰਤਾ ਕਾਇਮ ਰਖਣ ਦੀ ਲੋੜ ਹੈ ਤਾਂ ਉਹ ਹਨ ਕੇਸ। ਸਿੱਖਾਂ ਵਿਚ ਗੁਰੂ ਭਗਤੀ ਤਾਂ ਅਥਾਹ ਹੈ, ਪਰ ਕਕਾਰ ਭਗਤੀ ਦੀ ਹਰ ਪਾਸੇ ਥੁੜ ਹੈ। ਐਸੇ ਜੰਤਰ ਦੀ ਲੋੜ ਸੀ ਜੋ ਗੁਰੂ ਭਗਤੀ ਦਾ ਅਹਿਸਾਸ ਕਕਾਰ ਭਗਤੀ ਵਿਚ ਕਰਾ ਸਕੇ। ਮੇਰਾ ਇਹ ਯਕੀਨ ਹੈ ਕਿ ਇਹ ਪੁਸਤਕ ਬਹੁਤ ਹੱਦ ਤਕ ਉਸ ਜੰਤਰ ਦਾ ਕੰਮ ਕਰੇਗੀ।

ਕੇਸਾਂ ਬਾਰੇ ਕਿਸੇ ਨੇ ਵੀ ਅਜ ਤਕ ਸਮੁੱਚੇ ਤੌਰ ਤੇ ਭਾਵਕ, ਆਤਮਕ, ਇਤਿਹਾਸਕ, ਵਿਗਿਆਨਕ ਕਲਾਤਮਕ, ਧਾਰਮਕ, ਮਿਥਿਹਾਸਕ, ਪੰਥਕ ਅਤੇ ਜਥੇਬੰਦਕ ਪੱਖਾਂ ਦਾ ਅਧਿਅਨ ਨਹੀਂ ਸੀ ਕੀਤਾ। ਅਜ ਲੋੜ ਹੈ ਸਾਰੇ ਪੱਖਾਂ ਤੋਂ ਕੇਸਾਂ ਦੀ ਮਹੱਤਤਾ ਦਰਸਾਉਣ ਦੀ। ਜਦ ਦੀ ਨਾਸਤਕਤਾ ਦੀ ਹਨੇਰੀ ਜ਼ੋਰ ਦੀ ਝੁਲੀ ਹੈ, ਕੇਸਾਂ ਦੇ ਵਿਸ਼ੇ ਤੇ ਖੋਜ ਨਹੀਂ ਕੀਤੀ ਗਈ।

ਗੁਰੂ ਗੋਬਿੰਦ ਸਿੰਘ ਜੀ ਦੇ ਫੁਰਮਾਣ ਨੂੰ ਜੇ ਠੀਕ ਢੰਗ ਨਾਲ ਪ੍ਰਚਾਰਿਆ ਜਾਂਦਾ ਤਾਂ ਸ਼ਾਇਦ ਕੇਸ ਗੜ੍ਹ ਵਿਚ ਐਨੀਆਂ ਤੇੜਾਂ ਨਾ ਪੈਂਦੀਆਂ, ਉਨ੍ਹਾਂ ਦਾ ਕੇਸ ਗੜ੍ਹ ਉਸਾਰਣ ਤੋਂ ਮੰਤਵ ਹੀ ਇਹੀ ਸੀ ਕਿ ਆਉਣ ਵਾਲੇ ਸਮੇਂ ਵਿਚ ਸਿਖੀ ਸ਼ਰਧਾ ਵਿਚ ਪਈ ਹਰ ਤ੍ਰੇੜ ਦਾ ਪਤਾ ਲੱਗ ਜਾਵੇ। ਕੇਸ ਗੜ੍ਹ ਵਿਚ ਪਈ ਹਰ ਤ੍ਰੇੜ, ਡਿੱਗੀ ਹਰ ਇੱਟ ਆਗੂਆਂ, ਰਾਖਿਆਂ ਤੇ ਪਰਚਾਰਕਾਂ ਲਈ ਚਿਤਾਵਨੀ ਦੀ ਇਕ ਡੰਡੀ ਹੈ।

ਗੁਰੂ ਗੋਬਿੰਦ ਸਿੰਘ ਜੀ ਨੇ (ਸ਼ਰੀਰਕ) ਅੰਤ ਵੇਲੇ ਸਿੰਘਾਂ ਵਲ ਇਸ਼ਾਰਾ ਕਰਕੇ ਫੁਰਮਾਇਆ ਸੀ ਮੇਰਾ ਸਰੀਰ ਪੰਥ ਵਿਚ ਅਤੇ ਆਤਮਾਂ ਗ੍ਰੰਥ ਵਿਚ ਰਹੇਗੀ, ਪੰਥ ਨੇ ਇਸ ਹੁਕਮ ਨੂੰ ਹਮੇਸ਼ਾਂ ਪੱਲੇ ਬੰਨ੍ਹੀ ਰਖਿਆ ਅਤੇ ਗੁਰੂ ਗ੍ਰੰਥ ਸਾਹਿਬ ਦੀ ਤਾਬਿਆ ਗੁਰੂ ਗੋਬਿੰਦ ਸਿੰਘ ਜੀ ਦੇ ਇਸ ਸਰੂਪ ਨੂੰ ਵੀ ਸਾਂਭੀ ਰਖਿਆ ਹੈ, ਆਂਚ ਨਹੀਂ
ਲਗਣ ਦਿਤੀ, ਸਿੱਖੀ ਕੇਸਾਂ ਸੁਆਸਾਂ ਨਾਲ ਨਿਭਾਈ ਤੇ ਹ
ਚਮਤਕਾਰ ਦਿਖਾਏ, ਜਿਨ੍ਹਾਂ ਨਾਲ ਇਤਿਹਾਸ ਭਰਿਆ ਪਿਅ
ਅਜ ਸਿਰਫ ਇਸੇ ਗੱਲ ਦਾ ਗਿਆਨ ਕਰਾਉਣ ਦੀ ਲੋੜ ਹੈ।

ਜੇ ਇਕ ਸਿੱਖ ਨੂੰ ਹੱਕ ਨਹੀਂ ਕਿ ਗੁਰੂ ਸਾਹਿਬਾਂ ਦੇ ਅ
ਸਰੂਪ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਇਕ ਅੱਖਰ ਤਕ ਅਦਲ
ਕਰ ਸਕੇ ਤਾਂ ਇਹ ਵੀ ਉਸ ਨੂੰ ਹੱਕ ਨਹੀਂ ਕਿ 'ਖ਼ਾਲਸਾ ਮੇਰੋ
ਖ਼ਾਸ, ਕਹਿਣ ਵਾਲੇ ਸਤਿਗੁਰੂ ਦੇ (ਸਰੀਰਕ) ਰੂਪ ਨੂੰ ਬ
ਫਿਰੇ। ਨਿਤ ਨੇਮ ਦੀ ਮੁਖ ਬਾਣੀ 'ਜਪੁ ਨੀਸਾਣ' ਵਿਚ ਹੁਕਮ
ਨੂੰ ਹੀ ਮੁਖ ਰੱਖਿਆ ਗਿਆ ਹੈ, ਹੁਕਮ ਤੇ ਰਜ਼ਾ ਦਾ ਸਭ ਤੋਂ
ਅੰਗ ਕੇਸਾਂ ਦੀ ਸਲਾਮਤੀ ਤੇ ਸਤਿਕਾਰ ਹੈ।

ਦੁਖ ਦੀ ਗੱਲ ਹੈ ਕਿ ਅਖੌਤੀ ਰਾਖਿਆਂ ਨੇ ਇਸ ਪਾ
ਧਿਆਨ ਹੀ ਨਹੀਂ ਦਿਤਾ ਕਿ 'ਸਿੱਖ ਨੌਜਵਾਨ ਕਿਵੇਂ ਧ
ਸਿੱਖੀ ਤੋਂ ਦੂਰ ਜਾ ਰਹੇ ਹਨ।'

'ਕੇਸ ਚਮਤਕਾਰ' ਪੁਸਤਕ ਲਿਖ ਕੇ ਗਿਆਨੀ ਊਧਮ
ਜੀ ਨੇ ਇਕ ਚੰਗੇ ਵੈਦ ਵਾਂਗੂੰ ਬੀਮਾਰੀ ਵੀ ਲੱਭੀ ਹੈ ਅਤੇ ਇਲਾ
ਦਸਿਆ ਹੈ। 'ਕੇਸ ਕਿਉਂ ਜ਼ਰੂਰੀ ਹਨ' ਦੇ ਉੱਤਰ ਲਈ ਇਹ ਪੁ
ਨਾ ਸਿਰਫ਼ ਤਸੱਲੀ ਕਰਾਂਦੀ ਹੈ, ਸਗੋਂ ਡੋਲਦੇ ਵੀਚਾਰਾਂ ਤੇ ਵਿਸ਼ਵ
ਅਹਿਲ ਬਣਾਉਂਦੀ ਹੈ।

ਮੇਰੀ ਅਰਦਾਸ ਹੈ ਕਿ ਵਾਹਿਗੁਰੂ ਕਰੇ ਇਹ ਪੁਸਤਕ
ਮੁੱਚ ਚਮਤਕਾਰ ਦਿਖਾਏ ਅਤੇ ਸਿੱਖੀ ਸਤਿਕਾਰ ਨੂੰ ਕਾਇਮ
ਵਿਚ ਸਹਾਈ ਹੋਵੇ।

ਗੁਰੂ ਪੰਥ ਦਾ ਦਾਸ:-

ਫਰਵਰੀ ੨੫, ੧੯੯੫ ਪ੍ਰੋਫ਼ੈਸਰ ਸਤਿਬੀਰ ਸਿ

## ਪ੍ਰਚਾਰ ਸਬੰਧੀ ਸਿੰਘ ਸਭਾ ਨੈਰੋਬੀ ਦੀ ਰਾਇ

ਸ੍ਰੀ ਮਾਨ ਗਿਆਨੀ ਉਧਮ ਸਿੰਘ ਜੀ ਦਿੱਲੀ ਵਾਲੇ, ਜਿਹੜੇ ਕਿ ਨਵੰਬਰ ੧੯੫੭ ਨੂੰ ਈਸਟ ਅਫਰੀਕਾ ਵਿਚ ਗੁਰਮਤ ਪ੍ਰਚਾਰ ਦੇ ਦੌਰੇ ਤੇ ਆਏ ਸਨ, ੪ ਮਈ ੧੯੫੮ ਨੂੰ ਵਾਪਸ ਇੰਡੀਆ ਚਲੇ ਗਏ ਹਨ।

ਆਪ ੨੧ ਮਈ ੧੯੫੮ ਨੂੰ ਵਾਪਸ ਬੰਬਈ ਪਹੁੰਚੇ ਸਨ। ਗਿਆਨੀ ਜੀ ਦੇ ਸਿਖ ਧਰਮ ਦੇ ਬਾਰੇ ਵਿਦਵਤਾ ਭਰੇ ਪਰਚਾਰ ਦਾ ਜੇਹੜਾ ਅਸਰ ਸੰਗਤਾਂ ਤੇ ਹੋਇਆ ਹੈ, ਉਹ ਕਹਿਣ ਅਤੇ ਕਥਨ ਤੋਂ ਬਾਹਰ ਹੈ, ਆਪ ਨੇ ਚਾਰ ਮਹੀਨੇ ਸ੍ਰੀ ਗੁਰੂ ਸਿੰਘ ਸਭਾ ਨੈਰੋਬੀ ਵਿਚ ਅਤੇ ਦੋ ਮਹੀਨੇ ਦੂਜੇ ਇਲਾਕਿਆਂ ਵਿਚ ਸਿੱਖ ਧਰਮ ਦਾ ਪ੍ਰਚਾਰ ਕੀਤਾ ਹੈ। ਆਪ ਗੁਰਮਤ ਦੇ ਉਚ ਕੋਟੀ ਦੇ ਵਿਦਵਾਨ ਹੋਣ ਤੋਂ ਇਲਾਵਾ ਸਿਆਣੇ ਸਾਹਿਤਕਾਰ ਵੀ ਹਨ। ਆਪ ਨੇ ਆਪਣੀ ਰਚਨਾ (ਸੱਚਾ ਗੁਰੂ) ਦੀਆਂ ਬਹੁਤ ਸਾਰੀਆਂ ਕਾਪੀਆਂ ਸੰਗਤਾਂ ਵਿਚ ਮੁਫਤ ਵੰਡੀਆਂ ਹਨ। ਜਿਨ੍ਹਾਂ ਤੋਂ ਸੰਗਤਾਂ ਨੇ ਬਹੁਤ ਲਾਭ ਪ੍ਰਾਪਤ ਕੀਤਾ ਹੈ। ਬਹੁਤ ਸਾਰੇ ਢਿੱਲੜ ਨੌਜਵਾਨ ਆਪ ਦੇ ਪ੍ਰਚਾਰ ਤੋਂ ਪ੍ਰਭਾਵਤ ਹੋ ਕੇ ਮੁੜ ਗੁਰ ਸਿੱਖੀ ਵਿਚ ਪ੍ਰਪੱਕ ਹੋਏ ਹਨ, ਅਤੇ ਸੰਗਤਾਂ ਨੇ ਆਪਣੇ ਜੀਵਨ ਵਿਚ ਬਹੁਤ ਸਾਰੀ ਤਬਦੀਲੀ ਮਹਿਸੂਸ ਕੀਤੀ ਹੈ। ਅਸੀਂ ਸਿੱਖ ਪੰਥ ਨੂੰ ਵਧਾਈ ਦੇਂਦੇ ਹਾਂ, ਜਿਸ ਪਾਸ ਇਹੋ ਜਿਹੇ ਉੱਚ ਕੋਟੀ ਦੇ ਵਿਦਵਾਨ ਸੱਜਨ ਮੌਜੂਦ ਹਨ।

ਗੁਰੂ ਪੰਥ ਦਾ ਦਾਸ:–
(ਸਹੀ) ਬਲਵੰਤ ਸਿੰਘ ਗਿਆਨੀ,
(ਮੋਹਰ) ਸਕੱਤ੍ਰ
ਆਨਰੇਰੀ ਜਨਰਲ ਸਕੱਤ੍ਰ ਸ੍ਰੀ ਗੁਰੂ ਸਿੰਘ ਸਭਾ
ਨੈਰੋਬੀ (ਈਸਟ ਅਫਰੀਕਾ)

## ਸੈਂਟ੍ਰਲ ਸਿੱਖ ਟੈਂਪਲ ਸਿੰਘਾ ਪੁਰ ਦੀ ਰਾਇ

੧-੯-੧੯੬੬ਤ

ਸਰਬ ਉਪਮਾ ਯੋਗ ਗਿਆਨੀ ਊਧਮ ਸਿੰਘ ਜੀ !

ਸਿੰਘਾ ਪੁਰ ਦੀਆਂ ਸਮੂਹ ਸੰਗਤਾਂ ਦੇ ਧੰਨ ਭਾਗ
ਜੋ ਆਪ ਜੀ ਨੇ ਪੂਰੇ ਮਹੀਨੇ ਤੋਂ ਦੋਵੇਂ ਵੇਲੇ ਆਪਣੇ ਨਿਰਮ
ਵਿਚਾਰਾਂ, ਕਥਾ ਤੇ ਭਾਸ਼ਣਾਂ ਰਾਹੀਂ ਗੁਰਮਤਿ ਪ੍ਰਚਾਰ ਕੀਤਾ
ਆਪ ਜੀ ਦੀ ਜਾਦੂ ਕਰ ਦੇਣ ਵਾਲੀ ਬੋਲੀ ਅਤੇ ਉੱਚ ਆ
ਦੀ ਪ੍ਰੇਰਨਾ ਨਾਲ ਕਈ ਪਤਿਤ ਮੁੜ ਆਪਣੇ ਸਿੱਖੀ ਲਿਬਾਸ
ਪ੍ਰਵੇਸ਼ ਕਰਨ ਲੱਗੇ ਹਨ।

ਆਪ ਜੀ ਜਿਥੇ ਕਥਨੀ ਦੇ ਪੂਰੇ ਹੋ ਉਥੇ ਕਰਣੀ ਦੇ ਵੀ ਪੂ
ਦਰਸ਼ਨੀਕ ਸਿਖ ਹੋ। ਆਪ ਜੀ ਦਾ ਵਿਸ਼ਾਲ ਗਿਆਨ ਤੇ ਵਿ
ਹਿਰਦਾ ਸੱਚੇ ਸਿੱਖ ਦਾ ਸਵਰੂਪ ਪ੍ਰਭਾਵਸ਼ਾਲੀ ਹੈ। ਆਪ ਜੀ
ਗੂੜ੍ਹੇ ਤੱਜਰਬੇ ਤੇ ਲਿਖਾਰੀ ਹੋਣ ਦੇ ਕਾਰਨ ਸੰਗਤਾਂ ਨੂੰ ਰ
ਮ੍ਰਯਾਦਾ ਦਾ ਵਧੇਰੇ ਗਿਆਨ ਦਿਤਾ ਹੈ ਅਤੇ ਖਾਸ ਕਰਕੇ ਬੱਚਿ
ਵਿਚ ਸਿਖੀ ਸਿਦਕ ਭਰ ਦਿਤਾ ਹੈ। ਸਿਖੀ ਸ਼ਾਨ ਵਧਾਉਣ
ਜੋ ੩੨ ਅਸੂਲ ਆਪ ਜੀ ਨੇ ਜਨਤਾ ਨੂੰ ਭੇਟਾ (ਮੁਫਤ) ਕੀਤੇ ਹਨ
ਕਿਸੇ ਉਸਤਤ ਦੇ ਮੁਹਤਾਜ ਨਹੀਂ, ਇਨ੍ਹਾਂ ਦੇ ਪੜ੍ਹਣ ਨਾਲ ਹਰ ਪ
ਨੂੰ ਸੁਖ, ਸ਼ੋਭਾ, ਸ੍ਵੈ-ਸ਼ੋਭਾ ਦਾ ਅਨੁਭਵ ਹੁੰਦਾ ਹੈ।

ਆਪ ਜੀ ਦੀ ਕਥਾ ਅਤੇ ਨਿਰਭੈ ਹੋ ਕੇ ਇਲਾਹੀ ਅ
ਪੇਸ਼ ਕਰਨੇ ਇਤਨੇ ਅਸਰ ਪਾਊ ਸਨ ਕਿ ਬੱਚੇ ਬਚਿਆਂ ਨੇ ਇ
ਪ੍ਰੇਰਨਾ ਲੈ ਕੇ ਅੰਮ੍ਰਿਤ ਦੇ ਬਾਟੇ ਛਕੇ ਹਨ। ਆਪ ਅਜਿਹਾ ਸਿ
ਤੇ ਸ਼ਰਧਾ ਦਾ ਮੀਂਹ ਵਸਾ ਚੱਲੇ ਹੋ, ਜਿਸ ਦੀ ਸਿੰਘਾ ਪੁਰ ਨਿ
ਹਾਰਦਿਕ ਕਦਰ ਕਰਦੇ ਹਨ। ਆਪ ਦਾ ਜੀਵਨ ਜੋ ਆ
ਨੇ ਪ੍ਰਚਾਰ ਦਵਾਰਾ ਢਾਲਿਆ ਤੇ ਆਪਣੇ ਗੂੜ੍ਹੇ ਤਜਰਬੇ ਦਾ ਕਿ

ਸੰਗਤਾਂ ਵਿਚ ਵੰਡਿਆ ਹੈ, ਉਸ ਦਾ ਮੁੱਲ ਕੋਈ ਨਹੀਂ ਪਾ ਸਕਦਾ, ਪਰ ਫਿਰ ਵੀ ਅਸੀਂ ਜੋ ਤੁਛ ਸੇਵਾ ਆਪ ਜੀ ਦੀ ਕਰ ਰਹੇ ਹਾਂ, ਆਸ ਹੈ ਆਪ ਜੀ ਇਸਨੂੰ ਸਵੀਕਾਰ ਕਰੋਗੇ ਅਤੇ ਜਦੋਂ ਕਦੇ ਵੀ ਆਪ ਫਿਰ ਕਦੇ ਇਧਰ ਸਾਊਥ ਈਸਟ ਏਸ਼ੀਆ ਦੇ ਮੁਲਕਾਂ ਦਾ ਦੌਰਾ ਕਰੋਗੇ, ਸਾਨੂੰ ਜ਼ਰੂਰ ਦਰਸ਼ਨ ਦਿਓਗੇ।

ਗਿਆਨੀ ਜੀਉ ! ਆਪ ਜੀ ਦਾ ਪਿਆਰ ਤੇ ਸਤਿਕਾਰ ਵੇਖ ਕੇ ਸਾਨੂੰ ਇਹ ਕਹਿਣਾ ਉਚਿਤ ਹੈ ਕਿ ਭਾਗਾਂ ਨਾਲ ਹੀ ਆਪ ਜਹੇ ਵਿਦਵਾਨ ਤੇ ਸੱਚੇ ਸਿੱਖ ਦੇ ਦਰਸ਼ਨ ਹੋਏ ਹਨ। ਜੋ ਆਪ ਜੀ ਨੇ ਗੁਰਦਵਾਰਾ ਸਾਹਿਬ ਤੇ ਲਾਇਬਰੇਰੀਆਂ ਨੂੰ ਆਪਣੀਆਂ ਪੁਸਤਕਾਂ ਮੁਫਤ ਭੇਟਾ ਕੀਤੀਆਂ ਹਨ, ਉਸ ਦਾ ਵੀ ਅਸੀਂ ਧੰਨਵਾਦ ਕਰਦੇ ਹਾਂ।

ਇਥੋਂ ਦੇ ਸਮੂਹ ਸਿਖਾਂ ਦੀ ਇਹ ਤੀਬਰ ਇੱਛਿਆ ਹੈ ਕਿ ਸਤਿਗੁਰੂ ਜੀ ਆਪ ਜੀ ਨੂੰ ਇਸ ਤੋਂ ਵੀ ਵੱਧ ਦਰਿੜ੍ਹ ਵਿਸ਼ਵਾਸ, ਹਿੰਮਤ ਤੇ ਉਤਸ਼ਾਹ ਨਾਲ ਗੁਰਬਾਣੀ ਤੇ ਆਦਰਸ਼ ਸਿਖੀ ਆਸ਼ੇ ਦਾ ਪ੍ਰਚਾਰ ਤੇ ਨਿਰੋਲ ਗੁਰਮਤਿ ਤੇ ਹੁਕਮੀ ਸ਼ਬਦ ਦੀ ਕਥਾ ਕਰਨ ਦੀ ਸਮਰੱਥਾ ਬਖਸ਼ੇ।

ਅਸੀਂ ਹਾਂ ਸਿੰਘਾ ਪੁਰ ਦੀ ਸਾਰੀ ਸਾਧ ਸੰਗਤ
ਤੇ ਪ੍ਰਬੰਧਕ ਕਮੇਟੀ ਵਡਾ ਗੁਰਦੁਆਰਾ ਸਾਹਿਬ
(ਸਹੀ)–ਰਤਨ ਸਿੰਘ ਪ੍ਰਧਾਨ ਸੈਂਟ੍ਰਲ ਸਿੱਖ ਟੈਂਪਲ।

## ਤੱਤ ਖ਼ਾਲਸਾ ਦੀਵਾਨ ਮਲਾਇਆ ਦੀ ਰਾਇ

੨-੭-੧੯੬੩

ਤੱਤ ਖਾਲਸਾ ਦੀਵਾਨ ਸਲੈਂਗੋਰ, ਕੁਆਲਾ ਲੰਪੁਰ ਮਲਾਇਆ ਦੇ ਸਮੂਹ ਮੈਂਬਰਾਂ ਤੇ ਸੁਭਚਿੰਤਕਾਂ ਵਲੋਂ ਗਿਆਨੀ ਊਧਮ ਸਿੰਘ ਜੀ ਦਿੱਲੀ ਵਾਲਿਆਂ ਦੀ ਖੁਸ਼ੀ ਭਰਪੂਰ ਹਿਰਦਿਆਂ ਨਾਲ ਪ੍ਰਸੰਸਾ ਕੀਤੀ ਜਾਂਦੀ ਹੈ। ਜਿਨ੍ਹਾਂ ਨੇ ਗੁਰਦਵਾਰਾ ਤੱਤ ਖਾਲਸਾ ਵਿਖੇ

ਨਿਵਾਸ ਰੱਖ ਕੇ ਕੁਆਲਾ ਲੰਪੁਰ ਦੀਆਂ ਸੰਗਤਾਂ ਨੂੰ ਆਪ
ਭਰਪੂਰ ਵਖਿਆਨਾਂ ਦੁਆਰਾ ਗੁਰਮਤਿ, ਗੁਰ ਇਤਿਹਾਸ,
ਇਤਿਹਾਸ ਤੇ ਸਿੱਖ ਰਹਿਤ ਮਰਯਾਦਾਂ ਬਾਰੇ ਚੰਗਾ ਚਾਨਣ ਪ
ਹੈ। ਆਪ ਬੜੇ ਸਿਆਣੇ, ਸਾਹਿਤਕਾਰ ਤੇ ਖਾਲਸਾ ਇਤਿ
ਖੋਜੀ ਸੱਜਣ ਹਨ। ਗੁਰਬਾਣੀ ਦੇ ਢੁੱਕਵੇਂ ਪ੍ਰਮਾਣਾਂ ਦੁਆਰਾ
ਵਖਿਆਨ ਨੂੰ ਆਪ ਬੜਾ ਪ੍ਰਭਾਵਸ਼ਾਲੀ ਬਣਾਉਣ ਦੀ
ਰੱਖਦੇ ਹਨ।

ਕੁਆਲਾ ਲੰਪੁਰ ਦੀਆਂ ਸੰਗਤਾਂ ਨੂੰ ਬੜਾ ਮਾਣ ਹੈ ਕਿ
ਕੌਮ ਵਿੱਚ ਚੰਗੇ ਆਚਰਨ ਵਾਲੇ ਤੇ ਵਿੱਦਵਾਨ ਸੱਜਣ ਵੀ ਮੌਜੂ
ਜਿਨ੍ਹਾਂ ਵਿਚ ਇਕ ਗਿਆਨੀ ਊਧਮ ਸਿੰਘ ਜੀ ਹਨ।

ਗਿਆਨੀ ਜੀ ਨੇ ਆਪਣੀ ਰਚਿਤ 'ਕੇਸ ਚਮਤਕਾਰ
ਪੁਸਤਕ ਕੁਆਲਾ ਲੰਪੁਰ ਦੇ ਸਮੂਹ ਗੁਰਦੁਆਰਿਆਂ ਨੂੰ ਮੁਫ
ਹੈ ਜਿਸ ਦਾ ਅਸਰ ਸੰਗਤਾਂ ਤੇ ਬਹੁਤ ਪਿਆ ਹੈ ਅਤੇ ਇਹ
ਗਿਆਨੀ ਜੀ ਦੀ ਕੁਆਲਾ ਲੰਪੁਰ ਅਥਵਾ ਮਲਾਇਆ ਵਿ
ਰਹਿਣ ਵਾਲੀ ਇੱਕ ਨਿਸ਼ਾਨੀ ਹੈ।

ਕੁਆਲਾ ਲੰਪੁਰ ਦੀਆਂ ਸੰਗਤਾਂ ਗਿਆਨੀ ਜੀ ਦੀਅ
ਧੰਨਵਾਦੀ ਹਨ, ਜਿਨ੍ਹਾਂ ਨੇ ਆਪਣਾ ਕੀਮਤੀ ਸਮਾਂ ਖਰਚ
ਮਲਾਇਆ ਦੀਆਂ ਸੰਗਤਾਂ ਨੂੰ ਖੋਜ ਭਰਪੂਰ ਗੁਰਮਤਿ
ਦੁਆਰਾ ਬੜਾ ਨਿਹਾਲ ਕੀਤਾ ਹੈ। ਆਸ਼ਾ ਹੀ ਨਹੀਂ, ਸਗੋਂ
ਵਾਸ ਹੈ ਕਿ ਗਿਆਨੀ ਜੀ ਇਥੋਂ ਦੀਆਂ ਸੰਗਤਾਂ ਨੂੰ ਸਦ
ਰੱਖਣਗੇ।

ਦਾਸ
ਜੇ. ਸਰਵਨ ਸਿ
(ਸਹੀ) ਪ੍ਰਧ
ਕੁਆਲਾ ਲ

# ਸਿੱਖ ਮਿਸ਼ਨਰੀ ਸੁਸਾਇਟੀ ਸਿੰਘਾ ਪੁਰ ਦੀ ਰਾਇ

੧-੯-੧੯੬੩

ਸਤਿਕਾਰ ਯੋਗ ਪਰਮ ਪਿਆਰੇ ਗਿਆਨੀ ਜੀਉ !

ਆਪ ਜੀ ਨੇ ਤਕਰੀਬਨ ਇਕ ਮਹੀਨੇ ਦੇ ਅਰਸੇ ਵਿਚ ਸਿੰਘਾਪੁਰ ਦੇ ਸਿੰਘਾਂ ਵਿਚ ਜੋ ਸਿੱਖੀ ਰਹਿਤ ਮ੍ਰਯਾਦਾ ਦੀ ਮਧਮ ਪੈ ਚੁਕੀ ਲਹਿਰ ਨੂੰ ਨਵੇਂ ਸਿਰੇ ਤੋਂ ਸੁਰਜੀਤ ਕੀਤਾ ਹੈ, ਇਸ ਦੀ ਦਾਦ ਅਸੀਂ ਲਫ਼ਜ਼ਾਂ ਨਾਲ ਨਹੀਂ ਦੇ ਸਕਦੇ, ਜਿਹਾ ਕਿ:–

''ਕਹਿਬੇ ਕੋ ਸੋਭਾ ਨਹੀਂ-ਦੇਖਾ ਹੀ ਪ੍ਰਵਾਨ, ॥

ਅਨੁਸਾਰ ਆਪ ਜੀ ਦੇ ਕੀਤੇ ਗੁਰਮਤਿ-ਪ੍ਰਚਾਰ ਦਾ ਅਸਰ ਸਾਹਮਣੇ ਦਿਸ ਰਿਹਾ ਹੈ। ਜੋ ਅਜ ਹੀ ਕੋਈ ੨੦੦ ਤੋਂ ਜ਼ਿਆਦਾ ਪ੍ਰਾਣੀ ਅੰਮ੍ਰਿਤ ਦਾ ਬਾਟਾ ਛਕ ਕੇ ਸ੍ਰੀ ਕਲਗੀਧਰ ਜੀ ਦੀ ਫੌਜ ਵਿਚ ਸ਼ਾਮਲ ਹੋਏ ਹਨ।

ਸਿੱਖ ਕੌਮ ਦੇ ਸਾਹਮਣੇ ਮਹਾਨ ਵਿਦਵਾਨ ਭਾਈ ਸਾਹਿਬ ਭਾ: ਗੁਰਦਾਸ ਜੀ ਆਪਣੀ ਰਚਨਾ ਵਿਚ ਦਸਦੇ ਹਨ –

ਹਉ ਸਦਕੇ ਤਿਨ੍ਹਾਂ ਗੁਰਸਿਖਾਂ ਗੁਰਮਤਿ ਗੁਰਚਰਣੀ
ਚਿੱਤ ਲਾਇਆ। ਹਉ ਸਦਕੇ ਤਿਨ੍ਹਾਂ ਗੁਰਸਿਖਾਂ
ਗੁਰ ਸਿਖ ਦੇ ਗੁਰ ਸਿਖ ਮਿਲਾਇਆ।

ਭਾਈ ਗੁਰਦਾਸ ਜੀ ਦੇ ਉਪਰਲੇ ਵਾਕ ਤੋਂ ਸਪੱਸ਼ਟ ਹੁੰਦਾ ਹੈ ਕਿ ਗੁਰੂ ਕੇ ਸਿਖ ਲਈ ਗੁਰਸਿੱਖਾਂ ਨੂੰ ਗੁਰੂ ਦਾ ਉਪਦੇਸ਼ ਸਮਝਾ ਕੇ ਗੁਰੂ ਨਾਲ ਮਿਲਾਣਾ ਹੀ ਗੁਰਸਿਖੀ ਹੈ। ਐਸੇ ਸਿੱਖਾਂ ਤੋਂ ਅਸੀਂ ਕੁਰਬਾਣ ਜਾਂਦੇ ਹਾਂ।

ਆਪ ਜੀ ਨੇ ਵਿਦਵਤਾ ਭਰੇ ਲੈਕਚਰ, ਵਖਿਆਨ, ਕਥਾ ਆਦਿ ਕਰਕੇ ਉਹੋ ਕੁਝ ਕੀਤਾ ਹੈ ਜੋ ਇਕ ਸੱਚੇ ਸਿੱਖ ਨੂੰ ਕਰਨਾ ਚਾਹੀਦਾ ਹੈ। ਆਪ ਜੀ ਨੇ ਬਿਨਾਂ ਕਿਸੇ ਝਿਜਕ, ਲਿਹਾਜ਼ ਤੇ ਡਰ
ਦੇ ਗੁਰਮਤਿ ਅਨੁਸਾਰ ਪ੍ਰਚਾਰ ਕਰਕੇ ਇਸ ਛੋਟੇ ਜਹੇ ਦੋਰੇ
ਇਸ ਸਿੱਖੀ ਦੇ ਸੋਹਣੇ ਬਾਗ਼ ਵਿਚ ਗੋਡੀ ਦਾ ਕੰਮ ਕਰਕੇ ਮੁ
ਰਹੇ ਬੂਟਿਆਂ ਨੂੰ ਨਵੇਂ ਸਿਰੇ ਤੋਂ ਸਰਸਬਜ਼ ਕੀਤਾ ਹੈ।
ਮਿਸ਼ਨਰੀ ਸੁਸਾਇਟੀ ਮਲਾਇਆ ਆਪ ਜੀ ਦੇ ਸੁਚੱਜੇ ਢੰਗ
ਕੀਤੇ ਗੁਰਮਤਿ ਪ੍ਰਚਾਰ ਦੀ ਸ਼ਲਾਘਾ ਕਰਦੀ ਹੈ। ਆਪ ਜ
ਜਿਸ ਵਿਦਵਤਾ ਨਾਲ ਗੁਰ ਇਤਿਹਾਸ ਤੇ ਗੁਰਮਤਿ ਫਿਲਾਸਫ
ਦਰਸਾਇਆ ਹੈ, ਇਹ ਸਾਨੂੰ ਕਦੀ ਭੁਲ ਨਹੀਂ ਸਕੇ
ਬਲਕਿ ਹਮੇਸ਼ਾਂ ਸਾਨੂੰ ਚਾਨਣ ਮੁਨਾਰੇ ਦਾ ਕੰਮ ਦੇਂਦਾ ਰਹੇਗਾ।

ਅਸੀਂ ਵਾਹਿਗੁਰੂ ਸਚੇ ਪਾਤਸ਼ਾਹ ਅੱਗੇ ਅਰਦਾਸ
ਹਾਂ ਕਿ ਆਪ ਜੀ ਨੂੰ ਹੋਰ ਵੱਧ ਤੋਂ ਵੱਧ ਪ੍ਰਚਾਰ ਕਰਨ ਦਾ
ਬਖ਼ਸ਼ੇ ਅਤੇ ਚੜ੍ਹਦੀ ਕਲਾ ਤੇ ਦੀਰਘ ਆਯੂ ਬਖ਼ਸ਼ੇ, ਤਾਂ ਜੋ
ਆਪਣੀ ਪਿਆਰੀ ਕੌਮ ਦੀ ਸੇਵਾ ਵੱਧ ਤੋਂ ਵੱਧ ਕਰ ਸਕੋ।
ਜੀ ਦੇ ਇਸ ਥੋੜੇ ਸਮੇਂ ਦੇ ਦੋਰੇ ਵਿਚ ਸਾਡੇ ਪਾਸੋਂ ਆਪ
ਕੋਈ ਸੇਵਾ ਨਹੀਂ ਹੋ ਸਕੀ, ਆਸ ਹੈ ਕਿ ਆਪ ਸਾਡੀ ਤੁਛ
ਸੇਵਾ ਹੀ ਪ੍ਰਵਾਨ ਕਰੋਗੇ। ਅਖੀਰ ਵਿਚ ਅਸੀਂ ਆਪ ਦਾ ਹਾਰ
ਧੰਨਵਾਦ ਕਰਦੇ ਹਾਂ ਤੇ ਦੁਬਾਰਾ ਸੱਚੇ ਪਾਤਸ਼ਾਹ ਪਾਸੋਂ ਆਪ
ਦੀ ਚੜ੍ਹਦੀ ਕਲਾ ਲਈ ਅਰਦਾਸ ਕਰਦੇ ਹਾਂ।

ਅਸੀਂ ਹਾਂ ਆਪ ਦੇ ਸ਼ੁਭ ਚਿੰ
ਪ੍ਰਬੰਧਕ ਕਮੇਟੀ ਸਿਖ ਮਿਸ਼ਨਰੀ ਸੁਸਾਇਟੀ ਮਲਾਇ
(ਸਹੀ)–ਰਤਨ ਸਿੰਘ ਪ੍ਰਧਾ
ਮੋਹਰ ਹਰਬਖ਼ਸ਼ ਸਿੰਘ ਐਮ: ਏ. ਸਕੱ

ਨੋਟ–ਮਾਨ ਪੱਤਰ ਵਜੋਂ ਮਿਲੀਆਂ ਇਹ ਪੱਤ੍ਰਕਾਂ ਇਥੇ
ਦੀ ਲੋੜ ਨਹੀਂ ਸੀ, ਕੇਵਲ ਉਨ੍ਹਾਂ ਵੀਰਾਂ ਦੀ ਗਿਆਤ ਲਈ ਦੇਣ
ਪਈਆਂ ਜੋ ਕਿਸੇ ਗ਼ਲਤਫ਼ਹਿਮੀ ਕਾਰਣ ਜਾਂ ਜਾਣ ਬੁਝ ਕੇ
ਪ੍ਰਾਪੇਗੰਡਾ ਕਰਦੇ ਰਹਿੰਦੇ ਹਨ।

# ਧਰਮ ਵੀ ਇਕ ਕਾਨੂੰਨ ਹੈ

ਸੰਸਾਰ ਦੀ ਮਰਯਾਦਾ ਅਤੇ ਪਰਬੰਧ ਨੂੰ ਕਾਇਮ ਰੱਖਣ ਵਾਲੇ ਦੋ ਹੀ ਕਾਇਦੇ (ਕਾਨੂੰਨ) ਹਨ, ਇਕ ਰਾਜਸੀ ਤੇ ਦੂਜਾ ਧਾਰਮਕ, ਜੋ ਵਾਸਤਵ ਵਿਚ ਇਕੋ ਰਥ ਦੇ ਦੋ ਪਹੀਏ ਹਨ। ਰਾਜਸੀ ਕਾਨੂੰਨ ਦੁਨਿ-ਆਵੀ ਅਰਥਾਤ ਵਿਵਹਾਰਕ ਪਰਬੰਧ ਦੇ ਸੁਧਾਰ ਲਈ ਹੈ ਅਤੇ ਧਾਰਮਕ, ਮਾਨਸਿਕ ਬੁਰਾਈਆਂ ਤੋਂ ਬਚਣ ਅਥਵਾ ਆਤਮਕ ਉਨਤੀ ਲਈ। ਜਿੱਥੇ ਆਰਥਕ, ਸਮਾਜਕ ਅਤੇ ਭਾਈਚਾਰਕ ਸੁਧਾਰ ਲਈ ਰਾਜਸੀ ਕਾਨੂੰਨ ਦੀ ਪਾਲਨਾ ਕਰਨੀ ਜ਼ਰੂਰੀ ਹੈ, ਉਥੇ ਮਨ ਦੀ ਪਵਿੱਤ੍ਰਤਾ, ਗਿਆਨ ਦੀ ਪ੍ਰਾਪਤੀ ਅਤੇ ਈਸ਼ਵਰ ਵਿਚ ਅਭੇਦ ਹੋਣ ਲਈ ਧਾਰਮਕ ਅਸੂਲਾਂ ਦਾ ਪਾਬੰਦ ਰਹਿਣਾ ਵੀ ਅਤਿ ਜ਼ਰੂਰੀ ਹੈ। ਇਨ੍ਹਾਂ ਵਿਚ ਫਰਕ ਇੰਨਾ ਹੀ ਹੈ ਕਿ ਰਾਜਸੀ ਕਾਨੂੰਨ ਜੁਗ ਵਿਚ ਕਈ ਵੇਰ ਬਦਲਦਾ ਹੈ, ਪਰ ਧਾਰਮਕ ਇਕ ਜੁਗ ਵਿਚ ਇਕ ਹੀ ਰਹਿੰਦਾ ਹੈ। ਗੁਰਵਾਕ ਹੈ:–

"ਜੁਗ ਜੁਗ ਆਪੋ ਆਪਨਾ ਧਰਮ ਹੈ
ਸੋਧ ਦੇਖਹੁ ਵੇਦ ਪੁਰਾਣਾ।"

ਜੋ ਮਰਯਾਦਾ ਸਤਿਜੁਗ ਵਿਚ ਪ੍ਰਧਾਨ ਸੀ, ਉਹ ਤ੍ਰੇਤੇ ਵਿਚ ਨਹੀਂ ਸੀ ਅਤੇ ਜੋ ਦੁਆਪਰ ਵਿਚ ਸੀ, ਉਹ ਕਲਜੁਗ ਵਿਚ ਮੁਖ ਨਹੀਂ।

ਸਤ ਜੁਗਿ ਸ਼ਤੁ ਤੇਤਾ ਜਗੀ ਦੁਆਪੁਰਿ ਪੂਜਾ ਚਾਰ ॥
ਤੀਨੋ ਜੁਗ ਤੀਨੋ ਦਿੜੇ ਕਲਿ ਕੇਵਲ ਨਾਮ ਅਧਾਰ ॥
[ਗਉੜੀ ਭ: ਰ: ਸ: ੩੪੬

ਭਾਵ–ਸਤਿਜੁਗ ਵਿਚ ਸੱਤ ਧਰਮ, ਤ੍ਰੇਤੇ ਵਿਚ ਯੱਗ
ਦੁਆਪੁਰ ਵਿਚ ਪੂਜਾ ਪਾਠ ਦੁਆਰਾ ਹੀ ਜੀਵ ਦਾ ਉਧਾਰ ਹੋ
ਸੀ, ਪਰ ਕਲਜੁਗ ਵਿਚ ਨਾਮ ਬਿਨਾਂ ਛੁਟਕਾਰਾ ਨਹੀਂ ਹੋ ਸਕ

ਜਿਵੇਂ ਦੁਨਿਆਵੀ ਪ੍ਰਬੰਧ ਨੂੰ ਚਲਾਉਣ ਵਾਲੇ ਰਾਜ
ਲੋਕ ਸਮੇਂ ਸਮੇਂ ਪੈਦਾ ਹੁੰਦੇ ਰਹਿੰਦੇ ਹਨ, ਇਸੇ ਤਰ੍ਹਾਂ ਮਨੁੱਖੀ
ਮਾਵਾਂ ਨੂੰ ਉੱਚਾ ਅਤੇ ਪਵਿੱਤ੍ਰ ਰਖਣ ਲਈ ਮਹਾਨ ਵਿਯੱਕ
ਵੀ ਸੰਸਾਰ ਵਿਚ ਪੈਦਾ ਹੁੰਦੀਆਂ ਹੀ ਰਹਿੰਦੀਆਂ ਹਨ:–

ਸਤਿਜੁਗਿ *ਤੈ ਮਾਣਿਓ ਛਲਿਓ ਬਲਿ ਬਾਵਨ ਭਾਇਓ
ਤ੍ਰੇਤੈ ਤੈ ਮਾਣਿਉ ਰਾਮੁ ਰਘੁਵੰਸੁ ਕਹਾਇਓ
ਦੁਆਪੁਰਿ ਕ੍ਰਿਸਨ ਮੁਰਾਰਿ ਕੰਸੁ ਕਿਰਤਾਰਥੁ ਕੀਉ
ਉਗ੍ਰਸੈਣ ਕਉ ਰਾਜੁ ਅਭੈ ਭਗਤਹ ਜਨ ਦੀਓ
ਕਲਿਜੁਗਿ ਪ੍ਰਮਾਣੁ ਨਾਨਕ ਗੁਰ ਅੰਗਦੁ ਅਮ
ਕਹਾਇਓ। ਸ੍ਰੀ ਗੁਰ ਰਾਜੁ ਅਬਿਚਲੁ ਅਟਲੁ ਆ
ਪੁਰਖਿ ਫੁਰਮਾਇਓ।
[ਸ: ਮ ਪਹਿਲੇ ਕੇ ਸ: ੧੩੯

ਇਸਦਾ ਭਾਵ ਇਹ ਨਹੀਂ ਕਿ ਗੁਰੂ ਸਾਹਿਬ ਨੂੰ 'ਕੱਲ
ਜੀ ਨੇ ਰਾਮ ਤੇ ਕ੍ਰਿਸ਼ਨ ਦੇ ਅਵਤਾਰ ਮੰਨਿਆਂ ਹੈ, ਇਹ ਤਾਂ ਉ

---

*ਤੈ–ਇਕ ਵਚਨ ਸੰਬੋਧਕ ਪਦ ਹੈ ਅਤੇ ਇਸ ਵਿਚ
ਗੁਰੂ ਦੀ ਪਰਮ ਜੋਤ ਨੂੰ ਮੁਖ਼ਾਤਬ ਕੀਤਾ ਗਿਆ ਹੈ। ਕਈ ਗੁਰ
ਦੀ ਘੱਟ ਸਮਝ ਰਖਣ ਵਾਲੇ ਸੱਜਣ ਇਨ੍ਹਾਂ ਤੁਕਾਂ ਦੇ ਗ਼ਲਤ
ਕਰਦੇ ਹਨ ਅਰਥਾਤ ਗੁਰੂ ਨਾਨਕ ਸਾਹਿਬ ਨੂੰ ਰਾਮ ਤੇ ਕ੍ਰਿਸ਼
ਅਵਤਾਰ ਸਿੱਧ ਕਰਦੇ ਹਨ। ਜੇ ਇਸ ਤਰ੍ਹਾਂ ਸਮਝੀਏ ਤਾਂ ਰ
ਜੀ ਨੂੰ ਬਾਵਨ ਦਾ ਅਵਤਾਰ ਮੰਨਣਾ ਪਵੇਗਾ ਜੋ ਕਿਸੇ ਤਰ੍ਹਾਂ
ਵੀ ਸਾਬਤ ਨਹੀਂ ਹੋ ਸਕਦਾ।

ਗੁਰੂ ਸਾਹਿਬ ਨੂੰ ਸਾਖਿਆਤ ਵਾਹਿਗੁਰੂ ਦਾ ਸਰੂਪ ਸਮਝ ਕੇ ਬੇਨਤੀ ਕੀਤੀ ਹੈ ਕਿ ਹੇ ਪ੍ਰਭੂ ! ਤੇਰੀ ਸਤਾ ਤੋਂ ਹੀ ਬਾਵਨ, ਰਾਮ ਅਤੇ ਕ੍ਰਿਸ਼ਨ ਆਦਿ ਹਸਤੀਆਂ ਸਮੇਂ ਸਮੇਂ ਪੈਦਾ ਹੋਈਆਂ ਹਨ ।

"ਤੈਥੋਂ ਹੀ ਬਲ ਰਾਮ ਲੈ, ਨਾਲ ਬਾਣਾ ਦਹਿਸਰ
ਘਾਇਆ ॥ ਤੈਥੋਂ ਹੀ ਬਲ ਕ੍ਰਿਸ਼ਨ ਲੈ, ਕੰਸ **ਕੇਸੀ**
ਪਕੜ ਗਿਰਾਇਆ । (ਦਸਮ ਗ੍ਰੰਥ)

ਭਾਵ–ਉਹ ਤੇਰੀਆਂ ੧੪ ਤੇ ੧੬ ਆਦਿ ਮਹਿਦੂਦ ਕਲਾਂ ਸਨ, ਪਰ ਹੁਣ (ਕਲਜੁਗ ਵਿਚ) ਤੂੰ ਮਨੁੱਖੀ ਜਾਮੇ ਧਾਰ ਕੇ ਸਾਖਯਾਤ ਗੁਰੂ ਨਾਨਕ, ਗੁਰੂ ਅੰਗਦ ਅਤੇ ਗੁਰੂ ਅਮਰਦਾਸ ਕਹਾਇਆ ਹੈ । ਸੋ "ਭਗਤਿ ਭੰਡਾਰ ਗੁਰੂ ਨਾਨਕ ਕਉ ਸਉਪਿ" ਮਹਾਂਵਾਕ ਅਤੇ ਵੇਦਾਂ, ਪੁਰਾਣਾਂ ਅਥਵਾ ਇਸਲਾਮੀ ਕਿਤਾਬਾਂ ਦੀਆਂ ਪੇਸ਼ੀਨਗੋਈਆਂ *ਅਨੁਸਾਰ ਕਲਜੁਗ ਦਾ ਪਹਿਰਾ ਗੁਰੂ ਨਾਨਕ ਸਾਹਿਬ ਜੀ ਦਾ ਹੈ । ਜਿਵੇਂ ਬੀਤ ਚੁਕੇ ਰਾਜਾਂ ਦੇ ਸਿੱਕਿਆਂ ਨੂੰ ਭਾਵੇਂ ਖੋਟਾ ਨਹੀਂ ਕਿਹਾ ਜਾ ਸਕਦਾ, ਪਰ ਉਹ ਅਜ ਚਲਦੇ ਨਹੀਂ । ਇਸੇ ਤਰ੍ਹਾਂ ਧਰਮ ਦੇ ਪੁਰਾਤਨ ਅਸੂਲਾਂ ਨੂੰ ਅਸੀਂ ਨਿਕੰਮੇ ਤਾਂ ਨਹੀਂ ਕਹਿ ਸਕਦੇ, ਪਰ ਜੁਗ ਬਦਲ ਜਾਣ ਤੇ ਉਨ੍ਹਾਂ ਦੀ ਕੋਈ ਵੁਕਤ ਨਹੀਂ ਰਹੀ ਅਰਥਾਤ ਉਹ ਕਲਿਆਣਕਾਰੀ ਮੁਖ ਕਰਮ ਨਹੀਂ ਰਹੇ ।

ਭਾਈ ਸਾਹਿਬ ਦਾ ਕਥਨ ਹੈ :–

ਕਲਜੁਗ ਕੀ ਸੁਣ ਸਾਧਨਾ, ਕਰਮ ਕਿਰਤ ਕੀ ਚਲੈ
ਨ ਕਾਈ । ਬਿਨਾ ਭਜਨ ਭਗਵਾਨ ਦੇ, ਭਉ ਭਗਤਿ
ਬਿਨ ਠਉਰ ਨ ਠਾਈ ।.........ਕਲਜੁਗ ਕੇ ਉਪਕਾਰ
ਸੁਣ ਜੈਸੇ ਬੇਦ ਅਥਰਬਣ ਗਾਈ । ਭਉ ਭਗਤਿ
ਪ੍ਰਵਾਣ ਹੈ ਜੱਗ ਹੋਮ ਤੇ ਪੁਰਬ ਕਮਾਈ ।........
ਕਲਜੁਗ ਨਾਵੈ ਕੀ ਵਡਿਆਈ ।

[ਭਾ: ਗੁ: ਵਾ: ੧ ਪੌੜੀ ੧੬

ਇੱਥੇ "ਜੈਸੇ ਵੇਦ ਅਥਰਬਣ ਗਾਈ" ਤੋਂ ਸਾਫ ਜ਼ਾਹਿ ਕਿ ਅਥਰਬਣ ਵੇਦ ਵਿਚ ਕਲਜੁਗ ਦੇ ਧਰਮ-ਕਰਮ ਦੀ ਵਿਆ ਕੀਤੀ ਹੋਈ ਹੈ, ਜਿਸਦਾ ਹਵਾਲਾ ਭਾਈ ਸਾਹਿਬ ਨੇ ਇਥੇ ਹੈ, ਅਤੇ ਯੱਗ-ਹੋਮ ਆਦਿ ਨੂੰ (ਪੁਰਬ) ਪਿਛਲੇ ਯੁਗਾਂ ਦੀ ਕ ਦਸਿਆ ਹੈ ।

ਕਈ ਸੱਜਣ ਇਹ ਵੀ ਕਹਿੰਦੇ ਹਨ ਕਿ ਸਨਾਤਨ ਹੀ ਆਦੀ (ਸੱਚਾ) ਧਰਮ ਹੈ । ਦੂਜੇ ਧਰਮ ਝੂਠੇ ਜਾਂ ਗ਼ਲਤ ਇਸ ਦਾ ਉਤਰ ਭਾਈ ਗੁਰਦਾਸ ਜੀ ਇਉਂ ਦੇਂਦੇ ਹਨ :–

ਜੈਸੇ ਚੀਟੀ ਕ੍ਰਮ ਕ੍ਰਮ ਕੈ ਬਿਰਖ ਚੜ੍ਹੈ, ਪੰਛੀ ਉਡ
ਜਾਇ ਬਸੈ ਨਿਕਟ ਹੀ ਫਲ ਕੈ । ਜੈਸੇ ਗਾਡੀ ਚਲੀ
ਜਾਤ ਲੀਕਨ ਮੈਂ ਧੀਰਜ ਸੇ, ਘੋਰ ਦੋਰ ਜਾਇ ਬਾਇੰ
ਦਾਹਨੇ ਸਥੱਲ ਕੈ । ਜੈਸੇ ਕੋਸ ਭਰ ਚਲ ਸੱਕੀਐ ਨ
ਪਾਇਣ ਸੇ, ਆਤਮਾ ਚਤ੍ਰਕੁੰਟ ਧਾਇ ਆਵੈ ਪੱਲਕੈ ।
ਤਸੇ ਲੋਗ ਬੇਦੁ ਭੇਦ ਗਿਆਨ ਉਨਮਾਨ ਪੱਛ; ਗੰਮ
ਗੁਰ ਚਰਨਿ ਸਰਨਿ ਅਸਥਲਿ ਕੈ ।

[ਭਾ: ਗੁ: ਕ: ੪੦੪

ਇਸ ਵਿਚ ਆਪ ਨੇ ਸਿੱਧ ਕੀਤਾ ਹੈ ਕਿ ਜਿਵੇਂ ਇਕ ਦੀ ਪ੍ਰਾਪਤੀ ਲਈ ਕੀੜੀ ਕਦਮ ਕਦਮ ਚੱਲ ਕੇ ਉਸ ਤੱਕ ਪੁਜ ਪਰ ਪੰਛੀ ਉਸ ਨੂੰ ਪਹਿਲੇ ਹੀ ਉਡਾਰੀ ਮਾਰ ਕੇ ਖਾ ਜਾਂਦਾ ਹੈ । ਗੱਡੀ (ਬੈਲ ਗੱਡੀ) ਸੜਕ ਤੋਂ ਅੱਗੇ ਪਿੱਛੇ ਹੋ ਕੇ ਨਹੀਂ ਸਕਦੀ, ਪਰ ਘੋੜਾ ਸੱਜੇ ਖੱਬੇ ਦੌੜ ਧੁੱਪ ਕਰ ਕੇ ਆਪਣੇ ਦੁਆਰਾ ਗੱਡੀ ਨਾਲੋਂ ਛੇਤੀ ਟਿਕਾਣੇ ਤੇ ਅੱਪੜ ਪੈਂਦਾ ਹੈ ।

---

*ਇਨ੍ਹਾਂ ਨੂੰ ਵਿਸਥਾਰ ਨਾਲ ਦਾਸ ਲਿਖਤ ਪੁਸਤਕ 'ਸੱਚਾ ਗੁਰੂ' ਵਿਚ ਪੜ੍ਹੋ । [ਗਿ: ਉਦਮ ਸਿੰਘ

ਜਿਵੇਂ ਸਰੀਰ ਨਾਲੋਂ ਮਨ ਛੇਤੀ ਚਾਰੇ ਕੁੰਟਾਂ ਭਰਮ ਸਕਦਾ ਹੈ, ਇਸੇ ਤਰ੍ਹਾਂ ਲੋਕਾਂ ਵਾਸਤੇ ਬੇਦਾਂ ਦੇ ਭੇਦ, ਵੀਚਾਰ ਗਿਆਨ ਅਤੇ (ਪੱਛ) ਦਲੀਲਾਂ ਦੇ ਮੁਕਾਬਲੇ ਵਿਚ ਕਲਜੁਗ ਦੇ ਜੀਵਾਂ ਦੀ ਵਾਹਿਗੁਰੂ ਦੇ ਸਰੂਪ ਵਿਚ ਗੰਮਤਾ ਗੁਰ ਚਰਣ ਸਰਣ ਦੁਆਰਾ ਹੀ ਹੋ ਸਕਦੀ ਹੈ। ਕਿਉਂਕਿ ਸਨਾਤਨ ਮਤ ਚਿਉਟੀ (ਕੀੜੀ) ਮਾਰਗ ਹੈ ਤੇ ਗੁਰਮਤਿ ਬਿਹੰਗਮ (ਪੰਛੀ) ਮਾਰਗ।

ਵੈਦਕ ਧਰਮੀ ਲੋਕ ਮਨ ਹੱਠ ਵਿਚ ਭਾਵੇਂ ਕੁਝ ਪਏ ਕਹਿਣ, ਪਰ ਇਹ ਉਨ੍ਹਾਂ ਨੂੰ ਮੰਨਣਾ ਹੀ ਪਵੇਗਾ ਕਿ ਜਦ ਵੇਦ ਪਾਠ ਦਾ ਜ਼ਮਾਨਾ ਸੀ, ਜਾਂ ਵੈਦਕ ਰਹੁ ਰੀਤੀ ਪ੍ਰਧਾਨ ਸੀ ਤਾਂ ਲੋਕਾਂ ਦੀ ਆਯੂ ਵੀ ਹਜ਼ਾਰਾਂ ਬਰਸ਼ ਹੋਇਆ ਕਰਦੀ ਸੀ। ਦੂਜੀ ਗਲ ਇਹ ਕਿ 'ਜਿਸ ਕਾ ਰਾਜ ਉਸੀ ਕਾ ਤੇਜ' ਦੇ ਭਾਵ ਅਨੁਸਾਰ ਉਨ੍ਹਾਂ ਸਮਿਆਂ ਵਿਚ ਉਹੀ ਕਰਮ ਧਰਮ ਪ੍ਰਵਾਨ ਸਨ। ਪਰ ਕਲੂ ਦਾ ਪਹਿਰਾ ਗੁਰੂ ਨਾਨਕ ਸਾਹਿਬ ਜੀ ਦਾ ਹੈ, ਇਸ ਲਈ ਉਹੀ ਕਾਨੂੰਨ ਲਾਗੂ ਹੋ ਸਕਦਾ ਹੈ ਜੋ ਗੁਰੂ ਸਾਹਿਬ ਨੇ ਕਾਇਮ ਕੀਤਾ ਹੈ।

ਭਾਵੇਂ ਗੁਰਮਤ ਦੀ ਸਨਾਤਨ ਮਤਾਂ ਨਾਲੋਂ ਕਈ ਪਹਿਲੂਆਂ ਤੇ ਭਾਰੀ ਵਿਲੱਖਣਤਾ ਹੈ, ਕਿਉਂਕਿ ਉਹ ਅਵਤਾਰਾਂ ਦੇਵਤਿਆਂ ਦੀ ਪੂਜਾ ਭਗਤੀ ਵਿਚ ਮੁਕਤੀ ਮੰਨਦੇ ਹਨ ਤੇ ਗੁਰਮਤਿ ਵਾਹਿਗੁਰੂ ਦੀ, ਉਪਾਸ਼ਨਾਂ ਵਿਚ, ਉਹ ਪੱਥਰ ਦੀ ਪੂਜਾ ਕਰਦੇ ਹਨ ਤੇ ਗੁਰਮਤ ਜਾਗਤ ਜੋਤ ਅਕਾਲ ਪੁਰਖ ਦੀ, ਪਰ ਈਸ਼ਵਰ ਪ੍ਰਾਪਤੀ ਦੇ ਸੁਆਲ ਤੇ ਨਿਸ਼ਾਨਾ ਇਕ ਹੀ ਹੈ। ਫਰਕ ਕੇਵਲ ਇਤਨਾ ਹੈ ਕਿ ਗੁਰਮਤਿ ਅਸੂਲ – ਸਮੇਂ, ਆਯੂ ਅਤੇ ਹਾਲਾਤਾਂ ਦੇ ਅਨਕੂਲ ਪੰਛੀ ਦੀ ਉਡਾ-ਰੀਆਂ ਵਾਂਗ ਸਹਿਲ ਹਨ ਅਤੇ ਅਨਮਤੀ ਅਸੂਲ ਬੇਮੌਕਾ, ਅਥਵਾ ਕੀੜੀ ਦੇ ਸਫਰ ਵਾਂਗ ਬਿੱਖਮ।

ਜੇ ਧਰਮ ਦੇ ਮੁਆਮਲੇ ਤੇ ਨਿਰਪੱਖ ਹੋ ਕੇ ਵੀਚਾਰ ਕੀਤੀ ਜਾਵੇ ਤਾਂ ਸਾਡਾ ਇਹ ਨਿਸਚਾ ਹੈ ਕਿ ਦੁਨੀਆਂ ਭਰ ਦੇ ਇਨਸਾਨਾਂ

ਨੂੰ ਸਿੱਖ ਧਰਮ ਹੀ ਮਹਾਨ ਜਾਪੇਗਾ, ਕਿਉਂਕਿ ਇਹੀ ਵਧੇਰੇ
ਸਪੱਸ਼ਟ ਅਤੇ ਈਸ਼੍ਵਰੀ ਹੈ। ਪਰ ਇਹ ਗਲ ਨਿਰਾਸਤਾ ਵਾਲੀ
ਕਈ ਕਾਰਨਾਂ ਕਰ ਕੇ ਦੁਨੀਆਂ ਭਰ ਦੇ ਬੇਅੰਤ ਲੋਕ ਸਿੱਖ
ਅਤੇ ਇਸ ਦੇ ਆਦਰਸ਼ਾਂ ਤੋਂ ਅਣਜਾਣ ਅਥਵਾ ਵਾਂਜੇ ਹਨ,
ਕਈ ਸਿੱਖ ਵੀ ਅਗਿਆਨਤਾ ਕਾਰਨ ਇਸ ਤੋਂ ਆਕੀ
ਹਨ। ਸਿੱਖ ਇਤਿਹਾਸ ਵਿਚ ਦੋ ਸ਼ਬਦ ਆਏ ਹਨ – 'ਬਾ
ਤੇ 'ਪਾਤਸ਼ਾਹ' ਗਹੁ ਨਾਲ ਵੇਖੀਏ ਤਾਂ ਆਮ ਤੌਰ ਤੇ 'ਬਾ
ਦੇ ਅਰਥ ਹੁਕਮਰਾਨ (ਰਾਜਾ) ਅਤੇ 'ਪਾਤਸ਼ਾਹ' ਦੇ ਅਰ
ਪਾਤਸ਼ਾਹ (ਸਤਿਗੁਰੂ) ਹਨ। ਭਾਈ ਗੁਰਦਾਸ ਜੀ ਦਾ ਕ
'ਸਤਿਗੁਰ ਸੱਚਾ ਪਾਤਸ਼ਾਹ ਕੂੜੇ ਬਾਦਸ਼ਾਹ ਦੁਨੀਆਵੇ'।
ਸ਼ਬਦ ਦੇ ਅੱਖਰੀ ਅਰਥ ਝਗੜਾ ਹਨ, ਇਸ ਲਈ ਦੁਨਿ
ਝਗੜੇ ਨਜਿੱਠਣ ਵਾਲੇ ਨੂੰ ਬਾਦਸ਼ਾਹ (ਝਗੜੇ ਨਬੇੜਨ ਦਾ
ਕਿਹਾ ਜਾਂਦਾ ਹੈ ਅਤੇ ਪਾਤ ਦੇ ਅਰਥ ਪੱਤਣ ਵੀ ਹੋਣ
ਸੰਸਾਰ ਰੂਪੀ ਸਮੁੰਦਰ ਦੇ ਪੱਤਣ ਤੋਂ ਜੀਵਾਂ ਦਾ ਬੇੜਾ ਪਾਰ
ਵਾਲੇ ਸਤਿਗੁਰੂ ਨੂੰ ਪਾਤਸ਼ਾਹ।

ਮੌਜੂਦਾ ਸਮੇਂ ਦੇ ਆਮ ਮਨੁੱਖਾਂ ਦੀ ਮਾਨਸਕ ਬੇਚੈ
ਵੱਡਾ ਕਾਰਨ ਇਹ ਹੈ ਕਿ ਉਨ੍ਹਾਂ ਨੇ ਦੁਨਿਆਵੀ ਕਾਨੂੰਨ
ਫਿਰ ਵੀ ਕਿਸੇ ਹੱਦ ਤਕ ਪ੍ਰਵਾਹ ਕੀਤੀ ਹੈ, ਅਰਥਾਤ ਬਾ
(ਸਰਕਾਰ) ਦੇ ਹੁਕਮ ਨੂੰ ਮੰਨਿਆ ਹੈ, ਭਾਵੇਂ ਡਰ ਨਾਲ ਤੇ
ਫ਼ਰਜ਼ ਸਮਝ ਕੇ, ਪਰ ਪਾਤਸ਼ਾਹ (ਸਤਿਗੁਰੂ) ਦੇ ਕਾਨੂੰਨ (
ਦੀ ਬਹੁਤ ਹੱਦ ਤੱਕ ਉਲੰਘਣਾ ਕੀਤੀ ਗਈ ਹੈ, ਜੈਸਾ ਕਿ ਸ
ਸੂਰਤ ਨੂੰ ਵਿਗਾੜਨਾ, ਪਰ-ਤਨ ਅਤੇ ਪਰ-ਧਨ ਦਾ ਛੀਨਣਾ
ਗੁਰਮਤ ਰਹਿਤ ਮਰਯਾਦਾ ਦਾ ਤਿਆਗ ਕਰਨਾ ਆਦਿ. ਸੋ
ਸਰਕਾਰੀ ਕਾਨੂੰਨ ਦੀ ਉਲੰਘਣਾ ਕਰਨ ਵਾਲੇ ਨੂੰ ਸਜ਼ਾ ਜਾਂ
ਮਿਲਦੀ ਹੈ, ਇਸੇ ਤਰ੍ਹਾਂ ਧਾਰਮਕ ਅਸੂਲ ਨੂੰ ਤੋੜਨ ਵਾ

ਮੁਜਰਮ ਅਤੇ ਈਸ਼੍ਵਰੀ ਦਰਗਾਹ (ਕਚਹਿਰੀ) ਵਿਚ ਮਾੜੇ ਕਰਮਾਂ ਦੀ ਸਜ਼ਾ ਦਾ ਭਾਗੀ ਬਣਦਾ ਹੈ।

ਇਸ ਦੇ ਜਵਾਬ ਵਿਚ ਇਹ ਕਿਹਾ ਜਾ ਸਕਦਾ ਹੈ ਕਿ ਪਾਤਸ਼ਾਹ (ਸਤਿਗੁਰੂ) ਦੇ ਕਾਨੂੰਨ (ਧਰਮ) ਦਾ ਪਾਬੰਦ ਹੋਣਾ ਸਿੱਖ ਲਈ ਭਾਵੇਂ ਜ਼ਰੂਰੀ ਹੋਵੇ, ਪਰ ਆਮ ਲੋਕਾਂ ਲਈ ਨਹੀਂ। ਇਸ ਦਾ ਉਤਰ ਪਹਿਲੇ ਹੀ ਦਿਤਾ ਜਾ ਚੁਕਾ ਹੈ ਕਿ ਸਤਿਗੁਰੂ (ਗੁਰੂ ਨਾਨਕ) ਦਾ ਧਾਰਮਕ ਕਨੂੰਨ ਕਲਜੁਗ ਦੇ ਹਰ ਮਨੁੱਖ ਮਾਤਰ ਲਈ ਹੈ, ਕੇਵਲ ਸਿੱਖਾਂ ਲਈ ਨਹੀਂ, ਇਹ ਤਾਂ ਮਜ਼੍ਹਬੀ ਵਿਤਕਰਿਆਂ ਕਾਰਨ ਹੀ ਫ਼ਿਰਕਾਵਾਦੀਆਂ ਨੂੰ ਜਾਪਦਾ ਹੈ।

ਜੇ ਇਸ ਤਰ੍ਹਾਂ ਮੰਨ ਵੀ ਲਿਆ ਜਾਵੇ ਤਾਂ ਇਸ ਤੋਂ ਤਾਂ ਕੋਈ ਵੀ ਇਨਕਾਰ ਨਹੀਂ ਕਰ ਸਕਦਾ ਕਿ ਸਿੱਖ ਧਰਮ ਦੇ ਅਸੂਲਾਂ (ਖਾਸ ਕਰ ਕੇ ਉਨ੍ਹਾਂ ਚਿਨ੍ਹਾਂ ਦਾ ਜੋ ਈਸ਼੍ਵਰ ਕ੍ਰਿਤ ਹਨ) ਖੰਡਨ ਈਸ਼੍ਵਰੀ ਕਨੂੰਨ ਦਾ ਖੰਡਨ ਹੈ। ਅਤੇ ਇਕ ਸਿੱਖ ਲਈ ਤਾਂ ਇਹ ਹੋਰ ਵੀ ਵਧੇਰੇ ਗੁਨਾਹ ਹੈ, ਕਿਉਂਕਿ ਉਸ ਨੇ ਸਿੱਖ ਧਰਮ ਨੂੰ ਅਪਨਾਇਆ ਹੋਇਆ ਹੈ ਜਿਸ ਵਿਚ ਸਾਬਤ ਸੂਰਤ ਰਹਿਣਾ ਜ਼ਰੂਰੀ ਹੈ। ਜਿਵੇਂ ਇਕ ਸਿਪਾਹੀ ਲਈ ਕਾਨੂੰਨ ਤੋੜਨਾ ਆਮ ਲੋਕਾਂ ਨਾਲੋਂ ਵਧੇਰੇ ਜੁਰਮ ਹੈ। ਇਸੇ ਤਰ੍ਹਾਂ ਇਕ ਸਿੱਖ ਲਈ ਸਿੱਖੀ ਅਸੂਲਾਂ ਦੀ ਉਲੰਘਣਾ ਕਰਨਾ ਹੈ। ਅਥਵਾ ਕੇਸ ਕਟਾ ਕੇ ਪਤਿਤ ਹੋ ਜਾਣਾ ਵਧੇਰੇ ਜੁਰਮ ਅਤੇ ਪਾਪ ਹੈ ਇਹੀ ਵਜ੍ਹਾ ਹੈ ਕਿ ਸਿੱਖ ਧਰਮ ਵਿਚ ਆਦੀ ਸਹਿਜਧਾਰੀ ਨਾਲ ਤਾਂ ਸੰਗਤ ਪੰਗਤ ਦੀ ਸਾਂਝ ਯੋਗ ਹੈ, ਪਰ ਪਤਿਤ ਨਾਲ ਨਹੀਂ।

-----

## ਜਗ ਰਚਨਾ ਦੇ ਅਗੰਮੀ ਭੇਦ

ਦ੍ਰਿਸ਼ਟਮਾਨ ਜਗਤ ਦੇ ਰਚਨਹਾਰ ਵਾਹਿਗੁਰੂ ਨੇ ਇਕ ਅਨੇਕ ਹੋਣ ਸਮੇਂ, ਦੇਵ, ਅਦੇਵ, ਨਰ, ਪਸ਼ੂ, ਪੰਛੀ ਆਦਿ ਕ੍ਰੋੜ ਜਲ ਅਤੇ ਥਲ ਵਾਸੀ ਜੀਆਂ ਅਥਵਾ ਬ੍ਰਿਛ, ਬੂਟੇ ਅਰ ਬਨਾਸਪਤੀ ਦੀ ਘਾੜਤ ਨੂੰ ਅੰਡਜ, ਜੇਰਜ, ਉਤਭੁਜ ਅਤੇ ਸ ਖਾਣੀ ਦੁਆਰਾ ਬੜੀ ਭਾਰੀ ਸੂਝ ਬੂਝ (ਸ਼ਕਤੀ) ਦੁਆਰਾ ਘੜਿ ਹੈ, ਜੋ ਅਤ ਵਚਿਤ੍ਰ ਹੈ। ਅਤੇ ਜਿਸ ਦੇ ਇਕ ਇਕ ਅੰਗ ਦੀ ਕਰ ਅਥਵਾ ਚਿਤ੍ਰਕਾਰੀ ਨੂੰ ਪੂਰੀ ਤਰ੍ਹਾਂ ਸਮਝਣ ਲਈ ਮਨੁੱਖੀ ਅਸਮਰੱਥ ਹੈ। ਭਾਈ ਗੁਰਦਾਸ ਜੀ ਦਾ ਬਚਨ ਹੈ :-

> ਏਕ ਬ੍ਰਹਿਮੰਡ ਕੇ ਬਿਥਾਰ ਕੀ ਆਪਾਰ ਗਾਥਾ, ਕੋਟ ਬ੍ਰਹਿਮੰਡ ਕੋ ਨਾਇਕ ਕੈਸੇ ਜਾਨੀਐ। ਘਟਿ ਘਟਿ ਅੰਤ੍ਰ ਔ ਸਰਬ ਨਿਰੰਤ੍ਰ ਹੈ, ਸੂਖਮ ਸਥੂਲ ਮੂਲ ਕੈਸੇ ਪਹਿਚਾਨੀਐ। ਨਿਰਗੁਣ ਅਦ੍ਰਿਸ਼ਟ ਦ੍ਰਿਸ਼ਟ ਮੈਂ ਨਾਨਾ ਪ੍ਰਕਾਰ, ਅਲੱਖ ਲਖਿਓ ਨ ਜਾਇ ਕੈਸੇ ਉਨਮਾਨੀਐ। ਸਤਿ ਰੂਪ ਸਤਿ ਨਾਮੁ ਸਤਿਗੁਰ ਗਿਆਨ ਧਿਆਨ, ਪੂਰਨ ਬ੍ਰਹਮ ਸਰਬਾਤਮ ਕੈ ਜਾਨੀਐ।
>
> [ਕਬਿਤ ੬੪
>
> ਇਕ ਕਵਾਉ ਪਸਾਉ ਕਰ, ਓਅੰਕਾਰ ਅਕਾਰ ਪਸਾਰਾ। ਪਾਉਣ ਪਾਣੀ ਬੈਸੰਤ੍ਰੋ, ਧਰਤ ਅਗਾਸ

ਕਰੇ ਨਿਰਧਾਰਾ। **ਰੋਮ ਰੋਮ** ਵਿਚ ਰਖਿਉਨ ਕਰ ਵਰਭੰਡ ਕਰੋੜ ਅਕਾਰਾ। ਪਾਰਬ੍ਰਹਮ ਪੂਰਨ ਬ੍ਰਹਮ ਅਗਮ ਅਗੋਚਰ ਅਲੱਖ ਆਪਾਰਾ ... ...

[ਵਾ: ੬–ਪੌ: ੮

ਗੁੱਲਰ ਅੰਦਰ ਭੁਣਹਣਾ, ਗੁੱਲਰ (ਇਕ ਬੂਟੇ ਦੇ ਫੁਲ) ਨੂੰ ਬ੍ਰਹਮੰਡ ਵਖਾਣੈ। ਗੁੱਲਰ ਲੱਗਣ ਲੱਖ ਫਲ, ਇਕ ਦੂ ਲੱਖ ਅਲੱਖ ਨ ਜਾਣੈ। ਲੱਖ ਲੱਖ ਬਿਰਖ ਬਿਗੀਚਿਹੁੰ, ਲੱਖ ਬਗੀਚੇ ਬਾਗ ਵਖਾਣੈ। ਲੱਖ ਲੱਖ ਬਾਗ ਬ੍ਰਹਮੰਡ ਵਿਚ, ਲੱਖ ਬ੍ਰਹਮੰਡ ਲੂੰਅ ਵਿਚ ਆਣੈ।

[ਵਾ: ੫–ਪੌ: ੧੯

ਗੁਰਬਾਣੀ ਵਿਚ ਹੁਕਮ ਹੈ:–

ਕੇਤੇ ਪਵਣ ਪਾਣੀ ਵੈਸੰਤਰ ਕੇਤੇ ਕਾਨ ਮਹੇਸ।
ਕੇਤੇ ਬਰਮੇ ਘਾੜਤਿ ਘੜੀਅਹਿ ਰੂਪ ਰੰਗ ਕੇ ਵੇਸ।
ਕੇਤੀਆ ਕਰਮ ਭੂਮੀ ਮੇਰ ਕੇਤੇ ਕੇਤੇ ਧੂ ਉਪਦੇਸ।
ਕੇਤੇ ਇੰਦ ਚੰਦ ਸੂਰ ਕੇਤੇ ਕੇਤੇ ਮੰਡਲ ਦੇਸ।

[ਜਪੁਜੀ ਸਾਹਿਬ

ਆਖ਼ਰ ਇਸ ਅਦਭੁਤ ਰਚਨਾ ਦੀ ਰਚਨਹਾਰ ਕੋਈ ਸ਼ਕਤੀ ਹੈ ਅਤੇ ਉਸ ਨੂੰ ਕਿਹਾ ਜਾਂਦਾ ਹੈ ਵਾਹਿਗੁਰੂ ਦੀ ਤਾਕਤ, ਜਿਸ ਨੇ ਕੋਟਾਨ ਕੋਟ ਬ੍ਰਹਮੰਡ ਸਾਜੇ ਹਨ।

ਵੀਚਾਰ ਸ਼ਕਤੀ ਦੇ ਮਹਿਦੂਦ ਹੋਣ ਕਾਰਨ ਮਨੁੱਖ ਭਾਵੇਂ ਕੁਦਰਤ ਦੇ ਇਨ੍ਹਾਂ ਭੇਦਾਂ ਨੂੰ ਨਹੀਂ ਜਾਣ ਸਕਦਾ, ਪਰ ਇਹ ਹਕੀਕਤ ਹੈ ਕਿ ਵਾਹਿਗੁਰੂ ਦੀ ਇਸ ਰਚਨਾ ਅੰਦਰ ਕੋਈ ਵੀ ਚੀਜ਼ ਬਿਅਰਥ ਨਹੀਂ ਬਣਾਈ ਗਈ। ਹਰ ਇਕ ਵਸਤੂ ਕਿਸੇ ਨਾ ਕਿਸੇ ਕਾਰਨ ਤੋਂ ਬਣੀ ਹੈ ਅਤੇ ਦੀਰਘ ਵੀਚਾਰ ਦੁਆਰਾ ਹੀ ਇਹ ਜਾਣਿਆ ਜਾ ਸਕਦਾ ਹੈ ਕਿ ਉਹ ਕਿੰਨੀ ਜ਼ਰੂਰੀ ਸੀ। ਇਹ ਪਾਉਣ, ਪਾਣੀ,

ਅਗਨੀ, ਸੂਰਜ, ਚੰਦ੍ਰਮਾਂ, ਸਤਾਰੇ, ਬਨਾਸਪਤੀ, ਜੜੀਆਂ, ਬੂ
ਅੰਨ ਅਤੇ ਸਬਜ਼ੀਆਂ ਆਦਿ ਜਿਨ੍ਹਾਂ ਲੋੜਾਂ ਨੂੰ ਪੂਰਾ ਕਰਦੀਆਂ
ਉਨ੍ਹਾਂ ਨੂੰ ਚੇਤੇ ਕਰ ਕੇ ਨਾਸਤਕ ਮਨੁਖ ਵੀ ਨਿਰੰਕਾਰ ਦਾ ਸ਼ੁਕ
ਕੀਤੇ ਬਿਨਾਂ ਨਹੀਂ ਰਹਿ ਸਕਦਾ।

ਇਸ ਤੋਂ ਇਲਾਵਾ ਹਰ ਇਕ ਵਸਤੂ ਦੀ ਉਤਪਤੀ, ਪ
ਅਤੇ ਵਿਨਾਸ਼ ਦੇ ਵੱਖ ਵੱਖ ਤਰੀਕੇ ਵੀ ਉਸ ਦੀ ਸ਼ਕਤ
ਅਸਚਰਜ ਕ੍ਰਿਸ਼ਮਾਂ ਹਨ। ਜਿਸ ਜਿਸ ਚੀਜ਼ ਦੀ ਸਥਿਤੀ, ਜਿਸ
ਰੰਗ ਢੰਗ ਨਾਲ ਕਾਇਮ ਰਹਿ ਸਕਦੀ ਸੀ, ਨਿਰੰਕਾਰ ਨੇ ਉਨ੍
ਬਣਤ੍ਰ ਉਸੇ ਤਰ੍ਹਾਂ ਦੀ ਬਣਾਈ ਹੈ। ਪਹਾੜਾਂ ਲਈ ਸਿਲਾਂ, ਕਿ
ਲਈ ਜੜ੍ਹਾਂ ਅਤੇ ਜਲ ਵਾਸੀ ਜੀਆਂ ਲਈ ਸਮੁੰਦਰ ਦਾ ਹੋਣਾ
ਜ਼ਰੂਰੀ ਸੀ, ਇਨ੍ਹਾਂ ਗਲਾਂ ਨੂੰ ਵਾਹਿਗੁਰੂ ਹੀ ਜਾਣਦਾ ਹੈ।

ਜ਼ਰਾ ਪਸ਼ੂ ਪੰਛੀਆਂ ਨੂੰ ਹੀ ਗਹੁ ਨਾਲ ਵੇਖੋ, ਅਕਾਸ਼
ਉੱਡਣ ਵਾਲੇ ਪੰਛੀਆਂ ਦੇ ਪਰ, ਬਹੁਤਾ ਤੇ ਕਰੜਾ ਸਫਰ
ਉਤੇ ਕਰਨ ਵਾਲੇ ਪਸ਼ੂਆਂ ਦੇ ਮਜ਼ਬੂਤ ਖੁਰ ਅਤੇ ਲੇਟ ਕੇ
ਵਾਲੇ ਸਰਪ ਆਦਿਕ ਦੀਆਂ ਲੱਛੇਦਾਰ ਪਸਲੀਆਂ ਵਿਚ
ਸ਼ਕਤੀ ਕਿਸ ਤਰ੍ਹਾਂ ਦੇ ਅਜੀਬ ਭੇਦ ਹਨ।

ਜੇ ਬਿੱਲੀ ਦੀ ਖ਼ੁਰਾਕ ਚੂਹੇ ਆਦਿ ਹੈ ਤਾਂ ਉਸ ਨੂੰ ਕੁ
ਨੇ ਅੰਧੇਰੇ ਵਿਚ ਵੀ ਵੇਖ ਸੱਕਣ ਦੀ ਦ੍ਰਿਸ਼ਟੀ ਦਿਤੀ ਹੈ। ਜੇ ਸ਼
ਖ਼ੁਰਾਕ ਜੰਗਲ ਦੇ ਆਮ ਜਾਨਵਰ ਆਦਿ ਹਨ ਤਾਂ ਉਸ ਨੂੰ
ਪਾਸੀਂ ਪੱਕੇ ਤਿੱਖੇ ਦੰਦ ਅਤੇ ਤਿੱਖੇ ਤਿੱਖੇ ਮਜ਼ਬੂਤ ਪੰਜੇ
ਗਏ ਹਨ। ਗਊ ਦਾ ਚਮੜਾ ਮੁਲਾਇਮ ਅਤੇ ਵਾਲ ਛੋਟੇ ਹਨ
ਲਈ ਉਸ ਨੂੰ ਮੱਖੀਆਂ ਆਦਿ ਤੋਂ ਬਚਾਅ ਲਈ ਚਾਰ
ਕਰੀਬ ਪੂਛ ਲਾਈ ਗਈ ਹੈ, ਪਰੰਤੂ ਊਠ ਅਤੇ ਹਾਥੀ, ਜਿ
ਜਿਸਮ ਕਰੜੇ ਹਨ, ਗਊ ਨਾਲੋਂ ਕਿਤੇ ਵਧੇਰੇ ਕੱਦਾਵਰ
ਬਾਵਜੂਦ ਈਸ਼ਵਰ ਨੇ ਉਨ੍ਹਾਂ ਦੀ ਗਿੱਠ ਗਿੱਠ ਭਰ ਲੰਬੀ ਪੂਛ

ਹੈ। ਇਸੇ ਤਰ੍ਹਾਂ ਦੇ ਬੇਅੰਤ ਹੀ ਭੇਦ ਸ੍ਰਿਸ਼ਟੀ ਅੰਦਰ ਪਾਏ ਜਾਂਦੇ ਹਨ, ਜਿਨ੍ਹਾਂ ਦੀ ਹੋਂਦ ਅਨਹੋਂਦ ਦਾ ਕਾਰਨ ਮਨੁਖ ਦੀ ਸਮਝ ਵਿਚ ਨਹੀਂ ਆ ਸਕਦਾ।

ਜਿਹੜੇ ਲੋਕ ਈਸ਼੍ਵਰ ਦੀ ਬਨਾਵਟ ਉਤੇ ਨੁਕਤਾਚੀਨੀ ਕਰਦੇ ਅਤੇ ਕਈ ਚੀਜ਼ਾਂ ਨੂੰ ਬੇਲੋੜੀਆਂ ਸਿੱਧ ਕਰਨ ਦਾ ਮਿਥਿਆ ਯਤਨ ਕਰਦੇ ਹਨ, ਉਹਨਾਂ ਨੇ ਕਦੇ ਵੀ ਸਮਝ ਤੋਂ ਕੰਮ ਨਹੀਂ ਲਿਆ। ਬਸ ਜਿਸ ਚੀਜ਼ ਤੋਂ ਆਪਣਾ ਕੋਈ ਮਤਲਬ ਨਾ ਸਰੇ ਜਾਂ ਜੋ ਚੀਜ਼ ਐਸ਼ਪ੍ਰਸਤੀ ਵਿਚ ਵਹਿਣ ਲਈ ਰੋਕ ਜਾਪੇ, ਉਸੇ ਨੂੰ ਬੇਲੋੜੀ ਕਹਿਣ ਲਗ ਪੈਂਦੇ ਹਨ। ਉਹਨਾਂ ਨੇ ਸੋਚਣ ਦਾ ਕਦੇ ਵੀ ਯਤਨ ਨਹੀਂ ਕੀਤਾ ਕਿ ਜਿਵੇਂ ਹਰ ਇਕ ਕਾਰਖਾਨੇ ਜਾਂ ਮਸ਼ੀਨ ਦਾ ਛੋਟਾ, ਵਡਾ, ਮਹਿੰਗਾ, ਸਸਤਾ ਪੁਰਜਾ ਜ਼ਰੂਰ ਕਿਸੇ ਨਾ ਕਿਸੇ ਲੋੜ ਨੂੰ ਪੂਰਾ ਕਰਦਾ ਹੈ, ਇਸੇ ਤਰ੍ਹਾਂ ਪ੍ਰਮਾਤਮਾਂ ਦੀ ਰਚੀ ਕੋਈ ਵੀ ਚੀਜ਼ ਗ਼ੈਰ ਜ਼ਰੂਰੀ ਨਹੀਂ, ਅਤੇ ਇਸ ਦੀ ਬਣਤਰ ਕਿਸੇ ਦੂਰ ਦਰਸ਼ਕ, ਸਮੁੱਥ ਅਤੇ ਚੇਤਨ ਸ਼ਕਤੀ ਦੁਆਰਾ ਹੀ ਬਣੀ ਹੈ। ਜੇ ਇਕ ਮਾਮੂਲੀ ਘੜੀ ਲਈ ਕਦੇ ਵੀ ਕੋਈ ਨਹੀਂ ਸੋਚ ਸਕਦਾ ਕਿ ਇਹ ਆਪਣੇ ਆਪ ਬਣੀ ਹੈ ਅਤੇ ਇਸ ਦੇ ਪੁਰਜ਼ੇ ਆਪਣੇ ਆਪ ਫਿੱਟ ਹੋ ਕੇ ਚੱਲਣ ਲਗ ਪਏ ਹਨ, ਤਾਂ ਕੁਦਰਤ ਦੇ ਇਸ ਅਸੀਮੀ ਪਸਾਰੇ ਲਈ ਇਹ ਖਿਆਲ ਕਰਨਾ ਕਿ ਇਹ ਆਪਣੇ ਆਪ ਵਜੂਦ ਵਿਚ ਆਇਆ ਹੈ, ਜਾਂ ਇਸ ਦੀ ਬਣਤਰ ਇਕ ਅਨਾਦੀ ਪ੍ਰਵਾਹ ਤੋਂ ਹੈ, ਇਨ੍ਹਾਂ ਨੂੰ ਅਣ-ਜਾਨ ਲੋਕਾਂ ਦੀ ਦੁਨੀਆਂ ਦੇ ਵੀਚਾਰ ਹੀ ਕਿਹਾ ਜਾ ਸਕਦਾ ਹੈ।

ਜੇ ਇਹ ਕਿਹਾ ਜਾਵੇ ਕਿ ਰੇਲ ਦਾ ਇੰਜਨ ਕੋਲਿਆਂ ਅਤੇ ਪਾਣੀ ਅਗਨੀ ਦੁਆਰਾ ਪੈਦਾ ਹੋਈ ਭਾਪ (ਸਟੀਮ) ਤੋਂ ਹੀ ਚਲਦਾ ਹੈ, ਤਾਂ ਇਹ ਗਲ ਮੰਨੇ ਬਿਨਾਂ ਵੀ ਗੁਜ਼ਾਰਾ ਨਹੀਂ, ਕਿ ਇੰਜਨ ਦੇ ਪੁਰਜ਼ੇ ਬਣਾਉਣ ਜੋੜਨ ਵਾਲਾ ਕੋਈ ਕਾਰੀਗਰ, ਅਤੇ ਅੱਗ-ਪਾਣੀ ਦੀ ਮਿਕਦਾਰ ਨਾਲ ਵਰਤੋਂ ਕਰਨ ਵਾਲਾ ਡਰਾਈਵਰ ਵੀ
ਕੋਈ ਹੈ। ਆਪਣੇ ਆਪ ਨਾ ਇੰਜਨ ਬਣ ਸਕਦਾ ਹੈ, ਤੇ ਨਾ
ਪਾਣੀ ਦਾ ਮੇਲ ਹੁੰਦਾ ਹੈ, ਅਤੇ ਨਾ ਹੀ ਗੱਡੀ ਚਲ ਸਕਦੀ ਹੈ।
ਤਰ੍ਹਾਂ ਇਸ ਸਥੂਲ ਬਿਸਵ ਦੀ ਘਾੜਤ ਨੂੰ ਘੜਨ, ਇਸ ਨੂੰ ਤ
ਦੇਣ ਅਤੇ ਇਸ ਦੀ ਚਾਲ ਨੂੰ ਕਾਇਮ ਰਖਣ ਵਾਲੀ ਕੋਈ
ਸਾਨੂੰ ਮੰਨਣੀ ਹੀ ਪਵੇਗੀ।

ਗੁਰਵਾਕ–ਕਰਨ ਕਾਰਨ ਸਮਰਥ ਹੈ ਕਹੁ ਨਾਨਕ ਵੀਚਾਰ।
ਕਾਰਨ ਕਰਤੇ ਵਸ ਹੈ ਜਿਨ ਕਲ ਰਖੀ ਧਾਰ।

ਜਿਵੇਂ ਮਸ਼ੀਨਰੀ ਲਈ ਕਾਰਖਾਨੇ ਵਿਚ ਉਹੀ
ਘੜਿਆ ਜਾਂਦਾ ਹੈ, ਜਿਸ ਦੀ ਲੋੜ ਹੁੰਦੀ ਹੈ ਅਤੇ ਜਿਹੋ ਜਿਹਾ
ਜ਼ਰੂਰੀ ਹੈ, ਇਸੇ ਤਰ੍ਹਾਂ ਕੁਦਰਤ ਨੇ ਜਗਤ ਦੀ ਉਤਪਤੀ ਸਮੇਂ
ਵੀ ਅਜਿਹੀ ਚੀਜ਼ ਨੂੰ ਨਹੀਂ ਬਣਾਇਆ ਜੋ ਬੇਲੋੜੀ ਹੋਵੇ।

ਇਸ ਸਾਰੀ ਵੀਚਾਰ ਦੇ ਨਾਲ ਇਹ ਗਲ ਵੀ ਖ਼ਾਸ
ਤੇ ਧਿਆਨ ਵਿਚ ਰੱਖਣ ਵਾਲੀ ਹੈ ਕਿ ਇਹ ਸਾਰੀਆਂ ਚੀਜ਼ਾਂ ਅ
ਜੀਵਾਂ ਤੋਂ ਮਨੁੱਖ ਹੀ ਕੋਈ ਲਾਭ ਪ੍ਰਾਪਤ ਕਰਦਾ ਹੈ, ਕਿ
ਕੁਦਰਤ ਨੇ ਇਸ ਨੂੰ ਅਸ਼ਰਫਲ ਮਖ਼ਲੂਕਾਤ ਅਰਥਾਤ ਸਰਬ
ਦਾ ਸ਼ਰੋਮਣੀ ਸਾਜਿਆ ਹੈ:–

ਗੁਰਵਾਕ–ਇਸ ਧਰਤੀ ਮੈਂ ਤੇਰੀ ਸਿਕਦਾਰੀ। ਅਵਰ ਜੋਨ
ਤੇਰੀ ਪਨਹਾਰੀ।

ਜਿਸ ਦਾ ਭਾਵ ਇਹ ਹੈ ਕਿ ਮਾਨੁੱਖ ਸਾਰੀਆਂ ਜੂਨਾਂ
ਰਾਜਾ ਹੈ, ਅਥਵਾ 'ਨਾਨਕ ਮੇਰ ਸਰੀਰ ਕਾ' ਦੇ ਭਾਵ ਅਨੁ
ਜਿਵੇਂ ਮਾਲਾ ਦੇ ਦੂਜੇ ਮਣਕਿਆਂ ਵਿਚ ਇਕ ਮੇਰੂ (ਗੰਢ ਵ
ਮਣਕਾ ਹੁੰਦਾ ਹੈ, (ਜਿਸ ਤੇ ਆ ਕੇ ਦੂਜੇ ਮਣਕਿਆਂ ਦੀ ਗਿ
ਮੁੱਕ ਜਾਂਦੀ ਹੈ) ਇਸੇ ਤਰ੍ਹਾਂ 'ਚੋਰਾਸੀ ਲੱਖ ਜੂਨ ਵਿਚ' '
ਜਨਮ ਸੋ ਮਾਨਸ ਦੇਹੀ', ਦੇ ਕਥਨ ਅਨੁਸਾਰ ਮਨੁੱਖ
ਸਾਰੀਆਂ ਜੂਨਾਂ ਵਿਚ ਸ੍ਰੇਸ਼ਟ ਹੈ।

ਕੀ ਇਹ ਸੋਚਣਾ ਜ਼ਰੂਰੀ ਨਹੀਂ ਕਿ ਈਸ਼ਵਰ ਨੇ ਸਰਬ ਜੂਨਾਂ ਦੇ ਸਿਰਤਾਜ ਮਨੁਖ ਦੀ ਘਾੜਤ ਨੂੰ ਕਿਸੇ ਸੋਝੀ ਨਾਲ ਹੀ ਘੜਿਆ ਹੈ, ਅਤੇ ਇਸ ਦੇ ਇਕ ਇਕ ਅੰਗ ਅਥਵਾ ਰੋਮ ਵਿਚ ਕੁਦਰਤ ਦਾ ਰਾਜ਼ ਛੁਪਿਆ ਹੋਇਆ ਹੈ? ਜਦ ਉਕਤ ਸਵਾਲ ਨੂੰ ਕਿਸੇ ਵੀ ਪਹਿਲੂ ਤੋਂ ਧਿਆਨ ਨਾਲ ਸਮਝਿਆ ਜਾਵੇ ਤਾਂ ਪਤਾ ਲਗੇਗਾ ਕਿ ਮਨੁੱਖੀ ਬਣਤਰ ਵਿਚ ਕੋਈ ਵੀ ਅਦਲ ਬਦਲ ਕਾਨੂੰਨ ਕੁਦਰਤ ਦੇ ਉਲਟ ਅਤੇ ਭਾਰੀ ਪਾਪ ਹੈ।

ਖਾਸ ਕਰ ਕੇਸਾਂ ਅਥਵਾ ਦਾੜ੍ਹੀ ਦਾ ਕਟਾ ਦੇਣਾ ਅਤੇ ਬਾਰ ਬਾਰ ਕਟਾਈ ਜਾਣਾ ਮਾਨੁੱਖੀਪਣ ਦੀ ਬੇਹੁਰਮਤੀ ਅਤੇ ਹੱਤਕ ਹੈ। ਇਸ ਤਰ੍ਹਾਂ ਕਰਨ ਨਾਲ ਇਨਸਾਨ ਇਨਸਾਨੀਅਤ ਅਤੇ ਇਨਸਾਨੀ ਤੇਜ ਪ੍ਰਤਾਪ ਸਭ ਖੋ ਬੈਠਦਾ ਹੈ ਅਤੇ ਉਸ ਦੀ ਮਾਨੁੱਖੀ ਪ੍ਰਭਾ ਨਸ਼ਟ ਹੋਜਾਂਦੀ ਹੈ।

----

# ਕੇਸ

ਮਨੁੱਖ ਦੇ ਸਿਰ ਦੇ ਵਾਲਾਂ ਨੂੰ ਕੇਸ ਕਿਹਾ ਜਾਂਦਾ ਹੈ,
ਕੇਸ ਸ਼ਬਦ ਬਹੁਤ ਪੁਰਾਣਾ ਹੈ, ਜੋ ਕੇ-ਸ ਇਨ੍ਹਾਂ ਦੋ ਅੱਖਰ
ਮਿਲਾਪ ਤੋਂ ਬਣਿਆ ਹੈ, ਇਸ ਦੀ ਉਪਜ ਕਾਸ਼ ਧਾਤੂ ਤੋਂ
ਮੰਨੀ ਗਈ ਹੈ, ਜਿਸ ਦੇ ਅਰਥ ਪ੍ਰਕਾਸ਼, ਨੂਰ, ਅਥਵਾ 'ਜ
ਹਨ। ਮਨੁੱਖ ਦੇ ਕੁਦਰਤੀ ਸ਼ਿੰਗਾਰ ਜਾਂ ਸੁੰਦਰਤਾ ਵਿਚ
ਹਿੱਸਾ ਕੇਸਾਂ ਦਾ ਹੈ, ਉਨਾ ਕਿਸੇ ਹੋਰ ਅੰਗ ਦਾ ਨਹੀਂ।
ਮਨੁੱਖ ਦੀ ਜਿਸਮਾਨੀ ਅਤੇ ਰੂਹਾਨੀ ਤੌਰ ਤੇ ਭਾਰੀ ਰੱ
ਕਰਦੇ ਹਨ, ਸ਼੍ਰੀਰਕ ਹਵਾੜ, ਮੈਲ, ਪਸੀਨਾ ਆਦਿ ਸਰੀਰ ਦੇ
(ਰੋਮਾਂ) ਦੁਆਰਾ ਹੀ ਖਾਰਜ ਹੁੰਦੇ ਹਨ ਅਤੇ ਵਾਇਰਲਸ ਦੇ ਖੰ
ਵਾਂਗ ਮਨੁੱਖੀ ਆਤਮਾਂ ਕੇਸਾਂ ਰਾਹੀਂ ਹੀ ਪਰਮ ਜਯੋਤੀ
ਜਯੋਤਨਾ ਪਰਾਪਤ ਕਰਦੀ ਹੈ। ਕੇਸਾਂ ਵਿਚ ਪਰਮ ਸਤਾ ਨੂੰ ਆ
ਕਰਨ ਦੀ ਸ਼ਕਤੀ ਇਸੇ ਤਰ੍ਹਾਂ ਹੈ, ਜਿਵੇਂ ਬਨਾਸਪਤੀ ਬਿਰਛਾਂ
ਵਿਚ ਬਾਰਸ਼ ਵਰਸਾਉਣ ਦੀ। ਜਿਵੇਂ ਆਮ ਤੌਰ ਤੇ ਦੇਖਿਆ
ਹੈ ਕਿ ਧਰਤੀ ਦੇ ਹਰਿਆਵਲ (ਬਿਰਛਾਂ) ਵਾਲੇ ਇਲਾਕੇ
ਵਧੇਰੇ ਮੀਂਹ ਪੈਂਦਾ ਹੈ।

ਕੇਸਾਂ ਵਿਚ ਕੁਦਰਤ ਨੇ ਅਜਿਹੀ ਸ਼ਕਤੀ ਰਖੀ ਹੈ, ਜਿ
ਸਰੀਰ ਨੂੰ ਗਰਮੀਆਂ ਵਿਚ ਠੰਢਕ ਅਤੇ ਸਰਦੀਆਂ ਵਿਚ ਗਰਮ
ਮਿਲਦੀ ਰਹੇ। ਬਰਫ ਗਰਮੀ (ਧੁੱਪ) ਨਾਲ ਗਲ ਜਾਂਦੀ ਹੈ,
ਉਸ ਨੂੰ ਨਮਦਿਆਂ ਤੇ ਭੂਰਿਆਂ ਵਿਚ ਲਪੇਟ ਕੇ ਰਖਿਆ ਜਾਵੇ

ਬਹੁਤ ਦੇਰ ਤਕ ਸੁਰੱਖਯਤ ਰਹਿ ਸਕਦੀ ਹੈ। ਉਹੀ ਬਰਫ ਜੇ ਠੰਡ ਦੇ ਦਿਨਾਂ ਵਿਚ ਬਹੁਤ ਸਾਰੇ ਭੂਰਿਆਂ ਵਿਚ ਲਪੇਟ ਕੇ ਰਖੀ ਜਾਵੇ ਤਾਂ ਉਨ੍ਹਾਂ ਦੀ ਗਰਮਾਇਸ਼ ਨਾਲ ਪਿੱਗਲ ਜਾਂਦੀ ਹੈ। ਦੂਜੇ ਪਾਸੇ ਅਤਿ ਸਰਦੀ ਵਿਚ ਵਾਲਾਂ ਤੋਂ ਬਣੇ ਬਸਤਰ ਲੋਈ ਆਦਿ ਦੀ ਵਰਤੋਂ ਜਿਸਮ ਨੂੰ ਗਰਮ ਅਰਥਾਤ ਸਰਦੀ ਤੋਂ ਬਚਾ ਕੇ ਰਖਦੇ ਹਨ। ਜਿਸ ਤੋਂ ਜ਼ਾਹਿਰ ਹੈ ਕਿ ਕੇਸ ਸਰਦੀਆਂ ਵਿਚ ਗਰਮੀ ਅਤੇ ਗਰਮੀਆਂ ਵਿਚ ਸਰਦੀ ਪੁਚਾਂਦੇ ਹਨ, ਕਿਉਂਕਿ ਇਹ ਗ਼ੈਰ ਮੁਸਲ ਹਨ। ਪੰਥ ਦੀ ਮਹਾਨ ਉੱਚ ਆਤਮਾਂ ਅਕਾਲੀ ਕੌਰ ਸਿੰਘ ਜੀ ਗੜ੍ਹ ਜੇਠ ਦੀ ਗਰਮੀ ਵਿਚ ਵੀ ਕਸ਼ਮੀਰੀ ਲੋਈ ਦੇ ਵਸਤਰ ਪਹਿਨਦੇ ਸਨ, ਪਰ ਉਨ੍ਹਾਂ ਦੇ ਪਿੰਡੇ ਤੇ ਕਦੇ ਪਿੱਤ ਦਾ ਦਾਣਾ ਨਹੀਂ ਸੀ ਨਿਕਲਿਆ।

ਦੂਜੇ ਪਾਸੇ ਵੇਖੋ ਜੰਗਲੀ ਜਾਨਵਰ ਆਮ ਤੌਰ ਤੇ ਨੰਗੇ ਰਹਿੰਦੇ ਹਨ। ਇਸ ਲਈ ਕੁਦਰਤ ਨੇ ਉਨ੍ਹਾਂ ਨੂੰ ਮਨੁੱਖ ਨਾਲੋਂ ਵਧੇਰੇ ਵਾਲ ਦਿਤੇ ਹਨ, ਜੋ ਸਰਦੀ ਗਰਮੀ ਵਿਚ ਉਨ੍ਹਾਂ ਦੀ ਸ਼੍ਰੀਰਕ ਰੱਖਿਆ ਕਰਦੇ ਹਨ। ਭਾਵੇਂ ਸਾਰੇ ਜਾਨਵਰਾਂ ਤੇ ਇਹ ਅਸੂਲ ਲਾਗੂ ਨਾ ਹੋਵੇ, ਪਰ ਆਮ ਪਸ਼ੂਆਂ ਦੇ ਵਾਲ ਵਧੇਰੇ ਪਾਏ ਜਾਂਦੇ ਹਨ। ਜੋ ਉਨ੍ਹਾਂ ਦੇ ਨਸਲੀ ਭੇਦ ਅਤੇ ਬਣਤਰ ਦੇ ਮੁਤਾਬਕ ਹੁੰਦੇ ਹਨ –

ਜਿਨ੍ਹਾਂ ਪਸ਼ੂਆਂ ਦੇ ਚਮੜੇ ਮਜ਼ਬੂਤ ਹਨ ਉਨ੍ਹਾਂ ਦੇ ਵਾਲ ਵੀ ਘਟ ਹਨ। ਵਾਲ ਮਨੁੱਖ ਨੂੰ ਹੀ ਨਹੀਂ ਪਸ਼ੂਆਂ ਦੀ ਖ਼ੂਬਸੂਰਤੀ ਨੂੰ ਵੀ ਚਾਰ ਚੰਨ ਲਾਂਦੇ ਹਨ। ਵਾਲਾਂ ਵਾਲੀ ਅਤੇ ਮੁੰਨੀ ਹੋਈ ਭੇਡ ਬੱਕਰੀ ਦੀ ਸ਼ਕਲ ਤੋਂ ਇਸ ਗੱਲ ਦਾ ਅੰਦਾਜ਼ਾ ਭਲੀ ਪ੍ਰਕਾਰ ਲਾਇਆ ਜਾ ਸਕਦਾ ਹੈ। ਘੋੜੇ ਦੀ ਪੂਛ ਅਤੇ ਗਲੇ ਦੇ ਵਾਲ ਜੇ ਕੱਟ ਦਿਤੇ ਜਾਣ ਤਾਂ ਉਸ ਦੀ ਕੀਮਤ ਅਥਵਾ ਸੂਰਤ ਅੱਧੀ ਨਹੀਂ ਰਹਿ ਜਾਂਦੀ।

ਮਨੁੱਖੀ ਰੋਹਬ ਅਤੇ ਜਲਵਾ ਵੀ ਕੇਸਾਂ ਵਾਲੇ ਮਨੁੱਖ ਨੂੰ ਹੀ ਪ੍ਰਾਪਤ ਹੈ। ਇਕੋ ਮਨੁੱਖ ਕੇਸਾਂ ਦੇ ਸਮੇਂ ਦੀ ਅਤੇ ਕੇਸਾਂ ਦੀ ਅਨਹੋਂਦ ਦੇ ਵਕਤ ਦੀ ਫ਼ੋਟੋ ਉਤਰਵਾ ਕੇ ਜੇ ਗਹੁ ਨਾਲ ਵੇਖੇ ਤਾਂ ਉਸ ਨੂੰ

ਆਸਾਨੀ ਨਾਲ ਇਸ ਗੱਲ ਦਾ ਪਤਾ ਲਗ ਸਕਦਾ ਹੈ। ਵੇ
ਬੂਟੇ ਨੂੰ ਛਾਂਗ ਕੇ ਜਾਂ ਉਸ ਦੇ ਸਾਰੇ ਪੱਤੇ ਤੋੜ ਕੇ ਵੇਖੋ, ਉਹ
ਡਰਾਉਣਾ ਅਤੇ ਬਦਸੂਰਤ ਹੋ ਜਾਂਦਾ ਹੈ। ਜੋ ਸ਼ੋਭਾ ਉਸ ਦੀ ਪੱ
ਅਥਵਾ ਡਾਲੀਆਂ ਸਣੇ ਲਹਿਲਹਾਣ ਵਿਚ ਹੈ, ਉਹ ਉਸ
ਮੁੰਡ ਹੋਣ ਵਿਚ ਕਦੇ ਵੀ ਕਾਇਮ ਨਹੀਂ ਰਹਿੰਦੀ।

ਜਿਵੇਂ ਬਿਰਛਾਂ ਦੀ ਸ਼ੋਭਾ ਪੱਤਿਆਂ ਨਾਲ, ਬਾਗ਼ ਦ
ਵੇਲਾਂ ਬੂਟਿਆਂ ਨਾਲ ਅਤੇ ਖੇਤੀ ਦੀ ਸ਼ੋਭਾ ਸਬਜ਼ੀਆਂ ਨਾਲ ਹੁੰ
ਇਸੇ ਤਰ੍ਹਾਂ ਮਨੁੱਖ ਦੀ ਸ਼ੋਭਾ ਕੇਸਾਂ ਨਾਲ ਹੈ। ਇਨ੍ਹਾਂ ਗਾ
ਗਿਆਨ ਏਨਾ ਸੋਚਦੇ ਹੀ ਭਲੀ ਪ੍ਰਕਾਰ ਹੋ ਜਾਂਦਾ ਹੈ ਕਿ ਜੇ
ਭਰ ਦੇ ਬੂਟਿਆਂ ਨਾਲੋਂ ਪੱਤੇ ਡਿਗ ਪੈਣ ਜੋ ਫਿਰ ਨਾ ਉ
ਬਾਗਾਂ ਬਗ਼ੀਚਿਆਂ ਵਿਚ ਕੋਈ ਫੁੱਲ ਵੇਲ ਨਾ ਰਹੇ, ਪਹਾੜਾਂ ਤੇ
ਬ੍ਰਿਛ ਬੂਟਾ ਨਾ ਉੱਗੇ ਤਾਂ ਜਗਤ ਕਿਤਨਾ ਡਰਾਉਣਾ ਤੇ ਬਦ
ਹੋ ਜਾਵੇ। ਜਿਵੇਂ ਉਕਤ ਸਥਾਨ ਬਿਰਛਾਂ ਵੇਲਾਂ ਨਾਲ ਸ਼ੋਭਦੇ
ਇਸੇ ਤਰ੍ਹਾਂ ਮਨੁੱਖ ਕੇਸਾਂ ਨਾਲ। ਕੇਸਾਂ ਦੀ ਮਹਾਨਤਾ ਇਸ ਗੱ
ਲਵੋ ਕਿ ਸਾਡੇ ਮੁਸਲਮਾਨ ਭਰਾ ਅਜ ਵੀ ਕੇਸਾਂ ਵਾਲੇ ਨੂੰ ਸ
ਪੀਰ ਅਥਵਾ ਬਜ਼ੁਰਗ ਆਦਿ ਸਤਿਕਾਰ ਭਰੇ ਸ਼ਬਦਾਂ ਨਾਲ
ਹਨ। ਕਿਰਤ ਕਾਰ ਕਰਨ ਵਾਲੇ ਆਮ ਗ੍ਰਿਹਸਤੀ ਲੋਕਾਂ ਵਿ
ਕੇਸਾਂ ਵਾਲਿਆਂ ਦਾ ਵਧੇਰੇ ਸਤਿਕਾਰ ਹੁੰਦਾ ਹੈ, ਲੋਕੀ ਉ
ਜ਼ਬਾਨ ਤੇ ਵਧੇਰੇ ਇਤਬਾਰ ਕਰਦੇ ਹਨ। ਅਤੇ ਉਨ੍ਹਾਂ ਨੂੰ ਨੂਰੀ
ਖ਼ੁਦਾਈ ਬੰਦੇ ਕਹਿੰਦੇ ਹਨ। ਕੇਸਾਂ ਵਾਲੇ ਮਨੁੱਖ ਦੀਆਂ ਅੱਖਾਂ
ਪ੍ਰਭਾਵ ਚੇਹਰੇ ਤੇ ਜਲਾਲ ਅਥਵਾ ਬਜ਼ੁਰਗੀ ਬਰਸਦੀ ਦਿ
ਦਿੰਦੀ ਹੈ, ਪਰ ਕੇਸ ਹੀਨ ਹੋ ਕੇ ਉਕਤ ਗੁਣ ਅਲੋਪ ਹੋ ਜਾਂਦੇ
ਸੰਸਾਰ ਵਿਚ ਇਸਤ੍ਰੀ ਜਾਤੀ ਦੀ ਸ਼ੋਭਾ ਅਥਵਾ ਸੁੰਦਰਤਾ ਕੇਸਾਂ
ਹੀ ਹੈ ਅਤੇ ਉਸ ਦੇ ਸ਼ਿੰਗਾਰ ਦਾ ਇਕ ਬਟਾ ਦਸ ਹਿੱਸਾ ਵੀ
ਦੇ ਕਾਰਨ ਹੀ ਹੈ। ਦੁਨੀਆਂ ਭਰ ਦੀਆਂ ਪ੍ਰਸਿੱਧ ਗਾਇਕਾਂ ਅ

ਨਿਰਤਕਾਰਨਾਂ ਜੇ ਰੁੰਡ ਮੁੰਡ ਹੋ ਕੇ ਕੰਮ ਕਰਨ ਤਾਂ ਉਨ੍ਹਾਂ ਦੇ ਇਨ੍ਹਾਂ ਕੰਮਾਂ ਦਾ ਕੌਡੀ ਮੁਲ ਵੀ ਨਹੀਂ ਰਹਿ ਸਕਦਾ।

ਬਹੁਤੇ ਲੋਕ ਕੇਸਾਂ ਨੂੰ ਸਿਰ ਤੇ ਬੋਝ ਜਾਂ ਗਰਮੀ ਦਾ ਕਾਰਨ ਦਸਦੇ ਹਨ। ਉਹਨਾਂ ਨੇ ਜਾਂ ਤਾਂ ਕੇਸ ਰਖੇ ਹੀ ਨਹੀਂ ਤੇ ਜਾਂ ਇਸ ਤਰ੍ਹਾਂ ਉਹਨਾਂ ਦੀ ਆਦਤ ਪੱਕ ਗਈ ਹੈ, ਜਿਸ ਕਰ ਕੇ ਉਹਨਾਂ ਨੂੰ ਅਜਿਹਾ ਜਾਪਦਾ ਹੈ। ਨਹੀਂ ਤਾਂ ਉਹ ਏਨੀ ਗੱਲ ਤੋਂ ਹੀ ਅੰਦਾਜ਼ਾ ਲਾ ਸਕਦੇ ਹਨ, ਕਿ ਜਿਥੇ ਕੇਸਾਧਾਰੀ ਕੇਸਾਂ ਤੇ ਛੇ ਸਤ ਗਜ਼ ਪੱਗ ਬੰਨ੍ਹ ਕੇ ਵੀ ਸਾਰਾ ਦਿਨ ਗਰਮੀ ਵਿਚ ਕੰਮ ਕਰਦਾ ਹੈ, ਪਰ ਉਸ ਨੂੰ ਗਰਮੀ ਪ੍ਰਤੀਤ ਨਹੀਂ ਹੁੰਦੀ, ਉਥੇ ਕੇਸ ਹੀਨ ਚਾਰ ਤੋਲੇ ਭਰ ਟੋਪੀ ਵੀ ਦਿਨ ਵਿਚ ਸੌ ਸੌ ਵਾਰੀ ਲਾਂਹਦਾ, ਰਖਦਾ ਅਤੇ ਹਾਏ ਗਰਮੀ! ਹਾਏ ਗਰਮੀ! ਪੁਕਾਰਦਾ ਰਹਿੰਦਾ ਹੈ, ਉਸ ਦੀ ਵਜ੍ਹਾ ਇਹੀ ਹੈ ਕਿ ਕੇਸ ਨਾ ਹੋਣ ਕਰ ਕੇ ਉਸ ਨੂੰ ਗਰਮੀ ਵਧੇਰੇ ਲਗਦੀ ਹੈ, ਕਿਉਂਕਿ ਗਰਮੀ ਨੂੰ ਆਪਣੇ ਵਿਚ ਜਜ਼ਬ ਕਰਨ ਵਾਲੇ ਕੇਸ ਉਸ ਦੇ ਸਿਰ ਤੇ ਨਹੀਂ ਹੁੰਦੇ। ਨਿਹੰਗ ਸਿੰਘ ਅਜ ਕਲ ਵੀ ਵੀਹ ਵੀਹ ਸੇਰ ਦੇ ਦਮਾਲੇ ਰਖਦੇ ਹਨ ਜੇ ਬੋਝ ਜਾਂ ਗਰਮੀ ਦਾ ਸਵਾਲ ਹੋਵੇ ਤਾਂ ਉਹ ਇਕ ਦਿਨ ਵੀ ਨਾ ਕੱਟ ਸੱਕਣ। ਵਾਸਤਵ ਵਿਚ ਆਦਤਾਂ ਪੱਕ ਜਾਣ ਕਰ ਕੇ ਹੀ ਵਿਰੋਧੀਆਂ ਨੂੰ ਕੇਸਾਂ ਦੇ ਵਿਰੁੱਧ ਅਜਿਹੇ ਖ਼ਿਆਲ ਫੁਰਦੇ ਹਨ ਅਤੇ ਫ਼ੈਸ਼ਨ ਪ੍ਰਸਤੀ ਐਨੀ ਵਧ ਗਈ ਹੈ ਕਿ ਮਰਦ ਆਪਣਾ ਮਰਦਊਪੁਣਾ ਮਿੱਟੀ ਘੱਟੇ ਵਿਚ ਰੋਲ ਕੇ ਇਸਤ੍ਰੀ ਰੂਪ ਨੂੰ ਤਰਜੀਹ ਦੇ ਰਹੇ ਹਨ। ਜੇ ਈਸ਼੍ਵਰ ਨੇ ਮਰਦ ਦੀ ਸ਼ਕਲ ਸੂਰਤ ਇਸਤ੍ਰੀ ਵਰਗੀ ਬਣਾਨੀ ਹੁੰਦੀ ਤਾਂ ਮਨੁੱਖ ਨੂੰ ਕਦੇ ਦਾਹੜੀ ਨਾ ਉਗਦੀ, ਜਾਂ ਇਸਤ੍ਰੀ ਨੂੰ ਵੀ ਉੱਗ ਪੈਂਦੀ, ਪਰ ਇਹ ਕਲਜੁਗ ਦਾ ਮਨੁੱਖ ਹੀ ਹੈ ਜੋ ਇਸ ਭੇਦ ਨੂੰ ਨਹੀਂ ਸਮਝਦਾ ਅਤੇ ਕੁਦਰਤ ਨਾਲ ਮੁਕਾਬਲਾ ਕਰ ਰਿਹਾ ਹੈ।

ਭਾਵੇਂ ਅਜ ਅਜਿਹੇ ਲੋਕਾਂ ਦੀ ਬਹੁਗਿਣਤੀ ਹੋਣ ਕਰ ਕੇ ਅਤੇ ਇਸ ਰਸਮ ਨੂੰ ਚਲਿਆਂ ਵਧੇਰੇ ਸਮਾਂ ਹੋ ਜਾਣ ਕਾਰਨ ਇਹ ਲੋਕਾਂ ਨੂੰ ਏਨੀ ਬੁਰੀ ਨਹੀਂ ਲਗਦੀ, ਪਰ ਜਦ ਇਹ ਚਲੀ ਸੀ ਤਾਂ
ਲੋਕਾਂ ਨੂੰ ਕੋਈ ਮੱਥੇ ਲਾਣ ਲਈ ਤਿਆਰ ਨਹੀਂ ਸੀ ਹੁੰਦਾ,
ਦਾ ਮੂੰਹ ਸਿਰ ਮੁੰਨ ਕੇ ਨਸ਼ਰ ਕੀਤਾ ਜਾਂਦਾ ਸੀ ਅਤੇ ਉਹ
ਕੇਸਾਂ ਵਾਲੀ ਦੁਨੀਆਂ ਵਿਚ ਬਹੁਤ ਭੱਦੇ ਜਾਪਦੇ ਸਨ।

ਕੱਟਣ ਦੇ ਨਾਲ ਨਾਲ ਕੇਸ, ਕਿਉਂਕਿ ਉੱਗਦੇ ਰਹਿੰ
ਇਸ ਲਈ ਉਹਨਾਂ ਦੇ ਮੁੰਢ ਰਤੀ ਮਾਸਾ ਸ਼ਕਲ ਸੂਰਤ ਦਾ
ਬਣਾਈ ਰਖਦੇ ਹਨ, ਨਹੀਂ ਤਾਂ ਜੇ ਉੱਗਣੇ ਹੀ ਬੰਦ ਹੋ ਜਾ
ਮਨੁੱਖ ਦੀ ਸ਼ਕਲ ਸੂਰਤ ਦਾ ਕੀ ਹਾਲ ਹੋ ਜਾਵੇ, ਅਤੇ ਉਸ ਦ
ਇਸ ਹਾਲਤ ਵਿਚ ਕੀ ਆਖੇ, ਇਹ ਗੱਲ ਕਿਸੇ ਖੋਦੇ ਸੱਜਣ ਨੂੰ
ਕੇ ਤਸੱਲੀ ਕੀਤੀ ਜਾ ਸਕਦੀ ਹੈ।

ਐਨਾ ਹੀ ਖ਼ਿਆਲ ਕਰੋ, ਜੇ ਮਨੁੱਖ ਦੇ ਭਰਵੱਟਿਆਂ ਦੇ
ਨਾ ਹੋਣ ਤਾਂ ਇਸ ਦੀ ਸ਼ਕਲ ਕਿਹੋ ਜਿਹੀ ਲੱਗੇ, ਜਾਂ ਇਸ ਦੇ
ਜਿਸਮ ਤੇ ਇਕ ਵੀ ਰੋਮ ਨਾ ਹੋਵੇ ਤਾਂ ਇਹ ਕਿਹੋ ਜਿਹਾ ਜਾਪੇ।
ਤਰ੍ਹਾਂ ਜੇ ਇਸਤ੍ਰੀਆਂ ਦੀ ਵੀ ਇਹੀ ਹਾਲਤ ਵਾਹਿਗੁਰੂ ਕਰ ਦੇ
ਦੁਨੀਆਂ ਸਚਮੁਚ ਇਕ ਭੂਤਖਾਨਾ ਜਾਪਣ ਲਗ ਪਵੇ। ਹੇ ਵਾਹਿ
ਤੇਰਾ ਲੱਖ ਲੱਖ ਸ਼ੁਕਰ ਹੈ ਜੋ ਤੂੰ ਮਨੁੱਖ ਨੂੰ ਕੇਸਾਂ ਜਿਹੀ ਅਮੁੱਲੀ
ਬਖਸ਼ੀ ਹੈ ਅਤੇ ਜਿਸਮ ਤੇ ਥਾਂ ਥਾਂ ਲੋੜ ਅਨੁਸਾਰ ਪੈਦਾ ਕੀ
ਜਿਸ ਤੋਂ ਸਰੀਰ ਦੀ ਰੱਖਿਆ ਅਤੇ ਸ਼ੋਭਾ ਨੂੰ ਚਾਰ ਚੰਨ
ਰਹੇ ਹਨ।

ਆਮ ਮਨੁੱਖਾਂ ਨੇ ਕਦੇ ਇਸ ਗੱਲ ਨੂੰ ਸ਼ਾਇਦ ਘੱਟ ਹੀ ਸੋ
ਹੋਵੇਗਾ ਕਿ ਸਰੀਰ ਦੇ ਸਭ ਤੋਂ ਜ਼ਿਆਦਾ ਤੇ ਲੰਬੇ ਕੇਸ ਸਿ
ਕਿਉਂ ਹਨ? ਇਸ ਦਾ ਕਾਰਣ ਇਹ ਹੈ. ਕਿ ਸਰੀਰ ਜਿਸ
ਇਕ ਤਰ੍ਹਾਂ ਰਾਜਧਾਨੀ ਹੈ, ਅਰਥਾਤ ਦਿਮਾਗ਼ ਸਾਰੀਆਂ ਜਿਸ
ਸ਼ਕਤੀਆਂ ਦਾ (Power house) ਪਾਵਰ ਹਾਊਸ ਹੈ, ਅ
ਤਰ੍ਹਾਂ ਦੀ ਸੋਚ ਸ਼ਕਤੀ ਦਿਮਾਗ਼ ਵਿਚ ਹੀ ਫੁਰਦੀ ਹੈ, ਇਸ

ਦਿਮਾਗ਼ ਦੀ ਰੱਖਿਆ ਲਈ ਕੁਦਰਤ ਨੇ ਸਿਰ ਤੇ ਹੀ ਵਧੇਰੇ ਕੇਸ ਪੈਦਾ ਕੀਤੇ ਹਨ।

ਮਿੱਟੀ ਘੱਟੇ ਤੋਂ ਅੱਖਾਂ ਦੀ ਰੱਖਿਆ ਲਈ ਭਰਵੱਟਿਆਂ ਅਤੇ ਪਲਕਾਂ ਤੇ ਜਿੰਨੇ ਲੰਬੇ ਵਾਲ ਜ਼ਰੂਰੀ ਸਨ, ਉਨੇ ਹੀ ਉੱਗਦੇ ਹਨ। ਇਸੇ ਤਰ੍ਹਾਂ ਬਗਲਾਂ ਵਿਚ ਪਸੀਨਾ ਆਦਿ ਖਾਰਜ ਹੋਣ ਸਮੇਂ ਰਗੜ ਤੋਂ ਬਚਾਅ ਲਈ ਇਨ੍ਹਾਂ ਦੀ ਲੰਬਾਈ ਮੁਨਾਸਬ ਰਖੀ ਗਈ ਹੈ ਅਤੇ ਪਿਸ਼ਾਬ ਦੇ ਇੰਦਰੇ ਤੇ ਬੀਰਜ ਆਦਿ ਨਾਲ ਪੈਦਾ ਹੋਣ ਵਾਲੇ ਰੋਗਾਂ ਤੋਂ ਬਚਾਅ ਲਈ ਰੋਮਾਂ ਦਾ ਹੋਣਾ ਜ਼ਰੂਰੀ ਸਮਝਿਆ ਗਿਆ ਹੈ। ਜੇ ਇਸ ਸਾਰੀ ਬਣਤਰ ਦੇ ਪਿਛੇ ਕੁਦਰਤ ਦਾ ਹੱਥ ਨਾ ਹੋਵੇ ਤਾਂ ਇਹ ਵਾਲ ਪਿੰਡੇ ਤੇ ਬਦਲ ਬਦਲ ਕੇ ਲੰਬਾਈ ਛੁਟਾਈ ਵਿਚ ਉੱਗ ਸਕਦੇ ਹਨ। ਦਾਹੜੀ ਠੋਡੀ ਦੀ ਜਗ੍ਹਾ ਮੱਥੇ ਤੇ ਪੈਦਾ ਹੋ ਸਕਦੀ ਹੈ ਅਤੇ ਸਿਰ ਦੇ ਕੇਸ ਗੱਲ੍ਹਾਂ ਤੇ। ਕੇਸਾਂ ਦੇ ਪਿਛੇ ਕੁਦਰਤ ਦਾ ਹੱਥ ਨਾ ਮੰਨਣ ਵਾਲੇ ਮਨੁੱਖਾਂ ਨੂੰ ਸੋਚਣਾ ਚਾਹੀਦਾ ਹੈ ਕਿ ਜੇ ਇਹ ਹਾਲਤ ਹੋ ਜਾਵੇ ਤਾਂ ਬੰਦਾ ਕਿਹੋ ਜਿਹਾ ਜਾਪੇ। ਭਾਵੇਂ ਇਸ ਦਾ ਉੱਤਰ ਇਹ ਦਿਤਾ ਜਾ ਸਕਦਾ ਹੈ ਕਿ ਕੈਂਚੀਆਂ ਉਸਤਰੇ ਕਿਸ ਲਈ ਹਨ, ਪਰ ਅਸੀਂ ਉਹਨਾਂ ਵੀਰਾਂ ਨੂੰ ਇਹ ਸੋਚਣ ਲਈ ਮਜਬੂਰ ਕਰਾਂਗੇ ਕਿ ਮੁੰਨੀਆਂ ਹੋਈਆਂ ਗੱਲ੍ਹਾਂ ਤੇ ਮੱਥਾ ਕਿਹੋ ਜਿਹਾ ਲੱਗੇ, ਇਸ ਗੱਲ ਦਾ ਵੀ ਅੰਦਾਜ਼ਾ ਲਾ ਲੈਣਾ ਚਾਹੀਦਾ ਹੈ। ਦੂਜੇ ਪਾਸੇ ਇਸਤ੍ਰੀਆਂ ਦੇ ਦਾਹੜੇ ਅਤੇ ਮੁੱਛਾਂ ਵੀ ਉੱਗਣ ਲੱਗ ਪੈਣ ਅਤੇ ਮਰਦਾਂ ਵਾਂਗ ਇਸਤ੍ਰੀ ਦੇ ਪਿੰਡੇ ਤੇ ਵਾਲ ਹੀ ਵਾਲ ਪੈਦਾ ਹੋ ਜਾਣ ਤਾਂ ਕੇਸਾਂ ਦੇ ਕਾਨੂੰਨ ਵਿਚ ਮੁਦਾਖ਼ਲਤ ਕਰਨ ਵਾਲੇ ਆਪ ਹੀ ਸੋਚਣ ਕਿ ਇਸਤ੍ਰੀ ਕਿਹੋ ਜਿਹੀ ਲੱਗੇ ਅਤੇ ਉਹ ਉਸ ਨਾਲ ਕੀ ਸਲੂਕ ਕਰਨ।

ਸੋ ਇਨ੍ਹਾਂ ਸਾਰੀਆਂ ਗੱਲਾਂ ਨੂੰ ਵਿਚਾਰਨ ਪਿਛੋਂ ਇਹੀ ਸਿੱਟਾ ਨਿਕਲਦਾ ਹੈ ਕਿ ਕੇਸ ਸਰੀਰ ਦਾ ਇਕ ਜ਼ਰੂਰੀ ਅੰਗ ਅਤੇ ਕੁਦਰਤ ਦੀ ਬਨਾਵਟ ਹਨ। ਜਿਨ੍ਹਾਂ ਦਾ ਖੰਡਨ ਕਰਨਾ ਕੁਦਰਤ ਦੇ ਅਸੂਲ



ਨੂੰ ਭੰਗ ਕਰਨਾ ਹੈ। ਡਾਕਟਰ ਲੋਕ ਇਹ ਭਲੀ ਪ੍ਰਕਾਰ ਜਾਣਦੇ ਕਿ ਮਨੁੱਖ ਜੋ ਖ਼ੁਰਾਕ ਖਾਂਦਾ ਹੈ ਉਸ ਦੇ ਅੱਠ ਹਿਸੇ ਬਣਦੇ ਜਿਨ੍ਹਾਂ ਨੂੰ ਧਾਤਾਂ ਕਿਹਾ ਜਾਂਦਾ ਹੈ, ਇਨ੍ਹਾਂ ਦੇ ਨਾਮ ਇਹ ਹਨ:-

੧. ਹੱਡੀ, ੨. ਮਾਸ, ੩. ਰੋਮ, ੪. ਖ਼ੂਨ, ੫. ਤ੍ਰਚਾ (ਖ ੬. ਵੀਰਜ, ੭. ਮਿੱਜ ਅਤੇ ੮ ਨਾੜੀ। ਇਨ੍ਹਾਂ ਧਾਤਾਂ ਦੀ ਕੁਦਰਤ ਦੇ ਹੁਕਮ ਅੰਦਰ ਹੁੰਦੀ ਹੈ ਅਤੇ ਇਨ੍ਹਾਂ ਸਾਰੀਆਂ ਵਿਚ ਹੀ ਪੁਖ਼ਤਾ ਧਾਤ ਹੈ। ਸਰੀਰ ਜੇ ਬਿਨਸ ਜਾਵੇ ਅਤੇ ਇਸ ਨੂੰ ਵਿਚ ਦਬਾਅ ਦਿਤਾ ਜਾਵੇ ਤਾਂ ਬਾਕੀ ਸਭ ਧਾਤਾਂ ਗੱਲ ਸੜ ਜਾਂ ਹਨ, ਪਰ ਰੋਮ ਬਹੁਤ ਦੇਰ ਤਕ ਕਾਇਮ ਰਹਿੰਦੇ ਹਨ। ਸਰੀ ਬਣਤਰ ਸਮੇਂ ਸਤਵੇਂ ਮਹੀਨੇ ਰੋਮ ਉਗਣੇ ਸ਼ੁਰੂ ਹੁੰਦੇ ਹਨ ਤੇ ਮਹੀਨੇ ਲਹਿਲਹਾਨ ਲਗਦੇ ਹਨ।

'ਸਪਤਮ ਮਾਸ ਰੁਮਾਵਲ **ਕੇਸ**। ਅਸਟਮ ਭਿੰਨ
ਅਵੈਵ ਸੁ ਵੇਸ। ਬਧੇ ਗਰਭ ਤਨ ਭੀਤਰ ਸੋਈ।
ਨਾਵਮੇ ਮਾਸ ਚੇਤੰਨ ਸੁ ਹੋਈ।

ਅ.ਰਾ. ਕਿ: ਕਾ: ਧਿ. ੬ ਪੰਨਾ ੨੭੯।

ਜਿਉਂਦਿਆਂ ਵੀ ਜਿਸਮਾਨੀ ਤਾਕਤ ਦੇ ਮੁਤਾਬਕ ਇਹ ਘਟਦੇ ਜਾਂ ਸਫ਼ੈਦ ਹੁੰਦੇ ਰਹਿੰਦੇ ਹਨ, ਜਿਸ ਤੋਂ ਇਹ ਸਾਫ਼ ਜ਼ ਹੁੰਦਾ ਹੈ ਕਿ ਇਹ ਸਾਡੇ ਜਿਸਮ ਦਾ ਹੀ ਇਕ ਪੁਖ਼ਤਾ ਅੰਗ ਕੁਦਰਤ ਦੇ ਨਿਯਮਾਂ ਵਿਚ ਸ਼ਾਮਲ ਹਨ ਅਤੇ ਇਨ੍ਹਾਂ ਨੂੰ ਕੱਟਣਾ ਤਰ੍ਹਾਂ ਵੀ ਯੋਗ ਨਹੀਂ।

ਡਾਕਟਰਾਂ ਦੀ ਰਾਇ ਅਨੁਸਾਰ ਕੇਸ ਕੱਟੇ ਲੋਕ ਸਰ ਪਾਗਲਪਨ ਸਨਸਟੋਕ ਆਦਿ ਬੀਮਾਰੀਆਂ ਦਾ ਔਸਤਨ ਸ਼ਿਕਾਰ ਹੁੰਦੇ ਹਨ। ਜਿਨ੍ਹਾਂ ਤੋਂ ਬਚਾਉ ਲਈ ਕੇਸ ਇਕ ਅ ਹਨ।

# ਸਭ ਤੋਂ ਪਹਿਲੇ ਕੇਸ ਕਿਸ ਨੇ ਰਖਾਏ

ਆਮ ਤੌਰ ਤੇ ਇਹ ਕਿਹਾ ਜਾਂਦਾ ਹੈ ਕਿ ਕੇਸ ਗੁਰੂ ਗੋਬਿੰਦ ਸਿੰਘ ਜੀ ਦੇ ਸਿੱਖਾਂ ਲਈ ਭਾਵੇਂ ਜ਼ਰੂਰੀ ਹੋਣ, ਆਮ ਲੋਕਾਂ ਲਈ ਇਹ ਰਖਣੇ ਜ਼ਰੂਰੀ ਨਹੀਂ। ਇਹ ਕਿੰਨੀ ਬੇਬੁਨਿਆਦ ਅਤੇ ਗ਼ਲਤ ਦਲੀਲ ਹੈ, ਕੀ ਗੁਰੂ ਗੋਬਿੰਦ ਸਿੰਘ ਜੀ ਤੋਂ ਪਹਿਲੇ ਮਨੁੱਖਾਂ ਦੇ ਸਿਰ ਤੇ ਕੇਸ ਨਹੀਂ ਸਨ ਹੁੰਦੇ? ਕੀ ਗੁਰੂ ਸਾਹਿਬ ਤੋਂ ਪਹਿਲਾਂ ਦੇ ਰਿਸ਼ੀ ਮੁਨੀ, ਅਵਤਾਰ ਅਤੇ ਪੈਗ਼ੰਬਰ ਕੇਸਾਂ ਤੋਂ ਹੀਨ ਸਨ? ਕੀ ਜਦ ਬੱਚਾ ਜੰਮਦਾ ਹੈ ਤਾਂ ਉਸ ਦੇ ਸਿਰ ਤੇ ਕੇਸ ਨਹੀਂ ਹੁੰਦੇ? ਜੇ ਹੁੰਦੇ ਹਨ ਤਾਂ ਕੇਸ ਗੁਰੂ ਗੋਬਿੰਦ ਸਿੰਘ ਜੀ ਦੀ ਕਾਢ ਦੱਸਣ ਵਾਲੇ ਸਜਣਾਂ ਪਾਸ ਕੀ ਸਬੂਤ ਹੈ ਕਿ ਕੇਸ ਗੁਰੂ ਗੋਬਿੰਦ ਸਿੰਘ ਜੀ ਦੀ ਕਾਢ ਹਨ? ਠੀਕ ਗਲ ਤਾਂ ਇਹ ਹੈ ਕਿ ਨਿਰੰਕਾਰ ਨੇ ਆਪਣੀ ਸੂਰਤ ਤੇ ਮਨੁੱਖ ਨੂੰ ਕੇਸਾਂ ਵਾਲਾ ਸਾਜਿਆ ਸੀ, ਪਰ ਕਲਜੁਗ ਦੇ ਲੋਕਾਂ ਨੇ ਬਾਕੀ ਪਾਪਾਂ ਬੁਰਾਈਆਂ ਵਿਚ ਕੇਸਾਂ ਨੂੰ ਕੱਟਣਾ ਵੀ ਸ਼ਾਮਲ ਕਰ ਲਿਆ, ਜਿਸ ਲਈ ਵਾਹਿਗੁਰੂ ਅਕਾਲ ਪੁਰਖ ਨੇ ਹੋਰ ਬੁਰਾਈਆਂ ਨੂੰ ਦੂਰ ਕਰਾਉਣ ਦੇ ਨਾਲ ਕੇਸ ਕੱਟਣ ਦੀ ਲਹਿਰ ਨੂੰ ਵੀ ਰੋਕਣ ਲਈ ਗੁਰੂ ਕਲਗੀਧਰ ਜੀ ਨੂੰ ਸੰਸਾਰ ਤੇ ਭੇਜਿਆ। ਬਚਿਤ੍ਰ ਨਾਟਕ ਵਿਚ ਹਜ਼ੂਰ ਫੁਰਮਾਂਦੇ ਹਨ, ਮੈਨੂੰ ਨਿਰੰਕਾਰ ਨੇ ਹੁਕਮ ਕੀਤਾ:–

ਮੈ ਅਪਨਾ ਸੁਤ ਤੋਹਿ ਨਿਵਾਜਾ।
ਪੰਥ ਪ੍ਰਚੁਰ ਕਰਬੇ ਕਉ ਸਾਜਾ।

ਇਸ 'ਪ੍ਰਚੁਰ' ਸ਼ਬਦ ਦੇ ਅਰਥ ਕਿਸੇ ਜਗ੍ਹਾ ਵੀ
ਕਰਨਾ ਨਹੀਂ, ਸਗੋਂ ਪਰਚਲਤ ਕਰਨਾ ਅਥਵਾ ਪ੍ਰਚਾਰਣਾ
ਗੁਰੂ ਸਾਹਿਬ ਨੇ ਕੇਸ ਪੈਦਾ ਨਹੀਂ ਕੀਤੇ, ਬਲਕਿ ਇਨ੍ਹਾਂ ਨੂੰ ਕ
ਰੱਖਣ ਦਾ ਪ੍ਰਚਾਰ ਕੀਤਾ ਹੈ, ਉਨ੍ਹਾਂ ਕੇਸ ਰਖਾਏ ਨਹੀਂ,
ਕਟਾਣੇ ਬੰਦ ਕਰਾਏ ਹਨ। ਕੇਸ ਤਾਂ ਆਦ ਕਾਲ ਤੋਂ ਮਨੁੱਖ ਦੇ
ਹੀ ਪੈਦਾ ਹੁੰਦੇ ਆਏ ਹਨ ਅਤੇ ਇਨ੍ਹਾਂ ਨੂੰ ਵਾਹਿਗੁਰੂ ਦੀ
ਹੀ ਪੈਦਾ ਕਰਦੀ ਹੈ ਕਈ ਭੁੱਲੜ ਵੀਰ ਇਥੋਂ ਤੱਕ ਵੀ ਕਹਿ
ਹਨ ਕਿ ਗੁਰੂ ਗੋਬਿੰਦ ਸਿੰਘ ਜੀ ਤੋਂ ਪਹਿਲੇ ਨੌਂ ਗੁਰੂ ਸਾਹਿਬ
ਕੇਸ ਨਹੀਂ ਸਨ, ਇਹ ਉਹਨਾਂ ਦੀ ਭਾਰੀ ਭੁੱਲ ਹੈ? ਜੇ ਇਹ
ਹੋਂਦੀ ਤਾਂ ਗੁਰੂ ਨਾਨਕ ਸਾਹਿਬ ਮਾਰੂ ਰਾਗ ਵਿਚ ਇਕ ਕਾ
'ਸਾਬਤ ਸੂਰਤ ਦਸਤਾਰ ਸਿਰਾ' ਦਾ ਉਪਦੇਸ਼ ਕਿਵੇਂ ਕਰ
ਸਨ ਅਤੇ 'ਕੇਸਾ ਕਾ ਕਰ ਚਵਰ ਢੁਲਾਵਉ' ਦਾ ਕੀ ਭਾ
ਸਕਦਾ ਸੀ, ਕੀ ਸ੍ਰੋਤਾ ਜਨ ਅਗੋਂ ਇਹ ਸਵਾਲ ਨਹੀਂ ਸਨ
ਸਕਦੇ ਕਿ ਜੇ ਆਪ ਦੇ ਕੇਸ ਨਹੀਂ ਤਾਂ ਕੇਸਾਂ ਦੇ ਹੱਕ ਵਿਚ
ਪ੍ਰਚਾਰ ਕਿਵੇਂ ਕਰ ਸਕਦੇ ਹੋ?

ਗੁਰੂ ਸਾਹਿਬਾਂ ਦਾ ਸਵਾਲ ਤਾਂ ਇਕ ਪਾਸੇ ਰਿਹਾ ਗੁਰ
ਅਥਵਾ ਇਤਿਹਾਸ ਤੋਂ ਤਾਂ ਇਥੋਂ ਤੱਕ ਸਿੱਧ ਹੋਂਦਾ ਹੈ ਕਿ
ਨਾਨਕ ਸਾਹਿਬ ਤੇ ਸ਼ਰਧਾ ਰੱਖਣ ਵਾਲੇ ਮੁਸਲਮਾਨ ਵੀ
ਰਖਦੇ ਸਨ। ਇਸ ਬਾਰੇ ਬਹੁਤ ਸਾਰੇ ਸਬੂਤ ਅੱਗੇ ਚੱ
ਪਾਠਕਾਂ ਦੇ ਸਾਹਮਣੇ ਰੱਖੇ ਜਾਣਗੇ, ਇਥੇ ਕੇਵਲ ਇਕੋ ਇਤਿਹ
ਸਬੂਤ ਪੇਸ਼ ਕੀਤਾ ਜਾਂਦਾ ਹੈ।

ਇਤਿਹਾਸ ਵਿਚ ਲਿਖਿਆ ਹੈ ਕਿ ਗੁਰੂ ਕਲਗੀਧਰ
ਚਮਕੌਰ ਤੋਂ ਚਲ ਕੇ ਮਾਛੀਵਾੜੇ ਦਾ ਸਫਰ ਤੈਹ ਕਰਦੇ ਹੋਏ
ਗੁਲਾਬੇ ਮਸੰਦ ਦੇ ਘਰ ਪੁੱਜੇ ਤਾਂ ਉਥੇ ਆਪ ਦੇ ਪੁਰਾਣੇ
ਗ਼ਨੀ ਖ਼ਾਂ ਨਬੀ ਖ਼ਾਂ ਕਾਬਲ ਵਾਸੀ ਦੋ ਪਠਾਣ ਆਪ ਨੂੰ ਆ

ਜਿਨ੍ਹਾਂ ਨੇ ਬਹੁਤ ਹੀ ਹਮਦਰਦੀ ਭਰੀ ਸ਼ਰਧਾ ਅਤੇ ਭਾਵਨਾ ਸਹਿਤ ਬੇਨਤੀ ਕੀਤੀ ਕਿ ਹਜ਼ੂਰ! ਹੁਕਮ ਕਰੋ ਅਸੀਂ ਇਸ ਵੇਲੇ ਕੀ ਸੇਵਾ ਕਰ ਸਕਦੇ ਹਾਂ? ਉਸ ਸਮੇਂ ਇਕ ਮਾਤਾ ਗੁਰਦੇਈ ਨੇ ਖੱਦਰ ਦਾ ਥਾਨ ਲਿਆ ਭੇਟ ਕੀਤਾ, ਜਿਸ ਨੂੰ ਵੇਖ ਗ਼ਨੀ ਖ਼ਾਂ ਨਬੀ ਖ਼ਾਂ ਨੇ ਬੇਨਤੀ ਕੀਤੀ, ਸੱਚੇ ਪਾਤਸ਼ਾਹ! ਆਪ ਇਸ ਦੇ ਬਸਤ੍ਰ ਸੁਆ ਲਵੋ ਅਤੇ ਨੀਲੇ ਰੰਗ ਵਿਚ ਰੰਗ ਕੇ ਪਹਿਨ ਲਵੋ, ਅਸੀਂ ਆਪ ਨੂੰ ਪਾਲਕੀ ਵਿਚ ਲੈ ਚਲਣ ਦੀ ਸੇਵਾ ਕਰਦੇ ਹਾਂ, ਜਦੋਂ ਕੋਈ ਪੁਛੇਗਾ ਅਸੀਂ ਕਹਾਂਗੇ ਸਾਡੇ ਉੱਚ ਦੇ ਪੀਰ ਹਨ। ਪਾਠਕ ਜਨ ਇਹ ਸੋਚਣ ਕਿ ਉੱਚ ਦੇ ਪੀਰ ਕਹਿਣ ਦੀ ਕੀ ਲੋੜ ਸੀ? ਆਮ ਪੀਰ ਵੀ ਤਾਂ ਕਿਹਾ ਜਾ ਸਕਦਾ ਸੀ।

ਇਸ ਦਾ ਉਤਰ ਇਹ ਹੈ ਕਿ ਜਦ ਗੁਰੂ ਨਾਨਕ ਸਾਹਿਬ ਮੱਕੇ ਗਏ ਸਨ ਤਾਂ ਮੱਕੇ ਦੀ ਗੋਸ਼ਟ ਸਮੇਂ ਬਹੁਤ ਸਾਰੇ ਪੀਰ ਫਕੀਰ ਗੁਰੂ ਸਾਹਿਬ ਦੇ ਸਿੱਖ ਬਣੇ ਸਨ ਅਤੇ ਉਹਨਾਂ ਨੇ ਕੇਸ ਨਾ ਕਟਾਉਣ ਦਾ ਪ੍ਰਣ ਕੀਤਾ ਸੀ, ਜੋ ਮੱਕੇ ਦੀ ਗੋਸਟ (ਪੁਰਾਤਨ ਜਨਮ ਸਾਖੀ) ਵਿਚ ਇਉਂ ਅੰਕਿਤ ਹੈ:-

ਆਖੇ ਪੀਰ ਬਹਾਊ ਦੀਨ ਸੁਣਹੋ ਨਾਨਕ ਸ਼ਾਹਿ।
ਹਿੰਦੂ ਮੁਸਲਮਾਨ ਦੋਇ ਦਿਤੇ ਨੀ ਮੂੰਹੁ ਉਠਾਇ।

ਅਰਥਾਤ-ਹੇ ਨਾਨਕ ਸ਼ਾਹ ਗੁਰੂ! ਤੁਸਾਂ ਹਿੰਦੂ ਮੁਸਲਮਾਨ ਦੋਹਾਂ ਦੀ ਸ਼ਰ੍ਹਾ (ਰਹੁਰੀਤੀ) ਨੂੰ ਰੱਦ ਕਰ ਦਿਤਾ ਹੈ ਇਸ ਦਾ ਕੀ ਕਾਰਨ ਹੈ, ਕੀ ਦੋਨੋਂ ਮਜ਼੍ਹਬ ਝੂਠੇ ਹਨ? ਇਸ ਦੇ ਉਤਰ ਵਿਚ ਗੁਰੂ ਸਾਹਿਬ ਨੇ ਫ਼ੁਰਮਾਇਆ:-

ਆਖੇ ਨਾਨਕ ਸ਼ਾਹ ਸੱਚ.ਸੁਣਹੋ ਬਹਾਊਦੀਨ ਪੀਰ।
ਹਿੰਦੂ ਮੁਸਲਮਾਨ ਦੋਇ ਸਿਰ ਗੁੰਮ ਥੀਏ ਜ਼ਹੀਰ।

ਭਾਵ-ਐ ਬਹਾਉਦੀਨ ਪੀਰ! ਹਿੰਦੂ ਮੁਸਲਮਾਨ ਦੋਵੇਂ ਰੱਬ ਦੇ ਹੁਕਮ ਦੀ ਉਲੰਘਣਾ ਕਰ ਰਹੇ ਹਨ, ਅਥਵਾ ਸਿਰ ਮੁੰਨਾ ਕੇ ਨਸ਼ਰ ਹੋ ਰਹੇ ਹਨ, ਇਸ ਲਈ ਮੈਂ ਇਨ੍ਹਾਂ ਦੁਹਾਂ ਦਾ
ਕਰਦਾ ਹਾਂ, ਅਰਥਾਤ ਇਨ੍ਹਾਂ ਦੀ ਕੇਸ ਕਟਾਣ ਦੀ ਰੀ
ਵਿਰੋਧਤਾ ਕਰਦਾ ਹਾਂ। ਇਹ ਸੁਣ ਕੇ ਪੀਰ ਨੇ ਕਿਹਾ:-

ਬੰਦਾ ਬਾਦ ਸ਼ਰੀਅਤੀ ਕਦੇ ਪਾਕ ਨਾ ਹੋਇ।
ਬਾਝੋਂ ਸੁੰਨਤ ਆਦਮੀ ਦਰਗਹਿ ਲਏ ਨਾ ਢੋਇ।

---

ਭਾਵ-ਮਨੁਖ ਦੀ ਪਾਕੀਜ਼ਗੀ ਦੇ ਕਾਇਮ ਰਹਿਣ
ਜ਼ਰੂਰੀ ਹੈ ਕਿ ਇਹ ਸ਼ਰ੍ਹਾ ਦੇ ਅਸੂਲ ਨੂੰ ਮੰਨੇ, ਨਹੀਂ ਤਾਂ ਦਰ
ਵਿਚ ਇਸਨੂੰ ਢੋਈ ਨਹੀਂ ਮਿਲ ਸਕਦੀ। ਇਸ ਦੇ ਉਤਰ ਵਿਚ
ਨੇ ਕਿਹਾ:-

ਸੱਚੀਸੁੰਨਤ ਰੱਬਦੀ**ਮੂਏ**(ਫਾਰਸੀ-ਮੂਏ = ਵਾਲ)ਲਿਆਇਆ
ਨਾਲ। ਜੋ ਰੱਖੇ ਮੂਏ ਸਲਾਮਤੀ ਸੋ ਖ਼ਾਸਾ ਬੰਦਾ ਭਾਲ
ਅੱਵਲ ਸੁੰਨਤ ਮੂਏ ਹੈ, ਸਿਰ ਤੇ ਰੱਖੇ ਜੋਇ
ਪਾਵੇ ਮੁਰਾਤਬਾ ਸੱਯਦੀ, ਵਡਾ ਰਿਖੀਸ਼ਰ ਹੋਇ
ਰੱਖੇ ਮੂਏ ਹਲਾਲ ਖਾਇ, ਨਿਕਟ ਹਰਾਮ ਨਾ ਜਾਇ
ਸਭ ਸੰਸਾਰ ਕੀ ਕਿਆ ਚਲੇ, ਤਿਸ ਤੇ ਡਰੇ ਖੁਦਾਇ

-----

ਭਾਵ-ਐ ਪੀਰ ਬਹਾਉਦੀਨ ਸੱਚੀ ਸ਼ਰ੍ਹਾ ਇਹ ਹੈ ਕਿ
ਖ਼ੁਦਾ ਦੀ ਦਿੱਤੀ ਦਾਤ ਕੇਸਾਂ ਨੂੰ ਸਲਾਮਤ ਰੱਖੇ, ਉਹੀ
ਮਨੁੱਖ ਅਤੇ ਪੂਜਨੀਕ ਰਿਖੀਸ਼੍ਵਰ ਹੋ ਸਕਦਾ ਹੈ, ਉਸ ਵਿਚ ਕੇ
ਕਟਾਉਣ ਕਾਰਣ ਐਨੀ ਸ਼ਕਤੀ ਆ ਜਾਂਦੀ ਹੈ ਕਿ ਆਮ
ਦੀ ਤਾਂ ਉਸ ਅੱਗੇ ਕੀ ਪੇਸ਼ ਜਾਣੀ ਹੈ, ਖ਼ੁਦਾ ਵੀ ਉਸ ਦੇ
ਨਹੀਂ ਮੋੜਦਾ।

ਇਸ ਗੋਸ਼ਟ ਦਾ ਨਤੀਜਾ ਇਹ ਹੋਇਆ ਕਿ ਉਨ੍ਹਾਂ

ਨੇ ਸਿੱਖੀ ਧਾਰਨ ਕੀਤੀ। ਇਹ ਸਾਰੇ ਪੀਰ ਪੰਜਾਬ 'ਚੋਂ ਗਏ ਹੋਏ ਸਨ, ਇਹੀ ਵਜ੍ਹਾ ਹੈ ਕਿ ਮੱਕੇ ਦੀ ਗੋਸ਼ਟ ਪੰਜਾਬੀ ਬੋਲੀ ਵਿਚ ਹੈ, (ਮੱਕੇ ਦੀ ਬੋਲੀ ਤਾਂ ਅਰਬੀ ਸੀ)। ਜਦ ਗੁਰੂ ਸਾਹਿਬ ਉਥੋਂ ਚੱਲਣ ਲੱਗੇ ਤਾਂ ਉਨ੍ਹਾਂ ਪੀਰਾਂ ਨੇ ਹਜ਼ੂਰ ਤੋਂ ਕੋਈ ਨਿਸ਼ਾਨੀ ਮੰਗੀ, ਜੋ ਉਨ੍ਹਾਂ ਨੇ 'ਧਰੀ ਨਿਸ਼ਾਨੀ ਕੌਸ ਦੀ', ਭਾਈ ਗੁਰਦਾਸ ਜੀ ਦੇ ਕਥਨ ਅਨੁਸਾਰ, ਪੀਰਾਂ ਨੂੰ ਖੜਾਵਾਂ ਦਾ ਜੋੜਾ ਦਿਤਾ, ਜਿਨ੍ਹਾਂ 'ਚੋਂ ਇਕ ਮਦੀਨੇ ਵਿਚ ਹੈ ਅਤੇ ਇਕ ਬਹਾਵਲਪੁਰ ਸਟੇਟ ਦੇ 'ਉੱਚ ਸ਼ਰੀਫ਼' ਡੇਰੇ ਵਿਚ, ਜੋ ਪੰਜਾਬ ਆਉਣ ਸਮੇਂ ਕੁਝ ਪੀਰ ਨਾਲ ਲਿਆਏ ਸਨ।

ਸੋ ਉਹ ਉੱਚ ਸ਼ਰੀਫ਼ ਦੇ ਪੀਰ ਗੁਰੂ ਨਾਨਕ ਸਾਹਿਬ ਨੂੰ ਅਜ ਤਕ ਆਪਣਾ ਮੁਰਸ਼ਦ ਮੰਨਦੇ ਹਨ ਅਤੇ ਕੇਸ ਨਹੀਂ ਕਟਾਂਦੇ, ਅਰਥਾਤ ਮੂੰਹ ਦੀਆਂ ਲੱਬਾਂ ਤੱਕ ਸਾਬਤ ਰਖਦੇ ਹਨ। ਇਹੀ ਵਜ੍ਹਾ ਸੀ ਕਿ ਗ਼ਨੀ ਖ਼ਾਂ ਨਬੀ ਖ਼ਾਂ ਨੇ ਗੁਰੂ ਗੋਬਿੰਦ ਸਿੰਘ ਸਾਹਿਬ ਨੂੰ ਉੱਚ ਦੇ ਪੀਰ ਕਿਹਾ। ਕਿਉਂਕਿ ਉਹ ਜਾਣਦੇ ਸਨ ਕਿ ਆਮ ਪੀਰ ਫ਼ਕੀਰ ਦਾਹੜੀ ਕੇਸ ਭਾਵੇਂ ਨਾ ਵੀ ਕਟਾਉਣ, ਲੱਬਾਂ (ਮੁੱਛਾਂ ਦੇ ਵਿਚਕਾਰਲੇ ਵਾਲ) ਜ਼ਰੂਰ ਕਟਾਂਦੇ ਹਨ, ਜੋ ਇਸਲਾਮੀ ਸ਼ਰ੍ਹਾ ਅਨੁਸਾਰ ਕੱਟਣੀਆਂ ਜ਼ਰੂਰੀ ਹਨ। ਕਿਉਂਕਿ ਇਹ ਗੱਲ ਆਮ ਪ੍ਰਸਿੱਧ ਸੀ ਕਿ ਉੱਚ ਦੇ ਪੀਰ ਗੁਰੂ ਨਾਨਕ ਦੀ ਗੱਦੀ ਨੂੰ ਮੰਨਦੇ ਹਨ ਅਤੇ ਲੱਬਾਂ ਨਹੀਂ ਕਟਾਂਦੇ, ਇਸ ਲਈ ਉਨ੍ਹਾਂ ਨੇ ਗੁਰੂ ਸਾਹਿਬ ਨੂੰ ਉੱਚ ਦੇ ਪੀਰ ਦਸਿਆ, ਤਾਂ ਕਿ ਸੂਹੀਆਂ ਨੂੰ ਯਕੀਨ ਹੋ ਜਾਵੇ ਕਿ ਇਹ ਗੁਰੂ ਗੋਬਿੰਦ ਸਿੰਘ ਜੀ ਨਹੀਂ ਹਨ। ਭਾ: ਸਾ: ਭਾ: ਵੀਰ ਸਿੰਘ ਜੀ ਵੀ ਲਿਖਦੇ ਹਨ 'ਉੱਚ ਦੇ ਪੀਰ ਕੇਸ ਰਖਦੇ ਤੇ ਗੁਰੂ ਘਰ ਨੂੰ ਮੰਨਦੇ ਸਨ, ਗੁਰੂ ਗੋਬਿੰਦ ਸਿੰਘ ਜੀ ਤਦੇ ਉੱਚ ਦੇ ਪੀਰਾਨ ਪੀਰ ਕਹਾਇ।' (ਵੇਖੋ ਨਾਨਕ ਪ੍ਰਕਾਸ਼ ਸਫ਼ਾ ੬੩੬ ਦੀ ਟੂਕ)।

ਮਹੰਤ ਹਾਕਮ ਸਿੰਘ ਜੀ ਅੰਮ੍ਰਿਤਸਰ ਵਾਲੇ ਅਤੇ ਸੰਤ ਬਲਵੰਤ ਸਿੰਘ ਜੀ (ਨਿਰਮਲੇ) ਨੇ ਲੇਖਕ ਨੂੰ ਦਸਿਆ ਸੀ ਕਿ

ਇਕ ਵੇਰਾਂ ਇਸ ਇਲਾਕੇ ਦੇ ਕੁਝ ਸੱਜਣ ਸਾਨੂੰ ਮਿਲੇ ਤਾਂ
ਸਿੱਖ ਜਾਣ ਕੇ ਉਨ੍ਹਾਂ ਨੂੰ ਫ਼ਤਹ ਬੁਲਾਈ ਜਿਸ ਨੂੰ ਸੁਣ ਕੇ ਉ
ਪਏ ਤੇ ਪੁਛਣ ਤੋਂ ਪਤਾ ਲੱਗਾ ਕਿ ਉਹ ਮੁਸਲਮਾਨ ਹਨ, ਤੇ
ਨਹੀਂ ਕਟਾਂਦੇ ਅਤੇ ਇਹ ਰੀਤੀ ਉਹਨਾਂ ਦੇ ਬਜ਼ੁਰਗਾਂ ਤੋਂ
ਆਉਂਦੀ ਹੈ. ਜਿਨ੍ਹਾਂ ਨੇ ਗੁਰੂ ਸਾਹਿਬ ਨਾਲ ਗੋਸ਼ਟ ਕੀਤੀ ਸੀ

ਉਕਤ ਹਵਾਲਿਆਂ ਤੋਂ ਇਹ ਜ਼ਾਹਿਰ ਹੈ ਕਿ ਗੁਰੂ ਸਾ
ਸਮੇਂ ਤੋਂ ਲੈ ਕੇ ਅਜ ਤਕ ਵੀ ਉਨ੍ਹਾਂ ਦੇ ਮੰਨਣ ਵਾਲੇ ਮੁਸਲਮਾ
ਨਹੀਂ ਕਟਾਂਦੇ।

ਭਾਈ ਮਨੀ ਸਿੰਘ ਜੀ ਕ੍ਰਿਤ ਗਿਆਨ ਰਤਨਾਵਲੀ
ਜ਼ਿਕਰ ਹੈ ਕਿ ਭਾਈ ਮਰਦਾਨਾ ਜੋ ਉਮਰ ਭਰ ਗੁਰੂ ਨਾਨਕ ਸ
ਜੀ ਦੀ ਹਜ਼ੂਰੀ ਵਿਚ ਕੀਰਤਨ ਦੀ ਸੇਵਾ ਕਰਦਾ ਰਿਹਾ, ਉ
ਪੁੱਤਰ 'ਨੂਰੂ' ਨੇ ਜਦ ਇਕ ਵੇਰਾਂ ਉਸ ਤੋਂ ਪੁਛਿਆ ਕਿ ਐ
ਤੁਸੀਂ ਸਾਰੀ ਉਮਰ ਵਲੀ ਅੱਲਾ ਬਾਬਾ ਨਾਨਕ ਦੀ ਹਜ਼ੂਰ
ਰਹੇ ਹੋ, ਇਸ ਲਈ ਮੈਨੂੰ ਵੀ ਕੋਈ ਸਿੱਖ ਮੱਤ ਦਿਓ। ਤਾਂ
ਮਰਦਾਨੇ ਨੇ ਕਿਹਾ 'ਤਿੰਨ ਬਾਤਾਂ ਤੂੰ ਕਰ' ਇਕ ਸਿਰ ਤੇ ਕੇਸ
ਦੂਜਾ ਪਿਛਲੀ ਰਾਤੀ ਸਤਿਨਾਮ ਦਾ ਜਾਪ ਕਰਨਾ ਅਰ ਤੀਜ
ਕਿ ਆਂਦੀ ਜਾਂਦੀ ਸਾਧ ਸੰਗਤ ਦੀ ਸੇਵਾ ਟਹਿਲ ਕਰਨੀ। ਪ੍ਰ
ਸਿੱਧ ਹੈ ਕਿ ਭਾਈ ਮਰਦਾਨੇ ਨੇ ਵੀ ਗੁਰੂ ਸਾਹਿਬ ਦਾ ਹੁਕਮ
ਕੇਸ ਰਖ ਲਏ ਸਨ। ਤੀਜੀ ਪਾਤਸ਼ਾਹੀ ਦਾ ਕਿੱਲੀ ਨਾਲ ਕੇ
ਕੇ ਤੱਪ ਕਰਨਾ* 'ਕਿ ਸਰੀਰ ਨਿਰਆਲਸ ਰਹੇ, ਇਹ ਸਾਬਤ
ਹੈ ਕਿ ਆਪ ਦੇ ਕਾਫ਼ੀ ਲੰਬੇ ਕੇਸ ਸਨ। ਗੁਰੂ ਅੰਗਦ ਦੇਵ ਜੀ
ਆਪ ਨੂੰ ਗੁਰੂ ਗੱਦੀ ਪਰ ਬਿਰਾਜਮਾਨ ਕਰਨ ਸਮੇਂ ਪਿਆਰ

---

*ਇਹ ਕਿੱਲੀ ਯਾਦਗਾਰ ਦੇ ਤੌਰ ਤੇ ਹੁਣ ਤਕ ਗੋਇ
ਗੁਰਦਵਾਰਾ ਚੁਬਾਰਾ ਸਾਹਿਬ ਵਿਖੇ ਸੁਰੱਖਯਤ ਹੈ ਅਤੇ
ਦਰਸ਼ਨ ਕਰ ਕੇ ਕ੍ਰਿਤਾਰਥ ਹੁੰਦੀਆਂ ਹਨ। (ਗਿ: ਊਧਮ ਸਿੰ

ਆਪ ਦੀ ਪੱਗ ਦੇ ਵਲ ਖੋਹਲੇ ਤਾਂ ਕੁਝ ਭੁਰੇ ਹੋਏ ਆਪ ਦੇ ਕੇਸ ਹੇਠਾਂ ਡਿੱਗੇ ਜੋ ਸੰਭਾਲ ਕੇ ਰਖੇ ਗਏ ਤਾਂ ਕਿ ਸੰਗਤਾਂ ਨੂੰ ਸੇਵਾ ਦਾ ਸਬਕ ਮਿਲਦਾ ਰਹੇ । ਇਹ ਕੇਸ ਗੁਰਦਵਾਰਾ ਚੁਬਾਰਾ ਸਾਹਿਬ (ਗੋਇੰਦਵਾਲ) ਵਿਚ ਅਜ ਤਕ ਸੰਭਾਲ ਕੇ ਰੱਖੇ ਹੋਏ ਹਨ ਅਤੇ ਸੰਗਤਾਂ ਦਰਸ਼ਨ ਕਰਦੀਆਂ ਹਨ ।

ਇਸ ਤੋਂ ਇਲਾਵਾ ਬੇਅੰਤ ਹੀ ਹੋਰ ਇਤਿਹਾਸਕ ਸਬੂਤ ਹਨ ਜਿਨ੍ਹਾਂ ਤੋਂ ਜ਼ਾਹਿਰ ਹੈ ਕਿ ਨੌਂ ਜਾਮਿਆਂ ਤਕ ਗੁਰੂ ਸਾਹਿਬਾਨ ਹੀ ਨਹੀਂ, ਸਗੋਂ ਉਨ੍ਹਾਂ ਦੇ ਸਿਦਕਵਾਨ ਸਿੱਖ ਵੀ ਬਹੁਤ ਸਾਰੇ ਕੇਸਾ-ਧਾਰੀ ਸੱਜ ਚੁਕੇ ਸਨ । ਦਸਮ ਪਾਤਸ਼ਾਹ ਨੂੰ ਕੇਸਾਂ ਦਾ ਕਰਤਾ ਮੰਨਣਾ ਭੁਲ ਹੈ, ਹਾਂ ਇਹ ਸੱਚ ਹੈ ਕਿ ਆਪ ਨੇ ਕੇਸਾਂ ਦਾ ਕਟਾਣਾ ਕੁਰਹਿਤ (ਸਿੱਖੀ ਤੋਂ ਪਤਿਤ ਹੋਣਾ) ਦੱਸ ਕੇ ਇਸ ਬੁਰਾਈ ਨੂੰ ਕਤੱਈ ਤੋਰ ਤੇ ਹੁਕਮਨ ਬੰਦ ਕਰ ਦਿਤਾ ਹੈ, ਕਿਉਂਕਿ ਆਪ ਨਿਰੰਕਾਰ ਤੋਂ ਇਹ ਹੁਕਮ ਲੈ ਕੇ ਆਏ ਸਨ, ਜਿਸ ਨੂੰ ਆਪ ਦੇ ਮੁਖੀ ਕਵੀ ਸੈਨਾਪਤ ਜੀ ਨੇ ਇਸ ਤਰ੍ਹਾਂ ਲਿਖਿਆ ਹੈ–

ਤੁਝੈ ਜੋ ਉਪਾਯਾ ॥ ਸੁ ਇਹੀ ਬਤਾਯਾ ॥
ਕਰੋ ਪੰਥ ਮੇਰਾ ॥ ਧਰਮ ਕਾਜ ਕੇਰਾ ॥ ੩੦॥
ਯਹੀ ਕੈ ਪਠਾਯੋ ॥ ਤਬੈ ਸਿਸਟ ਆਯੋ ॥
ਭਏ **ਕੇਸਾਧਾਰੀ** ॥ ਧਰਾ ਫੇਰ ਸਾਰੀ ॥ ੩੧ ॥
ਝੁਲੈ ਪ੍ਰੇਮ ਪਾਸਾ ॥ ਅਜਾਇਬ ਤਮਾਸਾ ॥ ੩੨ ॥

[ਗੁਰੂ ਸੋਭਾ ਸਾਗਰ ਧਿ: ੧ ਅੰ: ੩੦ ਤੋਂ ੩੨ ।

ਸੋ ਕੇਸ ਵਾਹਿਗੁਰੂ ਦੀ ਦਾਤ ਹਨ, ਜਿਸ ਨੇ ਆਪਣੀ ਸੂਰਤ ਉਤੇ ਮਨੁੱਖ ਨੂੰ ਸਾਜਿਆ ਹੈ । ਇਹ ਕਿਸੇ ਮਨੁੱਖ, ਅਵਤਾਰ, ਪੀਰ ਪੈਗੰਬਰ ਦੀ ਕਾਢ ਨਹੀਂ ਅਤੇ ਨਾ ਹੀ ਕਿਸੇ ਰਹਿਬਰ ਨੇ ਇਨ੍ਹਾਂ ਦੇ ਕੱਟਣ ਦੀ ਮਰਯਾਦਾ ਤੋਰੀ ਹੈ । ਇਹ ਤਾਂ ਸਜ਼ਾ ਦੇ ਤੌਰ ਤੇ ਚਲੀ ਅਤੇ ਫ਼ੈਸ਼ਨ ਦੇ ਰੂਪ ਵਿਚ ਪ੍ਰਚਲਤ ਹੋ ਗਈ ਹੈ ।

## ਦਾਹੜੇ ਦੇ ਕੇਸ

ਜਿਵੇਂ ਸਿਰ ਦੇ ਕੇਸ ਸਿਰ ਦੀ ਸ਼ੋਭਾ ਨੂੰ ਵਧਾਂਦੇ, ਦਮਾਗ਼
ਹਰ ਤਰ੍ਹਾਂ ਰੱਖਿਆ ਕਰਦੇ ਅਤੇ ਮਨੁੱਖ ਦੇ ਆਤਮਕ ਬਲ ਨੂੰ ਕਾਇ
ਰੱਖਦੇ ਹਨ । ਇਸੇ ਤਰ੍ਹਾਂ ਦਾਹੜਾ ਵੀ ਚੇਹਰੇ ਦੀ ਸੁੰਦਰਤਾ
ਵਧਾਂਦਾ, ਜਾਹੁ ਜਲਾਲ ਨੂੰ ਕਾਇਮ ਰੱਖਦਾ ਅਤੇ ਗਰਮੀ ਸਰ
ਅਥਵਾ ਮੂੰਹ (ਦੰਦਾਂ ਆਦਿ) ਦੇ ਬੇਅੰਤ ਰੋਗਾਂ ਤੋਂ ਮਨੁੱਖ ਨੂੰ ਬਚਾ
ਰੱਖਦਾ ਹੈ । ਇਹ ਗੱਲ ਪਰਤੱਖ ਦੇਖੀ ਜਾ ਸਕਦੀ ਹੈ ਕਿ ਦਾ
ਕਟਾਉਣ ਵਾਲੇ ਸੱਤ੍ਰ ਫੀ ਸਦੀ ਲੋਕਾਂ ਨੂੰ ਦੰਦਾਂ ਅਤੇ ਮਸੂੜਿਆਂ
ਬੀਮਾਰੀ ਰਹਿੰਦੀ ਹੈ, ਉਹਨਾਂ ਦੇ ਦੰਦ ਜਾਂ ਤਾਂ ਛੇਤੀ ਡਿਗਦੇ ਹਨ
ਹਿੱਲ ਜਾਂਦੇ ਹਨ । ਇਕ ਪੱਛਮੀ ਡਾਕਟਰ 'ਮੈਕਡੋਨਲਡ' ਦਾ ਕਹਿ
ਹੈ ਕਿ ਦਾਹੜੀ ਕੱਟਣ ਵਾਲੇ ਲੋਕਾਂ ਦੀ ਆਯੂ ਘਟ ਜਾਂਦੀ ਹੈ । ਰੇਲ
ਆਦਿ ਮਹਿਕਮਿਆਂ ਵਿਚ ਦਿਨ ਰਾਤ ਅੱਗ ਦੇ ਸਾਹਮਣੇ ਕੰਮ ਕਰ
ਵਾਲੇ ਉਹ ਲੋਕ ਜੋ ਦਾਹੜੀ ਨਹੀਂ ਕੱਟਦੇ, ਮੁਕਾਬਲਤਨ ਦੂਜੇ ਲੋ
ਦੇ ਆਮ ਤੋਰ ਤੇ ਘੱਟ ਰੋਗੀ ਹੁੰਦੇ ਹਨ । ਸਭ ਤੋਂ ਵੱਡੀ ਗੱਲ ਇ
ਹੈ ਕਿ ਕੁਦਰਤ ਨੇ ਹਰ ਜੀਵਾਂ ਦੇ ਨਰ ਅਤੇ ਮਾਦਾ ਵਿਚ ਫ਼ਰ
ਰਖਿਆ ਹੈ, ਉਹ ਫ਼ਰਕ ਮਨੁੱਖੀ ਨਸਲ ਵਿਚ ਸੂਰਤ ਕਰ ਕੇ ਦਾਹ
ਤੋਂ ਹੀ ਹੈ । ਇਸਤ੍ਰੀਆਂ ਨੂੰ ਕੁਦਰਤ ਨੇ ਦਾਹੜੀ ਨਹੀਂ ਦਿੱਤੀ ।
ਇਸਤ੍ਰੀ ਦੀ ਵੀ ਦਾਹੜੀ ਹੁੰਦੀ ਤਾਂ ਉਸਦੀ ਸੁੰਦਰਤਾ ਨਸ਼ਟ
ਜਾਂਦੀ । ਜਿਵੇਂ ਇਸਤ੍ਰੀ, ਜੇ ਬਣਾਉਟੀ ਦਾਹੜੀ ਲਾ ਲਵੇ ਤਾਂ ਉ
ਯਕੀਨਨ ਕੋਝੀ ਜਾਪੇਗੀ, ਇਸੇ ਤਰ੍ਹਾਂ ਮਰਦ ਦਾੜ੍ਹੀ ਕਟਾ ਕੇ ਇਸ

ਵਰਗਾ ਬਣਿਆਂ ਅ ਪਣੀ ਸੁੰਦਰਤਾ ਤੋਂ ਹੱਥ ਧੋ ਬਹਿੰਦਾ ਹੈ। ਆਮ ਤੌਰ ਤੇ ਇਹ ਵੇਖਿਆ ਜਾਂਦਾ ਹੈ ਕਿ ਕਿਸੇ ਵੀ ਕੌਮ ਦੇ ਭਾਈਚਾਰੇ ਵਿਚ ਦਾੜ੍ਹੀ ਵਾਲੇ ਮਨੁੱਖ ਦਾ ਵਧੇਰੇ ਸਤਿਕਾਰ ਹੋਂਦਾ ਹੈ। ਪੱਛਮੀ ਕੌਮਾਂ ਵਿਚ ਦਾੜ੍ਹੀ ਦਾ ਰਿਵਾਜ ਖਤਮ ਹੋ ਗਿਆ ਹੈ, ਪਰ ਪਾਦਰੀ ਲੋਕ ਅਜੇ ਵੀ ਦਾੜ੍ਹੀ ਜ਼ਰੂਰ ਰਖਦੇ ਹਨ ਅਤੇ ਦਾੜ੍ਹੀ ਕਰ ਕੇ ਹੀ ਉਨ੍ਹਾਂ ਦੀ ਬਹੁਤ ਇਜ਼ਤ ਹੁੰਦੀ ਹੈ, ਕਿਉਂਕਿ ਦਾੜ੍ਹੀ ਇਕ ਪਵਿੱਤਰ ਵਸਤੂ ਹੈ। ਇਸ ਲਈ ਪਵਿੱਤਰ ਸ਼ਰੇਣੀ ਦੇ ਲੋਕ ਇਸ ਨੂੰ ਨਹੀਂ ਕਟਾਂਦੇ। ਮੁਸਲਮਾਨਾਂ ਵਿਚ ਸੂਫੀ ਖਿਆਲ ਦੇ ਖ਼ੁਦਾ ਪ੍ਰਸਤ ਇਬਾਦਤੀ ਲੋਕ ਅਜ ਤਕ ਦਾੜ੍ਹੀ ਰਖਦੇ ਅਤੇ ਦਾੜ੍ਹੀ ਕਰ ਕੇ ਹੀ ਸਤਿਕਾਰੇ ਜਾਂਦੇ ਹਨ।

ਮੱਕੇ ਦਾ ਹੱਜ ਕਰਨ ਵਾਲਿਆਂ ਨੂੰ ਤਾਂ ਅਵੱਸ਼ ਹੀ ਦਾੜ੍ਹੀ ਰਖਣੀ ਪੈਂਦੀ ਹੈ। ਈਸਾਈ ਲੋਕ ਈਸਾ ਜੀ ਦੇ ਦਾਹੜੇ ਦਾ ਭਾਰੀ ਸਤਕਾਰ ਕਰਦੇ ਹਨ। ਇਹੀ ਵਜ੍ਹਾ ਹੈ ਕਿ ਪਾਦਰੀ ਦੀ ਦਾੜ੍ਹੀ ਸਾਬਤ ਹੋਂਦੀ ਹੈ ਤੇ ਆਮ ਈਸਾਈ ਉਸ ਦੀ ਦਾੜ੍ਹੀ ਨੂੰ ਖੁਦਾਈ ਨੂਰ ਸਮਝ ਕੇ ਨਮਸ਼ਕਾਰ ਕਰਦੇ ਤੇ ਸਤਿਕਾਰਦੇ ਹਨ। ਕਿਸੇ ਦਾੜ੍ਹੀ ਵਾਲੇ ਬੰਦੇ ਨੂੰ ਵੀ ਰਾਹ ਜਾਂਦਾ ਵੇਖ ਕੇ ਹਰ ਇਕ ਆਦਮੀ ਦੇ ਦਿਲ ਵਿਚ ਖਿਆਲ ਪੈਦਾ ਹੋ ਜਾਂਦਾ ਹੈ ਕਿ ਇਹ ਕੋਈ ਭਲਾ ਪੁਰਸ਼ ਹੈ। ਦੁਸ਼ਮਨ ਤੇ ਰੋਹਬ ਵੀ ਜੋ ਮੁੱਛਾਂ ਤੋਂ ਪੈਂਦਾ ਹੈ, ਉਹ ਇਸਤ੍ਰੀ ਵਰਗੇ ਚੇਹਰੇ ਨਾਲ ਨਹੀਂ ਪੈਂਦਾ। ਰਾਜਪੂਤਾਂ, ਪਠਾਣਾਂ ਅਤੇ ਮਰਹੱਟਿਆਂ ਦਾ ਰੋਹਬ ਮੁੱਛਾਂ ਕਰ ਕੇ ਹੀ ਸੀ। ਸਿੰਘਾਂ ਦੇ ਕੁੰਢੇ ਮੁਛੈਹਰੇ ਤੇ ਦਾੜ੍ਹਾ ਤਾਂ ਉਕਤ ਦਲੀਲ ਦੀ ਪਰਤੱਖ ਤਸਵੀਰ ਹੈ। ਦਾੜ੍ਹੀ ਜੁਆਨੀ ਵਿਚ ਸੁੰਦਰਤਾ, ਸੂਰਬੀਰਤਾ ਅਥਵਾ ਨਿਆਇਕਾਰੀ ਦਾ ਇਕ ਵਡਾ ਵਸੀਲਾ ਹੈ ਅਤੇ ਬੁਢਾਪੇ ਵਿਚ ਇਨ੍ਹਾਂ ਗੁਣਾਂ ਤੋਂ ਇਲਾਵਾ ਬਜ਼ੁਰਗੀ, ਪ੍ਰਹੇਜ਼ਗਾਰੀ ਅਤੇ ਖ਼ੁਦਾਪ੍ਰਸਤੀ ਦੀ ਨਿਸ਼ਾਨੀ ਹੈ। ਮੁਸਲਮਾਨ ਹੁਕਮਰਾਨਾਂ, ਖਾਸ ਕਰ ਔਰੰਗਜ਼ੇਬ ਨੇ ਹਿੰਦੂ ਲਈ ਦਾੜ੍ਹੀ ਕਟਾਉਣਾ ਲਾਜ਼ਮੀ ਕਰਾਰ ਦਿਤਾ ਸੀ ਅਤੇ ਗ਼ੈਰ ਮੁਸਲਮਾਨਾਂ ਦੀ ਦਾੜ੍ਹੀ ਜ਼ਬਰਨ ਕਟਾ ਦਿਤੀ ਜਾਂਦੀ ਸੀ। ਰੂਸ ਵਿਚ ਦਾੜ੍ਹੀ ਮੁਨਾਉਣ ਦਾ ਜਦ [illegible]
ਜਾਰੀ ਹੋਇਆ ਤਾਂ ਬਹੁਤ ਵਡੀ ਬਗ਼ਾਵਤ ਹੋਈ ਸੀ। ਅ[illegible]
ਦੁਨੀਆਂ ਦਾ ਕਾਫੀ ਹਿੱਸਾ ਦਾੜ੍ਹੀ ਦਾ ਵੀ ਸਤਿਕਾਰ ਕਰਦਾ ਹੈ।

ਭਾਵੇਂ ਦਾੜ੍ਹੀ ਚੱਟਮ ਕਰਾਣ ਦਾ ਰਿਵਾਜ ਬਹੁਤਾ ਵਧ [illegible]
ਕਰ ਕੇ ਇਹ ਕਹਾਵਤ ਘਟ ਗਈ ਹੈ, ਪਰ ਫਿਰ ਵੀ ਬਹੁਤ [illegible]
ਅਜਿਹਾ ਕਹਿੰਦੇ ਸੁਣੇ ਜਾਂਦੇ ਹਨ-'ਭਾਈ ਦੇਖੀਂ [illegible]
ਆਪਣੀ ਦਾੜ੍ਹੀ ਨੂੰ ਲਾਜ ਨਾ ਲਾਵੀਂ।', ਜਿਸਦਾ ਭਾਵ ਸਾਫ [illegible]
ਦਾੜ੍ਹੀ ਲੱਜਾ ਦੀ ਨਿਸ਼ਾਨੀ ਹੈ ਅਤੇ ਦਾੜ੍ਹੀ ਕਟਾਣੀ ਹੱਥੀਂ [illegible]
ਦੇ ਕੇ ਲੱਜਾ ਦਾ ਦਿਵਾਲਾ ਕੱਢਣਾ ਹੈ। ਅਨਦਾੜ੍ਹੀਏ ਮੁੰਡਿਆਂ ਤੇ [illegible]
ਤੌਰ ਤੇ ਕਿਸੇ ਗੱਲ ਵਿਚ ਵੀ ਕੋਈ ਭਰੋਸਾ ਨਹੀਂ ਕਰਦਾ, ਪਰ [illegible]
ਵਾਲਾ ਜੇ ਕੋਈ ਬੇ-ਅਸੂਲੀ ਗੱਲ ਕਰੇ ਤਾਂ ਹਰ ਕੋਈ ਉਸਨੂੰ ਕ[illegible]
ਹੈ ਭਾਈ ਕੁਝ ਤੇ ਸਮਝ ਨਾਲ ਗੱਲ ਕਰ 'ਤੇਰੇ ਮੂੰਹ ਤੇ ਤਾਂ ਦਾੜ੍ਹ[illegible]
ਗੱਲ ਕੀ ਦਾੜ੍ਹੀ ਵਾਲਾ ਮਨੁੱਖ ਵਧੇਰੇ ਸਤਿਕਾਰ ਯੋਗ ਅਤੇ ਬ[illegible]
ਮੰਨਿਆਂ ਜਾਂਦਾ ਹੈ। ਜਿਸ ਨੂੰ ਦਾੜ੍ਹੀ ਮੂਲੋਂ ਹੀ ਨਾ ਆਵੇ, ਉ[illegible]
ਲੋਕੀ ਖੋਦਾ ਖੋਦਾ ਕਹਿ ਕੇ ਸ਼ਰਮਿੰਦਾ ਕਰਦੇ ਰਹਿੰਦੇ ਹਨ। [illegible]
ਕਿੰਨੇ ਅਫਸੋਸ ਦੀ ਗੱਲ ਹੈ ਕਿ ਜਿਸ ਮੁੱਛ ਤੇ ਮਰਦਾਂ ਨੂੰ ਫਖ਼ਰ [illegible]
ਹੈ, ਕਲਜੁਗ ਦੇ ਮਰਦ ਉਸ ਦਾ ਖੁਰਾ ਖੋਜ ਹੀ ਮਿਟਾ ਰਹੇ ਹਨ [illegible]

ਜੇ ਪੁਰਾਨਕ ਕਥਾਵਾਂ ਨੂੰ ਵਾਚਿਆ ਜਾਵੇ ਤਾਂ ਬ੍ਰਹਮਾ [illegible]
ਦਾੜ੍ਹੀ, ਨਾਰਦ ਜੀ ਦੀ ਦਾੜ੍ਹੀ ਅਤੇ ਵਸ਼ਿਸ਼ਟ ਆਦਿ ਬੇਅੰਤ ਰਿ[illegible]
ਦੀ ਦਾੜ੍ਹੀ ਬਾਰੇ ਅਨੇਕ ਹੀ ਸਾਖੀਆਂ ਮਿਲਦੀਆਂ ਹਨ। ਭ੍ਰਿ[illegible]
ਦਾੜ੍ਹੀ ਬਾਰੇ ਜ਼ਿਕਰ ਹੈ ਕਿ ਸਤੀ ਦੇ ਚਿਖਾ ਵਿਚ ਜਲ ਜਾ[illegible]
ਬੀਰ ਭੱਦਰ ਨੇ ਗੁਸੇ ਵਿਚ ਭ੍ਰਿਗੂ ਜੀ ਦੀ ਦਾਹੜੀ ਪੁਟੀ:-

'ਸਿਰ ਦੱਖਯ ਪ੍ਰਜਾਪਤਿ ਕਾ ਕਾਟ ਕਰ ਬੀਚ ਅਗਨ ਕੁੰਡ [illegible]
ਡਾਰ ਦੀਆ ਭ੍ਰਿਗੂ ਦੀ **ਦਾੜ੍ਹੀ** ਹਲਾ ਕਰ ਖੋਸੀ।'

ਸ੍ਰੀਮਧ ਭਾ: ਸਿ: ੪: ਧਿ: ੫ ਸਫਾ ੧੪੦ ਸਤ੍ਰ ੧੮[illegible]

ਕਈ ਸੱਜਣ ਇਹ ਵੀ ਪ੍ਰਸ਼ਨ ਕਰਦੇ ਹਨ ਕਿ ਕ੍ਰਿਸ਼ਨ ਭਗਵਾਨ ਅਤੇ ਰਾਮ ਚੰਦ੍ਰ ਜੀ ਦੀ ਦਾਹੜੀ ਕਿਉਂ ਨਹੀਂ ਸੀ, ਇਸ ਦਾ ਉੱਤਰ ਪਹਿਲਾ ਤਾਂ ਇਹ ਹੈ ਕਿ ਉਨ੍ਹਾਂ ਨੂੰ ਕੀ ਪਤਾ ਹੈ ਕਿ ਨਹੀਂ ਸੀ। ਜੇ ਉਹ ਫੋਟੋ ਦੀ ਮਿਸਾਲ ਦੇਂਦੇ ਹਨ ਤਾਂ ਉਨ੍ਹਾਂ ਪਾਸ ਕੀ ਸਬੂਤ ਹੈ ਕਿ ਇਹ ਉਨ੍ਹਾਂ ਦੀਆਂ ਸਹੀ ਫੋਟੋ ਹਨ। ਜੇ ਇਹ ਗੱਲ ਵੀ ਮੰਨ ਲਈ ਜਾਵੇ ਕਿ ਫੋਟੋ ਸਹੀ ਹਨ ਤਾਂ ਹੋ ਸਕਦਾ ਹੈ ਕਿ ਜਿਵੇਂ ਕਈ ਪੁਰਸ਼ਾਂ ਨੂੰ ਦਾੜ੍ਹੀ ਨਹੀਂ ਉੱਗਦੀ, ਉਨ੍ਹਾਂ ਦੀ ਵੀ ਨਾ ਉੱਗੀ ਹੋਵੇ। ਦੂਜਾ ਜਵਾਬ ਇਹ ਹੈ ਕਿ ਉਨ੍ਹਾਂ ਵੀਰਾਂ ਨੂੰ ਇਹ ਵੀ ਤਾਂ ਸੋਚਣਾ ਚਾਹੀਦਾ ਹੈ ਕਿ ਤ੍ਰੇਤਾ ਤੇ ਦੁਆਪੁਰ ਵਿਚ ਮਨੁੱਖ ਦੀ ਆਯੂ ਕਿੰਨੀ ਹੋਂਦੀ ਸੀ, ਆਮ ਤੋਰ ਤੇ ਕਿੰਨੀ ਆਯੂ ਵਿਚ ਦਾੜ੍ਹੀ ਆਂਦੀ ਸੀ ਅਤੇ ਉਕਤ ਵਿਯਕਤੀਆਂ ਦਾ ਸਰੀਰਕ ਅੰਤ ਕਿੰਨੀ ਕਿੰਨੀ ਆਯੂ ਵਿਚ ਹੋਇਆ ਸੀ, ਫਿਰ ਉਨ੍ਹਾਂ ਨੂੰ ਆਪਣੇ ਆਪ ਇਸ ਗੱਲ ਦਾ ਜਵਾਬ ਮਿਲ ਜਾਵੇਗਾ ਕਿ ਉਨ੍ਹਾਂ ਦੀ ਦਾੜ੍ਹੀ ਕਿਉਂ ਨਹੀਂ ਸੀ। ਇਹ ਮੰਨਣ ਵਿਚ ਤਾਂ ਕੋਈ ਵੀ ਇਨਕਾਰੀ ਨਹੀਂ ਕਿ ਉਨ੍ਹਾਂ ਦੇ ਕੇਸ ਸਨ, ਜੇ ਇਹ ਗੱਲ ਨ ਹੋਂਦੀ ਤਾਂ ਅਜ ਤਕ ਰਾਮ ਲੀਲਾ ਰਚਨ ਵਿਚ ਸਾਂਗਧਾਰੀਆਂ ਨੂੰ ਬਣਾਉਟੀ ਕੇਸ ਦਾੜ੍ਹੀ ਨਾ ਲਾਏ ਜਾਂਦੇ। ਨੁਕਤਾਚੀਨ ਜੇ ਅਵਤਾਰਾਂ ਦੀ ਦਾਹੜੀ ਦੀ ਆੜ ਲੈਂਦੇ ਹਨ ਤਾਂ ਫਿਰ ਕੇਸ ਹੀ ਕਿਉਂ ਨਹੀਂ ਰਖ ਲੈਂਦੇ। ਕੇਸ ਤਾਂ ਉਨ੍ਹਾਂ ਦੇ ਹੈ ਹੀ ਸਨ। ਸੋ ਇਹ ਸੱਚ ਹੈ ਕਿ ਦਾੜ੍ਹੀ ਕੁਦਰਤੀ ਦਾਤ ਹੈ ਅਤੇ ਇਹ ਮਨੁੱਖ ਦਾ ਮੁਖ ਸ਼ਿੰਗਾਰ ਹੈ, ਇਸ ਬਿਨਾਂ ਮਰਦਊਪਨ ਅਤੇ ਬਜ਼ੁਰਗੀ ਵਿਚ ਫਰਕ ਪੈ ਜਾਂਦਾ ਹੈ।

ਜਿਹੜੇ ਲੋਕ ਦਾਹੜਾ ਖੁਲ੍ਹਾ ਰਖਦੇ ਹਨ, ਉਨ੍ਹਾਂ ਦਾ ਚੇਹਰਾ ਵਧੇਰੇ ਰੋਹਬ ਅਤੇ ਜਲਾਲ ਵਾਲਾ ਹੋਂਦਾ ਹੈ, ਜੇਹੜੇ ਬੰਨ੍ਹਦੇ ਹਨ, ਜਾਂ ਫਿਕਸੋ ਲਾਂਦੇ ਹਨ, ਉਨ੍ਹਾਂ ਦਾ ਰੋਹਬ ਧਾਰਮਕ ਅਤੇ ਬਿਜ਼ੁਰਗੀ ਦੇ ਨਜ਼ਰੀਏ ਤੋਂ ਅੱਧਾ ਰਹਿ ਜਾਂਦਾ ਹੈ।

ਭਾਵੇਂ ਦਾਹੜੀ ਬੰਨ੍ਹਣ ਦਾ ਰਿਵਾਜ ਵਧ ਜਾਣ ਨਾਲ ਖੁਲ੍ਹਾ ਦ
ਕਈਆਂ ਨੂੰ ਓਪਰਾ ਲਗਦਾ ਹੈ, ਪਰ ਜੋ ਬਰਕਤ
ਦਾਹੜੇ ਵਿਚ ਬਰਸਦੀ ਹੈ, ਉਹ ਬੱਧੇ ਵਿਚ ਨਹੀਂ ਹੋਂਦੀ।
ਬੰਨ੍ਹਣ ਦਾ ਰਿਵਾਜ ਫੈਸ਼ਨ ਪ੍ਰਸਤੀ ਦਾ ਸ਼ਿਕਾਰ ਹੋਏ ਲੋਕ
ਚਲਾਇਆ ਹੈ ਅਤੇ ਨਕਲ ਨਵੀਸੀ ਤੋਂ ਵਧਿਆ ਹੈ, ਅ
ਉਨ੍ਹਾਂ ਲੋਕਾਂ ਤੋਂ ਵਧਿਆ ਹੈ, ਜਿਹੜੇ ਦੂਜਿਆਂ ਦੀ ਨਕਲ ਕ
ਪਸੰਦ ਕਰਦੇ ਸਨ।

ਅਸੀਂ ਇਸ ਨੂੰ ਸਿੱਖੀ ਦੀ ਕੁਰਹਿਤ ਤਾਂ ਨਹੀਂ ਕਹਿੰਦੇ
ਇੰਨਾ ਜ਼ਰੂਰ ਆਖਾਂਗੇ ਕਿ ਸਿੱਖ ਦਾ ਰੋਹਬ ਦਾੜ੍ਹਾ ਬੰਨ੍ਹਣ ਨਾਲੋ
ਬੰਨ੍ਹਣ ਵਿਚ ਵਧੇਰੇ ਹੈ। ਵੈਸੇ ਵੀ ਦਾੜ੍ਹਾ ਬੰਨ੍ਹਣਾ ਇਕ ਤਰ੍ਹਾਂ
ਸੂਰਤ ਨੂੰ ਹੋਰ ਚੰਗਾ ਬਣਾਉਣ ਦੇ ਖਿਆਲ ਤੋਂ ਚਲਿਆ ਹੈ
ਗੁਰੂ ਆਸ਼ੇ ਦੇ ਵਿਰੁਧ ਹੈ। ਸਿੱਖ ਧਰਮ ਵਿਚ ਕਿਸੇ ਵੀ ਤ
ਬਣਾਉਟ ਨੂੰ ਯੋਗ ਨਹੀਂ ਕਿਹਾ ਗਿਆ। ਪੁਰਾਤਨ ਸਿੰਘ
ਦਾੜ੍ਹਿਆਂ ਬਾਰੇ ਹੁਕਮ ਹੈ –

ਕੁੰਢੀ ਮੁੱਛਾਂ ਸਿਧੇ ਦਾੜ੍ਹੇ, ਬਾਣੀ ਪੜ੍ਹਤ ਦੁਵਖਤੇ।

ਪੰਥ ਪ੍ਰਕਾਸ਼ ਧਿ: ੪੬

ਕਈ ਸਜਣ ਸਫੈਦ ਵਾਲਾਂ ਨੂੰ ਕਲਫ ਲਗਾ ਕੇ ਅ
ਰੰਗ ਕੇ ਕਾਲਾ ਕਰ ਦੇਂਦੇ ਹਨ, ਅਜਿਹਾ ਉਹ ਇਸ ਲਈ
ਹਨ ਕਿ ਉਹ ਜਵਾਨ ਜਾਪਣ, ਪਰ ਇਹੋ ਜਿਹੇ ਕਈ ਯਤਨ
ਤੇ ਵੀ ਉਹ ਬੁਢਾਪੇ ਤੋਂ ਬਚ ਨਹੀਂ ਸਕਦੇ, ਦਾਹੜੇ ਨੂੰ
ਲਗਾਣਾ ਗੁਰਮਤਿ ਵਿਚ ਵਿਵਰਜਤ ਹੈ। ਗੁਰੂ ਸਾਹਿ
ਹੁਕਮ ਹੈ:–

ਕਰੇ **ਕੇਸ** ਕੋ ਕਲਪ ਨਹਿ, ਕਾਮ ਕ੍ਰੋਧ ਦੇ ਤਿਆਗ
ਯੁੱਧਰਾਰ ਤਾਸੋਂ ਰਹੈ ਦੀਨ ਪ੍ਰਤਪਾਲਾ ਲਾਗ

ਸੁਧਰਮ ਮਾਰਗ ਸਫਾ ੧੭

ਇਤਿਹਾਸ ਵਿਚ ਜ਼ਿਕਰ ਆਂਦਾ ਹੈ ਕਿ ਇਕ ਵੇਰਾਂ ਮਹਾਰਾਜਾ ਰਣਜੀਤ ਸਿੰਘ ਨੇ ਕਿਸੇ ਕੰਮ ਲਈ ਅਚੇਤ ਹੀ ਫਕੀਰ ਅਜ਼ੀਜ਼ੋ ਦੀਨ ਨੂੰ ਬੁਲਾ ਭੇਜਿਆ, ਅਗੇ ਉਹ ਦਾਹੜੀ ਨੂੰ ਕਲਫ ਲਾ ਰਹੇ ਸਨ ਅਤੇ ਕਹਿਣ ਲਗੇ ਸਰਕਾਰ ਨੂੰ ਕਹਿਣਾ ਮੈਂ ਛੇਤੀ ਹਾਜ਼ਰ ਹੋ ਰਿਹਾ ਹਾਂ। ਜਦ ਮਹਾਰਾਜ ਸਾਹਿਬ ਨੂੰ ਬੁਲਾਵੇ ਨੇ ਦਸਿਆ ਕਿ ਉਹ ਦਾਹੜੀ ਨੂੰ ਕਲਫ ਲਾ ਰਹੇ ਹਨ ਅਤੇ ਛੇਤੀ ਆ ਜਾਣ ਲਈ ਕਹਿੰਦੇ ਸਨ, ਤਾਂ ਮਹਾਰਾਜ ਸਾਹਿਬ ਨੇ ਕਿਹਾ:–

ਜਾਹ ਕਹਿ ਦੇਹ ਮੂਰਖ ਢੱਗੇ ਨੂੰ।
ਕਿਉਂ ਕਾਲਾ ਕਰਨਾ ਏਂ ਬੱਗੇ ਨੂੰ।
ਜੇ ਆਖ਼ਰ ਨੂੰ ਫਿਰ ਮਰਨਾ ਹੈ।
ਤਾਂ ਮੂੰਹ ਕਾਲਾ ਕਿਉਂ ਕਰਨਾ ਹੈ।

ਸੋ ਦਾਹੜੀ ਨੂੰ ਕਲਫ ਲਾਉਣ ਵਾਲਿਆਂ ਨੂੰ ਇਹ ਭੁਲੇਖਾ ਦਿਲੋਂ ਕੱਢ ਦੇਣਾ ਚਾਹੀਦਾ ਹੈ ਕਿ ਉਹ ਇਸ ਤਰ੍ਹਾਂ ਕਰ ਕੇ ਹਮੇਸ਼ਾ ਜੁਆਨੀ ਕਾਇਮ ਰੱਖ ਸੱਕਣਗੇ, ਜਾਂ ਵਧੇਰੇ ਖ਼ੂਬਸੂਰਤ ਲਗਦੇ ਹਨ, ਇੰਜ ਤਾਂ ਉਲਟਾ ਅੱਗੇ ਨਾਲੋਂ ਵੀ ਸ਼ਕਲ ਵਿਚ ਇਕ ਤਰ੍ਹਾਂ ਕੋਝਾਪਨ ਆ ਜਾਂਦਾ ਹੈ। ਉਤੋਂ ੨ ਰੰਗੇ ਹੋਏ ਅਤੇ ਮੁਢੋਂ ਚਿਟੇ ਵਾਲ ਸਗੋਂ ਬਹੁਤ ਹੀ ਭੱਦੇ ਲਗਦੇ ਹਨ।

ਕਈ ਬੰਦੇ ਅਜਿਹੇ ਵੀ ਦੇਖੇ ਗਏ ਹਨ ਜੋ ਚਿੱਟੇ ਵਾਲ ਚੁੱਗਣ ਦੇ ਆਦੀ ਹੋਂਦੇ ਹਨ, ਇਹ ਵੀ ਉਹ ਇਸੇ ਖਿਆਲ ਨਾਲ ਕਰਦੇ ਹਨ ਕਿ ਹਮੇਸ਼ਾ ਜਵਾਨ ਜਾਪਣ, ਪਰ ਇਸ ਗਲ ਵਿਚ ਆਖਰ ਉਨ੍ਹਾਂ ਦੀ ਹਾਰ ਹੀ ਹੋਂਦੀ ਹੈ, ਕਿਉਂਕਿ ਵਾਲ ਐਨੀ ਤੇਜ਼ੀ ਨਾਲ ਸਫੈਦ ਹੋਣ ਲਗ ਪੈਂਦੇ ਹਨ ਕਿ ਚੁਗ ਕੇ ਉਨ੍ਹਾਂ ਦੀ ਪੂਰੀ ਨਹੀਂ ਪੈ ਸਕਦੀ। ਬਹਾਦਰੀ ਤਾਂ ਉਨ੍ਹਾਂ ਦੀ ਤਦ ਹੈ ਕਿ ਪੁੱਟੀ ਜਾਣ, ਭਾਵੇਂ ਮੂੰਹ ਤੇ ਇਕ ਵੀ ਵਾਲ ਨਾ ਰਹੇ, ਪਰ ਆਖ਼ਰ ਜਦ ਹਾਰਨਾ ਹੀ ਪੈਂਦਾ ਹੈ ਤਾਂ ਰੋਮ ਉਖੇੜਨ ਦੀ ਬੱਜਰ ਕੁਰਹਿਤ ਤੋਂ

ਉਹਨਾਂ ਨੂੰ ਬਚਣਾ ਚਾਹੀਦਾ ਹੈ, ਕੇਸਾਂ ਨੂੰ ਕਟਾਣਾ ਤੇ
ਇਕ ਹੀ ਗਲ ਹੈ ਅਤੇ ਇਸ ਤਰ੍ਹਾਂ ਕਰਨਾ ਸਿੱਖੀ ਤੋਂ
ਹੋਣਾ ਹੈ ਅਤੇ ਇਹ ਇਕ ਚੋਥੀ ਕੁਰਹਿਤ ਹੈ। ਰਹਿਤਨਾਮ
ਚੋਪਾ ਸਿੰਘ ਵਿਚ ਲਿਖਿਆ ਹੈ:–

'ਜੋ ਸਿਖ ਚਿੱਟੇ ਕੇਸ ਚੁਗੇ ਸੋ ਤਨਖਾਹੀਆ'

ਦੁਨੀਆ ਭਰ ਦੇ ਹਰ ਮਨੁੱਖ ਨੂੰ ਰੱਬੀ ਨੂਰ ਦਾ
ਸਤਿਕਾਰ ਕਰਨਾ ਚਾਹੀਦਾ ਹੈ ਅਤੇ ਗੁਰੂ ਅਵਤਾਰਾਂ ਦੇ
ਉਲੰਘਣਾ ਨਹੀਂ ਕਰਨੀ ਚਾਹੀਦੀ। ਗੁਰਬਾਣੀ ਵਿਚੋਂ ਦਾ
ਹੇਠ ਲਿਖੇ ਸ਼ਬਦ ਪ੍ਰਮਾਣ ਮਾਤਰ ਇਥੇ ਲਿਖੇ ਜਾਂਦੇ ਹਨ
ਤੋਂ ਮਨੁੱਖੀ ਦਾਹੜੇ ਦੀ ਹੋਂਦ ਸਾਬਤ ਹੋਂਦੀ ਹੈ:–

ਸੇ **ਦਾੜ੍ਹੀਆਂ** ਸਚੀਆਂ ਜਿ ਗੁਰ ਚਰਨੀ ਲਗੀ
ਅਨਦਿਨੁ ਸੇਵਨਿ ਗੁਰੁ ਆਪਣਾ ਅਨਦਿਨੁ ਅ
ਰਹੰਨਿ। ਨਾਨਕ ਸੇ ਮੁਹ ਸੋਹਣੇ ਸਚੈ ਦ
ਦਿਸੰਨਿ। ੫੨। ਮੁਖ ਸਚੇ ਸਚੁ **ਦਾੜ੍ਹੀਆਂ**
ਬੋਲਹਿ ਸਚੁ ਕਮਾਹਿ। ਸਚਾ ਸ਼ਬਦ ਮਨਿ ਵਸਿ
ਸਤਿਗੁਰ ਮਾਹਿ ਸਮਾਹਿ।

[ਸ: ਵਾਰਾਂ ਤੇ ਵਧੀਕ ਸ: ੧੪੧੯

ਗਰੀਬਾ ਉਪਰਿ ਜਿ ਖਿੰਜੈ **ਦਾੜ੍ਹੀ**। ਪਾਰਬ੍ਰਹਮਿ
ਸਾ ਅਗਨਿ ਮਹਿਸਾੜੀ।

[ਗਉੜੀ ਮ: ੫ ਸ: ੧

ਤਗੁ ਨ ਇੰਦ੍ਰੀ ਤਗੁ ਨ ਨਾਰੀ। ਭਲਕੇ ਥੁਕ ਪਵੈ
ਨਿਤ **ਦਾੜ੍ਹੀ**।

[ਆਸਾ ਦੀ ਵਾਰ ਮ

ਫਰੀਦ ਜੀ ਦਾ 'ਸਿਰ ਪਲਿਆ ਦਾੜ੍ਹੀ ਪਲੀ ਮੁਛਾਂ ਵੀ ਪਲੀਆਂ, 'ਸ਼ਬਦ' ਕਦੇ ਵੀ ਕੱਟੀ ਹੋਈ ਦਾੜ੍ਹੀ ਲਈ ਨਹੀਂ ਵਰਤਿਆ ਜਾ ਸਕਦਾ।

ਸਿਖ ਸਤਿਗੁਰੂ ਸਦਾ ਦਾੜ੍ਹਾ ਖੁਲ੍ਹਾ ਰਖਦੇ ਸਨ, ਜਿਸ ਤੋਂ ਖੁਲ੍ਹੇ ਤੇ ਸਾਬਤ ਦਾਹੜੇ ਦਾ ਨਾਂ ਹੀ ਗੁਰਮੁਖੀ ਦਾੜ੍ਹਾ ਪੈ ਗਿਆ। ਗੁਰੂ ਰਾਮਦਾਸ ਜੀ ਦੇ ਦਰਸ਼ਨ ਲਈ ਬਾਬਾ ਸ੍ਰੀ ਚੰਦ ਜੀ ਜਦ ਅੰਮ੍ਰਿਤਸਰ ਆਏ ਤਾਂ ਆਪ ਨੇ ਆਂਦੇ ਹੀ ਪੁਛਿਆ ਮਹਾਰਾਜ ! ਤੁਸਾਂ ਦਾਹੜਾ ਕਿਉਂ ਐਨਾਂ ਲੰਬਾ ਵਧਾਇਆ ਹੋਇਆ ਹੈ ?:-

ਸ੍ਰੀ ਚੰਦ ਤਬ ਗਿਰਾ ਉਚਾਰੀ।
ਕਾਹਿ ਬਢਾਈ **ਦਾੜ੍ਹੀ** ਭਾਰੀ।

ਹਜ਼ੂਰ ਨੇ ਉਤਰ ਦਿਤਾ:-

ਰਾਮ ਦਾਸ ਗੁਰ ਨਿੰਮਰ ਹੋ ਹੈਂ।
ਕਹਿਓ ਆਪ ਸੇ ਸਾਧੂ ਜੋ ਹੈਂ।
ਉਨ ਕੇ ਚਰਨ ਪੋਛਨੇ ਕਾਰਨ।
ਇਮ ਕਹਿ ਲਗੇ ਚਰਨ ਤਹਿ ਝਾਰਨ।

(ਤ੍ਰ: ਗਿ: ਗਿ: ਸਿੰਘ)

ਸ੍ਰੀ ਚੰਦ ਬੋਲੇ ਤਤਕਾਲੂ। ਕਰਤ ਪਰਖਣਾ ਪ੍ਰੇਮ ਦਿਆਲੂ। ਇਤਨਾ **ਦਾੜ੍ਹਾ** ਕੈਸ ਬਧਾਯੋ। ਸੁਣ ਕੈ ਸਤਿਗੁਰ ਭੇ ਨਿਮ੍ਰਾਯੋ।
ਦੋਹਰਾ-ਚਰਨ ਗਹਿ ਕਰ ਪ੍ਰੇਮ ਸੋ, ਪੋਛਹਿ ਬਾਰੰ ਬਾਰ। ਇਸ ਹੀ ਹੇਤ ਬਧਾਤ ਭੇ, ਸੁਨੀਏ ਗੁਰ ਸੁਤ ਦਿਯਾਰ।

[ਗੁ: ਪ੍ਰ: ਸੂ: ਰਾ: ੨ ਅੰ: ੧੫

ਇਸ ਵਾਰਤਾਲਾਪ ਵਿਚ ਬਾਬਾ ਸ੍ਰੀ ਚੰਦ ਜੀ ਵਲੋਂ ਦਾੜ੍ਹੇ ਤੇ ਨੁਕਤਾਚੀਨੀ ਨਹੀਂ ਨਾ ਹੀ ਗੁਰੂ ਸਾਹਿਬ ਦੇ ਉਤ੍ਰ ਵਿਚ ਦ
ਰੱਖਣ ਦਾ ਕੇਵਲ ਇਹੀ ਮਨੋਰਥ ਸਿੱਧ ਹੋਂਦਾ ਹੈ ਕਿ ਇਹ ਿ
ਦੇ ਚਰਨ ਝਾੜਨ ਲਈ ਹੀ ਹੈ।

ਇਹ ਤਾਂ ਇਕ ਰਮਜ਼ ਸੀ, ਜਿਸ ਦਾ ਉਤ੍ਰ ਵੀ
ਸਾਹਿਬ ਜੀ ਨੇ ਰਮਜ਼ ਵਿਚ ਹੀ ਦਿਤਾ। ਪਹਿਲੇ ਸਮਿਆਂ ਿ
ਗੈਰ ਸਿੱਖਾਂ ਵਿਚ ਵੀ ਦਾੜ੍ਹੀ ਦੀ ਕਦਰ ਸੀ।

ਪਰਤਾਪ ਅਖਬਾਰ ਵਿਚ ਪਿਛੇ ਜਿਹੇ 'ਤੋਹੀਨ ਕੇ ਮੁਤੱਲ
ਏਕ ਦਿਲਚਸਪ ਫੀਚਰ, 'ਕਨਾਲ ਕਸ਼ਮੀਰੀ ਕੇ ਕਲਮ ਸੇ, ਹੈਿ
ਹੇਠ ਕੁਝ ਵੱਖ ਵੱਖ ਮੁਲਕਾਂ ਦੀ ਰਵਾਇਅਤ ਬਾਰੇ ਇਕ
ਛਪਿਆ ਸੀ, ਜਿਸ ਵਿਚ ਦਾੜ੍ਹੀ ਮੁੱਛਾਂ ਬਾਰੇ ਇਉਂ ਲਿਖਿਆ ਹੈ

'ਹਰ ਮੁਲਕ ਮੇਂ ਤੋਹੀਨ ਕਰਨੇ ਕੇ ਅਪਨੇ ਅਪਨੇ ਤ੍ਰ
ਹੈਂ, ਲੇਕਿਨ ਕੁਛ ਤਰੀਕੇ ਐਸੇ ਬੀ ਹੈਂ ਜੋ ਸਾਰੀ ਦੁਨੀਆਂ
ਮਕਬੂਲ ਹੈ। ਕਦੀਮ ਜ਼ਮਾਨਾ ਮੇਂ ਦੁਨੀਆਂ ਕੇ ਹਰ ਮੁਲਕ
ਦਾਹੜੀ, ਔਰ ਮੂਛ ਮੁੰਡਵਾ ਦੇਣਾ ਜ਼ਬਰਦਸਤ ਤੋਹੀਨ ਮਾਨੀ ਜਾ
ਥੀ, ਜਬ ਹਿੰਦੂਓਂ ਔਰ ਪਠਾਨੋਂ ਮੇਂ ਝਗੜਾ ਹੋਤਾ ਥਾ ਤੋ ਦਾ
ਮੂਛ ਕਟਵਾਨੇ ਕੀ ਸ਼ਰਤ ਲਗਤੀ ਥੀ। ਬਾਦਸ਼ਾਹ ਜਾਨ
ਆਇਰਲੈਂਡ ਕੇ ਉਮਰਾਉਂ ਕੀ ਏਕ ਟੋਲੀ ਕੀ ਦਾੜ੍ਹੀਆਂ ਮੂੰਡ
ਉਨ ਕੀ ਤੋਹੀਨ ਕੀ ਥੀ। ਇਸ ਅਮਰ ਕੀ ਗੁਆਹ ਤਵਾਰੀਖ
ਹੈ, ਯੇਹ ਕਿੱਸਾ ੧੧੮੫ ਮੇਂ ਜ਼ੇਰ ਨਜ਼ਰ ਆਇਆ ਥਾ, ਿ
ਤੋਹੀਨ ਕੋ ਆਇਰਲੈਂਡ ਵਾਲੇ ਇਤਨਾ ਬੁਰਾ ਮਾਨ ਗਏ ਕੇ ... ਉਨ
ਨੇ ਬਗ਼ਾਵਤ ਕਰਦੀ। ਸਪੇਨ ਔਰ ਇੰਗਲਸਤਾਨ ਕੇ ਦਰਮਿਅ
ਜੋ ਖ਼ੂਨਰੇਜ਼ੀ ਹੂਈ ਉਸਕਾ ਸਬੱਬ ਫਰਾਂਸ ਡੀਕ ਕਾ ਯੇ ਨਾਅਰਾ
'ਸ਼ਾਹ ਸਪੇਨ ਕੀ ਦਾੜ੍ਹੀ ਮੂਛ ਕਾਟ ਦੋ,' ਹਿੰਦੁਸਤਾਨ ਮੇਂ ਭੀ ਦਾੜ੍ਹੀ
ਕੋ ਬਹੁਤ ਅਹਿਮੀਅਤ ਹਾਸਲ ਥੀ। ਮੂਛੋਂ ਕੋ ਤਾੜ ਦੇ ਕਰ ਚਲ
ਬੜਾਈ ਸਮਝੀ ਜਾਤੀ ਥੀ ਔਰ ਜਬ ਕੋਈ ਭੀ ਤਕਰਾਰ ਮੂਛ

ਨਾਮ ਪਰ ਕਰਤਾ ਤੇ ਮੂਛ ਵਾਲਾ ਖ਼ੂਨ ਬਹਾਨੇ ਪਰ ਤਿਆਰ ਹੋ ਜਾਤਾ।

ਚੁਨਾਚਿ ਸਰਦਾਰ ਲੋਗ 'ਜਿਨ ਕੇ ਲੀਏ ਬਾਲ ਕਟਵਾਨਾ ਮਜ਼ੁਬ ਕੀ ਤੌਹੀਨ ਹੈ, ਮੂਛ ਕੋ ਕਾਟਵਾਨਾ ਤੋਂ ਕੁਜਾ ਮੂਛ ਕੋ ਨੀਚੇ ਕਰਨਾ ਭੀ ਤੌਹੀਨ ਸਮਝਤੇ ਹੈਂ। ਖ਼ੈਰ ਮੌਜੂਦਾ ਜ਼ਮਾਨੇ ਮੇਂ ਦਾੜ੍ਹੀ ਕੋ ਪਹਿਲੇ ਹੀ ਕਟਵਾ ਕੇ ਰੱਖਾ ਜਾਤਾ ਹੈ ਜਿਸ ਸੇ ਮੁਖਾਲਫ਼ ਕੋ ਤੌਹੀਨ ਕਰਨੇ ਕਾ ਕਮ ਅਜ਼ ਕਮ ਦਾੜ੍ਹੀ ਕੇ ਨਾਮ ਪਰ ਮੌਕਿਆ ਨਹੀਂ ਮਿਲਤਾ।'*

ਉਕਤ ਲੇਖ ਇਕ ਅਜਿਹੇ ਅਖਬਾਰ ਵਿਚ ਪ੍ਰਕਾਸ਼ਤ ਹੋਇਆ ਹੈ, ਜਿਸ ਦੇ ਲੇਖਕ ਦੀ ਨੀਯਤਨ ਕੇਸਾਂ ਤੇ ਦਾਹੜੀ ਬਾਰੇ ਕੀ ਰਾਇ ਹੋ ਸਕਦੀ ਹੈ, ਇਹ ਗਲ ਦੁਨੀਆਂ ਦੇ ਸਾਹਮਣੇ ਹੈ, ਪਰ ਇਹ ਸੱਚ ਹੈ ਕਿ ਹਕੀਕਤ ਕਦੇ ਵੀ ਲੁਕਾਇਆਂ ਲੁਕ ਨਹੀਂ ਸਕਦੀ, ਜੋ ਦਾਹੜੀ ਮੁੱਛਾਂ ਦੀ ਅਹਿਮੀਅਤ ਬਾਰੇ ਇਸ ਲੇਖ ਵਿਚ ਸੂਰਜ ਵਾਂਗ ਰੋਸ਼ਨ ਹੈ, ਪਰ ਅੰਤ ਵਿਚ ਲੇਖਕ ਨੇ ਇਨ੍ਹਾਂ ਸਤਰਾਂ ਵਿਚ ਬਹੁਤ ਹਲਕੀ ਅਤੇ ਅਢੁਕਵੀਂ ਦਲੀਲ ਦਿਤੀ ਹੈ ਕਿ:–'ਮੌਜੂਦਾ ਜ਼ਮਾਨੇ ਮੇਂ 'ਮੂਛ ਦਾੜ੍ਹੀ ਕੋ ਪਹਿਲੇ ਹੀ ਕਟਵਾ ਕੇ ਰੱਖਾ ਜਾਤਾ ਹੈ ਜਿਸ ਸੇ ਮੁਖਾਲਫ ਕੋ ਤੌਹੀਨ ਕਰਨੇ ਕਾ ਕਮ ਅਜ਼ ਕੰਮ ਮੌਕਿਆ ਨਹੀਂ ਮਿਲਤਾ।'

ਇਹ ਕਹਿਣਾ ਕਿ ਅਜ ਕਲ੍ਹ ਦਾੜ੍ਹੀ ਮੁੱਛਾਂ ਨੂੰ ਪਹਿਲੇ ਹੀ ਕਟਾ ਕੇ ਰਖਿਆ ਜਾਂਦਾ ਹੈ ਤਾ ਕਿ ਕਿਸੇ ਨੂੰ ਤੋਹੀਨ ਕਰਨ ਦਾ ਮੌਕਾ ਹੀ ਨਾਂ ਮਿਲੇ। ਇਸ ਦਾ ਭਾਵ ਇਹ ਹੋਇਆ ਕਿ ਦੁਸ਼ਮਨ ਜਿਸ ਤੌਹੀਨ ਦਾ ਖਤ੍ਰਾ ਵਾਪਰੇ ਉਹ ਆਪੇ ਹੀ ਕਰ ਲੈਣੀ ਚਾਹੀਦ ਅਰਥਾਤ ਜੇ ਕਿਸੇ ਤੋਂ ਇਹ ਡਰ ਭਾਸੇ ਕਿ ਜੇ ਮੈਂ ਉਸਦੇ ਕਾਬੂ ਗਿਆ ਤਾਂ ਉਹ ਮੇਰੀ ਦਾਹੜੀ ਪੁਟੇਗਾ ਤਾਂ ਆਪੇ ਹੀ ਪੁਟ ਦਿਉ ਤਾ ਕੇ ਉਸ ਨੂੰ ਮੌਕਾ ਹੀ ਨਾ ਮਿਲੇ ਅਤੇ ਇਹ ਲਹਿਰ ਚਲਾ ਦਿਉ ਕਿ ਐ ਦੁਨੀਆਂ ਦੇ ਲੋਕੋ ਆਪਣੀਆਂ ਅਪਣ ਦਾੜ੍ਹੀਆਂ ਪੁੱਟ ਘੱਤੋ ਤਾ ਕਿ ਕਿਸੇ ਨੂੰ ਮੌਕਾ ਹੀ ਨਾ ਮਿ ਤੁਸਾਡੀਆਂ ਦਾੜ੍ਹੀਆਂ ਪੁਟਣ ਦਾ।

ਇਸ ਤਰ੍ਹਾਂ ਤਾਂ ਇਹ ਵੀ ਜੇ ਕਿਸੇ ਨੂੰ ਡਰ ਭਾਸਨ ਜਾਏ ਕਿ ਜੇ ਮੈਂ ਦੁਸ਼ਮਣ ਦੇ ਹੱਥ ਆ ਗਿਆ ਤਾਂ ਸ਼ਾਇਦ ਮੂੰਹ ਹੀ ਨਾ ਕਾਲਾ ਕਰ ਦੇਵੇ, ਤਾਂ ਕੀ ਉਸ ਨੂੰ ਆਪੇ ਆਪਣਾ ਕਾਲਾ ਕਰ ਦੇਣਾ ਚਾਹੀਦਾ ਹੈ? ਅਤੇ ਮੂੰਹ ਕਾਲਾ ਕਰਨ ਨੂੰ ਧਾ ਰਸਮ ਬਣਾ ਕੇ ਇਸ ਗੱਲ ਦਾ ਪ੍ਰਚਾਰ ਹੀ ਅਰੰਭ ਦੇਣਾ ਚਾ ਹੈ ਕਿ ਸਾਰੇ ਲੋਕ ਮੂੰਹ ਕਾਲੇ ਕਰਾ ਦਿਓ?

ਕਿਆ ਕਹਿਣੇ ਦਲੀਲਬਾਜ਼ੀ ਦੇ, ਲੋੜ ਹੀ ਕੀ ਹੈ, ਕਿਸੇ ਦਾ ਸਿਰ ਪੈਰ ਵੇਖਣ ਦੀ, ਦੇਣੀ ਤਾਂ ਆਖਰ ਦਲੀਲ ਹੀ ਹੈ।

ਪਰ ਫਿਰ ਵੀ ਅਸੀਂ ਉਕਤ ਲੇਖਕ ਵੀ ਤਾਰੀਫ਼ ਬਿਨਾਂ ਨਹੀਂ ਰਹਿ ਸਕਦੇ, ਜਿਸ ਨੇ ਇਕ ਹਕੀਕਤ ਦੁਨੀ ਸਾਮ੍ਹਣੇ ਰਖੀ ਹੈ ਕਿ ਪੁਰਾਤਨ ਸਮਿਆਂ ਵਿਚ ਕਿੰਨਾ ਸਤਿਕਾਰ ਜਾਂਦਾ ਸੀ ਦਾੜ੍ਹੀ, ਮੁੱਛਾਂ ਦਾ ਅਤੇ ਨਾਲ ਹੀ ਲਿਖਿਆ ਹੈ ਕਿ ਸਿੰਘ ਸੂਰਬੀਰ ਤਾਂ ਆਪਣੀ ਮੁੱਛ ਨੂੰ ਨੀਵਾਂ ਕਰਨਾ ਭੀ ਅ ਤੌਹੀਨ ਸਮਝਦਾ ਹੈ।

ਸੋ ਇਹ ਹਕੀਕਤ ਹੈ ਕਿ ਸਾਰੀ ਦੁਨੀਆਂ ਦਾਹੜੀ ਕੇਸ ਕਿਸੇਜ਼ਮਾਨੇ ਸਤਿਕਾਰ ਕਰਦੀ ਸੀ ਪੁਰਾਤਨ ਸਿੱਖ ਤਾਂ ( ਕਟਾਵਨੀ ਤਾਂ ਇਕ ਪਾਸੇ ਰਹੀ) ਦਾੜ੍ਹਾ, ਬੰਨ੍ਹਣ ਵਿਚ

---

*ਇਸ ਲੇਖ ਦਾ ਅਖਬਾਰੀ ਕਟਿੰਗ ਹੀ ਸ: ਦੇਵਾ ਸਿੰਘ ਜੀ ਕਿਰਤੀ ਸ਼ਰੀਫ ਪੁਰਾ, ਅੰਮ੍ਰਿਤਸਰ ਨੇ ਡਾਕ ਰਾਹੀਂ ਲੇਖਕ ਨੂੰ ਭੇਜਿਆ ਸੀ, ਜਿਸ ਕਾਰਨ ਪਰਚੇ ਦੀ ਤਾਰੀਖ ਸਫਾ ਨਹੀਂ ਦਿਤਾ ਜਾ ਸਕਿਆ।

ਦਾੜ੍ਹੇ ਦੀ ਬੇਅਦਬੀ ਸਮਝਦੇ ਸਨ।

ਸਭ ਤੋਂ ਪਹਿਲੇ ਇਹ ਵਾਦੀ ਮਾਹਰਾਜਾ ਸ਼ੇਰ ਸਿੰਘ ਤੋਂ ਚਲੀ ਅਤੇ ਪੰਥ ਵਿਚ ਇਸੇ ਗੱਲ ਤੇ ਗੁਸੇ ਦੀ ਲਹਿਰ ਦੌੜ ਗਈ ਸੀ* ਕਿ ਗੁਰੂ ਸਾਹਿਬ ਅਤੇ ਪੁਰਾਤਨ ਗੁਰਸਿੱਖਾਂ ਦੇ ਦਾੜ੍ਹੇ ਖੁਲ੍ਹੇ ਰਹੇ। ਮਹਾਰਾਜਾ ਰਣਜੀਤ ਸਿੰਘ ਅਤੇ ਉਸ ਦੇ ਜਰਨੈਲ ਵੀ ਦਾੜ੍ਹਾ ਖੁਲ੍ਹਾ ਰਖਦੇ ਸਨ, ਪਰ ਮਹਾਰਾਜਾ ਸ਼ੇਰ ਸਿੰਘ ਨੇ ਇਹ ਨਵੀਂ ਰੀਤੀ ਚਲਾ ਕੇ ਸਿੱਖ ਰਵਾਇਤ ਦਾ ਅਪਮਾਨ ਕੀਤਾ ਹੈ। ਸੋ ਉਸ ਤੋਂ ਪਿਛੋਂ ਸਹਿਜੇ ਸਹਿਜੇ ਇਹ ਪਰਪਾਟੀ ਸਿੱਖਾਂ ਵਿਚ ਆਮ ਚਲ ਪਈ ਹੈ ਜੋ ਫੈਸ਼ਨ ਦੀਆਂ ਹੱਦਾਂ ਪਾਰ ਕਰਨ ਨੂੰ ਡਾਢੀ ਉਤਾਵਲੀ ਜਾਪਦੀ ਹੈ।

ਸਿਪਾਹਗੀਰੀ, ਕਾਰੋਬਾਰ ਅਤੇ ਦਫਤਰਾਂ ਆਦਿ ਵਿਚ ਖੁਲ੍ਹੇ ਦਾੜ੍ਹੇ ਨੂੰ ਰੁਕਾਵਟ ਕਹਿਣਾ ਇਕ ਮਨੋ ਕਲਪਿਤ ਗੱਲ ਹੈ, ਜੇ ਜਰਨੈਲ ਹਰੀ ਸਿੰਘ ਅਤੇ ਅਕਾਲੀ ਫੂਲਾ ਸਿੰਘ ਵਰਗਿਆਂ ਨੂੰ ਜੰਗ ਵਿਚ ਖੁਲ੍ਹਾ ਦਾੜ੍ਹਾ ਰੁਕਾਵਟ ਨਹੀਂ ਬਣਿਆਂ ਤਾਂ ਇਸ ਬਾਰੇ ਸਾਰੀਆਂ ਦਲੀਲਾਂ ਹੀ ਬੇਕਾਰ ਹਨ, ਮਹਾਰਾਜਾ ਰਣਜੀਤ ਸਿੰਘ ਨੇ ਤਾਂ ਗ਼ੈਰ ਸਿੱਖ ਫੌਜੀ ਜਰਨੈਲਾਂ 'ਜਰਨੈਲ ਵੈਨਤੁਰਾ (ਇਟਲੀ) ਅਤੇ ਜਰਨੈਲ ਇਲਾਰਡ (ਫਰਾਂਸੀ) ਤੋਂ ਇਹ ਲਿਖਤ ਕਰਾ ਲਈ ਸੀ ਕਿ ਮੇਰੀ ਫੌਜ ਵਿਚ ਤੁਹਾਨੂੰ ਦਾੜ੍ਹੀ ਖੁਲ੍ਹੀ ਤੇ ਸਾਬਤ ਰਖਣੀ ਪਵੇਗੀ† ਮੁੰਨਾਉਣ ਦੀ ਸਖਤ ਮਨਾਹੀ ਹੋਵੇਗੀ।

ਆਪ ਦਰਸ਼ਨੀ (ਖੁਲ੍ਹੇ) ਦਾੜ੍ਹੇ ਦਾ ਐਨਾ ਅਦਬ ਕਰਦੇ ਸਨ ਕਿ ਇਕ ਸਜਨ ਰਤਨ ਚੰਦ ਨੂੰ ਆਪ ਨੇ ਸੁੰਦਰ ਦਾੜ੍ਹੇ ਦੇ

---

*ਦੇਖੋ ਮਹਾਰਾਜਾ ਸ਼ੇਰ ਸਿੰਘ ਲੇਖਕ ਬਾਵਾ ਪ੍ਰੇਮ ਸਿੰਘ ਸਫਾ ੨੨੩

†ਇਤਿਹਾਸਕ ਲੈਕਚਰ ਸਫਾ ੩੩੫

ਸਤਿਕਾਰ ਵਜੋਂ ਪੋਸਟ ਮਾਸਟਰ ਜਰਨਲ ਦਾ ਔਹਦਾ * ਦਿਤ
ਪੈਂਤੀ ਸੋ ਰੁਪਏ ਦੀ ਸਾਲਾਨਾ ਜਾਗੀਰ ਦਿਤੀ ਸੀ। ਇਸ
ਵੀਚਾਰ ਤੋਂ ਸਿੱਟਾ ਇਹੀ ਨਿਕਲਦਾ ਹੈ ਕਿ ਮਨੁੱਖ ਨੂੰ ਨਿਰੰਕ
ਦਾੜ੍ਹੀ ਬਖਸ਼ੀ ਹੈ ਅਤੇ ਇਹ ਕੁਦਰਤੀ ਦਾਤ ਹੈ। ਇਸ ਨੂੰ
ਮੁਨੀ ਪੈਗ਼ੰਬਰ, ਅਵਤਾਰ, ਸਾਰੇ ਰਖਦੇ ਆਏ ਹਨ ਅਤੇ
ਨੂੰ ਕੱਟਣ ਵਾਲੇ ਕੁਦਰਤੀ ਨਿਯਮਾਂ ਦੇ ਵਿਰੋਧੀ ਮਨੁੱਖਤ
ਸਤਿਆਨਾਸ ਕਰ ਕੇ ਮਰਦਾਂ ਤੋਂ ਔਰਤਾਂ ਦਾ ਭੇਸ
ਕਰਨ ਵਾਲੇ ਬੱਜਰ ਕੁਰਹਿਤੀ ਹਨ। ਇਹ ਵੀ ਜਿਨ੍ਹਾਂ ਨੌਜੁਅ
ਵਹਿਮ ਹੈ ਕਿ ਦਾੜ੍ਹੀ ਕੈਚੀ ਨਾਲ ਗੋਲ ਕਰ ਕੇ ਉਹ ਖੂਬ
ਲਗਦੇ ਹਨ, ਇਹ ਉਨ੍ਹਾਂ ਦਾ ਭੁਲੇਖਾ ਹੈ।

ਸਚਾਈ ਇਹ ਹੈ ਕਿ ਕੇਸਾਂ ਵਾਲਾ ਦਾਹੜੀ ਕੱਟਾ
ਬਹੁਤ ਹੀ ਬਦਸੂਰਤ ਲਗਦਾ ਹੈ, ਕਿਉਂਕਿ ਇਸ ਹਾਲਤ
ਨਾ ਉਹ ਸਿੱਖ ਜਾਪਦਾ ਹੈ ਨਾ ਹੀ ਮੁਸਲਮਾਨ ਅਤੇ ਨਾ ਹੀ

ਪੂਰਨ ਮਨੁਖਤਾ ਦੀ ਝਲਕ ਸੁੰਦਰ ਦਾਹੜੇ ਅਰਥਾਤ
ਸੂਰਤ ਵਿਚ ਹੀ ਹੈ।

---

*ਜੀਵਨ ਮਹਾਰਾਜਾ ਸ਼ੇਰ ਸਿੰਘ ਸਫਾ ੨੨੪

# ਈਸ਼੍ਵਰ ਵੀ ਕੇਸਾਂ ਵਾਲਾ ਹੈ

ਵਾਹਿਗੁਰੂ ਨਿਰੰਕਾਰ, 'ਜਿਸ ਨੇ ਦੁਨੀਆਂ ਸਾਜੀ ਹੈ,' ਦੇ ਦੋ ਸਰੂਪ ਮੰਨੇ ਗਏ ਹਨ, ਇਕ ਨਿਰਗੁਣ ਅਤੇ ਦੂਜਾ ਸਰਗੁਣ। ਅਰਥਾਤ ਇਕ ਉਹ ਸਰੂਪ ਜੋ ਤ੍ਰਿਗੁਣੀ ਮਾਇਆ ਤੋਂ ਰਹਿਤ ਆਦ੍ਰਿਸ਼ਟ ਅਗੋਚਰ ਹੈ, ਅਤੇ ਦੂਜਾ ਉਹ ਜੋ ਸਹਿਤ ਤਿੰਨਾਂ ਗੁਣਾਂ ਦੇ (ਸਾਕਾਰ) ਹੈ। ਜਿਥੇ ਉਸ ਦੇ ਸਾਕਾਰ ਰੂਪ ਦਾ ਜ਼ਿਕਰ ਆਉਂਦਾ ਹੈ, ਉਥੇ ਉਸ ਨੂੰ ਕੇਸਵ (ਕੇਸਾਂ ਵਾਲਾ) ਕਿਹਾ ਗਿਆ ਹੈ। ਕੇਸਵ ਨਾਮ ਹੀ ਉਸ ਦਾ ਕੇਸਾਂ ਵਾਲਾ ਹੋਣ ਕਰ ਕੇ ਪਿਆ ਹੈ। ਹੁਣ ਸੁਆਲ ਇਹ ਉਠਦਾ ਹੈ ਕਿ ਰੱਬ ਦੇ ਕੇਸ ਕਿਸ ਵੇਖੇ ਹਨ। ਇਹਦਾ ਉਤਰ ਇਹੀ ਹੈ ਕਿ ਜਿਸ ਨੇ ਰੱਬ ਵੇਖਿਆ ਹੈ। ਹੁਣ ਆਓ ਇਹ ਵੇਖੀਏ ਕਿ ਰੱਬ ਕਿਸ ਕਿਸ ਵੇਖਿਆ ਹੈ ਅਤੇ ਉਹਨਾਂ ਦੀ ਅੱਖੀਂ ਡਿੱਠੀ ਗਵਾਹੀ ਕੀ ਹੈ।

(੧) ਗੁਰੂ ਨਾਨਕ ਸਾਹਿਬ ਜਿਸ ਵਕਤ ਵੇਈਂ ਨਦੀ ਵਿਚ ਪ੍ਰਵੇਸ਼ ਕਰ ਕੇ ਅੰਤਰ ਧਿਆਨ ਹੋਏ ਸਨ ਤਾਂ ਉਹਨਾਂ ਨੇ ਨਿਰੰਕਾਰ ਦੇ ਸਾਖਿਆਤ ਸਰੂਪ ਨਾਲ ਸੰਸਾਰ ਦੀ ਹਾਲਤ ਬਾਰੇ ਉੱਤਰ ਪ੍ਰਸ਼ਨ ਕੀਤੇ ਸਨ। ਉਸ ਸਮੇਂ ਨਿਰੰਕਾਰ ਦਾ ਜੋ ਸਰੂਪ ਆਪ ਨੇ ਵੇਖਿਆ, ਉਸ ਦੀ ਸਿਫਤੇ ਸਲਾਹ ਵਿਚ ਕਿਸੇ ਸਮੇਂ ਉਨ੍ਹਾਂ ਨੇ ਵਡਹੰਸ, ਰਾਗ ਵਿਚ ਇਕ ਸ਼ਬਦ ਉਚਾਰਣ ਕੀਤਾ ਸੀ ਜੋ ਬਹੁਤ ਲੰਬਾ ਹੈ। ਇਥੇ ਕੇਵਲ ਉਸ ਦੀਆਂ ਕੁਝ ਸਤਰਾਂ ਹੀ ਲਿਖੀਆਂ ਜਾਂਦੀਆਂ ਹਨ:-

ਤੇਰੇ ਬੰਕੇ ਲੋਇਣ ਦੰਤ ਰੀਸਾਲਾ ॥
ਸੋਹਣੇ ਨਕ ਜਿਨ ਲੰਮੜੇ **ਵਾਲਾ** ॥
ਕੰਚਨ ਕਾਇਆ ਸੁਇਨੇ ਕੀ ਢਾਲਾ ॥
[ਵਡਹੰਸ ਮ: ੧ ਸ: ੫੬

ਇਹ ਸ਼ਬਦ ਗੁਰੂ ਸਾਹਿਬ ਨੇ ਵਾਹਿਗੁਰੂ ਨੂੰ ਮੁਖਾ
ਕੇ ਉਚਾਰਣ ਕੀਤਾ ਹੈ, ਕਿ ਹੇ ਨਿਰੰਕਾਰ! ਤੇਰੇ ਨੇਤ੍ਰ ਬੜੇ
ਅਤੇ ਦੰਦ ਵੀ (ਰੀਸਾਲਾ) ਰਸ ਦਾ ਘਰ ਅਰਥਾਤ ਬਹੁਤ
ਹਨ। ਤੇਰਾ ਨੱਕ ਬੜਾ ਸੋਹਣਾ ਅਤੇ ਲੰਬੇ ਲੰਬੇ ਵਾਲ ਹ
ਕਾਇਆਂ ਇਸ ਤਰ੍ਹਾਂ ਹੈ, ਜਿਵੇਂ ਸੋਨੇ ਦੀ ਢਲੀ ਹੋਈ ਇਕ
ਹੋਵੇ। ਇਸ ਵਿਚ ਸੋਨੇ ਦੀ ਆਪ ਨੇ ਕੇਵਲ ਤਸ਼ਬੀਹ ਦਿ
ਜੋ ਅਤਿ ਸੁੰਦਰਤਾ ਦੀ ਵਾਚਕ ਹੈ। ਅਤੇ ਸੁੰਦਰ ਤੇ ਲੰਬੇ
ਦਾ ਜ਼ਿਕਰ ਈਸ਼੍ਵਰ ਦੇ ਸਾਖਯਾਤ ਸਰਗੁਣ ਸਰੂਪ ਦਾ ਲਖਾ

(੨) ਜਿਸ ਵਕਤ ਨਾਮਦੇਵ ਆਪਣੇ ਪਿਤਾ ਦੇ
ਭਗਵਾਨ (ਨਿਰੰਕਾਰ) ਨੂੰ ਦੁਧ ਪਿਲਾਉਣ ਲਈ ਬੈਠਾ ਤ
ਨੇ ਸਿੱਧੀ ਪੱਧਰੀ ਸ਼ਰਧਾ ਸਹਿਤ ਸਿਦਕ ਭਰੇ ਦਿਲ ਨਾਲ ਪ੍ਰ
ਕੀਤੀ ਜੋ ਆਪ ਦੇ ਉਚਾਰੇ ਇਸ ਸ਼ਬਦ ਤੋਂ ਪ੍ਰਗਟ ਹੈ:-

ਦੂਧੁ ਕਟੋਰੈ ਗਡਵੈ ਪਾਨੀ। ਕਪਲ ਗਾਇ ਨਾਮੇ
ਦੁਹਿਆਨੀ ॥ ੧ ॥ ਦੂਧ ਪੀਉ ਗੋਬਿੰਦੇ ਰਾਇ ॥
ਦੂਧੁ ਪੀਉ ਮੇਰੋ ਮਨੁ ਪਤੀਆਇ ॥ ਨਾਹੀ ਤ ਘਰ
ਕੋ ਬਾਪੁ ਰਿਸਾਇ ॥ ੧ ॥ ਰਹਾਉ ॥ ਸੁਇਨ ਕਟੋਰੀ
ਅੰਮ੍ਰਿਤ ਭਰੀ ॥ ਲੈ ਨਾਮੈ ਹਰਿ ਆਗੈ ਧਰੀ ॥ ੨ ॥
ਏਕ ਭਗਤੁ ਮੇਰੇ ਹਿਰਦੇ ਬਸੈ ॥ ਨਾਮੇ ਦੇਖ ਨਾਰਾ-
ਇਨੁ ਹਸੈ ॥ ੩ ॥ ਦੂਧੁ ਪੀਆਇ ਭਗਤੁ ਘਰਿ
ਗਇਆ ॥ ਨਾਮੇ ਹਰਿ ਕਾ ਦਰਸਨੁ
ਭਇਆ ॥ ੪ ॥ ੩ ॥ [ਭੈਰਉ ਨਾਮਦੇਵ ਜੀ ਸਫਾ

ਇਸ ਸ਼ਬਦ ਤੋਂ ਸਾਫ ਜ਼ਾਹਿਰ ਹੈ ਕਿ ਨਾਮਦੇਵ ਨੇ ਵਾਹਿਗੁਰੂ ਦੇ ਸਾਖਯਾਤ ਸਾਕਾਰ ਰੂਪ ਦੇ ਦਰਸ਼ਨ ਕੀਤੇ ਅਤੇ ਉਸ ਨੂੰ ਹਸਦਿਆਂ ਵੇਖਿਆ ਹੈ। ਜੇ ਨਾਮਦੇਵ ਨੂੰ ਨਿਰੰਕਾਰ ਦੇ ਦਰਸ਼ਨ ਹੋਏਸਨ ਤਾਂ ਆਖਰ ਉਸਨੇ ਇਹ ਵੀ ਵੇਖਿਆ ਹੋਵੇਗਾ ਕਿ ਇਹ ਕੇਸਾਂ ਵਾਲਾ ਹੈ ਜਾਂ ਬਿਨਾਂ ਕੇਸਾਂ ਦੇ, ਜੋ ਕੁਝ ਉਸ ਨੇ ਵੇਖਿਆ ਹੈ, ਉਹ ਹੇਠ ਲਿਖੇ ਸ਼ਬਦਾਂ ਤੋਂ ਪ੍ਰਗਟ ਹੈ ਜੋ ਨਾਮਦੇਵ ਨੇ ਈਸ਼ਵਰ ਦੀ ਸਿਫਤੋ ਸਲਾਹ ਵਿਚ ਥਾਂ ਪਰ ਥਾਂ ਉਚਾਰਣ ਕੀਤੇ ਹਨ :-

ਮੇਰੋ ਬਾਪੁ ਮਾਧਉ ਤੂ ਧਨੁ **ਕੇਸੋ** (ਕੇਸਾਂ ਵਾਲਾ)
ਸਾਵਲੀਉ ਬੀਠੁਲਾਇ ॥ ੧ ॥ ਰਹਾਉ ॥ ਕਰ ਧਰੇ
ਚਕ੍ਰ ਬੈਕੁੰਠ ਤੇ ਆਇ ਗਜ ਹਸਤੀ ਕੇ ਪ੍ਰਾਨ
ਉਧਾਰੀਅਲੇ ॥

[ਮਾਲੀ ਗਉੜਾ ਨਾਮਦੇਵ ਜੀ ਸ: ੯੮੮

**ਕੇਸਵਾ** ਬਚਉਨੀ ਅਈਏ ਮਈਏ ਏਕ ਆਨ
ਜੀਉ ॥

[ਧਨਾਸਰੀ ਨਾਮ ਦੇਵ ਜੀ ਸਫਾ ੬੯੩

ਆਉ ਕਲੰਦਰ **ਕੇਸਵਾ** ॥ (ਕੇਸਾਂ ਵਾਲਾ ਫਕੀਰ)
ਕਰ ਅਬਦਾਲੀ ਭੇਸਵਾ ॥

[ਭੈਰਉ ਨਾਮਦੇਵ ਜੀ ਸ: ੧੧੬੭

ਭਗਤ ਹੇਤਿ ਮਾਰਿਓ ਹਰਨਾਖਸੁ ਨਰ ਸਿੰਘ ਰੂਪ ਹੋਇ
ਦੇਹ ਧਰਿਓ ॥ ਨਾਮਾ ਕਹੈ ਭਗਤਿ ਬਸ **ਕੇਸਵ**
ਅਜਹੂੰ ਬਲਿ ਕੇ ਦੁਆਰ ਖਰੋ ॥

[ਮਾਰੂ ਨਾਮਦੇਵ ਜੀ ਸ: ੧੧੦੫

ਇਨ੍ਹਾਂ ਸ਼ਬਦਾਂ ਵਿਚ ਆਇ 'ਕੇਸਵਾ' ਸ਼ਬਦ ਤੋਂ ਮੁਰਾਦ ਕੇਸਾਂ ਧਾਰੀ ਪ੍ਰਭੂ ਹੈ।

(੩) ਧੰਨੇ ਭਗਤ ਨੇ ਜਦ ਤ੍ਰਿਲੋਚਨ ਨੂੰ ਪੱਥਰ ਦੀ ਮੂ ਦਾ ਪੂਜਨ ਕਰਦਿਆਂ ਵੇਖਿਆ ਤਾਂ ਪੁਛਿਆ ਤ੍ਰਿਲੋਚਨ ਜੀ ਕਰਦੇ ਹੋ ? ਤਾਂ ਤ੍ਰਿਲੋਚਨ ਨੇ ਕਿਹਾ ਠਾਕਰ ਦੀ ਪੂਜਾ ਕ ਹਾਂ, ਧੰਨਾ ਕਹਿਣ ਲਗਾ ਇਸ ਦਾ ਕੀ ਲਾਭ ਹੈ? ਤ੍ਰਿਲੋ ਨੇ ਜਵਾਬ ਦਿਤਾ 'ਸਰਬ ਸੁਖਾਂ ਦੀ ਪ੍ਰਾਪਤੀ'। ਭਾਈ ਗੁਰ ਜੀ ਦਾ ਕਥਨ ਹੈ :-

ਬਾਮ੍ਹਣ ਪੂਜੈ ਦੇਵਤੇ ਧੰਨਾ ਗਊ ਚਰਾਵਣ ਜਾਵੈ ॥
ਧੰਨੇ ਡਿਠਾ ਚਲਤ ਇਹ ਪੁਛੈ ਬਾਹਮਣ ਆਖ
ਸੁਣਾਵੈ ॥ ਠਾਕੁਰ ਦੀ ਪੂਜਾ ਕਰੈ ਜੋ ਇਛੈ ਸੋਈ ਫਲ
ਪਾਵੈ। ਧੰਨਾ ਕਰਦਾ ਜੋਦੜੀ ਮੈ ਭਿ ਦੇਹ ਇਕ ਜੇ
ਤੁਧ ਭਾਵੈ ॥ ਪੱਥਰ ਇਕ ਲਪੇਟ ਕਰ ਦੇ ਧੰਨੇ ਨੂੰ
ਗੈਲ ਛੁਡਾਵੈ ॥ ਠਾਕੁਰ ਨੋ ਨ੍ਹਾਵਾਲ ਕੈ ਛਾਹਿ ਰੋਟੀ
ਲੈ ਭੋਗ ਚੜ੍ਹਾਵੈ। ਹੱਥ ਜੋੜ ਮਿੰਨਤ ਕਰੈ ਪੈਰੀ
ਪੈ ਪੈ ਬਹੁਤ ਮਨਾਵੈ ॥ ਹਉ ਭੀ ਮੂੰਹ ਨ ਜੁਠਾਲਸਾਂ
ਤੂੰ ਰੁੱਠਾ ਮੈ ਕਿਹੁ ਨ ਸੁਖਾਵੈ ॥ ਗੋਸਾਈ ਪਰਤੱਖ
ਹੋਇ ਰੋਟੀ ਖਾਹਿ ਛਾਹਿ ਮੁਹਿ ਲਾਵੈ ॥ ਭੋਲਾ ਭਾਉ
ਗੋਬਿੰਦ ਮਿਲਾਵੈ ॥

[ਵਾ : ੧੦-ਪੌ: ੧੩

ਉਕਤ ਵਾਰਤਾ ਤੋਂ ਸਿੱਧ ਹੈ ਕਿ ਧੰਨੇ ਨੇ ਵਾਹਿਗੁ ਪਰਤੱਖ ਦਰਸ਼ਨ ਕੀਤੇ ਅਤੇ ਉਸ ਦੀ ਸਾਕਾਰ ਸੂਰਤ ਨੂੰ ਵੇਖਿਆ

(੪) ਇਸੇ ਤਰ੍ਹਾਂ ਪ੍ਰਸਿੱਧ ਵਾਰਤਾ ਹੈ ਕਿ ਜਦ ਧੰਨੇ ਪ੍ਰੇਮਾ ਭਗਤੀ ਦੇ ਸਬਕ ਤੋਂ ਤ੍ਰਿਲੋਚਨ ਤੇ ਵੀ ਈਸ਼੍ਵਰ ਦੀ ਕ੍ਰਿਪਾ ਹੋ (ਜਿਸ ਨੂੰ ਪਹਿਲੇ ਨਿਰੰਕਾਰ ਦਾ ਗਿਆਨ ਨਹੀਂ ਸੀ, ਕੇ ਪੱਥਰ ਜਾਣ ਕੇ ਹੀ ਮੂਰਤੀ ਪੂਜਾ ਕਰਦਾ ਸੀ।) ਤਾਂ ਉਹ

ਈਸ਼੍ਵਰ ਦੀ ਸੱਚੀ ਪ੍ਰੇਮਾ ਭਗਤੀ ਵਿਚ ਲੀਨ ਹੋ ਗਿਆ, ਇਸ ਤਰ੍ਹਾਂ ਦੀ ਉਸ ਦੀ ਪਿਆਰ ਭਾਵਨਾ ਤੇ ਰੀਝ ਕੇ ਨਿਰੰਕਾਰ ਨੇ ਮਨੁਖੀ ਰੂਪ ਧਾਰ ਕੇ ਉਸ ਦੇ ਘਰ ਦਾ ਕੰਮ ਕਰਨਾ ਸ਼ੁਰੂ ਕਰ ਦਿਤਾ, ਜਦ ਭਗਤ ਦੀ ਘਰ ਵਾਲੀ ਇਕ ਦਿਨ ਉਸ ਪ੍ਰਭੂ ਨੂੰ ਸਾਰਾ ਆਟਾ ਖੁਆ ਕੇ ਵੀ ਨਾ ਰੀਝਾਅ ਸੱਕੀ ਤਾਂ ਉਸ ਨੇ ਨਿੰਦਾ ਭਰੇ ਕੁਝ ਵਾਕ ਕਹੇ, ਜਿਨ੍ਹਾਂ ਨੂੰ ਸੁਣ ਕੇ ਨਿਰੰਕਾਰ ਜੀ ਅਲੋਪ ਹੋ ਗਏ।

ਇਹ ਵੇਖ ਜਦ ਉਹ ਅਫਸੋਸ ਕਰਨ ਲੱਗੀ ਤਾਂ ਭਗਤ ਤ੍ਰਿਲੋਚਨ ਜੀ ਨੇ ਧਨਾਸਰੀ ਰਾਗ ਵਿਚ ਸ਼ਬਦ 'ਨਾਰਾਇਣ ਨਿੰਦਸ ਕਾਹਿ ਭੂਲੀ ਗਵਾਰੀ' ਉਚਾਰਣ ਕੀਤਾ। ਜਿਸ ਤੋਂ ਜ਼ਾਹਿਰ ਹੈ ਕਿ ਤ੍ਰਿਲੋਚਨ ਭਗਤ ਨੇ ਵੀ ਨਿਰੰਕਾਰ ਦੇ ਸਾਕਾਰ ਰੂਪ ਦੇ ਦਰਸ਼ਨ ਕੀਤੇ।

(੫) ਪੰਚਮ ਪਾਤਸ਼ਾਹ ਨੇ ਜਦ ਹਰਮੰਦਰ ਸਾਹਿਬ ਜੀ ਦੀ ਸਾਜਨਾ ਕੀਤੀ ਤਾਂ ਆਪ ਨੇ ਇਕ ਦਿਨ ਨਿਰੰਕਾਰ ਨੂੰ ਸਾਖਯਾਤ–ਕਾਰ ਹੋ ਕੇ ਹਰਕੀਆਂ ਪੌੜੀਆਂ ਤੇ ਮਿੱਟੀ ਦੀ ਟੋਕਰੀ ਚੁਕਦਿਆਂ ਵੇਖਿਆ, ਜਿਸ ਤੇ ਉਨ੍ਹਾਂ ਨੇ ਸ਼ਬਦ ਉਚਾਰਨ ਕੀਤਾ :–

ਸੰਤਾ ਕੇ ਕਾਰਜਿ ਆਪਿ ਖਲੋਇਆ ਹਰਿ ਕੰਮੁ
ਕਰਾਵਣਿ ਆਇਆ ਰਾਮ॥ ਧਰਤਿ ਸੁਹਾਵੀ ਤਾਲੁ
ਸੁਹਾਵਾ ਵਿਚਿ ਅੰਮ੍ਰਿਤ ਜਲੁ ਛਾਇਆ ਰਾਮ॥
[ਸੂਹੀ ਮਹਲਾ ੫ ਸ: ੭੮੩

ਇਸ ਸ਼ਬਦ ਤੋਂ ਸਿੱਧ ਹੁੰਦਾ ਹੈ ਕਿ ਗੁਰੂ ਅਰਜਨ ਦੇਵ ਜੀ ਨੇ ਵੀ ਨਿਰੰਕਾਰ ਦੀ ਦਿੱਭ ਮੂਰਤਿ ਦੇ ਦਰਸ਼ਨ ਕੀਤੇ ਉਨ੍ਹਾਂ ਨੇ ਵੀ ਵਾਹਿਗੁਰੂ ਨੂੰ ਕਈ ਥਾਈਂ ਕੇਸਵ (ਕੇਸਾਂ ਵਾਲਾ) ਕਹਿ ਕੇ ਯਾਦ ਕੀਤਾ ਹੈ :–

ਸਰਨਿ ਦੁਖ ਭੰਜਨ ਪੁਰਖ ਨਿਰੰਜਨ ਸਾਧੂ ਸੰਗਤਿ
ਰਵਣੁ ਜੈਸੇ॥ **ਕੇਸਵ** ਕਲੇਸ ਨਾਸ ਅਘ ਖੰਡਨ
ਨਾਨਕ ਜੀਵਤ ਦਰਸ ਦਿਸੇ॥
[ਬਿਲਾਵਲ ਮਹਲਾ ੫ ਸ: ੮੨

ਸ੍ਰੀ ਰੰਗ ਬੈਕੁੰਠ ਕੇ ਵਾਸੀ॥ ਮਛੁ ਕਛੁ ਕੂਰਮੁ
ਆਗਿਆ ਅਉਤਰਾਸੀ॥ **ਕੇਸਵ** ਚਲਤ ਕਰਹਿ
ਨਿਰਾਲੇ ਕੀਤਾ ਲੋੜਹਿ ਸੋ ਹੋਇਗਾ॥
[ਮਾਰੂ ਮਹਲਾ ੫ ਸ: ੧੦੮੨

ਇਹ ਸਾਰੇ ਉਪਰ ਲਿਖੇ ਇਤਿਹਾਸਕ ਅਤੇ ਗੁਰਬਾਣ
ਹਵਾਲੇ ਸਾਬਤ ਕਰਦੇ ਹਨ ਕਿ ਵਾਹਿਗੁਰੂ ਦਾ ਸਰਗੁਣ ਸਰੂਪ
ਵਾਲਾ ਹੁੰਦਾ ਹੈ। ਇਸਲਾਮੀ ਕਿਤਾਬਾਂ ਵਿਚ ਵੀ ਖ਼ੁਦਾ ਨੂੰ ਕੇਸਾਂ
ਮੰਨਿਆ ਹੈ, ਜਿਹਾ ਕਿ ਹਜ਼ਰਤ ਮੂਸਾ ਜੀ ਦੀ ਪੈਦਾਇਸ਼ ਦੀ ਕਿ
ਵਿਚ ਲਿਖਿਆ ਹੈ :–

'ਤਬ ਖ਼ੁਦਾ ਨੇ ਕਿਹਾ ਕਿ ਹਮ ਇਨਸਾਨ ਕੋ ਅ
ਸੂਰਤ ਪਰ ਆਪਣੀ ਮਾਨਿੰਦ ਬਨਾਵੇਂ। ਉਹ ਸਭ
ਸਰਦਾਰੀ ਕਰੇ, ਸੋ ਖ਼ੁਦਾ ਨੇ ਇਨਸਾਨ ਕੋ ਆਪਣੀ ਸੂਰਤ
ਪੈਦਾ ਕੀਆ। [ਬਾਬਾ ੧ ਆਇਤ ੨੬-੨੭-੨

ਬਾਬਾ ਆਦਮ, (ਜਿਸ ਨੂੰ ਹਿੰਦੂ ਧਰਮ ਵਿਚ ਸ਼ਿਵਜੀ
ਗਿਆ ਹੈ) ਇਸਲਾਮ ਧਰਮ ਨੇ ਪਹਿਲਾ ਮਨੁੱਖ ਤੇ
ਮੰਨਿਆ ਹੈ, ਉਸ ਬਾਰੇ ਪ੍ਰਸਿੱਧ ਹੈ ਕਿ ਖ਼ੁਦਾ ਨੇ ਉਸ ਨੂੰ ਅ
ਸੂਰਤ ਤੇ ਸਾਜਿਆ ਹੈ ਅਤੇ ਉਹ ਕੇਸਾਂ ਵਾਲਾ ਸੀ, ਜਿਸ ਦੀ
ਸਾਫ਼ ਜਟਾ ਜੂਟ ਹੈ।

ਗੁਰੂ ਨਾਨਕ ਦੇਵ ਜੀ ਬਾਰੇ ਵੇਦਾਂ ਪੁਰਾਣਾਂ ਅਥਵਾ ਗੁਰ
ਦੀ ਸਮਿਲਤ ਰਾਇ ਹੈ ਕਿ ਆਪ ਪਾਰਬ੍ਰਹਮ ਦਾ ਰੂਪ ਸਨ :–

**ਰੋਮ ਰੋਮ** ਕੋਟ ਬ੍ਰਹਮੰਡ ਕੋ ਨਿਵਾਸ ਜਾਸ ਮਾਨਸ
ਅੌਤਾਰ ਧਾਰ ਦਰਸ ਦਿਖਾਇ ਹੈ। [ਭਾ: ਗੁ: ਕ: ੩

ਰਵਿਦਾਸ ਧਿਆਇ ਪ੍ਰਭ ਅਨੂਪ ॥ ਗੁਰ ਨਾਨਕ ਦੇਵ ਗੋਬਿੰਦ ਰੂਪ ॥

[ਬਸੰਤ ਮ: ੫ ਸ: ੧੧੯੨

ਆਪਿ ਨਾਰਾਇਣੁ ਕਲਾ ਧਾਰਿ ਜਗ ਮਹਿ ਪਰ ਵਰਿਯਉ ॥ ਨਿਰੰਕਾਰ ਅਕਾਰੁ ਜੋਤਿ ਜਗ ਮੰਡਲ ਕਰਿਯਉ ॥

[ਸਵਯੇ ਮਹਲੇ ਤੀਜੇ ਕੇ ੩ ਸ: ੧੩੯੫

ਜਿਸਦਾ ਭਾਵ ਇਹ ਹੈ ਕਿ ਵਾਹਿਗੁਰੂ ਆਪ ਕਲਾ ਧਾਰ ਕੇ ਅਰਥਾਤ ਮਨੁੱਖੀ ਜਾਂਮਾਂ ਧਾਰ ਕੇ ਨਾਨਕ ਨਾਮ ਵਿਚ ਸੰਸਾਰ ਤੇ ਆਇਆ ਹੈ।

ਜਿਸ ਤੋਂ ਸਿੱਧ ਹੋਇਆ ਕਿ ਕਲਜੁਗ ਵਿਚ ਈਸ਼੍ਵਰ ਦੀ ਪਰਮ ਸਤਾ ਦਾ ਪ੍ਰਕਾਸ਼ ਸਰੂਪ ਕੇਸਾਂ ਵਾਲਾ ਸੀ। ਜੋ ਸਰਗੁਣ ਰੂਪ ਵਿਚ ਨਾਨਕ ਨਾਮ ਤੇ ਮਨੁਖ ਜਾਮਾ ਧਾਰ ਕੇ ਆਇਆ ਅਤੇ ਉਸ ਨੇ ਕੇਸਾਂ ਨੂੰ ਕਾਇਮ ਰੱਖਣ ਦਾ ਪ੍ਰਚਾਰ ਕੀਤਾ।

ਇਸ ਤੋਂ ਇਲਾਵਾ ਬੇਅੰਤ ਹੀ ਹੋਰ ਹਵਾਲੇ ਦਿਤੇ ਜਾ ਸਕਦੇ ਹਨ, ਜਿਨ੍ਹਾਂ ਤੋਂ ਵਾਹਿਗੁਰੂ ਦਾ ਸਰਗੁਣ ਸਰੂਪ ਕੇਸਾਂ ਵਾਲਾ ਸਿੱਧ ਹੁੰਦਾ ਹੈ।

ਜੋ ਲੋਕ ਕੇਸਾਂ ਪਰ ਨੁਕਤਾਚੀਨੀ ਕਰਦੇ ਹਨ, ਉਹ ਇਕ ਤਰ੍ਹਾਂ ਵਾਹਿਗੁਰੂ ਦੇ ਸਰੂਪ ਤੇ ਨੁਕਤਾਚੀਨੀ ਕਰਦੇ ਹਨ ਅਤੇ ਜੋ ਇਨ੍ਹਾਂ ਨੂੰ ਕੱਟਦੇ ਹਨ ਉਹ ਨਿਰੰਕਾਰ ਦੀ ਸੂਰਤ ਨੂੰ ਭੰਗ ਕਰਦੇ, ਅਰਥਾਤ ਉਸ ਦੇ ਹੁਕਮ ਦੀ ਉਲੰਘਣਾ ਕਰਦੇ ਹਨ, ਜੋ ਉਹਨਾਂ ਦੀ ਹਰ ਪ੍ਰਕਕਾਰ ਦੀ ਪੂਜਾ ਉਪਾਸ਼ਨਾ ਵਿਚ ਵੀ ਵਿਘਨਕਾਰੀ ਸਾਬਤ ਹੁੰਦੀ ਹੈ, ਕਿਉਂਕਿ ਇਕ ਪਾਸੇ ਉਸ ਦੀ ਉਪਾਸ਼ਨਾ (ਭਗਤੀ) ਕਰਨੀ ਅਤੇ ਦੂਜੇ ਪਾਸੇ ਉਸ ਦੀ ਬਣਤ੍ਰ ਦਾ ਖੰਡਨ ਕਰਨਾ, ਇਸ ਨਾਲ ਸਿੱਧਾ ਮੁਕਾਬਲਾ ਕਰਨਾ ਹੈ ਜੋ ਕਿਸੇ ਤਰ੍ਹਾਂ ਵੀ ਯੋਗ ਨਹੀਂ।

## ਅਵਤਾਰ, ਰਿਸ਼ੀ ਮੁਨੀ ਤੇ ਕੇਸ

ਹਿੰਦੂ ਧਰਮ ਨੇ ਚਵ੍ਹੀ ਅਵਤਾਰ ਮੰਨੇ ਹਨ, ਜਿਨ੍ਹਾਂ
ਸਾਰੇ ਹੀ ਕੇਸਾਧਾਰੀ ਸਨ। ਉਨ੍ਹਾਂ 'ਚੋਂ ਪ੍ਰਸਿੱਧ ਦੋ ਹਨ, ਜਿਨ੍
ਪੂਜਾ ਅਜ ਤਕ ਕ੍ਰੋੜਾਂ ਭਾਰਤਵਾਸੀ ਕਰਦੇ ਚਲੇ ਆ ਰਹੇ
ਆਓ ਜ਼ਰਾ ਗਹੁ ਨਾਲ ਵੇਖੀਏ ਕਿ ਉਹਨਾਂ ਦੇ ਕੇਸਾ ਧਾਰੀ
ਦਾ ਕੀ ਸਬੂਤ ਹੈ।

ਰਾਮ ਚੰਦ੍ਰ ਜੀ–ਆਪ ਰੱਘੂ ਬੰਸ ਵਿਚ ਦਸਰਥ ਤੇ
ਤ੍ਰੇਤਾ ਯੁਗ ਦੇ ਅਵਤਾਰ ਸਨ, ਜਿਨ੍ਹਾਂ ਨੂੰ ਮਰਯਾਦਾ ਪ੍
ਕਿਹਾ ਜਾਂਦਾ ਹੈ। ਇਹਨਾਂ ਦੀ ਮਤਰੇਈ ਮਾਤਾ ਕੇਕਈ
ਜਦ ਹੱਠ ਕੀਤਾ ਕਿ ਰਾਮ ਚੰਦਰ ਜੀ ਨੂੰ ਬਨਬਾਸ ਅਤੇ ਮੇਰੇ
ਭਰਤ ਨੂੰ ਰਾਜ ਤਿਲਕ ਮਿਲਣਾ ਚਾਹੀਦਾ ਹੈ ਤਾਂ ਦਸਰ
ਆਪਣੀ ਪਿਆਰੀ ਇਸਤ੍ਰੀ ਦੇ ਆਖੇ ਲਗ ਕੇ ਇਸੇ ਤਰ੍ਹਾਂ ਕ
ਅਤੇ ਪਿਤਾ ਦੀ ਆਗਿਆ ਮੰਨ ਕੇ ਰਾਮ ਜੀ ਵੀ ਬਨ ਨੂੰ ਤਿਆ
ਗਏ, ਜਿਨ੍ਹਾਂ ਨਾਲ ਉਨ੍ਹਾਂ ਦੇ ਛੋਟੇ ਭਰਾਤਾ ਲਛਮਣ ਜੀ ਅਤੇ
ਜੀ ਨੇ ਵੀ ਤਿਆਰੇ ਕਰ ਲਏ। ਉਸ ਸਮੇਂ ਰਾਮ ਜੀ ਨੇ
ਦੇ ਦੁੱਧ ਨਾਲ ਆਪਣੇ ਵਾਲਾਂ ਦੀਆਂ ਜਟਾਂ ਬਣਾ ਲਈਆਂ,
ਬਾਰੇ ਤੁਲਸੀ ਦਾਸ ਜ਼ੀ ਲਿਖਦੇ ਹਨ:–

ਸਕਲ ਸੋਚ ਕਰ ਰਾਮ ਨਹਾਵਾ। ਸੁਚ ਸੁਜਾਨ ਬਟ
ਖੀਰ ਮੰਗਾਵਾ । ਅਨੁਜ ਸਹਿਤ ਸਿਰ **ਜਟਾ**

ਬਨਾਇ। ਦੇਖ ਸੁਮੰਤ੍ਰ ਨੱਯਨ ਜਲ ਛਾਇ।

[ਤੁਲਸੀ ਰਾਮਾਇਣ ਮਾਸ ਪੁਰਾਣਯ ਬਿਸ੍ਰਾਮ ੧੫ ਸ਼: ੨

ਅਰਥ–ਸੋਚ ਕੇ ਸਭ ਕਾਰਯ ਕਰ ਕੇ ਪਵਿਤ੍ਰ ਔਰ ਸੁਜਾਨ ਸ੍ਰੀ ਰਾਮ ਚੰਦ੍ਰ ਜੀ ਨੇ ਸ਼ਨਾਨ ਕੀਆ। ਫਿਰ ਬੜ੍ਹ ਕਾ ਦੂਧ ਮੰਗਾਯਾ ਔਰ ਛੋਟੇ ਭਾਈ ਲਛਮਣ ਕੇ ਸਹਿਤ ਉਸ ਦੂਧ ਸੇ ਸਿਰ ਪਰ ਜਟਾਇੰ, ਜਿਨ ਕੋ ਬਨਾਈ ਦੇਖ ਕਰ ਸੁਮੰਤ੍ਰ ਜੀ ਕੇ ਨੇਤ੍ਰੋਂ ਮੇਂ ਜਲ ਛਾ ਗਿਆ।

(ਦੇਖੋ ਰਾਮਾਇਣ, ਟੀਕਾ ਗੋਰਖਪੁਰ ਵਾਲਾ
ਸਫਾ ੪੦੮) ਟੀਕਾਕਾਰ ਹਨੂਮਾਨ ਪ੍ਰਸ਼ਾਦ।

(ਇਸ ਬਾਰੇ ਸੰਸਕ੍ਰਿਤ ਵਿਚ ਸਲੋਕ ਕੇਸ ਤੇ ਰਾਮਾਇਣ ਵਾਲੇ ਮਜ਼ਮੂਨ ਵਿਚ ਪੜ੍ਹੋ)

ਇਸੇ ਤਰ੍ਹਾਂ ਦਾ ਜ਼ਿਕਰ ਹਿਰਦਾ ਰਾਮ ਜੀ ਦਾ ਲਿਖਿਆ ਹਨੂਮਾਨ ਨਾਟਕ ਵਿਚ ਵੀ ਮਿਲਦਾ ਹੈ:–

ਰਾਜ ਸਮਾਜ ਉਤਾਰ ਸਭੈ ਰਘੁ ਰਾਜ ਕਹੀ ਅਬ ਹੈ
ਸਭ ਫੀਕੇ। ਲੈ ਬੱਟ ਦੂਧ ਬਨਾਇ **ਜਟਾਂ ਸਿਰ**
ਬੀਰਹਿ ਬੀਰ ਬਨਾਵਤ ਨੀਕੇ।

[ਹਨੂਮਾਨ ਨਾਟਕ ੨੨ਵੇਂ ਸਵੱਯੇ ਦਾ ਤੀਜਾ ਅੰਕ

ਕਈ ਸੱਜਣ ਇਹ ਕਹਿੰਦੇ ਹਨ ਕਿ ਉਨ੍ਹਾਂ ਦੀਆਂ ਜਟਾਂ ਬਨ ਵਿਚ ਜਾ ਕੇ ਵਧੀਆਂ ਸਨ, ਪਰ ਉਕਤ ਹਵਾਲਿਆਂ ਵਿਚ ਸਾਫ ਜ਼ਾਹਿਰ ਹੈ ਕਿ ਉਨ੍ਹਾਂ ਨੇ ਚੱਲਣ ਸਮੇਂ ਜਟਾਂ ਬਣਾਈਆਂ, ਇਹ ਅਞਜਾਣ ਆਦਮੀ ਵੀ ਸਮਝ ਸਕਦਾ ਹੈ ਕਿ ਜੇ ਉਹਨਾਂ ਦੇ ਕੇਸ ਕੱਟੇ ਹੋਏ ਹੁੰਦੇ ਤਾਂ ਤੁਰਨ ਸਮੇਂ ਏਨੀ ਛੇਤੀ ਜਟਾਂ ਬਣਾਉਣ ਜੋਗੇ ਲੰਬੇ ਵਾਲ ਨਹੀਂ ਹੋ ਸਕਦੇ ਸਨ।

ਇਕ ਹੋਰ ਜਗ੍ਹਾ ਤੁਲਸੀ ਦਾਸ ਜੀ ਲਿਖਦੇ ਹਨ:–

ਚਿੱਕਨ ਕਰ ਕੁੰਚਿਤ ਗਭੂਆਰੇ।
ਬਹੁ ਪ੍ਰਕਾਰ ਰਚ ਮਾਤ ਸਵਾਰੇ।

[ਬਾਲ ਕਾਂਡ ਚੌਪਈ ੧੯੯ ਸ:

ਅਰਥ–ਜਨਮ ਕੇ ਸਮੇਂ ਕੇ ਰਖੇ ਹੂਏ ਚਿਕਨੇ ਔਰ ਘੁ ਬਾਲ ਥੇ, ਜਿਨ ਕੋ ਮਾਤਾ ਨੇ ਬਹੁਤ ਪ੍ਰਕਾਰ ਸੇ ਬਨਾ ਕਰ ਦੀਆ।

ਦੇਖੋ ਰਾਮਾਇਣ ਟੀ: ਗੋ: ਪੁ: ਵਾਲਾ, ਸ: ੧੯

ਇਨ੍ਹਾਂ ਸਤਰਾਂ ਵਿਚ ਰਾਮ ਚੰਦ੍ਰ ਜੀ ਦੇ ਸੁੰਦਰ ਕੇਸਾਂ ਦ ਸੂਰਜ ਵਾਂਗ ਰੋਸ਼ਨ ਹੈ। ਇਹ ਕਹਿਣਾ ਵੀ ਗ਼ਲਤ ਹੈ ਕਿ ਵਿਚ ਵਾਲ ਕਟਵਾਉਣ ਦਾ ਕੋਈ ਪ੍ਰਬੰਧ ਨਾ ਹੋਣ ਕਾਰਨ ਜਟਾਂ ਬਣਾਉਣੀਆਂ ਪਈਆਂ। ਫਰਜ਼ ਕਰੋ ਉਨ੍ਹਾਂ ਨੂੰ ਕੋਈ ਨਹੀਂ ਸੀ ਮਿਲਦਾ ਤਾਂ ਅਜ ਕਲ ਜਿਵੇਂ ਸੱਤਰ ਫੀ ਸਦੀ ਲੋਕ ਹੀ ਹਜਾਮਤ ਕਰਦੇ ਅਤੇ ਸਫਰ ਵਿਚ ਵੀ ਹਜਾਮਤ ਦਾ ਸਾਮਾ ਰਖਦੇ ਹਨ, ਕੀ ਰਾਮ ਚੰਦ੍ਰ ਜੀ ਇਸ ਤਰ੍ਹਾਂ ਨਹੀਂ ਕਰ ਸਕਦੇ ਸਾਡੇ ਖਿਆਲ ਵਿਚ ਤਾਂ ਅਜਿਹਾ ਕਹਿਣਾ, ਕਿ ਜੇ ਹਜਾਮ ਪ੍ਰਬੰਧ ਹੁੰਦਾ ਤਾਂ ਉਹ ਜ਼ਰੂਰ ਕੇਸ ਕਟਾਉਂਦੇ, ਉਨ੍ਹਾਂ ਦੀ ਤੌਹੀਨ ਹੈ। ਠੀਕ ਗੱਲ ਇਹੀ ਹੈ ਕਿ ਰਾਮ ਚੰਦ੍ਰ ਜੀ ਕੇਸਾਧਾਰੀ ਸ ਉਨ੍ਹਾਂ ਦਾ ਕੇਸਾਂ ਨਾਲ ਅਤਿ ਪਿਆਰ ਸੀ। ਇਹੀ ਵਜ੍ਹਾ ਹੈ ਲੀਲ੍ਹਾ ਸਮੇਂ ਅਜ ਤਕ ਉਨ੍ਹਾਂ ਦਾ ਸਾਂਗ ਉਤਾਰਨ ਵਾਲੇ ਬ ਕੇਸ ਲਗਾ ਲੈਂਦੇ ਹਨ। ਕੇਸ ਤਾਂ ਉਨ੍ਹਾਂ ਲੋਕਾਂ ਦੇ ਕੱਟੇ ਜਾਂ ਜਿਨ੍ਹਾਂ ਨੂੰ ਮੌਤ ਤੋਂ ਵਧੇਰੇ ਸਜ਼ਾ ਦੇਣੀ ਹੁੰਦੀ ਸੀ। ਇਸ ਦੇ ਸਬੂ ਇਕ ਪੁਰਾਤਨ ਕਥਾ ਜੋ ਆਮ ਪ੍ਰਸਿੱਧ ਹੈ, ਇਥੇ ਲਿਖਦੇ ਹ

ਪੁਰਾਤਨ ਸਮਿਆਂ ਵਿਚ ਰਿਸ਼ੀ ਲੋਕਾਂ ਪਾਸ ਇਕ ਗੋਊ ਹੁੰਦੀ ਸੀ, ਜਿਸ ਤੋਂ ਉਹ ਜੋ ਮੰਗਦੇ ਸਨ, ਮਿਲਦਾ ਇਹ ਆਮ ਤੌਰ ਤੇ ਰਿਸ਼ੀ ਜਮਦੱਘਨ (ਬ੍ਰਾਹਮਣ) ਪਾਸ

ਸੀ । ਜਮਦੱਘਨ ਦੇ ਸਾਂਢੂ ਰਾਜਾ ਸਹਿਸਰਬਾਹੂ ਨੇ ਇਕ ਵੇਰਾਂ ਜਮਦੱਘਨ ਤੋਂ ਇਹ ਗਊ ਮੰਗੀ । ਜਿਸ ਦੇ ਇਨਕਾਰ ਕਰਨ ਤੇ ਸਹਿਸਰ ਬਾਹੂ ਨੇ ਰਿਸ਼ੀ ਨੂੰ ਕਤਲ ਕਰ ਦਿਤਾ । ਇਸ ਤੋਂ ਕ੍ਰੋਧ ਵਿਚ ਆ ਕੇ ਜਮਦੱਘਨ ਦੇ ਸੂਰਬੀਰ ਪੁੱਤ੍ਰ ਪਰਸ ਰਾਮ ਨੇ ਆਪਣੇ ਪਿਤਾ ਦਾ ਬਦਲਾ ਲੈਣ ਲਈ ਸਹਿਸਰਬਾਹੂ ਨੂੰ ਮਾਰ ਦਿਤਾ ਤੇ ਨਾਲ ਹੀ ਛੱਤ੍ਰੀ ਕੌਮ ਦਾ ਹੀ ਨਾਸ਼ ਕਰਨ ਦਾ ਪ੍ਰਣ ਕਰ ਲਿਆ, ਅਤੇ ਇੱਕੀ ਵੇਰ ਛੱਤ੍ਰੀਆਂ ਦੇ ਖ਼ੂਨ ਨਾਲ ਤਾਲਾਬ ਭਰ ਕੇ ਉਸ ਵਿਚ ਨਹਾ ਕੇ ਕਲੇਜਾ ਠੰਢਾ ਕੀਤਾ । ਉਨ੍ਹਾਂ ਦਿਨਾਂ ਵਿਚ ਹੀ ਜਦ ਰਾਮ ਚੰਦ੍ਰ ਜੀ ਨੇ ਸੀਤਾ ਨੂੰ ਵਰਨ ਸਮੇਂ ਰਾਜਾ ਜਨਕ ਦਾ ਧਨਸ਼ ਬਾਣ ਤੋੜਿਆ ਤਾਂ ਉਸ ਦਾ ਧਮਾਕਾ ਸੁਣ ਕੇ ਪਰਸਰਾਮ ਕ੍ਰੋਧ ਵਿਚ ਆ ਕੇ ਕਹਿਣ ਲੱਗਾ ਕਿ ਕੀ ਅਜੇ ਕੋਈ ਛੱਤ੍ਰੀ ਧਰਤੀ ਤੇ ਮੌਜੂਦ ਹੈ ? ਇਹ ਕਹਿ ਕੇ ਗੁੱਸੇ ਵਿਚ ਲਾਲੋ ਲਾਲ ਹੋਏ ਨੇ ਕੁਹਾੜਾ ਚੁੱਕ ਲਿਆ ਅਤੇ ਰਾਮ ਚੰਦ੍ਰ ਜੀ ਨੂੰ ਮਾਰਨ ਲਈ ਤੁਰ ਪਿਆ । ਜਦ ਰਸਤੇ ਆਉਂਦੇ ਰਾਮ ਚੰਦ੍ਰ ਜੀ ਉਤੇ ਉਸ ਨੇ ਕੁਹਾੜਾ ਉਲਾਰਿਆ ਤਾਂ ਲੱਛਮਣ (ਜੋ ਉਸ ਦੇ ਮੁਕਾਬਲੇ ਦਾ ਹੀ ਬਲ ਰਖਦਾ ਸੀ) ਨੇ ਪਰਸ ਰਾਮ ਨੂੰ ਫੜ ਲਿਆ ਤੇ ਉਸ ਨੂੰ ਇਸ ਅਪ੍ਰਾਧ ਦੀ ਸਜ਼ਾ ਦੇਣ ਲਈ ਰਾਮ ਚੰਦ੍ਰ ਜੀ ਨੂੰ ਬੇਨਤੀ ਕੀਤੀ ਕਿ ਇਸ ਨੂੰ ਕੀ ਸਜ਼ਾ ਦਿੱਤੀ ਜਾਵੇ, ਕਵੀ ਹਿਰਦਾ ਰਾਮ ਲਿਖਦਾ ਹੈ:-

ਕਹੋ ਬਾਂਧ ਡਾਰੋਂ ਕਹੋ ਦੇਸ ਤੇ ਨਿਕਾਰੋਂ ਕਹੋ ਬਾਰਧ
ਉਤਾਰੋਂ ਕਹੋ **ਜੂਰਾ** ਕਾਟ ਲੀਜੀਏ ।

[ਹਨੂਮਾਨ ਨਾਟਕ ਅੰਕ ੮੧

ਅਰਥ-ਹੇ ਰਾਮ ਜੀ ! ਕਹੋ ਤਾਂ ਇਸ ਦੀਆਂ ਲੱਤਾਂ ਬਾਹਵਾਂ ਬੰਨ੍ਹ ਕੇ ਸੁਟ ਦਿਆਂ, ਕਹੋ ਤਾਂ ਇਸ ਨੂੰ ਦੇਸ਼ ਨਿਕਾਲਾ ਦੇ ਦਿਆਂ, ਕਹੋ ਤਾਂ ਇਸ ਦੀਆਂ ਬਾਹਵਾਂ ਕੱਟ ਦਿਆਂ ਜਾਂ ਕਹੋ ਤਾਂ (ਇਸ ਤੋਂ ਵੀ ਸਖ਼ਤ ਸਜ਼ਾ) ਇਸ ਦਾ ਜੂੜਾ ਕੱਟ ਦਿਆਂ । ਇਸ ਵਾਰਤਾ ਅਤੇ

ਹਿਰਦਾ ਰਾਮ ਦੇ ਕਥਨ ਤੋਂ ਸਾਫ ਪ੍ਰਗਟ ਹੈ ਕਿ ਪਰਸ ਰਾਮ ਦੇ
ਤੇ ਕੇਸ ਸਨ, ਅਤੇ ਉਸ ਨੇ ਹੱਥ ਜੋੜ ਕੇ ਅਰਜ਼ ਕੀਤੀ ਸੀ ਕਿ
ਹੋਰ ਜੋ ਸਜ਼ਾ ਜੀ ਚਾਹੇ ਦਿਓ, ਪਰ ਮੇਰਾ ਜੂੜਾ ਨਹੀਂ ਕੱਟ
ਕਿਉਂਕਿ ਉਸ ਸਮੇਂ ਕੇਸ ਕੱਟਣੇ ਮੌਤ ਤੋਂ ਵੀ ਬੁਰੀ ਸਜ਼ਾ ਸ
ਜਾਂਦੀ ਸੀ ਅਤੇ ਕਈ ਗ਼ੈਰਤਮੰਦ ਇਹ ਸਜ਼ਾ ਮਿਲਣ ਤੇ ਲੱਜਾ
ਹੀ ਮਰ ਜਾਂਦੇ ਸਨ ।

ਸਾਨੂੰ ਇਸ ਗੱਲ ਦੀ ਸਮਝ ਨਹੀਂ ਔਂਦੀ ਕਿ ਜਿਨ੍ਹਾਂ
ਤਾਰਾਂ ਦੀ ਅਜ ਤਕ ਆਰਤੀ ਉਤਾਰੀ ਜਾਂਦੀ ਹੈ, ਜਿਨ੍ਹਾਂ
ਤਸਵੀਰਾਂ ਸੁੰਦਰ ਕੇਸਾਂ ਵਾਲੀਆਂ ਹਰ ਇਕ ਮੰਦਰ ਵਿਚ ਸੁ
ਹਨ, ਅਤੇ ਜਿਨ੍ਹਾਂ ਨੇ ਕੇਸ ਕਟਾਉਣ ਨੂੰ ਅਪਰਾਧ ਦਸਿਆ ਹੈ,
ਦੇ ਭਗਤ (ਪੈਰੋਕਾਰ) ਕਿਉਂ ਹੱਥੀਂ ਕੇਸ ਕਟਾ ਕੇ ਨਸ਼ਰ ਹੋ
ਅਤੇ ਉਨ੍ਹਾਂ ਦੀ ਆਗਿਆ ਦਾ ਉਲੰਘਣ ਕਰ ਰਹੇ ਹਨ । ਸਚਾ
ਇਹ ਹੈ ਕਿ ਪੁਰਾਣੇ ਤੋਂ ਪੁਰਾਣਾ ਇਤਿਹਾਸ ਫੋਲਣ ਤੋਂ ਵੀ
ਚੰਦਰ ਜੀ ਜਾਂ ਉਨ੍ਹਾਂ ਦੇ ਕਿਸੇ ਬਜ਼ੁਰਗ ਬਾਰੇ ਇਹ ਸਹੀ ਨਹੀਂ
ਕਿ ਉਹ ਕੇਸਾਧਾਰੀ ਨਹੀਂ ਸਨ, ਰਾਮ ਚੰਦ੍ਰ ਜੀ ਦੇ ਪਿਤਾ ਦ
ਅਤੇ ਤਿੰਨੇ ਭਰਾਤਾ ਲਛਮਣ, ਭਰਤ, ਤੇ ਸ਼ਤਰੂਘਨ ਵੀ ਕੇਸ
ਸਨ, ਜਿਨ੍ਹਾਂ ਬਾਰੇ ਬਹੁਤ ਸਾਰੇ ਪੁਰਾਣਕ ਸਬੂਤ ਅਗਲੇ ਸ
ਵਿਚ ਲਿਖੇ ਜਾਣਗੇ । ਉਨ੍ਹਾਂ ਦੇ ਭਗਤ ਹਨੂਮਾਨ, ਨਲ, ਨੀਲ
ਅੰਗਦ ਆਦਿ ਵੀ ਸਭ ਕੇਸਾਧਾਰੀ ਸਨ ।

ਕੀ ਕਿਸੇ ਪੁਰਾਣਕ ਹਵਾਲੇ ਤੋਂ ਸਾਬਤ ਕੀਤਾ ਜਾ ਸਕ
ਕਿ ਰਾਮ ਚੰਦ੍ਰ ਜੀ ਦੇ ਕੇਸ ਨਹੀਂ ਸਨ ? ਕੀ ਤ੍ਰੇਤਾ ਯੁਗ ਦੇ
ਵੀ ਰਿਸ਼ੀ ਮੁਨੀ ਦੀ ਮਸਾਲ ਦਿਤੀ ਜਾ ਸਕਦੀ ਹੈ, ਕਿ ਉਹ
ਧਾਰੀ ਨਹੀਂ ਸੀ ?

ਜੇ ਨਹੀਂ ਤਾਂ ਸਮਝ ਨਹੀਂ ਆਉਂਦੀ ਕਿ ਕੇਸ ਕ
ਦੀ ਇਹ ਰੀਤੀ ਕਿਉਂ ਚਲੀ, ਅਤੇ ਇਸ ਨੂੰ ਮੁੰਡਣ ਸੰ

ਦਾ ਨਾਮ ਦੇ ਕੇ ਧਰਮ ਦਾ ਅੰਗ ਕਿਉਂ ਬਣਾ ਲਿਆ ਗਿਆ। ਕੀ ਈਸ਼ਵਰ ਦੇ ਹੁਕਮ ਦੀ ਉਲੰਘਣਾ ਨੂੰ ਧਰਮ ਕਹਿਣਾ ਅਧਰਮ ਨਹੀਂ ? ਸਾਡੇ ਖਿਆਲ ਵਿਚ ਤਾਂ ਅਜਿਹਾ ਕਰਨਾ ਪਲੇਗ ਦੀ ਬੀਮਾਰੀ ਦਾ ਸੇਹਤ ਲਈ ਮੁਫੀਦ ਕਹਿਣ ਦੇ ਬਰਾਬਰ ਹੈ। ਜੋ ਨੀਮ ਹਕੀਮਾਂ ਦੀ ਰਾਏ ਹੈ ਅਤੇ ਇਸ ਵਿਚ ਯਕੀਨਨ 'ਖ਼ਤਰਾ ਜਾਨ' ਹੈ।

ਕ੍ਰਿਸ਼ਨ ਭਗਵਾਨ–ਹਿੰਦੂ ਧਰਮ ਦੇ ਦੂਜੇ ਪ੍ਰਸਿਧ ਅਵਤਾਰ ਦੁਆਪੁਰ ਦੇ ਸਮੇਂ ਕ੍ਰਿਸ਼ਨ ਭਗਵਾਨ ਜੀ ਹੋਏ ਹਨ, ਜਿਨ੍ਹਾਂ ਦੀ ਅਜ ਤਕ ਕ੍ਰੋੜਾਂ ਭਾਰਤਵਾਸੀ ਪੂਜਾ ਕਰਦੇ ਹਨ। ਉਨ੍ਹਾਂ ਬਾਰੇ ਤਾਂ ਪ੍ਰਸਿੱਧ ਹੈ ਕਿ ਉਨ੍ਹਾਂ ਦੇ ਕੇਸ ਬਹੁਤ ਹੀ ਸੁੰਦਰ ਸਨ, ਅਤੇ ਇਸੇ ਕਰ ਕੇ ਉਨ੍ਹਾਂ ਨੂੰ 'ਕੇਸ਼ਵ' ਕਿਹਾ ਜਾਂਦਾ ਸੀ। ਉਨ੍ਹਾਂ ਦੀਆਂ ਮੂਰਤੀਆਂ ਅਤੇ ਚਿੱਤਰ ਵੀ ਸਭ ਕੇਸਾਧਾਰੀ ਦੇਖੇ ਜਾਂਦੇ ਹਨ, ਕੋਈ ਵੀ ਤਸਵੀਰ ਉਨ੍ਹਾਂ ਦੀ ਅਜਿਹੀ ਨਹੀਂ, ਜਿਸ ਤੇ ਕੇਸ ਨਾ ਹੋਣ। ਕ੍ਰਿਸ਼ਨ ਜੀ ਦਾ ਤਾਂ ਬਚਪਨ ਤੋਂ ਹੀ ਕੇਸਾਂ ਨਾਲ ਅਤਿ ਦਾ ਪਿਆਰ ਸੀ, ਜਿਹਾ ਕਿ ਉਨ੍ਹਾਂ ਦੇ ਮਨੋ ਭਾਵਾਂ ਨੂੰ ਕਵਿਤਾ ਵਿਚ ਕਲਮ ਬੰਦ ਕੀਤਾ ਗਿਆ ਹੈ–

ਮੱਯਾ ਮੇਰੀ ਕਬੀ ਬਢੈਗੀ **ਚੋਟੀ**। ਕਿਤੀ ਬਾਰ ਮੋਹਿ
ਦੂਧ ਪੀਵਤ ਭਈ ਯੇਹ ਅਜਹੂੰ ਹੈ ਛੋਟੀ। ਤੂੰ ਜੋ–
ਕਹਿਤੀ ਬਲਕੀ ਬੇਂਨੀ ਜਿਉਂ, ਹ੍ਵੈ ਹੈ ਲਾਂਬੀ ਮੋਟੀ।
ਕਾਢਤ ਗੁਹਤ ਨਹਾਵਤ ਪੋਛਤ ਨਾਗਨ ਸੀ ਭੁਇ
ਲੋਟੀ। ਕਾਚੋ ਦੂਧ ਪੀਆਵਤ ਪਚ ਪਚ ਦੇਤ ਨ
ਮਾਖਨ ਰੋਟੀ.........

[ਸੂਰ ਦਾਸ ਜੀ

ਕਈ ਵੇਰਾਂ ਪਾਠਕਾਂ ਨੇ ਕ੍ਰਿਸ਼ਨ ਭਗਵਾਨ ਦੇ ਸ਼ਰਧਾਲੂਆਂ ਤੋਂ ਇਸ ਤਰ੍ਹਾਂ ਵੀ ਪੜ੍ਹਦਿਆਂ ਸੁਣਿਆ ਹੋਵੇਗਾ।

ਬੰਸੀ ਵਾਲੇ ਆਉ ਹਮਾਰੇ ਦੇਸ।



ਤੇਰੀ ਸੋਹਣੀ ਸੂਰਤ ਲਾਂਬੇ **ਕੇਸ**।

ਸ੍ਰੀ ਮਧਭਾਗਵਤ ਵਿਚ ਲਿਖਿਆ ਹੈ, ਮਹਾਂ ਭਾਰਤ
ਦੇ ਖ਼ਾਤਮੇ ਸਮੇਂ ਭੀਖਸ਼ਮ ਪਿਤਾਮਾ ਨੇ ਕ੍ਰਿਸ਼ਨ ਜੀ ਨੂੰ ਕਿਹਾ
ਜਯੋਤੀ ਸਰੂਪ ! (ਜੰਗ ਸਮੇਂ) ਆਪ ਕੇ ਮੁਖ ਪਰ ਲੰਬੇ ਲੰ
ਟੇੜ੍ਹੇ ਘੁੰਘਰਿਆਲੇ ਵਾਲ ਐਸੇ ਸੁੰਦਰ ਮਾਲੂਮ ਦੇਤੇ ਥੇ, ਜੈਸ
ਕਾਲੇ ਭਵਰੇ ਕਮਲ ਕਾ ਰੱਸ ਚੂਸਤੇ ਹੈਂ। ਮੈਂ ਚਾਹਤਾ ਹੂੰ ਕਿ
ਸਰੂਪ ਮੇਰੀ ਆਖੋਂ ਮੇਂ ਬਸਤਾ ਰਹੇ।

[ਸਿਕੰਧ ੧ ਧਿ:

ਗੀਤਾ ਵਿਚ ਕ੍ਰਿਸ਼ਨ ਜੀ ਬਾਰੇ ਕਈ ਥਾਈਂ ਕੇਸ਼ਵ
ਆਇਆ ਹੈ, ਜਿਸ ਦੇ ਅਰਥ ਕੇਸਾਂ ਵਾਲਾ ਹਨ, ਜਿਵੇਂ–

'स्थितप्रज्ञस्य का भाषा समाधिस्थस्य केशव' (भगवद्गी

ਸਥਿਤਪ੍ਰਗਯਸਯ ਕਾ ਭਾਸ਼ਾ ਸਮਾਧਿਸਥੱਸਯ ਕੇਸ਼ਵ

[ਧਿ: ੨ ਸ:

ਪਦ ਅਰਥ–ਸਥਿਤ–ਸਥਿਰ। ਪ੍ਰਗਯਸਯ–ਬੁਧੀ
ਕਾ–ਕੀ। ਭਾਸ਼ਾ–ਲੱਕਸ਼ਣ। ਸਮਾਧਿਸਥੱਸਯ–ਸਮਾਧੀ ਸਿ
ਕੀ। ਕੇਸ਼ਵ–ਕੇਸ਼ੋਂ ਵਾਲੇ।

ਅਰਥ–ਐ ਕੇਸ਼ਵ (ਕੇਸ਼ੋਂ ਵਾਲੇ ਸ੍ਰੀ ਕ੍ਰਿਸ਼ਨ ਭਗ
ਸਥਿਰ ਬੁੱਧੀ ਵਾਲੇ ਸਮਾਧੀ ਸਥਿਤ ਪੁਰਸ਼ ਕਾ ਲੱਕਸ਼ਣ ਕਿ

ਭਾਵ–ਇਸ ਸ਼ਲੋਕ ਵਿਚ ਅਰਜਨ ਨੇ ਕ੍ਰਿਸ਼ਨ ਜੀ
ਵਾਲਾ ਕਹਿ ਕੇ ਸੰਬੋਧਨ ਕੀਤਾ ਹੈ। ਹਿੰਦੀ ਦੀ ਇਕ ਪ੍ਰਸਿੱਧ
ਅਮਰ ਕੋਸ਼ ਵਿਚ ਇਸ 'ਕੇਸ਼ਵ' ਸ਼ਬਦ ਬਾਰੇ ਇਉਂ ਜ਼ਿਕ
'ਇਸ ਮੈਂ ਕੇਸ਼ਵ ਕਾ ਅਰਥ ਸ੍ਰੀ ਕ੍ਰਿਸ਼ਨ ਹੈ, ਇਸ ਲੀਏ ਕੇ ਵੋ
ਕੇ ਰੱਖਾ ਕਰਤੇ ਥੇ। ਪਾਣਨੀ ਮੁਨੀ ਕੀ ਜਗਤ ਪ੍ਰਸਿੱਧ
ਧਿਆਈ ਕੇ (केशाद् वः–) ਕੇਸ਼ਾਦ ਵਾ, ਸੂਤ੍ਰ ਮੈ 'ਕੇਸ਼

(ਕੇਸੋਂ ਕੇ ਲੀਏ ਆਇਆ ਹੈ) ਇਸ ਅਰਥ ਮੈ ਵਾ ਪ੍ਰਤਯ ਹੋ ਜਾਤਾ ਹੈ। (ਇਸ ਨੂੰ ਅੰਗਰੇਜ਼ੀ ਵਿਚ (Offex) ਕਹਿੰਦੇ ਹਨ।)

ਦੇਖੋ ਅਮਰ ਕੋਸ਼, ਕਾਂਡ ੧, ਸਵਰਗ ਵਰਗ,
ਸ਼ਲੋਕ ੧੮, ਟੀਕਾ ਪੰਡਤ ਭਾਨੂ ਜੀ ਕਾ।

ਸੋ ਕੇਸ਼ਵ, ਦੇ ਅਰਥ ਸਭ ਜਗ੍ਹਾ ਕੇਸਾਂ ਵਾਲਾ ਹੀ ਬਣਦੇ ਹਨ। ਉਪਰ ਲਿਖਿਆ ਅਮਰ ਕੋਸ਼ ਦਾ ਹਵਾਲਾ ਕੇਵਲ ਇਸ ਲਈ ਦਿੱਤਾ ਹੈ ਤਾਂ ਕਿ ਇਹ ਸ਼ੱਕ ਨਾ ਰਹੇ ਕਿ 'ਕੇਸ਼ਵ' ਦੇ ਅਰਥ ਕੇਸਾਂ ਵਾਲਾ, ਸਿੱਖ ਹੀ ਖਿੱਚ ਧੂਹ ਕੇ ਕਰਦੇ ਹਨ।

ਇਸ ਤਰ੍ਹਾਂ ਦੇ ਹੋਰ ਬੇਅੰਤ ਹੀ ਸਬੂਤ ਮਿਲਦੇ ਹਨ, ਜਿਨ੍ਹਾਂ ਵਿਚ ਕਈ ਕਵੀ, ਲਿਖਾਰੀ ਅਤੇ ਸ਼ਰਧਾਲੂ ਲੋਕਾਂ ਨੇ ਉਨ੍ਹਾਂ ਦੇ ਕੇਸਾਂ ਦੀ ਉੱਪਮਾ ਕੀਤੀ ਹੈ।

ਮਹਾਂਭਾਰਤ ਵਿਚ ਸ਼ਾਂਤਿਕ ਅਤੇ ਭੂਰ ਸ਼੍ਰਿਵਾ ਦੇ ਜੁੱਧ ਬਾਰੇ ਜ਼ਿਕਰ ਔਂਦਾ ਹੈ ਕਿ ਜਦ ਭੂਰ ਸ਼੍ਰਿਵਾ ਸ਼ਾਂਤਿਕ ਨੂੰ ਗੁੱਰਜਾਂ ਤੇ ਮੁੱਕਿਆਂ ਨਾਲ ਬੇਹਾਲ ਕਰ ਕੇ, ਤਾਜ ਉਤਾਰ ਕੇ ਜੂੜੇ ਤੋਂ ਫੜ ਘਸੀਟਣ ਲੱਗਾ, ਤਾਂ ਕ੍ਰਿਸ਼ਨ ਭਗਵਾਨ ਨੇ ਦੇਖ ਕੇ ਅਰਜਨ ਨੂੰ ਕਿਹਾ, ਹੇ ਅਰਜਨ! ਸ਼ਾਂਤਿਕ ਦੇ ਕੇਸਾਂ ਦੀ ਬੇਅਦਬੀ ਹੋ ਰਹੀ ਹੈ ਜੋ ਮਹਾਂ ਅਨਰਥ ਹੈ। ਭੂਰ ਸ਼੍ਰਿਵਾ ਨੂੰ ਇਸ ਅਪ੍ਰਾਧ ਦੀ ਸਜ਼ਾ ਦੇਣੀ ਚਾਹੀਦੀ ਹੈ। ਇਹ ਸੁਣ ਅਰਜਨ ਨੇ ਭੂਰ ਸ਼੍ਰਿਵਾ ਦੀਆਂ ਬਾਹਵਾਂ ਕੱਟ ਦਿੱਤੀਆਂ, ਜਿਸ ਤੇ ਕ੍ਰੋਪਮਾਨ ਹੋ, ਭੂਰ ਸ਼੍ਰਿਵਾ ਨੇ ਕਿਹਾ, ਹੇ ਅਰਜਨ! ਮੈਂ ਆਪਣੇ ਵੈਰੀ ਨਾਲ ਲੜ ਰਿਹਾ ਸਾਂ, ਤੂੰ ਬਿਨਾਂ ਕਾਰਣ ਦਖ਼ਲ ਦੇ ਕੇ ਮੇਰੀਆਂ ਬਾਹਵਾਂ ਕੱਟ ਦਿਤੀਆਂ ਹਨ, ਇਹ ਤੇਰੇ ਲਈ ਅਤਿ ਪਾਪ ਅਤੇ ਨਿੰਦਤ ਕਰਮ ਹੈ, ਜੋ ਤੈਨੂੰ ਨਹੀਂ ਕਰਨਾ ਚਾਹੀਦਾ ਸੀ। ਇਸ ਦੇ ਉਤਰ ਵਿਚ ਅਰਜਨ ਨੇ ਕਿਹਾ, ਤੂੰ ਸ਼ਾਂਤਿਕ ਦੇ ਕੇਸਾਂ ਦੀ ਨਿਰਾਦਰੀ ਕੀਤੀ ਹੈ, ਉਸ ਸਮੇਂ ਤੇਰੀ ਬੁੱਧੀ ਭ੍ਰਿਸ਼ਟ ਹੋ ਗਈ ਸੀ, ਇਸ ਲਈ ਭ੍ਰਿਸ਼ਟ ਬੁੱਧੀ ਵਾਲੇ ਅੱਪਕਰਮੀ ਨੂੰ ਸਜ਼ਾ ਦੇਣੀ ਪਾਪ ਨਹੀਂ। ਇਸ ਤੋਂ ਸਾਫ਼ ਜ਼ਾਹਿਰ ਹੈ ਕਿ ਦੁਆਪੁਰ ਵਿੱਚ ਕੇਸ ਕੱਟਣੇ ਤਾਂ ਇਕ ਪਾਸੇ ਰਹੇ,
ਖਿੱਚਣਾ ਵੀ ਭਾਰੀ ਅਪਰਾਧ ਮੰਨਿਆ ਜਾਂਦਾ ਸੀ ਅਤੇ
ਦੀ ਬੇਅਦਬੀ ਦੀ ਸਖਤ ਮਨਾਹੀ ਸੀ।

ਸ੍ਰੀ ਮਧ ਭਾਗਵਤ ਵਿੱਚ ਵੀ ਇਉਂ ਲਿੱਖਿਆ ਹੈ:-

'ਬ੍ਰਹਮਚਾਰੀ ਕਾ ਯੇਹ ਧਰਮ ਹੈ ਕਿ ਮਾਤਾ ਪਿ
ਆਗਿਆ ਮੇਂ ਬੀਸ ਬਰਸ ਕੀ ਅਵਸਥਾ ਤੱਕ ਗੁਰੂ ਕੇ ਘ
ਏਕ ਚਿੱਤ ਹੋ ਕਰ ਉਨਕੀ ਸੇਵਾ ਕਰੇ, ਸੇਵਾ ਕੋ ਪੜ੍ਹਨੇ ਸੇ
ਸਮਝੇ, **ਜੱਟਾਂ** ਸਿਰ ਪਰ ਰੱਖੇ, ਸਿਰ ਅਰ ਦਾੜ੍ਹੀ ਕਾ ਵਾ
ਨਾ ਮੁੰਨਾਵੇ, ਕਿਸੀ ਵੀ ਅੰਗ ਕਾ ਵਾਲ ਕਭੀ ਨਾ ਮੁੰਨਾਵੇ।'

[ਗੁਰਮੁਖੀ ਲਿੱਪੀ, ਸ੍ਰੀ ਮਧ ਭਾਗਵਤ, ਸਕੰਧ ੭ ਸ:

ਸੋ ਦੁਆਪੁਰ ਦੇ ਰਿਸ਼ੀ, ਮੁਨੀ, ਦੇਵਤੇ ਅਤੇ ਦੈਂਤਾਂ ਤੱ
ਕੇਸਾਧਾਰੀ ਸਨ, ਇੱਥੋਂ ਤਕ ਕਿ 'ਕੰਸ' ਜਿਸ ਨੂੰ ਮਹਾਂ
ਕਿਹਾ ਗਿਆ ਹੈ, ਉਹ ਵੀ ਕੇਸਾਂ ਵਾਲਾ ਸੀ ਅਤੇ ਕ੍ਰਿਸ਼ਨ ਭ
ਨੇ ਉਸ ਨੂੰ ਕੇਸਾਂ ਤੋਂ ਪਕੜ ਕੇ ਹੀ ਜ਼ਮੀਨ ਤੇ ਪਟਕ
ਮਾਰਿਆ ਸੀ।

**ਕੇਸੀ** ਕੰਮ ਮਥਨ ਜਿਨਿ ਕੀਆ ॥
ਜੀਅ ਦਾਨੁ ਕਾਲੀਕਉ ਦੀਆ ॥

[ਗੋਂਡ ਨਾਮਦੇਵ ਜੀ ਸ: ੮੭੪

ਅਤੇ 'ਕੰਸ ਕੇਸੀ ਪਕੜ ਪਛਾੜਾ' ਆਦਿ ਪ੍ਰਮਾਣਾਂ ਤੋਂ ਸਿੱ

---

*ਇਹ ਪੁਸਤਕ ਬਿ: ਸੰ: ੧੯੬੯ ਵਿਚ ਰਾਇ ਬਹਾਦ
ਮੋਹਨ ਲਾਲ ਦੇ ਪ੍ਰਬੰਧ ਹੇਠਾਂ ਮੁਨਸ਼ੀ ਗੁਲਾਬ ਸਿੰਘ ਦੇ
'ਲਹੌਰ, ਵਿਚ ਛਪੀ ਸੀ।

ਕਿ ਕੇਸ ਉਸਦੇ ਕੱਟੇ ਜਾਂਦੇ ਸਨ, ਜਿਸ ਨੂੰ ਮੌਤ ਤੋਂ ਵੱਧ ਸਜ਼ਾ ਦੇਣੀ ਹੋਂਦੀ ਸੀ।

ਇਸ ਬਾਰੇ ਇਕ ਕਥਾ ਇਉਂ ਹੈ ਕਿ ਜਦ ਰੁਕਮਣੀ ਨੂੰ ਕੁੰਦਨ ਪੁਰ ਤੋਂ ਕ੍ਰਿਸ਼ਨ ਜੀ ਲਿਆਏ ਤਾਂ ਉਸ ਦਾ ਭਰਾ ਰੁਕਮਣ ਯੁੱਧ ਕਰਨ ਲਈ ਆਇਆ, ਜਿਸ ਨੂੰ ਕ੍ਰਿਸ਼ਨ ਜੀ ਨੇ ਫੜ ਕੇ ਉਸ ਦੇ ਰੱਥ ਨਾਲ ਹੀ ਬੰਨ੍ਹ ਦਿਤਾ, ਜਦ ਉਸਨੂੰ ਜਾਨੋਂ ਮਾਰਨ ਲਗੇ ਤਾਂ ਰੁੱਕਮਣੀ ਨੇ ਇਸ ਤਰ੍ਹਾਂ ਬੇਨਤੀ ਕੀਤੀ :-

'ਮਾਰੋ ਮਤ ਭਈਆ ਹੈ ਮੇਰੋ। ਛੋਰੋ ਨਾਥ ਤਿਹਾਰੋ ਚੇਰੋ।
ਜੋ ਤੁਮ ਯਾਕੋ ਮਾਰ ਹੈਂ ਸਾਵਧਾਨ ਬ੍ਰਿਜ ਰਾਜ।
ਤੋ ਮੋਕੋ ਸਭ ਸ੍ਰਿਸ਼ਟ ਮੈ ਅੱਪ ਜੱਸ ਹ੍ਵੈ ਹੈ ਆਜ।'

'ਇਤਨੀ ਬਾਤ ਸੁਣਨੇ ਔਰ ਰੁਕਮਨੀ ਜੀ ਕੀ ਓਰ ਦੇਖਨੇ ਸੇ ਸ੍ਰੀ ਕ੍ਰਿਸ਼ਨ ਚੰਦਰ ਜੀ ਕਾ ਕੋਪ ਸ਼ਾਂਤ ਹੂਆ, ਤਬ ਉਨ੍ਹੋਂ ਨੇ ਉਸੇ ਨਾ ਮਾਰਾ, ਪਰ ਸਾਰਥੀ ਕੋ ਸੈਨਤ ਕਰੀ, ਜਿਸਨੇ ਝੱਟ ਪਟ ਰੁੱਕਮਣ ਕੀ ਪੱਗੜੀ ਉਤਾਰ ਮੁਸ਼ਕੇਂ ਚੜ੍ਹਾਏ ਮੁੱਛ ਦਾਹੜੀ, ਔਰ ਉਸ ਕਾ ਸਿਰ ਮੂੰਡ ਦੀਆ।'

[ਸ੍ਰੀ ਮਧ ਭਾਗਵਤ ਸਿਕੰਧ ੧੦ ਧਿ: ੫੫।

ਜਦ ਰੁਕਮਣ ਦੀ ਇਹ ਹਾਲਤ ਕ੍ਰਿਸ਼ਨ ਜੀ ਦੇ ਭਰਾਤਾ ਬਲਦੇਵ ਨੇ ਦੇਖੀ ਤਾਂ ਕਹਿਣ ਲੱਗੇ, ਹੇ ਭਗਵਾਨ ! ਤੁਸਾਂ ਇਹ ਚੰਗੀ ਗੱਲ ਨਹੀਂ ਕੀਤੀ। ਯਥਾ:-

ਬਾਂਧਿਓ ਯਾਹਿ ਕਰੀ ਬੁਧ ਥੋਰੀ। ਫਿਰ ਤੁਮ ਇਸ
ਕੀ ਸਗਾਈ ਤੋਰੀ। ਯੱਦ ਕੁਲ ਕੋ ਤੁਮ ਲੀਕ
ਲਗਾਈ। ਅਬ ਹਮ ਸੇ ਕੋ ਕਰੇ ਸਗਾਈ।

[ਭਾਗਵਤ ਸਿ: ੧੦ ਧਿ: ੫੫

ਅਰਥਾਤ ਤੁਸਾਂ ਆਪਣੇ ਸਾਲੇ ਦੀ ਇਹ ਹਾਲਤ ਕਰ ਕੇ ਚੰਗਾ ਕੰਮ ਨਹੀਂ ਕੀਤਾ। ਇਸ ਦੇ ਕੇਸ ਕਟਾ ਕੇ ਕੁੱਲ ਨੂੰ ਲਗਾਇਆ ਹੈ, ਆਦਿ।

ਇਹ ਬਚਨ ਕਹਿ ਕੇ ਬਲਰਾਮ ਨੇ ਰੁਕਮਣ ਦੀਆਂ ਖੋਲ੍ਹ ਦਿੱਤੀਆਂ, ਜੋ ਲੱਜਾ ਦਾ ਮਾਰਿਆ ਆਪਣੇ ਨਗਰ ਵਿ ਨਹੀਂ ਗਿਆ। ਜਿਵੇਂ ਲਿਖਿਆ ਹੈ :-

ਹਾਰਿਓ ਉਨ ਸਿਉ ਔ ਪੱਤ ਗਈ। ਮੇਰੇ ਮਨ ਅੱਤ
ਲੱਜਾ ਭਈ। ਧਰਮ ਨਹੀਂ ਕੁੰਦਨ ਪੁਰ ਜਾਊਂ। ਬਰਨ
ਔਰ ਹੀ ਗਾਂਮ ਬਨਾਊਂ। ਇਹ ਕਹਿ ਉਨ ਇਕ
ਨਗਰ ਬਸਾਯੋ। ਸੁਤਦਾਰਾ ਧਨ ਤਹਾਂ ਮੰਗਾਯੋ। ਤਾਕੋ
ਧਰਯੋ ਭੋਜ ਕੱਟ ਨਾਮ। ਐਸੋ ਰੁਕਮ ਬਸਾਯੋ ਗਾਂਮ।

[ਭਾਗਵਤ ਸਿ: ੧੦ ਧਿ: ੫੫

ਇਕ ਹੋਰ ਕਥਾ ਪ੍ਰਸਿਧ ਹੈ ਕਿ :-

ਜਦ ਦਰਯੋਧਨ ਦੇ ਆਖੇ ਲੱਗ ਕੇ ਦਰੋਣਾਚਾਰਜ ਦੇ ਅਸ੍ਵਅਸਥਾਮਾਂ ਨੇ ਗ਼ਲਤੀ ਨਾਲ ਪਾਂਡਵਾਂ ਦੇ ਭੁਲੇਖੇ ਵਿੱਚ ਦੇ ਪੰਜ ਪੁਤ੍ਰਾਂ ਦੇ ਸਿਰ ਕੱਟ ਦਿਤੇ ਤਾਂ ਦਰੋਪਤਾ ਨੇ ਪ੍ਰਣ ਕਰ ਕਿ ਜਦ ਤੱਕ ਅਸ੍ਵਅਸਥਾਮਾਂ ਨੂੰ ਮਾਰਿਆ ਨਹੀਂ ਜਾਂਦਾ ਮੈ ਜਲ ਗ੍ਰਹਿਣ ਨਹੀਂ ਕਰਾਂਗੀ। ਇਸ ਤੇ ਅਰਜਨ ਨੇ ਅਸ੍ਵਅਸ ਨੂੰ ਜਾ ਫੜਿਆ, ਪਰ ਧਰਮਪੁਤ੍ਰ ਨੇ ਕਿਹਾ, ਜੋ ਹੋਣਾ ਸੀ ਹੋ ਹੁਣ ਬ੍ਰਾਹਮਣ ਨੂੰ ਮਾਰ ਕੇ ਪਾਪ ਨਹੀਂ ਕਰਨਾ। ਉਸ ਇਹ ਵੀਚਾਰ ਕੇ, ਕਿ ਬ੍ਰਾਹਮਣ ਦਾ ਮਾਰਨਾ ਪਾਪ ਹੈ। ਭਗਵਾਨ ਨੂੰ ਪੁੱਛਿਆ ਹੁਣ ਕੀ ਕੀਤਾ ਜਾਏ, ਤਾਂ ਕ੍ਰਿਸ਼ਨ ਭ ਨੇ ਕਿਹਾ ਉਹ ਕੰਮ ਕਰੋ ਜਿਸ ਨਾਲ ਦਰੋਪਤੀ ਦੀ ਪਰਤੱ ਵੀ ਨ ਟੁੱਟੇ ਤੇ ਧਰਮ ਪੁੱਤਰ ਦਾ ਕਹਿਣਾ ਵੀ ਨਾ ਮੁੜੇ। ਸੋ ਭਾ ਵਿਚ ਲਿਖਿਆ ਹੈ।

''ਤਬ ਸ੍ਰੀ ਕ੍ਰਿਸ਼ਨ ਜੀ ਨੇ ਕਿਹਾ ਹੇ ਅਰਜਨ

ਨੇ ਜੋ ਪ੍ਰਣ ਕੀਆ ਹੈ ਉਸ ਕੋ ਪੂਰਾ ਕਰੋ.........ਅਰਜਨ ਨੇ ਵਿਚਾਰਾ ਕਿ ਕੋਈ ਐਸਾ ਉਪਾਇ ਕਰਨਾ ਚਾਹੀਏਂ ਜਿਸ ਸੇ ਅਸ੍ਵਅਸਥਾਮਾਂ ਕੇ ਪ੍ਰਾਣ ਬਚੇਂ ਔਰ ਮਰਨੇ ਕੇ ਬਰਾਬਰ ਹੋ ਜਾਵੇ, ਐਸਾ ਵੀਚਾਰ ਕਰ ਅਰਜਨ ਨੇ ਅਸ੍ਵਅਸਥਾਮਾਂ ਕੇ ਸਿਰ ਕੋ ਮੁੰਡਵਾ ਡਾਲਾ ।.........ਔਰ ਅਪਨੇ ਨਗਰ ਸੇ ਉਸ ਕੋ ਬਾਹਰ ਨਿਕਲਵਾ ਕਰ ਮਰਨੇਤੁਲ ਕਰ ਕੇ ਛੋੜ ਦੀਆ ।

[ਸ੍ਰੀ ਮਧ ਭਾਗਵਤ ਸਿਕੰਧ ੧ ਧਿ: ੭ ਸਫਾ ੩੬

ਨੋਟ– ਇਸ ਬਾਰੇ ਇਸੇ ਪੁਸਤਕ ਵਿੱਚ 'ਕੇਸ ਤੇ ਪੁਰਾਣ ਵਾਲੇ' ਮਜ਼ਮੂਨ ਵਿਚ ਸੰਸਕ੍ਰਿਤ ਦੇ (ਓਰਿੱਜਨਲ) ਸ਼ਲੋਕ ਪੜ੍ਹੋ ।

ਇਨ੍ਹਾਂ ਉਕਤ ਹਵਾਲਿਆਂ ਤੋਂ ਸਾਬਤ ਹੈ ਕਿ ਕੇਸ ਉਸਦੇ ਕੱਟੇ ਜਾਂਦੇ ਸਨ, ਜਿਸ ਨੂੰ ਮੌਤ ਤੋਂ ਵਡੀ ਸਜ਼ਾ ਦੇਣੀ, ਜਾਂ ਮੂੰਹ ਸਿਰ ਮੁੰਨ ਕੇ ਨੱਸ਼ਰ ਕਰਨਾ ਅਤੇ ਸਮਾਜ ਵਿਚ ਸ਼ਰਮਿੰਦਾ ਅਥਵਾ ਜ਼ਲੀਲ ਕਰਨਾ ਹੁੰਦਾ ਸੀ ।

ਪਾਠਕ ਹੁਣ ਇਸ ਗੱਲ ਦਾ ਸਹਿਲ ਹੀ ਅਨੁਮਾਨ ਲਾ ਸਕਦੇ ਹਨ, ਕਿ ਜੇ ਕ੍ਰਿਸ਼ਨ ਮਹਾਰਾਜ ਦੇ ਆਪਨੇ ਹੀ ਕੇਸ ਨਾ ਹੁੰਦੇ ਤਾਂ ਕੇਸ ਕੱਟਣੇ ਧਰਮ ਦਾ ਵਿਰੋਧ ਕਿਵੇਂ ਕਿਹਾ ਜਾ ਸਕਦਾ ਸੀ? ਅਤੇ ਇਹ ਸਜ਼ਾ ਕਿਵੇਂ ਮੁਕੱਰਰ ਹੋ ਸਕਦੀ ਸੀ। ਸੋ ਇਹ ਸੱਚ ਹੈ ਕਿ ਕ੍ਰਿਸ਼ਨ ਭਗਵਾਨ ਅਤੇ ਉਸ ਸਮੇਂ ਦੇ ਸਾਰੇ ਲੋਕ ਕੇਸਾਧਾਰੀ ਸਨ ।

ਵਿਸ਼ਨੂ ਭਗਵਾਨ ਅਤੇ ਸ਼ਿਵਜੀ ਬਾਰੇ ਤਾਂ ਕਿਸੇ ਨੂੰ ਖ਼ਿਆਲ ਤੱਕ ਨਹੀਂ ਆ ਸਕਦਾ ਕਿ ਉਨ੍ਹਾਂ ਦੇ ਕੇਸ ਨਹੀਂ ਸਨ। ਉਨ੍ਹਾਂ ਦੀਆਂ ਤਸਵੀਰਾਂ ਵੀ ਉਨ੍ਹਾਂ ਨੂੰ ਕੇਸਾਂ ਵਾਲੇ ਸਾਬਤ ਕਰਦੀਆਂ ਹਨ, ਅਸਚਰਜ ਹੈ ਕਿ ਇਕ ਪਾਸੇ ਸ਼ਿਵਾਂ ਦੇ ਕੇਸ ਇਤਨੇ ਦੱਸੇ ਜਾਂਦੇ ਹਨ ਜਿਨ੍ਹਾਂ ਵਿਚ ਗੰਗਾ ਸਮਾ ਗਈ ਸੀ, ਅਤੇ ਦੂਜੇ ਪਾਸੇ ਸ਼ਿਵ ਸ਼ਿਵ ਕਰਨ ਵਾਲੇ, ਅਰਥਾਤ ਭੋਲੇ ਨਾਥ ਦੀ ਜੈ ਜੈ ਕਾਰ ਬੁਲਾਉਣ ਵਾਲੇ ਲੋਕ ਆਪ ਰੁੰਡ ਮੁੰਡ ਹੋਣਾ ਧਰਮ ਸਮਝ ਰਹੇ ਹਨ, ਜੇ ਇਹ ਧਰਮ ਹੈ ਤਾਂ ਉਹ ਅਧਰਮ ਸੀ, ਤੇ ਜੇ ਉਹ ਧਰਮ ਸੀ, ਤਾਂ ਇਸ ਨੂੰ ਅਧ... ਮੰਨਣਾ ਪਵੇਗਾ। ਇਹ ਤਾਂ ਹਰਗਿਜ਼ ਨਹੀਂ ਹੋ ਸਕਦਾ ਕਿ ਜੇ ... ਸਮੇਂ ਕੇਸ ਰੱਖਣੇ ਧਰਮ ਅਤੇ ਕਟਾਣੇ ਪਾਪ ਸੀ, ਤਾਂ ਹੁਣ ਰੱ... ਪਾਪ ਅਤੇ ਕਟਾਣੇ ਧਰਮ ਬਣ ਗਿਆ ਹੋਵੇ। ਜੋ ਲੋਕ ਕੇਸਾਂ ਵਾ... ਮਜ਼ਾਕ ਜਾ ਤਰਕਬਾਜ਼ੀ ਕਰਦੇ ਹਨ, ਉਨ੍ਹਾਂ ਦੀ ਇਹ ਤਰਕਬਾਜ਼ੀ ... ਤੋਂ ਪਹਿਲੇ ਉਨ੍ਹਾਂ ਦੇ ਅਵਤਾਰਾਂ ਰਿਸ਼ੀਆਂ ਮੁਨੀਆਂ ਪਰ ਘਟਦੀ ... ਕਿਉਂਕਿ ਉਹ ਸਾਰੇ ਕੇਸਾਧਾਰੀ ਸਨ। ਜੈਸਾ ਕਿ ਗੁਰਬਾਣੀ ... ਵੀ ਜ਼ਿਕਰ ਹੈ :–

ਕੋਟ ਬਿਸਨੁ ਅਵਤਾਰ ਸੰਕਰ **ਜਟਾਧਾਰ ।**
ਚਾਹਹਿ ਤੁਝਹਿ ਦਇਆਰ ਮਨ ਤਨ ਰੁਚਿ ਆਪਾਰ।

[ਆਸਾ ਮ: ੫ ਸ. ੪੫੫

––––

## ਯਹੂਦੀ ਮੱਤ ਤੇ ਕੇਸ

ਦੁਨੀਆਂ ਦੇ ਮਜ਼ਬਾਂ ਦੀਆਂ ਦੋ ਵਡੀਆਂ ਸ਼ਾਖਾਂ ਮੰਨੀਆਂ ਜਾਂਦੀਆਂ ਹਨ। ਇਕ ਆਰੀਅਨ ਮੱਤ, ਤੇ ਦੂਜਾ ਇਬਰਾਨੀ ਮੱਤ। ਆਰੀਅਨ ਮੱਤ, 'ਚੋਂ ਅੱਗੇ ਹਿੰਦੂ ਧਰਮ ਦੀਆਂ ਬਹੁਤ ਸਾਰੀਆਂ ਸ਼ਾਖਾਂ ਚਲੀਆਂ ਅਤੇ ਇਬਰਾਨੀ ਅਰਥਾਤ ਬਣੀ ਇਸ੍ਰਾਈਲ ਤੋਂ ਵੀ ਯਹੂਦੀ ਈਸਾਈ ਅਤੇ ਮੁਸਲਮਾਨ ਆਦਿ। ਇਥੇ ਸੰਖੇਪ ਤੌਰ ਤੇ ਇਬਰਾਨੀ ਮੱਤਾਂ ਦੀ ਕੇਸਾਂ ਬਾਰੇ ਰਾਇ ਦਾ ਜ਼ਿਕਰ ਕਰਦੇ ਹਾਂ, ਜਿਸ ਤੋਂ ਕੇਸਾਂ ਦੀ ਮਹਾਨਤਾ ਦਾ ਪਤਾ ਲਗਦਾ ਹੈ।

ਯਹੂਦੀ ਮੱਤ–ਇਸ ਦੇ ਬਾਨੀ ਇਕ ਪ੍ਰਸਿੱਧ ਨਬੀ ਹਜ਼ਰਤ ਮੂਸਾ ਜੀ ਹੋਏ ਹਨ, ਜਿਨ੍ਹਾਂ ਦਾ ਜਨਮ ਹਜ਼ਰਤ ਨੂਹ ਦੀ ਸੰਤਾਨ ਵਿਚ ਆਮਰਾਨ ਦੇ ਘਰ ਹੋਇਆ ਸੀ, ਜਿਸ ਕਿਤਾਬ ਵਿਚ ਇਨ੍ਹਾਂ ਦੇ ਜੀਵਨ ਬਾਰੇ ਸਮਾਚਾਰ ਮਿਲਦੇ ਹਨ, ਉਸਦਾ ਨਾਮ ਪੈਦਾਇਸ਼ ਦੀ ਕਿਤਾਬ ਹੈ, ਉਸ ਪੰਜਾਬੀ ਉਲੱਥੇ ਵਿਚ ਲਿਖਿਆ ਹੈ ਕਿ :–

"ਇਹ ਆਦਮੀ ਦੀ ਉਤਪਤੀ ਦਾ ਚਿੱਠਾ ਹੈ,
ਜਿਸ ਦਿਹਾੜੇ ਖ਼ੁਦਾ ਨੇ ਆਦਮੀ ਨੂੰ ਉਤਪੰਨ ਕੀਤਾ,
ਖ਼ੁਦਾ ਦੀ ਸੂਰਤ ਪਰ ਉਸਨੂੰ ਬਣਾਇਆ।
[ਬਾਬ ੫ ਆਇਤ–੧–੨

ਜਿਹਾ ਕਿ ਅੱਗੇ ਲਿਖਿਆ ਜਾ ਚੁੱਕਾ ਹੈ ਕਿ ਇਨ੍ਹਾਂ ਮੱਤਾਂ ਦੇ ਅਕੀਦੇ ਅਨੁਸਾਰ ਖ਼ੁਦਾ ਵਲੋਂ ਬਣਾਏ ਪਹਿਲੇ ਬੰਦੇ ਆਦਮ ਦੇ ਸਿਰ ਤੇ ਕੇਸ ਸਨ ਅਤੇ ਇਸੇ ਤਰ੍ਹਾਂ ਹਜ਼ਰਤ ਮੂਸਾ ਵੀ ਕੇਸਾਂ ਵਾਲੇ ਸਨ ਜੋ ਉਹਨਾਂ ਦੀਆਂ ਤਸਵੀਰਾਂ ਤੋਂ ਵੀ ਜ਼ਾਹਿਰ ਹੋ ਰਿਹਾ ਹੈ।

ਕਾਜ਼ੀਓਨ–ਕਿਤਾਬ ਵਿਚ ਲਿੱਖਿਆ ਹੈ ਕਿ ਇਕ ਮ
ਨਾਮੀ ਆਦਮੀ ਦੇ ਘਰ ਇਕ ਲੜਕਾ ਹੋਇਆ, ਜਿਸ ਦਾ
'ਸੈਮਸਨ' ਸੀ। ਇਹ ਬਹੁਤ ਬਲਵਾਨ ਅਤੇ ਸ਼ਕਤੀ ਵਾਲਾ
ਇਥੋਂ ਤੱਕ ਕਿ ਇਸ ਨੇ ਕਈ ਸ਼ੇਰਾਂ ਦੇ ਮੂੰਹ ਹੱਥਾਂ ਨਾਲ ਪਾੜ
ਅਤੇ ਹਜ਼ਾਰਾਂ ਆਦਮੀ ਖੋਤੇ ਦੇ ਮੂੰਹ ਦੀ ਹੱਡੀ ਨਾਲ ਮਾਰ ਦਿਤੇ ਸ
ਇਸ ਦਾ ਪਿਆਰ ਇਕ ਇਸਤ੍ਰੀ ਨਾਲ ਸੀ, ਜਿਸ ਨੂੰ ਲਾਲਚ ਦੇ
ਇਸ ਦੇ ਦੁਸ਼ਮਨਾਂ ਨੇ ਇਸ ਗੱਲ ਦਾ ਪਤਾ ਕੱਢਿਆ ਕਿ ਸੈ
ਪਾਸ ਕੀ ਜਾਦੂ ਹੈ, ਜਿਸ ਕਰ ਕੇ ਉਹ ਐਨਾ ਤਾਕਤਵਰ ਹੈ।
ਉਸ ਤੀਵੀਂ ਨੇ ਇਸ ਨੂੰ ਪੁਛਿਆ ਤਾਂ ਉਸ ਨੇ ਇਉਂ ਦਸਿਆ :–

'ਤਦ ਉਸ (ਸੈਮਸਨ) ਨੇ ਆਪਣੇ ਦਿਲ ਦੀ ਗੱਲ
(ਫ਼ਲੇਲਾ ਨਾਮ ਦੀ ਤੀਵੀਂ) ਨੂੰ ਦੱਸੀ ਤੇ ਉਸ ਨੂੰ ਕਿਹਾ ਕਿ
ਸਿਰ ਤੇ ਉਸਤ੍ਰਾ ਨਹੀਂ ਫਿਰਿਆ, ਇਸ ਕਰ ਕੇ ਮੈਂ ਮਾਂ ਦੇ
ਵਿਚੋਂ ਹੀ ਖ਼ੁਦਾ ਦਾ ਨਜ਼ੀਰ ਹਾਂ, ਸੋ ਜੇ ਕਦੀ ਮੇਰਾ ਸਿਰ ਮੁੰਨਿ
ਜਾਵੇ ਤਾਂ ਮੇਰਾ ਜ਼ੋਰ ਮੈਥੋਂ ਜਾਂਦਾ ਰਹੇਗਾ ਅਤੇ ਮੈਂ ਸ਼ਕਤੀਹੀ
ਜਾਵਾਂਗਾ। [ਬਾਬ ੧੬ ਆਇਤ ੧੭–੧੮

ਇਸ ਇਸਤ੍ਰੀ ਨੇ ਸੈਮਸਨ ਦੇ ਦੁਸ਼ਮਨਾਂ ਨੂੰ ਇਹ ਸਾਰੀ
ਦੱਸ ਦਿਤੀ ਅਤੇ ਇਸ ਤਰ੍ਹਾਂ ਧੋਖੇ ਨਾਲ ਉਸ ਦੇ ਕੇਸ ਕੱਟਵਾ ਦਿ

'ਤਦ ਉਸ ਨੇ ਉਸ ਨੂੰ ਆਪਣੇ ਗੋਡਿਆਂ ਤੇ ਸਵਾ ਰੱ
ਤੇ ਆਦਮੀ ਬੁਲਾ ਕੇ 'ਲਟਾਂ ਜੋ ਉਸ ਦੇ ਸਿਰ ਪਰ ਸਨ, ਮੁੰ
ਦਿਤੀਆਂ ਅਤੇ ਉਸ ਨੂੰ ਸਤਾਣ ਲੱਗੀ। ਹੁਣ ਉਸਦਾ ਜ਼ੋਰ ਉਸ
ਜਾਂਦਾ ਰਿਹਾ ਸੀ, ਉਹ (ਫ਼ਲੇਲਾ) ਬੋਲੀ ਐ ਸੈਮਸਨ ! ਫਲਸ
ਤੇਰੇ ਤੇ ਚੜ੍ਹ ਆਏ। ਉਹ ਜਾਗਿਆ ਤੇ ਅੱਗੇ ਵਾਂਗ ਹੀ ਬ
ਜਾਣ ਲੱਗਾ, ਉਹ ਨਹੀਂ ਜਾਣਦਾ ਸੀ ਕਿ ਖ਼ੁਦ
ਉਸ ਪਾਸੋਂ ਚਲਾ ਗਿਆ ਹੈ, ਤਦ ਫਲਸਤੀਨਾਂ ਉ

ਫੜ ਲਿਆ ਤੇ ਉਸ ਦੀਆਂ ਅੱਖਾਂ ਕੱਢ ਦਿਤੀਆਂ ਅਤੇ ਉਸ ਨੂੰ ਅਜ਼ਾ ਵਿਚ ਲੈ ਆਏ। ਪਿੱਤਲ ਦੀਆਂ ਜ਼ੰਜੀਰਾਂ ਨਾਲ ਬੰਨ੍ਹ ਕੇ ਜੇਹਲਖ਼ਾਨੇ ਸੁੱਟ ਦਿੱਤਾ, ਜਿੱਥੇ ਚੱਕੀ ਪੀਂਹਦਾ ਰਿਹਾ।

[ਬਾਬ੧੬ ਆਇਤ ੧੭ ਤੋਂ ੨੨

ਇਹ ਵਾਰਤਾ ਕੇਸਾਂ ਬਾਰੇ ਬਹੁਤ ਵਡੀ ਮਹਾਨਤਾ ਰਖਦੀ ਹੈ, ਜਿਸ ਤੋਂ ਸਪੱਸ਼ਟ ਹੈ ਕਿ ਕੇਸਾਂ ਵਿਚ ਬੜੀ ਭਾਰੀ ਸ਼ਕਤੀ ਹੈ, ਜੋ ਇਨ੍ਹਾਂ ਦੇ ਕੱਟੇ ਜਾਣ ਤੇ ਕਿਸੇ ਤਰ੍ਹਾਂ ਵੀ ਕਾਇਮ ਨਹੀਂ ਰਹਿ ਸਕਦੀ। ਇਸੇ ਪੁਸਤਕ ਵਿਚ ਇਕ ਹੋਰ ਜਗ੍ਹਾ ਲਿੱਖਿਆ ਹੈ ਕਿ ਖ਼ੁਦਾ ਨੇ ਮੂਸਾ ਨੂੰ ਪੁਕਾਰ ਕੇ ਕਿਹਾ :-

'ਤੁਸੀਂ ਚੋਰੀ ਨਾ ਕਰੋ ਅਤੇ ਨਾ ਝੂਠਾ ਮਾਮਲਾ ਕਰੋ,ਇਕ ਦੂਜੇ ਨਾਲ ਝੂਠ ਨਾ ਬੋਲੋ.. ਤੁਸੀਂ ਆਪਣੇ ਸਿਰਾਂ ਦੀਆਂ ਗੁੱਠਾਂ ਨਾ ਮੁੰਨਾਉ ਆਪਣੀ ਦਾੜ੍ਹੀ ਦੇ ਕੋਨੇ ਨਾ ਵਿਗਾੜੋ। [ਆਇਤ ੨੭ ਬਾ: ੧੯

ਮੂਸਾ ਦੀ ਚੌਥੀ ਕਿਤਾਬ ਵਿਚ ਲਿੱਖਿਆ ਹੈ:-

ਫਿਰ ਖ਼ੁਦਾ ਨੇ ਮੂਸਾ ਨੂੰ ਇੰਝ ਕਿਹਾ :-

'ਬਨੀ ਅਸਰਾਈਲ ਨੂੰ ਹੁਕਮ ਦੇਹ ਕਿ ਜਦ ਕੋਈ ਮਰਦ ਜਾਂ ਤੀਵੀਂ ਆਪਣੇ ਆਪ ਨੂੰ ਅੱਡ ਕਰ ਕੇ ਮੰਨਤ ਮੰਨੇ ਕਿ ਆਪਣੇ ਆਪ ਨੂੰ ਖੁਦਾ ਦੀ ਨਜ਼ਰ ਬਣਾਵੇਗਾ, ਤਾਂ ਨਜ਼ੀਰ ਹੋਣ ਦੇ ਸਾਰੇ ਦਿਨਾਂ ਵਿਚ ਉਸ ਦੇ ਸਿਰ ਤੇ ਉਸਤਰਾ ਨਾ ਫੇਰਿਆ ਜਾਵੇ। ਉਹ ਆਪਣੇ ਸਿਰ ਦੇ ਪਵਿੱਤ੍ਰ ਵਾਲਾਂ ਨੂੰ ਵਧਣ ਦੇਵੇ।

[ਗਿਣਤੀ ਆਇਤ ੬ ਬਾ: ੫ (ਕੇਸ)

ਇਹ ਸਾਰੇ ਹਵਾਲੇ ਆਪਣੇ ਆਪ ਵਿੱਚ ਸੂਰਜ ਵਾਂਗ ਰੋਸ਼ਨ ਹਨ ਕਿ ਹਜ਼ਰਤ ਮੂਸਾ, (ਉਸ ਦਾ ਭਾਈ ਹਾਰੂਨ) ਅਤੇ ਉਸ ਸਮੇਂ ਦੇ ਸਾਰੇ ਲੋਕ ਕੇਸਾਧਾਰੀ ਸਨ। ਪਤਾ ਨਹੀਂ ਉਹਨਾਂ ਦੇ ਪੈਰੋਕਾਰ ਅੱਜ ਕਿਸ ਦੇ ਹੁਕਮ ਨਾਲ ਕੇਸਾਂ ਨੂੰ ਤਿਲਾਂਜਲੀ ਦੇ ਰਹੇ ਅਤੇ ਆਪਣੇ ਬਜ਼ੁਰਗਾਂ ਦੀ ਆਗਿਆ ਦਾ ਉਲੰਘਣ ਕਰ ਰਹੇ ਹਨ।

## ਈਸਾਈ ਮੱਤ ਤੇ ਕੇਸ

ਈਸਾਈ-ਮੱਤ ਦੇ ਬਾਨੀ ਈਸਾ ਜੀ ਹੋਏ ਹਨ, ਜਿ
ਖ਼ੁਦਾ ਦਾ ਬੇਟਾ ਮੰਨਿਆ ਜਾਂਦਾ ਹੈ। ਇਹ ਜਗਤ ਪ੍ਰਸਿੱਧ ਗੱਲ
ਉਹਨਾਂ ਦੀਆਂ ਬਚਪਨ ਤੋਂ ਲੈ ਕੇ ਅੰਤ ਸਮੇਂ ਦੀ ਅਵੱਸਥਾ ਤੱਕ
ਤਸਵੀਰਾਂ ਸਭ ਕੇਸਾਂ ਵਾਲੀਆਂ ਹਨ, ਅਤੇ ਖ਼ਾਸ ਕਰ ਕੇ ਉਹ
ਵੀਰ, ਜੋ ਇਨ੍ਹਾਂ ਦੇ ਸ਼ਰਧਾਲੂਆਂ ਨੇ ਬਾਈਬਲ ਵਿਚ ਦਿੱਤੀ ਹੈ।
ਸਹਿਤ ਵੇਖਣ ਯੋਗ ਹੈ। ਇਨ੍ਹਾਂ ਦੇ ਕੇਸਾਧਾਰੀ ਹੋਣ ਬਾਰੇ ਉਸ
ਦੇ ਇਕ ਸੱਜਣ ਦੀ ਅੱਖੀਂ ਡਿੱਠੀ ਗਵਾਹੀ ਇਥੇ ਲਿੱਖਦੇ ਹਾਂ।

ਈਸਾ ਜੀ ਨੂੰ ਜਦ ਰਾਜ ਵਿਦ੍ਰੋਹੀ ਹੋਣ ਦਾ ਦੋਸ਼ ਲਾ ਕੇ
ਤੇ ਚੜ੍ਹਾਣ ਲਈ ਅਦਾਲਤ ਵਿੱਚ ਪੇਸ਼ ਕੀਤਾ ਗਿਆ ਤਾਂ ਉਸ ਸ
ਇਕ ਹਾਕਮ 'ਪਬਲਸ-ਲਨਟੀਉਲਸ' (ਜੋ ਇਸ ਇਲਾਕੇ ਦਾ
ਗਵਰਨਰ ਸੀ ਅਤੇ ਬਾਦਸ਼ਾਹ ਨੇ ਇਸ ਤੋਂ ਈਸਾ ਜੀ ਬਾਰੇ
ਮੰਗੀ ਸੀ) ਨੇ ਬਾਦਸ਼ਾਹ ਨੂੰ ਇਕ ਖ਼ੱਤ ਲਿਖਿਆ ਸੀ, ਜਿਸ ਦਾ
ਇਸ ਤਰ੍ਹਾਂ ਹੈ :-

'ਇਸ ਆਦਮੀ ਦਾ ਕੱਦ ਸਾਉਆਂ ਵਰਗਾ ਤੇ ਜੱਬ੍ਹੇ
ਹੈ, ਇਸ ਦੀ ਸ਼ਕਲ ਸੂਰਤ ਸੋਹਣੀ ਤੇ ਮਨਮੋਹਣੀ ਹੈ,...ਇਸ ਦੇ
ਭੂਰੇ ਪੱਕੇ ਤੇ ਸ਼ਾਹਬਲੂਤ ਵਾਂਗ ਕਾਲੇ ਰੰਗ ਦੇ ਹਨ, ਕੰਨਾਂ ਤੋਂ
ਹੇਠਲੇ ਪਾਸੇ ਮੋਢਿਆਂ ਤੱਕ ਇਨ੍ਹਾਂ ਦਾ ਰੰਗ ਮਿੱਟੀ ਜਿਹਾ ਹੈ,ਪਰ
ਵਿਚ ਇਕ ਖਾਸ ਚਮਕ ਦਮਕ ਹੈ, ਅਤੇ ਨਾਸਰੀ ਲੋਕਾਂ ਦੀ
ਵਿਚਕਾਰੋਂ ਵੰਡੇ ਹੋਏ ਹਨ। ......ਇਸ ਦੀ ਦਾੜ੍ਹੀ ਘਣੀ ਹੈ, ਜੋ ਸਿ

ਵਾਲਾਂ ਵਾਂਗ ਲੰਮੀ ਪਰ ਵਿਚਕਾਰੋਂ ਵੰਡੀ ਹੋਈ ਨਹੀਂ।

[ਕਿਤਾਬ ਵਾਕਿਆ ਸਲੀਦ ਦੀ ਅੱਖੀਂ ਡਿੱਠੀ ਗਵਾਹੀ ਸ:੨੮

ਉਸ ਸਮੇਂ ਦੀ ਇਹ ਸਰਕਾਰੀ ਡਾਇਰੀ ਈਸਾ ਜੀ ਨੂੰ ਕੇਸਾਧਾਰੀ ਸਾਬਤ ਕਰਨ ਲਈ ਇਕ ਭਾਰੀ ਸਬੂਤ ਹੈ। ਜਿਸ ਦੀ ਰੋਸ਼ਨੀ ਵਿਚ ਹੋਰ ਕਿਸੇ ਹਵਾਲੇ ਦੀ ਲੋੜ ਨਹੀਂ* ਸੋ ਈਸਾ ਜੀ ਨੂੰ ਖ਼ੁਦਾ ਦਾ ਬੇਟਾ ਅਤੇ ਆਪਣੇ ਆਪ ਨੂੰ ਈਸਾ ਜੀ ਦੇ ਸਿੱਦਕੀ ਪੈਰੋਕਾਰ ਕਹਾਣ ਵਾਲੇ ਵੀ ਜ਼ਮਾਨੇ ਦੀ ਚਾਲ ਵਿਚ ਵਹਿ ਕੇ ਆਪਣੇ ਪਿਆਰੇ ਨਬੀ ਦੀ ਆਗਿਆ ਨੂੰ ਭੰਗ ਕਰ ਰਹੇ ਹਨ। ਕਿਤਾਬ ਬੁਖਾਰੀ ਵਿਚ ਜ਼ਿਕਰ ਹੈ:-

ਕਾਲਾ ਰਸੂਲੱਲਾ ਹੇ ਸਲੱਲਾ ਹੋ ਅਲੈਹੇ ਵ ਸਲੱਮ
ਵ ਅਲਕੈਤੇ ਈਸਾ ਕੰਨਾ ਅੱਤਾ ਹੁਨੱਬੀਯੋ ਸਲੱਲਾ ਹੋ
ਅਲੈਹੈ ਵ ਸਲੱਮ ਫਕਾਲਾ ਰਬਾਅਤੁਨ ਅਹਮਰੁ
ਕਅਨਮਾ ਖ਼ਰਜਾ ਮਿੱਨ ਦੀ ਮਾਸਨ ਯਾਨਿਲ ਹਮਾਮ

[ਬੁਖ਼ਾਰੀ ਕਿਤਾਬ ਬਦਅਲ ਖ਼ਲਕ ਹਿੱਸਾ ਦੂਜਾ

ਅਰਥ-ਰਸੂਲ ਨੇ ਕਿਹਾ ਕਿ ਮੈਂ ਮੇਅਰਾਜ ਵਾਲੀ ਰਾਤ ਈਸਾ ਨੂੰ ਮਿਲਿਆ, ਉਹ ਦਰਮਿਆਨੇ ਕੱਦ ਅਤੇ ਸੁਰਖ ਰੰਗ ਵਾਲਾ ਸੀ, ਗੋਯਾ ਕਿ ਹਮਾਮ ਵਿਚੋਂ ਹੁਣੇ ਨਹਾ ਕੇ ਨਿਕਲਿਆ ਹੈ ਇਸ ਤੋਂ ਅੱਗੇ ਜ਼ਿਕਰ ਹੈ:-

'ਈਸਾ ਫਅਹਮਰ ਜਅਦ ਅਰੀਜ਼ ਅਲ ਸਦਰ'

ਅਰਥ-ਕਿੰਤੂ ਈਸਾ (ਦਾ) ਸੁਰਖ ਰੰਗ ਘੁੰਗਰਿਆਲੇ ਵਾਲ, ਸੀਨਾ ਚੋੜਾ। ਬੁਖ਼ਾਰੀ ਵਿਚ ਹੋਰ ਜ਼ਿਕਰ ਹੈ :-

ਕਾਲਵਅਰਾ ਫ਼ਿਲ ਲੈਲਤਾ ਇੰਦਲ ਕਾਬਤੇ ਫ਼ਿਲ

---

*ਇਸ ਤੋਂ ਇਲਾਵਾ ਈਸਾ ਜੀ ਦੇ ਕੇਸਾਧਾਰੀ ਹੋਣ ਬਾਰੇ ਹੋਰ ਵੀ ਬਹੁਤ ਸਾਰੇ ਸਬੂਤ ਮਿਲਦੇ ਹਨ।

ਮਨਾਮੇ ਫ਼ਇਜ਼ਾ ਰਜ ਲੁਨ ਆਦਮੋ ਕਾਲਹ ਸਨੇ
ਮਾਯੁਰਾ ਮਿਨਉਦ ਮਿਰ ਰਜਾਲੇ ਤਦਰਿਬੋ ਲਿਮਤ ਹੂ
ਬੈਨਾ ਮਨਕੇ ਬੈਹੇ ਰਜੋ ਲੁਸੋਅਰੇ ਯਕੁ ਤਰੋਂ ਰ ਅ
ਸਹੂ ਮਾ ਅਨਵ ਇਸ ਅਨ ਯਦੈ ਹੇ ਅਲਮਿਨ
ਕਿਬੈ ਰਜੂਲੈਨੇ ਵਾਹੁਵਾ ਯਤੂਫ਼ੋ ਬਿਲ ਬੈਤੇ ਫ਼ਕੁਲਤੋ
ਮਨ ਹਾਜ਼ਾ ਫ਼ਕਾਲੂ ਹਾਜ਼ਲ ਮਸੀਹਾ ਹੁਬਨੋ ਮਰਯਮਾ
ਸੁੱਮਾ ਰੁਅਤਾ ਰਜੁਲਨ ਵਰਾਅਹੂ

[ਬੁਖ਼ਾਰੀ ਕਿਤਾਬ ਬਦ ਅਲਖ਼ਲਕ

ਅਰਥ-ਹਜ਼ਰਤ (ਮੁਹੰਮਦ) ਸਾਹਿਬ ਨੇ ਕਿਹਾ ਕਿ ਰਾਤ ਨੀਂਦਰ ਦੇ ਵਿਚ ਮੈਂ ਵੇਖਿਆ ਕਿ ਮੈਂ ਕਾਬੇ ਦੇ ਨੇੜੇ ਮੇਰੀ ਨਜ਼ਰ ਇਕ ਆਦਮੀ ਤੇ ਪਈ, ਉਸ ਦਾ ਕਣਕ ਵੰਨਾ ਸੀ, ਕਿੰਤੂ ਹੋਰ ਕਣਕ ਵੰਨੇ ਰੰਗ ਵਾਲਿਆਂ ਤੋਂ ਬੜੀ ਸੋ ਸ਼ਕਲ ਵਾਲਾ ਸੀ, ਉਸ ਦੇ ਵਾਲ ਮੋਢਿਆਂ ਤਕ ਪੈਂਦੇ ਸਨ ਤੇ ਸਨ, ਮਾਨੋਂ ਕੰਘੀ ਫੇਰੀ ਹੋਈ ਹੈ। ਮੈਂ ਪੁਛਿਆ ਇਹ ਕੌਣ ਲੋਕਾਂ ਨੇ ਕਿਹਾ ਮਰਯਮ ਦਾ ਪੁਤ੍ਰ ਈਸਾ। (ਕੇਸ)

ਇਸ ਤੋਂ ਹੋਰ ਕੀ ਸਬੂਤ ਹੋ ਸਕਦੇ ਹਨ। ਈਸਾ ਜੀ ਕੇਸਾਧਾਰੀ ਹੋਣ ਦੇ, ਪਰ ਅਜ ਉਨ੍ਹਾਂ ਦੀ ਉਮਤ ਨੇ (ਸੁਆਇ ਪਾਦ੍ਰੀਆਂ ਦੇ) ਮਜਮੂਈ ਤੋਰ ਤੇ ਕੇਸਾਂ ਤੇ ਦਾੜ੍ਹੇ ਨੂੰ ਤਲਾਂ ਦੇ ਦਿਤੀ ਹੈ।

# ਇਸਲਾਮ ਤੇ ਕੇਸ

ਭਾਵੇਂ ਇਸਲਾਮ ਮਜ਼ਬ ਦੇ ਬਾਨੀ ਮੁਹੰਮਦ ਸਾਹਿਬ ਜੀ ਮੰਨੇ ਜਾਂਦੇ ਹਨ, ਜਿਨ੍ਹਾਂ ਨੇ ਇਸ ਦੀ ਸ਼ਰ੍ਹਾ ਤੇ ਨਿੱਯਮ ਬਣਾਏ ਅਤੇ ਇਸ ਨੂੰ ਤਕੜਾ ਉੱਨਤ ਕੀਤਾ ਹੈ, ਪਰ ਤਵਾਰੀਖਾਂ ਦੇ ਵਰਕੇ ਫੋਲਣ ਤੋਂ ਪਤਾ ਚਲਦਾ ਹੈ ਕਿ ਇਹ ਉਹਨਾਂ ਤੋਂ ਪਹਿਲਾਂ ਵੀ ਮੌਜੂਦ ਸੀ ਅਤੇ ਇਸ ਵਿਚ ਹਜ਼ਰਤ ਇਬ੍ਰਾਹੀਮ ਅਤੇ ਦਾਊਦ, ਆਦਿ ਬਹੁਤ ਸਾਰੇ ਨਬੀ ਹੋਏ ਹਨ ਜੋ ਸਾਰੇ ਹੀ ਕੇਸਾਧਾਰੀ ਸਨ ।

ਕਿਉਂਕਿ ਕਈ ਸੌ ਸਾਲਾਂ ਤੋਂ ਇਸਲਾਮ ਵਿਚ ਮੁਹੰਮਦ ਸਾਹਿਬ ਦੀ ਕਾਇਮ ਕੀਤੀ ਸ਼ਰ੍ਹਾ (ਧਾਰਮਕ ਰਹੁਰੀਤੀ) ਹੀ ਪ੍ਰਚੱਲਤ ਹੈ, ਜਿਸ ਤੇ ਸਮੁੱਚੇ ਇਸਲਾਮ ਧਰਮ ਦਾ ਭਾਰੀ ਇੱਤਕਾਦ ਹੈ, ਇਸ ਲਈ ਇੱਥੇ ਮੁਹੰਮਦ ਸਾਹਿਬ ਅਤੇ ਦੂਜੇ ਨਬੀਆਂ ਦੇ ਕੇਸਾਧਾਰੀ ਹੋਣ ਬਾਰੇ ਇਤਿਹਾਸਕ ਦ੍ਰਿਸ਼ਟੀਕੋਨ ਪਾਠਕਾਂ ਦੇ ਸਾਹਮਣੇ ਰਖਣਾ ਵੀ ਜ਼ਰੂਰੀ ਹੈ, ਜੋ ਕੇਸਾਂ ਦੀ ਮਹਾਨਤਾ ਨੂੰ ਦਰਸਾਉਣ ਲਈ ਖ਼ਾਸੀ ਮਹੱਤਤਾ ਰਖਦਾ ਹੈ ।

ਮੁਹੰਮਦ ਸਾਹਿਬ ਬਾਰੇ ਬਹੁਤ ਸਾਰੀਆਂ ਲਿਖਤਾਂ ਵਿਚ ਸਾਬਤ ਹੈ ਕਿ ਉਹ ਕੇਸਾਧਾਰੀ ਸਨ, ਅਤੇ ਕੇਸਾਂ ਨੂੰ ਪਵਿੱਤਰ ਮੰਨਦੇ ਸਨ । ਉਹਨਾਂ ਦੀ ਕਬਰ ਦਾ ਹਵਾਲਾ ਦਿੰਦਿਆਂ ਖ੍ਵਾਜਾ ਹੱਸਨ ਨਿਜ਼ਾਮੀ ਦੇਹਲਵੀ, ਆਪਣੀ ਲਿਖੀ ਕਿਤਾਬ 'ਕਬਰੋਂ ਕੇ ਗ਼ੈਬੀ ਨਵਿਸ਼ਤੇ' ਵਿਚ ਲਿਖਦੇ ਹਨ । 'ਇੱਥੇ ਉਹ ਸਰੀਰ ਦੱਬਿਆ ਹੋਇਆ ਹੈ, ਜਿਸ ਦੀ ਆਤਮਾ ਦੋਹਾਂ ਜਹਾਨਾਂ ਦੇ ਭੇਦ ਥੀਂ ਜਾਣੂ ਹੈ ।......ਜੋ ਬੱਚਪਨ ਵਿਚ ਬੱਕਰੀਆਂ ਚਰਾਂਦੇ ਸਨ, ਬੂਟਾ ਜਿਹਾ ਕੱਦ, ਲੰਬੇ ਲੰਬੇ ਵਾਲ
ਸਿਰ ਤੇ ਪੱਗੜੀ ਬੰਨ੍ਹੀ, ਹੱਥ ਵਿਚ ਲੱਕੜੀ......। [ਕੇਸ

ਅਰਬ ਵਿਚ ਇਕ ਮੱਤ ਹੈ, ਜਿਸ ਦੇ ਬਾਨੀ ਅਬਦੁਲ ਵ
ਦੇ ਸਪੁੱਤ੍ਰ ਮੁਹੰਮਦ ਨੂੰ ਮੰਨਿਆ ਜਾਂਦਾ ਹੈ, ਇਸ ਦੇ ਪੈਰੋਕਾਰ ਵਾ
ਲੋਕ ਆਪਣੇ ਆਪ ਨੂੰ 'ਮੁਵੱਹਿਦ' (ਇਕ ਦੇ ਪੁਜਾਰੀ) ਅਤੇ
ਮੁਸਲਮਾਨਾਂ ਨੂੰ 'ਮੁਸ਼ਰਿਕ' (ਹੋਰ ਵੀ ਕਈ ਚੀਜ਼ਾਂ ਦੀ ਪੂਜਾ ਕ
ਵਾਲੇ ਕਹਿੰਦੇ ਹਨ) ਇਹ ਵਾਹਬੀ ਲੋਕ ਕੇਸ ਕਟਵਾਉਣ ਦੇ ਵਿ
ਹਨ ਅਤੇ ਬਾਕਾਇਦਾ ਸਿਰ ਤੋਂ ਪੈਰਾਂ ਤੱਕ ਕੇਸ (ਅਤੇ ਰੋਮ) ਰ
ਹਨ । (ਕੇ. ਫਿ.) ਇਸੇ ਤਰ੍ਹਾਂ ਈਰਾਨ ਵਿਚ ਇਕ ਮੱਤ ਦੇ ਬਾਨੀ ਬ
ਉੱਲਾ ਨੂੰ ਮੰਨਿਆ ਜਾਂਦਾ ਹੈ, ਜਿਨ੍ਹਾਂ ਦੀ ਧਾਰਮਕ ਪੁਸਤਕ
ਨਾਮ'ਕਿਤਾਬ ਅਕਦਸ' ਹੈ, ਇਸ ਵਿਚ ਇਸ ਮੱਤ ਦੀ ਸ਼ਰ੍ਹਾ ਸ
ਅਤ ਦਾ ਵਿਸਥਾਰ ਨਾਲ ਜ਼ਿਕਰ ਹੈ ਅਤੇ ਇਕ ਜਗ੍ਹਾ ਲਿਖਿਆ

ਲਾ ਤਾਲਵਾ ਮਰਉਸਕਮ ਕਦ
ਜੀਦਹਾ ਅੱਲਾ, ਬਿਲ ਸ਼ਅਰ। [ਅਕਦਸ

ਭਾਵ–'ਐ ਬਹਾਉੱਲਾ ਦੇ ਪੈਰੋਕਾਰੋ ! ਆਪਣੇ ਸਿਰਾਂ ਨੂੰ
ਨਾ ਮੁੰਨਾਉਣਾ, ਕਿਉਂਕਿ **ਕੇਸਾਂ** ਨਾਲ ਹੀ ਇਨ੍ਹਾਂ ਦੀ ਸੁੰਦਰਤਾ
[ਕ: ਉ: ਸਾ:

ਇਸ ਵਿੱਚ ਕੇਸਾਂ ਨੂੰ ਉੱਕਾ ਨਾ ਮੁੰਨਾਉਣ ਦਾ ਜ਼ਿਕਰ
ਜਿਸ ਤੋਂ ਕੇਸਾਂ ਬਾਰੇ ਕਿਸੇ ਤਰ੍ਹਾਂ ਦਾ ਭੁਲੇਖਾ ਨਹੀਂ ਰਹਿੰਦਾ ।
ਪਤਾ ਚਲਦਾ ਹੈ ਕਿ ਇਸਲਾਮ ਧਰਮ ਦੇ ਆਗੂ ਅਤੇ ਪੈਰੋਕਾਰ
ਹੀ ਕੇਸਾਧਾਰੀ ਸਨ । ਹੋਰ ਵੀ ਬੇਅੰਤ, ਮੁਸਲਮਾਨ ਫ਼ਿਲਾਸ
ਹੋਮਰ, ਪੈਥਾਗੋਰਸ, ਹੈਲੈਨਿਜ਼ਮ, ਸੁਕਰਾਤ, ਅਫਲਾਤੂਨ, ਅਰ
ਪਲੇਟੋ ਅਤੇ ਸਿਕੰਦਰ ਆਦਿ (ਯੂਨਾਨੀ) ਹੋਇ ਹਨ (ਜਿਨ੍ਹ
ਇਤਿਹਾਸ ਇਥੇ ਨਹੀਂ ਲਿਖਿਆ ਗਿਆ) ਜੋ ਕੇਸਾਧਾਰੀ ਸਨ ।
ਤਰ੍ਹਾਂ ਕਬੀਰ ਭਗਤ ਅਤੇ ਸ਼ੇਖ਼ ਫ਼ਰੀਦ, ਆਦਿ ਵੀ ਸਾਰੇ ਕੇਸਾ

ਸਨ, ਜਿਹਾ ਕਿ ਉਨ੍ਹਾਂ ਦੀ ਬਾਣੀ ਤੋਂ ਸਿੱਧ ਹੈ, ਜੋ ਇਸ ਪੁਸਤਕ ਵਿਚ ਅੰਕਿਤ ਹੈ।

ਇਹ ਇਕ ਹਕੀਕਤ ਹੈ ਕਿ ਇਸਲਾਮ ਮਤ ਵਿਚ ਜਿੰਨੇ ਵੀ ਸੂਫ਼ੀ ਖ਼ਿਆਲਾਂ ਦੇ ਖ਼ੁਦਾ ਪ੍ਰਸਤ ਲੋਕ ਹੋਏ ਹਨ ਉਹ ਸਭ ਕੇਸਾਂ ਵਾਲੇ ਸਨ ਅਤੇ ਹੁਣ ਤੱਕ ਇਸ ਤਰ੍ਹਾਂ ਦੇ ਕਈ ਬੇਪਰਵਾਹ ਫ਼ਕੀਰ ਵੇਖੇ ਜਾਂਦੇ ਹਨ, ਜਿਨ੍ਹਾਂ ਦੇ ਕੇਸ ਤੇ ਦਾੜ੍ਹੀ ਸਾਬਤ ਹੁੰਦੇ ਹਨ। ਬਹੁਤ ਸਾਰੇ ਇਨ੍ਹਾਂ ਲੋਕਾਂ ਦਾ ਤੱਜਰਬਾ ਹੈ ਕਿ ਕਿਸੇ ਵੀ ਪਵਿੱਤਰ ਕਾਰਜ ਅਰਥਾਤ ਅਰਾਧਨਾ ਜਾਂ ਕਿਸੇ ਕਲਾਮ ਦੀ ਕਮਾਈ ਵਿਚ ਕੇਸਾਂ ਨੂੰ ਕਟਾਉਣ ਨਾਲ ਬੜੀ ਭਾਰੀ ਰੁਕਾਵਟ ਪੈਂਦੀ ਹੈ। ਜੋ ਲੋਕ ਕੇਸ ਕਟਾਂਦੇ ਹਨ, ਉਨ੍ਹਾਂ ਦੀ ਆਤਮਕ ਸ਼ਕਤੀ ਕਮਜ਼ੋਰ ਹੋ ਜਾਂਦੀ ਹੈ, ਰੂਹਾਨੀ ਬਲ ਨਹੀਂ ਰਹਿੰਦਾ ਅਤੇ ਅਭਿਆਸ ਵਿਚ ਬੜੀ ਭਾਰੀ ਟੋਕ ਪੈਂਦੀ ਹੈ।

ਅਗਲੇ ਪੰਨਿਆਂ ਤੇ ਇਸਲਾਮੀ ਮੱਤ ਦੀਆਂ ਪ੍ਰਸਿੱਧ ਪੁਸਤਕਾਂ 'ਚੋਂ ਕੁਝ ਕੁ ਹਵਾਲੇ ਇਥੇ ਦਿਤੇ ਜਾਂਦੇ ਹਨ :-

ਅਨ ਅਬਨ ਅਬਾਸ ਕਾਲ ਕਾਨ ਅਬਲ਼ ਅਲ
ਕਿਤਾਬ ਸੱਯਦ ਲੋਨ ਇਸ਼ਆਰ ਹਮ ਵ ਕਾਨ ਅਲ
ਮੁਸ਼ਰਕੂਨ ਬਫ਼ਰ ਕੂਨ ਰੋਸ ਹਮ ਵਕਾਨ ਰਸੂਲੱਲਾਂ
ਸਲਅਮ ਬਅਜਬਤ ਮੁਵਾਫ਼ਕਤਹ ਅਹਲਅਲ
ਕਿਤਾਬ ਨਯਮਾ ਲਮਯੂ ਮਰਬਹ ਨਸਦਲ ਰਸੂਲ
ਅੱਲਾਹ ਸਲਅਮ ਨਾ ਸੱਯਤਾ ਸਮ ਫਰਕ ਬਅਦ

[ਸਨਨ ਅਬੀ ਦਾਊਦ ਕਿਤਾਬ ਅਲ ਤਰਜਲ

ਅਰਥ-ਇਬਨ ਅਬਾਸ ਨੇ ਕਿਹਾ ਹੈ ਕਿ ਕਿਤਾਬ ਵਾਲੇ ਆਪਣੇ ਕੇਸਾਂ ਨੂੰ ਵਧਾਈ ਰਖਦੇ ਸਨ, ਤੇ (ਮੂਸ਼ਰਕ) ਮਾਂਗ ਕਢਦੇ ਸਨ। 'ਹਜ਼ਰਤ ਮੁਹੰਮਦ ਸਾਹਿਬ ਕਿਤਾਬ ਵਾਲਿਆਂ ਦੀ ਗੱਲ ਕਦ ਪਸੰਦ ਕਰਦੇ ਸਨ ਜੇ ਕਦੇ ਉਨ੍ਹਾਂ ਨੂੰ ਕਿਸੇ ਖ਼ਾਸ ਗੱਲ ਵਿਚ ਹੁਕਮ ਨਾ ਹੁੰਦਾ' ਸੋ ਆਪ ਨੇ ਸਿਰ ਦੇ ਵਾਲ ਪਿਛੇ ਲਟਕਾ ਦਿਤੇ, ਪ੍ਰੰਤੂ ਫਿ ਕੁਝ ਦਿਨਾਂ ਮਗਰੋਂ ਮਾਂਗ ਕੱਢਣ ਲਗ ਪਏ। [ਕੇਸ

ਮੌਲਾਨਾ ਸਿਬਲੀ ਆਪਣੀ ਪੁਸਤਕ 'ਸੀਰਤ ਉਲ ਨਬਵੀ ਵਿਚ ਲਿਖਦੇ ਹਨ ਕਿ:-

'ਹਜ਼ਰਤ ਅਸਮਾਈਲ ਦੇ ਖ਼ਾਨਦਾਨ ਦੇ ਲੋਕ ਕੇਸ ਨਹੀਂ ਸ ਮੁੰਨਾਂਦੇ।

[ਸੀਰਤ ਉੱਲ ਨਬਵੀ, ਮੌਲਾਨਾ ਸ਼ਿਬਲੀ ਸ: ੧੦

'ਵਅਤਿਮੁਲਹੱਜਾ ਵਲ ਓਮਰਤਾ ਲਿੱਲਾਹ ਫ਼ਇਨ
ਓਹਸਿਰ ਤੁਮ ਫ਼ਮਸ ਮਿਲਲ ਹਦਯੇ ਵ ਲਾ ਤਾਹਲੇ
ਕੂ ਰਉਸਾ ਕੁੰਮ।

[ਕੁਰਾਨ ਸਿਪਾਰਾ ੨ ਸੂ: ਬਕਰ ਰੁ ੨੪ ਅ. ੧੯

ਅਰਥ-ਪੂਰਾ ਕਰੋ ਹੱਜ ਨੂੰ ਵਾਸਤੇ ਅੱਲਾ ਦੇ, ਪੱਸ ਜੇ ਘੇ ਜਾਉ ਤੁਸੀਂ, ਪੱਸ ਜੇ ਕੁਝ ਪ੍ਰਾਪਤ ਹੋ ਸਕੇ ਕੁਰਬਾਨੀ ਤੋਂ ਤੇ ਮੁੰਨਾਉ ਸਿਰਾਂ ਆਪਣਿਆਂ ਨੂੰ।

ਇਸ ਆਇਤ ਤੋਂ ਤਾਂ ਸਾਫ਼ ਸਪੱਸ਼ਟ ਹੈ ਕਿ ਕਿਸੇ ਮੁਸਲਮਾਨ ਦਾ ਹੱਜ ਉਦੂੰ ਤੱਕ ਪੂਰਾ ਨਹੀਂ ਹੋ ਸਕਦਾ ਜਦ ਤਕ ਉ ਆਪਣੇ ਵਾਲ ਕਟਾਉਣੇ ਬੰਦ ਨਾ ਕਰੇ ਅਤੇ ਮੁਹੰਮਦ ਸਾਹਿਬ ਸਿਰ ਨ ਮੁੰਨਾਉਣ ਦੇ ਹੁਕਮ ਦੀ ਪਾਲਣਾ ਨਾ ਕਰੇ।

ਇਸਰਾਰੇ 'ਸ਼ਰੀਅਤ' ਵਿਚ ਮੌਲਾਨਾ ਮੁਹੰਮਦ ਫ਼ਾਜ਼ਲ ਖ਼ਾਂ ਇਹ ਕਥਨ ਹੈ ਕਿ-

'ਨਜ਼ੀਰ (ਨਜ਼ਰ) ਹੋਣ (ਚੜ੍ਹਾਵਾ ਚੜ੍ਹਨ ਵਾਲੇ) ਦੇ ਸਿ ਤੇ ਉਸਤ੍ਰਾ ਨਾ ਫੇਰਿਆ ਜਾਵੇ, ਜਦ ਤਕ ਕਿ ਉਹ ਦਿਨ ਗੁਜ਼ਰ ਜਾਣ, ਜਿਨ੍ਹਾਂ ਵਿਚ ਉਸ ਨੇ ਆਪਣੇ ਆਪ ਨੂੰ ਖ਼ੁਦਾ ਦੇ ਵਾਸਤੇ ਨ ਕੀਤਾ ਹੈ, ਸਿਰ ਦੇ ਵਾਲ ਵਧਣ ਦੇਵੇ।'

[ਕਿ: ਸ: ੬੭

ਮਨੁੱਖ ਨੂੰ ਆਪਣੀ ਸੂਰਤ ਤੇ ਸਾਜਣ ਬਾਰੇ ਜ਼ਿਕਰ ਹੈ ਕਿ:-

ਵ ਲੁਕਦ ਖ਼ਲਕ ਨਾ ਕੁੰਮ ਸੁਮਾ
ਸੁਵੱਰਨਾ ਕੁੰਮ ਸੁੱਮਾ ਕੁਲ ਨਾ ਲਿੱਲ
ਮਲਾਇਕਾ ਤਿਸ ਜੋਦੂ ਲਿਆ ਦਮਾ ਫਸਜਦੂ ।

[ਸਿਪਾਰਾ, ਸੂ. ਇਰਾਫ ਰਕੂ. ੨

ਅਰਥ–ਤੇ ਨਿਸਚਤ ਪੈਦਾ ਕੀਤਾ ਅਸਾਂ ਤੁਸਾਨੂੰ, ਫਿਰ ਸੂਰਤਾਂ ਬਣਾਈਆਂ ਆਸਾਂ ਤੁਹਾਡੀਆਂ, ਫਿਰ ਕਿਹਾ ਅਸਾਂ ਫ਼ਰਿਸ਼ਤਿਆਂ ਨੂੰ ਕਿ ਸੱਜਦਾ ਕਰੋ (ਮੱਥਾ ਟੇਕੋ) ਆਦਮ ਨੂੰ ਸੋ ਸੱਜਦਾ ਕੀਤਾ ਫ਼ਰਿਸ਼ਤਿਆਂ ਨੇ

[ਕੇ: ਸ: ੭੪

ਇਸਲਾਮ ਧਰਮ ਦੇ ਅਕੀਦੇ ਅਨੁਸਾਰ ਖ਼ੁਦਾ (ਵਾਹਿਗੁਰੂ) ਨੇ ਆਪਣੀ ਸੂਰਤ ਤੇ ਆਦਮ ਨੂੰ ਸਾਜ ਕੇ ਦੂਜੇ ਫ਼ਰਿਸ਼ਤਿਆਂ ਤੋਂ ਉਸ ਦੇ ਅਗੇ ਸਿੰਜਦਾ ਕਰਵਾਇਆ, ਆਦਮ ਦੀ ਸੂਰਤ ਬਾਰੇ ਸਭ ਦੀ ਇਕੋ ਰਾਏ ਹੈ ਕਿ ਉਹ ਕੇਸਾਧਾਰੀ ਸਨ:-

'ਤੁਸੀਂ ਆਪਣੇ ਸਿਰਾਂ ਦੀਆਂ ਗੁੱਠਾਂ ਨਾ ਮੁੰਨਾਓ ਤੇ ਆਪਣੀ **ਦਾੜ੍ਹੀ** ਦੇ ਕੋਨੇ ਨਾ ਵਿਗਾੜੋ।

[ਆਇਤ ੨੭ ਇਹਬਾਰ ਦਾ ਬਾਬ ੧੯,

ਬਾਦਸ਼ਾਹ 'ਅਫ਼ੀਅਬ' ਦੇ ਜ਼ਮਾਨੇ ਇਕ 'ਏਲੀਆਹ' ਨਬੀ ਹੋਇਆ ਹੈ, ਜੋ ਬੜਾ ਕਰਾਮਾਤੀ ਅਤੇ ਪੂਰਨ ਕੇਸਾਧਾਰੀ ਸੀ।

'ਅਫ਼ੀਅਬ' ਨੇ ਆਪਣੀ ਮੌਤ ਸਮੇਂ ਇਸ ਨਬੀ ਤੋਂ ਪੁਛਵਾ ਭੇਜਿਆ ਸੀ ਕਿ ਮੈਂ ਬਚਾਂਗਾ ਜਾਂ ਨਹੀਂ। ਜਦ ਏਲਚੀ ਪੁੱਛ ਕੇ ਵਾਪਸ ਆਇਆ ਤਾਂ ਬਾਦਸ਼ਾਹ ਨੇ ਪੁਛਿਆ ਜਿਸ ਨਬੀ ਪਾਸ ਤੂੰ ਪੁੱਛਣ ਗਿਆ ਸੈਂ, ਉਸ ਦੀ ਸ਼ਕਲ ਸੂਰਤ ਕਿਹੋ ਜਿਹੀ ਸੀ ਤਾਂ ਅਗੋਂ 'ਉਹ ਉਸ ਨੂੰ ਕਹਿਣ ਲੱਗੇ ਕਿ ਉਹ ਬਹੁਤ ਵਾਲਾਂ ਵਾਲਾ ਆਦਮੀ ਸੀ, ਅਤੇ ਚਮੜੇ ਦੇ ਤਸਮੇਂ ਨਾਲ ਉਸ ਨੇ ਆਪਣੀ ਕਮਰ ਕੱਸੀ ਹੋਈ ਸੀ। ਤਦ ਉਸ ਨੇ ਕਿਹਾ ਉਹ ਨਬੀ 'ਏਲੀਆਹ' ਸੀ।

[ਸਲਾਤੀਨ ੨ ਬਾ: ੧. ਆ.

ਮੁਲਕ ਸਿਆਮ ਵਿਚ 'ਨਾਸਰਤ' ਨਾਉਂ ਦਾ ਇਕ
ਪ੍ਰਸਤ ਆਦਮੀ ਹੋਇਆ ਹੈ ਜੋ ਸ਼ਰਾਬ ਤੋਂ ਸਖ਼ਤ ਘਿਰਣਾ ਕ
ਸੀ ਅਤੇ ਪੂਰਨ ਕੇਸਾਧਾਰੀ ਸੀ, ਇਸੇ ਕਰ ਕੇ ਸਮਾਂ ਪਾ ਕੇ ਨ
ਦੇ ਅਰਥ ਹੀ ਕੇਸਾਧਾਰੀ ਸਮਝੇ ਜਾਣ ਲਗ ਪਏ ਅਤੇ ਪਿਛੋਂ
ਦੇ ਪੈਰੋਕਾਰ ਵੀ ਸਾਬਤ ਸੂਰਤ ਰਹਿਣ ਕਾਰਨ 'ਨੁਸਰਾਨੀ'
ਹੋ ਗਏ, ਜੋ ਇਕ ਸਤਿਕਾਰ ਯੋਗ ਫਿਰਕਾ ਮੰਨਿਆ ਜਾਂਦਾ
ਇਨ੍ਹਾਂ ਚੋਂ ਬਹੁਤੇ ਅਜ ਤਕ ਵੀ ਕੇਸ ਨਹੀਂ ਮੁੰਨਾਂਦੇ ਅਤੇ ਇਨ੍
ਬਹੁਤ ਸਤਿਕਾਰ ਕਰਦੇ ਹਨ।

ਹਜ਼ਰਤ ਯਾਕੂਬ ਬਾਰੇ ਆਮ ਪ੍ਰਸਿੱਧ ਹੈ ਕਿ ਉਹ **ਕੇਸਾਧ**
ਸੀ ਅਤੇ ਕਈ ਵੇਰਾਂ ਉਸ ਨੂੰ ਖ਼ੁਦਾ ਦਾ ਦਰਸ਼ਨ ਵੀ ਹੋਇਆ।

[ਦੇਖੋ ਬਾਈਬਲ ਸ:

ਹਜ਼ਰਤ ਨੂਹ ਇਕ ਪ੍ਰਸਿੱਧ ਨਬੀ ਹੋਏ ਹਨ। ਜਿਨ੍ਹਾਂ
ਤਸਵੀਰਾਂ ਅਤੇ ਇਤਿਹਾਸ ਤੋਂ ਸਾਬਤ ਹੁੰਦਾ ਹੈ ਕਿ ਉਹ
ਸੂਰਤ ਕੇਸਾਧਾਰੀ ਸਨ।

[ਪੜ੍ਹੋ ਬਾਈਬਲ ਸ:

ਮੱਕੇ ਵਿਚ ਅਜ ਤਕ 'ਵਾਹਬੀ' ਮੁਸਲਮਾਨਾਂ ਦਾ
ਫ਼ਿਰਕਾ ਆਬਾਦ ਹੈ ਜੋ **ਕੇਸ** ਅਤੇ ਦਾੜ੍ਹੀ ਨਹੀਂ ਮੁੰਨੋਂਦਾ ਅ
ਕੋਈ ਇਸ ਦੀ ਬਹੁਤ ਇਜ਼ਤ ਕਰਦਾ ਹੈ। [ਕੇ: ਫਿ: ਸ:

ਬਹੁਤ ਥਾਈਂ ਤਾਂ ਇਹ ਰਸਮ ਅਜ ਤਕ ਚਲੀ ਔਂ
ਪਰ ਅਜ ਤੋਂ ਕੁਝ ਸਮਾਂ ਪਹਿਲੇ ਆਮ ਤੌਰ ਤੇ ਮੁਸਲਮਾਨ ਰੋ
ਦੇ ਦਿਨਾਂ ਵਿਚ ਹਜਾਮਤ ਨਹੀਂ ਕਰਾਂਦੇ ਸਨ। ਇਕ ਹੋਰ
ਲਿਖਿਆ ਹੈ:-"ਹਜ਼ਰਤ ਉਮਰ ਬਿਨ ਸੁਆਇਬ ਰਦੀ ਅ

ਕੇ ਦਾਦਾ ਸੇ ਰੁਆਇਤ ਹੈ ਕਿ ਰਸੂਲਿੱਲਾ ਹੂ ਅਲਹੀ ਵਸੱਲਮ ਨੇ ਸਫੈਦ ਬਾਲ ਉਖੇੜਨੇ ਸੇ ਮਨਾ ਫ਼ਰਮਾਇਆ ਹੈ। ਔਰ ਫ਼ਰਮਾਇਆ ਹੈ ਕਿ ਯੇਹ ਮੁਸਲਮਾਨੋਂ ਕਾ ਨੂਰ ਹੈ।

ਹਦੀਸ ਹੱਸਨ-ਕ੍ਰਿਮਜ਼ੀ ਸ਼ਰੀਫ਼, ਸਫ਼ਾ ੧੨੯।

ਸੋ ਇਨ੍ਹਾਂ ਸਾਰੇ ਉਕਤ ਕਥਨਾਂ ਤੋਂ ਸਾਫ਼ ਜ਼ਾਹਿਰ ਹੈ ਕਿ ਇਸਲਾਮ ਧਰਮ ਵਿਚ ਕੇਸਾਂ ਅਤੇ ਦਾੜ੍ਹੀ ਦਾ ਕਟਾਉਣਾ ਇਕ ਪਾਪ ਸਮਝਿਆ ਜਾਂਦਾ ਸੀ, ਪਰ ਅਜ ਕਲ ਇਨ੍ਹਾਂ ਉਪਦੇਸ਼ਾਂ ਦੀ ਇਕ ਕੱਖ ਜਿੰਨੀ ਪਰਵਾਹ ਨਹੀਂ ਕੀਤੀ ਜਾਂਦੀ।

----

## ਦੂਜੇ ਮੱਤਾਂ ਦੇ ਮਹਾਨ ਨੇਤਾ ਤੇ ਕੇਸ

ਹੇਠ ਲਿਖੇ ਨੇਤਾਵਾਂ ਵਿਚੋਂ ਬਹੁਤੇ ਕੇਸਾਧਾਰੀ ਸਨ, ਭ ਕੁਝ ਕੁ ਅਜਿਹੇ ਵੀ ਸਨ ਜੋ ਅਧੂਰੇ ਕੇਸ ਜਾਂ ਕੇਵਲ ਦਾੜ੍ਹੀ ਰ ਸਨ! ਪਰ ਉਨ੍ਹਾਂ ਦਾ ਐਡੇ ਵਡੇ ਸੋਝੀਵਾਨ ਹੋਣਾ ਸਾਬਤ ਕਰਦ ਕਿ ਕੇਸ ਦਿਮਾਗੀ ਸੂਝ ਬੂਝ ਲਈ ਰੁਕਾਵਟ ਨਹੀਂ ਹਨ।

ਹੋਮਰ—ਇਹ ਯੂਨਾਨ ਦਾ ਇਕ ਮਹਾਨ ਕਵੀ ਸੀ।

ਅਰਸ਼ਮੀਦਸ—ਜੋ ਯੂਨਾਨ ਦਾ ਇਕ ਵਡਾ ਹਿਸਾਬਦ ਤੇ ਖੋਜੀ, ਹੋਇਆ ਹੈ।

ਸੁਲਤਾਨ ਸਲਾਹੂਦੀਨ—ਮਿਸਰ ਦੇਸ਼ ਦਾ ਇਕ ਪ੍ਰ ਬਾਦਸ਼ਾਹ।

ਗਾਟੇ—ਜਰਮਨ ਦਾ ਸਭ ਤੋਂ ਵਡਾ ਕਵੀ ਤੇ ਸਾਹਿਤਕਾ

ਮੋਜ਼ਾਰਟ—ਆਸਟਰੀਆ ਦਾ ਪ੍ਰਸਿੱਧ ਸੰਗੀਤਕਾਰ।

ਹੈਨੀਬਲ—ਕਾਰਥੇਜ ਦਾ ਇਕ ਅਜਿੱਤ ਜਰਨੈਲ।

ਕੋਲੰਬਸ—ਜਿਸ ਨੇ ਪੱਛਮੀ ਸਮੁੰਦਰਾਂ ਨੂੰ ਗਾਹ ਕੇ ਉਹ ਦੇ ਭੇਦ ਪ੍ਰਾਪਤ ਕੀਤੇ, ਅਮਰੀਕਾ ਲੱਭਿਆ ਅਤੇ ਕਈ ਦੇਸ਼ ਸਮੁੰਦਰਾਂ ਦੇ ਸਬੰਧ ਕਾਇਮ ਕੀਤੇ।

ਮੋਲੀਅਰ—ਇਹ ਫ਼ਰਾਂਸ ਦਾ ਪ੍ਰਸਿੱਧ ਨਾਟਕਕਾਰ ਸੀ।

ਵਿਕਟਰ ਹਯੂਗੋ—ਫ਼੍ਰਾਂਸ ਦਾ ਇਕ ਮਹਾਨ ਸਿਆਸਤਦ ਕਵੀ, ਨਾਵਲਿਸਟ ਅਤੇ ਸਾਹਿਤਕਾਰ।

ਐਡੀਸਨ—ਅਮਰੀਕਾ ਦਾ ਮਹਾਨ ਵਿਗਿਆਨਕ ਖੋਜੀ, ਜਿਸ ਨੇ ਬਿਜਲੀ ਦੇ ਬੱਲਬ, ਗ੍ਰਾਮੋਫ਼ੂਨ ਆਦਿਕ ਸੈਂਕੜੇ ਸਾਇੰਸੀ ਕਾਢਾਂ ਕੱਢੀਆਂ।

ਰੈਫ਼ਲ—ਇਹ ਇੱਟਲੀ ਦਾ ਇੱਕ ਅਦੁੱਤੀ ਚਿਤ੍ਰਕਾਰ ਹੋਇਆ ਹੈ।

ਜੂਲੀਅਸ ਸੀਜ਼ਰ—ਇਹ ਯਾਰ੍ਹਵੀਂ ਸਦੀ ਦੇ ਆਰੰਭ ਸਮੇਂ ਰੋਮ ਵਿੱਚ ਪੈਦਾ ਹੋਇਆ, ਜੋ ਰੋਮ ਦੀ ਖਾਨਾਜੰਗੀ ਸਮੇਂ ਡਿਕਟੇਟਰ ਵੀ ਰਿਹਾ, ਇਹ ਇੱਕ ਪ੍ਰਭਾਵਸ਼ਾਲੀ ਜਰਨੈਲ ਅਤੇ ਪ੍ਰਸਿਧ ਲਿਖਾਰੀ ਸੀ।

ਗੁੱਟਨ ਬਰਗ—ਇਹ ਚੌਧਵੀਂ ਸਦੀ ਦੇ ਅੰਤ ਵਿੱਚ ਜਰਮਨ ਵਿਚ ਪੈਦਾ ਹੋਇਆ, ਜਿਸ ਨੇ ਛਾਪੇਖ਼ਾਨੇ ਦੀ ਕਾਢ ਕੱਢੀ ਸੀ।

ਕਨਫ਼ੂਸ਼ਿਸ਼—ਜੋ ਛੇਵੀਂ ਸਦੀ ਵਿੱਚ ਚੀਨ ਦਾ ਵਜ਼ੀਰ ਰਿਹਾ, ਇਸ ਨੇ ਚੀਨ ਵਿਚ ਕਈ ਮਹਾਨ ਵਿਦਵਾਨ ਪੈਦਾ ਕੀਤੇ।

ਗਲੀਲੀਓ—ਇਟਲੀ ਦਾ ਇਕ ਪ੍ਰਸਿੱਧ ਜੋਤਸ਼ੀ ਜੋ ਸੋਲ੍ਹਵੀਂ ਸਦੀ ਵਿੱਚ ਇਥੋਂ ਦੇ ਕਈ ਵਡੇ ਵਡੇ ਵਿਦਿਆਲਿਆਂ ਦਾ ਪ੍ਰੋਫ਼ੈਸਰ ਵੀ ਰਿਹਾ। ਦੂਰਬੀਨ ਦੀ ਕਾਢ ਇਸੇ ਨੇ ਕੱਢੀ ਸੀ।

ਡਾਂਟੇ—ਇੱਟਲੀ ਦਾ ਇਕ ਮਹਾਨ ਕਵੀ।

ਵਾਲਟੇਅਰ—ਫ਼ਰਾਂਸ ਦਾ ਇੱਕ ਮਹਾਨ ਲੇਖਕ ਤੇ ਸਾਇੰਸ-ਦਾਨ।

ਜੈਨਰ—ਯੋਰਪ ਦਾ ਇਕ ਪ੍ਰਸਿੱਧ ਡਾਕਟਰ, ਜਿਸ ਨੇ ਚੀਚਕ ਦੀ ਬੀਮਾਰੀ ਦਾ ਇਲਾਜ ਲੱਭਿਆ।

ਪਾਸਚਰ—ਇਹ ਫਰਾਂਸ ਵਾਸੀ ਇਕ ਮਹਾਨ ਰਸਾਇਣਵੇਤਾ ਸੀ ਜੋ ਜ਼ਾਤ ਦਾ ਚਮਾਰ ਸੀ।

ਬੀਥੋਵਨ—ਜਰਮਨ ਦਾ ਇੱਕ ਉੱਘਾ ਸੰਗੀਤਕਾਰ, ਜੋ ਸੰਗੀਤ ਕਲਾਕਾਰੀ ਵਿਚ ਦੂਜਾ ਸ਼ੇਕਸਪੀਅਰ ਮੰਨਿਆ ਜਾਂਦਾ ਹੈ।

ਮਾਂਟਕਾਮ—ਫਰਾਂਸ ਦਾ ਇਕ ਭਾਰੀ ਜਰਨੈਲ।

ਇਬਰਾਹੀਮ ਲਿੰਕਨ—ਅਮਰੀਕਨ ਸਟੇਟਾਂ ਦਾ ਸੋਲ੍ਹਵਾਂ ਪ੍ਰਧਾਨ ਜੋ ਇਕ ਮੰਨਿਆ ਹੋਇਆ ਸਿਆਸਤਦਾਨ ਅਤੇ ਲੇਖਕ ਸੀ।

ਵਾਸ਼ਿੰਗਟਨ—ਅਮਰੀਕਾ ਦਾ ਇਕ ਮਹਾਨ ਜਰਨੈਲ, ਜਿਸ ਦੇ ਨਾਂ ਤੇ ਅਮਰੀਕਾ ਦੀ ਰਾਜਧਾਨੀ 'ਵਾਸ਼ਿੰਗਟਨ ਹੈ। ਇਹ ਅਮਰੀਕਨ ਸੰਯੁਕਤ ਰਿਆਸਤਾਂ ਦਾ ਪਹਿਲਾ ਪ੍ਰਧਾਨ ਸੀ,

ਮਾਰਟਨ ਲੂਥਰ—ਜੋ ਇੱਕ ਧਾਰਮਕ ਵਿਦਵਾਨ ਸੀ, ਇਹ ਈਸਾਈਆਂ ਦੇ ਨਵੇਂ 'ਪ੍ਰੋਟੈਸਟੈਂਟ' ਫਿਰਕੇ ਦਾ ਆਗੂ ਹੋਇਆ ਹੈ, ਜਿਸ ਨੇ ਈਸਾਈਆਂ ਦੇ ਰੋਮਨ ਕੈਥੋਲਿਕ ਮੱਤ ਦੀਆਂ ਫੋਕੀਆਂ ਧਾਰਮਕ ਰੀਤਾਂ ਦਾ ਖੰਡਨ ਕੀਤਾ ਅਤੇ ਆਪਣਾ ਨਵਾਂ ਫਿਰਕਾ ਚਲਾਇਆ।

ਨੈਪੋਲੀਅਨ—ਜਿਸ ਦੇ ਨਾਮ ਤੋਂ ਸਾਰਾ ਸੰਸਾਰ ਜਾਣੂ ਹੈ। ਇਹ ਫਰਾਂਸ ਦਾ ਬਾਦਸ਼ਾਹ ਵੀ ਰਿਹਾ ਹੈ, ਇਸ ਨੇ ਆਪਣੀ ਲਿਆਕਤ, ਦੂਰਅੰਦੇਸ਼ੀ ਅਤੇ ਬਲ ਨਾਲ ਦੁਨੀਆ ਦੀਆਂ ਵਡੀਆਂ ਵਡੀਆਂ ਤਾਕਤਾਂ ਨਾਲ ਮੁਕਾਬਲਾ ਕੀਤਾ।

ਜਾਰਜ ਬਰਨਰਡ ਸ਼ਾਹ—ਸੰਸਾਰ ਪ੍ਰਸਿੱਧ ਸਾਹਿਤਕਾਰ ਜੋ ਆਇਰਲੈਂਡ ਵਿੱਚ ਹੋਇਆ ਹੈ, ਇਸ ਦਾ ਨੂਰੀ ਦਾੜ੍ਹਾ ਤੇ ਕੋ ਵੇਖਣ ਲੋਕੀਂ ਦੂਰੋਂ ਦੂਰੋਂ ਚੱਲ ਕੇ ਆਉਂਦੇ ਸਨ।

ਕਾਰਲ ਮਾਰਕਸ—ਇਕ ਜਰਮਨੀ ਫਿਲਾਸਫ਼ਰ, ਜਿਸ

ਰੂਸੀ ਇਨਕਲਾਬ ਦਾ ਹੀਰੋ ਕਿਹਾ ਜਾ ਸਕਦਾ ਹੈ।

ਕਾਮਰੇਡ ਲੈਨਨ–ਜਿਸ ਨੇ ਰੂਸ ਨੂੰ ਆਜ਼ਾਦ ਕਰਨ ਵਿਚ ਬਹੁਤ ਭਾਰੀ ਹਿਸਾ ਪਾਇਆ।

ਰਾਬਿੰਦਰਾ ਨਾਥ ਟੈਗੋਰ–ਬੰਗਾਲ ਦਾ ਇਕ ਮਹਾਨ ਕਵੀ ਤੇ ਨਾਟਕਕਾਰ ਜਿਸ ਦੇ ਨਾਮ ਤੋਂ ਦੁਨੀਆਂ ਦਾ ਬੱਚਾ ੨ ਜਾਣੂ ਹੈ, ਇਹ ਵੀ ਕੇਸਾਂ ਦਾਹੜੇ ਵਾਲੀ ਇਕ ਦਰਸ਼ਨੀ ਹਸਤੀ ਸੀ, ਜਿਸ ਦੀ ਫੋਟੋ ਆਮ ਵੇਖੀ ਜਾਂਦੀ ਹੈ।

ਲਿਊ ਟਾਲਸ ਟਾਇ–ਜੋ ਰੂਸ ਦਾ ਇਕ ਮਹਾਨ ਲਿਖਾਰੀ ਸੀ, ਜਿਸ ਦੀ ਇਕ ਸੌ ਤੀਹ ਸਾਲਾ ਵਰਸੀ ੯ ਅਗਸਤ ੧੯੫੮ ਨੂੰ ਮਨਾਈ ਗਈ ਸੀ, ਇਹ ਵੀ ਕੇਸਾਧਾਰੀ ਤੇ ਨੂਰੀ ਦਾੜ੍ਹੇ ਵਾਲਾ ਸੀ। ਅਤੇ (ਮੌਜੂਦਾ ਸਮੇਂ) ਵਿਨੋਭਾ ਭਾਵੇ।

ਇਨ੍ਹਾਂ ਤੋਂ ਇਲਾਵਾ ਲੱਖਾਂ ਹੋਰ ਮਹਾਨ ਹਸਤੀਆਂ ਹੋਈਆਂ ਹਨ, ਜੋ ਕੇਸਾਂ ਅਤੇ ਦਾਹੜੇ ਦਾ ਅਦਬ ਕਰਦੀਆਂ ਸਨ ਉਕਤ ਪ੍ਰਸਿੱਧ ਪੁਰਸ਼ਾਂ ਵਿਚੋਂ ਭਾਵੇਂ ਕਈ ਧਾਰਮਕ ਖਿਆਲਾਂ ਦੇ ਨਹੀਂ ਸਨ, ਪਰ ਕੇਸ ਦਾਹੜੇ ਉਨ੍ਹਾਂ ਨੇ ਵੀ ਰੱਖੇ ਹੋਏ ਸਨ। ਇਹ ਉਹ ਲੋਕ ਹਨ, ਜਿਨ੍ਹਾਂ ਨੂੰ ਦੁਨੀਆਂ ਭਰ ਦੀਆਂ ਬੇਅੰਤ ਕਾਢਾਂ, ਹੁਨਰਾਂ ਅਤੇ ਸਾਇੰਸ ਦੇ ਨਵੀਨ ਚਮਤਕਾਰਾਂ ਦੇ ਜਨਮ ਦਾਤਾ ਆਖਿਆ ਜਾ ਸਕਦਾ ਹੈ। ਕੇਸਾਂ ਬਾਰੇ ਅਜਿਹੀ ਛੁੱਚਰ ਖੜੀ ਕਰਨ ਵਾਲਿਆਂ ਨੂੰ 'ਕਿ ਕੇਸ ਦਿਮਾਗੀ ਉਨਤੀ ਵਿੱਚ ਭਾਰੀ ਰੁਕਾਵਟ ਪਾਂਦੇ ਹਨ' ਉਕਤ ਵਯੱਕਤੀਆਂ ਦੀਆਂ ਰਚਨਾਵਾਂ ਅਤੇ ਜੀਵਨ ਪੜ੍ਹਨੇ ਚਾਹੀਦੇ ਹਨ।

ਅਜ ਕਲ ਸਾਇੰਸ ਦੀਆਂ ਨਵੀਆਂ ਕਾਢਾਂ ਅਤੇ ਹੋਰ ਕਈ ਦੀਮਾਗੀ ਕੰਮਾਂ ਦੇ ਕੇਸ ਹੀਨਾਂ ਹੱਥ ਹੋਣ ਕਾਰਣ ਕਈ ਭੁੱਲੜ ਵੀਰ ਸ਼ਾਇਦ ਖ਼ਿਆਲ ਕਰਦੇ ਹੋਣ ਕਿ ਕੇਸਾਂ ਤੋਂ ਬਿਨਾਂ ਹੋਣ ਕਰਕੇ ਹੀ ਇਹ ਲੋਕ ਇਨ੍ਹਾਂ ਮੁਰਾਤਬਿਆਂ ਤੇ ਪੁੱਜੇ ਹਨ, ਇਹ ਉਨ੍ਹਾਂ ਦੀ ਭਾਰੀ ਭੁੱਲ ਹੈ। ਜੇ ਇਹ ਗੱਲ ਸੱਚ ਹੋਂਦੀ ਤਾਂ ਉਕਤ ਸਾਇੰਸਦਾਨ ਦੀ ਹੋਂਦ ਵਿਚ ਕਿਸੇ ਨਵੀਂ ਕਾਢ ਨੂੰ ਜਨਮ ਨ ਦੇ ਸਕਦੇ।

ਇਹ ਤਾਂ ਇਉਂ ਸੋਚਣਾ ਵਧੇਰੇ ਠੀਕ ਹੈ ਕਿ ਜੇ ਅਜ ਕ ਸਾਇੰਸਦਾਨ ਵੀ ਸਾਰੇ ਕੇਸਾਧਾਰੀ ਹੁੰਦੇ ਤਾਂ ਯਕੀਕਨ ਇਸ ਤੋ ਉੱਚੇ ਮੁਰਾਤਬਿਆਂ ਪਰ ਹੁੰਦੇ ਅਤੇ ਪਦਾਰਥਕ ਸਾਇੰਸ ਦੇ ਨਾਲ ਇਨ੍ਹਾਂ ਵਿਚ ਆਤਮਕ ਸਾਇੰਸ ਦੀ ਵੀ ਜ਼ਰੂਰ ਸੋਝੀ ਜਿਸ ਨਾਲ ਦੁਨੀਆਂ ਭਰ ਵਿਚ ਇਹ ਸ਼ਾਂਤੀ ਵਰਤਾ ਸਕਦੇ।

ਸਾਡਾ ਦਾਅਵਾ ਹੈ ਕਿ ਅਜ ਵੀ ਜੇ ਦੁਨੀਆਂ ਵਿਚ ਭਾਵ ਵਧ ਜਾਵੇ, ਲੋਕੀ ਈਸ਼ਵਰ ਦੀ ਹਸਤੀ ਨੂੰ ਮੰਨਣ ਅਤੇ ਉ ਭਾਣੇ ਵਿਚ ਸਾਬਤ ਸੂਰਤ ਰਹਿਣਾ ਸ਼ੁਰੂ ਕਰ ਦੇਣ ਤਾਂ ਵਿਸ਼ਵ ਦੇ ਕਈ ਅਜੂਬੇ ਦੁਨੀਆਂ ਦੇ ਸਾਹਮਣੇ ਆ ਸਕਦੇ ਹਨ।

ਇਸ ਵਿਚ ਸੰਦੇਹ ਨਹੀਂ ਕਿ ਕਈ ਕੇਸਾਧਾਰੀ ਲੋ ਇਖਲਾਕੀ, ਦਿਮਾਗੀ ਜਾਂ ਆਤਮਕ ਗਿਰਾਵਟ ਉਕਤ ਦ ਕੱਟਦੀ ਹੈ, ਪਰ ਇਸ ਦੀ ਵਜ੍ਹਾ ਕੇਸਾਂ ਦੀ ਹੋਂਦ ਨਹੀਂ ਬਲ ਕਈ ਬੁਰਾਈਆਂ ਹਨ।

# ਸਾਰੀਆਂ ਕੌਮਾਂ ਸਿੱਖੀ ਦੀ ਸੂਰਤ 'ਚੋਂ ਪੈਦਾ ਹੋਈਆਂ

ਸਿੱਖ ਧਰਮ ਦੇ ਅਤੇ ਖ਼ਾਸ ਕਰ ਕੇ ਕੇਸਾਂ ਦੇ ਵਿਰੋਧੀ ਆਮ ਤੌਰ ਤੇ ਇਹ ਚਰਚਾ ਕਰਦੇ ਰਹਿੰਦੇ ਹਨ, ਕਿ ਸਿੱਖ ਹਿੰਦੂਆਂ 'ਚੋਂ ਪੈਦਾ ਹੋਏ ਹਨ, ਚੰਗੇ ਚੰਗੇ ਸਿਆਣੇ ਸੱਜਣ ਵੀ ਇਸ ਭੁਲੇਖੇ ਵਿੱਚ ਹਨ। ਇਸ ਦਾ ਵੱਡਾ ਕਾਰਨ ਇਹ ਹੈ ਕਿ ਉਹ ਲੋਕ ਕੇਸਾਧਾਰੀਆਂ ਦੀ ਹੋਂਦ ਗੁਰੂ ਨਾਨਕ ਸਾਹਿਬ ਤੋਂ ਮੰਨਦੇ ਹਨ । ਵਾਸਤਵ ਵਿਚ ਇਹ ਗੱਲ ਗ਼ਲਤ ਹੈ, ਸੱਚਾਈ ਇਹ ਹੈ ਕਿ ਕੇਸਾਧਾਰੀ ਲੋਕਾਂ ਦਾ ਬਾਨੀ ਈਸ਼੍ਵਰ ਆਪ ਹੀ ਹੈ, ਭਾਵੇਂ 'ਪਾਰਬ੍ਰਹਮ ਗੁਰ ਨਾਹੀ ਭੇਦ' ਮਹਾਂਵਾਕ ਦੇ ਭਾਵ ਅਨੁਸਾਰ ਸਤਿਗੁਰੂ ਅਤੇ ਈਸ਼੍ਵਰ ਵਿਚ ਭੇਦ ਨਹੀਂ, ਪਰ ਸਾਡਾ ਇਹ ਸਤਰਾਂ ਲਿੱਖਣ ਤੋਂ ਭਾਵ ਇਹ ਹੈ ਕਿ ਕੇਸ ਮਨੁੱਖ ਨੂੰ ਉਸ ਸਮੇਂ ਤੋਂ ਹੀ ਨਹੀਂ ਮਿਲੇ ਜਦ ਗੁਰੂ ਨਾਨਕ ਸਾਹਿਬ ਦਾ ਅਵਤਾਰ ਹੋਇਆ। ਇਹ ਤਾਂ ਆਦੀ ਹਨ ਅਤੇ ਜਦ ਤੋਂ ਮਨੁੱਖ ਦੀ ਰਚਨਾ ਹੋਈ ਹੈ ਕੇਸ ਨਾਲ ਹੀ ਸਨ।

ਇਹ ਕੌਣ ਨਹੀਂ ਜਾਣਦਾ ਕਿ ਕੇਸਾਂ ਦੀ ਕਾਂਟ ਛਾਂਟ ਨਾਈ ਕ੍ਰਿਤ ਅਰਥਾਤ ਕੈਂਚੀ ਕ੍ਰਿਤ ਹੈ, ਈਸ਼੍ਵਰ ਕ੍ਰਿਤ ਨਹੀਂ । ਇਹ ਗੱਲ ਸੰਸਾਰ ਭਰ ਵਿੱਚ ਕੋਈ ਸਾਬਤ ਨਹੀਂ ਕਰ ਸਕਦਾ ਕਿ ਜਦ ਮਨੁੱਖ ਸ਼੍ਰੇਣੀ ਦੀ ਉਤਪਤੀ ਹੋਈ ਤਾਂ ਕੁਝ ਆਦਮੀਆਂ ਦੀ ਹਜਾਮਤ ਹੋਈ ਹੋਈ ਸੀ ਅਤੇ ਕੁਝ ਕੇਸਾਂ ਵਾਲੇ ਸਨ, ਨਾ ਹੀ ਅਜ ਤਕ ਕੋਈ ਇਨਸਾਨ ਅਜਿਹਾ ਪੈਦਾ ਹੋਇਆ ਹੈ, ਜਿਸ ਦੇ ਕੇਸ ਕੱਟੇ ਹੋਏ
ਹੋਣ, ਇਸ ਦਾ ਭਾਵ ਸਪੱਸ਼ਟ ਹੈ ਕਿ ਕੇਸਾਂ ਦੀ ਹੋਂਦ ਕੁਦਰਤੀ
ਆਦਿ ਕਾਲ ਤੋਂ ਹੈ। ਹੁਣ ਪਾਠਕ ਆਪ ਹੀ ਸੋਚਣ ਕਿ ਸਿੱਖ
ਸੂਰਤ ਨੂੰ ਵਿਗਾੜ ਕੇ ਹੋਰ ਕੌਮਾਂ ਬਣੀਆਂ ਹਨ ਜਾਂ ਉਨ੍ਹਾਂ
ਵਿਚੋਂ ਸਿੱਖ।

ਜੇ ਮਜ਼੍ਹਬੀ ਤਅੱਸਬ ਜਾਂ ਜ਼ਿੱਦ ਵਿੱਚ ਆ ਕੇ 'ਮੈਂ ਨ ਮ
ਵਾਲੀ ਗੱਲ ਨਾ ਕੀਤੀ ਜਾਵੇ ਤਾਂ ਹਰ ਇਕ ਆਦਮੀ ਨੂੰ
ਮੰਨਣਾ ਪਵੇਗਾ ਕਿ ਸਿੱਖੀ ਸੂਰਤ 'ਚੋਂ ਸਾਰੀਆਂ ਕੌਮਾਂ ਦ
ਸੂਰਤਾਂ ਬਣੀਆਂ ਹਨ, ਕਿਉਂਕਿ ਸਿੱਖ ਕੇਸਾਂ ਵਾਲੀ ਕੌਮ ਨੂੰ ਕਿ
ਜਾਂਦਾ ਹੈ ਅਤੇ ਕੇਸ ਮਨੁੱਖੀ ਰਚਨਾ ਦੇ ਸਮੇਂ ਤੋਂ ਹੀ ਚਲੇ ਆ
ਹਨ।

ਜੇ ਅਜ ਵੀ ਇਸ ਗੱਲ ਦਾ ਨਿਰਨਾ ਕਰਨਾ ਹੋਵੇ ਤਾਂ
ਤਰ੍ਹਾਂ ਹੋ ਸਕਦਾ ਹੈ ਕਿ ਇਕ ਬੱਚੇ ਨੂੰ ਜੰਮਦਿਆਂ ਹੀ ਕਿਸੇ ਮ
ਚਿੰਨ੍ਹ ਜਾਂ ਬਨਾਵਟ ਤੋਂ ਦੂਰ ਰੱਖਿਆ ਜਾਵੇ, ਨਾ ਉਸ ਦੇ
ਕਟਾਏ ਜਾਣ ਤੇ ਨਾ ਵਧਾਏ । ਜਦ ਉਹ ਅਠਾਰਾਂ ਵੀਹ
ਦਾ ਹੋ ਜਾਵੇ ਤਾਂ ਕਿਸੇ ਗ਼ੈਰ ਜਾਨਬਦਾਰ ਸੱਜਣ ਤੋਂ ਪੁਛੋ
ਇਹ ਕੌਣ ਹੈ ? ਤਾਂ ਉਹ ਅਵਸ਼ ਕਹੇਗਾ ਕਿ ਸਿੱਖ ਹੈ ।
ਕੋਈ ਵੀ ਨਹੀਂ ਕਹੇਗਾ ਕਿ ਇਹ ਹਿੰਦੂ ਹੈ ਜਿਸ ਤੋਂ ਸਪਸ਼ਟ
ਕਿ ਸਿਖੀ ਦੀ ਸੂਰਤ ਵਿਗਾੜ ਕੇ ਹਿੰਦੂ ਜਾਂ ਕਿਸੇ ਹੋਰ ਦੀ ਸੂ
ਬਣੀ ਹੈ ।

ਸੋ ਕੇਸ ਕਟਾਣਦੀ ਲਹਿਰ ਤਾਂ ਕਿਸੇ ਕਾਰਨ (ਜੋ ਅੱਗੇ
ਕੇ ਲਿਖਿਆ ਜਾਵੇਗਾ) ਚਲ ਪਈ ਤੇ ਲੋਕਾਂ ਨੇ ਕੇਸ ਰੱਖਣ ਦੀ
ਮਤਿ ਰਹੁਰੀਤੀ ਤੋਂ ਡਿਗ ਕੇ ਦੇਖਾ ਦੇਖੀ ਇਸ ਵਿਚ ਵਹਿਣਾ ਸ਼ੁਰੂ
ਦਿਤਾ ਹੈ। ਵਾਸਤਵ ਵਿਜ ਇਹ ਇਕ ਬੱਜਰ ਪਾਪ ਹੈ, ਜਿਸ
ਹੁਣ ਐਨਾ ਜ਼ੋਰ ਹੋ ਗਿਆ ਕਿ ਆਮ ਆਦਮੀ ਕੇਸਾਂ ਵਰਗੀ ਪ
ਰੱਬੀ ਦਾਤ ਲਈ ਕਈ ਤਰ੍ਹਾਂ ਦੇ ਊਲ ਜਲੂਲ ਬੋਲਣ ਲੱਗ

ਹਨ। ਜੇ ਮਜ਼੍ਹਬ ਜਾਂ ਧਰਮ ਦੇ ਸੁਆਲ ਨੂੰ ਲਿਆ ਜਾਵੇ ਤਾਂ ਦੁਨੀਆਂ ਭਰ ਵਿਚ ਸਿੱਖ ਧਰਮ ਤੋਂ ਬਿਨਾ ਕੋਈ ਧਰਮ ਵੀ ਈਸ਼ਵਰੀ ਸਿੱਧ ਨਹੀਂ ਹੋਂਦਾ, ਕਿਉਂਕਿ ਦੂਜੇ ਧਰਮਾਂ ਵਿਚ ਕੇਸਾਂ ਵਾਲੀ ਰੱਬੀ ਆਗਿਆ ਦੀ ਉਲੰਘਣਾ ਹੋ ਰਹੀ ਹੈ ਅਤੇ ਸਿੱਖ ਧਰਮ ਰੱਬੀ ਬਣਤਰ ਨੂੰ ਜਿਉਂ ਦਾ ਤਿਉਂ ਰੱਖਦਾ ਹੈ।

ਸਿੱਖ ਗੁਰੂ ਸਾਹਿਬਾਨ ਨੇ ਕੇਸ ਪੈਦਾ ਕਰਨ ਦੀ ਮਰਯਾਦਾ ਨਹੀਂ ਤੋੜੀ, ਸਗੋਂ ਇਨ੍ਹਾਂ ਦੇ ਕੱਟਣ ਦੀ ਕੁਰੀਤੀ ਨੂੰ ਰੋਕਿਆ ਹੈ। ਕਲਗੀਧਰ ਜੀ ਨੂੰ ਜਦ ਨਿਰੰਕਾਰ ਵਲੋਂ ਪੰਥ ਸਾਜਣ ਦੀ ਆਗਿਆ ਹੋਈ ਤਾਂ ਆਪ ਨੂੰ ਹੁਕਮ ਹੋਇਆ :–

ਮੈ ਆਪਨਾ ਸੁਤ ਤੋਹਿ ਨਿਵਾਜਾ ॥
ਪੰਥ ਪ੍ਰਚੁਰ ਕਰਬੇ ਕਉ ਸਾਜਾ ॥
(ਬ: ਨਾ: ਦਸਮ ਗ੍ਰੰਥ)

ਇਸ ਹੁਕਮ ਵਿੱਚ ਆਏ 'ਪ੍ਰਚੁਰ' ਸ਼ਬਦ ਦਾ ਅਰਥ ਪੈਦਾ ਕਰਨਾ ਨਹੀਂ, ਬਲਕਿ ਪ੍ਰਚਾਰਨਾ ਹੈ, ਨਿਰੰਕਾਰ ਨੇ ਇਸ ਪੰਥ ਦੇ ਪ੍ਰਚਾਰਣ ਦੀ ਡਿਊਟੀ ਕਲਗੀਧਰ ਜੀ ਦੀ ਲਾਈ ਸੀ, ਪਰ ਇਸਦਾ ਸਾਜਣਹਾਰ ਉਹ ਆਪ ਹੀ ਹੈ, ਕਿਉਂਕਿ ਰੱਬੀ ਧਰਮ ਤੋਂ ਲੋਕੀ ਗਿਰਣ ਅਰਥਾਤ ਈਸ੍ਵਰੀ ਮਜ਼੍ਹਬ (ਸਿੱਖੀ) ਤੋਂ ਪਤਿਤ ਹੋਣ ਲਗ ਪਏ ਸਨ, ਇਸ ਲਈ ਗੁਰੂ ਗੋਬਿੰਦ ਸਿੰਘ ਜੀ ਸੰਸਾਰ ਤੇ ਪ੍ਰਗਟੇ, ਜਿਨ੍ਹਾਂ ਨੇ ਕੇਸਾਂ ਦੇ ਕੱਟਣ ਨੂੰ ਰੱਬੀ ਧਰਮ ਵਿਰੁਧ ਕੁਰਹਿਤ ਕਰਾਰ ਦੇ ਕੇ ਇਸ ਕੁਰੀਤੀ ਨੂੰ ਰੋਕ ਦਿੱਤਾ। ਭਾਵੇਂ ਕਈ ਲੋਕਾਂ ਨੇ ਹੁਕਮ ਦੀ ਪਾਲਨਾ ਨਹੀਂ ਕੀਤੀ, ਪਰ ਗੁਰੂ ਸਾਹਿਬ ਦਾ ਸਭ ਪ੍ਰਾਣੀ ਮਾਤਰ ਨੂੰ ਇਹੀ ਉਪਦੇਸ਼ ਸੀ ਕਿ ਰੱਬੀ ਹੁਕਮ ਦੀ ਪਾਲਣਾ ਕਰੋ, ਅਰਥਾਤ ਸਾਬਤ ਸੂਰਤ ਰਹੋ।

ਇਹ ਗੱਲ ਠੀਕ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਨੇ ਪਰ 'ਧਨ' ਦੇ ਤਿਆਗ ਲਈ ਕੜਾ, ਪਰ 'ਤਨ' ਦੇ ਤਿਆਗ ਲਈ ਕਛੈਹਰਾ ਅਤੇ

ਧਰਮ ਦੀ ਰੱਖਿਆ ਲਈ ਕ੍ਰਿਪਾਨ ਆਦਿ ਕੱਕਾਰ ਪ
ਮਨੁੱਖ ਨੂੰ ਆਦਰਸ਼ਕ ਮਨੁੱਖ ਬਣਾ ਦਿਤਾ ਅਤੇ ਸਿੱਖ ਤੋਂ ਸਿ
ਰੱਖ ਕੇ ਇਸ ਨੂੰ ਆਪਣੀ ਜ਼ਿੰਮੇਵਾਰੀ ਦਾ ਅਹਿਸਾਸ ਕ
ਅੰਮ੍ਰਿਤ ਛਕਾ ਕੇ ਸੂਰਬੀਰ ਸੰਤ ਸਿਪਾਹੀ ਦੀ ਪਦਵੀ
ਜਿਸ ਕਰ ਕੇ ਆਪ ਪੰਥ ਦੇ ਸਾਜਨਹਾਰ ਮੰਨੇ ਜਾਂਦੇ ਹ
ਉਨ੍ਹਾਂ ਨੇ ਆਪਣੇ ਪੰਥ ਦੇ ਧਾਰਮਕ ਅਸੂਲ ਦੂਜੇ ਧਰਮ
ਵਿਲੱਖਣ ਨਿਯਤ ਕੀਤੇ ਹਨ, ਪਰ ਕਿਉਂਕਿ ਇਸ੍ਰੇ ਸਿੱਖੀ
ਅੰਗ ਕੇਸਾਂ ਦਾ ਸਵਾਲ ਚੱਲਿਆ ਹੋਇਆ ਹੈ ਅਤੇ ਕੇ
ਲੋਕਾਂ ਨੂੰ ਹੀ ਮਜ਼੍ਹਬ ਦੇ ਪਹਿਲੂ ਤੋਂ ਸਿੱਖ ਕਿਹਾ ਜਾਂਦਾ ਹੈ
ਲਈ ਇਹ ਸਾਬਤ ਕਰਨ ਦਾ ਯਤਨ ਕੀਤਾ ਗਿਆ ਹੈ
ਕੇਸਾਂ ਵਾਲੇ ਲੋਕ ਸ੍ਰਿਸ਼ਟੀ ਰਚਨਾ ਦੇ ਆਦਿ ਤੋਂ ਹੀ ਚਲੇ
ਹਨ। ਸਭ ਧਰਮਾਂ ਦੇ ਆਗੂ ਕੇਸਾਧਾਰੀ ਹੋਏ ਹਨ। ਕੇਸ
ਦੀ ਰੀਤੀ ਕਿਸੇ ਮਜ਼੍ਹਬ ਦੇ ਧਾਰਮਕ ਆਗੂ ਨੇ ਨਹੀਂ ਚ
ਹੀ ਇਸ ਨੂੰ ਮੁੰਡਨ ਸੰਸਕਾਰ ਆਦਿ ਕਹਿ ਕੇ ਧਾਰਮਕ ਰ
ਜਾ ਸਕਦਾ ਹੈ, ਇਹ ਸਭ ਮਨੋ ਕਲਪਤ ਤਰੀਕੇ ਹਨ
ਕਲਪਤ ਹੀ ਮਜ਼੍ਹਬੀ ਰੀਤਾਂ, ਜੋ ਈਸ਼ਵਰੀ ਕ੍ਰਿਤ ਧਰਮ ਨੂੰ
ਕੇ ਕਾਇਮ ਕੀਤੀਆਂ ਗਈਆਂ ਹਨ ਅਰਥਾਤ ਕੇਸਾਂ ਵਾ
ਨੂੰ ਅਦਲ ਬਦਲ ਕਰ ਕੇ ਬਣੀਆਂ ਹਨ ਜੋ ਸਾਰੀਆਂ ਹੀ (
ਰੀਤੀ ਦੇ ਉਲਟ ਹਨ :

ਔਰ ਮਜ਼੍ਹਬ ਸਭ ਰਚੇ ਬੰਦਿਅਨ ਅਪਨੇ ਚਿ
ਚਲਾਇ। ਮਜ਼੍ਹਬ ਖ਼ਾਲਸਾ ਹੈ ਅਕਾਲ ਕਾ ਕੇਸ ਨ ਬੋ
ਛਿਦਾਇ। ਪੰ. ਪਰ. ਗਿ. ਸਿੰ. ਧਿ. ੮੮ ਪੰ. ੬੮

# ਕੇਸ ਕਿਉਂ ਰਖਦੇ ਹੋ ਦਾ ਉੱਤਰ

ਅਜ ਕਲ ਆਮ ਪੜ੍ਹੇ ਲਿਖੇ ਨੌਜੁਆਨ ਇਹ ਕਹਿੰਦੇ ਹਨ ਕਿ ਜਦ ਸਾਡੇ ਤੇ ਕੋਈ ਸੁਆਲ ਕਰਦਾ ਹੈ ਕਿ ਤੁਸੀਂ ਕੇਸ ਕਿਉਂ ਰਖੇ ਹਨ ਤਾਂ ਸਾਡੇ ਕੋਲ ਕੋਈ ਜਵਾਬ ਨਹੀਂ ਹੁੰਦਾ।

ਇਹ ਸੁਣ ਕੇ ਮੈਂ ਹੈਰਾਨ ਹੁੰਦਾ ਹਾਂ ਕਿ ਐਨੇ ਮਮੂਲੀ ਅਤੇ ਗਲਤ ਪ੍ਰਸ਼ਨ ਦਾ ਉੱਤਰ ਵੀ ਸਿੱਖ ਨੌਜੁਆਨਾਂ ਨੂੰ ਨਹੀਂ ਔਹੜਦਾ ਜੋ ਬੜਾ ਸਪੱਸ਼ਟ ਹੈ।

ਪਹਿਲੀ ਗੱਲ ਤਾਂ ਇਹ ਹੈ ਕਿ ਇਹ ਪ੍ਰਸ਼ਨ ਹੀ ਗ਼ਲਤ ਹੈ, ਕਿ ਤੁਸੀਂ ਕੇਸ ਕਿਉਂ ਰਖੇ ਹਨ। ਮੈਂ ਤਾਂ ਇਹ ਸਮਝਦਾ ਹਾਂ ਕਿ ਦੁਨੀਆਂ ਵਿਚ ਕੋਈ ਸਿੱਖ ਨਹੀਂ ਜਿਸ ਨੇ ਕੇਸ ਰੱਖੇ ਹੋਣ, ਕਿਉਂਕਿ ਕੇਸ ਰੱਖਣੇ ਮਨੁੱਖੀ ਕਾਢ ਨਹੀਂ ਇਹ ਕੁਦਰਤੀ ਮਨੁੱਖੀ ਪੈਦਾਇਸ਼ ਵੇਲੇ ਆਪੇ ਈਸ਼ਵਰ ਦੇ ਹੁਕਮ ਅੰਦਰ ਉੱਗਦੇ ਹਨ ਅਤੇ ਹਰ ਮਨੁੱਖ ਦੇ ਉੱਗਦੇ ਹਨ, ਭਾਵੇਂ ਉਹ ਕਿਸੇ ਵੀ ਕੌਮ ਵਿਚ ਪੈਦਾ ਹੋਵੇ।

ਜੇ ਕੋਈ ਪ੍ਰਸ਼ਨ ਕਰੇ ਵੀ ਤਾਂ ਠੀਕ ਪ੍ਰਸ਼ਨ ਤਾਂ ਇਉਂ ਹੈ ਕਿ ਰੱਬ ਨੇ ਤੁਹਾਡੇ ਸਿਰ ਤੇ ਕੇਸ ਅਤੇ ਮੂੰਹ ਤੇ ਦਾੜ੍ਹੀ ਕਿਉਂ ਪੈਦਾ ਕੀਤੀ ਹੈ ਜਿਸ ਦਾ ਉੱਤਰ ਸਪੱਸ਼ਟ ਹੈ ਕਿ ਰੱਬ ਨੂੰ ਪੁਛੋ, ਰੱਬ ਦੀ ਮਰਜ਼ੀ ਦਾ ਸਾਨੂੰ ਕੀ ਪਤਾ ਹੈ ਅਤੇ ਇਹ ਮਰਜ਼ੀ ਉਸ ਨੇ ਸਾਡੇ ਤੇ ਹੀ ਨਹੀਂ ਵਰਤੀ ਹਰ ਮਨੁੱਖ ਤੇ ਵਰਤੀ ਹੈ। ਸਾਡੇ ਰਖਣ ਦਾ ਸੁਆਲ ਹੀ ਪੈਦਾ ਨਹੀਂ ਹੁੰਦਾ। ਸੋ ਇਹ ਕੋਈ ਅਜਿਹੀ ਚੀਜ਼ ਨਹੀਂ ਜਿਸ ਨੂੰ ਮਨੁੱਖ ਨੇ ਕਿਤੋਂ ਲੈ ਕੇ ਆਪਣੇ ਪਾਸ ਰੱਖਿਆ ਹੈ ਜਾਂ ਸਿਰ ਤੇ

ਚਮੇੜ ਲਿਆ ਹੈ, ਅਜਿਹੀ ਗੱਲ ਹੁੰਦੀ ਤਾਂ ਸੁਆਲ ਕਰਨ ਵ
ਸੁਆਲ ਵਿਚ ਵੀ ਕੋਈ ਵਜ਼ਨ ਹੁੰਦਾ।

ਹਾਂ ਜੇ ਕੋਈ ਇਹ ਕਹੇ ਕਿ ਤੁਸੀਂ ਹੱਥ ਵਿਚ ਸੋਟੀ ਰਿ
ਰਖਦੇ ਹੋ, ਲੰਬਾ ਚੋਲਾ ਕਿਉਂ ਪਾਂਦੇ ਹੋ ਜਾਂ ਜੇਬ ਵਿਚ ਘੜੀ ਰਿ
ਰੱਖੀ ਹੈ, ਫਿਰ ਤਾਂ ਕੋਈ ਜਵਾਬ ਵੀ ਹੈ, ਇਹ ਕੀ ਪ੍ਰਸ਼ਨ ਹੋਇ
ਕਿ ਤੁਸੀਂ ਕੇਸ ਕਿਉਂ ਰੱਖੇ ਹਨ।

ਇਸ ਤਰ੍ਹਾਂ ਇਹ ਵੀ ਕੋਈ ਪ੍ਰਸ਼ਨ ਕਰ ਬਵ੍ਹੇਗਾ ਕਿ
ਬਾਹਵਾਂ ਕਿਉਂ ਰੱਖੀਆਂ ਹਨ। ਜੋ ਚੀਜ਼ ਹੈ ਹੀ ਸਰੀਰ ਦਾ
ਅਤੇ ਰੱਬ ਦੀ ਪੈਦਾਇਸ਼ ਉਸ ਬਾਰੇ ਮਨੁੱਖ ਤੇ ਸੁਆਲ ਕ
ਕਿ ਤੂੰ ਇਹ ਕਿਉਂ ਰਖੀ ਹੈ ਆਪਣੀ ਅਕਲ ਦਾ ਦੀਵਾਲਾ ਕਢਣ

ਹਾਂ ਇਹ ਪ੍ਰਸ਼ਨ ਦਰੁਸਤ ਹੈ ਕਿ ਤੁਸੀਂ ਕੇਸ ਕਿਉਂ ਕ
ਹਨ, ਕਿਉਂਕਿ ਕੱਟਣ ਦਾ ਕੰਮ ਮਨੁੱਖ ਆਪਣੀ ਹੱਥੀਂ ਜਾਂ
ਦੇ ਕੇ ਕਰਵਾਂਦਾ ਹੈ ਜੋ ਉਸ ਦੀ ਮਨੋ ਕਲਪਿਤ ਕਾਢ ਹੈ, ਮੇਰੇ ਖ਼ਿ
ਵਿਚ ਇਸ ਸੁਆਲ ਦਾ ਕਿਸੇ ਕੋਲ ਕੋਈ ਜਵਾਬ ਨਹੀਂ।
ਜਵਾਬ ਭਾਵੇਂ ਮੋੜ ਤੋੜ ਕੇ ਬਣ ਜਾਵੇ ਕਿ ਮੈਂ ਜ਼ਮਾਨੇ ਦੇ
ਅਨੁਸਾਰ ਰੱਬ ਦੀ ਬਣਤਰ ਨੂੰ ਕੰਡੈਂਮ ਕਰਦਾ ਹਾਂ, ਮਰਦਊਪੁਣੇ
ਮਨੁੱਖੀ ਜਾਹੁ ਜਲਾਲ ਨੂੰ ਨਸ਼ਟ ਕਰਕੇ ਦੁਨੀਆਂ ਵਿਚ ਨਸ਼ਰ
ਅਤੇ ਬਲ ਹੀਨ ਹੋ ਕੇ ਰਹਿਣਾ ਚਾਹੁੰਦਾ ਹਾਂ।

ਜੇ ਨਾਲ ਹੀ ਤੁਸੀਂ ਸੁਆਲ ਕਰ ਦਿਉ ਕਿ ਜਦ
ਦੁਨੀਆਂ ਦਾ ਬਹੁਤ ਵਡਾ ਹਿੱਸਾ ਹਰ ਰੋਜ਼ ਰੱਬ ਦੀ ਬਖ਼ਸ਼ੀ
ਨੂੰ ਭੰਨਣ ਤੇ ਲੱਖਾਂ ਰੁਪਏ ਖਰਚ ਕਰਦਾ ਹੈ, ਆਪਣੇ ਅਵ
ਪੈਗੰਬਰਾਂ ਤੋਂ ਬੇਮੁਖ ਬਣਦਾ ਹੈ ਅਤੇ ਰੋਜ਼ ਰਗੜ ਪੱਟੀ ਚਾੜ੍ਹਨ
ਐਨਾ ਔਖਾ ਹੁੰਦਾ ਹੈ ਤਾਂ ਐਨੀ ਦੁਨੀਆਂ ਦੀ ਰਾਇ ਸਾ
ਰੱਬ ਹੀ ਕਿਉਂ ਨਹੀਂ ਝੁਕ ਜਾਂਦਾ, ਕਿ ਜਦ ਬਹੁਤੀ ਗਿਣਤੀ
ਦੀ ਇਨ੍ਹਾਂ ਦਾੜ੍ਹੀ ਕੇਸਾਂ ਨੂੰ ਪਸੰਦ ਨਹੀਂ ਕਰਦੀ ਤਾਂ ਮੈਂ ਅਗੋਂ

ਹੀ ਨਾ ਕਰਾਂ, ਜਾਂ ਜਿਸ ਮਨੁੱਖ ਨੇ ਮੇਰੀ ਦਿਤੀ ਚੀਜ਼ ਨੂੰ ਕੱਟ ਕੇ ਸੁਟ ਦਿਤਾ ਹੈ ਉਸ ਨੂੰ ਮੈਂ ਅਗੋਂ ਲਈ ਨਾ ਦਿਆਂ। ਤਾਂ ਫਿਰ ਵੇਖੋ ਇਹ ਪ੍ਰਸ਼ਨ ਕਰਨ ਵਾਲੇ ਨੂੰ ਕਿਵੇਂ ਲੈਣੇ ਦੇ ਦੇਣੇ ਪੈ ਜਾਣਗੇ ਤੇ ਅਗੋਂ ਕਦੀ ਪ੍ਰਸ਼ਨ ਨਹੀਂ ਕਰੇਗਾ ਕਿ ਤੁਸੀਂ ਕੇਸ ਕਿਉਂ ਰੱਖੇ ਹਨ।

ਪਰ ਅਫ਼ਸੋਸ ਤਾਂ ਇਹ ਹੈ ਕਿ ਸਿੱਖ ਨੌਜੁਆਨ ਐਨੀ ਗੱਲ ਸੋਚਦੇ ਹੀ ਨਹੀਂ ਅਤੇ ਪ੍ਰਸ਼ਨ ਸੁਣ ਕੇ ਹੀ ਘਾਬਰ ਜਾਂਦੇ ਹਨ। ਦਰ ਹਕੀਕਤ ਇਸ ਦਾ ਕਾਰਣ ਇਹ ਹੈ ਕਿ ਇਸ ਮਾਦਾ ਪ੍ਰਸਤ ਦੁਨੀਆਂ ਵਿਚ ਕੇਸ ਕੱਟਣ ਦੀ ਅਵੱਗਿਆ ਕਰਨ ਵਾਲਿਆਂ ਦੀ ਗਿਣਤੀ ਐਨੀ ਜ਼ਿਆਦਾ ਹੋ ਗਈ ਹੈ ਕਿ ਕੇਸਾਂ ਵਾਲੇ ਐਵੇਂ ਹੀ ਢਹਿੰਦੀ ਕਲਾ ਵਿਚ ਪੈ ਜਾਂਦੇ ਹਨ, ਜਿਵੇਂ ਪਰਤੱਖ ਹੈ ਕਿ ਬਾਹਰ ਦੇ ਮੁਲਕਾਂ ਵਿਚ ਲੱਖਾਂ ਦੀ ਗਿਣਤੀ ਵਿਚ ਜੇ ਇਕ ਦੋ ਹੀ ਸਿੱਖ ਬੱਚੇ ਹੋਣ ਤਾਂ ਆਮ ਤੌਰ ਤੇ ਪਤਿਤ ਹੋ ਜਾਂਦੇ ਹਨ। ਮਨੁੱਖੀ ਸੁਭਾਵ ਵਿਚ ਇਹ ਕਮਜ਼ੋਰੀ ਹੈ ਕਿ ਹੋਰ ਲਿਬਾਸ ਜਾਂ ਪਹਿਰਾਵੇ ਵਾਲੇ ਬਹੁਤੇ ਬੰਦਿਆਂ ਵਿਚ ਬੈਠਾ ਇਕ ਆਦਮੀ ਆਪਣੇ ਮਨ ਵਿਚ ਹੀ ਆਪਣੇ ਲਈ ਘ੍ਰਿਣਾ ਪੈਦਾ ਕਰਨ ਲਗ ਜਾਂਦਾ ਹੈ। ਗੁਰੂ ਕਲਗੀਧਰ ਜੀ ਨੇ ਸਾਡੇ ਨਾਮ ਨਾਲ ਸਿੰਘ ਲੱਕਬ ਲਗਾਇਆ ਹੈ, (ਜਿਸ ਦੇ ਅਰਥ ਸ਼ੇਰ ਹਨ) ਤਾਂ ਕਿ ਸਾਡੇ ਵਿਚ ਸ਼ੇਰ ਵਰਗੀ ਗੰਭੀਰਤਾ ਅਤੇ ਸ੍ਵੈਮਾਨਤਾ ਵਾਲਾ ਜਜ਼ਬਾ ਕਾਇਮ ਰਹੇ। ਵੇਖੋ ਲੱਖਾਂ ਜਾਨਵਰਾਂ ਵਿਚ ਸ਼ੇਰ ਕਦੇ ਆਪਣੇ ਆਪ ਨੂੰ ਉਨ੍ਹਾਂ ਨਾਲੋਂ ਘਟੀਆ ਮਹਿਸੂਸ ਨਹੀਂ ਕਰਦਾ। ਉਸ ਦਾ ਰੋਅਬ ਅਤੇ ਗਰਜ ਸਭ ਤੋਂ ਨਿਰਾਲੀ ਹੀ ਹੁੰਦੀ ਹੈ, ਭਾਈ ਗੁਰਦਾਸ ਜੀ ਦੇ ਕਥਨ ''ਸਿੰਘ ਬੁੱਕੇ, ਮਿਰਗਾਵਲੀ ਭੰਨੀ ਜਾਇ'' ਅਨੁਸਾਰ ਸ਼ੇਰ ਦੀ ਗਰਜ ਸਾਹਵੇਂ ਸਭ ਜਾਨਵਰ ਪਲਾਂ ਵਿਚ ਅਲੋਪ ਹੋ ਜਾਂਦੇ ਹਨ।

ਪੂਰਨ ਮਨੁੱਖ (ਗੁਰੂ ਕੇ ਸਿੱਖ) ਵਿਚ ਵੀ ਵਾਹਿਗੁਰੂ ਦੇ ਭਾਣੇ ਅੰਦਰ ਸਾਬਤ ਸੂਰਤ ਰਹਿਣ, ਗੁਰੂ ਕੀ ਬਖ਼ਸ਼ੀ ਸਿੰਘ ਸੰਗਿਆ, ਅਤੇ ਖ਼ਾਲਸੇਈ ਸਪਿਰਟ ਕਾਰਣ ਹੀ ਲੱਖਾਂ ਦੇ ਘੇਰੇ ਵਿਚ ਜੂਝ[illegible] ਸ਼ਕਤੀ, ਸ਼ੇਰ ਵਾਲੀ ਗਰਜ ਅਥਵਾ ਅਥਾਹ ਬਲ ਹੁੰਦਾ ਹੈ, ਜਿ[illegible] ਮਿਸਾਲ ਸੰਸਾਰ ਦੇ ਸਾਹਮਣੇ ਹੈ।

ਸੋ ਸਿੱਖ ਨੌਜੁਆਨਾਂ ਨੂੰ ਆਪਣੇ ਖ਼ਾਲਸਈ ਬਾਣੇ ਤੇ [illegible] ਹੀ ਹੀਣਤਾ ਨਹੀਂ ਕਰਨੀ ਚਾਹੀਦੀ, ਹਰ ਮੁਲਕ ਹਰ ਥਾਂ [illegible] ਤਿਆਰ ਬਰ ਤਿਆਰ ਰਹਿਣਾ ਚਾਹੀਦਾ ਹੈ ਅਤੇ ਇਹੋ ਜਹੇ [illegible] ਪਿੱਛੇ ਪ੍ਰਸ਼ਨ ਕਰਨ ਵਾਲਿਆਂ ਨੂੰ ਦਲੀਲ ਨਾਲ ਨਿਰੁਤਰ [illegible] ਚਾਹੀਦਾ ਹੈ। ਇਨ੍ਹਾਂ ਗੱਲਾਂ ਨੂੰ ਮੁਖ ਰਖ ਕੇ ਹੀ ਲੇਖਕ ਨੇ [illegible] ਪੁਸਤਕ ਤੇ ਕਈ ਬਰਸ ਮਿਹਨਤ ਕੀਤੀ ਹੈ।

----

# ਕੇਸਾਂ ਬਿਨਾਂ ਸਿੱਖ ਪੂਰਨ ਸਿੱਖ ਨਹੀਂ ਕਹਾ ਸੱਕਦਾ

ਕਈ ਸੱਜਣ ਇਉਂ ਵੀ ਕਹਿੰਦੇ ਹਨ ਕਿ ਕੇਸਾਂ ਦਾ ਆਤਮਕ ਗੁਣਾਂ ਨਾਲ ਕੋਈ ਸਬੰਧ ਨਹੀਂ, ਜੇ ਕੇਸ ਨਾ ਹੋਣ ਤਾਂ ਵੀ ਸਿੱਖੀ ਵਿਚ ਕੋਈ ਫ਼ਰਕ ਨਹੀਂ ਪੈ ਸਕਦਾ।

ਇਸ ਦੇ ਉੱਤਰ ਲਈ ਇਹ ਜਾਣਨਾ ਜ਼ਰੂਰੀ ਹੈ ਕਿ ਕਈ ਬਹੁ ਗੁਣੀ ਅਰਥਾਤ ਬਹੁ ਵਸਤ੍ਰਕ ਚੀਜ਼ਾਂ ਦੇ ਦੋ ਹੀ ਹਿਸੇ ਹੁੰਦੇ ਹਨ, ਮੁੱਖ ਅਤੇ ਗਉਣ। ਮੁੱਖ ਵਸਤੂ ਤੋਂ ਬਿਨਾਂ ਗਉਣ ਦੇ ਕੋਈ ਅਰਥ ਨਹੀਂ ਰਹਿੰਦੇ। ਇਸ ਖਿਆਲ ਦੀ ਪੁਸ਼ਟੀ ਲਈ ਇਥੇ ਕੇਵਲ ਦੋ ਉਦਾਹਰਣਾਂ ਦੇਂਦੇ ਹਾਂ–

(੧) ਤੁਸੀਂ ਦਾਲ ਲੈਣ ਬਾਜ਼ਾਰ ਜਾਂਦੇ ਹੋ ਤੇ ਦੁਕਾਨਦਾਰ ਨੂੰ ਕਹਿੰਦੇ ਹੋ ਭਾਈ! ਦਾਲ ਦੇਹ। ਜਦ ਉਹ ਦੇ ਦੇਂਦਾ ਹੈ ਤਾਂ ਘਰ ਆ ਕੇ ਘਰ ਵਾਲੀ ਨੂੰ ਕਹਿੰਦੇ ਹੋ ਲਉ ਦਾਲ ਚਾੜ੍ਹੋ, ਜਦ ਦਾਲ ਤਿਆਰ ਹੋ ਜਾਂਦੀ ਹੈ ਤਾਂ ਤੁਸੀਂ ਰੋਟੀ ਖਾਂਦਿਆਂ ਮੰਗਦੇ ਹੋ ਜੀ ਦਾਲ ਦਿਉ। ਇਥੇ ਵੇਖਣ ਵਾਲੀ ਗੱਲ ਇਹ ਹੈ ਕਿ ਬਾਜ਼ਾਰੋਂ ਆਈ ਦਾਲ ਪਾਣੀ ਵਿਚ ਪਾ ਕੇ ਧਰੀ ਗਈ, ਵਿੱਚ ਮਿਰਚ, ਲੂਣ, ਹਲਦਰ ਤੇ ਮਸਾਲੇ ਆਦਿ ਵੀ ਪਾ ਦਿਤੇ ਗਏ, ਪਰ ਉਸ ਦਾ ਨਾਮ ਫਿਰ ਵੀ ਦਾਲ, ਹੀ ਰਿਹਾ। ਇਸ ਤਰ੍ਹਾਂ ਕਦੇ ਵੀ ਕੋਈ ਨਹੀਂ ਕਹਿੰਦਾ ਕਿ ਜੀ! ਪਾਣੀ, ਮਿਰਚ, ਲੂਣ, ਮਸਾਲਾ ਤੇ ਦਾਲ ਦਿਓ। ਇਹ ਸਾਰੀਆਂ ਚੀਜ਼ਾਂ ਮਿਲ ਕੇ ਵੀ ਇਹ ਚੀਜ਼ ਦਾਲ ਹੀ ਅਖਵਾਂਦੀ ਹੈ, ਕਿਉਂਕਿ ਸਾਰੀਆਂ ਚੀਜ਼ਾਂ ਵਿਚ ਮੁੱਖ ਵਸਤੂ ਦਾਲ ਹੈ, ਪਰ ਜੇ ਉਹ ਨਾ ਹੋਵੇ ਤਾਂ ਬਾਕੀ ਕੱਠੀਆਂ ਕਰ ਕੇ ਘੋਲੀਆਂ ਹੋਈਆਂ ਚੀਜ਼ਾਂ ਨੂੰ ਕੋਈ ਦਾਲ ਨਹੀਂ ਕਹਿੰਦਾ, ਇਸੇ ਲਈ ਕਿ ਉਹ ਗਉਣ ਵਸਤੂਆਂ ਹਨ।

(੨) ਜੇ ਕਿਸੇ ਨੂੰ ਤੁਸੀਂ ਪ੍ਰਸ਼ਾਦਾ ਕਹੋ ਕਿ ਗੁਰਮੁਖ ਜੀ! ਤੁਸੀਂ ਰੋਟੀ ਮੇਰੇ ਡੇਰੇ ਖਾਣੀ, ਤਾਂ ਉਸ ਵੇਲੇ ਤੁਸੀਂ ਇਹ ਕਿ
ਨਹੀਂ ਕਰੋਗੇ। ਕਿ ਤੁਸਾਂ ਫੁਲਕਾ ਦਾਲ ਚੱਟਣੀ, ਅਚਾਰ, ਖੀਰ,
ਅਤੇ ਆਲੂ ਆਦਿ ਮੇਰੇ ਘਰ ਖਾਣੇ, ਕਿਉਂਕਿ ਰੋਟੀ (ਮੁੱਖ ਵ
ਵਿੱਚ ਸਬਜ਼ੀਆਂ ਆਦਿ (ਗਉਣ ਵਸਤੂਆਂ) ਸਭ ਆ ਜਾਂ
ਹਨ ਜੇ ਤੁਸੀਂ ਜ਼ਿਆਦਾ ਚੀਜ਼ਾਂ ਨਹੀਂ ਬਣਾ ਸਕੇ, ਜਾਂ ਰੋਟੀ
ਕੇਵਲ ਲੂਣ, ਮਿਰਚ ਹੀ ਹੈ, ਤਾਂ ਵੀ ਇਹ ਕੋਈ ਨਹੀਂ ਕਹਿ ਸ
ਕਿ ਇਹ ਰੋਟੀ ਨਹੀਂ। ਤੇ ਜੇ ਹੋਰ ਛੱਤੀ ਪ੍ਰਕਾਰ ਦੀਆਂ ਚੀਜ਼ਾਂ
ਵਿਚ ਹੋਣ, ਕੇਵਲ ਫੁਲਕਾ (ਅੰਨ) ਨਾ ਹੋਵੇ ਤਾਂ ਉਸ ਨੂੰ
ਨਹੀਂ ਕਹਿੰਦਾ ਕਿ ਇਹ ਰੋਟੀ ਹੈ, ਕਿਉਂਕਿ ਉਸ ਵਿਚ ਰੋਟ
ਮੁੱਖ ਵਸਤੂ ਅੰਨ ਨਹੀਂ ਹੁੰਦਾ।

ਇਸੇ ਤਰ੍ਹਾਂ ਸਿਖੀ ਦੀ ਵੀ ਮੁੱਖ ਰਹਿਤ ਕੇਸ ਹਨ।
ਆਦਮੀ ਦੇ ਜੇ ਕੇਸ ਤੇ ਦਾੜ੍ਹਾ ਸਾਬਤ ਹੋਣ ਤਾਂ ਉਸ ਨੂੰ ਵੇਖ ਕੇ
ਕੋਈ ਕਹਿੰਦਾ ਹੈ ਕਿ ਇਹ ਸਿੱਖ ਹੈ, ਭਾਵੇਂ ਉਸ ਦੇ ਕੇਸਾਂ
ਕੰਘਾ, ਹੱਥ ਕੜਾ, ਤੇੜ ਕਛੈਹਰਾ ਅਤੇ ਗਲ ਕ੍ਰਿਪਾਨ ਹੋਵੇ ਜਾਂ
ਤੇ ਜੇ ਉਸ ਕੋਲ ਕੰਘਾ ਵੀ ਹੈ, ਹੱਥ ਕੜਾ, ਤੇੜ ਕੱਛਾ, ਅ
ਗਲ ਕ੍ਰਿਪਾਨ ਵੀ ਪਹਿਨੀ ਹੋਈ ਹੈ, ਪਰ ਸਿਰ ਤੇ ਕੇਸ ਨ
ਰੱਖੇ ਹੋਏ ਤਾਂ ਉਸ ਨੂੰ ਵੇਖ ਕੇ ਕਦੇ ਕੋਈ ਨਹੀਂ ਕਹਿੰਦਾ ਕਿ
ਸਿੱਖ ਹੈ। ਜਿਸ ਦਾ ਭਾਵ ਸਪੱਸ਼ਟ ਹੈ ਕਿ ਕੇਸਾਂ ਬਿਨਾਂ ਸਿੱਖ, ਪੂ
ਸਿੱਖ ਨਹੀਂ ਅਖਵਾ ਸਕਦਾ। ਭਾਵੇਂ ਬਾਕੀ ਸਾਰੀਆਂ ਹੀ ਰਹਿ
ਦਾ ਧਾਰਨੀ ਹੋਵੇ।

ਨਿਸ਼ਾਨੇ ਸਿੱਖੀ ਈਂ ਪੰਜ ਹਰਫ਼ ਕਾਫ਼।
ਹਰਗਿਜ਼ ਨਾ ਬਾਸ਼ਦ ਪੰਜ ਮੁਆਫ਼।
ਕੜਾ ਕਾਰਦੋ ਕੱਛ ਕੰਘਾ ਬਿਦਾਂ।
ਬਿਨਾਂ **ਕੇਸ** ਹੇਚ ਅਸਤ ਜੁਮਲਾ ਨਿਸ਼ਾਂ।

(ਦਸਮ ਗ੍ਰੰਥ ਦੀ ਇਕ ਲਿਖਤੀ ਬੀੜ)

ਭਾਵ–ਸਿਖੀ ਦੀ ਪਰਤੱਖ ਨਿਸ਼ਾਨੀ ਪੰਜ ਅੱਖਰ ਕੱਕੇ (ਕੇਸ, ਕੰਘਾ, ਕੜਾ, ਕ੍ਰਿਪਾਨ, ਕਛੈਹਰਾ) ਹਨ। ਇਨ੍ਹਾਂ ਤੋਂ ਬਿਨਾਂ ਸਿੱਖ ਸਿਖ ਨਹੀਂ ਕਹਾ ਸਕਦਾ, ਤੇ ਜੇ ਇਨ੍ਹਾਂ ਵਿੱਚ ਮੁੱਖ ਕਕਾਰ ਕੇਸ ਨਾ ਹੋਣ ਤਾਂ ਦੂਜੇ ਚਾਰੇ ਕੱਕੇ ਮਜਮੂਈ ਤੌਰ ਤੇ ਹੇਚ ਹਨ।

ਸੋ ਕੇਸ ਰੱਖੇ ਬਿਨਾਂ ਜਿ ਕੋਈ ਅੰਮ੍ਰਿਤ ਛਕ ਲਵੇ ਤਾਂ ਵੀ ਉਹ ਸਿਖ ਸਿੰਘ ਨਹੀਂ ਕਹਾ ਸਕਦਾ, ਹੁਕਮ ਹੈ –

ਦਿਜ, ਬਿਨ **ਕੇਸ** ਜੋ ਪਾਹੁਲ ਧਾਰੇ।
ਤਿਸ ਪਾਖੰਡੀ ਦੂਰ ਨਿਵਾਰੇ।
[ਗੁ: ਪ੍ਰ: ਸੂ. ਰਿ. ੫.ਅੰ. ੩੮

ਭਾਵ–ਅੰਮ੍ਰਿਤ ਛਕਣ ਅਤੇ ਪੰਜ ਕਕਾਰ ਦੀ ਰਹਿਤ ਰੱਖਣ ਤੋਂ ਪਹਿਲੇ ਕੇਸ ਰੱਖਣੇ ਜ਼ਰੂਰੀ ਹਨ। ਜਿਹਾ ਕਿ ਭਾ: ਰਾਮ ਕੋਇਰ ਬਾਰੇ ਗੁਰਸਿਖਾਂ ਦੇ ਪ੍ਰਸ਼ਨ ਅਤੇ ਕਲਗੀਧਰ ਜੀ ਦੇ ਉਤ੍ਰ– ਤੋਂ ਸਿਧ ਹੈ –

ਕੇਤਕ ਸਿੰਘ ਬਿਚਾਰਤ ਰਹੈਂ। ਬ੍ਰਿਧ ਬੰਸ ਕੋ ਗੁਰ
ਨਹਿ ਕਹੈਂ। ਸਿਰ ਪਰ **ਕੇਸ** ਨਹੀਂ
ਰਖਵਾਇ। ਪਹਿਰਹਿ ਚੀਰਾ ਨਹੀਂ
ਹਟਾਇ। ੩੭ ... ... ਇਹ ਸਭ ਕੇ ਮਨ ਸੰਸਾ ਰਹੈ।
ਸਕਲ ਖਾਲਸਾ ਉਤ੍ਰ ਚਹੈ। ਦਯਾ ਸਿੰਧ ਸੁਨਿ ਕੈ
ਸਭਿ ਬੈਨਾ ਰਾਮ ਕੋਇਰ ਕੀ ਦਿਸ਼ਿ ਕਰਿ ਨੈਨਾ। ੪੦
ਬਿਕਸਤ ਸ੍ਰੀ ਮੁਖ ਬਾਕ ਬਖਾਨੇ। ਉਚਿੱਤ
**ਕੇਸ** ਰਖਿਬੇ ਸਿਖ ਜਾਨੇ। ਇਸ ਕੇ ਸਿਰ ਪਰ ਭੀ ਬਡ
**ਕੇਸ** ਨਿਤ ਅੰਤਰਕੇ ਵਧਹਿ ਵਿਸ਼ੇਸ। ੪੧ ... ਕਿਮ
ਬਿਨ **ਕੇਸ** ਰਹਾਹਿ ਇਹ ਸਿਖ। ਕਬਹੂੰਕ ਰਖਹਿ
ਸਿੰਘ ਭਵਿਖੱਯ। [ਗੁ: ਪ੍ਰ: ਸੂ: ਰਿ: ੪ ਅੰ: ੩੫

ਭਾਵ–ਸੰਗਤਾਂ ਦੇ ਪ੍ਰਸ਼ਨ ਤੇ, ਕੇ ਭਾ: ਰਾਂਮ ਕੋਇਰ ਜ ਅਜੇ ਕੇਸ ਕਿਉਂ ਨਹੀਂ ਰੱਖੇ? ਗੁਰੂ ਸਾਹਿਬ ਨੇ ਉਤ੍ਰ ਦਿਤ ਇਹ ਜ਼ਰੂਰ ਕੇਸ ਰਖਣਗੇ। ਉਸ ਸਮੇਂ ਤੋਂ ਹੀ ਭਾਈ ਸਾ ਕੇਸਾ ਧਾਰੀ ਸਜ ਗਏ ਅਤੇ ਗੁਰੂ ਸਾਹਿਬ ਤੋਂ ਅੰਮ੍ਰਿਤ ਦੀ ਮੰਗੀ, ਜਦ ਉਨ੍ਹਾਂ ਅੰਮ੍ਰਿਤ ਪਾਨ ਕੀਤਾ ਤਾਂ ਆਪ ਦੇ ਸੰਪੂਰਨ ਸਨ*

'ਰਾਮ ਕੋਇਰ ਕਰ ਜੋਰ, ਸੀਸ ਨਿਵਾਯਾ। ਗੁਰਾਂ
ਨੂੰ। ਮੇਹਰ ਕਰੋ ਮਮ ਓਰ ਸੁਧਾ ਛਕਾਵੇ ਦਾਸ
ਨੂੰ। ਮੰਨ ਲਈ ਗੁਰਦੇਵ ਅਰਜ ਕਰੀ ਜੋ ਤਾਸ
ਨੇ। ... ਤਿਆਰੀ ਕਰੀ ਵਿਚਾਰ ਅੰਮ੍ਰਿਤ ਵੇਲੇ
ਉਠ ਕੇ। ਧਾਰੇ ਪੰਜ ਕਕਾਰ ਸਨ **ਕੇਸੀਂ**
ਇਸ਼ਨਾਨ ਕਰ। ਕੀਤਾ ਠੀਕ ਤਿਆਰ ਅੰਮ੍ਰਿਤ ਪੰਜਾਂ
ਪਿਆਰਿਆਂ। ਆਪ ਅਤੀ ਹਿਤ ਧਾਰ ਚੋਜੀ ਗੁਰਾਂ
ਛਕਾਇਆ। ਧਾਰਿਆ ਤਿਸਕਾ ਨਾਮ ਸ੍ਰੀ ਗੁਰਾਂ
ਗੁਰਬਖਸ਼ ਸਿੰਘਾ।

ਸੋ ਇਨ੍ਹਾਂ ਪ੍ਰਮਾਣਾਂ ਤੋਂ ਸਿਧ ਹੈ ਕਿ ਅੰਮ੍ਰਿਤ ਛਕ ਪਹਿਲੇ ਕੇਸ ਰਖਣੇ ਜ਼ਰੂਰੀ ਹਨ।

----

*[ਜੀਵਨ ਬ: ਬੁਢਾ ਜੀ, ਸ: ੪੨੯ (ਮੰ: ਸਿ

# ਕੇਸ ਤੇ ਸਹਿਜਧਾਰੀ ਸਿੱਖ

ਸਿੱਖ ਪੰਥ ਵਿਚ ਸਹਿਜਧਾਰੀ ਸਿਖਾਂ ਦੀ ਇਕ ਤਕੜੀ ਸ਼ਰੇਣੀ ਹੈ ਜੋ ਗੁਰੂ ਘਰ ਨੂੰ ਮੰਨਦੀ, ਗੁਰਬਾਣੀ ਤੇ ਭਰੋਸਾ ਰਖਦੀ ਅਤੇ ਗੁਰੂ ਘਰ ਤੇ ਅਥਾਹ ਸ਼ਰਧਾ ਰੱਖਣ ਵਾਲੀ ਹੈ । ਨਿੰਮ੍ਰਤਾ, ਸੇਵਾ ਤੇ ਗ੍ਰੀਬੀ ਸੁਭਾਉ ਸਹਿਜਧਾਰੀ ਸਿਖਾਂ ਦੇ ਖ਼ਾਸ ਗੁਣ ਹਨ । ਕਈ ਥਾਵਾਂ (ਗੁਰਦਵਾਰਿਆਂ ਸਿੰਘ-ਸਭਾ, ਸੁਸਾਇਟੀਆਂ ਅਥਵਾ ਸਕੂਲਾਂ ਆਦਿ) ਦੇ ਮੁਖੀ ਵੀ ਸਹਿਜਧਾਰੀ ਸਿੱਖ ਹਨ । ਸਹਿਜਧਾਰੀ ਸਿਖਾਂ ਨਾਲ ਪੰਥ ਵਿਚ ਭਾਈਚਾਰਕ ਤੋਰ ਤੇ ਕੋਈ ਵਿਤਕਰੇ ਵਾਲਾ ਵਰਤਾਉ ਨਹੀਂ, ਤੇ ਨਾ ਹੀ ਹੋਣਾ ਚਾਹੀਦਾ ਹੈ । ਇਨ੍ਹਾਂ ਵਿਚ ਕਈ ਅਜਿਹੇ ਵੀ ਹਨ ਜੋ ਕੜਾ ਅਤੇ ਕਛੈਹਰਾ ਧਾਰਨਾਂ ਦੇ ਤੋਰ ਤੇ ਪਹਿਨਦੇ ਹਨ, ਬਹੁਤ ਸਾਰੇ ਸਹਿਜਧਾਰੀ ਸਿੱਖਾਂ ਨੇ ਅਗੋਂ ਆਪਣੇ ਖੱਚੇ ਵੀ ਕੇਸਾਧਾਰੀ ਸਜਾ ਦਿਤੇ ਹੋਏ ਹਨ ।

ਸਹਿਜਧਾਰੀ ਸਿੱਖ ਕਦ ਤੋਂ ਤੇ ਕਿਵੇਂ ਚੱਲੇ, ਇਸ ਗੱਲ ਦਾ ਕੋਈ ਜਵਾਬ ਨਹੀਂ, ਕਿਉਂਕਿ ਇਹ ਕੋਈ ਵੱਖਰਾ ਪੰਥ ਨਹੀਂ, ਬਸ ਸਹਿਜੇ ਸਹਿਜੇ ਕੇਸਾਧਾਰੀ ਹੋਣ ਦਾ ਬਚਨ ਦੇਣ ਵਾਲਿਆਂ ਤੋਂ ਸਹਿਜਧਾਰੀ ਨਾਮ ਪੈ ਗਿਆ ਹੈ । ਇਤਿਹਾਸ ਗਵਾਹੀ ਦੇਂਦਾ ਹੈ ਕਿ ਗੁਰੂ ਨਾਨਕ ਸਾਹਿਬ ਦੇ ਸਮੇਂ ਤੋਂ ਹੀ ਉਹਨਾਂ ਪਰ ਇਤਕਾਦ ਰੱਖਣ ਵਾਲਿਆਂ ਨੇ ਕੇਸ ਰੱਖਣੇ ਸ਼ੁਰੂ ਕਰ ਦਿਤੇ ਸਨ । ਜਿਹਾ ਕਿ ਅਸੀਂ ਪਿਛੇ ਵੀ ਦੱਸ ਆਏ ਹਾਂ, ਗੁਰੂ ਤੇਗ਼ ਬਹਾਦਰ ਸਾਹਿਬ ਤੱਕ ਸਿੱਖਾਂ ਦੇ ਨਾਮ ਨਾਲ ਭਾਵੇਂ ਸਿੰਘ ਲੱਕਬ ਨਹੀਂ ਸੀ ਲਗਦਾ,

ਪਰ ਉਨ੍ਹਾਂ ਦੇ ਉੱਪਨਾਮ ਕੇਸਾਧਾਰੀ ਤੇ ਸਹਿਜਧਾਰੀ
ਚੁੱਕੇ ਸਨ, ਜੋ ਸਿੱਖ ਰਹੁ ਰੀਤੀ ਨਹੀਂ ਸਨ ਬਣ ਗਏ, ਕੇਵਲ ਸ
ਦੀ ਵਿਲੱਖਣਤਾ ਤੋਂ ਪ੍ਰਚਲਤ ਹੋ ਗਏ ਸਨ । ਇਹਨਾਂ ਵਿਚ ਬ
ਸਾਰੇ ਕੇਸਾਧਾਰੀ ਛੇਵੀਂ ਪਾਤਸ਼ਾਹੀ ਤੋਂ ਪਿਛੋਂ ਪੰਜ ਕਕਾਰ
ਪੂਰੇ ਰੱਖਣ ਲਗ ਪਏ ਸਨ ਅਤੇ ਉਨ੍ਹਾਂ ਦੇ ਨਿਯਮਨ ਧਾਰਨੀ
ਚੁੱਕੇ ਸਨ । ਇਸ ਗੱਲ ਦੀ ਗਵਾਹੀ ਕੇਸ ਗੜ੍ਹ ਸਾਹਿਬ ਵਿਖੇ ਅੰਮ੍ਰਿ
ਪ੍ਰਚਾਰ ਵਾਲੇ ਇਤਿਹਾਸ ਤੋਂ ਵੀ ਮਿਲਦੀ ਹੈ, ਜਿੱਥੇ ਕਿ ਇਕੋ ਦਿ
ਵਿੱਚ ਪੰਝੀ ਹਜ਼ਾਰ ਸਿੱਖਾਂ ਦੇ ਅੰਮ੍ਰਿਤ ਛੱਕਣ ਦਾ ਜ਼ਿਕਰ ਹੈ,
ਪੰਜਾਹ ਹਜ਼ਾਰ ਕਛੈਹਰਾ, ਅਤੇ ਪੰਝੀ ਹਜ਼ਾਰ ਕਿਰਪਾਨਾਂ ਦੇ ਤਿਅ
ਹੋਣ ਦਾ ਕਿਸੇ ਇਤਿਹਾਸ ਵਿਚ ਹਵਾਲਾ ਨਹੀਂ ਮਿਲਦਾ । ਜਿਸ
ਇਹ ਜ਼ਾਹਿਰ ਹੈ ਕਿ ਬਹੁਤ ਗੁਰਸਿੱਖ ਪਹਿਲੇ ਤੋਂ ਹੀ ਇਨ੍ਹਾਂ
ਧਾਰਨੀ ਸਨ ।

ਸਹਿਜਧਾਰੀਆਂ ਵਿਚ ਵੀ ਵਿਰਲੇ ਹੀ ਸਨ, ਜਿਨ੍ਹਾਂ ਨੇ
ਵੇਲੇ ਅੰਮ੍ਰਿਤ ਨਹੀਂ ਛਕਿਆ ਸੀ, ਤੇ ਇਸ ਬਚਨ ਨੂੰ ਗੁਰੂ ਸਾਹਿ
ਅਗੇ ਫਿਰ ਦੁਹਰਾਇਆ ਸੀ ਕਿ ਹਜ਼ੂਰ ! ਅਸੀਂ ਸਹਿਜੇ ਸਹਿ
ਆਪ ਦੇ ਤਿਆਰ ਬਰਤਿਆਰ ਸਿੰਘ ਸੱਜ ਜਾਵਾਂਗੇ, ਪਰ ਉ
ਦੀ ਉਹ ਸਹਿਜ ਅਜਿਹੀ ਲਮਕੀ ਕਿ ਹੁਣ ਤਕ ਮੁਕਣ ਵਿਚ
ਨਹੀਂ ਆਈ, ਜਿਸ ਦੇ ਕਈ ਕਾਰਣ ਹਨ । ਸਾਡੇ ਵੀਚ
ਅਨੁਸਾਰ ਇਕ ਸਹਿਜ ਧਾਰੀ ਸਿੱਖ ਹੋਰ ਗੁਣਾਂ ਦੀ ਜਗ੍ਹਾ ਕੇਸਾਧਾ
ਅਤੇ ਅੰਮ੍ਰਿਤਧਾਰੀ ਹੋ ਕੇ ਹੀ ਪੂਰਨ ਗੁਰਸਿਖੀ ਦੀ ਪਦਵੀ ਪ੍ਰਾ
ਕਰ ਸਕਦਾ ਹੈ । ਹੁਕਮ ਹੈ :–

ਤ੍ਰੈ ਪ੍ਰਕਾਰ ਮਮ ਸਿਖ ਹੈਂ, ਸਹਿਜੀ ਚਰਨੀ ਖੰਡ ।
ਯਾਂਤੇ **ਕੇਸੀਂ** ਹੋਇ ਸਿਖ ਤੀਨੋ ਕਰੇ ਬਿਹੰਡ ।੧੨।

(ਗੁ: ਪ੍ਰ: ਸੁ: ਰਿ: ਪ: ਅੰ: ੩੮

ਭਾਵ ਤਿੰਨ ਪ੍ਰਕਾਰ ਦੇ ਸਿੱਖਾਂ ਚੋਂ ਪੂਰਨ ਸਿਖ ਕੇਸਾਧਾਰੀ ਹੀ ਹੈ।

ਫਿਰ ਵੀ ਅਸੀਂ ਇਸ ਗੱਲ ਤੋਂ ਇਨਕਾਰ ਨਹੀਂ ਕਰ ਸਕਦੇ ਕਿ ਸਹਿਜਧਾਰੀ ਸਿੱਖ ਖ਼ਾਲਸਾ ਪੰਥ ਦੀ ਪਨੀਰੀ ਹਨ ਅਤੇ ਇਨ੍ਹਾਂ ਨਾਲ ਕਿਸੇ ਤਰ੍ਹਾਂ ਵੀ ਵਿਤਕਰਾ ਕਰਨਾ ਸਿੱਖ ਧਰਮ ਨੂੰ ਬੜੀ ਵਡੀ ਢਾਹ ਲਾਉਣਾ ਹੈ। ਹਾਂ ਇਹ ਸਾਡਾ ਫ਼ਰਜ਼ ਹੈ ਕਿ ਅਸੀਂ ਕੇਸਾਂ ਅਤੇ ਖਾਲਸਾ ਧਰਮ ਦੀ ਅਹਿਮੀਅਤ ਦਾ ਉਨ੍ਹਾਂ ਵਿਚ ਵਧ ਤੋਂ ਵਧ ਪ੍ਰਚਾਰ ਕਰੀਏ ਅਤੇ ਇਹ ਗੱਲ ਉਨ੍ਹਾਂ ਦੇ ਮਨਾਂ ਚੋਂ ਕੱਢ ਦੇਈਏ ਜੋ ਆਮ ਤੌਰ ਤੇ ਕਹੀ ਜਾਂਦੀ ਹੈ ਕਿ ਕੇਸਾਂ ਬਿਨਾਂ ਸਿੱਖੀ ਵਿਚ ਫ਼ਰਕ ਨਹੀਂ ਪੈਂਦਾ। ਸੱਚ ਤਾਂ ਇਹ ਹੈ ਕਿ ਜਿਵੇਂ ਨੱਕ ਬਿਨਾਂ ਮੂੰਹ ਹੋਵੇ, ਇਸੇ ਤਰ੍ਹਾਂ ਕੇਸਾਂ ਬਿਨਾਂ ਸਿੱਖੀ ਹੈ। ਗੁਰੂ ਕਲਗੀਧਰ ਜੀ ਦਾ ਹੁਕਮ 'ਬਿਨਾ ਕੇਸ ਹੇਚ ਅਸਤ ਜੁਮਲਾ ਨਿਸ਼ਾਂ, ਕੇਸਾਂ ਬਿਨਾਂ ਸਿਖੀ ਨੂੰ ਅਧੂਰਾ ਸਾਬਤ ਕਰਦਾ ਹੈ। ਪਰ ਸੋਚਣਾ ਇਹ ਹੈ ਕਿ ਇਹ ਕੁਰੀਤੀ ਗੁਰੂ ਨਾਨਕ ਨਾਮ ਲੇਵਾ ਸਹਿਜਧਾਰੀਆਂ ਚੋਂ ਦੂਰ ਕਿਵੇਂ ਹੋ ਸਕਦੀ ਹੈ।'

ਜੋ ਸਾਡੇ ਆਗੂ ਜਾਂ ਪ੍ਰਚਾਰਕ ਕੇਸਾਂ ਵਾਲਿਆਂ ਦੀ ਸਿਫਤ ਅਤੇ ਕੇਸ ਹੀਨ ਦੀ ਤੌਹੀਨ ਕਰਨ ਵਿਚ ਉਕਤ ਮੰਤਵ ਦੀ ਸਫਲਤਾ ਖਿਆਲ ਕਰਦੇ ਹਨ, ਉਹ ਭਾਰੀ ਭੁਲ ਕਰ ਰਹੇ ਹਨ। ਨਫਰਤ ਤੋਂ ਹਮੇਸ਼ਾ ਨਫਰਤ ਪੈਦਾ ਹੋਂਦੀ ਹੈ ਅਤੇ ਪਿਆਰ ਤੋਂ ਪਿਆਰ। ਫਿਰਕਾਪ੍ਰਸਤੀ ਦਾ ਜਨੂਨ ਕਦੇ ਕਿਸੇ ਧਰਮ ਦੇ ਅਮਲੀ ਵਾਧੇ ਦਾ ਕਾਰਣ ਨਹੀਂ ਬਣਿਆ। ਜਿੰਨੇ ਸਹਿਜਧਾਰੀ ਖੱਚਿਆਂ ਨੂੰ, ਨਾਮ ਬਾਣੀ ਦਾ ਆਧਾਰ ਰੱਖਣ ਵਾਲੇ ਮਹਾਂ ਪੁਰਸ਼ ਗੁਰਸਿਖਾਂ ਨੇ ਕੇਸ ਰਖਾਇ ਤੇ ਉਨ੍ਹਾਂ ਦੇ ਹਥੀਂ ਕੜੇ ਪੁਆਏ ਹਨ, ਉਸ ਤੋਂ ਹਜ਼ਾਰਵੇਂ

ਹਿਸੇ ਨੂੰ ਵੀ ਸਾਡੀਆਂ ਮੁਖੀ ਬਾਡੀਆਂ ਨਹੀਂ ਰਖਾ ਸਕ
ਇਹ ਤਾਂ ਅਮਲੀ ਜੀਵਨ ਵਾਲੇ ਧਰਮੀ ਪੁਰਸ਼ਾਂ ਦਾ ਹੀ ਕੰ
ਦਿਖਾਵੇ ਦੇ ਸਿਖਾਂ ਦੇ ਵਸ ਦਾ ਰੋਗ ਨਹੀਂ ਉਹ ਤਾਂ ਤਰ
ਨਾਲ ਸਿਖੀ ਦੀ ਪਨੀਰੀ ਦੀਆਂ ਜੜ੍ਹਾਂ ਖੋਖਲੀਆਂ ਕਰ ਰਹੇ
ਭਾਰੀ ਲੋੜ ਇਸ ਗਲ ਦੀ ਹੈ ਕਿ ਸਿਖੀ ਨੂੰ ਅਮਲੀ ਜੀਵ
ਪਿਆਰ ਨਾਲ ਪ੍ਰਚਾਰਿਆ ਜਾਵੇ।

----

## ਕੇਸਾਂ ਬਾਰੇ ਵੇਦਾਂ ਦੀ ਰਾਇ

ਭਾਰਤ ਦੀ ਸਭ ਤੋਂ ਪੁਰਾਣੀ ਰਚਨਾ ਵੇਦ ਹਨ, ਇਨ੍ਹਾਂ ਤੋਂ ਪਹਿਲਾ ਕੋਈ ਇਤਿਹਾਸ ਨਹੀਂ ਮਿਲਦਾ। ਆਦਮ ਸ਼ਰੇਣੀ ਨੇ ਆਦਿ ਕਾਲ ਵਿੱਚ ਜੋ ਮਾਨੁੱਖੀ ਕਰਮ ਧਰਮ ਸਥਾਪਤ ਕੀਤੇ ਅਤੇ ਉਨ੍ਹਾਂ ਦੀ ਜੋ ਵਿਆਖਿਆ ਕੀਤੀ, ਉਹ ਸਭ ਤੋਂ ਪਹਿਲੇ ਵੇਦਾਂ ਵਿਚ ਹੀ ਅੰਕਿਤ ਹੋਈ ਹੈ। ਹਿੰਦੂ ਧਰਮ ਦੀ ਬੁਨਿਆਦ ਵੀ ਇਨ੍ਹਾਂ ਵੇਦਾਂ ਪਰ ਹੀ ਕਾਇਮ ਕੀਤੀ ਗਈ ਹੈ, ਸਨਾਤਨ ਧਰਮੀਆਂ ਦੇ ਖ਼ਿਆਲ ਅਨੁਸਾਰ ਵੇਦ ਈਸ਼੍ਵਰੀ ਕ੍ਰਿਤ*ਅਤੇ ਚੋਟੀ ਦੇ ਧਾਰਮਕ ਗ੍ਰੰਥ ਹਨ, ਸਮਾਜੀ ਖਿਆਲ ਦੇ ਲੋਕ ਤਾਂ ਵੇਦ ਪੂਜਾ ਦੇ ਮੁਕਾਬਲੇ ਵਿਚ ਅਵਤਾਰ ਪੂਜਾ ਦਾ ਵੀ ਨਿਖੇਧ ਕਰਦੇ ਹਨ। ਪਰ ਵੇਖਣਾ ਇਹ ਹੈ ਕਿ ਜਿਨ੍ਹਾਂ ਵੇਦਾਂ ਪਰ ਭਾਰਤ ਦੇ ਕ੍ਰੋੜਾਂ ਇਨਸਾਨਾਂ ਦਾ ਯਕੀਨ ਹੈ, ਉਨ੍ਹਾਂ ਦੀ ਕੇਸਾਂ ਬਾਰੇ ਕੀ ਰਾਇ ਹੈ।

ਵੇਦ ਚਾਰ ਹਨ, ਰਿਗ, ਸ਼ਾਮ, ਯੁੱਜਰ, ਅਤੇ ਅਥਰਵਨ। ਇਨ੍ਹਾਂ ਵਿਚ ਸਭ ਤੋਂ ਪੁਰਾਣੀ ਰਚਨਾ ਰਿਗ ਵੇਦ ਹੈ। ਜਿਸ ਵਿਚ ੧੦ ਮੰਡਲ, ੮ ਅਸ਼ਟਕ, ੧੦੨੮ ਸੂਕਤ, ਤੇ ੧੦ ਹਜ਼ਾਰ ੫ ਸੌ ੫੨ ਮੰਤਰ ਹਨ। ਇਸ ਵਿਚ ਕੋਈ ਸ਼ੱਕ ਨਹੀਂ ਕਿ ਵੇਦ

---

*ਪਰ ਖੋਜ ਕਰਨ ਤੇ ਅਰਥਾਤ ਮੰਤ੍ਰ ਰਚਨ ਵਾਲੇ ਰਿਸ਼ੀਆਂ ਦੇ ਨਾਮ ਵੇਦਾਂ ਵਿਚ ਹੀ ਪੜ੍ਹ ਕੇ ਇਹ ਗੱਲ ਸਾਬਤ ਨਹੀਂ ਹੁੰਦੀ।

ਬਾਣੀ ਅਰਥਾਤ ਸੰਸਕ੍ਰਿਤ ਜ਼ਬਾਨ ਬਹੁਤ ਕਠਨ ਹੈ। ਤੁਲਸੀ
ਨੇ ਤਾਂ ਰਾਮਾਇਣ ਦੀ ਸੰਸਕ੍ਰਿਤ ਬਾਰੇ ਲਿਖਿਆ ਹੈ:–

'ਅਨੇਕ ਸ਼ਸਤ੍ਰੰਮ ਬਹੁ ਲਾਸਚ ਵਿਦਿਆ ਅਲਪੱਸਚ
ਕਾਲੋ ਬਹੁ ਵਿਘਨ ਤਾਚੋ ਯੱਤ ਸਾਰ ਭੂਤੰਮ ਤਦੂ ਪਾਸ
ਨਿਯਮ।'

ਭਾਵ–ਸੰਸਕ੍ਰਿਤ ਵਿੱਦਿਆ ਬਹੁਤ ਕਠਨ ਸੀ ਅਤੇ ਕਲ
ਜੀਵਾਂ ਦੀ ਆਯੂ ਥੋੜ੍ਹੀ, ਜਿਸ ਕਰ ਕੇ ਇਸ ਦੇ ਸਮਝਣ ਸਮਝਾ
ਵਿਚ ਵਿਘਨ ਪੈਣ ਦਾ ਡਰ ਸੀ, ਇਸ ਲਈ (ਰਾਮਾਇਣ) ਸ
ਪੰਜਾਬੀ ਵਿਚ ਲਿਖਦਾ ਹਾਂ।

ਪਰ ਵੇਦ ਵਿੱਦਿਆ ਦੇ ਕਠਨ ਹੋਣ ਦਾ ਅਤੇ ਸਿੱਖ ਵਿ
ਵਾਨਾਂ ਦੇ ਇਧਰ ਘਟ ਧਿਆਨ ਦੇਣ ਦਾ ਹੀ ਇਹ ਨਤੀਜਾ ਹੈ
ਵੇਦਾਂ ਪੁਰਾਣਾਂ ਵਿਚ ਆਏ ਜੋ ਹਵਾਲੇ ਸਿੱਖ ਧਰਮ ਦੇ ਅਸੂਲਾਂ
ਪ੍ਰੋੜ੍ਹਤਾ ਕਰਦੇ ਹਨ, ਅਰਥਾਤ ਗੁਰੂ ਨਾਨਕ ਦੇਵ ਜੀ ਦੇ ਰੱਬੀ
ਸ਼ਰੋਮਣੀ ਅਵਤਾਰ ਹੋਣ ਅਥਵਾ ਸਿੱਖੀ ਦੇ ਬੁਨਿਆਦੀ ਅਸੂਲ
ਦੀ ਮਹਾਨਤਾ ਨੂੰ ਦਰਸਾਂਦੇ ਹਨ, ਉਹ ਦੁਨੀਆਂ ਦੀਆਂ ਨ
ਸਾਹਮਣੇ ਨਹੀਂ ਲਿਆਏ ਜਾ ਸਕੇ। ਕਲਗੀਧਰ ਜੀ ਨੇ ਇਸੇ
ਨੂੰ ਮੁਖ ਰਖ ਕੇ ਪੰਜ ਸਿੰਘਾਂ ਨੂੰ ਪੁਰਾਣਕ ਵਿੱਦਿਆ ਦੇ ਜਾਣਨ
ਕਾਸ਼ੀ ਭੇਜਿਆ ਸੀ, ਕਿ ਉਹ ਇਸ ਤਰ੍ਹਾਂ ਗੁਰਮਤਿ ਦੀ ਅਹਿਮੀ
ਨੂੰ ਵਧੇਰੇ ਚੰਗੀ ਤਰ੍ਹਾਂ ਪਰਚਾਰ ਸਕਣਗੇ। ਜਿਨ੍ਹਾਂ ਤੋਂ ਨਿ
ਸੰਪਰਦਾ ਚਲੀ ਹੈ। ਪਰ ਇਹ ਵਿੱਦਿਆ ਸਿੱਖ ਕੌਮ ਵਿਚ
ਫੈਲ ਨਹੀਂ ਸਕੀ ਤੇ ਨਾ ਹੀ ਇਸ 'ਚੋਂ ਸਿੱਖੀ ਆਸ਼ੇ ਨੂੰ ਮਹਾ
ਦੇਣ ਵਾਲੀਆਂ ਚੀਜ਼ਾਂ ਨੂੰ ਬਹੁਤਾ ਲਿੱਖਤ ਦਾ ਰੂਪ ਦਿੱਤਾ ਗਿਆ

ਕੇਸਾਂ ਬਾਰੇ ਵੇਦਾਂ, ਪੁਰਾਣਾਂ, ਉਪਨਿਸ਼ਦਾਂ ਅਤੇ ਸਿਮ੍ਰਤ
ਦੇ ਜੋ ਹਵਾਲੇ ਇਸ 'ਕੇਸ ਚਮਤਕਾਰ' ਪੁਸਤਕ ਵਿਚ ਹਨ।
ਇਕ ਇਕ ਮੰਤਰ ਤੇ ਸ਼ਲੋਕ ਵੇਦਾਂ ਦੇ ਸਫੇ ਫੋਲ ਕੇ ਅਥਵਾ

ਅਤੇ ਕੋਸ਼ਾਂ ਤੋਂ ਸੋਧ ਕੇ ਲੇਖਕ ਨੇ ਆਪ ਲਿਖੇ ਹਨ, ਜਿਨ੍ਹਾਂ ਦਾ ਜ਼ਿਕਰ ਨਾਲ ਹੀ ਕਰ ਦਿਤਾ ਹੈ।

ਪਾਠਕ ਜਨ ਕੇਸਾਂ ਦੀ ਮਹਾਨਤਾ ਬਾਰੇ ਵੇਦਾਂ ਵਿਚ ਆਏ ਹਵਾਲਿਆਂ ਨੂੰ ਅਗਲੇ ਪੰਨਿਆਂ ਤੇ ਧਿਆਨ ਨਾਲ ਪੜ੍ਹਨ ਤਾਂ ਕਿ ਇਸ ਗੱਲ ਦਾ ਪਤਾ ਲੱਗੇ ਕਿ 'ਜੋ ਲੋਕ ਕੇਸਾਂ ਦਾ ਤਿਆਗ ਅਤੇ ਇਨ੍ਹਾਂ ਬਾਰੇ ਗ਼ਲਤ ਪ੍ਰਚਾਰ ਕਰਦੇ ਹਨ' ਉਨ੍ਹਾਂ ਦੇ ਧਰਮ ਪੁਸਤਕ ਕੇਸਾਂ ਬਾਰੇ ਕੀ ਕਹਿੰਦੇ ਹਨ ।

ਖ਼ਾਸ ਨੋਟ–

ਪੁਰਾਤਨ ਗ੍ਰੰਥਾਂ ਦੇ ਸਲੋਕਾਂ ਮੰਤਰਾਂ ਦੇ ਜੋ ਹਵਾਲੇ ਦਿਤੇ ਗਏ ਹਨ ਉਨ੍ਹਾਂ ਨੂੰ ਸੰਖੇਪ ਰੂਪ ਵਿਚ ਲਿਖਣ ਲਈ ਜੋ ਤਰੀਕਾ ਵਰਤਿਆ ਹੈ (ਜਿਵੇਂ ਮੰ. ੧ । ਸੂ. ੧੧੪, ਅ: ੧. ਸ. ੭੦੪ ਆਦਿ) ਇਸ ਨੂੰ ਸਮਝਣ ਲਈ ਇਹ ਯਾਦ ਰਖਣਾ ਜ਼ਰੂਰੀ ਹੈ ਕਿ ਹਰ ਗ੍ਰੰਥ ਦੇ ਪਹਿਲੇ ਪ੍ਰਮਾਣ ਨੂੰ ਪੂਰੇ ਅੱਖਰਾਂ ਵਿਚ ਲਿਖਿਆ ਹੈ। ਜਿਵੇਂ ਉਪਰ ਲਿਖੇ ਸੰਖੇਪ ਅੱਖਰਾਂ ਦਾ ਭਾਵ ਹੈ(ਮੰਡਲ ੧, ਸੂਕਤ ੧੧੪, ਅਸਟਕ ੧. ਅਤੇ ਸਫ਼ਾ ੭੦੪) ਸੋ ਹਰ ਗ੍ਰੰਥ ਦੇ ਪਹਿਲੇ ਹਵਾਲੇ ਦੇ ਨਾਲ ਲਿਖੇ ਪੂਰੇ ਅੱਖਰਾਂ ਤੋਂ ਅਗੇ ਉਹੀ ਭਾਵ ਸਾਰੇ ਪ੍ਰਮਾਣਾਂ ਨਾਲ ਸਮਝਣਾ ਚਾਹੀਦਾ ਹੈ। ਜਿਥੇ ਸ. ਤੋਂ ਭਾਵ ਸਲੋਕ ਅਤੇ ਫਿਰ ਸ. ਤੋਂ ਭਾਵ ਸਫ਼ਾ ਹੈ ਉਥੇ ਨਿਰਣਾ ਕਰਨ ਦਾ ਯਤਨ ਵੀ ਕੀਤਾ ਹੈ।

ਪਦਾਂ ਦਾ ਅਰਥ ਕਰਨ ਸਮੇਂ ਮੂਲ ਪਦ ਦੇ ਅਗੇ ਟੇਢੀਆਂ ਦੋ ਡੰਡੀਆਂ ਅਤੇ ਉਸ ਦੇ ਅਰਥ ਦੇ ਅਗੇ ਖੜੀ ਇਕ ਡੰਡੀ ਲਾਈ ਹੈ, ਅਤੇ ਜਿਥੇ ਅਰਥ ਨੂੰ ਸਪੱਸ਼ਟ ਕਰਨ ਦੀ ਜਾਂ ਪਦ ਦੀ ਸੰਧੀ ਤੋੜ ਕੇ ਵਿਸਥਾਰ ਨਾਲ ਅਰਥ ਦੀ ਲੋੜ ਪਈ ਹੈ ਉਸ ਨੂੰ ਬਰੈਕਟ ਵਿਚ ਲਿਖ ਦਿਤਾ ਹੈ, ਪਾਠਕ ਇਸ ਨਿਯਮ ਨੂੰ ਪਹਿਲੇ ਧਿਆਨ ਨਾਲ ਸਮਝ ਲੈਣ ।

# ਰਿਗ ਵੇਦ

ਇਸ ਵੇਦ ਵਿਚ ਬੇਅੰਤ ਹੀ ਮੰਤਰ ਅਜਿਹੇ ਮਿਲਦੇ ਹਨ ਕੇਸਾਂ ਦੀ ਮਹਾਨਤਾ ਨੂੰ ਦਰਸਾਂਦੇ ਹਨ, ਜਿਨ੍ਹਾਂ 'ਚੋਂ ਨਮੂਨੇ ਮਾ ਅਸੀਂ ਹੇਠਾਂ ਲਿਖਦੇ ਹਾਂ–

(१) 'रथीतमं कपर्दिनमीशानं राधसो महः । रायः सखायमीमहे

ਰਥੀਤਮੰ, ਕਪਰਦਿੱਨੰਮੀਸ਼ਾਨੰ, ਰਾਧ

ਸੋ ਮਹਾ: । ਰਾਯ ਸਖਾਯ ਮੀਮਹੇ......।

(ਰਿਗ ਵੇਦ, ਮੂਲ ਸਫ਼ਾ ੩੨੨, ਮੰਡਲ ੬, ਸੂਕਤ ੫੫, ਮੰਤਰ ੨. ਅਸਟਕ ੪. ਟੀਕਾ ਪੰਡਤ ਸਾਇਣ ਜੀ ਸਫ਼ਾ ੨੦੪, ਸੱਤਰ ੨੩ਵੀਂ ਸੈਂਚੀ ਤੀਜੀ ।)

ਪਦ ਅਰਥ–ਰਥੀਤਮੰ=ਰੱਥ ਵਾਲੇ । [ਕਪਰ ਦਿਨੰ ਈਸ਼ਾਨੰ] ਕਪਰ ਦਿਨੰ=ਜਟਾ ਜੂਟ । ਈਸ਼ਾਨੰ=ਸੁਆਮੀ । ਰਾ ਮਹਾ=ਧਨ ਕੇ । ਸਖਾਯ=ਮਿੱਤ੍ਰ । ਮੀਮਹੇ = ਚਾਹਤੇ ਹੈਂ ।

ਅਰਥ–ਜੋ ਰੱਥ ਵਾਲੇ, **ਜਟਾ ਜੂਟ**, ਹਮਾਰੇ ਸੁਆ ਔਰ ਮਿੱਤਰ । (ਪੂਸਾ ਦੇਵਤਾ ਜੀ) ਹੈਂ, ਉਨ ਸੇ ਹਮ ਪ੍ਰਾਪਤੀ ਕੀ ਇੱਛਾ ਰਖਤੇ ਹੈਂ ।

ਭਾਵ–ਇਹ ਮੰਤ੍ਰ 'ਭਾਰਦ੍ਵਾਜ' ਰਿਸ਼ੀ ਦਾ ਉਚਾ ਹੋਇਆ ਧੰਨ ਪ੍ਰਾਪਤੀ ਲਈ ਹੈ, ਅਤੇ ਇਸ ਵਿਚ ਉਸ ਦੇ 'ਪੂਸਾ' ਦੇਵਤਾ ਦੇ (ਕਪਰ ਦਿੱਨੰ) ਜਟਾ ਜੂਟ ਹੋਣ ਦਾ ਜ਼ਿਕਰ ਹੈ

(२) 'दिवो वराहमरुषं कपर्दिनं त्वेषं रूपं नमसा निह्वयाम

ਦਿਵੋ ਵਰਹਮਰੁਸ਼ੰ, ਕਪਰ ਦਿਨੰ ਤ੍ਵੇਸ਼ੰ

ਰੂਪੰ ਨੱਮਸਾ, ਨਿੱਵ੍ਹਯਾ ਮਹੇ।

(ਰਿ: ਮੂ. ਸ. ੭੩, ਮੰਡਲ ੧, ਸੂ: ੧੧੪, ਮੰ: ੫, ਅਸ: ੧, ੭੦੪, ਸਤਰ ੮ਵੀਂ, ਟੀਕਾਪੰ: ਸਾਇਣ ਜੀ, ਸੈਂਚੀ ਪਹਿ

ਪਦ ਅਰਥ–ਦਿਵੇ–ਦੇਵ ਲੋਕ ਕੇ ਵਾਸੀ। (ਵਰਾਹਮ× ਅਰੂਸ਼ੰ)ਵਰਾਹਮ = ਚੰਗਾ ਭੋਜਨ ਕਰਨੇ ਵਾਲੇ। ਅਰੂਸੰ = ਚਮਕਦਾਰ। ਕਪਰ ਦਿਨੰ = ਜਟਾ ਜੂਟ। ਤ੍ਵੇਸ਼ੰ = ਤੇਜ ਵਾਲੇ। ਰੂਪੰ = ਰੂਪਵਾਨ। ਨੱਮਸਾ = ਨਮਸ਼ਕਾਰ ਕਰ ਕੇ। ਨਿਵੁੱਯਾ ਮਹੇ = ਹਮ ਬੁਲਾਤੇ ਹੈਂ।

ਅਰਥ–ਦੇਵ ਲੋਕ ਮੈਂ ਪਵਿੱਤਰ ਭੋਜਨ ਕਰਨੇ ਵਾਲੇ, ਚਮਕਦਾਰ **ਜਟਾਂ** (ਕੇਸਾਂ) ਵਾਲੇ, ਤੇਜਵਾਨ, ਔਰ ਰੂਪਵੰਤ, ਰੁਦਰ (ਸ਼ਿਵਜੀ) ਕੋ ਹਮ ਨਮਸ਼ਕਾਰ ਕਰ ਕੇ ਬੁਲਾਤੇ ਹੈਂ।

ਭਾਵ–ਇਹ ਮੰਤਰ 'ਕੁੱਤਸ' ਰਿਸ਼ੀ ਦਾ ਉਚਾਰਣ ਕੀਤਾ ਹੋਇਆ ਹੈ, ਅਤੇ ਇਸ ਵਿਚ ਸ਼ਿਵਜੀ ਮਹਾਰਾਜ ਦੇ ਕੇਸਾਂ ਦੀ ਉਸਤਤ ਕੀਤੀ ਗਈ ਹੈ, ਜਿਸ ਤੋਂ ਸਪੱਸ਼ਟ ਹੈ ਕਿ ਉਹ ਕੇਸਾਂ ਵਾਲੇ ਸਨ।

हिरिश्मश्रुः शुचिदन्नृभुरनिकृष्टतविषिः

ਹਰੀ ਸ਼ਮੱਸ਼ਰੂ, ਸੁਚੀਦੰਨ੍ਰਿਭੂ ਰਣੀ ਕ੍ਰਿਸ਼ਟ ਤਵੀ ਸ਼ੀ:।

(ਰਿ: ਮੂ. ਸ. ੨੪੧ ਮੰਡਲ ੫, ਸੂ: ੭, ਮੰ: ੭, ਅ: ੩, ਟੀ: ਪੰ: ਸਾ:, ਸਫਾ ੭੪੭, ਸਤਰ ਪੰਜਵੀਂ ਸੈਂਚੀ ਦੂਜੀ।)

ਪਦ ਅਰਥ–ਹਰੀ = ਚਮਕਦਾਰ । ਸਮਸ਼ਰੂ = ਦਾੜ੍ਹੀ ਮੁੱਛੈਂ। [ਸੁਚੀ ਦੰਨ×ਰਿਭੂ] ਸੁਚੀਦੰਨ = ਚਮਕਦਾਰ ਦੰਦ। ਰਿਭੂ = ਇਕ ਦੇਵਤਾ ਕਾ ਨਾਮ। ਰਣੀ ਕ੍ਰਿਸ਼ਟ ਤਵੀਸ਼ੀ: = ਜਿਸ ਕੀ ਤਾਕਤ ਨਸ਼ਟ ਨਹੀਂ ਹੂਈ।

ਅਰਥ–ਹੇ ਰਿਭੂ ਦੇਵਤਾ ! ਆਪ ਚਮਕਦਾਰ **ਦਾੜ੍ਹੀ ਮੂਛੇਂ** ਔਰ ਚਮਕਦਾਰ ਦਾਂਤੋਂ ਵਾਲੇ ਹੋ, ਆਪ ਕੀ ਤਾਕਤ ਨਸ਼ਟ ਨਹੀਂ ਹੂਈ, ਅਰਥਾਤ ਆਪ ਬਹੁਤ ਬਲਵਾਨ ਹੋ।

ਭਾਵ–ਇਹ ਮੰਤਰ 'ਇੱਸ਼' ਨਾਮ ਦੇ ਇਕ ਰਿਸ਼ੀ ਉਚਾਰਣ ਕੀਤਾ ਹੋਇਆ ਹੈ ਅਤੇ ਇਸ ਵਿਚ ਉਨ੍ਹਾਂ ਨੇ 'ਰਿ ਨਾਮ ਦੇ ਦੇਵਤਾ ਦੀ ਦਾਹੜ੍ਹੀ ਤੇ ਮੁੱਛਾਂ ਦੀ ਉਸਤਤ ਕੀਤੀ ਹੈ।

'त्वामग्ने अतिथिं पूर्व्यं विशः शोचिष्केशं गृहपतिं निशेदरे

ਤ੍ਵਾਮਗਨੇ ਅਤਿੱਥੰ ਪੁਰਵਿਯੰ ਵਿਸ਼:

ਸੋਚਸ਼ **ਕੇਸ਼ੰ** ਗ੍ਰਿਹ ਪਤਿਯੰ ਨਿਸ਼ੇਧਰੇ।

[ਰਿ: ਮੂ. ਸ. ੨੪੨, ਮੰਡਲ ੫, ਸੂ: ੮, ਮੰ: ੨, ਅਸ਼ਟਕ ੩, ਟੀ: ਪੰ: ਸਾ:, ਸਫਾ ੭੪੯, ਸੱਤ੍ਰ ੧, ਸੈਂਚੀ ਦੂਜੀ।]

ਪਦ ਅਰਥ–[ਤ੍ਵਾਮ×ਅਗਨੇ] ਤ੍ਵਾਮ = ਤੁਝ ਕੋ ਅਗਨੇ = ਹੇ ਅਗਨੀ। ਅਤਿੱਥੰ = ਅਤਿੱਥੀ ਰੂਪ । ਪੁਰਵਿਯੰ ਪੁਰਾਤਨ। ਵਿਸ਼: = ਪਰਜਾ। ਸੋਚਸ਼ ਕੇਸ਼ੰ = ਚਮਕਦਾਰ (ਸੁੰ ਕੇਸ। ਗ੍ਰਿਹ ਪਤਿਯੰ = ਘਰ ਕੇ ਸੁਆਮੀ । ਨਿਸ਼ੇਧਰੇ = ਸਥਾ ਕਰਨਾ।

ਅਰਥ–ਹੇ ਅਗਨੀ ਦੇਵਤਾ ਆਪ ਅਤਿੱਥੀ ਰੂਪ ਪੁਰਾਤਨ ਔਰ ਚਮਕਦੇ ਸੁੰਦਰ ਕੇਸਾਂ ਵਾਲੇ ਹੋ, ਆਪ ਕੋ ਪ (ਦੁਨੀਆਂ) ਨੇ ਘਰ੍ਹ ਕਾ ਸੁਆਮੀ ਅਸਥਾਪਨ ਕੀਆ ਹੈ।

ਭਾਵ–ਇਹ ਮੰਤ੍ਰ ਵੀ 'ਇੱਸ਼' ਨਾਮ ਦੇ ਰਿਸ਼ੀ ਉਚਾਰਨ ਕੀਤਾ ਹੋਇਆ ਹੈ। ਜਿਸ ਨੇ ਇਸ ਵਿਚ ਅਗਨੀ ਦੇ ਦੇ ਸੁੰਦਰ ਕੇਸਾਂ ਦੀ ਉਸਤਤ ਕੀਤੀ ਹੈ। ਪਾਠਕਾਂ ਨੂੰ ਯਾਦ ਰ ਅਗਨੀ ਨਾਮ ਦਾ ਇਕ ਦੇਵਤਾ ਸੀ, ਜਿਸ ਦੇ ਨਾਮ ਤੇ ਇਸ ਵਾਲੀ ਦਾਹ ਸ਼ਕਤੀ ਦਾ ਨਾਮ ਅੱਗ ਰਖਿਆ ਗਿਆ ਹੈ।

'श्रा वामृताय केशिनी रनूषत '

'ਆਵਾਮ ਰਿਤਾਯ **ਕੇਸ਼ਨੀ** ਅਨੁਸ਼ਤ ... ...

[ਸੁ: ੧੫੧, ਮੰ: ੬ ਅਸ਼ਟਕ ੨, ਟੀ: ਪੰ: ਸਾ:, ਸਫਾ ੯੨੧, ਸਤਰ ੧੭ਵੀਂ, ਰਿ: ਮੂ: ਸ: ੧੦੦, ਮੰਡਲ ੧, ਸੈਂਚੀ ੧।]

ਪਦ ਅਰਥ—ਆਵਾਮ = ਦੋਨੋਂ ਕੋ । ਰਿਤਾਯ = ਯੱਗ ਆਦੀ। ਕੇਸ਼ਨੀ—ਕੇਸੋਂ ਵਾਲਾ। ਅਨੁਸ਼ਤ—ਉਸਤਿਤ।

ਅਰਥ—ਐ ਅਰਣ ਔਰ ਮਿੱਤਰ ਦੇਵਤਾ ! ਆਪ ਦੋਨੋਂ ਕੀ 'ਯੱਗ ਕੋ ਸੁਭਾਇਮਾਨ ਕਰਨੇ ਵਾਲਾ, ਅਗਨੀ ਦੇਵਤਾ' ਵੀ ਉਸਤਿਤੀ ਕਰਤਾ ਹੈ।

ਭਾਵ—ਇਸ ਮੰਤਰ ਵਿੱਚ 'ਦੀਰਘ ਤਮਾਂ' ਨਾਮ ਦੇ ਇਕ ਰਿਸ਼ੀ ਨੇ ਅਰਣ ਅਤੇ ਮਿੱਤਰ ਨਾਮ ਦੇ ਦੋ ਦੇਵਤਿਆਂ ਦੀ ਉਸਤਤ ਕੀਤੀ ਹੈ, ਅਤੇ ਅਗਨੀ ਦੇਵਤਾ ਨੂੰ ਵੀ ਕੇਸਾਂ ਦੀ ਉਸਤਤ ਕਰਦਾ ਦੱਸਿਆ ਹੈ।

'त्रयः केशिनात्रमृतुथा विचक्षते'

ਤ੍ਰਿਯਾ **ਕੇਸ਼ਨਾ** ਰਿਤੁਥਾ ਵਿਚੱਖਯਤੇ।

[ਰਿ: ਮੂ: ਸ: ੧੧੦ ਮੰਡਲ,੧,ਸੂ. ੧੬੪, ਮੰ.੧੪੪. ਅਸ-ਟਕ ੨, ਟੀ: ਪੰ: ਸਾ:, ਸਫਾ ੧੦੦੯, ਸੱਤਰ ੪, ਸੈਂਚੀ ੧]

ਪਦ ਅਰਥ—ਤ੍ਰਿਯਾ = ਤਿੱਨੇ। ਕੇਸ਼ਨਾ = ਕੇਸੋਂ ਵਾਲੇ। ਰਿਤੁਥਾ = ਸਮੇਂ ਸਮੇਂ, ਵਿਚੱਖਯਤੇ = ਦੇਖ ਭਾਲ।

ਭਾਵ—ਇਹ ਮੰਤਰ ਵੀ 'ਦੀਰਘ ਤਮਾਂ' ਰਿਸ਼ੀ ਦਾ ਉਚਾਰਨ ਕੀਤਾ ਹੋਇਆ ਹੈ, ਜਿਸ ਵਿੱਚ ਉਸ ਨੇ ਅਗਨੀ, ਸੂਰਜ ਅਤੇ ਪਵਨ



ਨਾਮ ਦੇ ਦੇਵਤਿਆਂ ਨੂੰ ਕੇਸਾਧਾਰੀ ਦੱਸਿਆ ਹੈ, ਜਿਨ੍ਹਾਂ ਦੇ ਨਾਮ
ਦਾਹ ਸ਼ਕਤੀ, (ਅਗਨੀ) ਹਵਾ ਅਤੇ ਜਗਤ ਨੂੰ ਰੋਸ਼ਨੀ ਦੇਣ ਵ
ਬਸ੍ਰ ਦੀਪਕ (ਸੂਰਜ) ਦੇ ਪੁਰਾਤਨ ਰਿਸ਼ੀਆਂ ਨੇ ਨਾਮ ਮਿਥੇ ਹ

'केशी अग्निं, केशी विषं केशी बिभर्ति रोदसी।
केशी विश्वं स्वर्दृशे, केशीदं ज्योतिरुच्यते'।

**ਕੇਸ਼ੀ** ਅਗਨਿੱਅਮ, **ਕੇਸ਼ੀ** ਵਿਸ਼ੰ **ਕੇਸ਼ੀ** ਵਿਭਰਤੀ ਰੋਦਸੀ। **ਕੇਸ਼ੀ** ਵਿਸ਼ਵੰ ਸ੍ਵਰ ਦ੍ਰਿਸ਼ੇ **ਕੇਸ਼ੀ** ਇਦੰ ਜਯੋਤੀ ਉੱਚਯਤੇ।

[ਰਿਗ ਵੇਦ, ਮੂ: ਸ: ੬੩੯ ਮੰਡਲ ੧੦, ਸੂ: ੧੩੬, ਮੰ: ੧, ਅਸਟਕ ੮, ਸਫਾ ੮੦੨, ਸੱਤਰ ੨੦ਵੀਂ, ਟੀ: ਪੰ: ਸਾ: ਜੀ, ਸੈਂਚੀ ੪।

ਪਦ ਅਰਥ—ਕੇਸ਼ੀ = ਕੇਸੋਂ ਵਾਲਾ। ਅਗਨਿੱਅਮ
ਅਗਨੀ ਕੇ ਤੇਜ ਕੋ। ਵਿਸ਼ੰ = ਜਲ ਕੇ ਤੇਜ ਕੋ। ਬਿਭਰਤੀ = ਧਾ
ਕਰਨਾ। ਰੋਦਸੀ = ਪ੍ਰਿਥਵੀ-ਅਕਾਸ਼। ਵਿਸ਼੍ਵੰ = ਸਾਰੇ। ਸ੍ਵਰ = ਜ
ਕੋ। ਦ੍ਰਿਸ਼ੇ = ਦੇਖਣੇ ਵਾਲਾ। ਇਦੰ = ਇਸ ਪ੍ਰਕਾਰ ਕਾ। ਜਯੋਤੀ
ਪ੍ਰਕਾਸ਼ਮਾਨ। ਉੱਚਯਤੇ = ਕਹਾ ਜਾਤਾ ਹੈ।

ਅਰਥ—ਜੋ (ਸੂਰਜ ਦੇਵਤਾ) ਇਸ ਸਾਰੇ ਜਗਤ
ਦੇਖਣੇ ਵਾਲਾ ਪ੍ਰਕਾਸ਼ ਮਾਨ ਕਹਾ ਜਾਤਾ ਹੈ। ਵੋਹ ਕੇਸ਼ੋਂ ਕੇ ਕਾ
ਹੀ ਅਗਨੀ, ਜਲ ਔਰ ਪ੍ਰਿਥਵੀ-ਅਕਾਸ਼ ਕੇ ਤੇਜ ਪ੍ਰਤਾਪ ਕੋ ਧਾ
ਕਰ ਰਹਾ ਹੈ।

ਭਾਵ—ਇਸ ਮੰਤਰ ਵਿਚ 'ਜੂਤੀ' ਨਾਮ ਦੇ ਰਿਸ਼ੀ
ਸੂਰਜ ਦੇਵਤਾ ਦੇ ਕੇਸਾਂ ਦਾ ਜ਼ਿਕਰ ਕਰ ਰਹੇ ਹਨ, ਜਿਨ੍ਹਾਂ ਕਰ
ਉਸ ਨੂੰ ਤੇਜ ਪ੍ਰਤਾਪ ਵਾਲਾ ਮੰਨਿਆ ਗਿਆ ਹੈ।

श्रा होता मन्द्रो विदथान्यस्थान्
सत्यो यज्वा कावितमः स वधा ।
विद्यु दरथः सत्सस्पुत्रो श्राग्निः
शाचिष्केशः पृथ्वियां पाजो अश्रुत ।

ਆ ਹੋਤਾ ਮੰਦ੍ਰੋ ਵਿਸਥਾਨਿ ਨਿਯਸਥਾਤ । ਸਤਯੋ
ਯੱਜੂਆ ਕਵਿਤਮ: ਸ ਵੇਧਾ । ਵਿਧਯੁਧ ਰਥ:
ਸਹਸਸਪੁਤ੍ਰੋ ਅਗਨਿ । ਸੋਚਿਸ਼ **ਕੇਸ਼ਾ**
ਪ੍ਰਥਿਵਿਆਮ ਪਾਜੋ ਅਸ੍ਰੇਤ ।
(ਰਿ: ਮੰ. ੩. ਸੂ. ੧੪ ਮੰ. ੧. ਮੂਲ ਸ. ੧੬੭)
(ਟੀ. ਸੈਣ ਜੀ, ਸ. ੨੪੪ ਸਤਰ ਤੀਜੀ ।)

ਪਦ ਅਰਥ–ਆ ਹੋਤਾ=ਦੇਵਤੋਂ ਕੋ ਬੁਲਾਨੇਵਾਲਾ।ਮੰਦ੍ਰੋ=ਸੇਵਕ ਕੋ ਪ੍ਰਸੰਨ ਕਰਨੇ ਵਾਲਾ । ਵਿਸਥਾਨਿ=ਯੱਗੋਂ ਮੇਂ। ਅਸਥਾਤ–ਠਹਿਰਾ ਹੈ । ਸੱਤਯਾ : = ਸੱਚੇ ਕਰਮ ਵਾਲਾ । ਯੱਜੂਆ = ਯੱਗ ਕਰਨੇ ਵਾਲਾ ਕਵਿਤਮ = ਬੜਾ ਕਵੀ । ਸ = ਵੋਹ । ਵੇਧਾ: = ਜਗਤ ਕੋ ਬਨਾਨੇ ਵਾਲਾ । ਵਿਧਿਯੁਧਰਥ = ਜਿਸ ਕਾ ਰਥ ਚਮਕਤਾ ਹੈ । ਸਹਸਸਪੁਤ੍ਰੋ = ਤਾਕਤ ਕਾ ਲੜਕਾ । ਅਗਨੀ = ਅਗਨੀ ਦੇਵਤਾ । ਸੋਚਿਸ਼ ਕੇਸ਼ਾ = ਜਿਸ ਕੇ ਵਾਲ ਜੁਆਲਾ ਕੀ ਲਪਟੋਂ ਕੇ ਸਾਮਾਨ ਹੈਂ । ਪ੍ਰਿਥਵਿਆਮ = ਖੁਲ੍ਹੇ ਅਕਾਸ਼ ਮੈਂ । ਪਾਜੋ = ਆਪਨੇ ਤੇਜ ਕੋ । ਅਸ੍ਰੇਤ = ਪਰਾਪਤ ਕਰਤਾ ਹੈ ।

ਅਰਥ–ਦੇਵਤੋਂ ਕੋ ਬੁਲਾਨੇ ਵਾਲਾ, ਸੇਵਕੋਂ ਕੋ ਪ੍ਰਸੰਨ ਕਰਨੇ ਵਾਲਾ, ਜਿਸ ਕੋ ਯਗੋਂ ਮੇਂ ਪੂਜਯ ਠਹਿਰਾਂਦਿਆਂ ਗਿਆ ਹੈ, ਸੱਚੇ ਕਰਮ ਔਰ ਯੱਗ ਕਰਨੇ 'ਵਾਲਾ' ਮਹਾਨ ਕਵੀ (ਵਿਦਵਾਨ) ਜਗ ਕਰਤਾ, ਤਾਕਤ ਕਾ ਬੇਟਾ ਜੋ ਅਗਨੀ ਦੇਵਤਾ ਹੈ, ਉਸ ਕੇ ਜੁਆਲਾ ਕੀ ਲਪਟੋ ਕੇ ਸਾਮਾਨ ਹੈਂ । ਵੋਹ ਉਨ ਤੇਜ ਪ੍ਰਤਾਪ ਵਾਲੋਂ (ਕੇਸੋ) ਸੇ ਹੀ ਤੇਜੱਸ੍ਵੀ ਮਾਨਾ ਜਾਤਾ ਹੈ ।

ਭਾਵ– ਇਸ ਮੰਤਰ ਵਿਚ ਰਿਸ਼ੀ ਵਿਸ਼ਵਾ ਮਿ
ਅਗਨੀ ਦੇਵਤਾ ਦੇ ਤੇਜ ਪ੍ਰਤਾਪ ਅਥਵਾ ਬਾਹੂਬਲ ਕਾ ਕਾਰਣ
ਦੇ ਕੇਸ ਹੀ ਦਸੇ ਹਨ ।

समिध्यमानः प्रथमानु धर्मा समक्तुभि रज्यते
त्रिश्ववार शोचिशकेशो :

ਸਮਿਧਯਮਾਨ : ਪ੍ਰਿਥਮਾ ਨੂੰ ਧਰਮਾ ਸਮਕਤੂ ਭੀ
ਰੱਜਯਤੇ । ਵਿਸ਼ਵਾਰ ਸੋਚਿਸ਼ **ਕੇਸ਼ੇ**

[ਮੂ. ਸ. ੧੬੯, ਮੰ. ੩ ਸੂ. ੭੦ ਮੰ. ੧ ਟੀਕ
ਪੰ. ਸਾਂ. ਸਫਾ ੨੫੬ ਸਤਰ ੧੯ਵੀ ਸੈਂਚੀ ਦੂਜੀ ।

ਅਰਥ–ਸਮਿਯਧਮਾਨ = ਚਮਕਤਾ ਹੂਆ । ਪ੍ਰਿਥਮ
ਯੱਗ ਸੇ ਪਹਿਲੇ । ਅਨੁਧਰਮ=ਯੱਗ ਕੇ ਧਰਮ ਵਾਲਾ। ਸਮਕਤੁ
ਘੀ ਆਦੀ ਸੇ = ਅੱਜਯਤੇ = ਠੀਕ ਪ੍ਰਗਟ ਹੋਤਾ ਹੈ, ਵਿਸ਼ਵਾ
ਸਭ ਲੋਗੋ ਸੇ ਚਾਹਨੇ ਲਾਇਕ । ਸੋਚਿਸ਼ ਕੇਸ਼ੇ = ਜਿਸ ਕੀ
ਪ੍ਰਤਾਪ ਕੀ) ਲਪਟੇ ਕੇਸ ਹੈ ।

ਅਰਥ–ਯੱਗ ਕੋ ਧਾਰਨ ਕਰਨੇ ਵਾਲਾ ਅਗਨੀ ਦੇ
(ਜੋ) ਯੱਗ ਕੇ ਸ਼ੁਰੂ ਮੇਂ ਕ੍ਰਮ ਸੇ ਚਲਤਾ ਹੂਆ ਸਾਰੇ ਯੱਗ
ਵਾਲੋਂ ਸੇ ਵਰਨਾ (ਸਵੀਕਾਰ) ਕਰਨੇ ਲਾਇਕ ਹੈ, ਜਿਸ ਕੇ
ਲਪਟੋਂ ਕੇ ਸਾਮਾਨ ਹੈਂ ।

ਭਾਵ ਇਸ ਵਿਚ ਵਿਸ਼ਵਾਮਿਤ੍ਰ ਜੀ ਦੇ ਸਪੁਤਰ ਰਿਸ਼ੀ
ਨੇ ਅਗਨੀ ਦੇਵਤਾ ਨੂੰ ਕੇਸਾਧਾਰੀ ਦਸਿਆ ਹੈ ।

ਨੋਟ : [ਰਿਗ ਵੇਦ ਦਾ ਇਹ ਟੀਕਾ (ਜਿਸ ਚੋਂ 'ਲੇਖਕ' ਨੇ ਉਕਤ ਮੰਤ੍ਰਾਂ ਦੇ ਪਦ ਅਰਥ ਪੜ੍ਹੇ ਹਨ।) ਪੰਡਤ ਸਾਇਣ ਜੀ ਨੇ ੧੨ਵੀਂ ਸਦੀ ਵਿਚ ਕੀਤਾ ਸੀ, ਜੋ ਰਾਜਾ ਬੁੱਕ ਦੇ ਰਾਜ ਪੰਡਤ ਸਨ। ਇਹ ਬਿ: ਸੰ: ੧੯੯੩ ਨੂੰ ਸਮੱਰਥਾ ਭਾਰਤ ਪ੍ਰੈਸ ਵਿਚ, R. S ਸਰ ਡੇਸਾਈ B. A. L. L. B. ਦੇ ਪ੍ਰਬੰਧ ਵਿਚ ਛਪਿਆ ਸੀ।]

–ਗਿਆਨੀ ਉਧਮ ਸਿੰਘ

## ਯੁੱਜਰ ਵੇਦ

ਇਸ ਵੇਦ ਦੇ ਦੋ ਭਾਗ ਹਨ, ਜਿਨ੍ਹਾਂ ਵਿਚ ਕੁਲ ੧੯ ਸੌ ੭੫ ਮੰਤ੍ਰ, ਅਤੇ ੪੦ ਧਿਆ ਹਨ।

ਕੇਸਾਂ ਦੀ ਮਹਾਨਤਾ ਬਾਰੇ ਇਸ ਦੇ ਕੁਝਕੁ ਹਵਾਲੇ ਇਹ ਹਨ :–

'शिरो मेश्रयेशो मुखं त्विषिः केशाश श्श्मणि'

ਸ਼ਿਰੋ ਮੇ ਸ੍ਰੀਯਸ਼ੋ ਮੁਖੰ ਤ੍ਵਿਸ਼ੀ। **ਕੇਸ਼ਾਂ**ਸਚ ਸ਼ਮੱਸ਼ਰੂਣਿ।

(ਯੁ: ਮੂ: ਸ: ੯੪ ਧਿ: ੨੦–ਮੰ–੫ ਟੀਕਾ––ਪੰਡਤ ਓਵਟ ਅਤੇ ਮਹੀ ਧਰ, ਸੈਂਚੀ ੨, ਸਫਾ ੧੦੪੨ ਸਤਰ ੧੨ਵੀਂ।)

ਪਦ ਅਰਥ–ਸਿਰੋ = ਸਿਰ। ਮੇ-ਮੇਰਾ। ਸ੍ਰੀ–ਸ਼ੋਭਾ ਵਾਲਾ। ਯਸ਼ੋ = ਜੱਸ। ਮੁਖੰ = ਮੁੱਖ। ਤ੍ਵਿਸ਼ੀ = ਚਮਕ। ਕੇਸਾਂਸਚ = ਕੇਸ। ਸਮੱਸ਼ਰੂਣਿ = ਦਾੜ੍ਹੀ ਮੁੱਛੇਂ।

ਅਰਥ–(ਮੈਂ ਪ੍ਰਾਰਥਨਾ ਕਰਤਾ ਹੂੰ ਕਿ) ਮੇਰਾ ਸਿਰ ਕੇਸਾਂ ਕਰ ਸ਼ੋਭਾ ਵਾਲਾ ਹੋ ਔਰ ਮੇਰਾ ਮੁੱਖ ਦਾੜ੍ਹੀ ਕੀ ਚਮਕ (ਤੇਜ ਪ੍ਰਤਾਪ) ਸੇ ਯੱਸ਼ (ਜੱਸ) ਕੋ ਪ੍ਰਾਪਤ ਕਰੇ।

ਭਾਵ–ਇਸ ਮੰਤਰ ਦੁਆਰਾ 'ਪ੍ਰਜਾਪਤੀ' ਰਿਸ਼ੀ ਨੇ ਸਭ
ਦੇਵਤਾ ਅੱਗੇ ਕੇਸਾਂ ਤੇ ਦਾੜ੍ਹੀ ਦੀ ਸਲਾਮਤੀ ਲਈ ਪ੍ਰਾਰ
ਕੀਤੀ ਹੈ।

'मशकान्केशैरिन्द्रंग स्वपसा वहेन...'

ਮਸ਼ਕਾਨ **ਕੇਸ਼ੇ** ਰਿੰਦ੍ਰੰਗ ਸ੍ਵਪਸ਼ਾ ਵਹੇਨ ......।

(ਯੂ: ਮੂ: ਸ: ੧੧੬, ਧਿ: ੨੫, ਮੰ: ੩, ਟੀ. ਪੰ: ਓ. ਮ., ਸੈਂਚੀ ੩, ਸਫਾ ੧੨੩੦, ਸਤ੍ਰ ੨੦ਵੀਂ।)

ਪਦ ਅਰਥ–ਇੰਦ੍ਰੰ = ਇੰਦ੍ਰਆਦੀ। ਮਸ਼ਕਾਨ = ਦੇਵ
ਕੋ। ਕੇਸ਼ = ਕੇਸ਼ੋਂ ਸੇ। ਸ੍ਵਪਸਾ = ਸੁੰਦ੍ਰ। ਵਹੇਨ = ਮੋਢੇ ਪਰ।

ਅਰਥ–ਮੈਂ ਇੰਦ੍ਰ ਆਦੀ ਦੇਵਤਾਉਂ ਕੋ ਸੁੰਦ੍ਰ ਕੇਸ
ਪ੍ਰਸੰਨ ਕਰ ਰਹਾ ਹੂੰ, ਜੋ ਮੇਰੇ ਮੋਢੇ ਪਰ ਸੇ ਲਮਕ ਰਹੇ ਹੈਂ।

ਇਹ ਮੰਤ੍ਰ–'ਪ੍ਰਜਾਪਤੀ' ਰਿਸ਼ੀ ਨੇ ਕੇਸਾਂ ਦੇ ਸਤਿਕਾਰ
ਉਚਾਰਿਆ ਹੈ, ਜਿਸ ਤੋਂ ਸਿੱਧ ਹੈ, ਕਿ ਉਹ ਕੇਸਾਧਾਰੀ ਸਨ।

आत्मन्नुपस्थे न वृकस्य लोम मुखे श्मश्रूणि न व्याघ्लोम
केशो न शीर्षन्यशसे श्रियैशिखासिंहस्यलोम त्विषि
रिन्द्रियाणि ।

ਆਤਮਨੁ ਉਪੱਸਥੇ ਨ ਵ੍ਰਿਕੱਸਯ ਲੋਮ ਮੁਖੇ ਸ਼ਮੱਸ਼ਰੂਣਿ
ਨ ਵਿਯਾਗ੍ਰ ਲੋਮ, **ਕੇਸ਼ੋ** ਨ ਸ਼ੀਰਸਨ ਯੱਸ਼ਸੇ ਸ੍ਰੀ
ਸ਼ਿਖਾ, ਸਿੰਘੱਸਯ ਲੋਮ ਤ੍ਰਿਸ਼ੀਰਿੰਦ੍ਰਯਾਣਿ।

(ਯੁੱਜਰ ਵੇਦ ਮੂ. ਸ. ੯੩ ਧਿ: ੧੯, ਮੰਤ੍ਰ ੯੨ ਟੀ. ਪੰ
ਓ. ਮ., ਸੈਂਚੀ ੨, ਸਫਾ ੧੦੩੬ ਸਤ੍ਰ ੨੩ਵੀਂ)

ਪਦ ਅਰਥ–ਆਤਮਨ = ਸ਼ਰੀਰ ਮੈ। ਉਪੱਸਥੇ–

ਇੰਦ੍ਰੇਪਰ। ਨ = ਸਮਾਂਣ। ਵ੍ਰਿਕੱਸ਼ਯ = ਭੇੜੀਆ। ਲੋਂਮ = ਵਾਲ। ਮੁਖੇ = ਮੂੰਹ ਕੇ। ਸ਼ਮੱਸ਼ਰੂਣਿ = ਦਾੜ੍ਹੀ ਮੁਛੇਂ। ਵਿਯਾਗ੍ਰ = ਬਾਘ (ਇਕ ਕਿਸਮ ਦਾ ਸ਼ੇਰ) ਨ = ਸਮਾਣ। ਕੇਸ਼ੇ = ਕੇਸ। ਸ਼ੀਰਸ਼ਨ = ਸਿਰ ਕੇ। – ਯੱਸ਼ਸੇ – ਯੱਸ਼ ਕੋ ਬੜ੍ਹਾਨੇ ਵਾਲੇ। ਸ੍ਰੀਯਈ = ਸ਼ੋਭਾ (ਭਾਗਸ਼ਾਲੀ) ਕੇ ਲੀਏ।ਸ਼ਿਖਾ = ਜੂੜਾ। ਸਿੰਘੱਸਯ = ਸ਼ੇਰ। ਲੋਮ– ਵਾਲ। ਤ੍ਰਿਸ਼ੀ = ਚਮਕ। (ਤੇਜ ਪ੍ਰਤਾਪ)ਇੰਦ੍ਰਿਆਣਿ–ਇੰਦ੍ਰਿਓਂ ਕੇ।

ਅਰਥ–ਹਮਾਰੇ ਸ੍ਰੀਰ ਕੇ ਗੁੱਪਤ ਇੰਦ੍ਰੇ ਕੇ ਵਾਲ ਭੇੜੀਏ ਕੇ ਵਾਲੋਂ ਸਾਮਾਨ, ਔਰ ਮੁੱਖ ਪਰ ਦਾੜ੍ਹੀ-ਮੁਛੋਂ ਕੇ ਵਾਲ ਬਾਘ ਕੇ ਵਾਲੋਂ ਸਾਦ੍ਰਸ਼ ਹੈਂ। ਜੋ ਸਿਰ ਕੇ ਵਾਲ ਹੈਂ ਵੋਹ ਹਮਾਰੇ ਯੱਸ਼ ਕਾ ਕਾਰਣ, ਵਾਲੋਂ ਕਾ ਜੂੜਾ ਲੱਕਸ਼ਮੀ (ਭਾਗਸ਼ੀਲਤਾ) ਕੇ ਬੜ੍ਹਾਣੇ ਵਾਲਾ ਔਰ ਸਾਰੇ ਜਿਸਮ ਪਰ (ਇੰਦ੍ਰਿਉਂ ਕੇ) ਵਾਲ ਚਮਕ (ਸੂਰਬੀਰਤਾ) ਕੋ ਕਾਇਮ ਰਖਣੇ ਵਾਲੇ ਹੈਂ।

ਭਾਵ–ਇਸ ਮੰਤ੍ਰ ਵਿਚ ਰਿਸ਼ੀ 'ਪ੍ਰਜਾਪਤ' ਜੀ ਨੇ ਇਹ ਦੱਸਿਆ ਹੈ ਕਿ ਮਨੁੱਖ ਦੇ ਜਿਸਮ ਦੇ ਦਰਜਾ ਬਦਰਜਾ ਵਾਲ ਜ਼ਰੂਰੀ ਹਨ ਅਤੇ ਇਹਨਾਂ ਦੀ ਲੰਬਾਈ ਜੋ ਕੁਦਰਤੀ ਹੈ, ਜਿਉਂ ਕੀ ਤਿਉਂ ਕਾਇਮ ਰਹਿਣੀ ਚਾਹੀਦੀ ਹੈ, ਕਿਉਂਕਿ ਇਹਨਾਂ ਕਰ ਕੇ ਹੀ ਮਨੁੱਖ ਨੂੰ ਐਸ਼ਵਰਜ, ਸ਼ੋਭਾ ਅਤੇ ਵਡਿਆਈ ਪ੍ਰਾਪਤ ਹੈ।

'आदित्यान् श्मश्रुभिं (प्रीणामि)
ਅਦਿੱਤਯਾਨ ਸ਼ਮੱਸ਼ਰੂ ਭਿ: (ਪ੍ਰਣਾਮਿ)
[ਯੁ: ਮੂ. ਸ. ੧੧੬ ਧਿ: ੨੫, ਮੰ: ੧, ਟੀ. ਪੰ. ਓ. ਮ. ਸੈਚੀ ੩. ਸਫਾ ੧੨੨੭, ਸਤ੍ਰ ਪੰਜਵੀਂ]

ਪਦ ਅਰਥ–ਅਦਿੱਤਯਾਨੁ = ਦੇਵਤੋਂ ਕੋ ਸ਼ਮੱਸ਼ਰੂਭਿ= ਦਾਹੜੀ, ਮੁਛੇਂ। ਪ੍ਰਣਾਮਿ = ਪ੍ਰਸੰਨਤਾ।

ਅਰਥ–ਮੈਂ ਸਰਬ ਦੇਵਤਾਓਂ ਕੀ ਦਾਹੜੀ ਮੁਛੇਂ (ਕੇਸੋਂ) ਸੇ ਪ੍ਰਸੰਨਤਾ ਪ੍ਰਾਪਤ ਕਰਤਾ ਹੂੰ।



ਭਾਵ–ਇਹ ਮੰਤ੍ਰ ਵੀ 'ਪ੍ਰਜਾਪਤ' ਰਿਸ਼ੀ ਦਾ ਉਚਾਰਿਆ ਹੋਇਆ ਹੈ, ਜਿਸ ਵਿੱਚ ਉਸ ਨੇ ਉਕਤ ਖ਼ਿਆਲ ਨੂੰ ਫਿ ਦੁਹਰਾਇਆ ਹੈ।

ਨੋਟ–ਉਪਰ ਆਇਆ (ਪ੍ਰੀਣਾਮਿ) ਪਦ ਇਸ ਤਰ੍ਹਾਂ ਬਹੁਤ ਸਾਰੇ ਮੰਤ੍ਰਾਂ ਨਾਲ ਆਇਆ ਹੈ, ਜੋ ਪ੍ਰਸੰਨਤਾ ਦਾ ਵਾਚ ਹੈ। ਅਰਥਾਤ ਕੇਸਾਂ ਦਵਾਰਾ ਦੇਵਤਿਆਂ ਨੂੰ ਪ੍ਰਸੰਨ ਕਰਨ ਨਾ ਉਹਨਾਂ ਦੀ ਪ੍ਰਸੰਨਤਾ। ਦੇਵਤਿਆਂ ਦੀ ਪ੍ਰਸੰਨਤਾ ਲਈ ਜਿੰਨੇ ਮੰ ਇਸ ਧਿਆ ਵਿਚ ਉਕਤ ਰਿਸ਼ੀ ਨੇ ਲਿਖੇ ਹਨ, ਉਹਨਾਂ ਵਿੱਚ ਇ ਪਦ ਵਰਤਿਆ ਹੈ, ਜਿਸ ਨੂੰ ਅਸਾਂ ਵੀ ਇਥੇ ਬ੍ਰੈਕਟ ਵਿਚ ਲਿ ਦਿਤਾ ਹੈ।

'नमः कपर्दिने .... '
ਨਮ: ਕੱਪਰ ਦਿਨੇ।
[ਯੁ: ਮੂ. ਸ. ੭੧ ਤੋਂ] ਧਿ: ੧੬, ਮੰ:੧੯, ਟੀ. ਪੰ. ਓ. ਮ. ਸੈਂਚੀ ੨, ਸਫਾ ੮੧੯, ਸਤ੍ਰ ੧੫ਵੀਂ।]

ਪਦ ਅਰਥ–ਮੈਂ (ਕੱਪਰ ਦਿਨੇ) **ਕੇਸਾਂ** ਵਾਲੇ ਜਟਾ ਜੂ (ਵਿਸ਼ਨੂੰ ਭਗਵਾਨ) ਕੋ ਨਮਸ਼ਕਾਰ ਕਰਤਾ ਹੂੰ।

ਭਾਵ–ਇਸ ਮੰਤ੍ਰ ਵਿਚ 'ਕੁੱਤਸ' ਰਿਸ਼ੀ ਨੇ ਵਿਸ਼ਨੂੰ ਭਗਵਾਨ ਕੇਸਾਂ ਵਾਲਾ ਦਸਿਆ ਹੈ।

ये भूतानामधिपतयो विशिखासः कपर्दिनः।
ਯੇ ਭੂਤਾਨਾਮੱਧੀ ਪੱਤਿਯੋ ਵਿ ਸੀਖ਼ਾਸ਼ਾ : ਕਪਰ ਦਿਨ :
[ਯੁ: ਮੂ. ਸ: ੭੪, ਧਿ: ੧੬, ਮੰ: ੫੯, ਟੀ. ਪੀ. ਓ. ਮ. ਸੈਂਚੀ ੨, ਸਫਾ ੩੯, ਸਤ੍ਰ ੨੫ਵੀਂ।]

ਪਦ ਅਰਥ–ਯੇ = ਜੋ। [ਭੂਤਾਨਾਮ × ਅਧੀ ਪਤਯੋ

ਭੂਤਾ-ਨਾਮ = ਪ੍ਰਾਣੀਉਂ ਕੇ। ਅੱਧੀਪੱਤਿਯੇ = ਸੁਆਮੀ (ਰਾਜਾ) ਹੈਂ। ਵਿ = ਵੋਹ, ਸ਼ਿਖਾਸ਼। ਚੋਟੀ (ਜੂੜੇ) ਵਾਲੇ। ਕਪਰ ਦਿਨੰ = ਜਟਾ ਜੂਟ ਹੈਂ।

ਅਰਥ–ਜੋ ਪ੍ਰਾਣੀਉਂ (ਮਨੁੱਖੋਂ) ਕੇ ਸੁਆਮੀ ਰੁਧਰ (ਸ਼ਿਵਜੀ) ਜੀ ਹੈਂ ਵੋਹ ਬਹੁਤ ਬੜੇ ਜੂੜੇ ਵਾਲੇ **ਜਟਾ** ਜੂਟ ਹੈਂ।

ਭਾਵ–ਇਸ ਮੰਤਰ ਵਿਚ 'ਪ੍ਰਮੇਸਰੀ' ਨਾਮ ਦੇ ਰਿਸ਼ੀ ਨੇ ਸ਼ਿਵਾਂ ਨੂੰ ਕੇਸਾਧਾਰੀ ਸਿੱਧ ਕੀਤਾ ਹੈ।

'विज्यन्धनुः कपर्दिनो विशल्यो बाणवाँ उत'

'ਵਿਜਯਮ ਧਨੁ: ਕਪਰ ਦਿਨੋ ਵਿਸ਼ੱਲਯੋ ਵਾਨਵਾ ਉਤ'
[ਯੁ: ਮੂ. ਸ. ੭੧ ਧਿ: ੧੬, ਮੰ: ੧੦, ਟੀ. ਪੰ. ੳ. ਮ., ਸੈਂਚੀ ੨, ਸ. ੮੦੪, ਸਤ੍ਰ ੧੩ਵੀਂ।]

ਪਦ ਅਰਥ–ਵਿਜਯਮ–ਡੋਰ। ਧਨੁ: = ਧਨਸ਼। ਕਪਰ ਦਿਨੋ = ਜਟਾ ਜੂਟ। ਵਿਸ਼ੱਲਯੋ = ਬਰਛਾ। ਵਾਨਵਾ = ਬਾਣੋਂ ਵਾਲਾ। ਉਤ = ਰਹਿਤ।

ਅਰਥ–(**ਜਟਾਧਾਰੀ** ਸ਼ਿਵ ਜੀ ਕਾ) ਧਨਸ਼ ਹਮਾਰੇ ਲੀਏ ਡੋਰ, ਬਾਣੋਂ ਵਾ ਬਾਣੋਂ ਕੇ ਮੁੱਖ ਪਰ ਲੱਗੇ ਹੂਏ ਬਰਛੇ ਸੇ ਰਹਿਤ ਹੋ, ਅਥਵਾ ਵੋਹ ਹਮਾਰੇ ਪਰ ਦਇਆ ਰੱਖੇਂ।

ਭਾਵ–ਇਸ ਮੰਤ੍ਰ ਵਿਚ 'ਪ੍ਰਜਾਪਤੀ' ਰਿਸ਼ੀ ਨੇ ਸ਼ਿਵਾਂ ਦੇ ਕੇਸ ਸਿੱਧ ਕੀਤੇ ਹਨ।

'नमः कपर्दिने च पुलस्तये च'

ਨਮ: ਕਪਰ ਦਿਨੇਚ ਪੁਲੱਸਤਯੇਚ।
[ਯੁ. ਮੂ. ਸ. ੭੩ ਧਿ: ੧੬, ਮੰ: ੪੩, ਟੀ. ਪੰ. ੳ. ਮ., ਸੈਂਚੀ ੨, ਸਫਾ ੮੨੯, ਸਤ੍ਰ ਤੀਜੀ।]

ਅਰਥ–ਆਪ ਕੋ ਨਮਸਕਾਰ ਹੈ, ਐ (ਕਪਰ
**ਜਟਾਧਾਰੀ**। ਔਰ (ਪੁਲੱਸਤਯੇ) ਸਭ ਕੇ ਮੁਖੀ।

ਭਾਵ–ਇਸ ਮੰਤ੍ਰ ਵਿਚ 'ਪਰਮੇਸ਼ਰੀ' ਰਿਸ਼ੀ ਸ਼ਿਵ
ਧਾਰੀ ਕਹਿ ਕੇ ਉਸਤਤੀ ਕਰ ਰਹੇ ਹਨ।

नमः सिकत्याय च प्रवाह्याय
नमः कपर्दिने पुलस्त्य च नमः।

ਨਮ ਸਿਕੱਤਿਯਾਯਚ ਪ੍ਰਭਾਹਯਾਯ
ਨਮ ਕਰਪ ਦਿਨੇਚ ਪੁਲਸਤਯੇਚ ਨਮ।
[ਮੂ. ਸ. ੭੩, ਸਿ ੧੬ ਮੰਤ੍ਰ ੪੩ ਟੀ.
ਮਹੀਧਰ, ਸ. ੮੯੯ ਸਤ੍ਰ ੯ਵੀਂ]

ਪਦ ਅਰਥ–ਨਮ=ਨਮਸ਼ਕਾਰ। ਨਿਕੱਤਿ
ਬਾਲੂ (ਰੇਤ) ਮੈ ਹੋਨੇ ਵਾਲੇ। ਪ੍ਰਵਾਯਾਯਤ=(ਨਦੀ ਕੇ)
ਰਹਿਨੇ ਵਾਲੇ। ਕਪਰ ਦਿਨ=ਜਟਾ ਜੂਟ ਧਾਰੀ। ਪੁਲ
ਹਮਾਰੇ ਸਾਹਮਣੇ ਠਹਿਰੇ ਹੂਏ।

ਅਰਥ–ਜਿਸ ਕੀ ਵਾਲੂ (ਰੇਤ) ਕੀ ਮੂਰਤੀ ਬਨ
ਹੈ, ਜੋ ਨਦੀ ਕੇ ਪ੍ਰਵਾਹ ਮੈ ਭੀ ਰਹਿਤਾ ਹੈ, ਔਰ ਜੋ **ਜ**
ਹਮਾਰੇ (ਸਾਹਮਣੇ ਰਹਿ ਕੇ) ਪੁੰਨ ਪਾਪ ਕੋ ਦੇਖਣੇ ਵਾਲਾ
ਤੁਦ੍ਰ (ਸ਼ਿਵ) ਕੋ ਹਮਾਰੀ ਨਮਸ਼ਕਾਰ ਹੈ।

ਭਾਵ–ਇਸ ਮੰਤ੍ਰ ਵਿਚ ਰਿਸ਼ੀ 'ਪਰਮੇਸ਼ਰੀ' ਰਿ
ਸਾਫ ਸ਼ਬਦਾਂ ਵਿਚ ਜਟਾ ਜੂਟ ਕੇਸਾਧਾਰੀ ਦਸ ਰਹੇ ਹਨ।

श्रयं पुरो हरिकेशः सूर्य रसमि।

ਅਯੰ ਪੁਰੋ ਹਰੀ **ਕੇਸ਼** ਸੂਰਯ ਰਸ ਮਿ.
[ਮੂ. ਸ. ੬੭, ਧਿ. ੧੫, ਮੰ. ੧੫, ਟੀ. ੳ.
੭੬੧, ਸਤ ੨੧ਵੀਂ, ਸੈਂਚੀ ਦੋਜੀ]

ਪਦ ਅਰਥ–ਅਯੰ=ਯੇ। ਪਰ=ਹਮਾਰੇ ਸਾਹਮਣੇ। ਹਰੀ ਕੇਸ=ਹਰੀ ਲਪਟੇਂ ਕੇ ਸਮਾਨ ਕੇਸ। ਸੂਰਯ ਰਸ ਮਿ=ਜਿਸ ਕੀ ਕਿਰਣੈ ਸੂਰਯ ਕੇ ਸਮਾਨ ਹੈਂ।

ਅਰਥ–ਯੇ ਜੋ ਅਗਨੀ ਦੇਵਤਾ ਹਮਾਰੇ ਸਾਹਮਣੇ (ਹੈ ਯੇ) ਹਰੀ ਲਪਟੋਂ ਕੇ ਸਮਾਨ ਕੇਸੋਂ ਵਾਲਾ ਔਰ ਸੂਰਯ ਕੇ ਸਮਾਨ ਕਿਰਣੇ ਵਾਲਾ ਹੈ।

ਭਾਵ–ਇਸ ਮੰਤਰ ਵਿਚ 'ਪਰਮੇਸਰੀ' ਰਿਸ਼ੀ ਅਗਨੀ ਦੇਵਤਾ ਨੂੰ ਲੰਬੇ ਲੰਬੇ ਕੇਸੋਂ ਵਾਲਾ ਬਿਆਨ ਕਰ ਰਹੇ ਹਨ।

ਨੋਟ–ਯੁਜਰ ਵੇਦ ਦਾ ਉਕਤ ਟੀਕਾ ਪੰਡਤ ਓਵਟ ਅਤੇ ਮਹੀ ਧਰ ਜੀ ਨੇ ੧੨ਵੀਂ ਸਦੀ ਦੇ ਅਖ਼ੀਰ ਵਿਚ ਕੀਤਾ, ਜੋ ੧੯੧੩ ਬਿ: ਨੂੰ 'ਵਿਦਿਆ ਵਿਸ਼ਾਲ' ਪ੍ਰੈਸ, ਬਨਾਰਸ ਵਿਚ ਜੈ ਕ੍ਰਿਸ਼ਨ ਦਾਸ ਗੁਪਤਾ ਦੇ ਪ੍ਰਬੰਧ ਹੇਠਾਂ ਛਪਿਆ ਸੀ।

## ਸ਼ਾਮ ਵੇਦ

ਇਸ ਵੇਦ ਦੇ ਵੀ ਦੋ ਹਿਸੇ ਹਨ : ਪੁਰਆਰਚਕ ਅਤੇ ਉਤਰਾਰਚਕ, ਇਸ ਦੇ ਕੁਲ ਮੰਤ੍ਰ ੧੮ ਸੋ ੭੩ ਹਨ, ਜਿਨ੍ਹਾਂ, 'ਚੋਂ ਕੇਸਾਂ ਬਾਰੇ ਕੁਝ ਕੁ ਇਹ ਹਨ।

शोचिष्केशं वृषणं यमिमावशः प्रावन्तु गूतये विशः

ਸੋਚਸ਼ **ਕੇਸ਼ੰ** ਵਿਸ਼ਣੰ ਯਮਮਾਵਿਸ਼ਃ ਪ੍ਰਾਵੰਤੂ ਜੁਤਯੇ ਵਿਸ਼:–

[ਸ਼ਾ: ਉ:, ਧਿ: ੨੦, ਖੰ: ੫, ਮੰਤ੍ਰ ੨, ਟੀ. ਪੰ. ਸਾਇਣ. ਜੀ. ਸਫਾ ੯੨੯ ਸਤ੍ਰ ੨੬ਵੀਂ।]

ਪਦ ਅਰਥ–ਸੋਚਸ਼ = ਸੋਭਾ। (ਚਮਕ) ਕੇਸੰ = ਕੇਸ। ਵ੍ਰਿਸ਼ਣੰ = ਵਰਖਾ। [ਯਮ× ਇਮਾ×ਵਿਸ਼:] ਯਮ = ਤੁਮ ਕੋ। ਇਮਾ = ਯੇਹ। ਵਿਸ਼:–ਪ੍ਰਜਾਇਂ। ਪ੍ਰਾਵੰਤੂ = ਪ੍ਰਸੰਨ। ਜੁਤਯੇ = ਸ੍ਵਰਗ ਫਲ। ਵਿਸ: ਜਜਮਾਨ।

ਅਰਥ–ਐ ਕੇਸੋਂ ਕੀ ਚਮਕ ਅਥਵਾ ਸ਼ੋਭਾ ਵਾਲੇ ਔ (ਹਵਨ ਕੇ ਪੀਛੇ) ਵਰਸ਼ਾ ਕਰਨੇ ਵਾਲੇ, ਅਗਨੀ ਦੇਵਤਾ) ਤੁਮ ਪ੍ਰਜਾਇ ਔਰ ਜਜਮਾਨ ਸ੍ਵੱਰਗ ਕੇ ਫਲੋਂ ਕੀ ਪ੍ਰਾਪਤੀ ਕੇ ਲੀਏ ਪ੍ਰਸੰ ਕਰਤੇ ਹੈਂ।

ਭਾਵ–ਇਹ ਮੰਤ੍ਰ 'ਪ੍ਰਤਸ਼ੇਮ' ਰਿਸ਼ੀ ਦਾ ਉਚਾਰਿ ਹੋਇਆ ਹੈ। ਜਿਸ ਵਿੱਚ ਉਸ ਨੇ ਅਗਨੀ ਦੇਵਤਾ ਦੇ ਕੇਸਾਂ ਵਰਣਨ ਕੀਤਾ ਹੈ।

सप्तत्वा हरितोरथे वहन्ति देवसूर्य। शोचिष्केशं विचक्षणो

ਸਪਤਤਵਾ ਹਰਿਤੋ ਰਥੇ ਵਹੰਤੀ ਦੇਵਾ

ਸੂਰਯ। ਸੋਚਿਸ਼ **ਕੇਸ਼ੰ**ਵਿਚੱਖਿਅਣੋ।

[ਸ਼ਾ: ਮੂ. ਸ. ੪੭ ਪੂਰਵਾਰਚਿਕ ਆਰਣਿਕ ਪਰਵ ਧਿ: ੬, ਖੰ: ੫, ਮੰ: ੧੪, ਟੀ. ਪੰ. ਸਾ., ਸੈਂਚੀ ੧, ੩੪੯, ਸੱਤ੍ਰ ੨ ;]

ਪਦ ਅਰਥ–ਸਪਤ = ਸਾਤ। ਤਵਾ = ਤੁਜੇ। ਹਰਤੋ ਘੋੜੇ। ਰਥੇ–ਰੱਥ ਕੇ ਆਗੇ। ਵਹੰਤੀ = ਚਲਾਤੇ ਹੈਂ। ਦੇਵਾਸੂਰਯ ਐ–ਸੂਰਯ ਦੇਵ। ਸੋਚਿਸ਼ ਕੇਸ਼ੰ = ਚਮਕਤੇ (ਸੁੰਦ੍ਰ) ਕੇਸਾਂ ਵਾਲ ਵਿਚੱਖਿਅਣੋ = ਵਿਦਵਾਨ।

ਅਰਥ–ਐ ਸੂਰਯ ਦੇਵ ! ਤੇਰੇ ਰੱਥ ਕੋ ਸਾਤ ਘੋੜੇ ਚ ਰਹੇ ਹੈਂ, ਤੂੰ ਅਤਿ ਸੁੰਦ੍ਰ ਚਮਕਤੇ ਕੇਸੋਂ ਵਾਲਾ ਔਰ ਵਿਦਵਾਨ ਹੈਂ

ਭਾਵ–ਇਹ ਮੰਤ੍ਰ ਰਿਸ਼ੀ 'ਵਈਖਾਨਸ' ਦੀ ਰਚਨਾ ਜਿਸ ਨੇ ਆਪਣੇ ਦੇਵਤਾ ਸੂਰਜ ਦੇ ਕੇਸਾਂ ਦੀ ਉਪਮਾ ਕੀਤੀ ਹੈ।

ਨੋਟ–ਸ਼ਾਮ ਵੇਦਦੇ ਇਹ ਸਤ੍ਰਾਂ ਸਫੇ'ਸਨਾਤਨ ਧਰਮ ਪਤਾਕਾ, ਪ੍ਰੈਸ', ਮੁਰਾਦਾਬਾਦ ਦੀ ਗ਼ਾਲਬਨ ਬਿ: ੧੯੦੯ ਵਿਚ ਪੰਡਤ ਰਾਮ ਸਰੂਪ ਸ਼ਰਮਾਂ ਦੇ ਪ੍ਰਬੰਧ ਹੇਠ ਛਪੀ ਪਹਿਲੀ ਐਡੀਸ਼ਨ ਅਨੁਸਾਰ ਹਨ।

## ਅਥਰਵਣ ਵੇਦ

ਇਸ ਵੇਦ ਦੇ ੫ ਹਜ਼ਾਰ ੯ ਸੌ ੭੭ ਮੰਤ੍ਰ ਅਤੇ ੨੦ ਕਾਂਡ ਹਨ, ਇਸ ਵਿਚ ਕਲਜੁਗ ਦੇ ਸਮੇਂ ਬਾਰੇ ਬਹੁਤ ਹਾਲ ਹੈ, ਕੇਸ ਸਬੰਧੀ ਇਸ ਦੇ ਕੁਝ ਕੁ ਹਵਾਲੇ ਇਹ ਹਨ :–

यां जमदग्निरखनद् दुहित्रेकेशवर्धनीम्।
तां वीतहव्य आभरदसितस्य गृहेभ्यः।

ਯਾ ਜਮਦੱਗਨਿ ਅਖਨੱਦ ਦੁਹਿਤ੍ਰੈ **ਕੇਸ਼** ਵਰਧਨੀਮ।
ਤਾਂ ਵੀਤਹੱਵਯ ਆਭਰਦ ਸਿਤੱਸਯ ਗ੍ਰਿਹੇਭਿਯ: ।।
[ਅ: ਕਾ: ੬ ਸੂ: ੧੩੭ ਮੰ: ੧ ਮੂਲ. ਸ. ੯੪
ਟੀਕਾ ਪੰ: ਰਾਜਾ ਰਾਮ ਸਫਾ ੩੫੯ ਸਤ੍ਰ ੨੨ਵੀਂ ਸੈਂਚੀ ੧]

ਪਦ ਅਰਥ–ਯਾ = ਜਿਸ ਕੋ। ਜਮ ਦੱਗਨ = ਰਿਸ਼ੀ (ਪ੍ਰਸਰਾਮ ਦਾ ਪਿਤਾ) ਅੱਖਨੱਦ–ਖੋਦਨਾ। ਦੁਹਿਤ੍ਰੇ–ਕਿਰਿਆ ਪੂਰਤ। ਕੇਸ਼ ਵੱਰਧ ਨੀਮ = ਕੇਸੋਂ ਕੋ ਬੜ੍ਹਾਣੇ ਵਾਲੀ। ਵੀਤ ਹੱਵਯ = ਏਕ ਰਿਸ਼ੀ ਕਾ ਨਾਮ। [ਆਭਰਦ × ਅਸੀਤੱਸਯ] ਆਭਰਦ = ਲੇ ਆਇਆ। ਅਸੀਤੱਸਯ = ਰਿਸ਼ੀ ਦਾ ਨਾਮ। ਗ੍ਰਿਹੇ ਭਿਯ: = ਘਰ ਸੇ।

ਅਰਥ–(ਵੋਹ ਕਿਰਿਆ ਪੂਰਤ ਬੂਟੀ) ਜਿਸ ਕੋ 'ਜਮ ਦੱਗਨ' ਰਿਸ਼ੀ ਨੇ 'ਵੀਤਹੱਵਯ', ਰਿਸ਼ੀ ਕੇ ਹਾਥੋਂ, 'ਅੱਸੀਤੱਸਯ' ਨਾਮੀ ਰਿਸ਼ੀ ਕੇ ਘਰ ਸੇ ਖੁਦਵਾ ਕੇ ਮੰਗਵਾਇਆ, ਆਪਣੇ ਕੇਸੋਂ ਕੋ ਬੜ੍ਹਾਨੇ ਔਰ ਮੁਲਾਇਮ ਕਰਨੇ ਕੇ ਲੀਏ।

ਭਾਵ–ਇਸ ਮੰਤ੍ਰ ਤੋਂ ਸਾਬਤ ਹੁੰਦਾ ਹੈ ਕਿ ਜ
ਰਿਸ਼ੀ ਦੇ ਕੇਸ ਸਨ ਅਤੇ ਉਹ ਉਨ੍ਹਾਂ ਨੂੰ ਵਧਾਉਣ ਅਥਵਾ
ਰੱਖਣ ਵਾਲੀਆਂ ਜੜੀਆਂ ਬੂਟੀਆਂ ਦੀ ਵਰਤੋਂ ਕਰਦੇ
ਸਨ।

ब्रह्मचारी एति समिधा समिद्धः कार्ष्णं वसानो दीक्षितो दी

ਬ੍ਰਹਮ ਚਾਰੀ, ਏਤੀ ਸਮੀਧਾ ਸਮਿੱਧਾਹ ਕਾਰਸ਼ਣੰ
ਵਸਾਨੋ ਦੀਖਯਤਾ ਦੀਰਘ ਸ਼ਮੱਸ਼ਰੂ।
(ਅ: ਮੂ: ਸ. ੧੬੬ ਕਾਂ: ੧੧, ਸੂ: ੫. ਮੰ:
ਪੰ: ਰਾ: ਰਾ: ਸਫਾ ੬੧੩, ਸੈਂਚੀ ੨, ਸਤਰ

ਪਦ ਅਰਥ–ਏਤੀ = ਆ ਰਹਾ ਹੈ। ਸਮੀਧਾ =
ਸਮਿਧਾਹ = ਹਾਥ ਮੇਂ ਲੇ ਕਰ। ਕਾਰਸ਼ਣੰ ਵਸਾਣਾ = ਕਾ
ਦਾ ਚੰਮ ਪਹਿਨ ਕੇ। ਦੀਖਯਤਾ = ਮੰਤਰ। ਦੀਰਘ–
ਸ਼ਮੱਸ਼ਤ੍ਰ = ਦਾੜ੍ਹੀ ਮੂਛੇਂ।

ਅਰਥ–ਏਕ ਬ੍ਰਹਮਚਾਰੀ ਹਾਥ ਮੈ ਲੱਕੜੀ ਲੇ ਕ
ਹਰਣ ਕਾ ਚੰਮੜਾ ਪਹਿਨੇ ਹੂਏ, ਬੜੀ ਬੜੀ **ਦਾੜ੍ਹੀ**
ਵਾਲਾ, ਦੀਖਯਤ ਮੰਤਰ ਲੀਏ(ਯੱਗ ਕੀ ਤਰਫ਼*) ਆ ਰਹਾ

ਭਾਵ–ਇਸ ਮੰਤਰ ਵਿਚ ਬ੍ਰਹਮਾ ਜੀ ਨੇ ਬ੍ਰ
ਅਚਾਰਯ ਰਿਸ਼ੀਆਂ ਦੇ ਕੇਸਾਂ ਦਾ ਜ਼ਿਕਰ ਕੀਤਾ ਹੈ, ਜਿਸ
ਹੈ ਕਿ ਬ੍ਰਹਮ ਚਾਰੀ, ਵਿਦਵਾਨ ਰਿਸ਼ੀ ਸਭ ਕੇਸਾਧਾਰੀ ਹੁੰਦੇ

ਇਸ ਤੋਂ ਇਹ ਵੀ ਜ਼ਾਹਿਰ ਹੈ ਕਿ ਯੱਗ ਆਦਿ

---

*ਪੂਰੇ ਮੰਤਰ ਵਿਚ ਰਿਸ਼ੀ ਦੇ ਯੱਗ ਵਿਚ ਆ
ਪ੍ਰਸੰਗ ਹੈ।

ਬ੍ਰਹਮਚਾਰੀ ਹਿਸਾ ਲੈਂਦੇ ਸਨ ਉਨ੍ਹਾਂ ਲਈ ਕੇਸਾਧਾਰੀ ਹੋਣਾ ਜ਼ਰੂਰੀ ਸੀ।

नास्य केशान् प्रवपन्ति नोरसि ताडमाघ्नते

ਨਾਸਯ **ਕੇਸ਼ਾਨ** ਪ੍ਰਵੋਪਿੰਤ ਨੋਰਸੀ ਤਾੜ ਮਾਗਨਤੇ ॥

[ਅ: ਮੂ: ਸ: ੨੪੨ ਕਾ: ੧੯, ਸੂ: ੩੨, ਮੰ: ੨, ਟੀ. ਪੰ: ਰਾ: ਰਾਂ: ਸੈਚੀ ੨, ਸਫਾ ੮੬੪, ਸਤਰ ੧੨ਵੀਂ]

ਪਦ ਅਰਥ–ਨਾਸਯ = ਨਹੀਂ । ਕੇਸ਼ਾਨ = ਕੇਸੋਂ ਕੋ। ਪ੍ਰਵੋਪਿੰਤ = ਮੁੰਡਣਾ। ਨੋਰਸੀ–ਨਹੀਂ । ਤਾੜ ਮਾਗਨ ਤੇ–ਦੂਹੱਥੜ ਮਾਰ ਕੇ ਪੀਟਣਾ।

ਅਰਥ–ਨਾ ਕੇਸੋਂ ਕੋ ਮੂੰਡਣਾ ਚਾਹੀਏ ਔਰ ਨਾ ਹੀ ਛਾਤੀ ਪਰ ਦੁਹੱਥੜ ਮਾਰ ਕਰ ਪੀਟਨਾ ਚਾਹੀਏ।

ਭਾਵ–ਇਹ ਮੰਤਰ 'ਭ੍ਰਿਗੂ' ਰਿਸ਼ੀ ਦਾ ਉਚਾਰਨ ਕੀਤਾ ਹੋਇਆ ਹੈ, ਜਿਸ ਵਿਚ ਉਹ ਉਪਦੇਸ਼ ਕਰ ਰਹੇ ਹਨ ਕਿ ਮਾਨੁੱਖ ਲਈ ਕੇਸ ਕਟਾਣੇ ਜਾਂ ਸਿਆਪਾ (ਸੋਗ) ਕਰਨਾ ਮਨ੍ਹਾ ਹੈ।

अपलिताः केशा अशोणा दन्ता बहुबह्व बलम्

ਅਪਲਿਤਾ **ਕੇਸ਼ਾ** ਅਸ਼ੋਣਾ ਦੰਤਾ ਬਹੂ ਬਾਵੇਰ ਬਲਮ।

[ਅ: ਕਾ: ਮੂ: ਸ. ੨੪੧੧੯, ਸੂ. ੬੧, ਮੰ: ੧, ਟੀ ਪੰ: ਰਾ: ਰਾਂ:, ਸੈਚੀ ੨, ਸਫ਼ਾ ੮੯੪, ਸਤਰ ਤੀਜੀ]

ਪਦ ਅਰਥ–ਅਪਲਿਤਾ = ਸਫ਼ੈਦ । ਕੇਸ਼ਾ = ਕੇਸ। ਅਸ਼ੋਣਾ = ਖੀਣ । ਦੰਤਾਂ = ਦਾਂਤ। ਬਾਹੂ = ਭੁਜਾ । ਬਾਵੇਰ = ਬਹੁਤ । ਬਲਮ = ਤਾਕਤ।

ਅਰਥ–(ਐ ਈਸ਼੍ਵਰ ਮੇਰੇ ਕੇਸ) ਸਫ਼ੈਦ ਨਾ ਹੋਂ, ਦਾਂਤ ਖੀਣ ਨਾ ਹੋਂ, ਔਰ ਮੇਰੀ ਭੁਜਾਉਂ ਕੀ ਤਾਕਤ ਕੰਮ ਨਾ ਹੋ।

ਭਾਵ–ਇਹ ਮੰਤਰ ਬ੍ਰਹਮਾ ਜੀ ਦਾ ਉਚਾਰਨ ਕੀਤ
ਹੈ। ਜਿਸ ਵਿਚ ਉਨ੍ਹਾਂ ਨੇ ਈਸ਼੍ਵਰ ਤੋਂ ਇਹ ਦਾਤ ਮੰਗੀ ਹੈ ਕਿ ਮੇ
ਕੇਸ ਚਿੱਟੇ ਨਾ ਹੋਣ ਜਿਸ ਤੋਂ ਜ਼ਾਹਿਰ ਹੈ ਕਿ ਬ੍ਰਹਮਾ ਜੀ ਦੇ ਕੇ
ਸਨ ਅਤੇ ਉਨ੍ਹਾਂ ਦਾ ਕੇਸਾਂ ਨਾਲ ਬਹੁਤ ਪਿਆਰ ਸੀ।

यस्तेकेशोवपद्यते समूलोयश्च वृश्चते

इदं तं विश्वभेषज्याभिषिञ्चेमि वीरुधा

ਯੱਸਤੇ **ਕੇਸ਼ੋ**ਵਪੱਧਯਤੇ ਸਮੂਲੋਯੱਸਚ ਵ੍ਰਿਸ਼ਯਤੇ

ਇੰਦੰ ਤੰ ਵਿਸ਼੍ਵ ਭਿਸੱਜਯਾਭੀ ਸਿੰਚੇਮਿ ਵੀਰੁਧਾ।

[ਮੂ: ਸ. ੯੪,ਆ ਕਾ: ੬, ਸੂ. ੧੩੬, ਮੰ: ੩, ਟੀ: ਪੰ: ਰਾ: ਰਾ:, ਸੈਂਚੀ ੧ ਸਫਾ: ੩੫੯, ਸਤਰ ੧੭ਵੀ,ਂ]

ਪਦ ਅਰਥ–ਯੱਸਤੇ = ਜੋ [ਕੇਸ਼ੋ = × ਅਵਪੱਧਯ
ਕੇਸ਼ੋ = ਕੇਸ । ਅਵਪੱਧਯਤੇ = ਗਿਰਤੇ ਹੈਂ। ਸਮੋਯੱਸਚ = ਜ
ਸੇ। ਵ੍ਰਿਸ਼ਯਤੇ = ਟੂਟ ਜਾਤੇ ਹੈਂ। ਇੰਦੰ ਤੰ = ਉਨ ਕੋ ਵਿਸ੍ਵ =
ਕੇ। ਭਿਸੱਜਯਾਭੀ = ਅਰੋਗ ਕਰਨੇ ਵਾਲੀ । ਵਿਰੁਧਾ = ਔਸ਼ਧ
ਸਿੰਚਾਮ = ਸੀਂਚਤਾ ਹੂੰ।

ਅਰਥ–ਜੋ ਤੇਰੇ ਕੇਸ ਜੜ੍ਹੋਂ ਸੇਂ ਉਖੜ ਕੇ ਗਿਰ ਰਹੇ
ਜਾਂ ਟੁੱਟ ਰਹੇ ਹੈਂ, ਉਨ ਕੋ ਪੱਕਾ ਕਰਨੇ ਕੇ ਲੀਏ ਮੈਂ ਏਕ ਔਸ਼
ਤੇਰੇ ਕੇਸੋਂ ਮੈਂ ਸੀਚਤਾ (ਲਗਾਤਾ) ਹੂੰ।

ਭਾਵ–ਇਹ ਮੰਤਰ 'ਵੀਤ ਹੱਵਯ' ਨਾਮ ਦੇ ਰਿਸ਼ੀ ਨੇ ਜਿ
ਜਗਿਆਸੂ ਨੂੰ, ਜਿਸ ਨੂੰ ਕਿਸੇ ਬੀਮਾਰੀ ਦੇ ਕਾਰਨ ਕੇਸਾਂ ਦੇ ਉਖੜ
ਅਤੇ ਟੁੱਟਣ ਦਾ ਬੜਾ ਦੁਖ ਹੋ ਰਿਹਾ ਸੀ,' ਮੁਖ਼ਾਤਬ ਕਰ ਕੇ ਉ
ਰਿਆ ਹੈ ਅਤੇ ਉਸ ਨੂੰ ਕੇਸਾਂ ਦੀ ਪੁਖਤਾਈ ਲਈ ਦਵਾਈ ਦਿਤੀ

ਜਿਸ ਤੋਂ ਕੇਸਾਂ ਬਾਰੇ ਕਿਸੇ ਸ਼ੱਕ ਦੀ ਗੁੰਜਾਇਸ਼ ਨਹੀਂ ਰਹਿੰਦੀ ਅਤੇ ਸਾਫ਼ ਪਤਾ ਲਗਦਾ ਹੈ ਕਿ ਪੁਰਾਤਨ ਜ਼ਮਾਨੇ ਦੇ ਸਾਰੇ ਹੀ ਰਿਸ਼ੀ ਮੁਨੀ ਕੇਸਾਂ ਦਾ ਭਾਰੀ ਸਤਿਕਾਰ ਕਰਦੇ ਸਨ।

अभीशुनामेया आसनव्यामेनानुमेयाः
केशानड़ा इव वर्धन्तां शीर्ष्णस्ते असिता परि

ਅਭੀਸ਼ੁਨਾਮੇਯਾ ਆਸਨ ਵਿਯਾਮੇਨਾਨੁਮੇਯ:
**ਕੇਸ਼ਾ**ਨੜਾ ਇਵ ਵ੍ਰਧਾਨਤਾਂ ਸੀਰਸ਼ਣਸਤੇਂ ਅਸਤਾ
ਪਰਿ।

[ਅ: ਮੂ. ਸ: ੯੪ ਕਾ ੬. ਸੂ ੧੩੭, ਮੰ: ੨ ਟੀ: ਪੰ: ਰਾ: ਰਾ: ਸੈਂ ੧, ਸਫਾ ੩੬੦, ਸਤ੍ਰ ਪਹਿਲੀ]

ਪਦ ਅਰਥ–ਅਭੀਸ਼ਨਾ = ਲਗਾਮ ਸੇ। ਮੇਯਾਆਸਨ = ਮਾਪੇ ਜਾਨੇ ਵਾਲੇ। [ਵਿਯਾਮੇਨ×ਅਨਮੇਯ] ਵਿਯਾਮੇਨ = ਏਕ ਪੈਮਾਨੇ ਸੇ। ਅਨਮੇਯ: = ਅਨੁਮਾਨ। ਕਸ਼ਾ = ਕੇਸ। ਨੜਾ = ਨੜ। (ਜਿਨ੍ਹਾਂ ਦੀਆਂ ਕਲਮਾਂ ਬਣਦੀਆਂ ਹਨ) ਇਵ = ਇਸ ਤਰ੍ਹਾਂ। ਵਰਧਨਤਾ = ਬੜਹਿੰ। ਸ਼ੀਰਸਣਸ = ਸਿਰ ਕੇ। ਤੇ = ਤੇਰੇ। ਅਸਤਾ = ਖੂਬ। ਪਰਿ=ਕਾਲੇ।

ਅਰਥ–(ਮੈਂ ਪ੍ਰਾਰਥਨਾ ਕਰਤਾ ਹੂੰ ਕਿ) ਤੇਰੇ ਸਿਰ ਕੇ ਵਾਲ ਜੋ ਪਹਿਲੇ ਲਗਾਮ ਕੀ ਤਰ੍ਹਾਂ ਲੰਬੇ ਥੇ ਅਬ ਭੀ ਨੜੋਂ ਕੇ ਸਾਦ੍ਰਿਸ਼ ਲੰਬੇ ਬੜਹਿੰ, ਔਰ ਕਾਲੇ ਰਹਿੰ।

ਭਾਵ–ਇਹ ਮੰਤਰ ਵੀ 'ਵੀਤ ਹੱਵਯ' ਰਿਸ਼ੀ ਦਾ ਉਚਾਰਨ ਕੀਤਾ ਹੋਇਆ ਹੈ ਜਿਸ ਵਿਚ ਉਸ ਨੇ ਇਕ ਜਗਿਆਸੂ ਲਈ ਪ੍ਰਾਰਥਨਾ ਕੀਤੀ ਹੈ ਕਿ ਉਸ ਦੇ ਕੇਸ ਨੜਾਂ ਵਾਂਗ ਲੰਮੇ ਹੋਣ। ਜੋ ਕਿ ਕਿਸੇ ਕਾਰਣ ਉੱਖੜ ਰਹੇ ਸਨ ਤੇ ਉਹ ਬੜਾ ਦੁਖੀ ਸੀ।

कृत्रिमः कण्टकः शतदन्यएषः
अपास्याः केश्यं मलमप शीर्ष्ण्यं लिखात

ਕ੍ਰਿਤ੍ਰਮਾ: ਕੰਟਕਾ ਸ਼ਤਦੰਨਯ ਏਸ਼: ਅਪਾਸਯਾ
**ਕੇਸ਼ਿਯੰ** ਮਲੰਪ ਸ਼ੀਰ ਸ਼੍ਰੀਣਿਅੰ ਲਿਖਾਤਿ।

[ਅ: ਮੂ. ਸ. ੨੦੩ ਕਾ: ੧੪, ਸੂ: ੨, ਮੰ: ੬੮, ਟੀ. ਪੰ: ਰਾ: ਰਾ:, ਸੈਂਚੀ ੨, ਸਫਾ, ੭੪੪, ਸਤ੍ਰ ਦਸਵੀਂ]

ਪਦ ਅਰਥ–ਕ੍ਰਿਤ੍ਰਮ: = ਬਣਾਇਆ ਹੂਆ ਕੰਟਕਾ
ਕੰਘਾ [ਸ਼ਤਦੰ×ਯ×ਏਸ਼:] ਸ਼ਤਦੰਨਯ = ਸੌ ਦਾਤੋਂ (ਦੰਦਿ
ਵਾਲਾ। ਯ = ਜੋ ਏਸ਼ਾ = ਯਿਹ ਹੈ। ਅਪਾਸਯਾ = ਦੂਰ ਕਰ
ਕੇਸ਼ਿਅੰ = ਕੇਸ਼ੋ ਕੀ। ਮਲਪਮ = ਮੈਲ ਕੋ ਸ਼ੀਰ ਸ਼੍ਰਣਿਅੰ =
ਕੀ। ਲਿਖ ਤ = ਖੁਰਚਨਾ।

ਅਰਥ–ਸੌ ਦਾਤੋਂ (ਦੰਦਿਆਂ) ਵਾਲਾ ਜੋ ਕੰਘਾ ਹੋਵੇ,
ਸੇ ਵਾਲੋਂ ਕੀ, ਵਾ ਸਿਰ ਕੀ ਮੈਲ ਕੋ ਦੂਰ ਕਰਨਾ ਚਾਹੀਏ ਔਰ
ਵਕਤ ਉਸ ਸੇ ਸਿਰ ਕੋ ਖ਼ੁਰਚ ਦੇਨਾ ਚਾਹੀਏ।

ਭਾਵ–ਇਸ ਮੰਤਰ ਵਿੱਚ 'ਵੀਤ ਹੱਵਯ' ਰਿਸ਼ੀ ਨੇ
ਰਿਸ਼ੀਆਂ ਨੂੰ ਬੜੇ ਵਿਸਥਾਰ ਨਾਲ ਦੱਸਿਆ ਹੈ ਕਿ ਹਰ ਇਕ
ਦੇ ਸਿਰ ਵਿੱਚ ਘਟੋ ਘਟ ਸੌ ਦੰਦਿਆਂ ਵਾਲਾ ਕੰਘਾ ਹੋਣਾ ਚਾ
ਹੈ। ਜਿਸ ਨਾਲ ਸਿਰ ਦੀ ਮੈਲ ਨੂੰ ਦੂਰ ਕਰਨਾ ਤੇ ਕੇਸਾਂ ਨੂੰ ਦੋਨੋ
ਖੁਰਚ ਦੇਣਾ ਜ਼ਰੂਰੀ ਹੈ। ਤਾਂ ਕਿ ਦਮਾਗ ਦੀ ਤਾਜ਼ਗੀ ਬਣੀ ਰ
ਇਸ ਵਿੱਚ ਉਕਤ ਰਿਸ਼ੀ ਨੇ 'ਕੰਘਾ ਦੋਨੋ ਵਕਤ ਕਰ' ਰਹਿਤ
ਦੇ ਵਾਕ ਦੀ ਕਈ ਹਜ਼ਾਰਾਂ ਸਾਲ ਪਹਿਲੇ ਪ੍ਰੋੜ੍ਹਤਾ ਕੀਤੀ ਹੈ ਤੇ ਸ
ਕੀਤਾ ਹੈ ਕਿ ਪੁਰਾਤਨ ਰਿਸ਼ੀ ਵੀ ਕੰਘਾ ਰੱਖਦੇ ਸਨ, ਸੋ ਵੇਦ
ਕਥਨ ਅਨੁਸਾਰ ਅੱਜ ਵੀ ਹਰ ਮਨੁਖ ਦੇ ਕੇਸ ਸਾਬਤ

ਚਾਹੀਦੇ ਹਨ ਅਤੇ ਉਨ੍ਹਾਂ ਦੀ ਸਫਾਈ ਲਈ ਕੰਘਾ ਰਖਣਾ ਵੀ ਜ਼ਰੂਰੀ ਹੈ।



यदा केशानस्थि स्नाव्रमाँसं मज्जानमामरत

ਯਦਾ **ਕੇਸ਼ਾ** ਨਸਿਥ ਸਨਾਵ ਮਨਸਮ ਮੱਝਾਨੰ ਮਾ ਭੱਰਤ

[ਮੂ: ਸ: ੧੭੦ਅ: ਕਾਂ: ੧੧, ਸੂ: ੮, ਮੰ ੧੧, ਟੀ. ਪੰ:
ਰਾ: ਰਾ: ਸੈਂ ੨, ਸਫਾ ੬੨੬ ਸਤਰ ਪੰਦਰਵੀਂ]

ਪਦ ਅਰਥ–ਯਦਾ=ਜਦ।[ਕੇਸ਼ਾਨ+ਅਸਥਿ]ਕੇਸ਼ਾਨ= ਕੇਸ਼। ਅਸਥਿ = ਹੱਡੀਆਂ। ਸਨਾਵ = ਸਰੀਰ। ਮਨਸਮ = ਮਾਸ। ਮੱਝਾਨ = ਮਿੱਜਾਮਾ = ਮੈਂ। ਭੱਰਤ = ਭਰ ਦੀਆ।

ਅਰਥ–ਜਦ ਈਸ਼ਵਰ ਨੇ ਮਨੁੱਖ ਕੇ ਸਰੀਰ ਕੋ ਬਣਾਇਆ ਤਬ ਇਸ ਮੈਂ ਹੱਡੀਉਂ, ਕੇਸ਼ੋਂ, ਮਾਸ ਔਰ ਮਿੱਜ ਕੋ ਬੜ੍ਹਾਨੇ ਵਾ ਕਾਇਮ ਰੱਖਣੇ ਵਾਲੀ ਸ਼ਕਤੀ ਕੋ ਭਰ ਦੀਆ।

ਭਾਵ–ਇਹ ਮੰਤਰ 'ਕਉਰੂਪੈਥੀ, ਰਿਸ਼ੀ ਨੇ ਉਚਾਰਿਆ ਹੈ, ਜਿਸ ਵਿੱਚ ਦੱਸਿਆ ਹੈ ਕਿ ਸਰੀਰ ਦੇ ਦੂਜੇ ਅੰਗਾਂ ਦੀ ਤਰ੍ਹਾਂ ਕੇਸਾਂ ਦੀ ਰਚਨਾ ਵੀ ਈਸ਼ਵਰ ਨੇ ਆਪਣੇ ਹੁਕਮ ਦੁਆਰਾ ਕੀਤੀ ਹੈ। ਇਸ ਤੋਂ ਸਪੱਸ਼ਟ ਹੈ ਕਿ ਕੇਸ ਰੱਬੀ ਦਾਤ ਹਨ, ਜਿਨ੍ਹਾਂ ਨੂੰ ਕਟਾਉਣਾ ਉਸਦੇ ਹੁਕਮ ਦਾਂ ਉਲੰਘਣਾ ਹੈ।

'मातेव पुत्रेभ्योः मृडकेमेभ्यः शमि।'

ਮਾਤੇਵ ਪੁਤ੍ਰੇਭਿਯੋ ਮ੍ਰਿਡ **ਕੇਸ਼ੇ** ਭਿਯਾਹ: ਸਮੀ:

[ਮੂ. ਸ. ੭੪ ਅ. ਕਾਂ. ੬, ਸੂ. ੩੦, ਮੰ., ੩. ਟੀ. ਪੰ.
ਰਾ. ਰਾਂ. ਸੈਂਚੀ ੧. ਸਫਾ ੨੮੯ ਸਤ੍ਰ, ੨੬ਵੀਂ]

ਪਦ ਅਰਥ:–ਮਾਤੇਵ = ਜੈਸੇ ਮਾਤਾ । ਪੁਤ੍ਰੇਭਿਯ: = ਪੁਤ੍ਰੋਂ ਕੋ। ਮ੍ਰਿਡ = ਸੁਖ। ਕੇਸ਼ੇ = ਕੇਸੋਂ ਕੋ । ਭਿਯਾਂਹ: = ਕਰ। ਸ਼ਮੀ = ਜੰਡੀ। (ਜੰਡੀ ਦਾ ਬਿਰਖ)

ਅਰਥ:–ਐ ਸ਼ਮੀ ! (ਜੰਡੀ ਦੇ ਬੂਟੇ) ਜੈਸੇ ਮਾਤਾ ਪੁਤ੍ਰੋਂ
ਸੁਖ ਦੇਤੀ ਹੈ, ਇਸੀ ਤਰ੍ਹੇ ਤੂੰ ਮੇਰੇ ਕੇਸੋਂ ਕੋ ਸੁਖੀ ਔਰ ਲੰਬਾ ਕਰ

ਭਾਵ–ਇਸ ਮੰਤ੍ਰ ਵਿਚ ਰਿਸ਼ੀ 'ਉਪਰੀ ਬੱਭ੍ਰਵ', ਜੰਡ
ਬਿਰਖ ਅੱਗੇ ਕੇਸਾਂ ਦੇ ਸੁਖ ਤੇ ਵਾਧੇ ਲਈ ਪ੍ਰਾਰਥਨਾ ਕਰ ਰਹੇ
ਜਿਸ ਤੋਂ ਸਾਬਤ ਹੈ ਕਿ ਉਹ ਲੰਬੇ ਅਤੇ ਸੁੰਦਰ ਕੇਸਾਂ ਦੇ ਚਾਹ
ਸਨ। ਅੱਜ ਵੀ ਪਹਾੜੀ ਇਲਾਕਿਆਂ ਵਿੱਚ ਕਈ ਔਰਤਾਂ
ਲੰਬੇ ਕਰਨ ਲਈ ਜੰਡੀ ਦੇ ਪੱਤੇ ਘੋਟ ਕੇ ਸਿਰ ਵਿੱਚ ਪਾਂਦੀਆਂ ਹ

दंह मूलमाग्रं यच्छविमध्यं यामयौषधे।
केशानडाइववर्धन्तां शीर्षणस्ते असिताः परि।

ਦਿੰਹ ਮੂਲਮੱਗ੍ਰੰ ਯੱਛਯਵੀਮਧਿੱਯੰ ਯਾਮਯ
ਓਸ਼ਧੇ। **ਕੇਸ਼ਾਂ** ਨੜਾ ਇਵ ਵਰਧੰਤਾਂਮ ਸ਼ੀਰਸ਼ਣਾਸਤੇ
ਅਸੀਤਾ ਪਰਿ:।

[ਅ: ਮੂ. ਸ. ੯੪ ਕਾਂ: ੬, ਸੂ: ੧੩੭, ਮੰ: ੩
ਟੀ: ਪੰ: ਰਾ: ਰਾ: ਸੈ: ੧ ਸਫਾ ੩੬੦ ਸਤ੍ਰ ੬ਵੀਂ

ਪਦ ਅਰਥ–ਦਿੰਹ = ਮਜ਼ਬੂਤ । [ਮੂਲੰਮ+ਅ
ਮੂਲੰਮ = ਮੂਲ (ਜੜ੍ਹੋਂ) ਕੋ। ਅਗ੍ਰੰ = ਅਗਰ ਭਾਗ (ਅਗਲਾ ਹਿ
ਯੱਛਯ = ਲੰਬਾ ਕਰ। ਮੱਧਿਯੰ = ਮੱਧ ਭਾਗ (ਵਿਚਲਾ ਹਿੱਸਾ)
ਯਾਮਯ = ਫੈਲਾਨਾ। ਔਸ਼ਧੇ = ਐ ਔਸ਼ਧੀ। ਕੇਸ਼ਾ = ਕੇਸੋਂ
ਨੜਾਇਵ = ਜੈਸੇ ਨੜ। ਵਰਧੰਤਾਮ = ਬੜ੍ਹਨਾ। ਸ਼ੀਰ ਸਨਾਹ
ਸਿਰ ਕੇ। ਤੇ = ਤੇਰੇ। ਅਸੀਤਾ = ਸਭ ਤਰਫ ਸੇ। ਪਰ = ਕਾਲੇ

ਅਰਥ–ਐ ਔਸ਼ਧੀ (ਮੈਂ ਤੇਰੇ ਆਗੇ ਪ੍ਰਾਰਥਨਾ ਕ
ਹੂੰ ਕਿ) ਮੇਰੇ ਸਿਰ ਕੇ ਕੇਸੋਂ ਕੀ ਜੜ੍ਹੋਂ ਕੋ ਮਜ਼ਬੂਤ ਕਰ, ਬੀਚ
ਔਰ ਆਗੇ ਕੇ ਭਾਗ ਕੋ ਨੜੋਂ ਕੀ ਤਰਹ ਲੰਬਾ ਔਰ ਕਾਲਾ ਕਰ
ਸਭ ਤਰਫ ਫੈਲਾਅ ਦੇਹ।

ਭਾਵ–ਇਸ ਮੰਤ੍ਰ ਵਿਚ 'ਅਥਰਵਾਵੀਤਹੱਵ' ਨਾਮਦੇ ਰਿਸ਼ੀ ਨੇ (ਜਿਸਦਾ ਦੇਵਤਾ ਬਨਾਸਪਤੀ ਹੈ) ਔਸ਼ਧੀ (ਜੜੀ) ਅੱਗੇ ਪ੍ਰਾਰਥਨਾ ਕੀਤੀ ਹੈ ਕਿ ਮੇਰੇ ਕੇਸਾਂ ਨੂੰ ਲੰਬਾ ਤੇ ਸੁੰਦਰ ਬਨਾ ਦਿਹ। ਇਸ ਵਿੱਚ ਉਨ੍ਹਾਂ ਨੇ ਕੇਸਾਂ ਦੇ ਵਿੱਚਲੇ ਅਤੇ ਅਗਲੇ ਹਿੱਸੇ ਦਾ ਜ਼ਿਕਰ ਕੀਤਾ ਹੈ ਅਤੇ ਉਨ੍ਹਾਂ ਦੇ ਨੜਾਂ (ਕਾਨਿਆਂ) ਵਾਂਗੂੰ ਲੰਬਾ ਹੋਣ ਲਈ ਬੇਨਤੀ ਕੀਤੀ ਹੈ। ਜਿਸ ਦਾ ਭਾਵ ਕੱਟੇ ਹੋਇ ਛੱਤਿਆਂ ਤੇ ਨਹੀਂ ਘਟਾਇਆ ਜਾ ਸੱਕਦਾ। ਇਸ ਤੋਂ ਪਰਤੱਖ ਜ਼ਾਹਿਰ ਹੈ ਕਿ ਉਹ ਲੰਬੇ ਅਤੇ ਸੁੰਦਰ ਕੇਸਾਂ ਨਾਲ ਪਿਆਰ ਕਰਦੇ ਸਨ।

यदा केशान् अस्थि आभरत्।
शरीरं कृत्वा पादवत्

ਯਦਾ **ਕੇਸ਼ਾਨ** ਅਸਥਿ...ਆਭਰਤ। ਸ਼ਰੀਰੰ ਕ੍ਰਿਤੂਆ ਪਾਦਵਤ

[ਮੂ: ਸ. ੧੭੦, ਕਾਂਡ ੧੧, ਸੂ. ੮, ਮੰ: ੧੧ ਟੀ: ਪੰਡਤ ਰਾ. ਰਾ. ਸ਼ਾਸਤੀ, ਸਫਾ ੬੨੬, ਸੈਂਚੀ ਦੂਜੀ ਸਤਰ ੧੯ਵੀਂ]

ਪਦ ਅਰਥ–ਯਦਾ=ਜਬ। ਕੇਸ਼ਾਨ=ਵਾਲੋਂ ਕੋ। ਅਸਥੀ=ਹੱਡੀ ਕੋ। ਆਭਰਤ=ਸਰੀਰ ਮੈ ਡਾਲਾ। ਸ਼੍ਰੀਰੰ=ਸਰੀਰ ਕੋ। ਕ੍ਰਿਤੂਆ=ਬਨਾ ਕਰ। ਪਾਦਵਤ=ਪਾਉਂ ਵਾਲਾ।

ਅਰਥ–ਜਬ ਉਸ ਪ੍ਰਮਾਤਮਾਂ ਨੇ ਹਮਾਰਾ ਸਰੀਰਬਨਾਇਆ, ਤੋ ਉਸ ਨੇ ਵਾਲ, ਹੱਡੀ ਔਰ ਪਾਂਉ ਆਦੀ ਸਭ ਬਨਾਇ।

ਭਾਵ–ਇਸ ਮੰਤਰ ਵਿਚ ਰਿਸ਼ੀ 'ਕੋਉਰੂ ਪੈਥੀ, ਨੇ ਸਪੱਸ਼ਟ ਕੀਤਾ ਹੈ ਕਿ ਕੇਸ ਵਾਹਿਗੁਰੂ ਦੀ ਰਚਨਾ ਹਨ ਅਤੇ ਆਦਿ ਕਾਲ ਤੋਂ ਹੀ ਪੈਦਾ ਹੁੰਦੇ ਆਏ ਹਨ।

कृतः केशान् कुतो अस्थीनि आभरत।
ਕੁਤ : ਕੇਸਾਨ ... ਕੁਤੋ ਅਸਥੀਨੀ ਆਭਰਤ।

[ਮੂ. ਸ. ੧੭੦ ਕਾ: ੧੧, ਸੂ. ੮, ਮੰ: ੧੨, ਟੀ: ਪੰ: ਰਾਂ. ਰਾਂ. ਸਫਾ ੬੨੬, ਸਤ੍ਰ ੨੩ਵੀਂ]

ਪਦ ਅਰਥ–ਕੁਤਾ=ਕਹਾਂ ਸੇ। ਕੇਸ਼ਾਨ=ਵਾਲੋਂ ਕੁਤ=ਕਹਾਂ ਸੇ। ਅਸਥੀਨੀ=ਹੱਡੀਆਂ। ਆਭਰਤ ਲਾਇਆ

ਅਰਥ–(ਅਸਚਰਯ ਹੈ ਕਿ) ਵੋਹ ਪ੍ਰਭੂ ਕਹਾਂ ਸੇ ਲਾਯਾ, ਔਰ ਕਹਾਂ ਸੇ ਹੱਡੀਆਂ ਲਾਇਆ।

ਭਾਵ–ਰਿਸ਼ੀ 'ਕੋਉਰੂ ਪੈਥੀ' ਪ੍ਰਭੂ ਦੀ ਰਚਨਾ ਤੇ ਅਸ ਹੋ ਰਹੇ ਹਨ ਕਿ ਉਸ ਨੇ ਕਿਸ ਸੁੰਦਰ ਕਾਰੀਗਰੀ ਨਾਲ ਸਰੀਰ ਹੱਡੀਆਂ ਬਣਾਈਆਂ ਅਤੇ ਕਿਵੇਂ ਸਾਡੇ ਸਰੀਰ ਤੇ ਸੁੰਦਰ ਕੇਸ ਕੀਤੇ। ਜਿਸ ਤੋਂ ਸਾਫ ਜ਼ਾਹਿਰ ਹੈ ਕਿ ਕੇਸ ਸਰੀਰ ਦਾ ਉਨ ਜ਼ਰੂਰੀ ਅੰਗ ਤੇ ਹਿੱਸਾ ਹਨ, ਜਿਵੇਂ ਸਰੀਰ ਦੀਆਂ ਹੱਡੀਆਂ ਅਤ ਦੂਜੇ ਅੰਗ।

ਨੋਟ:–ਪੰਡਤ ਰਾਜਾ ਰਾਮ ਸ਼ਾਸਤ੍ਰੀ 'ਜਿਨ੍ਹਾਂ ਨੇ ਇਹ ਅਥ ਵੇਦ ਦਾ ਟੀਕਾ ਕੀਤਾ ਹੈ' D. A. V. ਕਾਲਜ ਲਾਹੌਰ ਦੇ ਪ੍ਰੋ ਸਨ। ਇਹ ਟੀਕਾ ਈ: ਸੰ: ੧੯੩੦ ਨੂੰ 'ਬੰਬੇ ਮਸ਼ੀਨ ਪ੍ਰੈਸ', ਲ ਵਿਚ ਛਪਿਆ ਸੀ।

ਇਹ ਰਾਇ ਹੈ ਕੇਸਾਂ ਬਾਰੇ ਵੇਦਾਂ ਦੀ, *ਜਿਨ੍ਹਾਂ ਪਰ ਧਰਮੀਆਂ ਦਾ ਅਟੱਲ ਵਿਸ਼ਵਾਸ਼ ਹੈ। ਇਹ ਵੀ ਅਜੇ

---

*ਇਸ ਪੁਸਤਕ 'ਕੇਸ ਚਮਤਕਾਰ', ਦੀ ਖੋਜ ਭਾਲ ਦੇ ਦੋ ਵਿਚ ਜਿੰਨੇ ਕੁ ਕੇਸਾਂ ਦੀ ਮਹਾਨਤਾ ਬਾਰੇ ਮੰਤ੍ਰ ਪ੍ਰਾਪਤ ਹੋਏ ਹਨ, ਸਾਰੇ 'ਸਣੇ ਅਰਥਾਂ' ਲਿਖੇ ਜਾਂਦੇ ਤਾਂ ਸ਼ਾਇਦ ਸਾਰੀ ਪੁਸਤਕ ਨਾਲ ਹੀ ਭਰ ਜਾਂਦੀ।

ਜੇ ਪਾਠਕਾਂ ਨੂੰ ਇਨ੍ਹਾਂ ਤੋਂ ਲਾਭ ਹੋਇਆ ਤਾਂ ਅਗਲੀ ਐਡ ਵਿਚ ਹੋਰ ਵੀ ਲਿਖੇ ਜਾਣਗੇ।

ਦਾਸ–
ਗਿ: ਊਧਮ ਸਿੰਘ 'ਲੇਖਕ'

ਥੋੜੇ ਹਵਾਲੇ ਇੱਥੇ ਦਿੱਤੇ ਗਏ ਹਨ, ਇਸ ਤਰ੍ਹਾਂ ਦੇ ਸੈਂਕੜੇ ਹੀ ਮੰਤ੍ਰ ਵੇਦਾਂ ਵਿੱਚ ਮੌਜੂਦ ਹਨ ਜੋ ਕੇਸਾਂ ਦੀ ਮਹਾਨਤਾ ਨੂੰ ਦਰਸਾਂਦੇ ਹਨ।

ਹੁਣ ਸੁਤੇ ਹੀ ਇਹ ਸੁਆਲ ਪੈਦਾ ਹੁੰਦਾ ਹੈ ਕਿ ਜਿਹੜੇ ਲੋਕ ਆਪਣੇ ਧਾਰਮਕ ਗ੍ਰੰਥਾਂ, ਅਵਤਾਰਾਂ, ਰਿਸ਼ੀਆਂ-ਮੁਨੀਆਂ ਅਤੇ ਆਗੂਆਂ ਦੇ ਉਪਦੇਸ਼ ਤੋਂ ਹੀ ਉਲਟ ਚੱਲਣ ਉਹ ਉਨ੍ਹਾਂ ਦੇ ਪੈਰੋਕਾਰ ਆਪਣੇ ਆਪ ਨੂੰ, ਕਿਵੇਂ ਕਹਾ ਸਕਦੇ ਹਨ। ਸਾਡੇ ਖ਼ਿਆਲ ਵਿੱਚ ਤਾਂ ਉਨ੍ਹਾਂ ਲੋਕਾਂ ਦਾ ਦੀਨ ਮਜ਼੍ਹਬ ਹੀ ਕੋਈ ਨਹੀਂ ਜਿਹੜੇ ਆੜ ਤਾਂ ਧਰਮ ਗ੍ਰੰਥਾਂ ਦੀ ਲੈਂਦੇ ਹਨ ਅਤੇ ਚਲਦੇ ਉਨ੍ਹਾਂ ਦੇ ਉਲਟ ਹਨ।

ਜੇ ਸਨਾਤਨ ਅਥਵਾ ਸਮਾਜ ਦੇ ਧਾਰਮਕ ਗ੍ਰੰਥ ਵੇਦਾਂ ਨੂੰ ਮੰਨਿਆਂ ਜਾਂਦਾ ਹੈ ਤਾਂ ਉਕਤ ਸੰਸਥਾਵਾਂ ਨੂੰ ਵੀ ਆਪਣੇ ਧਰਮ ਵਿੱਚ ਪਰਪੱਕ ਹੋਣ ਲਈ ਜਟਾ ਜੂਟ ਰਹਿ ਕੇ ਵੇਦਾਂ ਵਿਚ ਆਏ ਮੰਤ੍ਰਾਂ ਦੀ ਪਾਲਨਾ ਕਰਨੀ ਚਾਹੀਦੀ ਹੈ।

ਨੋਟ-ਮੂਲ ਵੇਦ ਜੋ ਮੇਰੇ ਪਾਸ ਹਨ, ਰਿਗ ਵੇਦ ੧੯੨੧ ਬਿ: ਨੂੰ ਅਜਮੇਰੀ ਵੈਦਕ ਯੰਤ੍ਰਾਲੇ ਵਲੋਂ ਅਤੇ ਦੂਜੇ ਤਿੰਨੇ ਵੀ ੧੯੯੩ ਵਿਚ ਇਸੇ ਸੰਸਥਾ ਵਲੋਂ ਛਪੇ ਹਨ।

----



# ਕੇਸ ਤੇ ਉਪਨਿਸ਼ਦਾਂ

ਉਪਨਿਸ਼ਦਾਂ ਬਾਰੇ ਵਧੇਰੇ ਲਿੱਖਣ ਦੀ ਲੋੜ ਨਹੀਂ, ਕਹਿਣਾ ਹੀ ਕਾਫੀ ਹੋਵੇਗਾ ਕਿ ਇਹ ਇਕ ਅਮੁੱਲਾ ਖ਼ਜ਼ਾਨਾ ਇੱਥੇ ਜ਼ਰੂਰੀ ਭਾਸਦਾ ਹੈ ਕਿ ਕੇਸਾਂ ਬਾਰੇ ਉਪਨਿਸ਼ਦਾਂ ਦੇ ਵੀ ਕੁ ਹਵਾਲੇ ਪੇਸ਼ ਕੀਤੇ ਜਾਣ।

## ਛਾਂਦੋਗ ਉਪਨਿਸ਼ਦ

'अथ य एषोऽन्तरादित्ये हिरण्मयः
पुरुषो दृश्यते हिरण्यश्मश्रुर्हिरण्यकेशः

ਅਥ ਯਾ ਏਸ਼ੋ ਅੰਤਰਾਦਿੱਤਯੇ ਹਿਰਣਮਯ: ਪੁਰਸ਼ੋ
ਦ੍ਰਿਸਯਤੇ ਹਿਰਣਿਯ ਸ਼ਮੱਸ਼ਰੂ ਹਿਰਣਯ **ਕੇਸ਼ਾ**।
[ਪਿ: ੧, ਖੰ: ੬, ਮੰ: ੬, ਸਫਾ ੩੨, ਸਤਰ ੨੩]

ਪਦ ਅਰਥ-ਅਥ = ਇਸਕੇ ; ਯਾ ਏਸ਼ਾ = ਯੇਹ [ਅੰਤਰ × ਅਦਿੱਤਯ] ਅੰਤਰ = ਅੰਦਰ। ਅਦਿਤਯ = ਅਦਿਤੀਕੇ ਪੁ ਹਿਰਣਮਯ = ਸੋਨੇ ਜੈਸੇ। ਪੁਰਸ਼ੋ = ਪੁਰਸ਼। ਦ੍ਰਿਸਯਤੇ = ਦਿਖਾਈ ਹੈ। ਹਿਰਣ = ਸੁਨਹਿਰੀ। ਸ਼ਮੱਸ਼ਰੂ = ਦਾੜ੍ਹੀ ਮੁੱਛੇਂ। ਕੇਸ਼ਾ = ਕੇ

ਅਰਥ-ਯੇਹ ਜੋ ਅਦਿੱਤੀ ਸੁਤ ਸੂਰਯ ਕੇ ਅੰਦਰ ਸੋਨੇ ਪੁਰਸ਼ ਦਿਖਾਈ ਦੇ ਰਹਾ ਹੈ, ਉਸ ਕੀ ਦਾੜ੍ਹੀ ਔਰ ਕੇਸ ਸੁਨੈਹਰੀ

ਭਾਵ--ਇਸ ਧਿਆ ਵਿੱਚ ਵਿਆਖਿਆਣ ਓਅੰਕਾਰ ਦਾ ਹੈ ਅਤੇ ਪ੍ਰਕਰਣ ਸੂਰਜ ਦਾ, ਜਿਸ ਨੂੰ ਕੇਸਾਧਾਰੀ ਦੱਸਿਆ ਹੈ।

'भगव आत्मानं पाश्यात्र आलोमभ्य आ नखेभ्यः प्रतिरूपम्'

ਭਗਾਵ ਆਤਮਾਨਮ ਪਸ਼ਿਆਵ ਅਲੋਮੱਭਿਯਆਨੁੱਖੇ ਭਿਯਾ:

ਪ੍ਰਤਿ ਰੂਪੰ। [ਧਿ: ੮-ਖੰ: ੮ ਮੰ: ੧ ਸਫਾ ੬੮ ਸਤ੍ਰ ੧੩ਵੀਂ]

ਪਦ ਅਰਥ–ਭਗਾਵ = ਹੇ ਭਗਵਾਨ। ਆਤਮਾਨਮ = ਆਪਣੇ ਆਪ ਕੋ। ਪੱਸ਼ਿਆਵ: = ਦੇਖਤਾ ਹੂੰ। [ਅਲੋਮਿੱਭਯ× ਅਨੁੱਖੇ ਭਿਯ] ਅਲੋਮੱਭਿਯ = ਵਾਲੋਂ ਸੇ ਲੇ ਕਰ। ਆਨੁੱਖੇ ਭਿਯ = ਨਖੋਂ ਤਕ। ਪ੍ਰਤਿ ਰੂਪੰ = ਜਿਉਂ ਕਾ ਤਿਉਂ।

ਅਰਥ–ਐ ਭਗਵਾਨ ਮੈਂ ਆਪਣੇ ਆਪ ਕੋ [ਸਿਰ ਕੇ] **ਵਾਲੋਂ** ਸੇ ਲੇ ਕਰ (ਪੈਰੋਂ ਕੇ) ਨਖ਼ੋ ਤੱਕ ਜਿਉਂ ਕਾ ਤਿਉਂ (ਸਾਬਤ ਸੂਰਤ) ਦੇਖ ਰਹਾ ਹੂੰ।

ਭਾਵ :–ਇਸ ਮੰਤ੍ਰ ਦੀ ਇਹ ਕਥਾ ਹੈ ਕਿ ਇਕ ਵੇਰਾਂ 'ਇੰਦ੍ਰ' ਅਤੇ 'ਵਿਰੋਚਨ' ਦੋਵੇਂ ਦੇਵਤਾ, ਰਿਸ਼ੀ ਪ੍ਰਜਾ ਪਤਿ ਨੂੰ ਮਿਲਣ ਗਏ, ਤਾਂ ਅੱਗੇ ਪ੍ਰਜਾ ਪਤਿ ਜੀ ਇਕ ਕਟੋਰੇ ਦੇ ਪਾਣੀ ਵਿਚ ਆਪਣੇ ਵਜੂਦ ਦੇ ਅੰਗਾਂ ਨੂੰ ਮੁੜ ਮੁੜ ਦੇਖ ਰਹੇ ਸਨ, ਜਿਸ ਤੇ ਉਕਤ ਦੇਵਤਿਆਂ ਨੇ ਉਨ੍ਹਾਂ ਤੋਂ ਪੁਛਿਆ ਕਿ ਮਹਾਰਾਜ! ਆਪ ਕੀ ਦੇਖ ਰਹੇ ਹੋ। ਤਾਂ ਉਨ੍ਹਾਂ ਉੱਤ੍ਰ ਦਿੱਤਾ ਕਿ ਐ ਇੰਦ੍ਰ! ਮੈਂ ਆਪਣੇ ਸਾਬਤ ਸੂਰਤ ਸਰੀਰ ਨੂੰ ਦੇਖ ਦੇਖ ਕੇ ਪ੍ਰਸੰਨ ਹੋ ਰਿਹਾ ਹਾਂ ਕਿ ਈਸ਼੍ਵਰ ਦੀ ਕੈਸੀ ਵਚਿਤ੍ਰ ਰਚਨਾ ਹੈ। ਇਸ ਤੋਂ ਸਿੱਧ ਹੈ ਕਿ ਰਿਸ਼ੀ ਸਾਰੇ ਸਾਬਤ ਸੂਰਤ (ਕੇਸਾਧਾਰੀ) ਹੋਇਆ ਕਰਦੇ ਸਨ।



# ਬ੍ਰੈਹਦਾਰਣਕ ਉਪਨਿਸ਼ਦ

यथा वृक्षो वनस्पति तथैव पुरुषोमषा
तस्य लोमानि पर्णानि

ਯਥਾ ਵ੍ਰਿੱਖਯੋ ਵਨੱਸਪਤੀ ਤਥੈਇਵ ਪੁਰਸ਼ੋਮ੍ਰਿਸ਼ਾ।
ਤੱਸਯ **ਲੋਮਾਣੀ** ਪ੍ਰਣਾਨਿ।

(ਧਿ: ੩, ਬ੍ਰਾਹਮਣ ੯, ਮੰ: ੨੮
ਸਫਾ ੯੩, ਸਤ੍ਰ ੧੪ਵੀਂ)

ਪਦ ਅਰਥ–ਯਥਾ = ਜਿਵੇਂ। ਵ੍ਰਿੱਖਯੋ = ਬਿਰਛ। ਵ
ਪਤੀ। ਸਭ ਵਨਾਸਪਤੀ। ਤਥੈਈਵ = ਤਿਵੇਂ। (ਪੁਰਸ਼×ਅਮ੍ਰਿ
ਪੁਰਸ਼ੋ = ਮਾਨੁੱਖ। ਅਮ੍ਰਿਸ਼ਾ = ਜੋ ਅਸੱਤ ਨਹੀਂ। ਤੱਸਯ–ਤਿ
ਲੋਮਾਣੀ = ਵਾਲ ਪ੍ਰਨਾਣਿ = ਪੱਤੇ।

ਅਰਥ :–ਜੈਸੇ ਕੁਦਰਤ ਨੇ ਸਾਰੀ ਵਨਾਸਪਤੀ ਬਿ
ਆਦ, ਕੋ ਪੱਤੇ ਲਗਾਏ ਹੈਂ (ਔਰ ਉਨ ਸੇ ਵੋਹ ਸ਼ੋਭਾ ਪਾਤੇ
ਇਸੀ ਤਰ੍ਹੇ ਯੇ ਮਾਨੁੱਸ਼ ਭੀ 'ਜੋ ਜੜ੍ਹ ਨਹੀਂ', ਚੇਤਨ ਸਤਾ ਕੀ ਪ੍ਰਾ
ਕਰ ਕੇ ਸੱਤ ਵਸਤੂ ਕੋ ਪ੍ਰਾਪਤ ਕਰਨੇ ਕੀ ਸ਼ਕਤੀ ਰਖਤਾ ਹੈ,
ਰੂਪੀ ਪੱਤੋਂ ਕੇ ਸਹਿਤ ਹੀ ਸ਼ੋਭਾ ਦੇਤਾ ਹੈ।

ਭਾਵ–ਇਸ ਮੰਤ੍ਰ ਦੁਆਰਾ ਰਿਸ਼ੀ 'ਯਾਗਵਲਕ' ਜੀ ਰੁ
ਅਲੰਕਾਰ ਵਰਤ ਕੇ ਬ੍ਰਾਹਮਣਾ ਨੂੰ ਉਪਦੇਸ਼ ਦੇ ਰਹੇ ਹਨ, ਜਿਸ
ਸਾਬਤ ਹੈ ਕਿ ਬ੍ਰਾਹਮਣ ਉਦੂੰ ਕੇਸਾਧਾਰੀ ਹੁੰਦੇ ਸਨ।

ता वा अस्यैता हिता नाम नाड्यो यथा केशः सहस्रधा भि

ਤਾ ਵਾ ਅਸੱਯਈਤਾ ਹਿਤਾ ਨਾਮ ਨਾੜਿਯੋ,

ਅਰਥ–(ਸਰੀਰ ਰੂਪੀ ਯੱਗ ਅਸਥਾਨ ਮੈ) ਗਿਆਨ ਇੰਦ੍ਰੀਆਂ ਯੱਗਯ ਕੀ ਪਾਤ੍ਰ (ਜੱਗ ਦਾ ਪਦਾਰਥ ਲੈਣ ਵਾਲੀਆਂ) ਕਰਮ ਇੰਦ੍ਰੀਆਂ ਸਾਮਿੱਗ੍ਰੀ, ਸਿਰ ਹੱਵਨ ਕੁੰਡ ਅਤੇ ਕੇਸ ਕੁਸ਼ਾ ਕੀ ਤਰ੍ਹੈ ਹੈਂ ।

ਭਾਵ–ਇਸ ਮੰਤ੍ਰ ਵਿਚ ਸਰੀਰ ਨੂੰ ਯੱਗ ਅਸਥਾਨ ਦੀ ਤਸ਼ਬੀਹ ਦੇ ਕੇ ਉਸ ਵਿਚ ਕੇਸਾਂ ਨੂੰ ਕੁਸ਼ਾ ਦੱਸਿਆ ਹੈ, ਕੁਸ਼ਾ ਇਕ ਤਰ੍ਹਾਂ ਦਾ ਘਾਸ ਹੁੰਦਾ ਹੈ, ਜਿਸ ਨੂੰ ਪਵਿੱਤ੍ਰ ਮੰਨਿਆ ਗਿਆ ਹੈ ਅਤੇ ਹਰ ਪੁੰਨ ਕਰਮ (ਯੱਗ ਆਦਿ) ਵਿੱਚ ਪੁਰਾਤਨ ਲੋਕ ਇਸਦੀ ਵਰਤੋਂ ਕਰਦੇ ਸਨ, ਉਸ ਤੋਂ ਬਿਨਾਂ ਯੱਗ ਅਪੂਰਨ ਸਮਝਿਆ ਜਾਂਦਾ ਸੀ। ਇਸ ਦੇ ਅਰਥ ਇਹ ਹੋਏ, ਕਿ ਜਿਵੇਂ ਕੁਸ਼ਾ ਤੋਂ ਬਿਨਾਂ ਯੱਗ ਨਿਸਫਲ ਸਮਝਿਆ ਜਾਂਦਾ ਸੀ, ਇਸੇ ਤਰ੍ਹਾਂ ਕੇਸਾਂ ਤੋਂ ਬਿਨਾਂ ਸਰੀਰ ਨਿਸਫਲ ਅਤੇ ਅ.ਪਰਵਾਨ ਦੱਸਿਆ ਹੈ।

## ਤਈਤ੍ਰਿਯੇ ਉਪਨਿਸ਼ਦ

अन्तरेण तालुके, यषस्तनइवावलम्बते
सान्,योनिर्यत्रासौ केशान्तो विवर्तते।
ਅੰਤਰੇਣ ਤਾਲੁਕੇ ਯਸ਼ਸਤਨ ਇਵਾਵਲੰਭਤੇ,
ਸਾ ਇੰਦ੍ਰਯੋਨੀ ਯਤ੍ਰ ਅਸਉ **ਕੇਸ਼ਾਂਤੋ** ਵਿਵਰਤਤੇ ।
(ਅਨਵਾਕ ੬, ਵਲੀ ੧ ਮੰਤ੍ਰ ੧.
ਸਫਾ ੨੦, ਸਤ੍ਰ ੧੯ਵੀਂ)

ਪਦ ਅਰਥ–ਅੰਤਰੇਣ = ਬੀਚ ਮੈਂ । ਤਾਲੁਕੇ = ਤਾਲੂ ਕੇ । (ਯਏਸ਼×ਅਸਤਨ×ਇਵ×ਅਵਲੰਭਤੇ) ਯ ਏਸ਼ = ਜੋ ਯੇਹ। ਅਸਤਨ ਇਵ = ਅਸਥਨ ਕੀ ਤਰ੍ਹੇ । ਅਵਲੰਭਦੇ = ਲਟਕਾ ਹੂਆ

ਅਰਥ–(ਸਰੀਰ ਰੂਪੀ ਯੱਗ ਅਸਥਾਨ ਮੈ) ਗਿਆ
ਇੰਦ੍ਰੀਆਂ ਯੱਗਯ ਕੀ ਪਾਤ੍ਰ (ਜੱਗ ਦਾ ਪਦਾਰਥ ਲੈਣ ਵਾਲੀ
ਕਰਮ ਇੰਦ੍ਰੀਆਂ ਸਾਮਿੱਗ੍ਰੀ, ਸਿਰ ਹੱਵਨ ਕੁੰਡ ਅਤੇ ਕੇਸ ਕੁਸ਼
ਤਰ੍ਹੈ ਹੈਂ ।
ਭਾਵ–ਇਸ ਮੰਤ੍ਰ ਵਿਚ ਸਰੀਰ ਨੂੰ ਯੱਗ ਅਸਥਾਨ
ਤਸ਼ਬੀਹ ਦੇ ਕੇ ਉਸ ਵਿਚ ਕੇਸਾਂ ਨੂੰ ਕੁਸ਼ਾ ਦੱਸਿਆ ਹੈ, ਕੁਸ਼ਾ
ਤਰ੍ਹਾਂ ਦਾ ਘਾਸ ਹੁੰਦਾ ਹੈ, ਜਿਸ ਨੂੰ ਪਵਿੱਤ੍ਰ ਮੰਨਿਆ ਗਿਆ ਹੈ
ਹਰ ਪੁੰਨ ਕਰਮ (ਯੱਗ ਆਦਿ) ਵਿੱਚ ਪੁਰਾਤਨ ਲੋਕ ਇਸਦੀ ਵ
ਕਰਦੇ ਸਨ, ਉਸ ਤੋਂ ਬਿਨਾਂ ਯੱਗ ਅਪੂਰਨ ਸਮਝਿਆ ਜਾਂਦਾ
ਇਸ ਦੇ ਅਰਥ ਇਹ ਹੋਏ, ਕਿ ਜਿਵੇਂ ਕੁਸ਼ਾ ਤੋਂ ਬਿਨਾਂ
ਨਿਸਫਲ ਸਮਝਿਆ ਜਾਂਦਾ ਸੀ, ਇਸੇ ਤਰ੍ਹਾਂ ਕੇਸਾਂ ਤੋਂ ਬਿਨਾਂ ਸ
ਨਿਸਫਲ ਅਤੇ ਅ.ਪਰਵਾਨ ਦੱਸਿਆ ਹੈ।
ਤਈਤ੍ਰਿਯੇ ਉਪਨਿਸ਼ਦ
अन्तरेण तालुके, यषस्तनइवावलम्बते
सान्,योनिर्यत्रासौ केशान्तो विवर्तते।
ਅੰਤਰੇਣ ਤਾਲੁਕੇ ਯਸ਼ਸਤਨ ਇਵਾਵਲੰਭਤੇ,
ਸਾ ਇੰਦ੍ਰਯੋਨੀ ਯਤ੍ਰ ਅਸਉ ਕੇਸ਼ਾਂਤੋ ਵਿਵਰਤਤੇ ।
(ਅਨਵਾਕ ੬, ਵਲੀ ੧ ਮੰਤ੍ਰ ੧.
ਸਫਾ ੨੦, ਸਤ੍ਰ ੧੯ਵੀਂ)
ਪਦ ਅਰਥ–ਅੰਤਰੇਣ = ਬੀਚ ਮੈਂ । ਤਾਲੁਕੇ = ਤਾਲੂ
(ਯਏਸ਼×ਅਸਤਨ×ਇਵ×ਅਵਲੰਭਤੇ) ਯ ਏਸ਼ = ਜੋ
ਅਸਤਨ ਇਵ = ਅਸਥਨ ਕੀ ਤਰ੍ਹੇ । ਅਵਲੰਭਦੇ = ਲਟਕਾ

ਹੈ। ਸਾ = ਵੋਹ। ਇੰਦ੍ਰਯੋਨੀ - ਈਸ਼ਵਰ ਕਾ ਘਰ। ਯਤ੍ਰ ਅਸਉ = ਜਹਾਂ ਵੋਹ। ਕੇਸ਼ਾਂਤੇ = ਕੇਸੋਂ ਕਾ। ਸਮੂਹ = ਬਹੁਤੇ ਕੇਸ। ਵਿਵਰਤਤੇ = ਸਥਿਤ ਹੈਂ।

ਅਰਥ–ਸਿਰ ਪਰ ਤਾਲੂ ਕੇ ਬੀਚ ਮੈਂ ਜਹਾਂ ਬਹੁਤ ਸਾਰੇ ਕੇਸੋਂ ਕਾ ਜੂੜਾ ਅਸਥਨ (ਇਸਤ੍ਰੀ ਦੀ ਛਾਤੀ) ਕੀ ਤਰਹ ਲਟਕ ਰਹਾ ਹੈ, ਵੋਹ ਈਸ਼੍ਵਰ ਕਾ ਘਰ ਹੈ।

ਭਾਵ–ਇਸ ਮੰਤ੍ਰ ਵਿਚ ਕੇਸਾਂ ਦੇ ਜੂੜੇ ਨੂੰ ਅਸਥਨ ਦੀ ਤਸ਼ਬੀਹ ਦੇਣਾ ਸਿੱਧ ਕਰਦਾ ਹੈ ਕਿ ਪੁਰਾਤਨ ਲੋਕਾਂ ਦੇ ਕੇਸ ਸਾਬਤ ਹੁੰਦੇ ਸਨ। ਅਤੇ ਉਹ ਕੇਸਾਂ ਵਿਚ ਈਸ਼੍ਵਰ ਦਾ ਨਿਵਾਸ ਅਰਥਾਤ ਰੱਬੀ ਨੂਰ ਸਮਝਦੇ ਸਨ। ਇਹ ਗਲ ਬੇਦੀ ਲਈ ਕਿਸੇ ਤਰ੍ਹਾਂ ਵੀ ਨਹੀਂ ਘਟ ਸਕਦੀ।

[ਗਰਭੋ ਉਪਨਿਸ਼ਦ ਤੋਂ ਇਲਾਵਾ ਦੂਜੀਆਂ ਉਪਨਿਸ਼ਦਾਂ ਦੇ ਪਦ ਅਰਥ ਤੇ ਭਾਵ ਪੜ੍ਹੋ, ਟੀਕਾ ਪੰਡਤ ਸ਼ੰਕਰਾ ਚਾਰਯ ਜੀ ਜੋ ਸਤਵੀਂ ਸਦੀ ਵਿਚ ਹੋਏ।

ਨੋਟ–ਉਪਨਿਸ਼ਦਾਂ ਦੇ ਉਕਤ ਸਫ਼ੇ ਸਤ੍ਰਾਂ ੧੯੩੮ ਵਿਚ ਹਿਤ ਚਿੰਤਕ ਪ੍ਰੈਸ' ਰਾਮ ਘਾਟ 'ਬਨਾਰਸ' ਵਿਚ ਕੇ. ਬੀ. ਪਾਵਾਗੀ ਦੇ ਪ੍ਰਬੰਧ ਵਿਚ ਛਪੀ ਸੋ ਉਪਨਿਸ਼ਦਾਂ ਦੀ ਪਹਿਲੀ ਅਡੀਸ਼ਨ ਦੇ ਆਧਾਰ ਪਰ ਲੇਖਕ ਨੇ ਲਿਖੇ ਹਨ।

# ਕੇਸ ਤੇ ਸਿੰਮ੍ਰਤੀਆਂ

ਸਿੰਮ੍ਰਤੀਆਂ ੨੭ ਹਨ ਅਤੇ ਹਿੰਦੂ ਧਰਮ ਦੇ ਅਸੂਲ
ਇਨ੍ਹਾਂ ਵਿੱਚ ਖ਼ਾਸੀ ਵਿਆਖਿਆ ਕੀਤੀ ਗਈ ਹੈ, ਇਨ੍ਹਾਂ 'ਚੋਂ
ਸਿੰਮ੍ਰਤੀ ਵਧੇਰੇ ਪ੍ਰਸਿੱਧ ਹੈ। ਕੁਝ ਕੁ ਪ੍ਰਮਾਣ ਕੇਸਾਂ ਬਾਰੇ ਸਿੰਮ੍ਰ
ਚੋਂ ਪਾਠਕਾਂ ਦੇ ਪੇਸ਼ ਕੀਤੇ ਜਾਂਦੇ ਹਨ।

## ਮਨੂੰ ਸਿੰਮ੍ਰਤੀ

केशग्रहान्प्रहारांश्च शिरस्येतान्विवर्जयेत

**ਕੇਸ਼** ਗ੍ਰਿਹਾਨ ਪ੍ਰਹਾਰਾਂਸਚ ਸ਼ਿਰਸਯੇਤਾਨ ਵਿਵਰਜਯੇਤ

[ਮ: ਸਿੰ. ਧਿ. ੪. ਸਲੋਕ ੮੩ ਟੀਕਾ ਤੁਲ
ਰਾਮ ਸੁਆਮੀ ਸਫਾ ੨੧੬ ਸਤ੍ਰ ੬ਵੀਂ

ਪਦ ਅਰਥ–ਗ੍ਰਿਹਾਨ = ਪਕੜਨਾ। ਪ੍ਰਹਾਟਾਂਸਚ
ਮਾਰਨੀ। [ਸ਼ਿਰਸ × ਯੇਤਾਨ] ਸ਼ਿਰਸ = ਸਿਰ ਮੈ। ਯੇਤਾਨ
ਕੋ। ਵਿਵਰਜਯੇਤ = ਵਰਜਾ ਜਾਤਾ ਹੈ।

ਅਰਥ–(ਅਦਬ ਕੇ ਖਿਆਲ ਸੇ) ਕੇਸੋਂ ਕੋ ਪਕੜਨ
ਕੇਸੋਂ (ਸਿਰ) ਪਰ ਚੋਟ ਮਾਰਨੀ ਇਨ ਬਾਤੋਂ ਕੋ ਵਰਜਾ (ਮਨੂੰ
ਜਾਤਾ ਹੈ।

ਭਾਵ–ਮਨੂੰ ਜੀ ਨੇ ਕੇਸਾਂ ਦੇ ਸਤਿਕਾਰ ਨੂੰ ਮੁੱਖ

ਕੇਸਾਂ ਨੂੰ ਫੜਨਾ ਜਾਂ ਇਨ੍ਹਾਂ ਤੇ ਚੋਟ ਮਾਰਨੀ ਹੁਕਮਨ ਬੰਦ ਕੀਤੀ ਹੈ।

केशेषुगृह्णतो हस्तौ छेदयेदविचारयन् ।
दाढिकायां च ॥

**ਕੇਸ਼ੇਸ਼ੁ** ਗ੍ਰਿਨਤੋ ਹਸਤੌ ਛੇਦਯੇਤ ਅਵਿਚਾਰਿਯੰਨ...ਦਾੜ੍ਹੀ ਕਾਯੰਚ ।
[ਧਿ: ੮, ਸ: ੨੮੩ ਸਫਾ ੪੫੩, ਸਤਰ ੯ਵੀਂ]

ਪਦ ਅਰਥ–ਕੇਸ਼ੇਸ਼ = ਕੇਸੋਂ ਕੋ । ਗ੍ਰਿੱਨਤੋ = ਪਕੜਨਾ । ਹਸਤੋ = ਹੱਥ । ਛੇਦਯੇਤ = ਕੱਟਨਾ । ਅੱਵਿਚਾਰਯੰਨ = ਵਿਚਾਰ ਸੇ ਰਹਿਤ । ਦਾੜ੍ਹੀ = ਮੁੱਖ ਕੇ ਕੇਸ਼ । ਕਾਯੰਚ = ਕਾਇਆ (ਸ਼ਰੀਰ) ।

ਅਰਥ–ਗੁੱਸੇ ਮੇਂ ਆਕਰ ਕੇਸੋਂ ਔਰ ਦਾੜ੍ਹੀ ਕੋ ਪੱਕੜਨੇ ਵਾਲੇ ਵੀਚਾਰ ਹੀਨ ਪੁਰਸ਼ ਕੇ ਹਾਥ ਕਾਟ ਦੇਣੇ ਚਾਹੀਏ ।

ਭਾਵ–ਇਸ ਸ਼ਲੋਕ ਵਿੱਚ ਮਨੂੰ ਜੀ ਨੇ ਕੇਸਾਂ ਦੀ ਬੇਅਦਬੀ ਕਰਨ ਵਾਲੇ ਨੂੰ ਕਰੜੀ ਸਜ਼ਾ ਦੇਣੀ ਦੱਸੀ ਹੈ ।

नच हन्यात्स्थलारूढं न क्लीबं न कृताञ्जलिम् ।
न मुक्तकेशं नासीनं न तवास्मीतिवादिनम् ॥

ਨਚ ਹੱਨਿਯਾਤ ਸਥੱਲਾ ਰੂਢੰ ਨ ਕਲੀਬੰ ਨਕ੍ਰਿਤਾਂਜਲਿਮ
ਨ ਮੁਕਤ **ਕੇਸ਼ੰ** ਨਾਸੀਨੰ ਨ ਤ੍ਵਾ ਸਮੀਤੀ ਵਾਦਿਨਮ ।
(ਧਿ. ੭, ਸਲੋਕ ੯੧, ਸਫਾ ੩੫੬, ਸਤ੍ਰ ੩ ।)

ਪਦ ਅਰਥ–ਨਚ = ਨ । ਹੱਨਿਯਤ = ਮਾਰੇ। ਸਥੱਲਾ = ਊਚੇ ਸਥਾਨ ਪਰ । ਰੂਢੰ = ਚੜ੍ਹੇ ਹੂਏ ਕੋ । ਕਲੀਬੰ = ਨਿਪੁੰਸਕ । ਕ੍ਰਿਤਾਂਜਲਿਪ = ਹਾਥ ਜੋੜਨੇ ਵਾਲੇ ਕੋ । ਮੁਕਤ ਕੇਸ਼ੰ = ਖੁਲ੍ਹੇ ਕੇਸੋਂ ਵਾਲੇ ਕੋ । [ਨ×ਆਸੀਨੰ] ਨਆਸੀਨੰ = ਨ ਬੈਠੇ ਹੂਏ ਕੋ । ਤ੍ਵਾ = ਤੇਰਾ । ਸਮੀਤੀ = ਮੈ । ਵਾਦਿਨਿਮ = ਕਹਿਨੇ ਵਾਲੇ ਕੋ ।



ਅਰਥ–(ਧਰਮੀ ਪੁਰਸ਼ ਕੋ ਚਾਹੀਏ) ਕਿਸੀ ਊਂਚੇ ਸਥਾਨ ਪਰ ਚੜ੍ਹੇ ਹੂਏ ਕੋ, (ਜਹਾਂ ਸੇ ਵੋਹ ਮੁਕਾਬਲਾ ਨ ਕਰ ਸਕੇ) ਨਿੰਪੁੰਸਕ ਕੋ, ਆਗੇ ਸੇ ਹਾਥ ਜੋੜਨੇ ਵਾਲੇ ਕੋ, ਖੁਲ੍ਹੇ ਹੂਏ ਕੇਸੋਂ ਵਾਲੇ ਕੋ, ਬੈਠੇ ਹੂਏ ਕੋ ਔਰ ਜੋ ਯੇਹ ਕਹਿ ਕਰ ਸ਼ਰਨ ਪੜ ਜਾਵੇ 'ਕੇ ਮੈਂ ਤੇਰਾ ਹੂੰ (ਇਨ ਸਭ ਕੋ) ਕਭੀ ਨ ਮਾਰੇ ।

ਭਾਵ–ਇਸ ਨੀਤਕ ਸ਼ਲੋਕ ਵਿਚ ਮਨੂੰ ਜੀ ਨੇ ਖੁਲ੍ਹੇ ਹੋ ਕੇਸਾਂ ਵਾਲੇ ਤੇ ਵੀ ਵਾਰ ਨ ਕਰਨ ਦਾ ਜ਼ਿਕਰ ਕੀਤਾ ਹੈ, ਕਿਉਂਕਿ ਇਹ ਨੀਤੀ ਅਤੇ ਧਰਮ ਦੋਹਾਂ ਦੇ ਵਿਰੁੱਧ ਹੈ, ਇਸ ਵਿਚ ਸਾ ਸਪੱਸ਼ਟ ਹੈ ਕਿ ਉਹ ਲੋਕ ਕੇਸ ਰੱਖਦੇ ਸਨ ।

सायं स्नायात् प्रगे तथा । जटाश्च
विभृयान्नित्यं श्मश्रुलोमनखानिद ।

ਸਾਯੰ ਸਨਾਯਾਤ ਪ੍ਰਗੇ ਤਥਾ । **ਜਟਾਸਚ**
ਬ੍ਰਿਭ੍ਰਿਯਾਨਿੱਤਯੰ ਸਮੱਸ਼੍ਰਲੋਮ ਨਖ਼ਾਨਦ ।
[ਮ: ਧਿ: ੬, ਸਲੋਕ ੬, ਸਫਾ ੩੧੨, ਸਤ੍ਰ ੮ਵੀਂ]

ਪਦ ਅਰਥ–ਸਾਯੰ = ਸੁਭਾ । ਸਨਾਯਾਤ = ਇਸ਼ਨਾ ਕਰੇ । ਪ੍ਰਗੇ = ਪ੍ਰਾਤਾ ਕਾਲ । ਜਟਾਸਚ = ਜਟਾਊਂ ਕੋ । [ਬ੍ਰਿਭ੍ਰਿਯਾ ਨਿਤਯੰ] ਬ੍ਰਿਭ੍ਰਿਯਾ = ਧਾਰਨ ਕਰੇ । ਨਿੱਤਿਯ = ਹਮੇਸ਼ਾਂ ਸਮੱਸ਼ਰੂ ਦਾੜ੍ਹੀ ਮੂਛੇਂ । ਲੋਮ = ਰੋਮੋਂ ਕੋ । ਨਖਾਨਦ = ਨਖ਼ੋਂ ਤਕ ।

ਅਰਥ–(ਪੁਰਸ਼ ਕੋ ਚਾਹੀਏ)ਰੋਜ਼ ਸੁਭਾ ਪ੍ਰਾਤਾਕਾਲ ਉਠਕ ਇਸ਼ਨਾਨ ਕਰੇ,ਔਰ ਕੇਸ ਦਾੜ੍ਹੀਕੋ ਵਾ ਪਾਉਂਕੇ ਨਖ਼ੋਂ ਤੱਕ ਸਰੀ ਕੇ ਸਾਰੇ ਰੋਮੋਂ ਕੋ ਹਮੇਸ਼ਾ ਕੇ ਲੀਏ ਧਾਰਨ ਰਖੇ ।

ਭਾਵ–ਇਸ ਮੰਤਰ ਵਿਚ ਮਨੂੰ ਜੀ ਨੇ ਕੇਸ ਅਥਵਾ ਦਾ ਤੋਂ ਇਲਾਵਾ ਸਾਰੇ ਸਰੀਰ ਦੇ ਰੋਮ ਹਮੇਸ਼ਾਂ ਲਈ ਧਾਰਨ ਕ ਰੱਖਣ ਦਾ ਉਪਦੇਸ਼ ਕੀਤਾ ਹੈ ।

ਨੋਟ–ਮਨੂੰ ਸਿੰਮ੍ਰਤੀ ਦੇ ਸਲੋਕਾਂ ਦੇ ਸਫ਼ੇ ਤੇ ਸਤ੍ਰਾਂ ਸ੍ਰੀ ਤੁਲਸੀ ਰਾਮ ਸੁਆਮੀ ਦੇ ਟੀਕੇ ਅਨੁਸਾਰ ਹਨ, ਜੋ ਉਨ੍ਹਾਂ ਨੇ ੧੯੧੨ ਵਿਚ ਲਿਖਿਆ ਅਤੇ ੧੫ਵੀਂ ਐਡੀਸ਼ਨ P. B. I. ਪ੍ਰੈਸ ਨਵੀਂ ਦਿਲੀ ਵਿਚ ਛਪਿਆ ਸੀ।

--○--

## ਵਾਸ਼ਿਸਟ ਸੰਮ੍ਰਿਤੀ

'ब्राह्मणसुवर्णहरणे प्रकीर्य केशान राजानमभिधावेत
स्तेनोऽस्मि, भोः शास्तु मं भवानु

ਬ੍ਰਾਹਮਣ ਸੁਵੱਰਣ ਹਰਣੇ ਪ੍ਰਕੀਰਯ **ਕੇਸ਼ਾਨ** ਰਾਜਾਨੰ
ਅਭਿਯਾਵੇਤ ਸਤੇਨੋ ਅਸਮੀ ਭੋ ਸ਼ਾਸ਼ਤੂ ਮੰ ਭਵਾਨ।
[ਧਿ: ੨੦, ਸਲੋਕ ੪੫, ਸਫਾ ੮੫, ਸਤ੍ਰ ੧੧ਵੀਂ]

ਪਦ ਅਰਥ–ਹਰਣੇ = ਚੋਰੀ ਕਰਨਾ। ਪ੍ਰਕੀਰਯ = ਖੋਲ੍ਹ ਕਰ। ਕੇਸ਼ਾਨ = ਕੇਸੋਂ ਕੋ। ਰਾਜਾਨੰ = ਰਾਜਾ ਕੇ ਪਾਸ। ਅਭਿਯਾਵੇਤ = ਜਾ ਕਰ ਸਵੀਕਾਰਨਾ। ਸਤੇਨੋ = ਚੋਰ। ਅਸਮੀ = ਹੂੰ। ਭੋ = ਐ। ਸ਼ਾਸਤ੍ਰ = ਦੰਡ ਦੋ। ਮੰ = ਮੁਝ ਕੋ। ਭਵਾਨ = ਆਪ।

ਅਰਥ–ਬ੍ਰਾਹਮਣ ਕਾ ਸੁਵਰਣ ਚੁਰਾਣੇ ਵਾਲੇ ਚੋਰ ਕੋ ਚਾਹੀਏ ਕਿ ਵਾਲੋਂ ਕੋ ਖੋਲ੍ਹ ਕਰ ਰਾਜਾ ਕੇ ਪਾਸ ਜਾਵੇ ਔਰ ਉਸ ਕੋ ਆਪ ਜਾ ਕਰ ਕਹੇ, ਐ ਰਾਜਨ, ਮੈਂ ਚੋਰ ਹੂੰ, ਆਪ ਮੁਝ ਕੋ ਦੰਡ ਦੋ।

ਭਾਵ–ਵਸ਼ਿਸਟ ਜੀ ਕੇ ਇਸ ਕਥਨ ਤੋਂ ਜ਼ਾਹਿਰ ਹੁੰਦਾ ਹੈ ਕਿ ਪੁਰਾਣੇ ਜ਼ਮਾਨੇ ਦੇ ਚੋਰ ਵੀ ਕੇਸ ਨਹੀਂ ਸਨ ਕਟਾਂਦੇ।

नग्नो मुण्डः कपाली च यः साद्यनतं वदेत्
ਨਗਨੋ ਮੁੰਢਾਹ ਕਪਾਲੀਚ...ਯਾ ਸਾਖਯਨਤੰ ਵਦੇਤੰ
[ਧਿ: ੧੬, ਸਲੋਕ ੨੮, ਸਫਾ ੬੫ ਸਤ੍ਰ ਚੋਥੀ]

ਪਦ ਅਰਥ–ਨਗਨੋ = ਨੰਗਾ ਰਹੇ। ਮੁੰਢਾਹ = ਸਿਰ ਕੇ। ਕਪਾਲੀਚ = ਭਿੱਖਿਆ ਕਾ ਪਾਤ੍ਰ। ਯਾ [ਸਾਖਯਮ × ਅੰਡਿਤੰ] ਸਾਖਯਨਤੰ = ਗੁਵਾਹੀ। ਅੰਡਿਤੰ = ਝੂ ਦਦੇਤ = ਦੇਵੇ।

ਅਰਥ–ਜੋ ਝਠੀ ਗਵਾਹੀ ਦੇਵੇ ਉਸ ਕੋ ਯੰਹ ਸਜ਼ਾ ਮਿ ਚਾਹੀਏ ਕੇ ਵੋਹ ਸਿਰ ਮੁੰਨਾ ਕਰ ਨਗਨ ਹੋ ਕਰ ਰਹੇ ਔਰ ਹਾਥ ਬਰਤਨ ਪਕੜ ਕਰ ਦਰ ਦਰ ਕੀ ਭਿੱਖਿਆ ਮਾਂਗੇ।

ਭਾਵ–ਵਸ਼ਿਸ਼ਟ ਜੀ ਦੇ ਇਸ ਕਥਨ ਤੋਂ ਸਾਬਤ ਹੁੰਦਾ ਕੇਸ ਉਸ ਆਦਮੀ ਦੇ ਕੱਟੇ ਜਾਂਦੇ ਸਨ, ਜਿਸ ਨੂੰ ਕੋਈ ਸਜ਼ਾ ਹੁੰਦੀ ਸੀ।

## ਲਘੂਤਮ ਸਿੰਮ੍ਰਤੀ

राजा वा राजपुत्रो का ब्राह्मणो वा बहुश्रुतः।
अकृत्वा वपनं तेषां प्रायश्चित्त विनिर्दिशेत्॥
केशानां रक्षणार्थं च द्विगुणं व्रतमादिशेत

ਰਾਜਾ ਵਾ ਰਾਜ ਪੁਤ੍ਰੋ ਵ ਬ੍ਰਾਹਮਣੋ ਵਾ ਬਹੁ ਸ੍ਰਤਾ
ਅਕ੍ਰਿਤੁਆ ਵੱਪਨੰ ਤੇਸ਼ੰ ਪ੍ਰਾਇਸਚਤੰ ਵਿਨਿਰਦਸ਼ੇਤੰ।ਪ
**ਕੇਸ਼ਾਨੰ** ਰੱਖਯਨਾਂਰਥੰਚ ਦ੍ਰਗਨੰ ਵਰਤੰਮਾਦਿਸ਼ੇਤ
[ਧਿ: ੫੬–੫੭, ਸਫਾ ੯ ਸਤ੍ਰ ੮ਵੀਂ]

ਪਦ ਅਰਥ–ਬਹੁ ਸ੍ਰਤਾ ਵਿਦਵਾਨ ਕੋ। ਅਕ੍ਰਿਤੁ ਨਾ ਕਰਨਾ। ਵੱਪਨੰ = ਮੁੰਡਨ ਤੇਸ਼ੰ = ਉਨ ਕੋ। ਪ੍ਰਾਇਸਚਿ ਪ੍ਰਾਸਚਤ। ਵਿਨਿਰਦਸ਼ੇਤ = ਵੱਧ ਬਤਾਵੇ। ਕੇਸ਼ਾਨੰ = ਕੇਸੋਂ ਰਖਯਨਾਰਥੰਚ = ਰੱਖਿਆ ਕੇ ਲੀਏ। ਦ੍ਰਗਨੰ – ਦੁ

[ਵਰਤੰਮ × ਆਦਿਸ਼ਯੇਤ] ਵਰਤੰਮ = ਵਰਤ । ਅਦਿਸ਼ਫੇਤ = ਬਤਾਵੇ ।

ਅਰਥ- ਰਾਜਾ, ਰਾਜ ਕੁਮਾਰ, ਬ੍ਰਾਹਮਣ, ਔਰ ਵਿਦਵਾਨ (ਜੇ ਐਸਾਂ ਪਾਪ ਕਰਨ, ਜਿਸ ਦੀ ਸਜ਼ਾ ਸਿਰ ਮੂੰਹ ਮੂੰਡਣਾ ਹੋਵੇ) ਕਾ ਮੁੰਡਨ ਨਾ ਕੀਆ ਜਾਵੇ । ਬਲਕਿ ਯੇਹ ਕਹਾ ਜਾਵੇ ਕਿ (ਵੋਹ ਆਗੇ ਕੋ) ਕੇਸੋਂ ਕੀ ਰੱਖਿਆ ਕੇ ਲੀਏ ਦੁਗਨੇ ਬਰਤ ਆਦੀ ਰੱਖੇਂ ।

ਭਾਵ—ਇਸ ਸ਼ਲੋਕ ਵਿਚ ਰਾਜਾ, ਰਾਜ ਕੁਮਾਰ ਅਤੇ ਵਿਦਵਾਨ ਤੋਂ ਉਸ ਪਾਪ ਕਰਮ ਦਾ ਪ੍ਰਾਸਚਿਤ ਜਿਸ ਦੇ ਬਦਲੇ ਦਾੜ੍ਹੀ ਕੇਸ ਮੁੰਨਨ ਦੀ ਸਜ਼ਾ ਨਿਯਤ ਸੀ, ਇਹ ਕਰਵਾਣਾ ਦਸਿਆ ਹੈ ਕਿ ਉਹ ਦੂਜੇ ਪ੍ਰਾਸਚਿਤਾਂ*ਵਿਚੋਂ ਕੋਈ ਪ੍ਰਾਸਚਿਤ ਦੋ ਦੋ ਵੇਰ ਕਰਨ ਅਤੇ ਅੱਗੋਂ ਕੇਸਾਂ ਦੀ ਰੱਖਿਆ ਲਈ ਪੁੰਨ ਕਰਮ ਵੀ ਦੁਗਣਾ ਕਰਨ। ਇਸ ਤੋਂ ਸਪੱਸ਼ਟ ਹੈ ਕਿ ਉਸ ਸਮੇਂ ਕੇਸ ਸਜ਼ਾ ਦੇ ਤੋਰ ਤੇ ਨੀਚ ਲੋਕਾਂ ਦੇ ਕੱਟੇ ਜਾਂਦੇ ਸਨ ।

--o--

## ਗੋਤਮ ਸਿਮ੍ਰਤੀ

स्तेनः प्रकीर्णकेशो मुसली राजानमियात् कर्म चक्षाणः

ਸਤੇਨ: ਪ੍ਰਕੀਨ **ਕੇਸ਼ੋ** ਮੁਸਲੀ ਰਾਜਾ ਨੰਮਯਾਤ ਕਰਮ ਚੱਖਯਾਨ ।

[ਧਿ: ੧੨, ਸੂਤ੍ਰ ੨, ਸਫਾ ੩੬, ਸਤਰ ੬ਵੀਂ

ਪਦ ਅਰਥ-ਸਤੇਨ=ਚੋਰ । ਪ੍ਰਕੀਰਣ=ਖੋਹਲ ਕੇਸ਼ੀ=ਵਾਲ । ਮੁਸਲੀ=ਮੁਗਲੀ । ਰਾਜਾਨੰਮ=ਰਾਜਾ ਪਾ ਯਾਤ=ਜਾਵੇ । ਕਰਮ=ਪਾਪ । ਚੱਖਯਾਣ:-ਕਹੇ ।

ਅਰਥ-ਚੋਰ ਕੋ ਚਾਹੀਏ, ਵਾਲ ਖੋਹਲ, ਹਾਥ ਮੇਂ ਮੁਰ ਲੇ ਕਰ, ਰਾਜਾ ਕੇ ਪਾਸ ਜਾਵੇ ਔਰ ਉਸ ਕੋ ਕਹੇ ਕਿ ਮੈਂ ਨੇ ਕੀ ਹੈ ਆਪ ਇਸ ਮੁਗਲੀ ਕੇ ਸਾਥ ਮੁਝ ਕੋ ਸਜ਼ਾ ਦੇਵੇਂ ।

ਭਾਵ—ਇਸ ਸੂਤ੍ਰ ਵਿੱਚ ਗੋਤਮ ਰਿਸ਼ੀ ਜੀ ਨੇ ਉਸ ਦੇ ਚੋਰਾਂ ਨੂੰ ਵੀ ਕੇਸਾਧਾਰੀ ਦਸਿਆ ਹੈ ।

न दोषो हिंसायाम् आहवेऽन्यत्र व्यश्वोसारथि
आयुध-कृताञ्जलि-प्रकीर्णकेशब्राह्मवादिभ्यः

ਨਾ ਦੋਸ਼ੋ ਹਿੰਸਾਯਾਮ ਆਹਵੇ ਅੱਨਿਯਤ੍ਰ ਵਿਯੱਸ਼ਵੇ ਸਾਰਥੀ ਅਯੁਧ ਕ੍ਰਿਤਾਂਜਲੀ ਪ੍ਰਕੀਰਣ **ਕੇਸ਼** ਬ੍ਰਾਹਮਣ ਵਾਦਿੱਭਿਯਾਹ :-

(ਧਿ: ੧੦–ਸੂਤ੍ਰ ੨ ਸਫਾ ੨੮ ਸਤ੍ਰ ੨)

ਪਦ ਅਰਥ-ਨ ਦੋਸ਼ੋ = ਨਹੀਂ ਹੈ ਦੋਸ਼ । ਹਿੰਸਾਯਾਮ ਹਿੰਸਾ ਕਟਨੇ ਮੈ । ਆਹਵੇ = ਯੁੱਧ ਮੈ । ਅੱਨਿਯੱਤ੍ਰ = ਸੁਆ ਵਿਸ਼ਵੇ = ਰਥ ਹੀਨ । ਸਾਰਥੀ = ਰਥਵਾਹੀ ਕੇ ਬਿਨਾਂ । ਅੱਯੁਧ ਹਥਿਆਰ ਸੇ ਖਾਲੀ । ਕ੍ਰਿਤਾਂਜਲੀ = ਹਾਥ ਜੋੜੇ ਹੂਏ ਕੋ ।ਪ੍ਰਕੀਰਣ ਖੁਲ੍ਹੇ ਹੂਏ ਵਾਦਿੱਭਯਾਹ: = ਜੋ ਆਪਣੇ ਆਪ ਕੋ ਬ੍ਰਾਹਮਣ ਬਤ

ਅਰਥ-ਯੁੱਧ ਕੇ ਸਮੇਂ (ਦੁਸ਼ਮਨ ਕੋ) ਮਾਰਨੇ ਕਾ ਦੋਸ਼ ਹੈ, ਸੁਆਇ ਉਸ ਕੇ ਜੋ ਰਥਹੀਨ, ਰਥਵਾਹੀ ਕੇ ਬਿਨਾਂ, ਹਥਿ

---

*ਪ੍ਰਾਸਚਿਤ ਉਸ ਕਰਮ ਨੂੰ ਕਹਿੰਦੇ ਹਨ ਜੋ ਕਿਸੇ ਗੁਨਾਹ ਨੂੰ ਬਖਸ਼ਾਉਣ ਲਈ ਕੀਤਾ ਜਾਵੇ, ਜਿਵੇਂ ਯੱਗ, ਅਥਵਾ ਤੀਰਥ ਯਾਤ੍ਰਾ ਆਦਿ ।

ਸੇ ਖਾਲੀ, ਹਾਥ ਜੋੜਨੇ ਵਾਲਾ, ਖੁਲ੍ਹੇ ਕੇਸੋਂ ਵਾਲਾ ਔਰ ਆਪਣੇ ਆਪ ਕੋ ਬ੍ਰਾਹਮਣ ਬਤਾਤਾ ਹੈ।

ਭਾਵ–ਗੌਤਮ ਜੀ ਦੇ ਇਸ ਕਥਨ ਤੋਂ ਉਸ ਸਮੇਂ ਦੇ ਜੋਧੇ ਵੀ ਕੇਸਾਧਾਰੀ ਸਿੱਧ ਹੋਂਦੇ ਹਨ ਅਤੇ ਗੌਤਮ ਜੀ ਖੁਲ੍ਹੇ ਕੇਸਾਂ ਵਾਲੇ ਤੇ ਵਾਰ ਕਰਨ ਤੋਂ ਵਰਜਦੇ ਹਨ।

## ਸੰਖ ਸਿੰਮ੍ਰਤੀ

ग्रामादाहृत्य चाश्नीयाद् अष्टौ ग्रासान् समाहितः।
स्वाध्यायं च तथा कुर्याज्जटाश्च बिभृयात्तथा॥

ਗ੍ਰਾਮਾਦ ਆਰੁਤਯ ਵਾਅਸਨੀਯਾਤ ਆਸ਼ਟੌ
ਗ੍ਰਾਸਾਨ ਸਮਾਹਿਤਾ: ਸ੍ਵਾਧਿਯਾਯੰਚ ਤਥਾ:
ਕੁਰਯਾਦ **ਜਟਾਸਚ** ਬਿਭ੍ਰਯਾਤ ਤਥਾ :

(ਧਿ: ੬ ਸ਼–੪, ਸਫਾ ੧੩, ਸਤ੍ਰ ੩)

ਪਦ ਅਰਥ–ਗ੍ਰਾਮਾਦ = ਗਾਉਂ ਸੇ । ਆਰੁਤਯ = ਲਾ ਕਰ। ਅਸਨੀਯਾਤ = ਖਾਵੇ। ਆਸ਼ਟੌ = ਆਠ। ਗ੍ਰਾਸਾਨ = ਗ੍ਰਾਸੋਂ ਕੋ। ਸਮਾਇਤਾ = ਸਾਵਧਾਨ ਹੋ ਕਰ । ਸ੍ਵਾਧਿਯਾਯੰਚ = ਵੇਦ ਪਾਠ ਕੋ। ਤਥਾ = ਤੇ । ਕੁਰਯਾਦ = ਕਰੇ। ਜਟਾਸਚ = ਜਟਾਉਂ । ਕੋ ਬਿਭ੍ਰਯਾਤ = ਧਾਰਨ ਕਰੇ।

ਅਰਥ–(ਵਿਰੱਕਤ ਕੋ ਚਾਹੀਏ, ਅਪਨੀ ਉਧਰ ਪੂਰਨਾ ਕੇ ਲੀਏ) ਗਾਉਂ ਸੇ ਆਠ ਗ੍ਰਾਸ ਤਕ ਭੋਜਨ ਲਾਵੇ, ਸਾਵਧਾਨ ਹੋਕਰ ਵੇਦ ਪਾਠ ਕਰੇ ਔਰ ਜਟਾਧਾਰੀ ਰਹੇ।

ਭਾਵ–ਇਥੇ ਵਿਰੱਕਤ ਨੂੰ ਅਲਪ ਅਹਾਰੀ ਅਤੇ ਕੇਸਾਧਾਰੀ ਹੋਣਾ ਦੱਸਿਆ ਹੈ!

नित्यं त्रिषवर्णस्नायी कृतत्रा पर्णकुटीनं वने
अधःशयी जटाधारी पर्णमूल फलाशनः।

ਨਿਤਯੰ ਤ੍ਰਿਸ਼ਵਣੰ ਸਨਾਯੀ ਕ੍ਰਿਤੁਆ ਪਰਣ
ਕੁਟੀਨੰ ਵਨੇ । ਅਧ: ਸ਼ਾਯੀ **ਜਟਾਧਾਰੀ**
ਪਰਣ ਮੂਲ ਫਲਾ ਸਨ : ।

[ਧਿ: ੧੭, ਸ਼ਲੋਕ ੧ ਸਫਾ ੪੬ ਸਤ੍ਰ

ਪਦ ਅਰਥ–ਨਿਤਯੰ = ਹਮੇਸ਼ਾ । ਤ੍ਰਿਸ਼ਵਣ =
ਵੇਰ। ਸਨਾਯੀ = ਇਸ਼ਨਾਨ ਕਰੇ। ਕ੍ਰਿਤੁਆ = ਬਨਾ ਕਰ।
ਕੁਟੀਨੰ = ਪੱਤੋਂ ਕੀ ਕੁਟੀਆ। ਵਨੇ = ਜੰਗਲ ਮੈ। ਅਧ:ਸ਼ਾਯ
ਨੀਚੇ ਸੋਵੇ। ਪਰਣ = ਪੱਤੇ। ਮੂਲ = ਜੜ੍ਹਾਂ। ਮਨਾ = ਖਾਵੇ।

ਅਰਥ–ਨਿਤਾਪ੍ਰਤਿ ਤਿੰਨ ਵੇਰ ਰੋਜ਼ ਇਸ਼ਨਾਨ ਕਰੇ,
ਮੈ ਪੱਤੋਂ ਕੀ ਕੁਟੀਆ ਬਣਾ ਕਰ ਰਹੇ, ਨੀਚੇ ਸੋਵੇ ਜਟਾ
ਧਾਰੀ ਰਹੇ ਔਰ ਬਿਰਛੋਂ ਕੇ ਪੱਤੇ, ਜੜ੍ਹੋਂ, ਅਥਵਾ ਫਲੋਂ ਕੋ

ਭਾਵ–ਇਸ ਵਿੱਚ ਬਾਨ ਪ੍ਰਸਤੀ ਦੇ ਨਿੱਤਕਰਮ ਦੱਸੇ
ਅਜ ਕੱਲ੍ਹ ਦੇ ਸਾਧੂ ਤਾਂ ਸੁਆਹ ਮਲ ਕੇ ਪਿੰਡੇ ਨੂੰ ਕਰੂਪ ਬਣਾ
ਹਨ, ਪਰ ਉਕਤ ਸ਼ਲੋਕ ਵਿੱਚ ਰੋਜ਼ਾਨਾ ਤਿੰਨ ਵੇਰ ਇਸ਼ਨਾਨ
ਦੇ ਉਪਦੇਸ਼ ਤੋਂ ਜ਼ਾਹਿਰ ਹੈ ਕਿ ਉਹ ਲੋਕ ਜੋ ਬਾਨਪ੍ਰਸਤ
ਕਰਦੇ ਵੀ ਸਨ ਤਾਂ ਅਜ ਕੱਲ੍ਹ ਵਰਗਾ ਭੇਖ ਨਹੀਂ ਸਨ
ਨਾ ਹੀ ਕੇਸਾਂ ਨੂੰ ਬਨਾਵਟੀ ਰੂਪ ਦੇਂਦੇ ਸਨ। ਤਿੰਨ ਵੇਰ ਇ
ਕਰਨ ਨਾਲ ਅੱਜ ਕਲ੍ਹ ਵਰਗੇ ਸਾਧੂਆਂ ਜਿਹੀ ਮੈਲ ਉਨ੍ਹਾਂ ਦੇ
ਅਤੇ ਕੇਸਾਂ ਵਿਚ ਰਹਿ ਹੀ ਕਿਵੇਂ ਸਕਦੀ ਸੀ।

ਨੋਟ–ਸਾਰੀਆਂ ਉਕਤ ਸਿੰਮ੍ਰਤੀਆਂ ਦੇ ਸਫੇ ਸਤ੍ਰਾਂ, ਟੀਕ
ਭੀਮ ਸੈਨ ਜੀ ਦੇ ਆਧਾਰ ਪਰ ਹਨ–ਜੋ ਬਹੁਤ ਦੇਰ ਸੁਆਮੀ
ਨੰਦ ਨਾਲ ਵਿਦਵਾਨ ਦੇ ਤੌਰ ਤੇ ਰਹੇ, ਤੇ ਆਖ਼ਰ ਕਿਸੇ
ਕਾਰਨ ਉਨ੍ਹਾਂ ਨਾਲੋਂ ਅਲੱਗ ਹੋ ਗਏ ਸਨ।

# ਕੇਸ ਤੇ ਪੁਰਾਣ

ਹਿੰਦੂ ਧਰਮ ਦੇ ਪ੍ਰਸਿੱਧ ਪੁਸਤਕ ਅਠਾਰਾਂ ਪੁਰਾਣ ਹਨ, ਜਿਨ੍ਹਾਂ ਚੋਂ ਕੇਸਾਂ ਬਾਰੇ ਕੁਝ ਕੁ ਪ੍ਰਮਾਣ ਇਥੇ ਲਿਖੇ ਜਾਂਦੇ ਹਨ।

## ਪਦਮ ਪੁਰਾਣ (ਕਾਰਤਕ ਮਹਾਤਮ)

एवंवदति क्षीराब्धौ स बालः परमाद्भुतः
ब्रह्माणमगृहीत्कूर्चं विधुन्वंत मुहुर्मुहुः ॥
धुन्वतस्तस्य कूर्चंतु नेत्राभ्यामगमज्जलम
कथंचिन्मुक्त कूर्चस्तु ब्रह्मा प्रोवाचसागरं ॥

ਏਵੰ ਵਿਦਿਤੀ ਖੀਰਾਭਯੌ ਸਬਾਲਹ : ਪਰਮਾਦਭੁਤਾ :
ਬ੍ਰਹਮਾਣਮ ਗ੍ਰੈਹੀਤ ਕੂਰਚੰ ਵਿਧੁਨੰਤੰ ਮੁਹੁਰਮੁਹੁ।
ਧੁਨ੍ਹਤਾਹਤੱਸਯ ਕੂਰਚੰਤੂ ਨੇਤ੍ਰਾਭਿਯਾਮ
ਅਗਮੱਧ ਜਲੰ ਕਥੰਚਿੰਤ ਮੁਕਤ ਕੂਰਚਸਤੂ ਬ੍ਰਹਮਾ
ਪ੍ਰੋਵਾਚ ਸਾਗਰੰ।

[ਧਿ: ੭ ਸ਼: ੨੭-੨੮ ਟੀਕਾ ਪੰਡਤ
ਦੀਨਾ ਨਾਥ ਜੀ ਸਫ਼ਾ ੯੪੩ ਸਤ੍ਰ ੪]

ਪਦ ਅਰਥ–ਏਵੰ=ਇਸ ਪ੍ਰਕਾਰ। ਵਦਿਤੀ=ਕਹਿਤਾ ਹੈ। ਖੀਰਾਭਯੌ=ਖੀਰ ਸਮੁੰਦ੍ਰ ਕੋ। ਸ ਬਾਲਹ:=ਵੋਹ ਲੜਕਾ। ਪਰਮਾਦ-ਭੁਤਾ=ਬਹੁਤ ਅਜੀਬ। ਬ੍ਰਹਮਾਣ = ਬ੍ਰਹਮਾ ਕੋ । ਗ੍ਰੈਹੀਤ=ਪਕੜਾ ਕੂਰਚੰ=ਦਾੜ੍ਹੀ ਸੇ। ਵਿਧੁਨੰਤੰ = ਮਰੋੜਤੇ ਹੂਏ । ਮੁਹੁਰਮੁਹੁ= ਬਾਰ। ਧੁਨ੍ਹਤਾਹ=ਹਿਲਾਤੇ ਹੂਏ। ਤੱਸਯ=ਉਸ ਕੀ । ਕੁਰਚੰ ਦਾੜ੍ਹੀ ਕੋ। ਨੇਤ੍ਰਾ ਭਿਯਾਮ=ਆਂਖੋ ਸੇ। ਅੱਗਮਤ=ਗਿਰਾ। ਜਲ ਆਂਸੂ । ਕਥੰਚਿੰਤ = ਕਿਸੀ ਤਰ੍ਹਾਂ । ਮੁਕਤ = ਛੁੜਾ ਕ ਕੂਰਚਸਤੂ = ਦਾੜ੍ਹੀ । ਪ੍ਰੋਵਾਚ = ਕਹਿਣੇ ਲਗਾ । ਸਾਗਰੰ ਸਮੁੰਦ੍ਰ ਕੋ।

ਅਰਥ–ਇਸ ਪ੍ਰਕਾਰ ਖੀਰ ਸਮੁੰਦਰ ਕੀ ਆਵਾਜ਼ ਸੇ ਲੜਕਾ ਜੋ ਬਹੁਤ ਅਜੀਬ ਥਾ, ਉਸ ਨੇ ਬ੍ਰਹਮਾ ਕੀ ਦਾੜ੍ਹੀ ਕੋ ਪ ਜਿਸ ਕੇ ਮਰੋੜਨੇ ਔਰ ਬਾਰ ਬਾਰ ਹਿਲਾਨੇ ਸੇ ਬ੍ਰਹਮਾ ਕੋ ਨੇ ਮੇਂ ਸੇ ਜਲ ਗਿਰਾ। ਤਬ ਕਿਸੀ ਤਰ੍ਹਾਂ ਉਸ ਸੇ ਦਾੜ੍ਹੀ ਛੁੜਾ ਬ੍ਰਹਮਾ ਸਮੁੰਦ੍ਰ ਕੋ ਮੁਖ਼ਾਤਬ ਕਰ ਕੇ ਕਹਿਣੇ ਲਗਾ।......

ਭਾਵ–ਇਹ ਇਕ ਲੰਬੀ ਕਥਾ ਹੈ ਕਿ ਖੀਰ ਸਮੁੰਦ੍ਰ 'ਚੋਂ ਲੜਕਾ ਪੈਦਾ ਹੋਇਆ, ਉਸ ਨੇ ਸਮੁੰਦ੍ਰ ਦੀ ਆਵਾਜ਼ ਸੁਣ ਕੇ ਬ੍ਰ ਦੀ ਦਾੜ੍ਹੀ ਫੜ ਲਈ, ਜਿਸ ਕਰਕੇ ਉਸ ਦੀਆਂ ਅੱਖਾਂ ਵਿਚ ਆ ਗਿਆ ਤੇ ਉਹ ਸਮੁੰਦਰ ਨੂੰ ਮੁਖ਼ਾਤਬ ਕਰ ਕੇ ਕਹਿਣ ਲਗ ਅਗਲੇ ਸਲੋਕ ਵਿਚ ਹੈ) ਕਿ ਇਸ ਲੜਕੇ ਨੇ ਮੇਰੀਆਂ ਅੱਖਾਂ ਜਲ ਦੀ ਧਾਰਾ ਵਗਾਈ ਹੈ। ਇਸ ਲਈ ਇਸ ਦਾ ਨਾਮ ਜਲ ਹੋਵੇਗਾ। (ਇਹ ਉਹੀ ਜਲੰਧਰ ਹੈ, ਜਿਸ ਦੇ ਨਾਮ ਤੇ ਪੰਜਾਬ ਜਲੰਧਰ ਸ਼ਹਿਰ ਆਬਾਦ ਹੈ) ਇਕ ਕਥਾ ਤੋਂ ਸਿੱਧ ਹੈ ਕਿ ਬ੍ਰ ਦਾੜ੍ਹੀ ਵਾਲਾ ਸੀ।

## ਵਿਸ਼ਨੂੰ ਪੁਰਾਣ

गृहस्थस्य सदाचारं श्रोतुमिच्छाम्यहं ननु।
ਗ੍ਰਹਿਸਥੱਸਯ ਸਦਾਚਾਰੰ ਸ੍ਰੋਤੁਮਿੱਛਾ ਮਿਹੰਨਨੁ।
[ਅੰਸੂ ੩, ਧਿ: ੧੧ ਸਤ੍ਰ ੩]

ਪਦ ਅਰਥ--ਗ੍ਰਹਿਸਥੱਯ = ਗ੍ਰਿਹਸਥੀਓਂ ਕੇ । ਸਦਾ ਚਾਰੰ = ਆਚਰਣ ਕੋ । [ਸ੍ਰੋਤਮ×ਇੱਛਾ] ਸ੍ਰੋਤੁਮ = ਸੁਣਨੇ ਕੀ । ਇੱਛਾ = ਚਾਹ । ਮਿਹਿ = ਮੈਂ । ਨਨੁ = ਰਖਤਾ ਹੂੰ ।

ਅਰਥ--(ਪ੍ਰਸ਼ਨ) ਮੈਂ ਗ੍ਰਿਹਸਤੀਓਂ ਕੇ ਆਚਰਨ ਕੋ ਸੁਣਨੇ ਕੀ ਇੱਛਾ ਰੱਖਤਾ ਹੂੰ ।

प्रस्निग्धामलकेशश्च सुगन्धश्चारुवेषधृक् ।

ਪ੍ਰਸਨਿੰਗਧਾਮੱਲ **ਕੇਸਸਚ** ਸੁਗੰਧਾ ਚਾਰੂ ਵੇਸ਼ ਧ੍ਰਿਕ ।

[ਅੰਕ ੩ ਧਿ: ੧੨ – ਸਤਰ ੩]

ਪਦ ਅਰਥ--[ਪ੍ਰਸਨਿੰਗਧਾ×ਅਮੱਲ] ਪ੍ਰਸਨਿੰਗਧਾ = ਚਿੱਕਨੇ । ਅਮੱਲ = ਮੈਲ ਸੇ ਰਹਿਤ । ਕੇਸਸਚ = ਕੇਸੋਂ ਕੋ । ਚਾਰੂ = ਸੁੰਦ੍ਰ । ਧ੍ਰਿਕ = ਧਾਰਨ ਕਰੇ ।

ਅਰਥ--(ਉਤ੍ਰ) ਕੇਸੋਂ ਕੋ ਹਮੇਸ਼ਾਂ ਚਿੱਕਨੇ, ਵਾ ਸੁੱਚ ਰੱਖੇ, ਸੁਗੰਧੀ ਲਾਵੇ ਔਰ ਸੁੰਦ੍ਰ ਪਹਿਰਾਵਾ ਧਾਰਨ ਕਰੇ ।

मुक्तकेशश्चनाचामेद्देवाचर्चान्च वर्जयेत् ।

ਮੁਕਤ ਕੇਸ਼ਸ਼ਚ ਨਚਾਮੇਤ ਦੇਵਾ ਦਯਰਚਾਚ ਵ੍ਰਿਜਯੇਤ ।

[ਅੰਸੂ: ੩, ਧਿ ੧੨ ਸ਼ ੧੮]

ਪਦ ਅਰਥ--ਮੁਕਤ = ਖੁਲ੍ਹੇ ਹੂਏ । ਕੇਸ਼ਸ਼ਚ = ਕੇਸੋਂ ਸੇ । ਨਾ ਚਾ ਮੇਤ = [ਨਾ×ਅਚਮੇਤ] ਨਾ ਅਚਵਣ ਕਰੇ (ਖਾਨਾ ਖਾਵੇ) ਦੇਵਾ = ਦੇਵਤਾ ਕੀ । ਦਯੱਰਚਾਂਚ = ਪੂਜਾ । ਵ੍ਰਿਜਯੇਤ = ਨਾ ਕਰਨੇ ਕੀ ਹਦਾਇਤ ।

ਅਰਥ–ਖੁਲ੍ਹੇ ਹੂਏ ਕੇਸੋਂ ਸੇ ਨਾ ਖਾਨਾ ਖਾਵੇ ਔਰ
ਪੂਜਾ ਕਰੇ ।

ਭਾਵ–ਇਸ ਕਥਾ ਵਿਚ ਰਾਜਾ 'ਸਗਰ' ਦਾ ਓਰ
ਅੱਗੇ ਪ੍ਰਸ਼ਨ ਹੈ ਕਿ ਗ੍ਰਹਿਸਤੀ ਨੂੰ ਕਿਹੜੀ ਗੱਲ ਦਾ ਖ਼ਾਸ
ਰੱਖਣਾ ਚਾਹੀਦਾ ਹੈ । ਇਸ ਦੇ ਉਤ੍ਰ ਵਿੱਚ ਓਰਵ ਰਿਸ਼ੀ ਨੇ
ਹੈ ਕਿ ਗ੍ਰਹਿਸਤੀ ਹਮੇਸ਼ਾ ਕੇਸਾਂ ਨੂੰ ਚਿੱਕਨਾ ਅਥਵਾ ਸੁੱਚ
ਸੁੰਦਰ ਲਿਬਾਸ ਧਾਰਨ ਕਰੇ ਅਤੇ ਨੰਗੇ ਕੇਸ ਰੱਖ ਕੇ ਨਾ ਖਾ
ਤੇ ਨ ਪੂਜਾ ਪਾਠ ਕਰੇ । ਇਸ ਤੋਂ ਪਤਾ ਲਗਦਾ ਹੈ ਕਿ
ਜ਼ਮਾਨੇ ਦੇ ਸਾਰੇ ਗ੍ਰਹਿਸਤੀ ਲੋਕ ਕੇਸ ਰੱਖਦੇ, ਹਮੇਸ਼ਾ ਉਨ੍ਹਾਂ ਨੂੰ
ਲਾਂਦੇ ਅਤੇ ਸਾਫ਼ ਰੱਖਦੇ ਸਨ । ਜਦ ਕੋਈ ਬਾਨ ਪ੍ਰਸਤ ਧਾਰ
ਸੀ ਤਾਂ ਭਾਵੇਂ ਜਟਾਂ ਬਣਾ ਲੈਂਦਾ ਸੀ, ਪਰ ਗ੍ਰਹਿਸਤੀ ਇ
ਦੇ ਹੁੰਦੇ ਸਨ, ਜਿਸ ਤਰ੍ਹਾਂ ਦਾ ਅਜ ਇਕ ਸਿੱਖ ਗ੍ਰਹਿਸਤ
ਅੰਤਲੇ ਸ਼ਲੋਕ ਵਿੱਚ ਬਾਨ ਪ੍ਰਸਤੀ ਹੋਣ ਸਮੇਂ ਵੀ ਕੇਸਾਂ ਦਾ
ਰਹਿਣਾ 'ਓਰਵ' ਜੀ ਨੇ ਜ਼ਰੂਰੀ ਦੱਸਿਆ ਹੈ ਅਤੇ ਅਲਪ
ਦਾ ਉਪਦੇਸ਼ ਕੀਤਾ ਹੈ ।

पर्णमूल फलाहारः केश श्मश्रु जटाधारः

ਪਰਣ ਮੂਲ ਫਲਾ ਹਾਰ: **ਕੇਸ** ਸ਼ਮੱਸ਼ਰੂ ਜਟਾ ਧਰ

[ਅੰ: ੩, ਧਿ: ੯ ਸ:

ਪਦ ਅਰਥ–ਪਰਣ = ਪੱਤੇ । ਮੂਲ = ਜੜ੍ਹਾਂ । ਸ਼
ਦਾੜ੍ਹੀ, ਮੁੱਛੇਂ ।

ਅਰਥ–(ਵੋਹ ਗ੍ਰਹਿਸਤੀ ਜਦ ਬਾਨ ਪ੍ਰਸਤ
ਕਰੇ ਤਬ) ਬਿਰਛੋਂ ਕੇ ਪੱਤੇ ਜੜ੍ਹਾਂ ਔਰ ਫਲੋਂ ਕੋ
ਆਹਾਰ ਬਣਾਵੇ, ਕੇਸ, ਦਾੜ੍ਹੀ ਮੁੱਛੇਂ, ਕਾਇਮ ਰੱਖੇ ਤਬ
ਧਾਰੀ ਰਹੇ ।

ਭਾਵ–ਇਸ ਸ਼ਲੋਕ ਵਿਚ ਓਰਵ ਤਿਸ਼ੀ ਥਾਨ ਪ੍ਰਸਤ ਵੇਲੇ ਵੀ ਦਾੜ੍ਹੀ, ਅਤੇ ਕੇਸਾਂ ਦਾ ਕਾਇਮ ਰੱਖਣਾ ਜ਼ਰੂਰੀ ਦਸਦੇ ਹਨ।

केशेष्वाकृष्यविलसत्किरीटमवनीतले ।
स कंसंपातयामास तस्योपरि पपात चः ॥

**ਕੇਸ਼ੇਸ਼** ਆਕ੍ਰਿਸ਼ਯ ਵਿਲੱਸਤ ਕ੍ਰੀਟੰਮਵਨੀ ਤਲੇ,
ਸ ਕੰਸੰ ਪਾਤਯਾਮਾਸ ਤਸਯੋਪਰੀ ਪਾਪਾਤਚ: ।

[ਖੰ: ੫, ਧਿ: ੨੦, ਸ਼: ੬]

**ਪਦ ਅਰਥ**–ਕੇਸ਼ੇਸ਼=ਵਾਲੋਂ ਸੇ। ਅਕ੍ਰਿਸ਼ਯ=ਖੈਂਚ ਕਰ। ਵਿਲੱਸਤ=ਅੱਛੇ। [ਕ੍ਰੀਟੰਮ×ਅਵਨੀਤਲੇ] ਕ੍ਰੀਟੰ=ਮੁਕਟ ਵਾਲੇ ਕੋ। ਅਵਨੀ ਤਲੇ=ਪ੍ਰਿਥਵੀ ਪਰ। ਸ ਕੰਸੰ=ਉਸ ਕੰਸ ਕੋ। ਪਾਤਯਾਮਾਸ=ਗਿਰਾ ਦੀਆ। ਤੱਸਯੋਪਰੀ=ਉਸਕੇ ਊਪਰ। ਪਪਾਤਚ:=ਚੜ੍ਹਨਾ।

ਅਰਥ–(ਕ੍ਰਿਸ਼ਨ ਜੀ ਨੇ) ਕੇਸੋਂ ਸੇ ਖੈਂਚ ਕਰ ਸੁੰਦਰ ਮੁਕਟ ਵਾਲੇ ਕੰਸ ਕੋ ਜ਼ਮੀਨ ਪਰ ਗਿਰਾ ਦੀਆ ਔਰ ਆਪ ਉਸ ਕੇ ਊਪਰ ਚੜ੍ਹ ਗਏ।

ਭਾਵ–'ਕੰਸ ਕੇਸੀ ਪਕੜ ਪਛਾੜ੍ਹਾ' ਦੇ ਭਾਵ ਅਨੁਸਾਰ ਇਸ ਸ਼ਲੋਕ ਵਿਚ ਕੰਸ (ਰਾਕਸ਼ ਦੇ ਵੀ) ਕੇਸ ਸਿੱਧ ਹੁੰਦੇ ਹਨ।

## ਸ੍ਰੀ ਮਧ ਭਾਗਵਤ

ਸ਼ਿਵਜੀ ਦੇ ਕੇਸਾਧਾਰੀ ਹੋਣ ਬਾਰੇ ਸ੍ਰੀ ਮਧ ਭਾਗਵਤ ਵਿਚ ਲਿਖਿਆ ਹੈ : 'ਸ਼ਿਵਜੀ ਨੇ ਸਤੀ ਕਾ ਮਰਨਾ ਸੁਨਤੇ ਹੀ ਕ੍ਰੋਧਵਾਨ ਹੋ ਕਰ ਅਪਨੀ **ਜਟਾਂ** ਕੇ ਵਾਲ ਪ੍ਰਿਥਵੀ ਪਰ ਪਟਕੇ'

ਸ੍ਰੀ ਮਧ ਭਾਗਵਤ ਸਕੰਧ ੪ ਧਿ: । ੫ ।
[ਸਫਾ ੧੪੮ ਸਤ੍ਰ ੧੧ ਤੋਂ]



चैलेन बद्ध्वा तमसाधुकारिणं सश्मश्रुकेशंप्रवपन् व्यरूपयत

ਚਈਲਿਨ ਬੰਧਵਾ ਤਮਅਸਾਧੁ ਕਾਰਿਣੰ
ਸਮੱਸ਼ਰੂ **ਕੇਸ਼ੰ** ਪ੍ਰਵੱਪਨੰ ਵਿਯਰੂਪਯਤ

[ਸਕੰਧ ੧੧, ਧਿ: ੫੪, ਸ਼: ੩੫, ਗੀਤਾ ਪ੍ਰੈਸ ਵਿੱਚ ਛ
ਈ: ਸੰ: ੧੯੪੧, ਸਤੰਬਰ ਦੇ ਕੱਲਿਆਣ ਭਾਗਵਤ
ਅੰਕ, ਸਫਾ ੧੧੩੬ ਦੀ ਸਤ੍ਰ ੭੮ਵੀਂ ਬ੍ਰੀਕ ਟਾਈਪ]

**ਪਦ ਅਰਥ**–ਚਈਲਿਨ=ਦੁਪੱਟੇ ਸੇ। ਬੰਧੁਵਾ=ਬਾਂਧ [ਤੱਮ×ਅਸਾਧੂ ਕਾਰਣੰ] ਤਮ=ਉਸ। ਅਸਾਧੂ ਕਾਰਣੰ=ਬੁਰਾ ਕ ਵਾਲੇ ਕੀ। ਸਮੱਸ਼ਰੂ ਕੇਸੰ=ਦਾੜ੍ਹੀ ਮੂਛੇਂ ਤਥਾ ਕੇਸ। ਪ੍ਰਵੱਪਨੰ= ਕਰ। ਵਿਯਰੂਪਯਤ–ਕਰੂਪ ਬਣਾ ਦੀਆ।

ਅਰਥ–ਦੁਪੱਟੇ ਸੇ ਬਾਂਧ ਕਰ ਉਸ ਅਸਾਧ (ਬੁਰਾ) ਕ ਕਰਨੇ ਵਾਲੇ (ਕੰਸ) ਕੋ (ਕ੍ਰਿਸ਼ਨ ਜੀ ਨੇ) ਦਾੜ੍ਹੀ ਮੂਛੇਂ ਤਥਾ ਮੂੰਡ ਕਰ ਕਰੂਪ ਬਣਾ ਦੀਆ।

ਭਾਵ–ਇਸ ਕਥਾ ਵਿਚ ਇਹ ਦੱਸਿਆ ਹੈ ਕਿ ਰੁਕਮਣੀ ਦਾ ਭਾਈ 'ਰੁਕਮਣ' ਰਾਜਾ ਸਸਪਾਲ ਦੀ ਤਰਫੋਂ ਹੋ 'ਇਸ ਖ਼ਿਆਲ ਨਾਲ' ਕ੍ਰਿਸ਼ਨ ਜੀ ਤੇ ਚੜ੍ਹਾਈ ਕਰ ਕੇ ਆਇ ਕਿ ਸਸਪਾਲ ਦੀ ਮੰਗੇਤ੍ਰ ਰੁਕਮਣੀ ਨੂੰ ਕ੍ਰਿਸ਼ਨ ਜੀ ਨਠਾ ਕੇ ਕਿ ਲੈ ਗਏ ਹਨ ਤਾਂ ਕ੍ਰਿਸ਼ਨ ਜੀ ਦੇ (ਰੁਕਮਣ ਦੇ ਮਾਰ ਦੇਣ ਦੇ) ਖ਼ਿ ਨੂੰ ਵੇਖ ਕੇ ਰੁਕਮਣੀ ਨੇ ਬੇਨਤੀ ਕੀਤੀ ਕਿ ਭਗਵਾਨ! ਇਸ ਨੂੰ ਨਹੀਂ, ਕੋਈ ਹੋਰ ਡੰਡ ਦਿਓ, ਤਾਂ ਕ੍ਰਿਸ਼ਨ ਜੀ ਨੇ ਮਾਰਨ ਦੀ ਬ ਉਸ ਦੇ ਦਾੜ੍ਹੀ ਕੇਸ ਮੁੰਨ ਕੇ ਉਸ ਨੂੰ ਬਦਸੂਰਤ ਬਣਾ ਦਿੱਤਾ, ਜੋ ਦਾ ਮਾਰਿਆ ਕਿਸੇ ਹੋਰ ਜਗ੍ਹਾ ਜਾ ਵਸਿਆ। ਜਿਸ ਦੇ ਅਰਥ ਹਨ ਕਿ ਉਦੋਂ ਮੌਤ ਤੋਂ ਵੀ ਵਡੀ ਸਜ਼ਾ ਕਿਸੇ ਦਾ ਸਿਰ ਮੂੰਹ

ਦੇਣਾ ਸੀ।

अर्जुनं सहसाज्ञाय हरेर्हार्दमथासिना।
मणिं जहार मूर्धन्यं द्विजस्य सहमूर्धजम् ।५५
विमुच्य रशनाबद्धम् बालहत्याहतप्रभम्।
तेजसा मणिना हीनं शिबिरान्निरयापयत्। ५६
वपनं द्रविणादानं स्थानात् निर्यापणं तथा।
एष हि ब्रह्मबन्धूनां वधो नान्योस्ति दैहिकः।५७

ਅਰਜਨਾਹ ਸਹਿਸਾ ਗਿਯਾਯ ਹਰੇ ਹਾਰਦਮ ਅਥ ਅਸੀਨਾਹ। ਮਣਿੰਜਹਾਰ ਮੂਰ ਧੰਨਿਯੰ ਦ੍ਵਿਜੱਸਯ ਸਹਮੂਰਧਜੰਮ। ੫੫। ਵਿਮੁੱਚਯ ਰਸ਼ਨਾ ਬੱਧੱਮ ਬਾਲ ਹੱਤਿਆ ਹਤ ਪ੍ਰਭੰ। ਤੇਜਸਾ ਮਣੀਨਾ ਹੀਨੰ ਸ਼ਿਵਿਰਾਤ ਨਿਰਯਾਪਯਤ। ੫੬। ਵੱਪਨੰ ਦ੍ਰਵੀਣਾ ਦਾਨੰ ਸਥਾਨਾਤ ਨਿਰਯਾਪਨੰ ਤਥਾ। ਏਸ਼ ਹੀ ਬ੍ਰਹਮਬੰਧੂਨਾਮ ਵੱਧੋ ਨਾਨਯੋਸਤੀ ਦੈਹਿਕਾ ੫੭।

[ਸਕੰ. ੧, ਧਿ. ੭, ਸ਼. ੫੫-੫੬-੫੭
ਸਫਾ ੧੦੭੮, ਸਤਰ ੭੮ਵੀਂ ਤੋਂ ੮੦]

ਪਦ ਅਰਥ–ਅਰਜਨਾ = ਅਰਜਨ ਨੇ। ਸਹਸਾ = ਏਕ ਦਮ। ਆਗਿਯਹ = ਜਾਣਕਰ। ਹਰੇ = ਕ੍ਰਿਸ਼ਨ ਕੇ। ਹਾਰਦਮ = ਖ਼ਿਆਲ ਕੋ। ਅੱਥ = ਇਸ ਕੇ ਪੀਛੇ। ਅਸੀਨਾਹ = ਤਲਵਾਰ ਸੇ। ਮਣਿਯੰ = ਮਣੀ ਕੋ। ਜਹਾਰ = ਛੀਣ ਲੀਆ। ਮੂਰਧੱਨਿਯੰ = ਜੋ ਮਾਥੇ ਪਰ ਥੀ। ਦ੍ਵਿਜੱਸਯ = ਬ੍ਰਾਹਮਣ ਕੇ। ਸਾਹਮੂਰਧੱਜੰ = ਵਾਲੋਂ ਸਹਿਤ। ਵਿਮੁੱਚਯ = ਛੋੜ ਕਰ। ਰਸਨਾ = ਰੱਸੀ ਸੇ। ਬੱਧੱਮ = ਬੰਧੇ ਹੂਏ ਕੋ। ਹੱਤ = ਨਾਸ਼ ਹੋ ਗਈ। ਪ੍ਰਭੰ = ਤੇਜਨਾ = (ਤੇਜ ਪ੍ਰਤਾਪ)। ਤੇਜਸਾ = ਤੇਜ ਸੇ। ਮਣੀਨਾ = ਮਣੀ ਸੇ।

ਹੀਨੰ = ਹੀਨ ਹੂਏ ਕੋ। ਸ਼ਿਵਰਾਤ = ਛਾਵਣੀ ਸੇ।
ਯਾਪਯਤ = ਨਿਕਾਲ ਦੀਆ। ਵੱਪਨੰ = ਸਿਰ ਮੂੰਹ ਮੂੰਡ
ਦ੍ਰਵਿਣਾ ਦਾਨੰ = ਧੰਨ ਹਿਰ ਲੈਣਾ। ਸਥਾਨਾਤ = ਸਥ
ਨਿਰਯਾਨੇਨੰ = ਨਿਕਾਲ ਦੇਣਾ। ਤਥਾ = ਔਰ। ਏਸ਼ ਹੀ =
ਬ੍ਰਹਮੰਬੰਧੂਨਾਮ = ਨੀਚ ਬ੍ਰਾਹਮਣ ਕਾ। ਵਧਾ = ਮਾਰਨ
ਨ ਅੱਨਿਯੰ = ਨਹੀਂ ਹੈ ਦੂਜਾ। ਦੇਹੀਕਾ = ਸਰੀਰ ਕਾ ਦੰਡ

ਅਰਥ--ਤਬ ਅਰਜਨ ਨੇ ਏਕ ਦਮ ਕ੍ਰਿਸ਼ਨ
ਆਗਿਆ ਔਰ ਖ਼ਿਆਲ ਕੋ ਜਾਣ ਕਰ, ਇਸ ਕੇ ਪੀਛੇ ਤਲ
(ਅਸ੍ਵਸਥਾਮਾਂ ਕੀ) ਮਣੀ ਕੋ (**ਕੇਸੋਂ** ਕੇ ਜੂੜੇ ਸਹਿਤ) ਛੀਣ
ਜੋ ਉਸ ਕੇ ਮਾਥੇ ਪਰ ਥੀ। ਫਿਰ ਉਸ ਰੱਸੀ ਸੇ ਬੰਧੇ ਹੂਏ
ਦੀਆ। ਬਾਲ ਹੱਤਿਆ ਸੇ, ਮਣੀ ਕੇ ਛੀਨੇ ਜਾਣੇ ਸੇ ਔਰ
ਕਾਟੇ ਜਾਨੇ ਸੇ ਉਸਕੀ (ਪ੍ਰਭਾ) ਜੋਤਨਾ (ਚੇਹਰੇ ਕੀ ਕ੍ਰਾਂਤੀ
ਹੋ ਗਈ, ਔਰ ਇਸ ਹਾਲਤ ਮੈ ਉਸ ਕੋ ਛਾਉਣੀ ਸੇ ਨਿਕਾਲ
ਗਿਆ। (ਬਲਰਾਮ ਦੇ ਇਤਰਾਜ਼ ਕਰਨ ਤੇ ਕ੍ਰਿਸ਼ਨ ਜੀ ਕਹਿ
ਕਿ) ਸਿਰ ਮੂੰਹ ਮੂੰਡ ਲੈਣਾ, ਧਨ ਛੀਨ ਲੈਣਾ, ਜਗ੍ਹਾ ਸੇ ਨਿਕਾਲ
ਯੇਹੀ ਨੀਚ ਬ੍ਰਾਹਮਣ ਕੇ ਮਾਰਣੇ ਤੁੱਲ ਸਰੀਰ ਕਾ ਦੰਡ ਹੈ।

कलौ मनुजापसदा देवमाया विमोहिताः स्वधिनियोग
चारित्रविहीना..अस्नानाऽनाचमनाशौच-केशाल्लुञ्चन
नि कालिनाऽधर्मदहुलेन उपहतधियो ब्रह्म ब्राह्मण
पुरुत लोकविदूषकाः प्रायेण भविष्यन्ति।

ਕਲੌ ਮਨੁ ਜਾਪਸਦਾ ਦੇਵਮਾਯਾ ਵਿਮੋਹਿਤ: ਸ੍ਵਿਧਿ
ਸ਼ਉਚ ਚਾਰਿਤ੍ਰ ਵਿਹੀਨਾ...ਅਸਨਾਨ ਅਨਾਚਮਨ, ਅਸ਼ਉਚ **ਕੇ**
ਆਦੀਨ ਕਾਲਿਨਾ ਅਧਰਮ ਬਹੁਲੇਨ ਉਪਹਤ ਧੀਯੋ ਬ੍ਰਹਮ

ਯੱਜ ਪੁਰਸ਼ ਲੋਕ ਵਿਦੂਸ਼ਕਾ ਪ੍ਰਾਯੇਣ ਭਵਿੱਸ਼ਯੰਤੀ।

(ਸਕੰਧ ੫, ਧਿ: ੬, ਸ਼: ੧੦
ਸਫਾ ੧੧੦੧, ਸਤਰ ੭ਵੀਂ ਤੋਂ ੯)

ਪਦ ਅਰਥ--ਕਲੌ=ਕਲੂ ਮੈ । ਮਨੁਜਾਪਸਦਾ=ਨਿਕੰਮੇ। ਦੇਵ ਮਾਯਾ=ਪ੍ਰਭੂ ਕੀ ਮਾਯਾ ਕੇ। ਵਿਮੋਹਿਤ:=ਮੋਹ ਮੈ ਪੜੇ ਹੂਏ। ਸ੍ਵਿਧੀ ਨਿਯੋਗ= ਅਪਨਾ ਕਰਤੱਵਯ । ਸ਼ਊਚ=ਪਵਿੱਤ੍ਰਤਾ। ਚਾਰਿਤ੍ਰ=ਸਦਾਚਾਰ ਸੇ। ਵਿਹੀਨਾ=ਹੀਨ ਹੂਏ ਹੂਏ। ਅਸਨਾਨ= ਸ਼ਨਾਨ ਨਾਕਰਨਾ। ਅਨਾਚਵਨ=ਅਚਵਨ-ਪੂਜਾ ਪਾਠ ਨ ਕਰਨਾ। ਕੇਸ਼ੇ ਲੁੰਚਨ = ਕੇਸ ਨੁੱਚਵਾਨੇ। ਆਦੀਨ = ਆਦ। ਕਲਿਨਾ = ਕਲੂ ਸੇ। ਅਧਰਮ ਬਹੂਲੇਨ = ਅੱਧਰਮ ਕੀ ਬਹੁਲਤਾ। ਉਪਹੱਤ ਧੀਯੋ = ਭ੍ਰਿਸ਼ਟ ਬੁੱਧੀ ਵਾਲੇ । ਬ੍ਰਹਮ = ਈਸ਼ਵਰ । ਯੱਗ ਪੁਰਸ਼ = ਯੱਗ ਕਰਨੇ ਵਾਲੇ। ਲੋਕ = ਪੁਰਸ਼ੋਂ ਕੀ। ਵਿਦੂਸ਼ਕਾ = ਨਿੰਦਾ ਕਰਨੇ ਵਾਲੇ। ਪ੍ਰਾਯੇਣ = ਆਮ। ਭਵਿੱਸ਼ਯੰਤੀ = ਹੂੰ ਗੇ।

ਅਰਥ–ਕਲਿਯੁਗ ਮੈਂ'ਜਬ ਕੇ ਬਹੁਤ ਅਧਰਮ ਬੜ੍ਹ ਜਾਵੇਗਾ, ਭ੍ਰਿਸ਼ਟ ਬੁੱਧੀ ਵਾਲੇ, ਮੂਰਖ ਲੋਗ ਪ੍ਰਭੂ ਕੀ ਮਾਇਆ ਕੇ ਮੋਹ ਮੈ ਪੜੇ ਹੂਏ, ਆਪਣੇ ਕਰੱਤਵਯ, ਸ਼ੋਚ ਇਸ਼ਨਾਨ, ਸਦਾਚਾਰ ਤਥਾ ਪੂਜਾ ਪਾਠ ਆਦਿ ਸੇ ਹੀਨ,ਕੇਸੋਂ ਕੋ ਕਟਵਾਨੇ ਔਰ (ਚਿਮਟੀ ਸੇ) ਪੁਟਵਾਨੇ ਵਾਲੇ ਅਧਰਮੀ ਅਤੇ ਈਸ਼ਵਰ, ਵਿਦਵਾਨ, ਔਰ ਦਾਨੀ ਪੁਰਸ਼ੋਂ ਕੀ ਨਿੰਦਾ ਕਰਨੇ ਵਾਲੇ ਹੋਂਗੇ।

ਭਾਵ–ਇਸ ਕਥਾ ਵਿਚ ਸੁਕਦੇਵ ਮੁਨੀ ਜੀ ਰਾਜਾ ਪ੍ਰੀਛਤ ਨੂੰ ਕਲਜੁਗ ਦੇ ਲੱਛਣ ਦਸਦੇ ਹੋਏ ਕਹਿ ਰਹੇ ਹਨ ਕਿ ਕਲਜੁਗ ਦੇ ਘੋਰ ਪਾਪ ਦੇ ਸਮੇਂ ਬਹੁਤ ਲੋਕ ਜਿਥੇ ਹੋਰ ਪਾਪ ਕਰਨਗੇ ਉਥੇ ਕੇਸ ਵੀ ਕੱਟਾ ਦੇਣਗੇ। ਇਸ ਦਾ ਸਪੱਸ਼ਟ ਅਰਥ ਇਹ ਹੈ ਕਿ ਕੇਸ ਕਟਾਨੇ



ਕਲਜੁਗ ਦੇ ਭ੍ਰਿਸ਼ਟ ਬੁੱਧੀ ਵਾਲੇ ਅਨਜਾਣ ਲੋਕਾਂ ਦਾ ਹੀ ਕੰਮ
ਜੋ ਪੈਸੇ ਦੇ ਕੇ ਨਾਈਆਂ ਕੋਲੋਂ ਮੂੰਹ ਸਿਰ ਮੁੰਨਵਾਂਦੇ, ਉਨ੍ਹਾਂ ਦੇ
ਭੈਸ ਦੇ ਚਮੜੇ ਨਾਲ ਲਗੇ ਮੈਲੇ ਹੱਥ ਬਾਰ ਬਾਰ ਮੂੰਹ ਤੇ ਫਿਰ
ਅਤੇ ਮਨੁੱਖੀ ਸ਼੍ਰੇਮਣਤਾ ਦਾ ਹਥੀਂ ਘਾਤ ਕਰਦਿਆਂ ਰਾਈ
ਝਿਜਕ ਮਹਿਸੂਸ ਨਹੀਂ ਕਰਦੇ।

ਨੋਟ–ਉਕਤ ਸਲੋਕ ਸਤ੍ਰਾਂ–ਪੰਡਤ ਸੀਧਰ ਜੀ ਦੇ ਟੀ
ਅਧਾਰ ਪਰ ਲਿਖੇ, ਭਗਵਤ ਸੁਧਾ ਸਾਗਰ, ਟੀਕਾਕਾਰ ਹਨੂ
ਪ੍ਰਸਾਦ ਪੋਦਾਰ, ਦੇ ਬਿ: ੨੦੦੮ ਵਿਚ ਛਪੇ, ਗੀਤਾ ਪ੍ਰੈਸ ਦੇ ਪ
ਐਡੀਸ਼ਨ ਅਨੁਸਾਰ ਹਨ।

## ਕੇਸ ਤੇ ਬਾਲਮੀਕੀ ਰਾਮਾਇਣ

ਰਾਮਾਇਣਾਂ ਦੋ ਹਨ, ਇਕ ਬਾਲਮੀਕ ਕ੍ਰਿਤ ਅਤੇ
ਸੁਆਮੀ ਤੁਲਸੀ ਦਾਸ ਜੀ ਦੀ ਰਚਨਾ, ਇਨ੍ਹਾਂ ਵਿਚ ਰਾਮ ਚੰਦਰ
ਦੇ ਜੀਵਨ ਸਮਾਚਾਰ ਅੰਕਿਤ ਹਨ। ਤੁਲਸੀ ਰਾਮਾਇਣ ਦੇ ਹ
'ਅਵਤਾਰ' ਰਿਸ਼ੀ ਮੁਨੀ ਤੇ ਕੇਸ, ਮਜ਼ਮੂਨ ਵਿਚ ਪਿਛੇ ਆ ਚੁੱਕੇ
ਇਥੇ ਥੋੜੇ ਪ੍ਰਮਾਣ ਬਾਲਮੀਕੀ ਰਾਮਾਇਣ ਚੋਂ ਲਿਖਦੇ ਹਾਂ, ਜਿ
ਕਾਂਡ, ਅਤੇ ੨੪ ਹਜ਼ਾਰ ਸ਼ਲੋਕ ਹਨ।

सोऽहंगृहीत्वा नियमंतपसिव जन भूषणं।
जटाः कृत्वा गमिष्यामि न्यग्रोधक्षीर मानय।।

ਸੋਹੰਗ੍ਰਹੀਤੁਆ ਨਿਯਮੰ ਤਪੱਸ੍ਵੀ ਜਨ ਭੂਸ਼ਨੰ
**ਜਟਾ:** ਕ੍ਰਿਤਵਾ ਗਮਿੱਸ਼ਯਾਮੀ ਨਯਗਰੋਧ ਖ਼ੀਰੰ ਮਾਨਯ
[ਅਯੁੱਧਿਆ ਕਾਂਡ, ਸਰਗ ੫੨, ਸ਼: ੬੮–੬੯
ਸਫਾ ੬੯, ਸਤਰ ੨੧ਵੀਂ ਸੈਂਚੀ ੨।]

ਪਦ ਅਰਥ–ਸੋਹੰ = ਵੋਹ ਮੈਂ । ਗ੍ਰਹੀਤੁਆ = ਲੇਕਰ। ਨਿਯਮੰ = ਨਿਯਮ ਕੇ। ਤਪੱਸ੍ਰੀ ਜਨ = ਤਪੀ ਜਨੋਂ ਕਾ। ਭੂਸ਼ਨੰ = ਗਹਿਨਾ। ਜਟਾ ਕ੍ਰਿਤੁਆ = ਜਟਾਂ ਬਨਾ ਕਰ। ਗਮਿੱਸ਼ਯਾਮੀ = ਜਾਊਂਗਾ। ਨਯਗਰੋਦ = ਬੋਹੜ। ਖੀਰੰ = ਦੂਧ। ਆਨਯ = ਲੇ ਆਓ

ਅਰਥ–ਸੋ ਮੈਂ ਏਕ ਅਸੂਲ ਕੋ ਲੇ ਕਰ, ਤਪੱਸ੍ਰੀ ਜਨੋਂ ਕਾ ਗਹਿਣਾ, ਜਟਾਂ ਬਣਾ ਕਰ, ਬਨ ਮੈਂ ਜਾਊਂਗਾ, ਮੁਝੇ ਬੋਹੜ ਕਾ ਦੂਧ ਲਾ ਕਰ ਦੋ।

ਭਾਵ–ਬਨ ਵਿੱਚ ਜਾਣ ਸਮੇਂ ਰਾਮ ਚੰਦਰ ਜੀ ਨੇ ਕੇਸਾਂ ਨੂੰ ਬੋਹੜ ਦਾ ਦੁਧ ਲਾ ਕੇ ਜੱਟਾਂ ਬਣਾਈਆਂ, ਇਸ ਤੋਂ ਸਾਬਤ ਹੈ ਕਿ ਉਹ ਸ਼ੁਰੂ ਤੋਂ ਕੇਸਾਧਾਰੀ ਸਨ।

जटिलँ चीर बसनं प्राञ्जलिं पतितं भुवि...।
भ्रातरं भरतं रामः परिजग्राह पाणिना॥

**ਜਟਿਲੰ** ਚੀਰ ਵਸਨੰ ਪ੍ਰਾਜਲਿੰ ਪਤਿਤੰ ਭੁਵੀ...
ਭ੍ਰਾਤੰ ਭਰਤੰ ਰਾਮ: ਪਰੀ ਜਗਰਾਹ ਪਾਣੀਨਾ।
[ਅਯੁੱਧਿਆ ਕਾਂਡ ਸਰਗ ੧੦੦, ਸਲੋਕ ੧–੨,
ਸਫਾ ੧੧੭, ਸਤਰ ੧੨ਵੀਂ ਸੈਚੀਂ ੨।]

ਪਦ ਅਰਥ–ਜਟਿਲੰ = ਜਟਾਧਾਰੀ। ਚੀਰ = ਬੱਸਤ੍ਰ। ਵਸਨੰ = ਬ੍ਰਿਛ ਕੇ ਛਿਲੜੋਂ ਕੇ। ਪ੍ਰਾਜਲਿੰ = ਹਾਥ ਜੋੜੇ ਹੂਏ। ਪਤਿਤੰ = ਪੜੇ ਹੂਏ। ਭੁਵੀ = ਪ੍ਰਿਥਵੀ ਪਰ। ਭ੍ਰਾਤ੍ਰੰ = ਭਰਾਤਾ ਨੂੰ। ਰਾਮਾ = ਰਾਮ ਨੇ। ਪਰੀ ਜਗਰਾਹ = ਉਠਾਇਆ। ਪਾਣੀਨਾ = ਹਾਥੋਂ ਸੇ।

ਅਰਥ–ਬ੍ਰਿਛ ਕੇ ਛਿੱਲੋਂ ਕੇ ਬਸਤ੍ਰ ਪਹਿਨੇ, ਹਾਥ ਜੋੜ ਕਰ ਪ੍ਰਿਥਵੀ ਪਰ ਗਿਰੇ ਹੂਏ ਜਟਾਧਾਰੀ (ਕੇਸੋਂ ਵਾਲੇ) ਭ੍ਰਾਤਾ ਭਰਤ ਕੋ ਰਾਮ ਚੰਦਰ ਜੀ ਨੇ ਹਾਥੋਂ ਸੇ ਪਕੜ ਕਰ ਉਠਾਇਆ।

ਭਾਵ–ਇਹ ਕਥਾ ਭਰਤ ਮਿਲਾਪ ਸਮੇਂ ਦੀ ਹੈ, ਜਿਸ ਵਿ
ਭਰਤ ਨੂੰ ਕੇਸਾਂ ਵਾਲਾ ਦੱਸਿਆ ਹੈ। ਜੋ ਲੋਗ ਇਹ ਕਹਿੰਦੇ ਹਨ
ਰਾਮ ਚੰਦਰ ਜੀ ਨੇ ਬਣ ਵਿੱਚ ਜਾ ਕੇ ਜੱਟਾਂ ਰੱਖੀਆਂ ਸਨ; ਜੇ ਉ
ਦਾ ਇਹ ਕਹਿਣਾ ਮੰਨ ਵੀ ਲਈਏ ਤਾਂ ਉਨ੍ਹਾਂ ਪਾਸ ਇਸ ਗਲ
ਕੋਈ ਉਤਰ ਨਹੀਂ ਕਿ ਭਰਤ ਨੇ ਰਾਜ ਕਾਜ ਸਮੇਂ ਕੇਸ ਕਿਉਂ ਰੱ
ਹੋਏ ਸਨ।

तत्र कृष्णाजिनधरँ जटा मण्डल धारिणम
ददर्श नियताहारं मारीचँ नामरा क्षसम्

ਤਤ੍ਰ ਕ੍ਰਿਸ਼ਨਾ ਜਿਨ ਧਰੰ **ਜਟਾ** ਮੰਡਲ ਧਾਰਣਮ।
ਦਦੱਰਸ਼ ਨਿਯਤਾ ਹਾਰੰ ਮਾਰੀਚੰ ਨਾਮ ਰਾਖਸ਼ਸ਼।
[ਅਰਣ ਕਾਂਡ ਸਰਗ ੩੫, ਸਲੋਕ ੩੮,
ਸਫਾ ੩੫, ਸਤਰ ੮ਵੀਂ, ਸੈਂਚੀ ੩।]

ਪਦ ਅਰਥ–ਤਤ੍ਰ = ਵਹਾਂ ਪਰ। ਕ੍ਰਿਸ਼ਨਾ = ਕਾਲੇ ਹਿਰ
ਕੇ ਚਮੜੇ ਕੇ। ਜਿਨ ਧਰੰ = ਜਿਸ ਨੇ। ਧਾਰੇ = ਪਹਿਨੇ ਹੂਏ। ਜ
ਮੰਡਲ = ਇਕੱਤ੍ਰ ਕੀਏ ਕੇਸੋਂ ਕੀ ਜਟਾਉਂ ਕਾ ਜੂੜਾ। ਧਾਰਿਣਮ
ਧਾਰੇ ਹੂਏ। ਦਦੱਰਸ਼ = ਦੇਖਾ। ਨਿਯਤਾਹਾਰ = ਨਿਯਮ ਨਾਲ ਭੋਜ
ਕਰਨਾ। ਮਰੀਚੰ ਨਾਮ = ਮਰੀਚ ਨਾਮ ਕੇ। ਰਾਖਸ਼ਸ਼ਮ = ਰਾਖਸ਼ ਨੂੰ

ਅਰਥ–ਵਹਾਂ ਪਰ ਕਾਲੇ ਹਿਰਣ ਕੇ ਚਮੜੇ ਕੋ ਪਹਿ
ਔਰ ਕੇਸੋਂ ਕਾ ਜੂੜਾ ਕੀਏ, ਨਿਯਮ ਅਨੁਸਾਰ ਭੋਜਨ ਕਰ ਰ
ਮਰੀਚ ਨਾਮ ਕੇ ਰਾਖਸ਼ ਕੋ ਦੇਖਾ।

ਭਾਵ–ਜਦ ਰਾਵਣ ਮਰੀਚ ਨਾਮ ਰਾਖ਼ਸ਼ ਦੇ ਕੋਲ ਗਿਆ
ਉਸ ਵੇਲੇ ਉਹ ਆਪਣੇ ਨਿਯਮ ਅਨੁਸਾਰ ਭੋਜਨ ਕਰ ਰਿਹਾ ਸੀ ਅ
ਉਸ ਦੇ ਸਿਰ ਤੇ ਕੇਸਾਂ ਦਾ ਇਕ ਵੱਡਾ ਜੂੜਾ ਸੀ, ਇਸ ਕਥ

ਅਨੁਸਾਰ ਜੇ ਰਾਖ਼ਸ਼ ਲੋਕ ਵੀ ਉਸ ਸਮੇਂ ਕੇਸ ਨਹੀਂ ਕਟਾਂਦੇ ਸਨ ਤਾਂ ਰਾਮ ਚੰਦਰ ਲਛਮਨ, ਭਰਤ, ਜਾਂ ਆਮ ਮਨੁੱਖਾਂ ਲਈ ਕਿਵੇਂ ਮੰਨਿਆ ਜਾ ਸਕਦਾ ਹੈ ਕਿ ਉਹ ਕੇਸਾਧਾਰੀ ਨਹੀਂ ਸਨ।

ਨੋਟ–ਉਕਤ ਸਫੇ, ਸਲੋਕ ਤੇ ਸਤ੍ਰਾਂ – ਟੀਕਾ ਪੰਡਤ ਨਾਗੇਸ਼ ਭੱਟ ਜੀ ਦੇ ਅਨੁਸਾਰ ਹਨ। ਜੋ ਖੇਮਰਾਜ ਕ੍ਰਿਸ਼ਨ ਦਾਸ 'ਵੈਂਕਟੇਸ਼ਰਛਾਪਾਖਾਨਾ' ਬੰਬਈ ਵਿੱਚ ਬਿ: ਸੰ: ੧੯੭੨ ਵਿਚ ਛਪਿਆ।

## ਹਨੂੰਮਾਨ ਨਾਟਕ

ਹਨੂੰਮਾਨ ਨਾਟਕ ਕਵੀ ਹਿਰਦਾ ਰਾਮ ਲਿਖਤ ਹਿੰਦੂ ਧਰਮ ਦੀ ਇਕ ਪ੍ਰਸਿੱਧ ਪੁਸਤਕ ਹੈ, ਜਿਸ ਵਿਚ ਕੁਝਕੁ ਕੇਸਾਂ ਦੇ ਹਵਾਲੇ ਇਸ ਪ੍ਰਕਾਰ ਹਨ।

ਪਰਸ ਰਾਮ ਤੇ ਕ੍ਰੋਧਿਤ ਹੋ ਕੇ ਜੋ ਬਚਨ ਲਛਮਣ ਜੀ ਨੇ ਕਹੇ ਉਸ ਦਾ ਜ਼ਿਕਰ ਕਰਦੇ ਹੋਏ ਕਵੀ ਜੀ ਲਿਖਦੇ ਹਨ:–

'ਫਾਰਤੋ ਕਬੋਲ ਬੋਲ ਬੋਲ ਨਹੀ ਬਾਮ੍ਹਨ ਕੇ,
ਡਾਰਤ ਉਖਾਰ **ਦਾੜ੍ਹੀ** ਜਮੀ ਜੋ ਬਦਨ ਮੈ।

[ਹ. ਨ: ਅੰਕ ੧ ਕਬਿਤ, ੯੨. ਸ. ੨੫]

ਇਥੇ ਪਰਸਰਾਮ ਦੀ ਦਾੜ੍ਹੀ ਦਾ ਜ਼ਿਕਰ ਹੈ, ਜਿਸ ਦਾ ਉਖਾੜੇ ਜਾਣਾ ਸਾਬਤ ਅਤੇ ਲੰਬੀ ਹੋਣ ਕਾਰਣ ਹੀ ਸਿੱਧ ਹੋ ਸਕਦਾ ਹੈ।

'ਜਟਾਊ ਸਵਾਰੋ **ਕੇਸ** ਗੋਰਖ ਕੋ ਕਰੋ ਭੇਸ,
ਜਾਨਕੀ ਲਖਨ ਕੋ ਹੋਂ ਖਿੰਥਾ ਹੂੰ ਸਵਾਇ ਦਯੋਂ।

[ਹ. ਨਾ: ਅੰ. ੨.ਕ. ੬੨ ਸ. ੪੫]

ਉਕਤ ਬਚਨ ਰਾਮ ਚੰਦਰ ਜੀ ਦੇ ਬਨ ਵਿਚ ਜਾਣ
ਉਨ੍ਹਾਂ ਦੇ ਪਿਤਾ ਦਸਰਥ ਜੀ ਨੇ ਕਹੇ, ਜਿਨ੍ਹਾਂ ਤੋਂ ਉਨ੍ਹਾਂ ਦੇ
ਸਿੱਧ ਹੋਂਦੇ ਹਨ।

'ਲੈ ਬੱਟ ਦੂਧ ਬਨਾਇ **ਜਟਾ** ਸਿਰ ਬੀਰਹਿ
ਭ੍ਰਾਤ ਬਨਾਵਤ ਨੀਕੋ।'

[ਹ. ਨਾ. ਅੰ. ੨. ਸਵੱਯਾ ੮੩. ਸ: ੫੧

ਉਪਰ ਲਿਖਿਆ ਜ਼ਿਕਰ ਉਸ ਸਮੇਂ ਦਾ ਹੈ ਜਦ ਰ
ਲਛਮਨ ਨੇ ਬਨਬਾਸ ਤਿਆਰੀ ਸਮੇਂ ਸਾਧੂ ਭੇਸ ਧਾਰਨ ਕਰਨ
ਕੇਸਾਂ ਨੂੰ ਬੋਹੜ ਦਾ ਦੁਧ ਲਗਾ ਕੇ ਜਟਾਂ ਬਣਾਈਆਂ ਜੋ
ਹੀ ਜਟਾਂ ਬਣਾਉਣ ਯੋਗ ਲੰਬੇ ਸਨ।

'ਜਾ ਕੇ ਬਾਧੇ **ਕੇਸ** ਤਨ ਤਾਪਸੀ ਕੋ ਭੇਸ ਸੁਨ
ਬਾਨਰ ਨਰੇਸ ਦ੍ਰਿਗ ਨੀਰ ਉਰ ਧੋਵਤੀ।'

[ਹ. ਨਾ. ਅੰ. ੬. ਕ. ੨੦. ਸ. ੧੧੨

ਇਸ ਕਥਨ ਤੋਂ ਹਨੂਮਾਨ ਦਾ ਕੇਸਾਧਾਰੀ ਹੋਣਾ
ਹੋਂਦਾ ਹੈ।

'ਸਬੈ ਅੰਗ ਬਡੇ **ਕੇਸ** ਦੇਖੀਅਤ ਰੀਛ ਭੇਸ, ਯਾਸੋ
ਲਰਬੇ ਕੋ ਨ ਦਿਨੇਸਨ ਅਨੰਤ ਹੈ।

[ਹ. ਨਾ. ਅੰ. ੯. ੨. ੯. ਸ. ੧੭੫

ਇਸ ਵਿਚ ਬਾਨਰ ਸੈਨਾ ਦੇ ਮੁਖੀ ਅੰਗਦ ਦੇ ਲੰਬੇ
ਕੇਸਾਂ ਦਾ ਵਰਣਨ ਹੈ।

ਇਸ ਤਰ੍ਹਾਂ ਹੋਰ ਵੀ ਕਈ ਥਾਈਂ ਇਸ ਗ੍ਰੰਥ ਵਿਚ ਕੇ
ਹਵਾਲੇ ਮਿਲਦੇ ਹਨ।

## ਕੇਸ ਅਤੇ ਅਧਿਆਤਮ ਰਾਮਾਇਣ

ਰਾਮ ਜੀ ਦੇ ਬਨਬਾਸ ਜਾਣ ਸਮੇਂ:-

ਰਾਮ ਲਏ ਕਰ ਚਾਂਪ ਮਹਾਂ ਬਲ ਤੂਣ ਕਸੇ ਕਟ, **ਬਾਲ** ਸੁਧਾਰੇ। ਸੰਗ ਲਏ ਲਛਬੀਰ ਤੁਰੰਗਮ ਰੂਢ ਮਹਾਂ ਬਨ ਮਾਹਿ ਸਿਧਾਰੇ।

(ਬਾਲ ਕਾਂਢ ਧਿ. ੪. ਪੰਨਾ. ੨੯)

ਬਟ ਖੀਰ ਲਿਆਵੋ ਜਾਇਕੈ ਇਮ ਭਾਖਯੋ ਰਘੁਰਾਇ। ਬਟ ਖੀਰ ਸੁੰਦਰ ਸੌਂਪਟੇ ਤਿਨ ਲਏ ਤੁਰਤ ਮੰਗਾਇ। ਬਟਖੀਰ ਕੈ(ਕਚ) ਕੁੰਚ(ਕੇਸ)ਤਾਂ ਕੀ **ਜਟਾ** ਲੀਨ ਬਨਾਇ।

(ਅਯੁੱਧਿਆ ਕਾਂ. ਧਿ' ੬. ਪੰ. ੧੦੬)

ਰਾਮ ਨਾਥ ਸੋ ਰਾਮ ਜੀ ਤੁਈ ਲੋਕ ਸੁੰਦ੍ਰ ਰੂਪ। ਜਾਨਕੀ ਲਖਮਨ ਮਿਲੇ ਸਿਰ **ਜਟਾ** ਮੁਕਟ ਅਨੂਪ।

(ਅ. ਕਾਂ. ਧਿ. ੬. ਪੰ. ੧੧੨)

ਜਦ ਰਾਮ ਜੀ ਬਾਲਮੀਕ ਰਿਸ਼ੀ ਨੂੰ ਮਿਲੇ:-

ਬਾਲਮੀਕ ਸੁ ਪੂਜ ਤੇ ਰਘੁਨਾਥ ਹਰੇ ਕਲੇਸ। ਸੋ ਸੀਯ ਨੀਕੇ ਤਹਿ ਬਸੇ ਸਿਰ **ਜਟਾ** ਮੁਨਿ ਵਰ ਭੇਸ।

(ਅ. ਕਾਂ. ਧਿ. ੭. ਪੰ. ੧੧੮)

ਜਦ ਰਾਮ ਜੀ ਗੰਗਾ ਕਿਨਾਰੇ ਜਾ ਉਤਰੇ ਤੇ 'ਸੁਮੰਤ, ਹ ਘਰ ਸੁਖ ਸਾਂਦ ਦਾ ਸੁਨੇਹਾ ਭੇਜਿਆ:-

ਬੱਟ ਖੀਰ ਗੁਹ ਹਾਥ ਮੰਗਾਯੋ। **ਜਟਾ** ਮੁਕਟ ਰਘੁਨਾਥ ਬਨ੍ਹਾਯੋ। ਬਹੁਰ ਕਹੀ ਸੁਮੰਤ ਤੁਮ ਜਾਵੋ। ਰਾਜਾ ਪ੍ਰਤਮਮ ਕੁਸ਼ਲ ਬਤਾਵੋ।

(ਅ. ਕਾਂ ਧਿ. ੭. ਪੰ. ੧੧੯)

ਰਾਮ ਜੀ ਦੇ ਜਾਣ ਤੇ ਭਰਤ ਦੇ ਵਿਰਲਾਪ ਦਾ ਦ੍ਰਿਸ਼:-

ਨ ਸਮੱਰਪਯੋ ਮਮ ਰਾਮ ਰਾਜੋ ਆਪ ਗਏ ਸਿਧਾਇ। ਇਹ ਭਾਂਤਿ ਭਰਤ ਵਿਰਲਾਪ ਕਰ ਸਿਰ **ਕੇਸ** ਦੀਨ ਖਿਲਾਇ।

(ਅ. ਕਾਂ. ਧਿ. ੭. ਪੰ. ੧੨੫)

ਜਦ ਭਰਤ ਭਾਰ ਦ੍ਵਾਜ ਰਿਸ਼ੀ ਦੀ ਕੁਟੀਆ ਤੇ ਗਿਆ-

'ਦਸਰਥ ਕੇ ਸੁਤ ਜਾਨ ਮੁਨੀਸ਼ਰ। ਪੂਜਨ ਕੀਓ ਤਾਹਿ ਧੁਗੀਸ਼ਰ। ਸੀਸ **ਜਟਾ** ਤਨ ਬਲ ਕਰ ਧਾਰੀ। ਭਰਤ ਪੇਖ ਰਿਖ ਕੀਨ ਉਚਾਰੀ।'

(ਅ. ਕਾਂ. ਧਿ. ੮ ਪੰ. ੧੩੬)

ਜਦ ਕਕੇਈ ਰਾਮ ਦੇ ਆਸ਼੍ਰਮ ਤੇ ਗਈ-

ਤਹਿ ਪੇਖ ਰਮਾ, ਪਤੀ ਰਾਮ ਬਲੀ, ਤਨ ਸ਼ਾਮ ਭਲੇ ਦ੍ਰਿਗ ਵਾਰ ਕਸੇ। ਸੁਭ ਸੀਸ **ਜਟਾ** ਤਰਵਾਲ ਨਦੀ, ਤਨ ਅੰਬਰ ਐ ਮੁਖ ਵਾਰ ਜਸੇ।

(ਅਯੁੱ. ਕਾਂ. ਧਿ. ੯-ਪੰ. ੧੪੦)

ਜਦ ਬਨ ਵਿਚ ਪੁਜੇ:-

ਫਲ ਮੂਲ ਅਹਾਰ ਕਰੇ ਨਿਸ ਕੇ ਮਨ ਦਾਤ **ਜਟਾ**
ਸਭ ਸੀਸ ਬਨਾਈ।

(ਅ. ਕਾਂ ਧਿ. ੯. ਸ. ੧੪੮)

ਜਦ ਰਾਮ ਜੀ ਬਨ ਵਿਚ ਪੁਜੇ ਤਾਂ ਰਾਕਸ਼ਾਂ ਨੇ ਪੁਛਿਆ:-

ਤੈ ਦੇਵਨ ਕੇ ਹਿਤ ਬੋਲ ਉਠੇ ਤੁਮ ਕੌਣ ਆਹੋ ਕਟ
ਤੂਨ ਕਸੇ। ਸੁਭ ਸੀਸ **ਜਟਾ** ਤਰਛਾਲ ਨਦੀ
ਮੁਨੀ ਭੇਸ ਧਰੇ ਬਨ ਮਾਹਿ ਧਸੇ।

(ਅਰਣੀ-ਕਾਂ ਧਿ. ੧, ਪੰ, ੧੫੪)

ਸਰਭੰਗ ਰਿਖੀ ਨੇ ਰਾਮ ਜੀ ਦੇ ਦਰਸ਼ਨ ਕਰਨ ਉਪਰੰਤ ਪ੍ਰਾਣ ਤਿਆਗਨ ਸਮੇਂ ਉਸਤਤੀ ਰੂਪ ਵਿਚ ਕਿਹਾ-

ਪੁਨ ਰਾਮ ਧਿਆਨ ਧਰਯੋ ਉਰਮੈ, ਤਨ ਸਯਾਮ
ਮਹਾਂ ਦ੍ਰਿਗ ਕੰਜ ਉਤੰਗਾ, ਤਨ ਚੀਰ ਧਰੇ ਸੁਭ
ਸੀਸ'**ਜਟਾ,** ਜੋ ਸਰਾਮਨਿ ਐ(ਕਟ) ਮਾਹਿ ਨਿਖੰਗਾ।

(ਅਰ.ਕਾਂ. ਧਿ. ੨. ਪੰ. ੧੫੮)

ਸੁਪਨਖ਼ਾ ਨੇ ਰਾਵਣ ਅਗੇ ਰਾਮ ਚੰਦ੍ਰ ਜੀ ਦੀ ਨਿਸ਼ਾਨੀ ਦਸਦਿਆਂ ਕਿਹਾ-

'ਦ੍ਰਿਗ ਕੰਜ ਪ੍ਰਭਾ ਧਨ ਬਾਣ ਧਰੇ ਤਨ ਚੀਰ **ਜਟਾ**
ਰਸ ਮਾਹਿ ਰਸੀਲੇ।

(ਅ. ਕਾਂ, ਧਿ, ਪ. ਪੰ. ੧੮੩)

ਮਰੀਚ ਰਿਸ਼ੀ ਦੇ ਵੀ ਕੇਸ ਸਨ-

'ਸੁ ਮਰੀਚ ਤਹਾਂ ਮੁਨਿ ਸੇ ਅਤਰਾਜਤ ਚੀਰ ਧਰੇ
**ਜਟ** ਹੈਂ ਸਿਰ ਮਾਹੀ।

(ਅ. ਕਾਂ. ਧਿ. ੫. ਪੰ. ੧੮੪)

ਸ਼ਤੀਖਣਿ ਰਿਸ਼ੀ ਨੇ ਰਾਮ ਚੰਦਰ ਦੀ ਉਸਤਤਿ ਵਿਚਕਿਹਾ

ਕਚ(ਕੇਸ) ਕੁੰਚਤ ਸੀਸ ਕਲਾਪ **ਜਟਾ** ਇਹ ਰੂਪ
ਬਸੇ ਉਰ ਮਾਹਿ ਹਮਾਰੇ।

(ਅ. ਕਾਂ ਧਿ. ੨. ਪੰ. ੧੬੨)

ਬਾਲੀ ਨੂੰ ਤੀਰ ਮਾਰਨ ਵੇਲੇ ਰਾਮ ਚੰਦ੍ਰ ਦਾ ਸਰੂਪ:-

'ਧਨ ਟੇਕ ਬਾਂਵੇਂ ਹਾਥ ਸੋਂ ਸਰ ਦੱਖ ਹਸਤ ਵਿਰਾਇ।
ਤਨ ਚੀਰ ਪਾਟ ਬਿਰਾਜ ਹੀ ਸਿਰ **ਜਟਾ**
ਕਟਿ ਸੁਹਾਇ।

(ਅ. ਕ. ਧਿ. ੮. ਪੰ. ੨੩੪)

ਸੀਸ **ਜਟਾ** ਤਨ ਚੀਰ ਧਰੇ ਸੁ ਤਪੇ, ਧਨ ਕੇ ਸਭ
ਭੇਖ ਸਵਾਰੇ।

(ਕਿਸਕਿਧਾ. ਕਾਂ-ਧਿ. ੮. ਪੰ. ੨੩੮)

'ਹੇ ਮ੍ਰਿਗਸ਼ਾਲ ਸੁ ਸ਼ਾਮ ਤਨੂੰ, ਪੁਨਿ ਸੀਸ **ਜਟਾ**
ਸੁ ਬਿਰਾਜਤ ਹੈਂ।

(ਕਿ. ਕਿ. ਕਾਂ. ਧਿ. ੬. ਪੰ. ੨੫੯)

ਸੁਗਰੀਵ ਦੀ ਸੈਨਾ ਨੂੰ ਜਦ ਸੀਤਾ ਦਾ ਪਤਾ ਨਾ ਲ
ਤਾਂ ਜਟਾ (ਕੇਸਾ) ਧਾਰੀ ਖੱਗਰਾਜ ਨੇ ਕਿਹਾ, ਮੈਨੂੰ ਨਦੀ ਕਿਨ
ਲੈ ਚਲੋ ਮੈਂ ਇਸ਼ਨਾਨ ਕਰ (ਕੇਸ਼ ਧੋ) ਸੁਧ ਹੋ ਕੇਸੀਤਾ ਦਾ ਅਨਭ
ਦਵਾਰਾ ਪਤਾ ਦਸ ਦਿਆਂਗਾ:-

ਨੁਾਇ **ਜਟਾਯੂ** ਕੇ ਨੀਰ ਦਯੋ, ਪੁਨ ਬਾਨਰ
ਤਾਹਿਸੂ ਲੀਨ ਉਠਾਈ।

(ਕਿ. ਕਿ. ਕਾਂ ਧਿ., ਪੰ. ੨੭੫)

ਜਦ ਕੁੰਭਕਰਨ ਨੂੰ ਜਗਾਣ ਲਗੇ–

'ਇਕ ਸੈਲਨ ਕੋ ਸਿਰ ਮਾਰਤ ਹੈਂ ਇਕ ਮਾਰਤ
ਮੂਸਲ ਕੋ ਢਿਗ ਆਇ। ਇਕ ਖੈਂਚਤ **ਕੇਸਨ**
ਕੋ ਬਲ ਕੈ ਇਕ ਕਾਂਨਨ ਕਾਟਤ ਕੋਪ ਬਢਾਇ।

(ਯੁਧ ਕਾਂ. ਧਿ ੭ ਪੰ. ੩੭੪)

ਭਾਵ– ਕੁੰਭਕਰਨ ਵੀ ਕੇਸਾਧਾਰੀ ਸੀ।

ਰਾਵਨ ਦੇ ਕੇਸਾਂ ਤੇ ਦਾੜ੍ਹੀ ਦਾ ਵੀ ਜ਼ਿਕਰ ਹੈ:–

ਭੂਦਰ ਵਿਖਾਨ ਕੇ ਸਾਮਾਨ ਸਿਰ ਭਾਰੀ
ਅਤਿ, **ਦਾੜ੍ਹੀ** ਬਡੀ ਲੰਮੀ ਯੁਗ ਕੁੰਡਲ ਸੁਹਾਯੋ ਹੈ।

(ਯੁ. ਕਾਂ ਧਿ. ੮ ਪੰ. ੩੮੧)

ਰਾਕਸ਼ ਵੀ ਕੇਸਾਧਾਰੀ ਸਨ, ਜਿਵੇਂ ਦਸ ਕੰਧਰ ਬਾਰੇ ਜ਼ਿਕਰ ਹੈ–

'ਦਸਕੰਧਰ ਰਾਖਸ਼ ਕੂਰ ਬਡੋ ਪੁਨ ਬਾਮਨ ਕੋ ਗਹਿ
**ਕੇਸਨ** ਮਾਰੇ।

(ਯੁ. ਕਾਂ. ਧਿ. ੧੧ ਪੰ. ੪੦੮)

ਰਾਵਣ ਦੇ ਚੋਬਦਾਰ ਵੀ ਕੇਸਾਧਾਰੀ ਸਨ –

'ਯਸਟੀ ਜਿਨ ਹਾਥ ਬਿਰਾਜਤ ਹੈ, ਸਿਰ ਪਾਗ ਸੋ
ਕੂਚਕ ਹੈਂ ਤਨ ਲਾਇ।'

(ਯੁ. ਕਾਂ ਧਿ. ੧੨ ਪੰ. ੪੧੮)



ਰਾਮ ਚੰਦਰ ਦੀ ਉਡੀਕ ਵਿਚ ਭਰਤ ਕਿਵੇਂ ਰਿਹਾ:–

ਮਲ ਪੰਕ ਸ੍ਰੀਰ ਸੇ ਸੀਸ **ਜਟਾ,** ਦ੍ਰਮ ਛਾਲਨ
ਕੇ ਤਨ ਪਾਟ ਬਨਾਇ।

(ਯੁ. ਕਾਂ. ਧਿ. ੧੪. ਪੰ. ੧੩੩)

ਅਯੁਧਿਆ ਪੁਜ ਕੇ ਰਾਮ ਚੰਦਰ ਜੀ ਨੇ ਕੇਸ ਧੋ

'ਵਿਸੁਧ **ਜਟਾ** ਕਲਾਪ ਕੈ ਪੁਨ ਨੁਾਇਓ ਸ੍ਰੀ ਰਾਮ।

(ਯੁ. ਕਾਂ. ਧਿ ੧੫ ਸ. ੪੩੮

ਲੋਊ ਤੇ ਕੁਸ਼ੂ ਵੀ ਕੇਸਾਧਾਰੀ ਸਨ।

ਸੀਸ **ਜਟਾ** ਦ੍ਰਮ ਛਾਲਨ ਕੇ ਪਟ ਜੋ ਨਹਿ ਬਾਲਨ
ਕੇ ਤਨ ਹੋਈ। ਤੇ ਹਮ ਬਾਲਨ ਰਾਘਵ ਮਾਹਿ ਸੋ ਭੇਦ
ਨਿਹਾਰ ਸਕੈ ਨਹਿ ਕੋਈ।

(ਯੁ. ਕਾਂ ਧਿ. ੭ ਪੰਨਾ ੫੧

ਇਹ ਉਸ ਸਮੇਂ ਦਾ ਜ਼ਿਕਰ ਹੈ, ਜਦ ਲੋਊ ਤੇ ਕੁਸ਼ੂ
ਕੇ ਲੋਕਾਂ ਨੇ ਕਿਹਾ ਇਹਨਾਂ ਵਿਚ ਤੇ ਰਾਮ ਚੰਦਰ ਵਿ
ਭੇਦ ਨਹੀਂ।

ਨੋਟ–ਅਧਿਆਤਮ ਰਾਮਾਇਣ ਦੀ ਪੰਜਾਬੀ ਵਿ
ਅਡੀਸ਼ਨ ਬਿ. ਸੰ: ੧੯੫੨ ਵਿਚ ਲਾਲਾ ਸ਼ਾਮ ਲਾਲ ਨਿਰੂਲ
ਗੁਰ ਪ੍ਰਕਾਸ਼ ਪ੍ਰੈਸ ਚੂਨਾ ਮੰਡੀ ਲਾਹੌਰ ਨੇ ਛਪਵਾਈ ਸੀ।

## ਕੇਸ ਅਤੇ ਯੋਗ ਵਸ਼ਿਸ਼ਟ

ਜਦ ਰਿਸ਼ੀ ਵਿਸ਼ਵਾ ਮਿਤ੍ਰ ਜੀ ਰਾਜਾ ਦਸਰਥ ਕੋਲੋ
ਦਾ ਮੁਕਾਬਲਾ ਕਰਨ ਲਈ ਸ੍ਰੀ ਰਾਮ ਚੰਦ੍ਰ ਜੀ ਦੀ ਮਦਦ
ਆਏ ਤਾਂ ਦਸਰਥ ਅਗੋਂ ਜਾ ਕੇ ਸਤਿਕਾਰ ਨਾਲ ਮਿਲਿਆ:–

''ਇਸ ਪ੍ਰਕਾਰ ਸੀਸ ਨਿਵਾਵਤੇ ਰਾਜਾ ਚਲੇ। ਔਰ ਵਿਸ਼ਵਾ ਮਿਤ੍ਰ ਜੋ ਕਾਂਧੇ ਪਰ ਬੜੋ ਬੜੀ **ਜਟਾ** ਧਾਰਨ ਕੀਏ ਔਰ ਅਗਨ ਕੇ ਸਮਾਨ ਪ੍ਰਕਾਸ਼ਮਾਨ, ਪਰਮ ਸ਼ਾਂਤ ਸਰੂਪ, ਹਾਥ ਮੇਂ ਬਾਂਸ ਕੀ ਤੰਦਾ ਲੀਏ ਹੂਏ ਥੇ। (ਵ: ਪੁ. ਵੈਰਾਗ ਪ੍ਰਕਰਣ ਧਿ ੨. ਪੰ: ੧੨)

ਭਾਵ–ਵਿਸ਼੍ਵਾ ਮਿਤ੍ਰ ਦੇ ਕੇਸ ਸਨ। ਇਸੇ ਤਰ੍ਹਾਂ ਹੋਰ ਕਈ ਰਿਸ਼ੀਆਂ ਬਾਰੇ ਲਿਖਿਆ ਹੈ।

'ਐਸੇ ਹੀ ਦੁਰ ਬਾਸ਼ਾ, ਬਾਮ ਦੇਵ, ਪੁਲਹ, ਪੁਲਸਤਯ, ਬ੍ਰਿਹਸਪਤ ਕੇ ਪਿਤਾ ਅੰਗਰਾ, ਭ੍ਰਿਗੁ ਅਰ ਮੈ (ਵਸ਼ਿਸ਼ਟ) ਭੀ ਵਹਾਂ ਥਾ, ਔਰ ਬ੍ਰਹਸਪਤ ਰਿਖਿ, ਰਾਜ ਰਿਖਿ, ਦੇਵ ਰਿਖਿ, ਦੇਵਤਾ ਰਿਖੀ-ਸ਼੍ਵਰ ਸਭ ਆਕੇ ਸਭਾ ਮੈ ਇਸਥਿਤ ਹੂਏ। ਕਿਸੀ ਕੀ ਬਡੀ **ਜਟਾ** ਕੋਈ ਮੁਕਟ ਪਹਿਰੇ.........ਐਸੇ ਬਡੇ ਬਡੇ ਤਪੱਸ੍ਵੀ ਆ ਕੇ ਬੈਠੇ।

(ਯੋ. ਵ. ਵੈ. ਪ੍ਰ. ਧਿ. ੨੬ ਪੰ. ੬੧)

ਉਕਤ ਕਥਨ ਤੋਂ ਸਾਰੇ ਰਿਖੀ ਮੁਨੀ ਕੇਸਾਧਾਰੀ ਸਿਧ ਹੁੰਦੇ ਹਨ।

ਇਕ ਰਿਸ਼ੀ ਦੇ ਪੁੱਤ੍ਰ ਨੂੰ ਕਾਲ ਰਿਸ਼ੀ ਕਹਿ ਰਿਹਾ ਹੈ:–

'ਤੁਮਾਰਾ ਪੁੱਤ੍ਰ ਤਪ ਕਰਤਾ ਹੈ, ਸਿਰ ਪਰ ਬੜੀ **ਜਟਾ** ਹੈਂ, ਸਰਬ ਇੰਦ੍ਰੀਉਂ ਕੇ ਭਰਮ ਕੋ ਉਸ ਨੇ ਜੀਤਾ ਹੈ।'

(ਵ. ਪੁ. ਇਸਥਿਤੀ ਪ੍ਰ. ਧਿ. ੧੧ ਪੰ: ੩੩੭)

ਕਸੁੰਡ ਬੋਲੇ ਹੇ ਮੁਨੀਸ਼੍ਵਰ! ਇਸ ਜਗਤ ਮੈ ਸਦਾ ਸ਼ਿਵ, ਦੇਵਤਾਉਂ ਕੇ ਦੇਵ ਬਡੇ ਦੇਵ ਹੈਂ.........ਜੋ ਮਹਾਂ ਸੁੰਦਰ ਤ੍ਰਿਨੇਤ੍ਰ ਹੈਂ, ਔਰ ਉਨ ਕੀ ਬਡੀ **ਜਟਾ** ਹੈਂ, ਔਰ ਮਸਤਕ ਪਰ ਚੰਦ੍ਰਮਾ ਹੈ.........ਔਰ ਉਨ ਕੀ ਜਟਾਂ ਕੇ ਚਹੁੰ ਔਰ ਗੰਗਾ ਫਿਰਤੀ ਹੈ।

(ਨਿਰਬਾਣ ਪ੍ਰ. ਧਿ, ੧੫ ਪੰਨਾ ੬੯੭)

ਵਸ਼ਿਸ਼ਟ ਜੀ ਰਾਮ ਜੀ ਨਾਲ ਇਕ ਸਭਾ ਵਿਚ ਆ ਸ਼ਿਵਾਂ ਦਾ ਇਤਿਹਾਸ ਸੁਣਾ ਰਹੇ ਹਨ–

'ਤਬ ਮੈਂ ਨੇ ਦੇਖਾ ਕਿ ਦੇਵਤਾਉਂ ਕੇ ਗੁਰੂ ਈਸ਼ਵ...... ਮੈ ਸਰਪ ਪੜੇ ਕੰਠ ਮੈਂ ਰੁਡੋਂ ਕੀ ਮਾਲਾ, ਸੀਸ ਪਰ **ਜਟਾ**.. ਉਨ ਕੋ ਮਨ ਕਰ ਕੇਮੈਂ ਨੇ ਦੇਖਾ।'

(ਵਸ਼ਿਸ਼ਟ ਪੁਰਾਣ ਨਿ. ਪ੍ਰ. ਧਿ: ੨੭ ਪੰ. ੭

ਉਕਤ ਕਥਨ ਸ਼ਿਵਾਂ ਨੂੰ ਕੇਸਾਧਾਰੀ ਸਿਧ ਕਰ ਰਹੇ ਹਨ।

'ਹੇ ਰਾਮ ਜੀ ਇਸ ਪ੍ਰਕਾਰ ਮੈਂ ਨੇ ਰੁਦ੍ਰ ਔਰ ਕਾਲੀ ਭ ਕੋ ਦੇਖਾ, ਰੁਦ੍ਰ ਕੇ ਸਿਰ ਪਰ ਜੋ **ਜਟਾ** ਹੈਂ ਸੋ ਮੋਰ ਕੇ ਪੰਖ ਨਿਆਈਂ ਹੈਂ। (ਵ. ਪੁ. ਨਿ. ਪ੍ਰ. ਧਿ. ੯੫. ਪੰ. ੧੧

ਇਸ ਵਿਚ ਰੁਦ੍ਰ ਦੇਵਤਾ ਨੂੰ ਕੇਸਾਧਾਰੀ ਦਸਿਆ ਗਿਅ ਅਤੇ ਉਸ ਦੇ ਕੇਸਾਂ ਨੂੰ ਮੋਰ ਦੇ ਖੰਭਾਂ ਦੀ ਤਸ਼ਬੀਹ ਦਿਤੀ ਗਈ

ਨੋਟ–ਵਸ਼ਿਸ਼ਟ ਪੁਰਾਣ ਦਾ ਇਹ ਤਰਜਮਾ ਸਾਧੂ, ਪ੍ਰਸ਼ਾਦ ਦੇ (ਮਹਾਰਾਜਾ ਸਾਹਿਬ ਸਿੰਘ ਜੀ ਪਟਿਆਲਾ ਵਿਧਵਾ ਭੈਣਾਂ ਨੂੰ) ਕਥਾ ਸੁਨਾਉਣ ਸਮੇਂ ਉਨ੍ਹਾਂ ਵਲੋਂ ਮੁ ਕੀਤੇ ਲਿਖਾਰੀਆਂ ਨੇ ਕੀਤਾ ਸੀ, ਜਿਸ ਦੀ ਇਹ ਅਡੀਸ਼ਨ ਨ ਸ਼ਾਹੀ ੪੪੫ ਵਿਚ ਰਾ. ਸਾ. ਮੁ: ਗੁਲਾਬ ਸਿੰਘ ਦੇ ਪ੍ਰੈਸ ਲ ਵਿਚ ਛਪੀ, ਉਸ ਚੋਂ ਇਹ ਚੰਦ ਹੀ ਹਵਾਲੇ ਇਥੇ ਦਿਤੇ ਗਏ ਜਿਨ੍ਹਾਂ ਤੋਂ ਕੇਸਾਂ ਦੀ ਹੋਂਦ ਆਦਿ ਕਾਲ ਤੋਂ ਸਿਧ ਹੁੰਦੀ ਹੈ, ਜੋ ਇਸ ਤਰ੍ਹਾਂ ਦੇ ਪੁਰਾਤਨ ਗ੍ਰੰਥਾਂ ਦੀਆਂ ਨਿਤ ਕਥਾ ਵਾਰਤਾ ਸੁਣਦੇ ਰਹਿੰਦੇ ਹਨ ਉਨ੍ਹਾਂ ਲਈ ਯੋਗ ਹੈ ਕਿ ਇਨ੍ਹਾਂ ਹਵਾਲਿਅ ਕੇਸਾਂ ਦੀ ਸਲਾਮਤੀ ਦੀ ਸਿੱਖਿਆ ਧਾਰਨ ਕਰਨ, ਨਹੀਂ ਤਾਂ ਕੀਤੇ ਬਿਨਾ ਪੜ੍ਹੇ ਸੁਣੇ ਦਾ ਕੀ ਲਾਭ।

# ਕੇਸ ਅਤੇ ਮਹਾਂ ਭਾਰਤ

तो तु दीर्घेण कालेन तपोयुक्तो बभूवतुः ।
क्षुत्पिपासापरिश्रान्तौ जटावल्कलधारिणौ ॥

ਤੋਤੁ ਦੀਰਘੇਣ ਕਾਲੇਨ ਤਪੋਯੁਕਤੋ ਬਭੂਵਤੁ :
ਕਸ਼ੁਤੀਪਪਾਸਾਪਰੀਸ੍ਰਾਂਤੋ **ਜਟਾਵਲਕ** ਲਧਾਰਿਣੋ । ੮ ।
(ਮ: ਭਾ: ਧਿ: ੨੦੮, ਸਲੋਕ ੮ ਟੀਕਾ ਗੋਰਖਪੁਰ ਪ੍ਰੈਸ, ਸਫ਼ਾ ੬੦੦)

ਅਰਥ--ਭੂਖ ਔਰ ਪਿਆਸ ਕਾ ਕਸ਼ਟ ਸਹਿਤੇ ਹੂਏ ਸਿਰ ਪਰ ਜਟਾ ਤਥਾ ਸ੍ਰੀਰ ਪਰ ਵਸਤਰ ਧਾਰਣ ਕੀਏ ਵਹਿ ਦੋਨੋਂ ਭਾਈ ਦੀਰਘ ਕਾਲ ਤਕ ਭਾਰੀ ਤਪੱਸਿਆ ਮੈ ਲਗੇ ਰਹੇ ।

बृहच्छालप्रतीकाशः प्रतप्तकनकप्रभः
हरिपिङ्गाजज्वलशमश्रुः प्रमाणायामतः समः (३१)

ਬ੍ਰਹਚਛਾਲਪ੍ਰਤੀਕਾਸ : ਪ੍ਰਤਪਤਕਨਕਪ੍ਰਭਾ: ।
ਹਰੀ ਪਣੋਗ ਜੱਵਲਸ਼ਮੱਸ੍ਰੂ: ਪ੍ਰਮਾਣਾਯਾਮਤ: ਸਮ: । ੧੧ ।

ਅਰਥ--ਵੋਹ ਵਿਸ਼ਾਲ ਵ੍ਰਿਖਸ਼ ਕੇ ਸਮਾਨ ਉੂਂਚੇ ਥੇ, ਉਨ ਕੀ ਕਾਂਤੀ ਤਪਾਇ ਹੂਏ ਸਵਰਣ ਕੇ ਸਮਾਨ ਥੀ, ਉਨ ਕੇ ਸਾਰੇ ਅੰਗ ਨੀਲੇ ਔਰ ਪੀਲੇ ਰੰਗ ਕੇ ਥੇ, **ਦਾੜ੍ਹੀ ਮੂਛੇਂ** ਅਗਨੀ ਜੁਵਾਲਾ ਕੇ ਸਮਾਨ ਪੀਤਵਰਣ ਕੀ ਥੀਂ । ਆਦਿ ਪਰਣ,

(ਮ: ਭਾ: ਧਿ: ੨੨੧ ਸ਼ਲੋ: ੩੧ ਟੀਕਾ ਗੋ: ਸ. ੬੩੩)

तरुणादित्यसंकाश श्रीरवासा जटाधरः

ਤਰੁਣਾਦਿਤਯਸੰਕਾਸ਼ ਸ੍ਰੀਰਵਾਸਾ **ਜਟਾ** ਧਰ: । ੩੨ ।
(ਮਾ: ਭਾ: ਆਦਿ ਪਰਵ ਸਲੋ: ੩੨ ਧਿ. ੨੨੧ ਟੀ. ਗੋ:ਪੁ:ਸ. ੬੩੪)

ਅਰਥ--ਵੇ ਪ੍ਰਾਤਾਕਾਲਿ ਕੇ ਸੂਰਯ ਸਮਾਨ ਤੇ
ਜਾਨ ਪੜਤੇ ਥੇ । ਵੇ ਚੀਰ ਵਸਤਰ ਪਹਿਨੇ ਔਰ ਮਸਤਕ ਪਰ
ਧਾਰਣ ਕੀਏ ਹੂਏ ਥੇ ।

दीप्तोर्ध्वकेशः पिणाक्षः पिबन् प्राणभृतां वसाम् ।

ਦੀਪਤੋਧ੍ਰਵਕੇਸ: ਪਿਣਾਕਸ਼ :
ਪਿਬਣ ਪ੍ਰਾਣਭ੍ਰਤਾਂ ਵਸਾਮ । ੩੮ ।

(ਮਾ: ਭਾ: ਧਿ: ੨੨੭ ਸ਼ਲੋ: ੩੮ ਟੀ. ਗੋ. ਸ. ੬
(ਆਦਿ

ਭਾਵ—ਉਨ ਕੇ ਚਮਕੀਲੇ **ਕੇਸ਼** ਉੂਪਰ ਕੀ ਓਰ ਉ
ਥੇ, ਆਂਖੇ ਪਿੰਗਲ ਵਰਣ ਕੀ ਥੀ ਔਰ ਵੇ ਪ੍ਰਾਣੀਯੋ ਕੇ ਮੇਦੇ ਕ
ਪੀ ਰਹੇ ਥੇ ।

बभूवतुर्वत्सपालौ काकपक्षधराप्रभौ ।

'ਬਭੂਵ ਤੁਵ੍ਰ ਤੱਸਪਾਲੋ ਕਾਕ ਪੱਕਸ਼ ਧਰਾ ਪ੍ਰਭੋ ।
(ਮ: ਭਾ: ਸਭਾ ਪਰਵ. ਧਿ. ੩੮. ਟੀ. ਗੋ. ਸਫ਼ਾ

ਅਰਥ--ਦੋਨੋ ਭਾਈ ਕਾਕਪੱਕਸ਼ (ਸਿਰ ਕੇ ਪਿਛਲੇ
ਮੈ ਬੜੇ ਬੜੇ **ਕੇਸ਼** ਧਾਰਣ ਕੀਏ ਬਛੜੇ ਚਰਾਣੇ ਲਗੇ ।

तोमग्निः प्रार्थयामास दिधक्षुर्वानसारथिः (४०)
शरीरवाञ्जटी भूत्वा नदीन्व बलाहकः

ਤੋਮਅਗਨੀ ਪ੍ਰਾਥਰਿਥਾਮਾਸ ਦਿਧ ਕਸ਼ੁ ਵਾਰਤ
ਸਾਰਥੀ : ਸ੍ਰੀਰਵਾਜੰਟੀ ਭੂਤ੍ਵਾ ਨਦੀਨਿਵ ਬਲਾਹਕ । ੪
(ਮ: ਭਾ: ਅ. ਪ. ਧਿ. ੨੨੭, ਸ਼ਲੋ: ੪੦, ਟੀ. ਗੋ. ਸ.

ਅਰਥ--ਵਾਤਸਾਰਥੀ ਅਗਨੀਦੇਵ ਮੂਰਤੀਮਾਨ ਹੋ, ਸਿਰ ਪਰ **ਜਟਾ** ਧਾਰਣ ਕੀਏ ਮੇਘ ਕੇ ਸਮਾਨ ਗਰਜਨਾ ਕਰਨੇ ਲਗੇ।

ਭਾਵ--ਮਹਾਂ ਭਾਰਤ ਦੇ ਉਕਤ ਪ੍ਰਮਾਣ ਨੰ. ੧ ਵਿਚ ਸੁੰਦ ਉਪਸੁੰਦ ਦਾ ਕੇਸਾਧਾਰੀ ਹੋਣਾ, ਪ੍ਰ. ਨੰ: ੨, ੩ ਤੇ ੪ ਵਿਚ ਸ੍ਰੀ ਕ੍ਰਿਸ਼ਨ ਔਰ ਅਰਜਨ ਦੇ ਕੋਲ ਆਇ ਅਗਨੀਦੇਵ ਦੇ ਕੇਸਾਂ, ਪ੍ਰ: ਨੰ: ੫ ਵਿਚ ਸ੍ਰੀ ਕ੍ਰਿਸ਼ਨ ਅਥਵਾ ਬਲਰਾਮ ਦੇ ਕੇਸਾਂ ਅਤੇ ਪ੍ਰ: ਨੰ: ੬ ਵਿਚ ਫਿਰ ਅਗਨੀ ਦੇਵਤਾ ਦੇ ਕੇਸਾਂ ਦਾ ਵਰਣਨ ਹੈ ਜਿਸ ਤੋਂ ਉਕਤ ਵਿਅਕਤੀਆਂ ਦਾ ਕੇਸਾਧਾਰੀ ਹੋਣਾ ਸਪੱਸ਼ਟ ਹੈ।

ਨੋਟ--ਮਹਾਂ ਭਾਰਤ ਦਾ ਉਕਤ ਟੀਕਾ 'ਜਿਸ ਤੋਂ ਕੇਵਲ ਲਮੂਨੇ ਮਾਤਰ ਥੋੜੇ ਹੀ ਪ੍ਰਮਾਣ ਲਏ ਹਨ, ੧੯੫੬ ਵਿਚ ਗੋਰਖਪੁਰ ਪ੍ਰੈਸ ਵਿਚ ਛਪਿਆ ਹੈ। ਸਾਰੇ ਮਹਾਂ ਭਾਰਤ ਵਿਹ ਕੇਸਾਂ ਦੀ ਮਹਾਨਤਾ ਬਾਰੇ ਸੈਂਕੜੇ ਸ਼ਲੋਕ ਹਨ ਜੋ ਪੁਸਤਕ ਦੇ ਵਧ ਜਾਣ ਕਾਟਣ ਨਹੀਂ ਨਿਖੇ ਗਏ।

## ਕੇਸ ਅਤੇ ਅਸ੍ਵਮੇਧ ਪੁਰਾਣ

ਇਸ ਨਾਮ ਦਾ ਇਕ ਬਹੁਤ ਵਡਾ ਪੁਰਾਤਨ ਗ੍ਰੰਥ ਹੈ ਜਿਸ ਦਾ ਸੰਸਕ੍ਰਿਤ ਤੋਂ ਸਰਲ ਪੰਜਾਬੀ ਕਵਿਤਾ ਵਿਚ ਉਲਥਾ, ਜਲਾਲਪੁਰ ਵਾਸੀ ਕਵੀ 'ਟਹਿਕਨ' ਨੇ ਕੀਤਾ ਹੈ। ਜੋ ਗੁਰੂ ਕਲਗੀਧਰ ਜੀ ਦੇ ੫੨ ਕਵੀਆਂ ਵਿਚੋਂ ਇਕ ਪ੍ਰਸਿੱਧ ਕਵੀ ਸੀ।

ਇਸ ਗ੍ਰੰਥ ਦੇ ਲਿਖਣ ਦਾ ਸੰਮਤ ਬਿ: ੧੭੨੬ ਬਣਦਾ ਹੈ। ਕਵੀ ਟਹਿਕਨ ਲਿਖਦਾ ਹੈ :

'ਅਸ੍ਵਮੇਧ ਕ੍ਰਿਤ ਬਹੁ ਬਿਸਤਾਰਾ।
ਅਰਥ ਸਹੰਸ ਕ੍ਰਿਤ ਅਪਰ ਅਪਾਰਾ।
ਕਹੂੰ ਕਵਿਤਾ ਦੋਹਿਰਾ ਕੀ ਗਤਿ।
ਵਰਣਨ ਕਰੋਂ ਜਥਾ ਅਪਨੀ ਮਤਿ।

ਭਾਵ--ਇਹ ਬਹੁਤ ਵਡਾ ਅਸ੍ਵਮੇਧ ਗ੍ਰੰਥ ਜੋ ਸੰਸਕ੍ਰਿਤ ਵਿ ਹੈ ਇਸ ਨੂੰ ਆਪਣੀ ਬੁਧਿ ਅਨੁਸਾਰ ਮੈ ਦੋਹਿਰੇ ਆਦਿ (ਪੰਜਾਬ ਕਵਿਤਾ) ਵਿਚ ਵਰਣਨ ਕਰਦਾ ਹਾਂ।

ਸੰਮਤੁ ਸਰੁ ਦਸ ਸਪਤ ਸਤੁ, ਅਧਕ ਬਰਸ ਖਟ ਬੀਸ।
ਥਿਤਿ ਤ੍ਰਿਉਦਸੀ ਹਾੜ ਵਦਿ, ਬੁਧਵਾਰ ਸ਼ੁਭ ਦੀਸ।

ਪਦ ਅਰਥ--ਮੰਮਤ=(ਬਿ: ਸੰਮਤ) ਸਰ=ਸ੍ਰੇਸ਼ਟ। ਦ ਸਪਤ=ਦਸ ਤੇ ਸੱਤ ਸਤਾਰਾਂ। ਸਤੁ=ਸੈ। ਅਧਕ ਬਰਸ=ਵ ਸਾਲ। ਖਟ ਬੀਸ=ਖਟ ਛੇ, ਤੇ ਬੀਸ=ਵੀਹ।

ਭਾਵ--ਸ਼ੁਭ ਸੰਮਤ ਸਤਾਰਾਂ ਸੌ ਛੱਬੀ ਹਾੜ ਦੀ ਤ੍ਰਿਉਦ ਬੁਧ ਵਾਰ ਦਾ ਸ਼ੁਭ ਦਿਨ ਹੈ।

ਸ਼ੁਭ ਨਿਛੱਤ੍ਰ ਸ਼ੁਭ ਘੜੀ ਮਹੂਰਤ। ਕਹੂੰ ਕਥਾ ਸੁਧਾ ਰਸ ਪੂਰਤ
[ਅਸ੍ਵਮੇਧ ਪੁਰਾਣ ਧਿ. ੧ ਪੰ. ੧

ਭਾਵ--(ਜਦ) ਇਸ ਸ਼ੁਭ ਘੜੀ ਤੇ ਸ਼ੁਭ ਦਿਨ ਨੂੰ ਮੈਂ ਗ੍ਰੰਥ ਦੀ ਅੰਮ੍ਰਿਤ ਮਈ ਕਥਾ ਨੂੰ ਲਿਖਣਾ ਅਰੰਭ ਕਰਦਾ ਹਾਂ।

ਸੋ ਇਸ ਗ੍ਰੰਥ ਦਾ, ਜੋ ਗ਼ਾਲਬਨ ਦੋ ਸੌ ਸਾਲ ਦਾ ਪੁਰਾ ਲਿਖਤੀ ਨੁਸਖਾ ਮੇਰੇ ਪਾਸ ਹੈ, ਇਹ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਆਕਾਰ ਤੋਂ ਥੋੜ੍ਹਾ ਹੀ ਛੋਟਾ ਹੈ ਅਤੇ ਇਸ ਦੇ ਪੰਨੇ ੯੫੪ ਅਰਥ ੪੫੨ ਪਤਰੇ ਵਡੇ ਅਕਾਰ ਦੇ ਹਨ।

ਪੁਰਾਣੀਆਂ ਲਿਖਤਾਂ ਵਿਚ ਆਮ ਤੌਰ ਤੇ ਸੰਮਤ ਬਿ ਅਤੇ ਸਫਿਆਂ ਦੀ ਥਾਂ ਇਕ ਇਕ ਵਰਕੇ ਤੇ ਹੀ ਪੱਤ੍ਰਿਆਂ ਦੀ ਗਿ ਹੁੰਦੀ ਹੈ ਇਸ ਲਈ ਅਸਾਂ ਵੀ ਸਫੇ ਦੀ ਥਾਂ ਪਤਰੇ ਦਾ ਹੀ ਹਵ ਦਿਤਾ ਹੈ।

ਗ੍ਰੰਥ ਦੇ ਲਿਖਣ ਕਾਲ ਤੋਂ ਪਤਾ ਲਗਦਾ ਹੈ ਕਿ ਉਸ ਸਮੇਂ ਗੁਰੂ ਕਲਗੀਧਰ ਜੀ ਦੀ ਸਰੀਰਕ ਆਯੂ ਕੇਵਲ ਢਾਈ ਸਾਲ ਦੇ ਕਰੀਬ ਸੀ, ਕਿਉਂਕਿ ਮਹਾਰਾਜ ਦਾ ਅਵਤਾਰ ਬਿ: ਸੰ: ੧੭੨੩ ਪੋਹ ਵਿਚ ਹੋਇਆ ਸੀ।

ਇਸ ਤੋਂ ਇਹ ਜ਼ਾਹਿਰ ਹੁੰਦਾ ਹੈ ਕਿ ਕਵੀ ਟਹਿਕਨ ਉਸ ਸਮੇਂ ਯੁਬਾ ਅਵਸਥਾ ਵਿਚ ਸਨ ਅਤੇ ਪਿਛਲੇਰੀ ਉਮਰ ਵਿਚ ਗੁਰੂ ਕਲਗੀਧਰ ਜੀ ਦੀ ਸ਼ਰਣ ਆਏ ਸਨ। ਇਸ ਲਈ ਉਨ੍ਹਾਂ ਨੇ ਗੁਰੂ ਘਰ ਦਾ ਇਸ ਵਿਚ ਕੋਈ ਜ਼ਿਕਰ ਨਹੀਂ ਕੀਤਾ ਉਨ੍ਹਾਂ ਦਾ ੫੨ ਕਵੀਆਂ ਵਿਚ ਨਾਮ ਆਮ ਇਤਿਹਾਸਕ ਗ੍ਰੰਥਾਂ ਵਿਚ ਮਿਲਦਾ ਹੈ।

ਇਸ ਗ੍ਰੰਥ ਵਿਚ ਮੁਖ ਮਜ਼ਮੂਨ ਤਾਂ ਅਸ੍ਵਮੇਧ ਯੱਗ ਦਾ ਹੈ ਜੋ ਪਾਂਡਵਾਂ ਨੇ ਆਪਣੀ ਜਿਤ ਪਿਛੋਂ ਕੀਤਾ ਸੀ, ਪਰ ਹੋਰ ਵੀ ਬਹੁਤ ਕੁਝ ਇਸ ਵਿਚ ਦਰਜ ਹੈ। ਇਸ ਦੇ ਉਚਾਰਨ ਵਾਲੇ ਰਿਸ਼ੀ ਜੈਮਨ ਜੀ ਹਨ। ਬਹੁਤ ਵਡਾ ਅਤੇ ਪੁਰਾਤਨ ਲਿਖਤ ਹੋਣ ਕਾਰਨ ਇਸ ਨੂੰ ਅੱਖਰ ਅੱਖਰ ਨਹੀਂ ਵਾਚਿਆ ਜਾ ਸਕਿਆ ਤੇ ਨਾ ਹੀ ਕੇਸਾਂ ਬਾਰੇ ਆਏ ਸਾਰੇ ਹਵਾਲੇ ਨੋਟ ਕੀਤੇ ਹਨ, ਕੇਵਲ ਕੁਝ ਕੁ ਹੀ 'ਕੇਸ ਚਮਤਕਾਰ' ਪੁਸਤਕ ਵਿਚ ਅੰਕਤ ਕਰਨ ਲਈ ਲਏ ਹਨ, ਜਿਨ੍ਹਾਂ ਦੇ ਪੜ੍ਹਨ ਨਾਲ ਪੁਰਾਤਨ ਸਮੇਂ ਵਿਚ ਕੇਸਾਂ ਦੀ ਮਹਾਨਤਾ ਤੇ ਸਤਿਕਾਰ ਦਾ ਪਤਾ ਚਲਦਾ ਹੈ। ਕਵੀ ਟਹਿਕਨ ਗ੍ਰੰਥ ਦੇ ਅੰਤ ਵਿਚ ਲਿਖਦੇ ਹਨ:-

'ਟਹਿਕਨ ਕਬਿ ਜਲਾਲ ਪੁਰ ਬਾਸੀ।
ਛੱਤ੍ਰ ਧਰਮ ਨੰਦ ਲਾਲ ਉਪਾਸੀ।
ਪਿਤਾ ਰੰਗੀਲ ਦਾਸ ਜਹਿ ਨਾਮਾਂ।
ਜਾਤ ਚੋਪੜਾ ਕੁਲ ਅਭਿਰਾਮਾਂ।
ਸਮੇਂ ਪਾਇ ਹੋ ਗਇਓ ਸਿਪਾਹੀ।
ਹੈ ਕ੍ਰਿਤ ਭਾਖਾ ਕਰੀ ਤਹਾਹੀ।
ਪ੍ਰਿਥਮ ਸਹੰਸਕ੍ਰਿਤ ਸੁਣ ਲੀਨੀ।
ਤਾ ਪਾਛੇ ਭਾਖਾ ਕਰ ਦੀਨੀ।

ਇਸ ਅਲੋਲਕ ਰਚਨਾ ਵਿਚ ਕੇਸਾਂ ਬਾਰੇ ਹਵਾਲੇ ਵ
ਪ੍ਰਸੰਗਾਂ ਚੋਂ ਕੁਝਕੁ ਇਉਂ ਹਨ :-

ਨਗਨ **ਜਟਾਂ** ਹੈ ਲੋਲ ਕੁੰਡਲ ਕਪੋਲਨ ਪਰ,
ਦਸਨ ਦਮਕ ਛਬ ਕੋਟਨ ਧਰਤ ਹੈ।
[ਅ. ਵਿ. ਧਿ. ੨ ਪੱਤਰਾ ੭]

ਭਾਵ-ਇਸ ਵਿਚ ਕ੍ਰਿਸ਼ਨ ਜੀ ਦੇ ਸੁੰਦਰ ਕੇਸਾਂ (ਜ
ਵਰਣਨ ਹੈ।

ਕਮਲ ਨੈਨ ਪੀਤੰਬਰ ਧਾਰੈ।
ਮੁਖ ਮੁਰਲੀ ਕੁੰਡਲ **ਘੁੰਗਰਾਲੇ**।
[ਅ. ਵਿ. ਧਿ. ੧੦ ਪੱਤਰੇ ੫੩]

ਭਾਵ-ਇਥੇ ਵੀ ਕ੍ਰਿਸ਼ਨ ਜੀ ਦੇ ਕੁੰਡਲਦਾਰ ਕੇਸਾਂ ਦਾ
ਹੈ।

ਇਕ ਪੁਰਖਨ ਕੇ **ਕੇਸ** ਜਰੈਂ ਤਨ।
ਸਸਤ੍ਰ ਪੜੈਂ ਗਿਰ ਸੂਰ ਡਰੈਂ ਮਨ।

ਭਾਵ-ਇਸ ਵਿਚ ਮਹਾਂ ਭਾਰਤ ਦੇ ਯੁਧ ਸਮੇਂ ਪਾਵਕ
ਯੋਧੇ ਵਲੋਂ ਚਲਾਇ ਅਗਨੀ ਬਾਣ ਨਾਲ ਸੂਰਮਿਆਂ ਦੇ
ਕੇਸ ਸੜਦੇ ਦਸੇ ਗਏ ਹਨ।

ਪ੍ਰਥਮੇ ਹੀ ਬਿਨੋਦ ਨੇ ਗ੍ਰਸਿਓ।
**ਦਾੜ੍ਹੀ** ਮੂਛ ਜਾਰ ਦਸ ਰਸਿਓ।
[ਅ. ਵ. ਧਿ. ੧੫ ਪੱਤਰਾ ੯੫]

ਭਾਵ–ਪਾਵਨ ਨਾਮ ਰਿਸ਼ੀ ਨੇ ਕ੍ਰੋਧਿਤ ਹੋ ਕੇ ਆਪਣੇ ਵਿਰੋਧੀ ਬਿਨੋਧ ਨਾਮੀ ਬ੍ਰਾਹਮਣ ਦੀਆਂ ਮੁੱਛਾਂ ਤੇ ਦਾੜ੍ਹੀ ਜਲਾ ਦਿਤੀ।

ਕ੍ਰੋਧਤ ਹੋ ਪਾਵਕ ਫੁਕਿਓ ਮੁਖ।
ਲਾਗੀ ਸੜਨ ਸਭਾ ਦਾਰਨ ਦੁਖ।
ਬੈਠਾ ਥਾ ਮੰਤਰੀ ਕ੍ਰਿਪ ਜਹਾਂ।
ਅਗਨ ਪ੍ਰਵੇਸ਼ ਕੀਓ ਤਬ ਤਹਾਂ।
ਦੀਪਕ ਜਿਉਂ ਪਟ ਜਰਹਿ ਪ੍ਰਧਾਨਾ।
ਪ੍ਰਥਮੇ ਪਾਗ ਜਰੀ ਦੁਖ ਮਾਨਾ।
**ਦਾੜ੍ਹੀ ਮੂਛ ਕੇਸ** ਜੁਨ ਜਾਰੇ।
ਬਸਨ ਭਸਮ ਕਰ ਭੂਪਤ ਡਾਰੇ।
[ਅ. ਵ. ਧਿ. ੧੫ ਪੰ. ੯੪]

ਭਾਵ–ਇਨ੍ਹਾਂ ਸਤਰਾਂ ਵਿਚ ਪਾਵਕ ਰਿਸ਼ੀ ਵਲੋਂ ਅਗਨੀ ਪ੍ਰਚੰਡ ਕਰ ਕੇ ਰਾਜਾ ਨੀਲਧੁਜ ਤੇ ਵਜ਼ੀਰ ਦੀ ਪੱਗ ਅਥਵਾ ਦਾੜ੍ਹੀ, ਮੁਛਾਂ, ਕੇਸ ਜਲਾ ਦੇਣ ਦਾ ਜ਼ਿਕਰ ਹੈ, ਜਿਸ ਤੋਂ ਪ੍ਰਗਟ ਹੈ ਕਿ ਉਸ ਸਮੇਂ ਰਾਜੇ ਮਹਾਰਾਜੇ ਅਥਵਾ ਵਜ਼ੀਰ ਲੋਕ ਕੇਸ ਰਖਦੇ ਤੇ ਪੱਗ ਬੰਨ੍ਹਦੇ ਸਨ।

ਪ੍ਰਥਮੇ ਪਾਗ ਉਤਾਰੋ ਵਾਕੀ।
ਕੱਸ ਬਾਂਧੋ ਦੋਨੋ ਭੁਜ ਤਾਕੀ।
ਲਿਆਵਹੁਭਗਤ ਪਕੜ ਗਹਿ **ਕੇਸਾ**।
ਬਾਂਧੋ ਸੁਤ ਕੋ ਕਹਿਓ ਨਰੇਸਾ।
[ਅ. ਵ. ਧਿ. ੧੯ ਪੱਤਰਾ ੧੨੧]

ਭਾਵ–'ਹੰਸ ਧੁਜ' ਨਾਮੀ ਰਾਜੇ ਨੇ ਆਪਣੇ ਪੁਤਰ'ਸੁਧੰਨਵਾ' ਨੂੰ ਉਪਦੇਸ਼ ਕੀਤਾ ਕੇ ਐ ਪੁਤਰ ਜੱਤ ਸੱਤ ਵਿਚ ਪ੍ਰਪੱਕ ਰਹਿ ਕੇ ਹੁਣੇ



ਜੁਧ ਵਿਚ ਜਾਓ, ਪਰ 'ਸੁਧੰਨਵਾ' ਇਸਤ੍ਰੀ ਮੋਹ ਕਾਰਣ ਪਿਤਾ
ਆਗਿਆ ਦਾ ਪਾਲਣ ਨ ਕਰ ਸਕਿਆ।

ਜਦ ਹੰਸ ਧੁਜ ਨੂੰ ਪਤਾ ਲਗਾ ਕਿ ਮੇਰਾ ਪੁਤਰ ਇਕ ਕਿ
ਲਈ ਆਪਣੀ ਇਸਤ੍ਰੀ ਪਾਸ ਰਹਿ ਪਿਆ ਹੈ। ਸਮੇਂ ਸਿਰ ਰਣ ਮੈ
ਵਿਚ ਨਹੀਂ ਪੁਜਿਆ ਤਾਂ ਉਸ ਨੇ ਕ੍ਰੋਧਿਤ ਹੋ, ਇਹ ਕਹਿ ਕੇ ਆਪ
ਦੂਤ ਭੇਜੇ ਕਿ 'ਸੁਧੰਨਵਾ' (ਭਗਤ) ਨੂੰ ਉਸੇ ਦੀ ਪੱਗ ਨਾਲ ਦੋਹੱਥ
ਬੰਨ੍ਹ ਕੇ ਕੇਸਾਂ ਤੋਂ ਫੜ ਕੇ ਘਸੀਟ ਕੇ ਮੇਰੇ ਪਾਸ ਲਿਆਓ।

ਸੁਣ ਹਰ ਭਗਤ ਮੁਦਤ ਹੋਇ,
ਆਗਿਆ ਮਾਨੀ ਬਾਪ।
**ਕੇਸ** ਦੀਏ ਕਰ (ਹੱਥ) ਦੂਤ ਕੇ,
ਬੈਠ ਗਇਓ ਰਥ ਆਪ।
ਦੂਤੋਂ ਕੇ ਜੀਅ ਤ੍ਰਾਸ ਭਯੋ ਤਬ,
ਭਗਤ **ਕੇਸ** ਪਗੜੇ ਕਰਮੈ ਜਬ।
[ਅ. ਵਿ. ਧਿ. ੧੯ ਪੱ. ੧੨੨]

ਭਾਵ–ਜਦ ਦੂਤਾਂ ਨੇ ਜਾ ਸੁਧੰਨਵਾ ਨੂੰ ਰਾਜਾ ਦਾ ਹੁਕ
ਸੁਣਾਇਆ ਤਾਂ ਉਸ ਨੇ ਕੇਸ ਖੋਹਲ ਕੇ ਦੂਤਾਂ ਦੇ ਹੱਥ ਫੜਾ ਦਿਤੇ
ਆਪ ਰਥ ਤੇ ਬੈਠ ਗਿਆ। ਇਸ ਲੰਬੇ ਇਤਿਹਾਸ ਵਿਚ ਲਿਖਿ
ਹੈ ਕਿ ਹੰਸ ਧੁਜ ਨੇ ਗੁੱਸੇ ਵਿਚ ਆ ਕੇ ਅਤੇ ਪ੍ਰੋਹਤਾਂ ਦੇ ਆਖੇ ਲ
ਕੇ (ਕਿ ਜੋ ਪੁਤਰ ਪਿਤਾ ਦੀ ਆਗਿਆ ਦਾ ਤਤ ਛਿਨ ਪਾਲਨ
ਕਰੇ, ਤੇਲ ਵਿਚ ਤਲ ਕੇ ਜਲਾ ਦੇਣ ਯੋਗ ਹੈ) ਤਿੰਨ ਵੇਰ ਤੇਲ ਉਬ
ਕੇ ਸੁਧੰਨਵਾਂ ਨੂੰ ਵਿਚ ਪਾਇਆ, ਪਰ ਉਸ ਦੀ (ਕੇਸਾਧਾਰੀ ਤੇ ਜ
ਤਪੀ ਹੋਣ ਕਾਰਣ) ਅਰਦਾਸ ਤੋਂ ਪ੍ਰਭੂ ਨੇ ਵਾਲ ਵਾਲ ਉਸ ਦੀ ਸਹ
ਇਤਾ ਕੀਤੀ ਅਤੇ ਉਸ ਨੂੰ ਆਂਚ ਤਕ ਨ ਆਈ। ਕੇਸਾਂ ਦੀ ਮਹਾਨ

ਤੇ ਪੇਂਦ ਦਾ ਇਹ ਇਕ ਬਹੁਤ ਵਡਾ ਪੁਰਾਣਕ ਸਬੂਤ ਹੈ।

ਸੀਸ ਚਰਨ ਪਰ ਬਿਖਰੇ **ਕੇਸਾ**।
ਭਯੋ ਬੱਭ੍ਰਵਾਹਿਨ ਇਹੁ ਭੇਸਾ।
[ਅ. ਵ. ਧਿ. ੨੯. ਪੰ. ੧੯੨]

ਭਾਵ–ਅਰਜਨ ਦਾ ਪੁਤਰ ਬਭ੍ਰਵਾਹਿਨ ਜਦ ਆਪਣੇ ਪਿਤਾ ਦੇ ਚਰਨਾਂ ਤੇ ਆ ਕੇ ਸੀਸ ਰਖਦਾ ਹੈ ਇਹ ਉਸ ਸਮੇਂ ਦਾ ਜ਼ਿਕਰ ਹੈ, ਜਿਸ ਵਿਚ ਬਭ੍ਰਵਾਹਿਨ ਦੇ ਕੇਸਾਂ ਦਾ ਵਰਣਨ ਹੈ।

ਰੁਦਰ ਚਲਿਓ ਤਨ ਭੀਗੇ **ਕੇਸਾ**।
ਲਪਟਾਨੋ ਰਜ ਬਸਣ ਸੁਦੇਸਾ।
[ਅ. ਵ. ਧਿ. ੩੫ ਪੰ. ੨੦੮]

ਭਾਵ–ਰਾਮ ਚੰਦਰ ਜੀ ਦਾ ਛਡਿਆ ਘੋੜਾ ਬਨ ਵਿਚ ਜਦ ਲੋਊ ਨੇ ਫੜਿਆ ਤਾਂ ਉਥੇ ਹੀ ਸਤ੍ਰਘਨ ਤੇ ਲਛਮਨ ਨਾਲ (ਜੋ ਘੋੜੇ ਦੇ ਨਾਲ ਸੈਨਾ ਦੇ ਕੇ ਤੋਰੇ ਗਏ ਸਨ) ਲੋਊ ਕੁਸ਼ੂ ਦਾ ਜੁਧ ਹੋਇਆ, ਜਿਸ ਵਿਚ ਘਾਇਲ ਹੋਏ ਲੋਊ ਦੇ ਕੇਸ ਖ਼ੂਨ ਵਿਚ ਭਿੱਜੇ ਮਿੱਟੀ ਵਿਚ ਰੁਲਦੇ ਦਸੇ ਹਨ।

ਦਾੜ੍ਹੀ ਮੂਛ ਜਰੇ ਸਭ **ਕੇਸਾ**।
ਸਿਆਮ ਭਏ ਮੁਖ ਪ੍ਰਬਲ ਨਰੇਸਾ।
[ਅ. ਵ. ਵਿ. ੩੮ ਪੰ. ੨੧੯]

ਭਾਵ–ਲੋਊ ਕੁਸ਼ੁ ਨਾਲ ਜੁਧ ਸਮੇਂ ਅਗਨ ਬਾਨਾਂ ਨਾਲ ਰਾਮ ਚੰਦਰ ਦੀ ਸੈਨਾ ਦੀਆਂ ਦਾੜ੍ਹੀਆਂ ਮੁਛਾਂ ਸੜਨ ਦਾ ਜ਼ਿਕਰ ਹੈ, ਜਿਸ ਤੋਂ ਜ਼ਾਹਿਰ ਹੈ ਕਿ ਸਭ ਰਾਜੇ ਮਹਾਂਰਾਜੇ ਜੋਧੇ ਕੇਸਾਧਾਰੀ ਹੁੰਦੇ ਸਨ।

ਬੇਦੀ ਪਰ ਫੇਰੇ ਰਘਬਰ ਸੁਤ।
ਦੋਊ ਤੇਜਸੀ ਅਤਿ ਸੁੰਦਰ ਦੁਤ।
ਕਟਸ ਦੀਸ ਪਰ ਬਨੀ ਕਛੋਟੀ।
ਲੁਕਟੀ ਹਾਥ ਤਨਕ, **ਸਿਰ ਚੋਟੀ**।
[ਅ. ਵਿ. ਧਿ. ੩੪ ਪੰ. ੨੦੪]

ਭਾਵ–ਲੋਊ ਕੁਸ਼ ਦੇ ਤੇਜ ਪ੍ਰਤਾਪ ਦਾ ਹਾਲ ਲਿਖਦੇ ਉਨ੍ਹਾਂ ਨੂੰ ਕੱਛੇ ਪਹਿਨੇ ਅਤੇ (ਚੋਟੀ) ਜੂੜਿਆਂ ਵਾਲੇ (ਕੇਸਾ ਦਸਿਆ ਹੈ।

ਨੋਟ–ਰਾਮ ਚੰਦਰ ਅਤੇ ਲੋਊ ਕੁਸ਼ ਦੀ ਕਥਾ ਇਸ ਗ੍ਰੰਥ ਜੁੱਧਾਂ ਦੇ ਹਵਾਲੇ ਦੇ ਤੌਰ ਤੇ ਆਈ ਹੈ।

ਅਰਧ **ਕੇਸ** ਉਤ ਉਰ ਕੀਏ ਚੁਣ।
ਅਰਧ **ਕੇਸ** ਇਤ ਓਰ ਰਹੇ ਝੁਨ।
ਕਰਤਵ ਲੇ ਮਾਥੇ ਪਰ ਧਰਿਓ।
ਦੁਤਨ ਪ੍ਰਤਿ ਨ੍ਰਿਪ ਆਗਿਆ ਕਰਿਓ।
[ਅ. ਵ. ਧਿ ੪੫ ਪੰ. ੨੧੪]

ਭਾਵ–ਮਹਾਂ ਦਾਨੀ ਰਾਜਾ ਮੋਰਧ੍ਵੱਜ ਦਾ ਇਮਤਿਹਾਨ ਲਈ ਜਦ ਕ੍ਰਿਸ਼ਨ ਜੀ ਗਏ ਤਾਂ ਉਨ੍ਹਾਂ ਦੀ ਮੰਗ ਅਨੁਸਾਰ ਨੇ ਆਪਣੇ ਪੁਤ੍ਰ ਤਾਮਰ ਧ੍ਵਜ ਦਾ ਮਾਸ ਅਰਪਨ ਕਰਨ ਲਈ ਦੇ ਜੂੜੇ ਨੂੰ ਖੋਹਲ ਕੇ ਕੇਸਾਂ ਨੂੰ ਅੱਗੇ ਪਿਛੇ ਕੀਤਾ ਤਾਂ ਕਿ ਆਸਾਨੀ ਨਾਲ ਚਲ ਸਕੇ।

ਸ਼ੰਕਰ ਕੇ ਉਰ ਨਾਗ ਬਰਾਜਤ।
**ਜਟਾ** ਮੁਕਟ ਸਿਰ ਅਤ ਛਬ ਛਾਜਤ।
[ਅ, ਵਿ. ਧਿ. ੧੦ ਪੰ. ੪੨੮]

ਭਾਵ–ਇਥੇ ਸ਼ਿਵ ਜੀ ਨੂੰ ਜਟਾਧਾਰੀ ਅਰਥਾਤ ਕੇਸਾਂ ਦਸਿਆ ਗਿਆ ਹੈ।

# ਕੁਝ ਨੋਟ

ਕੇਸਾਂ ਬਾਰੇ ਵੇਦਾਂ ਪੁਰਾਣਾਂ ਸ਼ਾਸਤ੍ਰਾਂ ਦੇ ਮੰਤ੍ਰ ਵਿਸਥਾਰ ਸਹਿਤ ਲਿਖਣ ਨਾਲ ਖਾਸੀ ਵਡੀ ਪੁਸਤਕ ਬਣ ਸਕਦੀ ਹੈ, ਜਿਸ ਤੋਂ ਸੰਕੋਚ ਕਰਦੇ ਹੋਏ ਕੁਝ ਮੰਤਰਾਂ ਦਾ ਕੇਵਲ ਭਾਵ ਅਤੇ ਹਵਾਲਾ ਹੀ ਦਿਤਾ ਜਾਂਦਾ ਹੈ।

(੧) ਰਿਘ ਵੇਦ ਵਿਚ ਲਿਖਿਆ ਹੈ ਕਿ ਗੰਧਰਬ ਲੋਕ ਸਭ ਕੇਸਾਧਾਰੀ ਹਨ ਅਤੇ ਰੱਬੀ ਬਰਕਤ ਵੀ ਕੇਸਾਂ ਕਾਰਣ ਹੁੰਦੀ ਹੈ।

(ਰਿ: ਮੰ: ੩. ਸੂ: ੩੮, ਮੰਤਰ ੩)

(੨) 'ਸੂਰਜ ਜਲ' ਔਖਦੀਆਂ ਅਤੇ ਬਨਾਸਪਤੀ ਆਦਿ ਦੇ ਮੁਖੀ ਦੇਵਤਿਆਂ ਦੇ ਸਿਰ ਤੇ ਕੇਸ ਹਨ।

(ਰਿ: ਮੰ: ੫ ਅ: ੨ ਮੰਤਰ ੧੧)

(੩) 'ਇੰਦਰ ਦੇਵਤਾ ਆਪਣੇ ਤੇਜ ਪ੍ਰਤਾਪ ਦੇ ਵਧਾਉਣ ਹਿਤ ਕੇਸ ਵਧਾਉਂਦਾ ਹੈ।

(ਰਿ: ਮੰ: ੮ ਅ: ੫, ਮੰਤਰ ੬)

(੪) ਰਿਘ ਵੇਦ ਵਿਚ ਇਕ ਤਾਂਡੀ, ਨਾਮੀ ਬ੍ਰਾਹਮਣ ਵਲੋਂ ਪ੍ਰਾਰਥਨਾ ਹੈ ਕਿ ਐ ਲੋਕੋ ! ਰੱਬ ਅਗੇ ਅਰਦਾਸ ਕਰੋ ਸਾਡੇ ਕੇਸ ਲੰਬੇ ਹੋਣ।

(ਰਿ: ਅ: ੪ ਪੰ: ੯ ਬ੍ਰ: ੨੦)

(੫) ਇਸੇ ਤਰ੍ਹਾਂ ਬ੍ਰ: ੨੧ ਅਤੇ ੨੨ ਵਿਚ ਲਿਖਿਆ ਹੈ ਕਿ ਕੇਸ ਕਟਾ ਦੇਣ ਵਾਲਾ ਸ਼ੋਭਾ ਹੀਨ ਹੋ ਜਾਂਦਾ ਹੈ।

ਯੁਜਰ ਵੇਦ ਵਿਚ ਲਿਖਿਆ ਹੈ ਕਿ ਚੀਨੀ, ਤੈਰਾਣੀ ਅਤੇ ਮੰਗੋਲੀ ਲੋਕ ਇਸ ਲਈ ਸਿਰ ਦੇ ਕੇਸ ਨਹੀਂ ਕਟਾਂਦੇ ਸਨ ਕਿ ਇਹ ਐਸ੍ਵਰਜ (ਤੇਜ ਪ੍ਰਤਾਪ) ਦਾ ਕਾਰਣ ਹਨ।

(ਯੁ: ਅ: ੧੯ ਮੰ: ੯੨)

(੬) ਬਾਲਮੀਕੀ ਰਾਮਾਇਣ ਦੇ ਪਹਿਲੇ ਕਾਂਡ ਸਰਗ ੫ ਵਿਚ ਲਿਖਿਆ ਹੈ ਕਿ ਰਾਵਣ ਵੀ ਕੇਸਾਂ ਵਾਲਾ ਸੀ।

(੭) ਜਟਾਊ ਨੇ ਜਦ ਰਾਵਣ ਦੇ ਕੇਸ ਪੁਟੇ ਤਾਂ ਉਸ ਮਿਤਰਾਂ ਨੇ ਬਹੁਤ ਸ਼ੋਕ ਪ੍ਰਗਟ ਕੀਤਾ।

(ਬਾ: ਰਾ: ਲੰਕਾ ਕਾਂ ਸਰਗ ੧੪)

(੮) ਦੇਵਤਿਆਂ ਤੇ ਦੈਂਤਾਂ ਦੇ ਯੁਧਸਮੇਂ ਦੈਂਤਾਂ ਦੀਆਂ ਲਾਸ਼ ਦੇ ਕੇਸ ਖਿਲਰੇ ਹੋਏ ਜ਼ਮੀਨ ਪਰ ਪਏ ਸਨ।

(ਬਾ: ਰਾ: ਸਰਗ ੨੧)

(੯) ਰਾਜਾ ਪ੍ਰੀਛਤ ਨੂੰ ਕਥਾ ਸੁਣਾਉਣ ਵਾਲਾ ਮੁਨੀ ਸੁਕ ਦੇਵ ਕੇਸਾਧਾਰੀ ਸੀ।

(ਭਾ: ਸ: ੩ ਧਿ ੧੯ ਸ. ੭)

(੧੦) ਬੈਰਾਟ ਰਾਜਾ ਕੇਸਾਧਾਰੀ ਸੀ।

(ਭਾ: ਸ: ੨: ਧਿ: ੧ ਸ. ੩੪)

(੧੧) ਦੁਰਬਾਸ਼ਾ ਰਿਸ਼ੀ ਕੇਸਾਧਾਰੀ ਸੀ ਅਤੇ ਉਸ ਦੀ ਦਾੜ ਬੜੀ ਲੰਬੀ ਸੀ।

(ਗਾਰਗੀਬ ਸੰਘਯਤਾ ਦੁ. ਖੰ. ਧਿ. ੧੦ ਸ. ੨੫)

(੧੨) ਮਹਾਤਮਾਂ ਬੁਧ ਕੇਸਾਧਾਰੀ ਸੀ।

(ਮੇਹਰ ਸੰਘਯਤਾ ਧਿ. ੫੮ ਸ. ੪੪)

(੧੩) ਜੈਨ ਮਤ ਦਾ ਬਾਨੀ ਜਿੰਨੂ ਕੇਸਾਧਾਰੀ ਸੀ।

(ਮਿਸਰੀ ਸ. ਧਾ. ਉਧਾਰ ੧੦)

(੧੪) ਜੈਨੀਆਂ ਦਾ ਇਕ ਬਜ਼ੁਰਗ ਰਿਖਭਦੇਵ ਕੇਸਾਧਾਰੀਸ

(ਭਾ. ਸਿ. ੫ ਧਿ. ੬)

(੧੫) ਭਵਿਖਯਤ ਪੁਰਾਣ ਦੀ ਬ੍ਰਾਹਮਣ ਸਾਂਹਿਤਾ ਵਿਚ ਦਰਜ ਹੈ ਸਾਬਤ ਸੂਰਤ ਲੰਬੇ ਕੇਸਾਂ ਵਾਲਾ ਹੀ ਰਾਜ ਤਖਤ ਤੇ ਬੈਠਣ ਦਾ ਅਧਿਕਾਰੀ ਹੈ।

(੧੬) ਧਰਮ ਸਾਸਤ੍ਰ ਵਿਚ ਲਿਖਿਆ ਹੈ ਕਿ ਸਨਿਆ-ਸੀਆਂ ਦੇ ਵਡੇ ਵਡੇਰੇ ਕੇਸਾਧਾਰੀ ਹੁੰਦੇ ਸਨ ਇਸ ਲਈ ਸੰਨਿਆਸੀਆਂ ਨੂੰ ਸਾਬਤ ਸੂਰਤ ਰਹਿਣਾ ਚਾਹੀਦਾ ਹੈ।

(ਧ. ੭. ਤ. ਪ੍ਰ. ੭. ਸ. ੧੫)

(੧੭) ਗ੍ਰਿਹਤ ਕਰਨ ਸਮੇਂ ਇਸਤ੍ਰੀ ਪੁਰਸ਼ ਨੂੰ ਕੇਸਾਂ ਨੂੰ ਹਥ ਨਹੀਂ ਲਾਣਾ ਚਾਹੀਦਾ ਤਾਂ ਕਿ ਕੇਸਾਂ ਦੀ ਬਿਅਦਬੀ ਨਾ ਹੋਵੇ।

(ਯਾਗਵਲਕ ਬਿ. ਸੰ. ਸ. ੨੮੩)

(੧੮) ਕੇਸਾਂ ਨੂੰ ਖਾਣਾ ਖਾਣ ਸਮੇਂ ਨੰਗੇ ਜਾਂ ਖੁਲ੍ਹੇ ਨਹੀਂ ਰਖਣਾ ਚਾਹੀਦਾ (ਤਾਕਿ ਬੇਅਦਬੀ ਨਾ ਹੋਵੇ)।

(ਅਨੇਕ ਪ. ਗ੍ਰੰਥ ਹਵਾਲਾ ਕੇਤਿਆਂ ਸਿਮ੍ਰਤੀ)

(੧੯) ਪ੍ਰਾਤਾਕਾਲ ਹਰਰੋਜ਼ ਕੇਸਾਂ ਨੂੰ ਕੰਘਾਕਰਨਾ ਚਾਹੀਦਾ।

(ਬ੍ਰੇਹਤ ਗਾਰਗੀਯ)

(੨੦) ਅਨ ਕਰਮੀ ਦੇ ਕਰਤਾ ਕਾਤਿਆਇਨੀ ਰਿਸ਼ੀ ਲਿਖਦੇ ਹਨ ਕਿ ਕੇਸਾਂ ਨੂੰ ਹਥਾਂ ਨਾਲ ਝਾੜਨਾ ਯੋਗ ਨਹੀਂ, ਕੰਘਾ ਕਰਨਾ ਚਾਹੀਏ। ਸਿਰ ਮਾਰਨਾ ਵੀ ਕੇਸਾਂ ਦੀ ਬੇਅਦਬੀ ਹੈ।

(੨੧) ਰਾਜਾ ਦਲੀਪ ਕੇਸਾਧਾਰੀ ਸੀ।

(ਰਘੂਵੰਸ਼ ਕਾਵ. ਸ ੨ ਸ. ੮)

(੨੨) (ਪੁਰਾਣੇ ਜ਼ਮਾਨੇ ਵਿਚ) ਕਸ਼ਮੀਰ ਦਾ ਰਾਜਾ 'ਹਰਖ' ਅਤੇ ਉਸ ਦੀ ਸਾਰੀ ਪਰਜਾ ਕੇਸਾਧਾਰੀ ਸੀ।

(ਅਖਿ. ਰਾਜ ਤ੍ਰੰ. ਸ. ੭ ਤੇ ੯੨੨)

(੨੩) ਕੇਸਾਂ ਨੂੰ ਕੰਘਾ ਕਰਨਾ ਅੱਖਾਂ ਦੀ ਜੋਤ ਨੂੰ ਵਧਾਂਦਾ ਹੈ।

(ਪੋ. ਜਹਾਈ ਭ. ੩ ਸਫਾ ੩੦)

(੨੪) ਕੇਸ ਕਾਇਮ ਰਹਿਣ ਨਾਲ ਸਰੀਰਕ ਬਲ,
ਸਤਿਕਾਰ ਅਤੇ ਆਯੂ ਵਿਚ ਬ੍ਰਿਧੀ ਹੁੰਦੀ ਹੈ।

(ਵੈ. ਗ੍ਰੰਥ ਸੂ. ੨ ਧਿ. ੨ ਸ. ੩੦)

(੨੫) ਖਲੜੀ, ਮਾਸ, ਝਿਲੀ ਭੇਂਜਾ ਦਿਮਾਗ ਬਾਰੀਕ
ਪੱਠੇ, ਚਰਬੀ ਆਦਿ ਸਭ ਦੀ ਮਿਲਵੀਂ ਤਾਕਤ ਨਾਲ ਕੇਸ
ਹਨ ਜੋ ਸਿਰ ਦੀ ਰੱਖਿਆ ਕਰਦੇ ਹਨ।

(ਤਿਬ ਅਕਬਰੀ ਧਿ. ੧)

(੨੬) ਕੇਸਾਂ ਨੂੰ ਸੰਭਾਲ ਕੇ ਸਾਫ ਤੇ ਸੁਥਰਾ ਰ
ਚਾਹੀਦਾ ਹੈ।

(ਬ੍ਰਿ: ਨਿ: ਰਤਨ ਕਰ ਕਾ ੨ ਸ. ੧੪੯)

(੨੭) ਸ਼ਿਵ ਪੁਰਾਣ ਅਨੁਸਾਰ ਸ਼ਿਵ ਦਾ ਪਾਰਬਤੀ ਨੂੰ
ਤਬ ਕਰਦੇ ਹੋਏ ਜ਼ਿਕਰ ਹੈ ਕਿ ਗੁਰੂ ਵਾਲੇ ਅਤੇ ਗੁਰਮੰਤ੍ਰ ਧ
ਲੋਕਾਂ ਨੂੰ ਕੇਸ ਸਾਬਤ ਰਖਣੇ ਚਾਹੀਦੇ ਹਨ।

(੨੮) ਮਾਰਕੰਡੇ ਪੁਰਾਣ ਵਿਚ ਸਾਰਾਧਾਂ ਵਾਲੇ ਦਿਨਾਂ
ਕੇਸ ਕਟੇ ਬ੍ਰਾਹਮਣ ਤੇ ਜਜਮਾਨ ਦਾ ਦਰਸ਼ਨ ਕਰਨਾ ਮਨ੍ਹਾ ਲਿ
ਹੈ।

(ਇਕ ਪੁਰਾਣੀ ਪੁਸਤਕ ਦੇ ਅਧਾਰ ਤੇ)

ਇਹ ਅਤੇ ਇਸ ਤਰ੍ਹਾਂ ਦੇ ਹੋਰ ਬਿਅੰਤ ਕੇਸਾਂ ਦੀ ਮਹ
ਬਾਰੇ ਹਵਾਲਿਆਂ ਨਾਲ ਪੁਰਾਤਨ ਗਰੰਥ ਭਰੇ ਪਏ ਹਨ।

ਇਹ ਹਨ ਕੇਸਾਂ ਬਾਰੇ ਵੇਦਾਂ, ਪੁਰਾਣਾਂ, ਉਪਨਿ
ਸਿਮ੍ਰਤੀਆਂ ਅਤੇ ਰਾਮਾਇਣ ਆਦਿ ਪ੍ਰਸਿੱਧ ਪੁਸਤਕਾਂ
ਰਾਵਾਂ ਜੋ ਅੱਖੀਂ ਵੇਖੀਆਂ ਅਤੇ ਇਕ ਇਕ ਪਦ ਦਾ ਅਰਥ
ਕੇ ਲਿਖੀਆਂ ਹਨ, ਤਾਂ ਕਿ ਕਿਸੇ ਨੂੰ ਸ਼ੱਕ ਸ਼ੁਬ੍ਹਾ ਨਾ ਰਹੇ। ਜੇ ਕਿ
ਉਕਤ ਪ੍ਰਮਾਣਾਂ ਤੇ ਸ਼ੱਕ ਗੁਜ਼ਰੇ ਤਾਂ ਉਪਰ ਲਿਖੇ ਸਫਿਆਂ ਪੰ
ਅਤੇ ਮੰਤਰਾਂ ਵਿਚ ਆਪ ਪੜ੍ਹ ਕੇ ਵੇਖ ਸਕਦਾ ਹੈ, ਇਸੇ

ੁਸਤਕਾਂ ਦੇ ਨਾਮ, ਧਿਆ, ਮੰਤ੍ਰ, ਸ਼ਲੋਕ, ਖੰਡ ਅਤੇ ਟੀਕਿਆਂ ੇ ਨਾਮ ਲਿਖ ਦਿਤੇ ਹਨ ਤਾਂ ਕਿ ਪਾਠਕਾਂ ਨੂੰ ਆਸਾਨੀ ਰਹੇ।

ਖ਼ਾਸ ਨੋਟ–ਵੇਦਾਂ ਪੁਰਾਣਾਂ ਆਦਿ ਦੇ ਸਾਰੇ ਉਕਤ ਮੰਤ੍ਰਾਂ ੇ ਪਦ ਅਰਥ ਤੇ ਭਾਵ ਦਾਸ ਨੇ ਉੱਪਰ ਲਿਖੇ ਟੀਕਿਆਂ ਤੋਂ ੜ੍ਹੇ ਸੁਣੇ ਤਾਂ ਹਨ, ਪਰ ਅਰਥ ਕਰਨ ਵੇਲੇ ਕਿਸੇ ਟੀਕੇ ਦੀ ਨਕਲ ਨਹੀਂ ਉਤਾਰੀ। ਪਦ ਅਰਥ, ਅਰਥ ਅਤੇ ਭਾਵ ਅਰਥਾਂ ਦੀ ਵਾਰਤਕ ਰਚਨਾ ਆਪਣੀ ਬੁੱਧੀ ਅਨੁਸਾਰ ਕੀਤੀ ਹੈ। ਉਹਨਾਂ ਟੀਕਿਆਂ ਤੇ ਅਰਥ ਬੜੇ ਪੁਰਾਣੇ ਢੰਗ ਨਾਲ ਲਿਖੇ ਹੋਏ ਹਨ।

ਪਦ ਅਰਥ ਅਤੇ ਅਰਥਾਂ ਵਿਚ ਹਿੰਦੀ ਜ਼ਬਾਨ ਇਸ ਲਈ ਵਰਤੀ ਹੈ ਕਿ ਸੰਸਕ੍ਰਿਤ ਮੰਤ੍ਰਾਂ ਦੇ ਅਰਥਾਂ ਨਾਲ ਏਹੀ ਵਧੇਰੇ ਮੇਲ ਖਾਂਦੀ ਸੀ। ਅਗੇ ਭਾਵ ਨੂੰ ਪੰਜਾਬੀ ਵਿਚ ਲਿਖ ਦਿਤਾ ਹੈ। ਸੰਸਕ੍ਰਿਤ ਨੂੰ ਪੰਜਾਬੀ ਵਿਚ ਉਲਥਾਂਉਂਦਿਆਂ ਕਈ ਦਿੱਕਤਾਂ ਪੇਸ਼ ਆਈਆਂ ਹਨ, ਪਰ ਇਸ ਤਰ੍ਹਾਂ ਕੀਤੇ ਬਿਨਾਂ ਪਾਠਕਾਂ ਦੇ ਪੱਲੇ ਕੁਝ ਨਹੀਂ ਸੀ ਪੈਣਾ। ਜੇ ਪਾਠਕਾਂ ਨੇ ਇਸ ਪੁਸਤਕ ਦੀ ਭੂਮਿਕਾ ਪੜ੍ਹ ਲਈ ਹੈ, ਜਾਂ ਪੜ੍ਹ ਲੈਣ ਤਾਂ ਉਹਨਾਂ ਨੂੰ ਵੇਦ ਮੰਤ੍ਰਾਂ ਦੇ ਪੜ੍ਹਨ ਅਤੇ ਵਿਸੱਰਗਾਂ ਆਦਿ ਸਮਝਣ ਵਿਚ ਹੋਰ ਵੀ ਆਸਾਨੀ ਰਹੇਗੀ।

## ਕੇਸ ਤੇ ਗੁਰਬਾਣੀ

ਦੁਨੀਆਂ ਭਰ ਦੇ ਧਰਮਵਾਦੀ ਲੋਕਾਂ ਦਾ ਹੋਰ ਕਿਸੇ ਅਸੂਲ ਬਾਰੇ ਭਾਵੇਂ ਸਿੱਖ ਧਰਮ ਨਾਲ ਮਤਭੇਦ ਹੋਵੇ, ਪਰ ਗੁਰਬਾਣੀ ਨਾਲ ਕਿਸੇ ਨੂੰ ਵੀ ਇਖ਼ਤਲਾਫ ਨਹੀਂ, ਜੇ ਹੋਵੇ ਵੀ ਤਾਂ ਉਸੇ ਨੂੰ ਹੋ ਸਕਦੀ ਹੈ ਜਿਸ ਨੇ ਕਦੇ ਵੀਚਾਰ ਦੁਆਰਾ ਗੁਰਬਾਣੀ ਦਾ ਪਾਠ ਕੀਤਾ,

ਸੁਣਿਆ ਜਾਂ ਸਮਝਿਆ ਨ ਹੋਵੇ। ਵਿਚਾਰਵਾਨ ਲੋਕਾਂ ਦਾ ਭ
ਤਬਕਾ 'ਭਾਵੇਂ' ਉਹ ਕਿਸੇ ਵੀ ਮਜ਼੍ਹਬ ਨਾਲ ਸਬੰਧ ਰਖਦਾ ਹੋ
ਗੁਰਬਾਣੀ ਦਾ ਸਤਿਕਾਰ ਕਰਦਾ ਹੈ, ਕਿਉਂਕਿ ਇਸ ਵਿੱਚ ਸ
ਮਾਨਵ ਜਾਤੀ ਲਈ ਸਾਂਝਾ ਉਪਦੇਸ਼ ਹੈ। ਜੇ ਸਿੱਖੀ ਦੇ ਕਿਸੇ ਅ
ਤੇ 'ਜੋ ਯੂਨੀਵਰਸਲ ਹੋਵੇ' ਕਿਸੇ ਤਰ੍ਹਾਂ ਦੀ ਬਹਿਸ ਛਿੜ ਪਵੇ
ਕਈ ਸੱਜਣ ਝੱਟ ਕਹਿ ਦੇਂਦੇ ਹਨ ਕਿ ਇਹ ਗੱਲ ਬਾਣੀ ਵਿਚ ਕਿ
ਲਿਖੀ ਹੋਈ ਹੈ? ਜਿਵੇਂ ਕਿ ਕੇਸਾਂ ਬਾਰੇ ਕਈ ਲੋਕ ਕਹਿੰਦੇ
ਜਾਂਦੇ ਹਨ ਕਿ ਬਾਣੀ ਵਿਚ ਕਿੱਥੇ ਲਿਖਿਆ ਹੈ ਕੇਸ ਰਖਣੇ ਚਾ
ਹਨ। ਬਹੁਤ ਸਾਰੇ ਸਹਿਜਧਾਰੀ ਸਿੱਖ ਵੀ' 'ਜਿਨ੍ਹਾਂ ਦਾ ਬਾਣੀ
ਅਟੱਲ ਵਿਸ਼ਵਾਸ਼ ਹੈ, ਇਹੀ ਖ਼ਿਆਲ ਬਣਾਈ ਬੈਠੇ ਹਨ ਕਿ ਬ
ਵਿਚ ਕੇਸਾਂ ਬਾਰੇ ਕੋਈ ਪਾਬੰਦੀ ਨਹੀਂ। ਇਸ ਲਈ ਇਥੇ ਕੁ
ਸ਼ਬਦ ਬਾਣੀ ਦੇ ਲਿੱਖਣੇ ਜ਼ਰੂਰੀ ਹਨ ਜੋ ਕੇਸਾਂ ਦੀ ਹੋਂਦ ਨੂੰ ਦਰ
ਹਨ।

(੧) ਮੇਰੇ ਰਾਮ ਹਰਿ ਜਨ ਕੈ ਹਉ ਬਲਿ ਜਾਈ।
**ਕੇਸਾ** ਕਾ ਕਰਿ ਚਵਰੁ ਢੁਲਾਵਉਚਰਣ ਧੂੜਿ ਮੁਖਿਲਾਏ
[ਸੂਹੀ ਮ: ੫, ਸ: ੭੪੯

(੨) ਮੇਰਾ ਮਨੁ ਸਾਧੂ ਧੂਰਿ ਰਵਾਲ॥ ਹਰਿ ਹਰਿ ਨਾਮੁ
ਦ੍ਰਿੜਾਇਓ ਗੁਰ ਮੀਠਾ ਗੁਰ ਪਗ ਝਾਰਹ ਹਮ **ਬਾ**
[ਪ੍ਰਭਾਤੀ ਮ: ੪ ਸ: ੧੩੩੫

(੩) ਸਤਿਗੁਰ ਅਪਨਾ ਸਦ ਸਦਾ ਸਮਾਰੇ। ਗੁਰ ਕੇ ਚਰ
**ਕੇਸ** ਸੰਗਿ ਝਾਰੇ। [ਆਸਾ ਮ: ੫ ਸ: ੩੮੭

(੪) ਟਹਿਲ ਕਰਉ ਤੇਰੇ ਦਾਸ ਕੀ ਪਗ ਝਾਰਉ **ਬਾਲ**

ਮਸਤਕ ਆਪਨਾ ਭੇਟ ਦੇਓ ਗੁਨ ਸੁਨਉ ਰਸਾਲ । ੧ ।
[ਬਿਲਾਵਲ ਮ: ੫ ਸ: ੮੧੦]

(੫) **ਕੇਸਾ** ਕਾ ਕਰਿ ਬੀਜਨਾ ਸੰਤ ਚਉਰੁ ਢੁਲਾਵਉ । ਸੀਸ ਨਿਹਾਰਉ ਚਰਣ ਤਲਿ ਧੂਰਿ ਮੁਖਿ ਲਾਵਉ । ੧ ।
[ਸੂਹੀ ਮ: ੫ ਸ: ੭੪੫]

(੬) ਕਰਿ ਕਿਰਪਾ ਆਪਨਾ ਦਰਸ ਦੀਜੈ ਜਸ ਗਾਵਉ ਨਿਸਿ ਅਰੁ ਭੋਰ । **ਕੇਸ** ਸੰਗਿ ਦਾਸ ਪਗ ਝਾਰਉ ਇਹੈ ਮਨੋਰਥ ਮੋਰ ।
[ਗੂਜਰੀ ਮ: ੫ ਸ: ੫੦੦]

(੭) ਤੇਰੇ ਬੰਕੇ ਲੋਇਣ ਦੰਤ ਰੀਸਾਲਾ । ਸੋਹਣੇ ਨੱਕ ਜਿਨ ਲੰਮੜੇ **ਵਾਲਾ** ।
[ਵਡਹੰਸ ਮ: ੧ ਸ: ੫੬੭]

(੮) ਕਾਇਆ ਕਿਰਦਾਰ ਅਉਰਤ ਯਕੀਨਾ । ਰੰਗ ਤਮਾਸੇ ਮਾਣਿ ਹਕੀਨਾ । ਨਾਪਾਕ ਪਾਕੁ ਕਰਿ ਹਦੂਰਿ ਹਦੀਸਾ ਸਾਬਤ ਸੂਰਤਿ ਦਸਤਾਰ ਸਿਰਾ । ੧੨ ।
[ਮਾਰੂ ਮ: ੧ ਸ: ੧੦੮੪]

(੯) ਨਾ ਸਤਿ ਮੁੰਡ ਮੁੰਡਾਈ **ਕੇਸੀ** ਨ ਸਤਿ ਪੜਿਆ ਦੇਸ ਫਿਰਹਿ । ਨਾ ਸਤਿ ਰੁਖੀ ਬਿਰਖੀ ਪਥਰ ਆਪੁ ਤਛਾਵਹਿ ਦੁਖ ਸਹਹਿ ।
[ਸਲੋਕ ਮ: ੧ ਸ: ੯੫੨]

ਉਪਰ ਲਿੱਖੇ ਪਰਮਾਣ ਨੰ: ੧ ਵਿੱਚ ਗੁਰੂ ਸਾਹਿਬ ਨੇ ਕੇਸਾਂ ਨੂੰ ਚਵਰ ਦੀ, ਪ੍ਰਸ਼ਨ ਨੰ: ੩–੪ ਅਤੇ ੬ ਵਿੱਚ ਲੰਬੇ ਬਸਤ੍ਰ (ਤੋਲੀਏ ਆਦਿ ਦੀ ਅਤੇ ਪ੍ਰ: ਨੰ: ੫ ਵਿੱਚ ਪੱਖੇ ਦੀ ਤਸ਼ਬੀਹ ਦਿਤੀ ਹੈ, ਜੋ ਕੇਸਾਂ ਦੇ ਲੰਬੇ ਅਤੇ ਸਾਬਤ ਹੋਣ ਦਾ ਪਰਤੱਖ ਸਬੂਤ ਹੈ । ਅੱਗੇ

ਪ੍ਰ: ਨੰ: ੭ ਵਿੱਚ ਗੁਰੂ ਨਾਨਕ ਸਾਹਿਬ ਨੇ ਵਾਹਿਗੁਰੂ ਦੇ
ਸਰੂਪ ਨੂੰ ਕੇਸਾਧਾਰੀ ਦੱਸਿਆ ਹੈ । ਪ੍ਰ. ਨੰ. ੮ ਵਿੱਚ ਇਕ
ਪ੍ਰਤੀ ਸਾਬਤ ਸੂਰਤ ਰਹਿਣ ਅਥਵਾ ਸਿਰ ਤੇ ਪੱਗ ਬੰ
ਉਪਦੇਸ਼ ਦਿਤਾ ਹੈ, ਜੋ ਇਸਲਾਮੀ ਪੁਸਤਕਾਂ (ਹਦੀਸਾਂ) ਵਿ
ਮੌਜੂਦ ਹੈ । ਅਤੇ ਪ੍ਰ. ਨੰ. ੯ ਵਿਚ ਸਾਫ ਤੋਰ ਤੇ ਕੇਸ ਕ
ਨਾਲ ਸਤਿ ਦੀ ਪ੍ਰਾਪਤੀ ਅਸੰਭਵ ਦਸੀ ਹੈ । ਕੀ ਅਜੇ ਵੀ
ਸੰਦੇਹ ਹੈ ਕਿ ਗੁਰਬਾਣੀ ਵਿਚ ਕੇਸਾਧਾਰੀ ਹੋਣ ਦਾ ਉਪਦੇਸ਼
ਗੁਰਬਾਣੀ ਤੇ ਇਤਕਾਦ ਰੱਖਣ ਵਾਲਿਆਂ ਨੂੰ ਇਹ ਸੋਚਣਾ
ਹੈ ਕਿ ਜੇ ਉਹ ਕੇਸਾਂ ਬਾਰੇ ਉਕਤ ਫੁਰਮਾਣਾਂ ਦੇ ਬਾਵਜੂ
ਕਟਾਂਦੇ ਹਨ ਤਾਂ ਉਨ੍ਹਾਂ ਦਾ ਆਪਣੇ ਆਪ ਨੂੰ ਗੁਰੂ ਕੇ ਸਿੱਖ
ਸਮਝਣ ਦੇ ਕੀ ਅਰਥ ਹੋ ਸਕਦੇ ਹਨ ।

## ਕੇਸ ਅਤੇ ਭਗਤ ਬਾਣੀ

ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਜੋ ਭਗਤਾਂ ਦੀ ਬਾਣੀ
ਵੀ ਗੁਰਬਾਣੀ ਦਾ ਹੀ ਦਰਜਾ ਰੱਖਦੀ ਹੈ, ਕਿਉਂਕਿ ਗੁਰੂ
ਦੇਵ ਜੀ ਨੇ ਆਪਣੇ ਮੁਖ਼ਾਰਬਿੰਦ ਦੁਆਰਾ ਬੋਲਦੇ ਹੋ
ਗੁਰਦਾਸ ਜੀ ਪਾਸੋਂ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਆਪ
ਕਰਵਾਈ ਹੈ । ਪਾਠਕ ਇਹ ਜਾਣਦੇ ਹੀ ਹਨ ਕਿ ਭਗਤ ਸ
ਸਾਹਿਬਾਂ ਤੋਂ ਪਹਿਲਾਂ ਹੋਏ ਹਨ* ਅਤੇ ਉਹ ਸਾਰੇ ਹੀ ਕੇ

---

*ਕਈ ਇਤਿਹਾਸਕਾਰਾਂ ਨੇ ਕਬੀਰ ਜੀ ਦੀ ਹੋਂ
ਨਾਨਕ ਸਾਹਿਬ ਦੇ ਸਮੇਂ ਦੱਸੀ ਹੈ ।

ਸਨ। ਜਿਹਾ ਕਿ ਹੇਠ ਲਿਖੇ ਸ਼ਬਦਾਂ ਤੋਂ ਪ੍ਰਗਟ ਹੈ :-

(੧) ਹਾਡ ਜਲੇ ਜੈਸੇ ਲਕਰੀ ਕਾ ਤੂਲਾ। **ਕੇਸ** ਜਲੇ ਜੈਸੇ ਘਾਸ
ਕਾ ਪੂਲਾ। [ਗੋਂਡ ਕਬੀਰ ਜੀ ਸ. ੮੭੦]

(੨) ਕਾਹੇ ਕੀਜਤ ਹੈ ਮਨ ਭਾਵਨ। ਜਬ ਜਮ ਆਇ
**ਕੇਸ** ਤੇ ਪਕਰੈ ਤਹ ਹਰਿ ਕੋ ਨਾਮੁ ਛਡਾਵਨ।
[ਮਾਰੂ ਕਬੀਰ ਜੀ, ਸ. ੧੧੦੪]

(੩) ਜਉ ਜਮ ਆਇ **ਕੇਸ** ਗਹਿ ਪਟਕੈ।
ਤਾ ਦਿਨ ਕਿਛੁ ਨ ਬਸਾਹਿਗਾ।
[ਮਾਰੂ ਕਬੀਰ ਜੀ, ਸ. ੧੧੦੬]

(੪) ਬਾਰਿਕ ਤੇ ਬਿਰਧਿ ਭਇਆ ਹੋਨਾ ਸੋ ਹੋਇਆ।
ਜਾ ਜਮ ਆਇ **ਝੋਟ** ਪਕਰੈ ਤਬਹਿ ਕਾਹੇ ਰੋਇਆ।
[ਆਸਾ ਕਬੀਰ ਜੀ, ਸ. ੪੮੧]

(੫) ਕਬੀਰ ਹਾਡ ਜਰੇ ਜਿਉ ਲਾਕਰੀ **ਕੇਸ** ਜਰੇ ਜਿਉ ਘਾਸ।
ਇਹੁ ਜਗੁ ਜਰਤਾ ਦੇਖਿ ਕੈ ਭਇਓ ਕਬੀਰੁ ਉਦਾਸੁ।
[ਕਬੀਰ ਜੀ ਸ. ੧੩੬੬]

(੬) ਕਬੀਰ ਪ੍ਰੀਤਿ ਇਕ ਸਿਉ ਕੀਏ ਆਨ ਦੁਬਿਧਾ ਜਾਇ।
ਭਾਵੈ ਲਾਂਬੇ ਕੇਸ ਕਰੁ ਭਾਵੈ ਘਰਰਿ ਮੁੰਡਾਇ।
[ਕਬੀਰ ਜੀ ਸ. ੧੩੬੫]

(੭) ਕਬੀਰ ਮਨੁ ਮੂੰਡਿਆ ਨਹੀ ਕੇਸ ਮੁੰਡਾਏ ਕਾਂਇ।
ਜੋ ਕਿਛੁ ਕੀਆ ਸੋ ਮਨ ਕੀਆ ਮੂੰਡਾ ਮੂੰਡੁ ਅਜਾਂਇ।
[ਕਬੀਰ ਜੀ ਸ. ੧੩੬੯]

ਭਗਤਾਂ ਚੋਂ ਕਬੀਰ ਜੀ ਨੂੰ ਸ਼੍ਰੋਮਣੀ ਮੰਨਿਆ ਗਿਆ ਹੈ।
ਜੋ ਆਪਣੇ ਸਮੇਂ ਦੀ ਇਕ ਸੁਧਾਰਕ ਹਸਤੀ ਸਨ। ਉਨ੍ਹਾਂ ਨੇ ਭੇ
ਪਾਖੰਡ ਅਤੇ ਮਨ ਮਤਿ ਦਾ ਜ਼ੋਰਦਾਰ ਸ਼ਬਦਾਂ ਵਿੱਚ ਖੰਡਣ ਕੀਤਾ ਹੈ
ਕੇਸਾਂ ਨੂੰ ਪ੍ਰ. ਨੰ. ੧ ਵਿੱਚ ਆਪ ਨੇ ਘਾਹ ਦੇ ਪੂਲੇ ਦੀ ਤਸ਼ਬੀਹ ਦਿੱ
ਹੈ। ਇਹ ਹਰ ਕੋਈ ਜਾਣਦਾ ਹੈ ਕਿ ਪੂਲਾ ਲੰਬੇ ਲੰਬੇ ਘਾਹ ਦੇ ਬੱ
ਗੱਠੇ ਨੂੰ ਕਹਿੰਦੇ ਹਨ। ਇਸ ਤੋਂ ਸਿੱਧ ਹੁੰਦਾ ਹੈ ਕਿ ਆਪ ਦੇ ਸਾਂ
ਵੀ ਬਹੁਤੇ ਲੋਕਾਂ ਦੇ ਕੇਸ ਸਾਬਤ ਹੁੰਦੇ ਸਨ। ਪ੍ਰ: ਨੰ: ੫ ਵਿੱਚ ਆ
ਕੇਸਾਂ ਨੂੰ ਘਾਸ ਵਰਗੇ ਲੰਬੇ ਦੱਸ ਰਹੇ ਹਨ। ਪ੍ਰ: ਨੰ: ੨ ਤੇ
ਵਿੱਚ ਜਮਾਂ ਵਲੋਂ ਜੀਵ ਨੂੰ ਕੇਸਾਂ ਤੋਂ ਫੜਨਾ ਅ
ਪ੍ਰ: ਨੰ: ੪ ਵਿੱਚ ਆਪ ਨੇ ਕੇਸਾਂ ਬਾਰੇ ਝੋਟ ਸ਼ਬਦ ਵਰਤਿਆ
ਜਿਸ ਦੇ ਅਰਥ ਜੂੜਾ ਹਨ। *ਜਿਸ ਤੋਂ ਸਪੱਸ਼ਟ ਹੈ ਕਿ ਉਹ ਲੋ
ਕੇਸ ਰਖਦੇ ਅਤੇ ਜੂੜਾ ਕਰਦੇ ਸਨ।

ਪ੍ਰ: ਨੰ: ੬ ਵਿੱਚ ਕਬੀਰ ਜੀ ਨੇ ਜੋ ਭਾਵੇ ਲਾਂਬੇ ਕੇਸ ਕਰ ਭਾ
ਘਰਰਿ ਮੁੰਡਾਇ, ਲਿੱਖਿਆ ਹੈ ਇਸ ਦੀ ਆੜ ਲੈ ਕੇ ਆਮ ਕੇਸਾਂ
ਵਿਰੋਧੀ ਕਹਿੰਦੇ ਰਹਿੰਦੇ ਹਨ ਕਿ ਬਾਣੀ ਦੀ ਇਸ ਤੁਕ ਅਨੁਸਾ
ਕੇਸ ਰਖਣੇ ਜ਼ਰੂਰੀ ਨਹੀਂ। ਇਸ ਲਈ ਇਨ੍ਹਾਂ ਤੁੱਕਾਂ ਦੇ ਭਾਵ
ਇਥੇ ਖੋਲ੍ਹ ਕੇ ਲਿਖਣਾ ਜ਼ਰੂਰੀ ਹੈ। ਇਸ ਪੂਰੇ ਸ਼ਬਦ ਦਾ ਅਰ
ਇਉਂ ਹੈ :-

ਅਰਥ-ਪ੍ਰੀਤੀ ਇਕ (ਵਾਹਿਗੁਰੂ) ਨਾਲ ਕੀਤਿਆਂ
(ਆਨ) ਹੋਰ ਦੁਬਧਾ ਆਦਿ ਬੁਰਾਈਆਂ ਦਾ ਨਾਸ਼ ਹੁੰਦਾ ਹੈ। (ਇ
ਦੇ ਉਲਟ) ਭਾਵੇਂ ਬੰਦਾ ਕੇਸਾਂ ਨੂੰ ਲੰਬੇ ਕਰੇ (ਜਟਾਂ ਬਣਾਵੇ) ਤੇ ਭਾ
ਰਗੜ ਕੇ ਮੁੰਨਾ ਦੇਵੇ। (ਦੁਬਧਾ ਨਹੀਂ ਜਾਂਦੀ ਤੇ ਨਾ ਦੁਬਧਾ ਮਿ
ਬਿਨਾਂ ਈਸ਼ਵਰ ਦੀ ਪ੍ਰਾਪਤੀ ਹੋ ਸਕਦੀ ਹੈ)।

ਇਥੇ ਇਸ ਸ਼ਬਦ ਦਾ ਪਰਕਰਣਕ ਪਦ ਪ੍ਰੀਤਿ ਹੈ, ਇ

---

*ਦੇਖੋ ਗੁਰੂ ਗ੍ਰੰਥ ਕੋਸ਼ ਖਾ. ਟ੍ਰੈ. ਸੁ. ਦਾ ਸ਼ਬਦ 'ਝੋਟ'

ਲਈ ਪਹਿਲੇ ਇਹ ਵੇਖਣਾ ਜ਼ਰੂਰੀ ਹੈ ਕਿ ਪ੍ਰੀਤਿ ਦੇ ਕੀ ਲੱਛਣ ਹੁੰਦੇ ਹਨ।

ਪ੍ਰੀਤ ਤੋਂ ਭਾਵ ਹੈ ਅਤੀ ਪਿਆਰ ਅਤੇ ਪਿਆਰ ਦੀ ਨਿਸ਼ਾਨੀ ਹੈ ਆਗਿਆ ਦਾ ਪਾਲਣ ਕਰਨਾ। ਜੇ ਕੋਈ ਪੁਤ੍ਰ, ਚੱਲੇ ਪਿਤਾ ਦੇ ਹੁਕਮ ਦੇ ਉਲਟ, ਅਤੇ ਜ਼ਾਹਿਰ ਕਰੇ ਆਪਣੇ ਆਪ ਨੂੰ ਪਿਤਾ ਦਾ ਪ੍ਰੀਤਵਾਨ, ਤਾਂ ਇਹ ਇਕ ਹਾਸੋ ਹੀਣੀ ਗੱਲ ਹੈ। ਕਬੀਰ ਜੀ ਨੇ ਇਹ ਸ਼ਬਦ ਉਚਾਰਿਆ ਹੀ ਕੇਸਾਂ ਦੇ ਮੰਡਨ ਵਿੱਚ ਹੈ। ਜਿਸ ਵਿੱਚ ਆਪ ਕੇਸ ਕਟਾਉਣ ਵਾਲੇ ਸੰਨਿਆਸੀਆਂ, ਬਣਾਉਟੀ ਜਟਾਂ ਬਣਾਉਣ ਵਾਲੇ ਜੋਗੀਆਂ ਅਤੇ ਆਮ ਕੇਸਾਂ ਦੇ ਵਿਰੋਧੀਆਂ ਨੂੰ ਉਪਦੇਸ਼ ਕਰਦੇ ਹਨ, ਕਿ ਈਸ਼੍ਵਰ ਨਾਲ ਪ੍ਰੀਤੀ ਦਾ ਲੱਛਣ ਉਸ ਦੀ ਆਗਿਆ ਅੰਦਰ ਸਾਬਤ ਸੂਰਤ ਰਹਿਣਾ ਹੈ, ਜੋ ਇਸ ਹੁਕਮ ਦੀ ਉਲੰਘਣਾ ਕਰਦਾ ਹੈ ਅਰਥਾਤ ਉਸ ਦੀ ਬਣਾਈ ਸੂਰਤ ਨੂੰ ਭੰਨਦਾ ਹੈ ਉਹ ਕਦੇ ਰੱਬ ਨੂੰ ਨਹੀਂ ਪਾ ਸਕਦਾ।

ਦੂਜਾ ਭੇਦ ਇਸ ਸ਼ਬਦ ਵਿਚ ਇਹ ਹੈ ਕਿ ਇਥੇ 'ਕਰੁ' ਸ਼ਬਦ ਸੰਬੋਧਕ-ਕਿਰਿਆ ਵਾਚਕ ਹੈ, ਜਿਸ ਦੇ ਅਰਥ ਹਨ, ਕੁਝ ਕਰਨਾ। ਹੁਣ ਅਸੀਂ ਪੁਛਦੇ ਹਾਂ ਕਿ ਕੀ ਕੇਸਾਂ ਨੂੰ ਲੰਬਾ ਕਰਨਾ ਮਨੁੱਖ ਦੇ ਹੱਥ ਹੈ ? ਜੇ ਇਹ ਗੱਲ ਹੈ ਤਾਂ ਜਿਹੜੇ ਲੋਕ ਖੋਦੇ ਹੁੰਦੇ ਹਨ ਉਹ ਦਾੜ੍ਹੀ ਲੰਬੀ ਕਿਉਂ ਨਹੀਂ ਕਰ ਲੈਂਦੇ ਅਤੇ ਜਿਨ੍ਹਾਂ ਦੀ ਉੱਗਦੀ ਹੀ ਨਹੀਂ, ਉਹ ਉਂਗਾਅ ਕਿਉਂ ਨਹੀਂ ਲੈਂਦੇ ?

ਠੀਕ ਗੱਲ ਤਾਂ ਇਹ ਹੈ ਕਿ ਕਬੀਰ ਜੀ ਦਾ ਇਸ਼ਾਰਾ ਇਥੇ ਲਾਂਬੇ ਕੇਸ ਕਰੁ, ਵਿੱਚ ਬੋਹੜ ਦਾ ਦੁਧ ਲਾ ਕੇ ਬਣਾਉਟੀ ਵਾਲ ਵਧਾਉਣ ਵਾਲਿਆਂ ਵਲ ਹੈ ਅਤੇ 'ਘਰਰਿ ਮੁੰਡਾਇ' ਦਾ ਇਸ਼ਾਰਾ ਸੰਨਿਆਸੀਆਂ ਅਥਵਾ ਆਮ ਕੇਸ ਕਟਾਉਣ ਵਾਲਿਆਂ ਵਲ, ਕਿਉਂਕਿ ਇਨ੍ਹਾਂ ਦੋਨੋਂ ਮੱਤਾਂ ਦੇ ਆਚਾਰਯ (ਆਗੂ) ਇਸ ਤਰ੍ਹਾਂ ਕਰ ਕੇ ਆਪਣੇ ਆਪ ਨੂੰ ਈਸ਼ੁਰ ਪ੍ਰਾਪਤੀ ਦਾ ਦਾਹਵੇਦਾਰ ਮੰਨਦੇ ਸਨ, ਇਸ ਲਈ ਆਪ ਨੇ ਉਨ੍ਹਾਂ ਦੇ ਭੁਲੇਖੇ

ਕੀਤਾ ਹੈ। ਕਿ ਇਹ ਕਿਵੇਂ ਹੋ ਸਕਦਾ ਹੈ ਕਿ

ਪਾਸੇ ਰੱਬ 'ਘਰਰਿ ਮੂੰਡਾਂ' ਉਤੇ ਪ੍ਰਸੰਨ ਹੋਵੇ ਅਤੇ ਦੂਜੇ ਪਾ

ਗਜ਼ ਜਟਾਂ ਵਾਲਿਆਂ ਤੇ, ਉਹ ਤਾਂ 'ਗੋਵਿਦ ਭਾਉ ਭਗਤਿ ਕ

ਹੈ ਅਤੇ ਭਾਉ ਭਗਤੀ ਦਾ ਪਹਿਲਾ ਸਾਧਨ, ਉਸ ਦੇ ਹੁਕ

ਸਿਰ ਝੁਕਾਉਣਾ ਹੈ। ਜੋ ਸਾਬਤ ਸੂਰਤ ਰਹੇ ਦਿਨਾਂ ਪੂਰਾ

ਸਕਦਾ। ਜਿਨ੍ਹਾਂ ਵੀਰਾਂ ਨੇ 'ਕਰੁ' ਸ਼ਬਦ ਦਾ ਭਾਵ ਸਮਝੇ

ਇਸ ਸ਼ਬਦ ਦੇ ਮਨਘੜਤ ਅਰਥ ਕੀਤੇ ਹਨ, ਉਨ੍ਹਾਂ ਨੇ ਇਸ

ਵਿਚ ਸਗੋਂ ਹੋਰ ਵਾਧਾ ਕੀਤਾ ਹੈ, ਅਤੇ ਉਪਰ ਲਿਖੇ ਪ੍ਰ:

ਵਲ ਧਿਆਨ ਨਹੀ ਦਿਤਾ, ਜਿਸ ਵਿਚ ਕਬੀਰ ਜੀ ਮੁੰਨਣ ਦ

ਖੰਡਣ ਕਰਦੇ ਹਨ। ਕੀ ਇਹ ਕਦੇ ਹੋ ਸਕਦਾਂ ਹੈ ਕਿ ਉ

ਪਾਸੇ ਇਸ ਕੁਰੀਤੀ ਦੀ ਏਨੀ ਵਿਰੋਧਤਾ ਕਰਨ ਅਤੇ ਦੂ

'ਭਾਵੈ ਘਰਰਿ ਮੁੰਡਾਇ ਵਿਚ ਖੁਲ੍ਹ ਦੇ ਦੇਣ ? ਹਰਗਿਜ਼

ਉਨ੍ਹਾਂ ਤਾਂ ਇਸ ਕੁਰੀਤੀ ਦਾ ਜ਼ੋਰਦਾਰ ਸ਼ਬਦਾਂ ਵਿਚ ਖੰਡਨ

ਹੈ ਜਿਹਾ ਕਿ:-

ਮੂੰਡ ਮੁੰਡਾਇ ਹਰ ਮਿਲੇ ਸਭ ਕੋਈ ਲੇ ਮੁੰਡਾਇ।
ਬਾਰ ਬਾਰ ਕੇ ਮੂੰਡਨੇ ਭੇਡ ਨਾ ਬੈਕੁੰਠ ਜਾਇ।

(ਕਬੀਰ ਬਾਹਰ ਦੀ ਬਾ

'ਲਾਂਭੇ ਕੇਸ ਕਰ,' ਭਾਵ ਨਾਲ ਮਿਲਦੀ ਇਕ ਤੁ

ਕਲਗੀਧਰ ਮੁਖ ਵਾਕ ਵੀ ਹੈ:-

'ਦੇਸ ਫਿਰਿਓ ਕਰ ਭੇਸ ਤਪੋ ਧਨ
**ਕੇਸ** ਧਰੇ ਨਾ ਮਿਲੇ ਹਰ ਪਿਆਰੇ'।

[ਸੱਵਯੇ ਪਾ: ੧੦]

ਇਥੇ ਵੀ ਆਮ ਵਿਦਵਾਨ 'ਧਨ ਕੇ ਸੱਧਰੇ' ਪਾ

ਕੇ ਅਤੇ ਅਰਥ ਵੀ ਇਸੇ ਤਰ੍ਹਾਂ ਕਰ ਕੇ ਆਪਣਾ ਪਿੱਛਾ ਛੁਡਾਉਂਦੇ ਹਨ, ਪਰ ਉਹ ਇਹ ਨਹੀਂ ਸੋਚਦੇ ਕਿ ਧਨ ਦੀ ਸਧਰ ਦਾ ਜ਼ਿਕਰ ਕਿਸੇ ਧਨਾਡ ਵਿਉਪਾਰੀ ਲਈ ਹੀ ਆ ਸਕਦਾ ਹੈ, ਬਨਾਂ ਵਿਚ ਧੂਣੀਆਂ ਤੱਪਣ ਵਾਲੇ ਬਾਣ ਪ੍ਰਸਤੀਆਂ ਤੇ ਨਹੀਂ ਢੁਕਦਾ। ਭਾਵੇਂ ਧਨ ਦੀ ਖਾਤਰ ਵੀ ਭੇਖਧਾਰੀ ਫਿਰਦੇ ਸਨ ਅਤੇ ਖਿੱਚ ਧੂਹ ਕੇ ਇਹ ਅਰਥ ਕੀਤਾ ਵੀ ਜਾ ਸਕਦਾ ਹੈ, ਪਰ ਪੂਰਾ ਸ਼ਬਦ ਸਮਝ ਕੇ ਪੜ੍ਹਨ ਨਾਲ ਸਾਰਾ ਭੁਲੇਖਾ ਦੂਰ ਹੋ ਜਾਂਦਾ ਹੈ ਜੋ ਇਉਂ ਹੈ:-

ਤੀਰਥ ਕੋਟ ਕੀਏ ਇਸਨਾਨ ਦੀਏ ਬਹੁ ਦਾਨ
ਮਹਾ ਬ੍ਰਤ ਧਾਰੇ। ਦੇਸ ਫਿਰਿਓ ਕਰ ਭੇਸ*ਤਪੋ ਧਨ
**ਕੇਸ** ਧਰੇ ਨਾ ਮਿਲੇ ਹਰਿ ਪਿਆਰੇ। ਆਸਨ ਕੋਟ
ਕਰੇ ਅਸਟਾਂਗ ਧਰੇ ਬਹੁ ਨਿਆਸ ਕਰੇ ਮੁਖ
ਕਾਰੇ। ਦੀਨ ਦਇਆਲ ਅਕਾਲ ਭਜੇ ਬਿਨ ਅੰਤ
ਕੋ ਅੰਤ ਕੇ ਧਾਮ ਸਿਧਾਰੇ। [ਸਵੱਯੇ ਪਾ: ੧੦]

ਇਥੇ ਈਸ਼੍ਵਰ ਦੀ ਪ੍ਰਾਪਤੀ ਲਈ ਫੋਕਟ ਕਰਮ, ਧੂਣੀਆਂ ਆਦਿ ਨੂੰ ਚੰਗਾ ਧਨ ਸਮਝਣ, ਤੀਰਥ ਯਾਤਰਾ, ਬ੍ਰਤ, ਅਤੇ ਪੁੱਠੇ ਸਿਧੇ ਆਸਣ ਆਦਿ ਕਰਨ ਵਾਲਿਆਂ ਨੂੰ ਆਪ ਨੇ ਉਪਦੇਸ਼ ਕੀਤਾ ਹੈ। ਜਿਹਾ ਕਿ ਭਾਈ ਗੁਰਦਾਸ ਜੀ ਦਾ ਕਥਨ:-

ਮਿਲੇ ਨ ਤੀਰਥ ਨ੍ਹਾਤਿਆਂ ਡੱਡਾ ਜਲਵਾਸੀ। ਵਾਲ
ਵਧਾਇਐ ਪਾਈਐ ਵੜ **ਜਟਾ** ਪਲਾਸੀ।
(ਵਾ: ੩੬ ਪੌ. ੧੪)

---

*ਧੂਣੀਆਂ ਤਾ ਕੇ ਤੱਪ ਕਰਨ ਨੂੰ ਹੀ ਧਨ ਹੀ ਸਮਝੇ। ਦੇਖੋ ਗੁਰਮਤ ਸੁਧਾਰਕ ਦੀ ਕਲਾ ੧-੭੬ ਭਾ: ਕਾਨ੍ਹ ਸਿੰਘ ਜੀ।

ਸੋ ਇਸ 'ਧਰੇ' ਸ਼ਬਦ ਦਾ ਅਰਥ ਵੀ ਪਿਛੇ ਆਏ, ' ਸ਼ਬਦ ਦੇ ਅਰਥ ਵਾਂਗ ਹੀ (ਕਿਰਿਆ ਵਾਚਕ) 'ਧਾਰਨ ਕਰਨ ਹੈ, ਜਿਸ ਦਾ ਭਾਵ ਹੈ, ਨਕਲੀ ਵਾਲਾਂ ਨੂੰ ਲੈ ਕੇ ਸਿਰ ਤੇ ਧਾ (ਜੋ ਮਨ ਮੱਤ ਹੈ।) ਕੀ ਇਸ ਤੋਂ ਉਲਟ ਦੂਜਾ ਅਰਥ (ਕੇਸ ਰ ਧਾਰਨੇ) ਕਰਨ ਲਗਿਆਂ ਇਹ ਸੋਚਣ ਦੀ ਲੋੜ ਨਹੀਂ ਕਿ ਅ ਕੇਸ ਧਾਰਨ ਨਹੀਂ ਕੀਤੇ ਜਾਂਦੇ, ਉਹ ਵਾਹਿਗੁਰੂ ਦੇਂਦਾ ਹੈ;

ਬੰਦਾ ਕੇਸ ਧਾਰਨ ਕਰ ਸਕਦਾ ਹੋਵੇ ਤਾਂ ਦੂਨੀਆਂ ਗੀਜਿਆਂ ਨੂੰ ਪਰੇਸ਼ਾਨ ਹੋਣ ਦੀ ਲੋੜ ਹੀ ਕੀ ਹੈ।

ਸੋ ਇਨ੍ਹਾਂ ਦੋਨੋ ਤੁਕਾਂ ਦਾ ਭਾਵ ਕੇਸਾਂ ਨੂੰ ਆਪਣੇ ਕੁਦ ਅਕਾਰ ਤੋਂ ਵਧਾਉਣਾ ਜਾਂ ਘਟਾਉਣਾ ਹੈ, ਜੋ ਦੋਵੇਂ ਹੀ ਗੁਰ ਦੇ ਵਿਰੁਧ ਹਨ। ਜਟਾ ਧਾਰਨ ਵਾਲੇ ਭੇਖੀਆਂ ਬਾਰੇ ਭਾਈ ਸਾ ਸੰਤੋਖ ਸਿੰਘ ਲਿਖਦੇ ਹਨ।

ਪ੍ਰਥਮੇਂ ਸਿਰ ਮੁਖ ਮੁੰਡਨ ਕਰੈਂ। ਭਗਵੇ ਬਸਤ੍ਰ ਦੇਹ
ਪਰ ਧਰੈਂ। ਵਸਮ ਲਗਾਇ ਕੁਰੂਪ ਬਨਾਵਹਿ। ਘਰ
ਘਰ ਛੇਰਹਿ ਭੀਖ ਮੰਗਾਵਹਿ। ਸਿਰ ਪਰ **ਜਟਾ**
ਜੂਟ ਬੰਧਾਵਹਿ। ਜਾਚੈਂ ਟੁਕੜੇ ਤਿਨਹਿ ਖੁਆਵਹਿ।
(ਗੁ. ਪ੍ਰ. ਸੂ. ਰਿ. ੩. ਅੰ. ੨੨।)

ਦਸਮ ਪਾਤਸ਼ਾਹ ਫੁਰਮਾਂਦੇ ਹਨ।
'ਕਸਟ ਕੀਏ ਜੋ ਆਵਤ ਹੈ ਕਰ, ਸੀਸ
**ਜਟਾ** ਧਰੇ ਹਾਥ ਨਾ ਆਵੈ।'
(ਦਸਮ ਗ੍ਰੰਥ ਕ੍ਰਿ. ਅ. ੨੪੫੬)

'ਧਿਆਨ ਲਗਾਇ ਠਗਯੋ ਸਭ ਲੋਗ

ਸੀਸ **ਜਟਾ** ਨਖ ਹਾਥ ਬਢਾਇ

(ਦ. ਗ੍ਰੀ. ਤੇਤੀ ਸਵੈਯਾ)

ਗੁਰਮਤਿ ਤਾਂ ਹੈ–

**ਜਟਾ** ਨਾ ਸੀਸ ਧਾਰਹੋ, ਨ ਮੁੰਦ੍ਰਕਾ ਸੁਧਾਰ ਹੋਂ ।

(ਬਿ. ਨ.)

ਸੋ ਕੁਦਰਤੀ ਕੇਸਾਂ ਦਾ ਹੋਣਾ ਉਨ੍ਹਾਂ ਨੂੰ ਧਾਰਨ ਕਰਨਾ ਨਹੀਂ ਬਨਾਉਤੀ ਜਟਾਂ ਬਣਾਣਾ ਵਾਲਾਂ ਨੂੰ ਧਾਰਨ ਕਰਨਾ ਹੈ ।

ਲੇਖਕ ਪਾਸ ਇਕ ਅਮੁਲੀ ਲਿਖਤ ਜੋ ਕਈ ਤਰ੍ਹਾਂ ਦੀਆਂ ਪੁਰਾਤਨ ਲਿਖਤਾਂ ਦਾ ਸੰਗ੍ਰਹਿ ਹੈ ਅਤੇ ਉਸ ਵਿਚ ਗੁਰੂ ਨਾਨਕ ਦੇਵ ਜੀ ਦੇ ਬੜੇ ਹੀ ਵਿਸਥਾਰ ਪੂਰਵਕ ਭਵਿਖਤ ਵਾਕ ਹਨ, ਜੋ ਇਕ ਤਰ੍ਹਾਂ ਕੁਝ ਹਿਸਾ ਜਨਮ ਸਾਖੀ ਹੈ । ਇਸ ਤੇ ਬਿਕ੍ਰਮੀ ਸੰਮਤ ੧੬੦੨ ਲਭਦਾ ਹੈ ।

ਇਸ ਵਿਚ ਗੁਰੂ ਨਾਨਕ ਦੇਵ ਜੀ ਨੇ ਮਦੀਨੇ ਦੀ ਗੋਸਟ ਸਮੇਂ ਈਮਾਮ ਦੀਨ ਸੂਰਾ ਦੇ ਸੁਆਲ ਦੇ ਜਬਾਬ ਵਿਚ ਰਿਖੀਸ਼ਰ ਅਤੇ ਮੁਨੀਸ੍ਰਰ ਦੀ ਵਿਆਖਿਆ ਕਰਦੇ ਹੋਏ ਫੁਰਮਾਇਆ ਹੈ–

'ਇਕ ਰਿਖੀਸ਼ਰ ਮੁਨੀਸ਼ਰ, ਦੋਇ ਬਿਧ ਹੈ ਸੰਸਾਰ ।
ਰਿਖੀਸ਼ਰ ਜੋ **ਜਟਾ** ਧਰ,ਮੁਨੀਸਰ ਮੁੰਨਾਵੈ ਬਾਲ ।

(ਉਕਤ ਲਿਖਤ ਸਫਾ ੪੬੧ ਦਾ ਦੂਜਾ ਪਾਸਾ ।)

ਇਸ ਕਥਨ ਵਿਚ ਸਿਰ ਤੇ ਵਾਲ ਰੱਖਣ ਵਾਲੇ ਰਿਖੀਸਰ ਅਤੇ [ਰਖੀ-ਸਰ] ਮੁੰਨਾਉਨ ਵਾਲੇ [ਮੁੰਨੀ-ਸਰ] ਮੁਨੀਸਰ ਦਸੇ ਹਨ, ਸੋ ਰੱਖਣਾ ਮੁੰਨਣਾ ਤਾਂ ਮਨੁਖੀ ਕਰਮ ਹੈ, ਪਰ ਕੁਦਰਤੀ ਕੇਸਾਂ ਦੀ ਹੋਂਦ ਰੱਬੀ ਹੁਕਮ । ਆਪਣੀ ਕਾਢ ਅਨੁਸਾਰ ਰੱਖਣ ਮੁੰਨਣ ਵਾਲਿਆਂ ਪ੍ਰਤੀ ਆਪ ਦਾ



ਫੁਰਮਾਣ ਹੈ–

ਇਕ **ਜਟਾ** ਬਿਕਟ ਬਿਕਰਾਲ ਕੁਲੁ ਘਰ ਖੋਵਈ।
ਇਕ ਨਗਨ ਫਿਰਹਿ ਦਿਨ ਰਾਤਿ ਨੀਦ ਨਾ ਸੋਵਹੀ।

(ਮਲਾਰ ਵਾਰ ਮ–੧. ਸ. ੧੨੮

ਸੋ ਇਹਸਭ ਭੇਖ ਅਤੇ ਬਨਾਵਟ ਹੈ । ਭਗਤ ਬਾਣੀ
ਵੀ ਕਈ ਸ਼ਬਦ ਹਨ ਜਿਨ੍ਹਾਂ ਤੋਂ ਕੇਸਾਂ ਦੀ ਸੰਪੂਰਨ
ਸਿੱਧ ਹੁੰਦੀ ਹੈ–

(੧) ਦੇਖ ਫਰੀਦਾ ਜੁਥੀਆ **ਦਾੜ੍ਹੀ** ਹੋਈ ਭੂਰ ।
ਅਗਹੁ ਨੇੜੇ ਆਇਆ ਪਿਛਾ ਰਹਿਆ ਦੂਰ ।

[ਸ. ਫ. ਸ. ੧੩੭

(੨) ਫਰੀਦਾ ਸਿਰ ਪਲਿਆ **ਦਾੜ੍ਹੀ** ਪਲੀ ਮੁੱਛਾਂ
ਭੀ ਪਲੀਆਂ । । ਰੇ ਮਨ ਗਹਿਲੇ ਬਾਵਲੇ ਮਾਨਹਿ
ਕਿਆ ਰਲੀਆਂ । [ਸ. ਫ. ਸ. ੧੩੮

(੩) ਬੰਕੇ **ਬਾਲ** ਪਾਗ ਸਿਰਿ ਡੇਰੀ।
ਇਹੁ ਤਨੁ ਹੋਇ ਗੋ ਭਸਮ ਕੀ ਢੇਰੀ।

[ਸੋਰਠ ਰਵਦਾਸ ਜੀ ਸ. ੬੫

ਇਥੇ ਪ੍ਰਮਾਣ ਨੰ: ੧ ਵਿਚ ਫਰੀਦ ਜੀ ਦਾੜ੍ਹੀ
(ਸਫੈਦ) ਹੋਣਾ ਦਸਦੇ ਹਨ, ਜੋ ਰਗੜ ਚੱਟ ਕੀਤੀ ਨਹੀਂ
ਹੋ ਸਕਦੀ ਕਿ ਚਿੱਟੀ ਹੈ ਜਾਂ ਕਾਲੀ, ਅਤੇ ਪ੍ਰ. ਨੰ. ੨ ਵਿ
ਖੋਹਲ ਕੇ ਦਸਦੇ ਹਨ ਕਿ ਸਿਰ, ਦਾੜ੍ਹੀ ਤੇ ਮੁੱਛਾਂ ਵਡੀਅ
ਗਈਆਂ ਹਨ, ਪਰ ਹੇ ਮਨ ! ਤੂੰ ਗਾਫਲ ਹੋ ਕੇ ਆਪਣੇ ਸ
ਟੰਗ ਰਲੀਆਂ ਵਿਚ ਵਿਅਰਥ ਕਿਉਂ ਗੁਆ ਰਿਹਾ ਹੈਂ ?

ਯਾਦ ਕਿਉਂ ਨਹੀਂ ਕਰਦਾ। ਭਗਤ ਫਰੀਦ ਜੀ ਮੁਸਲਮਾਨ ਸਨ ਅਤੇ ਉਨ੍ਹਾਂ ਦੇ ਇਨ੍ਹਾਂ ਸ਼ਬਦਾਂ ਨੂੰ ਪੜ੍ਹ ਕੇ ਕੇਸਾਂ ਵਿਰੁਧ ਕਿਸੇ ਤਰ੍ਹਾਂ ਦੇ ਸ਼ੱਕ ਦੀ ਗੁੰਜਾਇਸ਼ ਹੀ ਨਹੀਂ ਰਹਿੰਦੀ।

ਅਗੇ ਪ੍ਰ. ਨੰ. ੩ ਵਿਚ ਭਗਤ ਰਵਦਾਸ ਜੀ ਜੋ ਜਾਤ ਦੇ ਚਮਾਰ ਸਨ' ਵਾਲਾਂ ਦੀ ਸੁੰਦਰਤਾ ਨੂੰ ਬਿਆਨ ਕਰਦੇ ਹਨ ਅਤੇ ਨਾਲ ਹੀ ਪੱਗ ਦਾ ਵੀ ਜ਼ਿਕਰ ਕਰਦੇ ਹਨ, ਜਿਸ ਤੋਂ ਸਪੱਸ਼ਟ ਹੈ ਕਿ ਆਪ ਦੇ ਸਮੇਂ ਆਮ ਲੋਕ ਵੀ ਕੇਸ ਰਖਦੇ ਤੇ ਪੱਗ ਬੰਨ੍ਹਦੇ ਸਨ। ਪੱਗ ਦੇ ਸਬੰਧ ਵਿਚ ਕੁਝ ਕੁ ਸ਼ਬਦ ਹੋਰ ਵੀ ਗੁਰਬਾਣੀ ਅੰਦਰ ਮਿਲਦੇ ਹਨ–

(੧) ਟੇਢੀ ਪਾਗ ਟੇਢੇ ਚਲੇ ਲਾਗੇ ਬੀਰੇ ਖਾਨ। ਭਉ
ਭਗਤਿ ਸਿਉ ਕਾਜੁ ਨ ਕਛੂਐ ਮੇਰੋ ਕਾਮ ਦੀਵਾਨ।੧।
[ਕੇਦਾਰਾ ਕਬੀਰ ਜੀ, ਸ. ੧੧੨੪]

(੨) ਖੂਬ ਤੇਰੀ ਪਗਰੀ ਮੀਠੇ ਤੇਰੇ ਬੋਲ।
ਦ੍ਵਾਰਕਾ ਨਗਰੀ ਕਾਹੇ ਕੇ ਮਗੋਲ।
[ਤਿਲੰਗ ਨਾਮਦੇਵ ਜੀ. ਸ. ੭੧੭]

(੩) ਜਿਹ ਸਿਰ ਰਚਿ ਰਚਿ ਬਾਦਤ ਪਾਗ।
ਸੋ ਸਿਰ ਚੁੰਚ ਸਵਾਰਹਿ ਕਾਗ। ੧।
[ਗਉੜੀ ਕਬੀਰ ਜੀ, ਸ. ੩੩੦]

(੪) ਫਰੀਦਾ ਮੈ ਭੋਲਾਵਾ ਪਗ ਦਾ ਮਤੁ ਮੈਲੀ ਹੋਇ
ਜਾਇ। ਗਹਿਲਾ ਰੂਹੁ ਨ ਜਾਣਈ ਸਿਰੁ ਭੀ
ਮਿਟੀ ਖਾਇ।
[ਸਲੋਕ ਫ. ਸ. ੧੩੭੯]

ਸੋ ਇਨ੍ਹਾਂ ਸਾਰੇ ਸ਼ਬਦਾਂ ਤੋ ਸਿੱਧ ਹੈ ਕਿ ਪੁਰਾਤਨ ਲੋਕ ਕੇਸ ਰੱਖਦੇ ਤੇ ਪੱਗ ਬੰਨ੍ਹਦੇ ਸਨ। ਭਾਵੇਂ ਪੱਗ ਦਾ ਰਿਵਾਜ ਅਜੇ ਵੀ ਕਾਫੀ ਹੈ, ਪਰ ਜਿਵੇਂ ਕੇਸ ਕਟਾਉਣ ਦੀ ਲਹਿਰ ਚੱਲੀ ਹੈ ਇਸੇ ਤਰ੍ਹਾਂ ਪੱ
ਦਾ ਰਿਵਾਜ ਵੀ ਦਿਨ ਬਦਿਨ ਅਲੋਪ ਹੋ ਰਿਹਾ ਹੈ।

ਇਹ ਗੱਲ ਤਾਂ ਆਮ ਲੋਕਾਂ ਨੇ ਕਈ ਵੇਰ ਕਹੀ ਸੁਣੀ ਹੋਵੇਰ
'ਕਿ ਦੇਖੀਂ ਕਿਤੇ ਮੇਰੀ ਪੱਗ ਨੂੰ ਲਾਜ ਨਾ ਲਾਵੀਂ' ਪਰ ਇਹ ਕਹਿੰ
ਕਦੇ ਕੋਈ ਨਹੀਂ ਸੁਣਿਆ, ਕਿ ਦੇਖੀਂ ਮੇਰੀ ਟੋਪੀ ਜਾਂ ਕੁੱਲੇ ਨੂੰ ਲਾ
ਨਾ ਲਾਵੀਂ। ਜਿਸ ਤੋਂ ਜ਼ਾਹਿਰ ਹੈ ਕਿ ਪੱਗ ਹੀ ਸ਼ਰਮ, ਲੱਜਾ ਅਥ
ਮਨੁੱਖੀ ਸ੍ਰੇਮਣਤਾ ਦਾ ਪਹਿਰਾਵਾ ਹੈ। ਕੁੱਲੇ (ਟੋਪੀ) ਬਾਰੇ ਤ
ਹੁਕਮ ਹੈ:–

ਕੁਲਹਾਂ ਦੇਂਦੇ ਬਾਵਲੇ ਲੈਂਦੇ ਵੱਡੇ ਨਿਲੱਜ ਹੈ।
(ਮਲਾਰ ਵਾਰ ਸ: ੧੨੮੬)

ਜਿਸ ਦਾ ਭਾਵ ਇਹ ਹੈ ਕਿ ਕੁੱਲੇ ਦੇਣ ਵਾਲੇ ਬਾਵਰੇ (ਝੱਲੇ
ਅਤੇ ਲੈਣ ਵਾਲੇ ਨਿਲੱਜ ਹਨ। ਰਹਿਤਨਾਮੇ ਵਿਚ ਲਿਖਿਆ ਹੈ:

ਕੁੱਠਾ ਹੁੱਕਾ ਚਰਸ ਤਮਾਕੂ, ਗਾਜਾ ਟੋਪੀ ਤਾੜੀ ਖ਼ਾਕੂ।
ਇਨ ਕੀ ਅਓਰ ਨ ਕਬਹੂ ਦੇਖੈ। ਰਹਿਤਵਾਨ ਸੋ ਸਿੱਖ
ਬਸੇਖੈ। (ਰ: ਨਾ: ਭਾ: ਦੇਸਾ ਸਿੰਘ ਸ. ੨੨)

ਸੋ ਉਪਰ ਲਿਖੇ ਸ਼ਬਦਾਂ ਵਿਚ ਕੇਸਾਂ ਅਤੇ ਪੱਗ ਬਾ
ਗੁਰਬਾਣੀ ਨੇ ਕੋਈ ਭੁਲੇਖਾ ਨਹੀਂ ਰਹਿਣ ਦਿਤਾ। ਅਖਾੜੇ ਵਿ
ਘੁਲਣ ਜਾਂ ਕਿਸੇ ਤਰ੍ਹਾਂ ਦੀ ਜਿੱਤ ਅਥਵਾ ਮਾਨ ਪ੍ਰਾਪਤ ਕਰਨ ਵਾ
ਨੂੰ ਆਦਰ ਵਜੋਂ ਪੱਗ ਮਿਲਨ ਦਾ ਹੀ ਰਵਾਜ ਹੈ, ਜੋ ਬਹੁਤ ਪੁਰਾਣ
ਹੈ। ਗੁਰਵਾਕ ਹੈ:–

ਹਉ ਗੋਸਾਈ ਦਾ ਪਹਿਲਵਾਲੜਾ ਮੈ ਗੁਰਮਿਲਿ ਉ
ਦੁਮਾਲੜਾ। (ਦਮਾਲੜ=ਪੱਗ)
(ਸ੍ਰੀ ਰਾਗ ਮ. ੫.)

---

*ਦੇਖੋ ਗੁਰਮਤਿ ਮਾਰਤੰਡ ਭਾ: ਕਾਨ ਸਿੰਘ ਨਾਭਾ ਸਫਾ ੧੩

ਇਸ ਲਈ ਜੋ ਵੀਰ ਕੇਸ ਨਹੀਂ ਰਖਣਾ ਚਾਹੁੰਦੇ, ਉਨ੍ਹਾਂ ਨੂੰ ਕੋਈ ਮਜਬੂਰ ਤਾਂ ਨਹੀਂ ਕਰ ਸਕਦਾ, ਪਰ ਇਹ ਕਹਿਣ ਦਾ ਉਨ੍ਹਾਂ ਨੂੰ ਕੋਈ ਹੱਕ ਨਹੀਂ ਕਿ ਬਾਣੀ ਵਿਚ ਕੇਸਾਂ ਅਥਵਾ ਸਿੱਖੀ ਅਸੂਲਾਂ ਬਾਰੇ ਕੋਈ ਬੰਦਸ਼ ਜਾਂ ਹੁਕਮ ਨਹੀਂ।

ਗੁਰਬਾਣੀ ਵਿਚ ਕੇਸ ਰੱਖਣ ਦਾ ਹੁਕਮ ਹੈ ਅਤੇ ਕਟਾਉਣ ਦੀ ਬੰਦਸ਼, ਜੋ ਸੱਜਣ ਵਾਹਿਗੁਰੂ ਦੀ ਦਿਤੀ ਦਾਤ ਇਨ੍ਹਾਂ ਕੇਸਾਂ ਨੂੰ ਕਟਾਉਂਦਾ ਹੈ ਉਹ ਵਾਹਿਗੁਰੂ ਤੋਂ ਬੇ-ਮੁਖ ਹੈ ਅਤੇ ਜੋ 'ਖ਼ਾਸ ਕਰ ਕੇ ਗੁਰੂ ਨਾਨਕ ਸਾਹਿਬ ਨੂੰ ਮੰਨਣ ਵਾਲਾ, (ਸਿੱਖ) ਇਸ ਤਰ੍ਹਾਂ ਕਰਦਾ ਹੈ ਉਹ ਤਾਂ ਅਸਲੋਂ ਹੀ ਮਨਮੁਖ ਅਥਵਾ ਪਤਿਤ ਹੈ।

ਭਾਵੇਂ ਕੇਸ ਰੱਖ ਕੇ ਕਟਾਉਣ ਵਾਲੇ ਨੂੰ ਸਿੱਖ ਧਰਮ ਵਿਚ ਪਤਿਤ ਅਰਥਾਤ ਮਹਾਨ ਅਪ੍ਰਾਧੀ ਮੰਨਿਆ ਜਾਂਦਾ ਹੈ ਅਤੇ ਗੁਰੂ ਘਰ ਦੇ ਮੰਨਣ ਵਾਲੇ ਨੂੰ (ਜੋ ਭਾਵੇਂ ਸ਼ੁਰੂ ਤੋਂ ਕੇਸ ਕਟਾਂਦਾ ਹੈ) ਸਹਿਜਧਾਰੀ ਸਿੱਖ, ਪਰ ਇਹ ਵੀ ਤਾਂ ਹੋ ਸਕਦਾ ਹੈ ਕਿ ਅਤਿ ਸ਼ਰਧਾਲੂ ਅਤੇ ਚੰਗੇ ਜੀਵਨ ਵਾਲੇ ਸਹਿਜਧਾਟੀ ਸਿੱਖ ਨੂੰ ਵੀ ਗੁਰੂ ਨਿਰੰਕਾਰ ਦੇ ਦਰਬਾਰ ਇਸ ਗਲ ਦੀ ਪੁੱਛ ਹੋਵੇ ਕਿ ਉਸ ਨੇ ਗੁਰੂ, ਗੁਰਬਾਣੀ ਅਤੇ ਪ੍ਰਮੇਸ਼੍ਵਰ ਦੇ ਹੁਕਮ ਤੋਂ ਉਲਟ ਕੇਸ ਕਟਾਉਣ ਦੀ ਭਾਰੀ ਭੁੱਲ ਕਿਉਂ ਕੀਤੀ ਹੈ! ਕਿਹਾ ਚੰਗਾ ਹੋਵੇ ਕਿ ਜਿਥੇ ਸਹਿਜ-ਧਾਰੀ ਸਿਖ ਹੋਰ ਸ਼ੁਭ ਗੁਣਾ ਦਾ ਧਾਰਨੀ ਹੈ ਉਥੇ ਕੇਸ ਕਟਾਉਣ ਦੀ ਅਵੱਗਿਆ ਦਾ ਵੀ ਤਿਆਗ ਕਰ ਕੇ ਪੂਰਨ ਗੁਰ ਸਿੱਖ ਸਜ ਜਾਏ।

## ਭਾ: ਗੁਰਦਾਸ ਜੀ

ਸਿਰ ਵਿਚ ਨਿੱਕੇ **ਵਾਲ** ਹੋਇ,
ਸਾਧੂ ਚਰਨ ਚਵਰ ਕਰ ਢਾਲੇ।

(ਵਾ. ੪. ਪੌ. ੧੮)



ਭਾਵ–ਸਿਰ ਤੇ ਜੋ ਬਾਰੀਕ (ਸੁੰਦਰ) ਕੇਸ ਹਨ ਉਨ੍
ਸਾਧੂ (ਸਤਿਗੁਰੂ) ਦੇ ਚਰਨ ਝਾੜਨ ਅਤੇ ਸਤਿਕਾਰ ਹਿਤ 
ਦੀ ਥਾਂ ਵਰਤੇ।

ਇਸ ਤੋਂ ਭਾਈ ਸਾਹਿਬ ਦੇ ਸਮੇਂ ਲੰਬੇ ਤੇ ਸਾਬਤ **ਕੇ**
ਦੀ ਹੋਂਦ ਪ੍ਰਗਟ ਹੈ।

ਰੋਮ ਰੋਮ ਲੱਖ ਲੱਖ ਸਿਰ ਮੂੰਹ ਲੱਖ ਸਿਰੇਖੈ ੧੩
ਲੱਖ ਲੱਖ ਮੁਹਿ ਮੁਹਿ ਜੀਭ ਕਰ, ਗੁਣ ਬੋਲੈ ਵੇਖੈ।

(ਵਾ: ੧੩. ਪੌ. ੧੩)

ਭਾਵ–ਇਕ ਇਕ ਰੋਮ (ਕੇਸ) ਨਾਲ ਲੱਖ ਲੱਖ ਮੂੰਹ
ਤੇ ਇਕ ਇਕ ਮੂੰਹ ਵਿਚ ਲੱਖ ਲੱਖ ਜੀਭ ਲਗ ਜਾਵੇ ਤਾਂ
ਵਾਹਿਗੁਰੂ ਦੇ ਗੁਣਾਂ ਨੂੰ ਉਚਾਂਰਨ ਕਰੇ। (ਕੱਟੇ ਹੋਏ ਵਾਲਾਂ ਤੇ
ਮੂੰਹ ਅਤੇ ਜੀਭਾਂ ਦੀ ਮਿਸਾਲ ਨਹੀਂ ਦਿਤੀ ਜਾ ਸਕਦੀ)

ਸਿਰ ਉੱਚਾ ਅਭਿਮਾਨ ਵਿਚ ਕਾਲਖ ਭਰਿਆ ਕਾਲੇ ਵਾਲਾ।
ਭਰਵੱਟੇ ਕਾਲਖ ਭਰੇ ਪਿੱਪਲੀਆਂ ਕਾਲਖ ਸੁਗਾਲਾ।
ਲੋਇਨ ਕਾਲੇ ਜਾਣੀਅਨ ਦਾੜ੍ਹੀ ਮੁੱਛਾਂ ਕਰ ਮੂੰਹ ਕਾਲਾ.........।

(ਵਾ. ੨੫ ਪੌ. ੧੨)

ਭਾਵ–ਇਥੇ ਵੀ ਸਿਰ ਦੇ ਕੇਸਾਂ, ਸੂਲਾਂ ਵਾਂਗੂੰ ਅੱਖਾਂ ਦ
ਪਿੱਪਲੀਆਂ, ਅਤੇ ਦਾੜ੍ਹੀ ਮੁੱਛਾਂ ਦਾ ਪਰਤੱਖ ਜ਼ਿਕਰ ਹੈ:–

ਮੂੰਹ ਅੱਖੀਂ ਤੇ ਨੱਕ ਕੰਨ ਹੱਥ ਪੈਰ ਦੰਦ ਵਾਲ ਗਣਾਯਾ
ਉੱਤਮ ਕੁਲ ਉੱਤਮ ਜਨਮ, **ਰੋਮ ਰੋਮ** ਗੁਣ ਅੰਗ ਸਬਾ

(ਵਾ. ੧੫ ਪੌ: ੧੮)

ਭਾਵ–ਮਨੁੱਖੀ ਸਾਜਨਾਂ ਸਮੇਂ ਕੁਦਰਤ ਨੇ ਜੋ ਸਰੀ

ਵਚਿੱਤਰ ਰਚਨਾ ਕੀਤੀ ਹੈ ਉਸ ਵਿਚ ਕੇਸਾਂ ਨੂੰ ਭਾਈ ਸਾਹਿਬ ਸਰੀਰ ਦੇ ਦੂਜੇ ਅੰਗਾਂ ਦੀ ਸਦੱਰਸ਼ਤਾ ਦੇ ਰਹੇ ਹਨ।

ਪਹਿਰੇ ਪੰਜੇ ਕਪੜੇ ਪੁਰਸਾਵਾ ਵੇਸ।
**ਮੁੱਛਾਂ ਦਾੜ੍ਹੀ** ਸੋਹਣੀ ਬਹੁ ਦੁਰਲਬ ਵੇਸ।
(ਵਾ. ੩੬ ਪੌ. ੧੧)

ਭਾਵ–ਪੂਰਨ ਮਨੁੱਖ ਦੇ ਲਿਬਾਸ ਅਤੇ ਦਾੜ੍ਹੀ ਮੁੱਛਾਂ ਦੀ ਸੁੰਦਰਤਾ ਦਾ ਵਰਣਨ ਹੈ। (ਕੱਟੀਆਂ ਮੁੱਛਾਂ ਦੀ ਸੁੰਦਰਤਾ ਦੇ ਕੀ ਅਰਥ ਹੋ ਸਕਦੇ ਹਨ)

**ਵਾਲ** ਦੰਦ ਮੂੰਹ ਰੋਮ ਰੋਮ, ਸਾਸ ਗਿਰਾਸ ਸਮਾਲ ਸਰਿੱਸੈ।
(ਵਾ. ੩੧. ਪੌ. ੧੪)

ਭਾਵ–ਜਿਸ ਪ੍ਰਭੂ ਨੇ ਕੇਸ ਦੰਦ ਤੇ ਅੱਖਾਂ ਆਦਿ ਅਮੋਲਕ ਦਾਤਾਂ ਦਿਤੀਆਂ ਹਨ, ਉਸ ਦੀ (ਸਲਿੱਸੈ) ਪ੍ਰੀਤ ਸਹਿਤ ਸੰਭਾਲ ਕਰ। ਇਥੇ ਵੀ ਕੇਸਾਂ ਨੂੰ ਦੂਜੇ ਅੰਗਾਂ ਦੇ ਤੁੱਲ ਵਾਹਿਗੁਰੂ ਦੀ ਦਾਤ ਦਸਿਆ ਹੈ।

ਕੁਸਮ ਅਵੇਸ **ਕੇਸ** ਬਾਸਤ ਫੁਲੇਲ ਮੇਲ,
ਅੰਗ ਅਰਗੱਜਾ ਲੇਪ ਹੇਤ ਉਪਜਾ ਇਕੈ।
(ਕ. ੩੪੬)

ਭਾਵ–ਕੁਸਮ (ਫੁੱਲ) ਦੀ ਸ਼ਕਲ ਵਾਂਗੂੰ ਸਿਰ ਤੇ ਕੇਸਾਂ ਦਾ ਜੂੜਾ ਬਰਾਜਮਾਨ ਰਹਿੰਦਾ ਹੈ, ਜਿਸ ਨੂੰ ਅਤਰ ਫੁਲੇਲ ਆਦਿ ਸੁਗੰਧਤ ਚੀਜ਼ਾਂ ਦਾ ਪਿਆਰ ਸਹਿਤ ਲੇਪ ਕੀਤਾ ਜਾਂਦਾ ਹੈ।

ਕਕਹੀ ਦੇ ਮਾਂਗ ਉਰਝਾਇ ਮੁਰਝਾਇ **ਕੇਸ,**
ਕੁੰਕਮ ਚੰਦਨ ਕੋ ਤਿਲਕ ਦੈ ਲਿਲਾਰ ਮੈ। (ਕ. ੩੪੧)

ਭਾਵ–ਅਰਥ–ਜੀਕੂੰ ਉਲਝੇ ਹੋਇ ਕੇਸਾਂ ਨੂੰ ਕੰਘੇ ਨਾ
ਸੁਲਝਾਇਆ (ਵਾਹਿਆ ਸੁਆਰਿਆ) ਜਾਂਦਾ ਹੈ, ਤਿਵੇਂ ਹੀ ਅਸ਼ੁ
ਬਿਰਤੀਆਂ ਨੂੰ ਨਿਰੀਖਣ ਕਰਦਾ......ਧਾਰਨ ਰੂਪ ਧੜੀ ਨੂੰ ਸੁਆਰੇ
ਨਿਸ਼ਕਾਮਤਾ ਰੂਪ ਕੇਸਰ, ਤਥਾ ਸੀਤਲ ਸੁਭਾਵ ਦੇ ਅਭਿਆਸ
ਤਿਲਕ ਲਗਾਵੇ। (ਟੀ. ਸ. ਸੰ. ਸਿੰਘ)

## ਕੇਸ ਅਤੇ ਭਾ: ਨੰਦ ਲਾਲ ਜੀ

ਦਸਮ ਪਿਤਾ ਜੀ ਦੇ ਅਨਿਕ ਗੁਰਸਿੱਖਾਂ ਵਿਚੋਂ ਭਾ: ਨੰਦ ਲਾ
ਜੀ ਦਾ ਨਾਮ ਮੋਹਰਲੀ ਕਿਤਾਰ ਵਿਚ ਹੈ, ਉਨ੍ਹਾਂ ਦਾ ਨਾ
'ਨੰਦ ਲਾਲ ਪ੍ਰਸਿਧ ਹੋਣ ਕਾਰਣ ਕਈ ਸੱਜਣ ਸ਼ੰਕਾ ਕਰ
ਹਨ ਕਿ ਭਾਈ ਸਾਹਿਬ ਸਹਿਜਧਾਰੀ ਸਨ ਅਰਥਾਤ ਉਨ੍ਹਾਂ ਨੇ ਕੇ
ਨਹੀਂ ਰਖੇ। ਇਹ ਉਨ੍ਹਾਂ ਦੀ ਭੁਲ ਹੈ। ਹਕੀਕਤ ਇਹ ਹੈ ਕਿ ਉ
ਬਚਪਨ ਤੋਂ ਹੀ ਕੇਸਾਧਾਰੀ ਸਨ। ਉਨ੍ਹਾਂ ਸਮਿਆਂ ਵਿਚ ਆਮ ਪ
ਲਿਖੇ ਵਿਦਵਾਨ ਅਰਥਾਤ ਸੂਫ਼ੀ ਖ਼ਿਆਲਾਂ ਦੇ ਲੋਕ ਦਾੜ੍ਹੀ ਕੇ
ਸਾਬਤ ਰਖਦੇ ਸਨ ਜੋ ਅਜ ਕਲ ਵੀ ਆਮ ਵੇਖਣ ਵਿਚ ਆਉਂ
ਹਨ। ਭਾਈ ਸਾਹਿਬ ਦੇ ਕੇਸਾਧਾਰੀ ਨਾ ਹੋਣ ਦਾ ਤਾਂ ਸੁਆਲ
ਪੈਦਾ ਨਹੀਂ ਹੁੰਦਾ ਕਿਉਂਕਿ ਉਨ੍ਹਾਂ ਦੀ ਬਾਣੀ ਵਿਚ ਕੇਸਾਂ ਦਾ ਬਹੁ
ਥਾਈਂ ਸਤਿਕਾਰ ਸਹਿਤ ਜ਼ਿਕਰ ਆਉਂਦਾ ਹੈ।

ਆਪ ਦੀ ਰਚਨਾ ਆਸ਼ਕਾਨਾ ਤਰਜ਼ ਦੀ ਹੈ ਅਤੇ ਵਾਹਿਗੁ
ਨੂੰ ਆਪਣਾ ਸੱਚਾ ਮਹਿਬੂਬ ਸਮਝ ਕੇ ਉਨ੍ਹਾਂ ਨੇ ਫ਼ਾਰਸੀ ਜ਼ਬਾਨ ਵਿ
ਕੇਸਾਂ ਨੂੰ ਆਮ ਤੌਰ ਤੇ ਜ਼ੁਲਫ਼ਾਂ ਕਿਹਾ ਹੈ। ਜਿਨ੍ਹਾਂ ਬਾਰੇ ਕੁਝ
ਪ੍ਰਮਾਣ ਇਹ ਹਨ:–

ਦਿਲ ਅਗਰ ਦਰਟਲਕਾਏ ਜ਼ੁਲਫ਼ੇ ਦੁਤਾ ਖ਼ਾਹਦ ਗੁਜ਼ਸ਼ਤ।
ਅਜ਼ ਖ਼ੁਤਨ ਵਜ਼ ਚੀਨੋ ਮਾਚੀਨੋ ਖ਼ਤ ਖ਼ਾਹਦ ਗੁਜ਼ਸ਼ਤ।
(ਗ. ੧੧)

ਭਾਵ—ਦਿਲ ਅਗਰ ਪਿਆਰੇ ਦੇ (ਦੁਤਾ) ਮੁੜੇ ਹੋਏ (ਹਲਕਾਏ) ਕੁੰਡਲਦਾਰ (ਜ਼ੁਲਫ਼ੇ) **ਕੇਸਾਂ** ਚੋਂ (ਗੁਜ਼ਸ਼ਤ) ਲੰਘ ਜਾਵੇ (ਅਰਥਾਤ ਦੀਦਾਰ ਕਰ ਲਵੇ) ਤਾਂ ਚੀਨ ਮਾਚੀਨ ਆਦ ਦੇਸ਼ਾਂ ਦੀਆਂ ਰੌਣਕਾਂ ਤੇ ਨਜ਼ਾਰੇ ਛੱਡ ਕੇ ਤੁਰ ਜਾਵੇਗਾ, ਅਰਥਾਤ ਉਨ੍ਹਾਂ ਦੀ ਖਿੱਚ ਦਾ ਇਸ ਤੇ ਕੋਈ ਅਸਰ ਨਹੀਂ ਪੈ ਸਕਦਾ।

ਪਾਤਸ਼ਾਹੀਏ ਦੁ ਆਲਮ ਯੱਕ ਨਿਗਾਹੇ ਰੂਏ ਤੋ,
ਸਾਇਆਏ ਜ਼ੁਲਫ਼ੇ ਤੋ ਅਜ਼ ਬਾਲੇ ਹੁਮਾ ਖ਼ਾਹਦ ਗੁਜ਼ਸ਼ਤ

(ਗ. ਨੰ: ੧੧)

ਭਾਵ—ਇਕ ਵੇਰਾਂ ਤੇਰੇ ਚੇਹਰੇ ਦਾ ਦਰਸ਼ਨ ਦੋ ਜਹਾਨਾਂ ਦੀ ਬਾਦਸ਼ਾਹੀ ਤੁਲ ਹੈ, ਤੇਰੇ **ਕੇਸਾਂ** ਦਾ ਸਾਇਆ ਹੁਮਾਂ (ਇਕ ਪੰਛੀ ਜਿਸ ਦੇ ਪਰ ਦਾ ਸਾਇਆ ਪੈਣਾ ਖ਼ੁਸ਼ਕਿਸਮਤੀ ਮੰਨੀ ਜਾਂਦੀ ਹੈ) ਨੂੰ ਵੀ ਪਿਛੇ ਪਾਂਦਾ ਹੈ।

ਹੇਚਕਸ ਬੇਰੂੰ ਨਾ ਬਾਸ਼ਦ ਅਜ਼ ਸਵਾਦੇ ਜ਼ੁਲਫ਼ੇ ਤੋ।

(ਗ਼. ਨੰ: ੧੩)

ਭਾਵ—ਤੇਰੇ ਸਿਆਹ **ਕੇਸਾਂ** ਦੀ ਪ੍ਰੀਤੀ (ਪਿਆਰ) ਤੋਂ ਕੋਈ ਬਾਹਰ ਨਹੀਂ ਰਹਿ ਸਕਦਾ।

ਖ਼ਿਆਲੇ ਹਲਕਾਏ ਜ਼ੁਲਫ਼ੇ ਤੋ ਮੇ ਕੁਨਦ ਗੋਯਾ,
ਅਜ਼ੀ ਸਬਬ ਕਿ ਦਿਲ ਅਜ਼ ਸ਼ੋਕ ਬੇਕਰਾਰ ਆਮਦ

(ਗ਼ਜ਼ਲ ੧੮)

ਭਾਵ—ਗੋਯਾ (ਭਾਈ ਨੰਦ ਲਾਲ) ਹਰ ਵੇਲੇ ਤੁਸਾਡੇ **ਕੇਸਾਂ** ਦੇ ਕੁੰਡਲਾਂ ਦਾ ਖ਼ਿਆਲ ਰਖਦਾ ਹੈ ਕਿਉਂਕਿ ਦਿਲ ਪਿਆਰ ਵਿਚ ਬੇਚੈਨ ਹੈ।



ਸਬਾ ਚੂੰ (ਹਲਕਾਏ) ਜ਼ੁਲਫ਼ੀਨੇ ਓਰਾ ਸ਼ਾਨਹ ਮੇ ਸਾਜ਼ਦ।
ਅਜਬ ਜ਼ੰਜੀਰ ਅਜ ਬਹਰੇ ਦਿਲੇ ਦੀਵਾਨਾ ਮੇ ਸਾਜ਼ਦ।

(ਗ. ੨੦)

ਭਾਵ—(ਸਬਾ) ਸਵੇਰ ਦੀ ਪਉਣ ਜਦ ਪਿਆਰੇ ਦੇ ਕੇ
ਦਾ (ਸ਼ਾਨਹ) ਮਾਨੋ ਕੰਘਾ ਕਰਦੀ ਹੈ ਤਾਂ ਉਹ ਸੁੰਦਰ ਕੇਸ ਦੀ
ਦੇ ਦਿਲ ਲਈ ਜ਼ੰਜੀਰ ਬਣ ਜਾਂਦੇ ਹਨ।

ਕਾਕਲੇ ਊ ਦਿਲ ਫ਼ਰੇਬੇ ਆਲਮ ਅਸਤ,
ਤਾਲਬਾਂ ਰਾ ਮੂਏ ਊ ਬਾਸ਼ਦ ਲਜ਼ੀਜ਼

ਭਾਵ—(ਕਾਕਲੇ) ਉਸ ਦੇ **ਕੇਸ** ਸਾਰੇ ਜਹਾਨ ਦਾ
ਮੋਹ ਲੈਣ ਵਾਲੇ ਹਨ (ਤਾਲਬਾਂ) ਸੇਵਕਾਂ ਨੂੰ ਉਸ ਦੇ ਵਾਲ (ਲਜ਼
ਸੁਆਦੀ (ਪਿਆਰੇ) ਲਗਦੇ ਹਨ।

ਹਲਕਾਇ ਜ਼ੁਲਫ਼ੇ ਤੋ ਦਿਲ ਰਾ ਬੁਰਦ ਅਸਤ,
ਯਾਫ਼ਤ ਅਜ਼ ਪੇਚੇ ਤੋ ਊਰਾ ਸੁਰਾਗ਼।

ਭਾਵ—(ਜ਼ੁਲਫੇ ਤੋ) ਤੇਰੇ **ਕੇਸਾਂ** ਦਾ (ਹਲਕਾਏ)
ਮੇਰੇ ਦਿਲ ਨੂੰ (ਬੁਰਦਾ) ਲੈ ਗਿਆ ਹੈ, ਇਨ੍ਹਾਂ ਕੁੰਡਲਦਾਰ ਪੇਚਾਂ 'ਚੋ
ਮੈਨੂੰ ਤੇਰਾ ਸੁਰਾਗ ਲੱਭਾ ਹੈ।

ਮਾ ਨਮੇ ਖ਼ਾਹੇਮ ਮੁਲਕੋ ਮਾਲ ਰਾ
ਗੋਯਾ ਅਜ਼ਾਂ, ਸਾਯਾਹਏ ਜ਼ੁਲਫੇ
ਤੁਰਾ ਬਾਲੇਹੁਮਾ ਫ਼ਹਿਮੀਦਹ ਏਮ।

ਭਾਵ—(ਗੋਯਾ) ਅਸੀਂ ਮੁਲਕਾਂ ਦਾ ਧਨ ਤੇ ਜਾ
ਨਹੀਂ ਮੰਗਦੇ ਸਾਡੇ ਲਈ ਤੇਰੇ **ਕੇਸਾਂ** ਦਾ ਸਾਇਆ ਹੀ ਹੁਮਾਂ ਦੇ
ਤੋਂ ਬਹੁਮੁੱਲਾ ਹੈ।

ਉਕਤ ਪ੍ਰਮਾਣਾਂ ਵਿਚ ਭਾਈ ਸਾਹਿਬ ਨੇ ਕੇਸਾਂ ਦੀ ਬਹੁਤ ਹੀ ਤਾਰੀਫ਼ ਕੀਤੀ ਹੈ ਕੁਝ ਸੱਜਣਾਂ ਦਾ ਖ਼ਿਆਲ ਹੈ ਕਿ ਇਹ ਉਪਮਾ ਉਨ੍ਹਾਂ ਨੇ ਵਾਹਿਗੁਰੂ ਦੇ ਸਰਗੁਣ ਸਰੂਪ ਗੁਰੂ ਕਲਗੀਧਰ ਦੇ ਕੇਸਾਂ ਦੀ ਕੀਤੀ ਹੈ ਅਤੇ ਕੁਝ ਕੁ ਦਾ ਵਿਚਾਰ ਹੈ ਕਿ ਵਾਹਿਗੁਰੂ ਦੇ ਕੇਸਾ-ਧਾਰੀ ਵੈਰਾਟ ਸਰੂਪ ਨੂੰ ਮੁਖ ਰਖਿਆ ਹੈ। ਭਾਵ ਕੇਸਾਂ ਦੀ ਸ਼ੋਭਾ ਤੋਂ ਹੈ ਜੋ ਹਰ ਸ਼ਾਇਰ ਆਪਣੇ ਆਪਣੇ ਢੰਗ ਨਾਲ ਕਰਦਾ ਹੈ, ਇਸ ਤੋਂ ਇਲਾਵਾ ਆਪ ਨੇ ਗੁਰੂ ਨਾਨਕ ਦੇਵ ਜੀ ਅਤੇ ਗੁਰੂ ਕਲਗੀਧਰ ਜੀ ਦੇ ਕੇਸਾਂ ਦਾ ਵੀ ਜ਼ਿਕਰ ਕੀਤਾ ਹੈ ਜਿਵੇਂ:-

ਨਾਮ ਓ ਸ਼ਾਹਿ ਨਾਨਕ ਹੱਕ **ਕੇਸ਼।**
ਕਿ ਨਿਆਇਕ ਚੂੰਨੂ ਦਿਗਰ ਦਰਵੇਸ਼।
(ਤੌਸੀਫ਼ੋ ਸਨਾ)

ਭਾਵ:–ਉਸ ਸ਼ਹਿਨ ਸ਼ਾਹ ਦਾ ਨਾਮ ਨਾਨਕ ਹੈ, ਜੋ ਸੱਚੇ ਮਜ਼ਹਬ ਅਤੇ ਕੇਸਾਂ ਵਾਲਾ ਹੈ, ਓਸ ਦਾ ਸਾਨੀ ਸਾਰੀ ਦੁਨੀਆਂ ਤੇ ਕੋਈ ਦਰਵੇਸ਼ (ਫ਼ਕੀਰ) ਨਹੀਂ।

ਦੀਨੋ ਦੁਨੀਆਂ ਦਰਕੁਮੰਦੇ ਆਂ ਪਰੀ ਰੁਖ਼ਸਾਰੇਮਾ।
ਹਰ ਦੋ ਆਲਮ ਕੀਮਤੇ ਯਕ ਤਾਰਮੂਏ ਯਾਰੇ ਮਾ।
(ਗ਼ਜ਼ਲ ੨)

ਭਾਵ–ਸਾਡਾ (ਦੀਨ) ਧਰਮ ਤੇ ਦੁਨੀਆਂ ਉਸ ਦੇ ਪਰੀਆਂ ਵਰਗੇ (ਰੁਖ਼ਸਾਰੇ) ਚੇਹਰੇ ਦੀ (ਕੁਮੰਦਾਂ) ਗ੍ਰਿਫ਼ਤ ਵਿਚ ਹਨ। ਦੋਵੇਂ ਜਹਾਨ ਉਸ ਦੇ **ਕੇਸ** ਦੀ ਇਕ ਤਾਰ ਦੇ ਮੁਲ ਦੇ ਨਹੀਂ।

ਇਸ ਵਿਚ ਵੀ ਹੋ ਸਕਦਾ ਹੈ ਯਾਰ ਪਦ ਉਨ੍ਹਾਂ ਪ੍ਰਭੂ ਲਈ ਹੀ ਵਰਤਿਆ ਹੋਵੇ, ਪਰ ਇਹ ਪਰਤੱਖ ਹੈ ਕਿ ਕੇਸਾਂ ਦੀ ਉਨ੍ਹਾਂ ਨੇ ਭਾਰੀ ਉਪਮਾਂ ਕੀਤੀ ਹੈ। ਉਕਤ ਪਰਮਾਣਾਂ ਤੋਂ ਇਲਾਵਾ ਭਾਈ ਸਾਹਿਬ ਦੇ ਰਹਿਤਨਾਮੇ ਵਿਚ ਵੀ (ਜਿਸ ਦਾ ਨਾਮ ਉੱਤਰ ਪ੍ਰਸ਼ਨ
ਨੰਦ ਲਾਲ ਹੈ) ਕੇਸਾਂ ਬਾਰੇ ਜ਼ਿਕਰ ਹੈ:–
ਬਚਨ ਹੈ ਗੁਰੂ ਜੀ ਕਾ:–

'ਜੋ ਕੋਈ ਸਿੱਖ ਕਾ ਬੇਟਾ ਹੋਇ ਅਰ
ਮੋਨਾ ਹੋਇ ਜਾਵੈ ਤਿਸ ਕੀ ਜੜ੍ਹ ਸੁਕੀ,
ਔਰ ਜੋ ਮੋਨਾ ਸਿਖ ਹੋਇ ਜਾਵੈ
ਤਿਸ ਕੀ ਜੜ੍ਹ ਹਰੀ'
(ਉ. ਪ੍ਰ. ਭਾ: ਨੰ. ਲਾ. ਸਫ਼ਾ ੧੮ ਅੰ: ੩੬

ਕੰਘਾ ਦੋਨੋਂ ਵਖਤ ਕਰ ਪਾਗ ਚੁਣੇ ਚੁਣ ਬਾਂਧਈ।
ਦਾਤਨ ਨੀਤ ਕਰੇ ਨਾ ਦੁਖ ਪਾਵੇ ਲਾਲ ਜੀ।
(ਉ. ਪ੍ਰ. ਸ. ੧੩–ਅੰ: ੧੩

ਨਗਨ ਹੋਇ ਬਾਹਿਰ ਫਿਰੈ, ਨਗਨ ਸੀਸ ਜੋ ਖਾਇ
ਨਗਨ ਪ੍ਰਸਾਦ ਜੋ ਬਾਟਈ ਤਨਖਾਹੀ ਬਡੋ ਕਹਾਇ
(ਉ. ਪ੍ਰ. ਭਾ: ਨੰ. ਲਾ. ਸ. ੧੫ ਅੰ. ੨੪

ਉਕਤ ਪਰਮਾਣਾਂ ਦੀ ਰੋਸ਼ਨੀ ਵਿਚ ਇਸ ਸ਼ੱਕ ਦੀ
ਗੁੰਜਾਇਸ਼ ਨਹੀਂ ਰਹਿ ਜਾਂਦੀ ਕਿ ਭਾਈ ਨੰਦ ਲਾਲ ਜੀ ਕੇਸ
ਨਹੀਂ ਸਨ। ਆਪ ਸਾਬਤ ਸੂਰਤ ਕੇਸਾਧਾਰੀ ਸਿੱਖ ਸਨ।

ਗੁਰੂ ਸਾਹਿਬ ਦੀ ਹਜ਼ੂਰੀ ਵਿਚ ਕੇਸਾਂ ਦੀ ਐਨੀ
ਕਰਨ ਵਾਲਾ ਅਤੇ ਦੋਨੋਂ ਵੇਲੇ ਕੰਘਾ ਕਰਨ ਦੀ ਹਦਾਇਤ
ਵਾਲਾ ਆਪ ਕੇਸਾਧਾਰੀ ਨਾ ਹੋਇਆ ਹੋਵੇ ਇਹ ਸੋਚਣ
ਬੇਸਮਝੀ ਹੈ।

## ਕੇਸ ਅਤੇ ਗੁਰੂ ਕਲਗ਼ੀਧਰ ਜੀ ਦੇ ਹੁਕ

ਪਾਇਦਾਨ ਵਾਂਗੂੰ ਪੈਰਾਂ ਹੇਠਾਂ ਲਤਾੜੇ ਜਾ ਰਹੇ ਭਾਰ
ਭਾਰਤ ਵਾਸੀਆਂ ਨੂੰ ਸ੍ਵੈਮਾਨਤਾ ਦਾ ਜੀਵਨ ਦਾਨ ਦੇਣ ਵਾ

ਗੋਬਿੰਦ ਸਿੰਘ ਜੀ ਨੇ 'ਇਸ ਗੱਲ ਨੂੰ ਸਿੱਧ ਕਰ ਕੇ ਕਿ ਮਨੁੱਖ ਦਾ ਆਤਮਕ ਅਤੇ ਸਰੀਰਕ ਬਲ ਕੇਸਾਂ ਕਰ ਕੇ ਹੀ ਕਾਇਮ ਰਹਿ ਸਕਦਾ ਹੈ' ਹਰ ਮਨੁੱਖ ਨੂੰ ਕੇਸ ਧਾਰੀ ਰਹਿਣ ਦਾ ਫੁਰਮਾਨ ਜਾਰੀ ਕੀਤਾ, ਅਤੇ ਕੇਸ ਕਟਾਉਣ ਨੂੰ (ਕੁਰਹਿਤ) ਦਸਿਆ ਸੀ, ਜਿਸ ਤੋਂ ਇਹ ਗੱਲ ਪਰਸਿੱਧ ਹੋ ਗਈ ਕਿ ਕੇਸ ਗੁਰੂ ਗੋਬਿੰਦ ਸਿੰਘ ਜੀ ਦੀ ਕਾਢ ਹਨ ਅਤੇ ਜਦ ਤੋਂ ਗੁਰੂ ਗੋਬਿੰਦ ਸਿੰਘ ਜੀ ਤੇ ਪੂਰਨ ਸ਼ਰਧਾ ਰੱਖਣ ਵਾਲੇ ਸਿੰਘਾਂ ਨੇ ਉਨ੍ਹਾਂ ਦੇ ਇਸ ਹੁਕਮ ਦੀ ਪਾਲਣਾ ਕਰਦੇ ਹੋਏ ਸਿੱਖੀ ਸਿਦਕ ਨੂੰ ਕੇਸਾਂ ਸੁਆਸਾਂ ਨਾਲ ਨਿਭਾਉਣ ਦਾ ਪ੍ਰਣ ਕਰ ਲਿਆ, ਅਰਥਾਤ ਗੋਲੀਆਂ, ਤਲਵਾਰਾਂ, ਚਰਖੜੀਆਂ ਅਥਵਾ ਉਬਲਦੀਆਂ ਦੇਗਾਂ ਸਾਹਮਣੇ ਵੀ ਕੇਸ ਕਟਾਉਣ ਤੋਂ ਇਨਕਾਰ ਕਰ ਦਿਤਾ, ਉਸ ਦਿਨ ਤੋਂ ਹੋਰ ਵੀ ਇਹ ਗੱਲ ਕੇਵਲ ਸਿੱਖਾਂ ਦੇ ਵਿਰਸੇ ਹੀ ਸਮਝੀ ਜਾਣ ਲਗ ਪਈ ਹੈ, ਪਰ ਰੱਬੀ ਹੁਕਮ ਕੇਸ ਰੱਖਣ ਦਾ ਹਕੀਕਤ ਹਰ ਮਨੁੱਖ ਮਾਤ੍ਰ ਲਈ ਹੈ। ਹਾਂ ਇਸ ਮਨ-ਮਤੀ ਲਹਿਰ ਨੂੰ ਠੱਲ੍ਹ ਪਾਉਣ ਵਾਲੇ ਕਿਉਂਕਿ ਗੁਰੂ ਗੋਬਿੰਦ ਸਿੰਘ ਜੀ ਹੀ ਹਨ, ਇਸ ਲਈ ਉਨ੍ਹਾਂ ਨੂੰ ਕੇਸ ਰੱਖਸ਼ਕ ਕਹਿਣਾ ਗ਼ਲਤ ਨਹੀਂ। ਸੋ ਜ਼ਰੂਰੀ ਭਾਸਦਾ ਹੈ ਕਿ ਕੁਝਕੁ ਹੁਕਮ ਕੇਸਾਂ ਬਾਰੇ ਗੁਰੂ ਗੋਬਿੰਦ ਸਿੰਘ ਜੀ ਦੇ ਵੀ ਇਥੇ ਅੰਕਿਤ ਕੀਤੇ ਜਾਣ। ਆਪ ਦਾ ਇਕ ਖਾਸ ਹੁਕਮ ਨਾਮਾ ਮੌਜੂਦ ਹੈ ਜਿਸ ਦੀ ਹੂਬਹੂ ਨਕਲ ਇਉਂ ਹੈ :-

੧ ਓ ਸਤਿਗੁਰੂ ਜੀ ਸਹਾਇ ॥

ਸਰਬਤ ਸੰਗਤ ਕਾਬਲ ਗੁਰੂ ਰਖੈਗਾ, ਤੁਸਾਂ ਉਤੇ ਅਸਾਡੀ ਬਹੁਤ ਖੁਸ਼ੀ ਹੈ। ਤੁਸਾਂ ਖੰਡੇ ਦਾ ਅੰਮ੍ਰਿਤ ਪੰਜਾਂ ਤੋਂ ਲੈਣਾ, **ਕੇਸ** ਰੱਖਣੇ, ਇਹ ਅਸਾਡੀ ਮੋਹਰ ਹੈ। ਕੱਛ ਕ੍ਰਿਪਾਨ ਦਾ ਵਿਸਾਹ ਨਹੀਂ

ਕਰਨਾ, ਸਰਬ ਲੋਹ ਦਾ ਕੱੜਾ ਹੱਥ ਰੱਖਣਾ, ਦੋਨੋਂ ਵਕਤ
ਦੀ ਪਾਲਨਾ ਕਰਨੀ, ਸਰਬਤ ਸੰਗਤ ਅਭਾਖਿਆ ਦਾ ਕੁੱਠਾ
ਨਾਹੀ, ਤਮਾਕੂ ਨਾ ਵਰਤਨਾ, ਭਾਦਨੀ (ਕੇਸ ਮੁੰਨਾਉਣ
ਤਥਾ ਕੰਨਿਆਂ ਮਾਰਨ ਵਾਲੇ ਸੋਂ ਮੇਲਾਮ ਨਾ ਰੱਖੇ। ਮੀਣੇ, ਮਸੰ
ਰਾਮ ਰਾਈਏ ਕੀ ਸੰਗਤ ਨ ਬੈਸੇ, ਗੁਰਬਾਣੀ ਪੜ੍ਹਨੀ, ਵਾ
ਵਾਹਿਗੁਰੂ ਜਪਨਾ, ਗੁਰੂ ਕੀ ਰਹਿਤ ਰੱਖਣੀ......ਸਰਬੱਤ
ਉਪਰ ਮੇਰੀ ਖੁਸ਼ੀ ਹੈ।

(ਪਾਤਸ਼ਾਹੀ ੧੦, ਜੇਠ ੨੬, ਸੰਮਤ ੧੭੫੬

ਇਸ ਹੁਕਮਨਾਮੇ ਵਿੱਚ ਗੁਰੂ ਸਾਹਿਬ ਨੇ ਕੇਸਾਂ ਨੂੰ ਅ
ਮੋਹਰ ਦੱਸਿਆ ਹੈ, ਅਤੇ ਇਨ੍ਹਾਂ ਨੂੰ ਕਟਾਉਣ ਦੀ ਸਖ਼ਤ ਮ
ਕਰਦੇ ਹੋਏ ਹੋਰ ਵੀ ਬਹੁਤ ਸਾਰੀਆਂ ਕੁਰਹਿੱਤਾਂ ਤੋਂ ਵਰਜਿਆ
ਜੋ ਭਾਰੀ ਮਹੱਤਤਾ ਰੱਖਦਾ ਹੈ।

ਨੋਟ—ਲੇਖਕ ਨੂੰ ਪ੍ਰੋ: ਸਤਬੀਰ ਸਿੰਘ ਜੀ ਤੋਂ ਪਤਾ
ਹੈ ਕਿ ਇਸ ਦੀ ਅਸਲ ਕਾਪੀ ਸ਼੍ਰੋਮਣੀ ਕਮੇਟੀ ਵਲੋਂ ਪ੍ਰਾਪਤ
ਲਾਇਬ੍ਰੇਰੀ ਵਿੱਚ ਰੱਖ ਲਈ ਗਈ ਹੈ, ਜੋ ਮਹਾਨ ਖੁਸ਼ੀ ਦੀ ਗੱ
ਗੁਰਸਿਖੀ ਦੀ ਰਹਿਤ ਬਹਿਤ ਬਾਰੇ ਗੁਰੂ ਕਲਗੀਧਰ ਜੀ ਦੇ ਸ
ਮੁਖੀ ਗੁਰਸਿਖਾਂ ਵਲੋਂ ਜੋ ਉਤ੍ਰ ਪ੍ਰਸ਼ਨ ਹੁੰਦੇ ਰਹੇ ਉਹ ਰਹਿ
ਨਾਮ ਤੋਂ ਪ੍ਰਸਿਧ ਹਨ। ਜਿਨ੍ਹਾਂ ਵਿਚ ਕੇਸਾਂ ਬਾਰੇ ਹੇਠ ਲਿਖੇ
ਖ਼ਾਸ ਧਿਆਨ ਯੋਗ ਹਨ :-

ਕੱਛ **ਕੇਸ** ਕੰਘਾ ਕਿਰਪਾਨ । ਕੱੜਾ ਔਰ ਜੋ ਕਰੋਂ ਬਖਾਨ
ਇਹ ਕੱਕੇ ਪਾਚੋਂ ਤੁਮ ਜਾਨੋ। ਗੁਰੂ ਗ੍ਰੰਥ ਕੋ ਤੁਮ ਸਭ ਮਾਨੋ
[ਰ: ਨਾ: ਭਾ: ਪ੍ਰਹਿਲਾਦ ਸਿੰਘ ਸਫਾ ੯, ਅੰਕ ੩

ਕੱਛ **ਕੇਸ** ਕ੍ਰਿਪਾਨ ਪ੍ਰਿਯ ਕੰਘਾ ਕੱੜਾ ਸਦੀਵ ।

ਜੋ ਧਾਰਤ ਟਾਰਤ ਨਹੀਂ ਸੋਈ ਖ਼ਾਲਸਾ ਦੇਈਵ।
(ਰ ਨਾ: ਭਾਈ ਸੁਮੇਰ ਸਿੰਘ ਜੀ ਸਫਾ ੩੫, ਅੰ: ੪)
ਮੀਨਾ ਔਰ ਮਸੰਦੀਆ ਮੋਨਾ ਕੁੜੀ ਜੋ ਮਾਰ।
ਹੋਇ ਸਿੱਖ ਵਰਤਨ ਕਰੈ ਅੰਤ ਹੋਇਗਾ ਖੁਆਰ।
(ਰ: ਨਾ ਭਾਈ ਪ੍ਰਹਿਲਾਦ ਸਿੰਘ ਸਫਾ ੨, ਅੰ: ੬)
ਗੁਰੂ ਕਾ ਸਿਖ ਭੱਦਣ ਨਾ ਕਰਾਵੇ।

(ਰ: ਨਾ: ਚੌਂਪਾ ਸਿੰਘ ਸਫ਼ਾ ੨੭, ਸਤਰ ੯)

'ਗੁਰੂ ਕਾ ਸਿੱਖ ਨਾਕ ਕੰਨ ਨ ਛੇਦੇ, ਅਖੰਡ ਰਹੇ, ਚੋਥੇ ਦਿਨ **ਕੇਸੀ** ਸ਼ਨਾਨ ਕਰੇ।'

(ਰ: ਨਾ ਭਾਈ ਦਇਆ ਸਿੰਘ ਜੀ ਸਫ਼ਾ ੩੩, ਸਤਰ ੩)
ਧਰਮੀ ਖਾਲਸਾ ਪ੍ਰਚਰਯੋ, ਸੱਤ ਰੂਪ ਪੁਨ ਰੂਪ ਜਯੋ।
ਕੱਛ **ਕੇਸ** ਕਿਰਪਾਣ ਤ੍ਰੈਮੁਦ੍ਰਾ ਗੁਰਭਗਤਾ ਰਾਮਦਾਸ ਭਯੋ।
(ਸਰਬਲੋਹ)

ਵਾਹਿਗੁਰੂ ਜੀ ਦਾ ਖ਼ਾਲਸਾ ਅਕਾਲ ਪੁਰਖ ਜੀ ਦੇ ਬਖਸ਼ੇ ਹੋਏ ਚਿੰਨ੍ਹਾਂ ਨੂੰ ਨਾ ਖੰਡਨ ਕਰੇ ਅਤੇ ਜੰਜੂ, ਟਿੱਕਾ, ਧੋਤੀ, ਕੰਠੀ, ਮੁੰਦ੍ਰਾ, ਕੁੰਡਲੀ ਸੁੰਨਤ ਆਦਿਕ ਹੋਰਨਾਂ ਆਚਾਰਯਾਂ ਦੇ ਬਣਾਵਟੀ ਅਸੂਲਾਂ ਦਾ ਧਾਰਨੀ, ਨਾ ਹੋਵੇ। (ਰਹਿਤਨਾਮਿਆਂ ਦਾ ਸਾਰ ਅਮਰ ਕੁੰਡ, ਸਫਾ ੪੩, ਅੰ: ੪)

ਵਾਹਿਗੁਰੂ ਜੀ ਦਾ ਖ਼ਾਲਸਾ ਸਾਬਤ **ਕੇਸ,** ਸਿੱਧਾ ਦਾੜ੍ਹਾ, ਸਿੱਧਾ ਦਸਤਾਰਾ ਰੱਖੇ, ਜੋ ਪਾਪ ਕਰਮਾਂ ਤੋਂ ਬਚਾਉਂਦਾ ਹੈ।
(ਸਫਾ ੪੪, ਅੰ: ੮)

ਵਾਹਿਗੁਰੂ ਜੀ ਦਾ ਖ਼ਾਲਸਾ **ਕੇਸਾਂ** ਨੂੰ ਗੁਰੂ ਅਕਾਲ ਪੁਰਖ ਦੀ ਮੋਹਰ ਜਾਣ ਕੇ ਅਦਬ ਰੱਖੇ, ਜੂਠੇ ਮੀਠੇ ਹੱਥ ਨਾ ਲਾਵੇ।
(ਸਫਾ ੪੫ ਅੰ: ੧

ਵਾਹਿਗੁਰੂ ਜੀ ਦਾ ਖ਼ਾਲਸਾ **ਕੇਸਾਂ** ਨੂੰ ਸਾਫ ਰੱਖੇ, ਦੋ
ਕੰਘਾ ਕਰੇ ਦਸਤਾਰਾ ਸਜਾਏ। (ਸਫਾ ੪੬, ਅੰ: ੨

ਵਾਹਿਗੁਰੂ ਜੀ ਦਾ ਖਾਲਸਾ **ਕੇਸਾਂ** ਕੇਸਾਂ ਦੀ ਬੇਅਦਬੀ
ਵਾਲੇ ਮਹਾਂ ਪਾਤਕੀ ਦੇ ਨਾਲ ਖਾਣੇ ਪੀਣੇ ਆਦਿਕ ਦਾ ਕੋਈ
ਨਾ ਰੱਖੇ, ਅਜਿਹੇ ਮਹਾਂ ਪਾਤਕੀ ਦਾ ਮੂੰਹ ਦੇਖਣਾ ਪਾਪ ਸਮਝੇ
(ਸਫਾ ੪੭, ਅੰ: ੩

**ਕੇਸ** ਲੜਕੇ ਦੇ ਜੋ ਹੋਇੰ ਸੁ ਉਨ੍ਹਾਂ ਦਾ ਬੁਰਾ ਨਾ ਮੰਗੈ
ਉਹੀ ਰੱਖੇ ਨਾਮ ਸਿੰਘ ਰੱਖੈ। (ਪ੍ਰੇਮ ਸੁਮਾਰਗ

ਇਸ ਪ੍ਰਕਾਰ ਦੇ ਹੋਰ ਵੀ ਬੇਅੰਤ ਬਚਨ ਪ੍ਰਸ਼ਨੋਤੀ, ਰੂ
ਬਹੁਤ ਥਾਈਂ ਮਿਲਦੇ ਹਨ। ਜੋ ਕੇਸਾਂ ਦੀ ਮਹਾਨਤਾ ਬਾਰੇ
ਚਾਨਣ ਰੂਪ ਹਨ।

ਨਿਯਮ ਕੱਛ ਅਰ **ਕੇਸ** ਕਰਦ ਕੋ ਰਾਖੋ ਅਦਬ ਸੁਰੂ
ਕੇਸ ਵਿਸ਼ੇਸ਼ ਸਭਨ ਤੇ ਜਾਨੋ ਯਹ ਤ੍ਰੈ ਮੁੰਦ੍ਰਾ ਮੇਰੀ

(ਗੁਰੂ ਪਦ ਪ੍ਰੇਮ ਪ੍ਰਕਾ

ਗੁਰੂ ਗੋਬਿੰਦ ਸਿੰਘ ਜੀ ਦੇ ਵਿਦਵਾਨ ੫੨ ਕਵੀਅ
ਇਕ ਸੈਨਾਪਤ ਕਵੀ ਹੋਏ ਹਨ, ਜਿਨ੍ਹਾਂ ਦੀ ਰਚਨਾਂ 'ਗੁਰੂ
ਸਾਗਰ' ਇਕ ਅਮਰ ਵਸਤੂ ਹੈ, ਇਸ ਰਚਨਾ ਨੂੰ ਗੁਰੂ ਸਾ
ਸਮੇਂ ਦੀ ਹੋਣ ਕਰ ਕੇ ਅਟੱਲ ਸਚਾਈ ਆਖਿਆ ਜਾ ਸਕ
ਉਸ ਵਿਚ ਕੇਸਾਂ ਬਾਰੇ ਹੇਠ ਲਿਖੇ ਹਵਾਲੇ ਕੇਸਾਂ ਦੀ ਹੋਂਦ ਲਈ
ਰੋਸ਼ਨੀ ਪਾਂਦੇ ਹਨ-

ਤੁਝੈ ਜੋ ਉਪਾਇਆ ਸੁ ਇਹੀ ਬਤਾਇਆ
ਕਰੋ ਪੰਥ ਮੇਰਾ ਧਰਮ ਕਾਜ ਕੇਰਾ ॥ ੩੦ ॥
ਯਹੈ ਕੈ ਪਠਾਯੋ । ਤਬੈ ਸਿਸਟ ਆਯੋ ।
ਭਏ **ਕੇਸ** ਧਾਰੀ ਧਰਾ ਫੇਰ ਸਾਰੀ । ੩੧ ।

(ਗੁਰੂ ਸੋਭਾ ਸਾਗਰ ਸ: ੩੦-੩੧)

ਬਚਨ ਗੁਰ ਦੇਵ ਕੇ ਗਿਆਨ ਐਸੋ ਕੀਓ, ਮੁਕਤ ਕੀ
ਜੁਗਤ ਐਸੇ ਬੀਚਾਰੀ । ਰਚਨ ਕਰਤਾਰ ਕੋ ਰਚੀ
ਅਕਾਰ ਤੇ, ਜਪੈ ਗੀ ਜਾਪ ਸਭ ਸ੍ਰਿਸ਼ਟ ਸਾਰੀ ।
ਤੱਤ ਬੀਚਾਰ ਕੈ ਜੀਤ ਬੋਲੀ ਫ਼ਤਹ, ਮਾਰ ਦੂਤਨ ਕੀਓ
ਭਸਮ ਛਾਰੀ । ਭਯੋ ਜੈਕਾਰ ਤ੍ਰੈਯ ਲੋਕ ਚੌਦਹ ਭਵਨ
ਅੱਚਲ ਪ੍ਰਤਾਪ ਗੁਰ **ਕੇਸ ਧਾਰੀ** (ਗੁ: ਸੋ: ਧਿ: ੧੮)

ਭੱਦਣ ਧਰਮ ਕਰਮ ਕਛ ਨਾਹੀ, ਨਿਸਚੇ ਜਾਨ ਸੰਤ ਮਨ ਮਾਹੀ।
ਸੰਗਤ ਭੱਦਣ (ਮੁੰਡਣ) ਮੱਤ ਕਰੋ, ਛੁਰ ਨਾ ਲਗਾਓ ਸੀਸ ।
ਮਾਤ ਪਿਤਾ ਕੋਈ ਮਰੇ ਸਤਿਗੁਰ ਕੀ ਹਦੀਸ ।

(ਗੁ: ਸੋ: ਧਿ. ੪.)

ਹੁਕਾ ਤਿਆਗੀ ਹਰ ਗੁਣ ਗਾਵੈ । ਇੱਛਾ ਭੋਜਨ ਹਰਿ ਰਸ ਪਾਵੈ ।
ਭੱਦਣ ਤਿਆਗ ਕਰੋ ਰੇ ਭਾਈ । ਤਬ ਸਿਖਨ ਯੇਹ ਬਾਤ ਸੁਣਾਈ ।
ਮਾਤ ਪਿਤਾ ਮਰੇ ਜੇ ਕੋਈ । ਤੋ ਭੀ ਕਰਤ ਨਾ ਭੱਦਣ ਕੋਈ ।

(ਗੁ. ਸੋ. ਸਾਗਰ)

ਮਾਤ ਪਿਤਾ ਗੋਬਿੰਦ ਹਮਾਰਾ, ਇਹ ਸੰਸਾਰੀ ਝੂਠ ਪਸਾਰਾ ।
ਤਾਂ ਪਰ ਭੱਦਣ ਮੂਲ ਨ ਕੀਜੈ । ਯਹ ਉਪਦੇਸ਼ ਸਤਿ ਕਰ ਲੀਜੈ ।

(ਗੁ. ਸੋ. ਸਾਗਰ)

ਗੁਰ ਸਿੱਖਨ ਕੇ ਬਚਨ ਸੁਨਾਯੋ । ਜੋ ਸਿੱਖਨ ਜਰ
ਪ੍ਰਗਟਾਯੋ । ਸਿਰ ਗੁੰਮਨ ਕੇ ਮੁਖ ਨਹਿੰ ਲਾਗੋ......।

(ਗੁ: ਸੋ:

ਹੁੱਕਾ ਨਾਹਿ ਪੀਵੈ ਸੀਸ **ਦਾੜ੍ਹੀ** ਨ ਮੁਨਾਵੈ
ਵਾਹਿਗੁਰੂ ਵਾਹਿਗੁਰੂ ਗੁਰੂ ਜੀ ਕਾ ਖ਼ਾਲਸਾ । (ਗੁ: ਸੋ: ਧਿ

ਉਪਰੋਕਤ ਹਵਾਲਿਆਂ ਤੋਂ ਬਿਨਾਂ ਹੋਰ ਵੀ ਕਈ
ਲਿਖਤਾਂ ਅਥਵਾ ਮੌਜੂਦਾ ਸਿੱਖ ਇਤਿਹਾਸ ਵਿਚ ਕੇਸਾਂ ਦੀ
ਬਾਰੇ ਪ੍ਰਮਾਣ ਮੌਜੂਦ ਹਨ ਜਿਹਾ ਕਿ:–

ਨਵਤਨ ਪੰਥ ਮਿਰਜਾਦ ਧਰ, ਕਰੈ ਕਲਕੀ ਧਰਮ ਪ੍ਰ
ਸੀਸ **ਕੇਸ** ਨੀਲੰਬਰੀ ਸਿੰਘ ਸੰਛਿਆ ਤੇਜ ਨਿ

(ਮਹਿਮਾ ਪ੍ਰਕਾਸ਼ ਸਰੂਪ ਦਾਸ ਜੀ

ਪੰਜ ਪਿਆਰੇ ਤੰਬੂ ਚੋਂ ਬਾਹਰ ਆਇ । ਅਤ ਸੁੰਦਰ
ਰੂਪ ਸੁਹਾਇ ॥ ਤੇੜ ਕਛਹਿਰਾ ਹੱਥੀਂ ਕੜਾ, ਕੰਘਾ
ਦੇ ਵਿਚ ਧਰਾ । ਮੁਖ ਪਰ ਅਚਰਜ ਰੂਪ ਸੁਹਾਇ
ਗੁਰਾਂ ਦੀ ਅਤ ਛੱਬ ਪਾਇ ।

(ਜੀਵਨ ਬਾ: ਬੁਢਾ ਜੀ ਮੰਗਲ ਸਿੰਘ ਅੰਕ

ਰਹਿਤ ਗੁਰੂ ਕੀ ਦਿਤੀ ਸਮਝਾਇ । ਸਿੱਖ ਗੁਰੂ ਕਾ
ਕਰਮ ਨ ਕਮਾਇ । ਨਾਈ ਦਾ ਹਾਥ ਸੀਸ ਚੇਹਰੇ ਨ ਲ
ਪਾਵੈ । **ਕੇਸਾਧਾਰੀ** ਸਿੱਖ ਗੁਰੂ ਕਾ ਪੰਥ ਕਹਾਵੈ ।

(ਬੰਸਾਵਲੀ ਨਾਮਾ ਕੇਸਰ ਸਿੰਘ ਛਿੱਬਰ ਅੰਕ

ਪੀਏ ਤਮਾਕੂ **ਕੇਸ** ਮੁੰਨਾਇ, ਪਰ-ਤ੍ਰਿਆ ਭੋਗੀ ਕੁੱਠਾ ਖਾ

ਇਹ ਕੁਰਹਿਤਾਂ ਵਡੀਆਂ ਚਾਰ, ਕਰ ਬੈਠੇ ਸੋ ਹੋਇ ਖੁਆਰ ਪੁਨ ਗੁਰਚਰਨ ਬਖਸ਼ਾਇ ਜੋ ਕੋਇ। ਤਉ ਭੀ ਉਹ ਸਿੱਖ ਗੰਢਲਾ ਹੋਇ।

(ਇਕ ਪੁਰਾਣੀ ਲਿਖਤ ਗੁ: ਪ੍ਰਣਾਲੀਆਂ)

ਦੂਜੇ ਭਾ: ਗੁਰਦਾਸ ਜੀ ਦਾ ਕਥਨ ਹੈ:-

ਨਿਝ ਪੰਥ ਚਲਾਇਉ ਖ਼ਾਲਸਾ ਧਰ ਤੇਜ ਕਰਾਰਾ।
ਸਿਰ **ਕੇਸ** ਧਾਰਕਰ ਖੜਗ ਕੋ ਸਭ ਦੁਸ਼ਟ ਪਛਾਰਾ।

(ਵਾ. ੪੨. ਪੌ. ੧੫)

ਗੁਰ ਬਰ ਅਕਾਲ ਕੇ ਹੁਕਮ ਸੋ ਉਪਜਿਓ ਬਿਗਿਆਨਾ।
ਤਬ ਸਹਿਜੇ ਰਚਿਓ ਖ਼ਾਲਸਾ ਸਾਬਤ ਮਰਦਾਨਾ।

(ਵਾ. ੪੧ ਪੌ. ੧੬)

ਭਾਈ ਸਿੱਖੋ ਚਾਰ ਤਨਖਾਹਾਂ ਵਡੀਆਂ ਹੈਨ:-

(ੳ) ਕੇਸਾਂ ਦੀ ਬੇਅਦਬੀ। (ਅ) ਤਮਾਕੂ ਵਰਤਨਾ। (ੲ) ਕੁੱਠਾ ਖਾਣਾ। (ਸ) ਪਰ ਇਸਤ੍ਰੀ ਗਾਮੀ ਹੋਣਾ।

(ਸਾਧ ਸੰਗਤ ਦੀ ਪ੍ਰਾਰਥਨਾ, ਲਿਖਤੀ ਪੋਥੀ)

ਪਿਛਲਾ ਭੇਖ਼ ਦੇਤ ਉਤਰੈ ਹੈ। ਕੱਛ ਕਿਰਪਾਨ **ਕੇਸ** ਰਖਵੈ ਹੈਂ।

ਇਕ ਅਕਾਲ ਕੀ ਕਰਤ ਬੰਦਗੀ। ਸ਼ਸਤ੍ਰ ਵਿੱਦਿਆ ਬਹੁ ਪਸੰਦਗੀ।
ਨਾਮ ਸਿੱਖ ਬਨ ਮਜ਼੍ਹਬ ਖ਼ਾਲਸਾ। ਛੋੜ ਦੇਤ ਸਭ ਜਗਤ ਜਾਲਸਾ।

(ਗਿ: ਗਿਆਨ ਸਿੰਘ ਦਾ ਪੰ: ਪ੍ਰ: ਧਿ: ੭੪)

ਗੁਰੂ ਗ੍ਰੰਥ ਸਾਹਿਬ ਗੁਰੂ ਜਾਨੋ। ਰਹਿਤ ਗੁਰੂ ਕੀ ਆਗਿਆ ਮਾਨੋ
ਰੱਖੋ ਕੱਛ ਕਰਦ ਅਰ **ਕੇਸ**। ਕੰਘੇ ਕੜੇ ਨਾਲ ਸੁਭ ਵੇਸ।

(ਗੁਰ ਪ੍ਰਣਾਲੀਆਂ)

ਐਸੋ ਖ਼ਾਲਸਾ ਖ਼ਾਲਸ ਪਦ ਪ੍ਰਾਪਤ ਨਿਰੰਕਾਰੀ ਸ਼ਿਵਰੂਪ



ਮਹਾਨੰ। ਸਤਿਗੁਰ ਕੇ ਉਪਦੇਸ਼ ਸਿੱਖਨ ਪ੍ਰਤ ਭਾਖਨ ਮੁੰਦ੍ਰਾਂ
ਕੱਛ **ਕੇਸ** ਕਿਰਪਾਨੰ। (ਲੋਹ ਪ੍ਰਕਾਸ਼ ਸ. ੨੨੬

ਕੱਛ **ਕੇਸ** ਕਰਦ ਗੁਰੂ ਕੀ ਤੀਨ ਮੁੰਦ੍ਰਾ ਇਹ, ਪਾਸ ਤੇ
ਦੂਰ ਕਰੇ ਸਦਾ ਅੰਗ ਸੰਗ ਧਰ।

(ਗੁ. ਪ੍ਰ. ਸੂ. ਰੁ. ੫. ਧਿ. ੨੦

ਤਜੇ **ਕੇਸ** ਭੇਖੀ ਸਿਖ ਜਾਨ। ਤਿਸ ਭੇਖੀ ਮੂਰਖ ਗੁ
ਦਰਸ਼ਨ ਨਾਹਿ। ਖੜਗ ਧਾਰ ਅਸ ਧੁਜ ਪਗ ਲਾਗੋ
**ਜਟਾ ਜੂਟ** ਰਹਿਬੇ ਅਨ ਰਾਗੋ।

(ਸੋ ਸਾਖੀ ਪਾ: ੧੦

ਦੋਇ ਵੇਲੇ ਉਠ ਬੰਧੀਯੋ ਦਸਤਾਰੇ। ਪਹਿਰ ਆਠ ਰਖੀਯੇ
ਸ਼ਸਤ੍ਰ ਸੰਭਾਰੇ। **ਕੇਸਨ** ਕੀ ਕੀਜੈ ਪ੍ਰਤਪਾਲ।
ਨਹਿ ਉਸਤ੍ਰਣ ਸੋਂ ਕਟੀਯੋ **ਬਾਲ**।

(ਹੁਕਮ ਪਾ: ੧੦) ਪੰਥ ਪ੍ਰਕਾਸ਼ ਰਤਨ ਸਿੰਘ 'ਭੰਗੂ')

## ਬਿਜੈ ਮੁਕਤ ਧਰਮ ਸ਼ਾਸਤ੍ਰ

ਉਕਤ ਨਾਮ ਦੇ ਪ੍ਰਸਿੱਧ ਗ੍ਰੰਥ ਬਾਰੇ ਇਤਿਹਾਸਕ ਰਵਾ
ਹੈ ਕਿ ਇਹ ਗੁਰੂ ਕਲਗੀ ਧਰ ਜੀ ਦੀ ਮੌਜੂਦਗੀ ਵਿਚ ਲਿ
ਗਿਆ ਹੈ। ਜਿਹਾ ਕਿ ਇਸ ਵਿਚ ਆਈਆਂ ਸਾਖੀਆਂ ਤੋਂ
ਜ਼ਾਹਿਰ ਹੈ, ਜਿਨ੍ਹਾਂ ਵਿਚ ਗੁਰੂ ਸਾਹਿਬ ਦੇ ਸਮੇਂ ਦੇ ਮੁਖੀ ਸਿਖ
ਸਤਿਗੁਰਾਂ ਨਾਲ ਉਤਰ ਪ੍ਰਸ਼ਨ ਹਨ ਅਤੇ ਕਈ ਸਾਖੀਆਂ

ਗੁਰੂ ਸਾਹਿਬਾਂ ਦੀ ਮੋਹਰ ਅਤੇ ਦਸਖਤਾਂ ਦਾ ਵੀ ਉਤਾਰਾ ਹੈ।

ਉਕਤ ਅਮੋਲਕ ਗ੍ਰੰਥ ਦੇ ਦਾਸ (ਲੇਖਕ) ਨੂੰ ਪਹਿਲੀ ਵੇਰ ਦਰਸ਼ਨ, ,ਬ਼. ਸੰ. ੧੯੫੩ ਦੇ ਭਾਈ ਹਰੀ ਸਿੰਘ ਜੀ ਬੁੰਗਾ ਪੁਰੀਆ, ਅੰਮ੍ਰਿਤਸਰ ਜੀ ਰਾਹੀਂ ਛਪੇ ਉਤਾਰੇ ਦੇ ਰੂਪ ਵਿਚ ਹੋਏ ਹਨ।

ਇਸ ਵਿਚ ਕਈ ਅਸ਼ੁਧੀਆਂ ਵੀ ਪ੍ਰਤੀਤ ਹੁੰਦੀਆਂ ਹਨ, ਪਰ ਇਸ ਦਾ ਸੰਪੂਰਨ ਪਾਠ ਕਰਨ ਤੇ ਇਉਂ ਜਾਪਿਆ ਹੈ ਕਿ ਇਹ ਖਾਲਸਾ ਪੰਥ ਦਾ ਇਕ ਅਮੋਲਕ ਵਿਰਸਾ ਹੈ। ਭਾਰੀ ਕੋਸ਼ਸ਼ ਤੇ ਵੀ ਇਸ ਦੇ ਕਿਸੇ ਲਿਖਤੀ (ਪੁਰਾਣੇ) ਖਰੜੇ ਦੀ ਅਜੇ ਪ੍ਰਾਪਤੀ ਨਹੀਂ ਹੋ ਸਕੀ।

ਇਸ ਮਹਾਨ ਗ੍ਰੰਥ ਵਿਚ ਸਿਖ ਧਰਮ ਦੇ ਬਿਅੰਤ ਅਹਿਮ ਅਸੂਲਾਂ ਤੇ ਅਮੋਲਕ ਵਿਚਾਰ ਅੰਕਿਤ ਹੈ, ਜਿਸ 'ਚੋਂ ਕੇਸਾਂ ਬਾਰੇ ਕੁਝ ਕੁ ਹੂਬਹੂ ਨੋਟ ਅੰਕਿਤ ਕੀਤੇ ਜਾਂਦੇ ਹਨ :–

'ਗੁਰੂ ਸਤਿਗੁਰੂ ਸੱਚਾ ਪਾਤਸ਼ਾਹ। ਕਲਗੀਧਰ ਪੰਥ ਦਾ ਵਾਲੀ ਕੇਸ ਗੜੁ ਖਲੋਇ ਕੇ ਸਾਰੀ ਸੰਗਤ ਕੋ ਅੰਮ੍ਰਿਤ ਛਕਾ ਕੇ ਤਾਰਿਆ ਹੁਕਮ ਦਿਤਾ ਹੇ ਸਿੰਘੋ! ਜੈਸੇ ਸਰੀਰ ਦੇ ਸਭ ਅੰਗ ਹਨ ਤੈਸੇ ਹੀ, ਇਹ ਸਭ ਰੋਮ ਹਨ। ਬੋਦੀ, ਚਿੰਨ੍ਹ **ਕੇਸਾਂ** ਦਾ ਹੈ, ਪਈ ਮਲੂਮ ਰਹੇ ਕਿਸੀ ਜ਼ਮਾਨੇ ਮੇ ਇਹ ਸਭ ਕੇਸਾਧਾਰੀ ਸਿੰਘ ਸੇ ਅਰ ਕੇਸ ਅਨਾਦੀ ਹਨ।' (ਸਾਖੀ ਪ. ਸ. ੨੯)

'ਸਿੰਘ ਕੱਛ, ਕੇਸ, ਕੰਘੇ, ਕੜੇ, ਕ੍ਰਿਪਾਨ ਦੀ ਰਹਿਤ ਸੰਯੁਕਤ ਭਜਨ ਬਾਣੀ ਦਾ ਪ੍ਰੇਮੀ ਹਜ਼ਾਰ ਬ੍ਰਾਹਮਣ ਸੇ ਹੱਛਾ ਮੇਰਾ ਰੂਪ ਹੈ। ਕੱਛ ਕੇਸ ਸੋਭਨੀਕ ਹੈ। ਬਿਨ ਕੱਛ **ਕੇਸ** ਥੀਂ ਸਿੰਘ ਤੁਰਕ ਜੈਸਾ ਹੈ। ਸਿੰਘੋ ਪਿਆਰਿਓ! 'ਸਾਧੂ, ਬਿਨਾ ਭੇਖ ਦੇ ਚੋਰ ਕਹਾਉਂਦਾ ਹੈ।

(ਸਾਖੀ ੬ ਸ ੩੫)

ਤਾਂ ਸਿੰਘਾਂ ਅਰਜ਼ ਕੀਤੀ ਜੀ ਸੱਚੇ ਪਾਤਸ਼ਾਹ! ਜਿਹੜੇ ਅੰਮ੍ਰਿਤ ਛਕ ਕੇ (ਕੇਸ) ਮੁੰਨਾਵਦੇ ਹਨ ਯਾ ਕੇਸ ਨੰਗੇ ਰਖ
ਉਨ੍ਹਾਂ ਦਾ ਕੀ ਹਾਲ ਹੋਵੇਗਾ। ਬਚਨ ਹੋਇਆ,
ਦੀ ਮਤ ਮਾਰੀ ਜਾਂਦੀ ਹੈ, ਤੁਰਕਾਂ ਜੈਸੀ ਹੋ ਜਾਂਦੀ ਹੈ। **ਕੇਸ**
ਰਖਣੇ ਦੋਸ਼ ਹੈ, ਦੋ ਪੱਗਾਂ ਰਖਣੀਆਂ ਚਾਹੀਏ, ਜੇ ਵਡੀ ਲਹਿ
ਤਾਂ ਛੋਟੀ ਰਹੇ, ਨਿੱਕੀ ਪੱਗ ਨ ਲਾਹਵਣੀ ਜਿਹੜੇ ਕੇਸ ਮੁੰਨ
ਉਹ ਪਿਛਲੇ ਜਨਮ ਭੇਡਾਂ ਦੀ ਜੂਨ ਸਨ, ਫੇਰ ਭੇਡਾਂ ਦੀ ਜੂਨ ਪ
ਖੋਟੇ ਕਰਮ ਦਾ ਫਲ ਹੈ, ਗੁਰੂ ਥੀਂ ਬੇਮੁਖ ਹਨ।'

'ਤਾਂ ਸਿਖਾਂ ਨੇ ਅਰਜ ਕੀਤੀ ਜੀ ਸੱਚੇ ਪਾਤਸ਼ਾਹ!
ਭੇਡਾਂ ਦੀ ਜੂਨ ਪਏ ਹਨ ਉਹ ਸਾਨੂੰ ਦਿਖਾਈਏ ਜੀ ... ਤ
ਹੋਇਆ ਹੇ ਸਿਖੋ! ਭੇਡਾਂ ਦਾ ਅਜੜ ਲਿਆਓ, ਸਿਖ ਭੇਡਾਂ ਲੈ
ਗੁਰੂ ਜੀ ਬਹੁਤ ਭੇਡਾਂ ਮਾੜੀਆਂ ਨਿਕਾਲੀਆਂ, ਉਨ੍ਹਾਂ ਕੋ
ਛਕਾਇਆ, ਖੰਡੇ ਸਾਥ ਮੰਤਰ ਪੜ੍ਹ ਕੇ ਉਸ ਵੇਲੇ
ਬੋਲੀਆਂ ਅਰ ਆਪ ਮੁਖੋਂ ਫਤਹ ਗਜਾਈ। ਅਰ
ਤੁਸੀ ਐਸੀ ਜੂਨ ਕਿਉਂ ਪਾਈ, ਭੇਡਾਂ ਅਰਜ ਕਰੀ
ਖੰਡੇ ਦਾ ਅੰਮ੍ਰਿਤ ਛਕਿਆ ਸੀ ਅਰ ਸਿੰਘ ਸਜੇ ਸਾਂ,
ਦੀ ਸੰਗਤ ਕਰ ਕੇ **ਕੇਸ ਦਾੜ੍ਹੀ** ਮੁੰਨਾਇ ਦਿਤੀ ਸੀ,
ਧਰਮ ਰਾਇ ਸਾਨੂੰ ਭੇਡਾਂ ਦੀ ਜੂਨੀ ਪਾਇਆ ਹੈ ... ਸੱਚੇ ਪਾਤ
ਹੁਣ ਸਾਨੂੰ ਬਖਸ਼ ਲਓ, ਅਰ ਸਿਖਾਂ ਦਾ ਜਨਮ ਪਾਈਏ ਅ
ਟਹਿਲ ਕਮਾਈਏ। ਤਾਂ ਗੁਰੂ ਸੱਚਾ ਪਾਤਸ਼ਾਹ ਜੀ ਹੁਕਮ ਕਿ
ਸਿਖੋ! ਜਪੁਜੀ ਸਾਹਿਬ ਅਤੇ ਸ੍ਰੀ ਗੁਰੂ ਰਾਮ ਦਾਸ ਜੀ ਦੀਆ
ਦਾ ਪਾਠ ਕਰ ਕੇ ਇਨ੍ਹਾਂ ਤੇ ਛਟੇ ਮਾਰੋ, ਓਸੇ ਵੇਲੇ ਛਟੇ ਮਾ
ਦੀ ਦੇਹ ਛੁਟੀ। ......ਸ੍ਰੀ ਗੁਰੂ ਜੀ ਆਗਿਆ ਕਰੀ
ਪਿਆਰਿਓ, ਅੰਮ੍ਰਿਤ ਛਕ ਕੇ ਜਿਹੜਾ ਕੇਸਾਂ ਦੀ ਬੇਅਦਬੀ
ਉਹ ਸੌ ਜਨਮ ਭੇਡਾਂ ਕਾ ਪਾਏਗਾ। ਹੇ ਸਿਖੋ ਜੀਉਂਦਾ ਸ਼ੇ
ਅਰ ਮੁਛਾਂ ਕਾ ਰੋਮ ਨਹੀਂ ਲਾਹੁਣੇ ਦੇਵੇਗਾ।'

ਚੌਪਈ–ਸੰਗਤ ਸੁਣ ਕੇ ਆਗਿਆ ਮਾਨੀ।
ਗੁਰ ਕੀ ਮਹਿਮਾ ਮਨ ਮਹਿ ਜਾਨੀ।
ਬਡ ਭਾਗੀ ਹੈਂ ਹਮ ਸਭ ਲੋਗੂ।
ਦਸਮ ਗੁਰੂ ਮਮ ਚਰਨ ਸੰਜੋਗੂ।
ਸ੍ਰੀ ਗੁਰੂ ਸਾਹਿਬ ਮਹਿਲ ਮੈ
ਗਏ ਸੁ ਆਪ ਪਧਾਰ।
ਸਿੰਘ ਲਿਖਾਰੀ ਪ੍ਰੇਮ ਸੇ
ਸਾਖੀ ਲਿਖੀ ਸੁਧਾਰ ।

[ਸਾਖੀ ੮ ਸ. ੪੨ ਤੋਂ ੪੬]

ਦੋਹਰਾ : ਸ੍ਰੀ ਗੁਰ ਪੁਰ ਬੰਦੇਰ ਸੇ ਗਏ ਹੜੰਬੇ ਦੇਸ।
ਅੰਮ੍ਰਿਤ ਛਕਵਾਨੇ ਲਗੇ ਰਾਖੇ ਸਿਰ ਪਰ **ਕੇਸ**।

(ਸ. ੭੪)

'ਬਚਨ ਹੋਇਆ, ਕੱਛ ਕੇਸ ਤੋਂ ਬਿਨਾਂ ਸਿਖ ਔਘੜ ਹੋਤਾ ਹੈ ਕੱਛ, **ਕੇਸ**, ਕੰਘਾ, ਕੜਾ, ਕਰਦ ਹੀ ਜਨੇਊ ਹੈ ਸਿਦਕ ਸੇ ਭਜਨ ਕਰੋ।'

[ਸਾਖੀ ੨੦ ਸ. ੮੧]

'ਸਿਖਾਂ ਕਿਹਾ ਗੁਰੂ ਜੀ ਸਾਨੂੰ ਆਪਣੀ ਰਹਿਤ ਮਰਯਾਦਾ ਦਸੋ ਜੀ, ਸਿਖੋ ! ਗੁਰੂ ਕੀ ਬਾਣੀ ਪੜ੍ਹੀ ਜਾਵੇ, ਕਥਾ ਗੁਰਾਂ ਦੀ ਸੁਣੇ, ਗੁਰਦਵਾਰੇ ਤੀਰਥ ਰੂਪ ਕਰ ਕੇ ਜਾਣੇ, ਰੂਪ, ਸਿੰਘ ਜੈਸਾ ਰਖੇ, ਤਹਿਮਤ ਨਾ ਰਖੇ।' [ਸਾ. ੪੦ ਸ. ੧੭੫]

'ਹੇ ਸਿਖੋ ਕਲਜੁਗ ਦੇ ਦਿਜ ਸ਼ੂਦ੍ਰਾਂ ਥੋਂ ਮਲੀਨ ਹੈਨ, ਇਨ੍ਹਾਂ ਦਾ ਅਹਾਰ ਹੀ ਹੁਕਾ ਹੈ, ਜੋ ਸਰਬ ਦੀ ਜੂਠ ਹੈ, ਇਸ ਕਰ ਕੇ ਇਨ੍ਹਾਂ ਦੀ ਬੁਧ ਮਲੀਨ ਹੈ, ਸੀਸ ਮੁੰਨਾਵਦੇ ਹੈਨ ਅਰ ਤੁਰਕਾਂ ਦਾ ਤਰੀਕਾ ਵਰਤਦੇ ਹੈਨ, ਦਿਸਣੋਂ ਹਿੰਦੂ ਹੈਨ ਲੱਖਣ ਹਿੰਦੂਆਂ ਦਾ ਕੋਈ ਨਹੀਂ। ਹੇ



ਸਿਖੋ ! ਬ੍ਰਾਹਮਣ ਝੂਠੇ ਤੇ ਪਾਖੰਡੀ ਹੈਨ, ਖਾਲਸਾ ਨਿਹਕਲੰਕ
ਪਰਮੇਸਰ ਦੇ ਹੁਕਮ ਨੂੰ ਨਹੀਂ ਮੋੜਦਾ। ਬ੍ਰਾਹਮਣ ਖੱਤ੍ਰੀ
ਮੋੜਦੇ ਹੈਨ, ਆਪਣਾ ਸਿਰ ਮੂੰਹ ਮੁੰਨਾਵਦੇ ਹੈਨ, ਪਰਮੇ
**ਜਟਾ** ਜੂਟ ਪੈਦਾ ਕੀਆ ਹੈ।' [ਸਾਖੀ ੫੧–੧੮

ਕੱਛ ਵਿਖੇ ਕਲਾ ਹੈ, ਕਛ ਤੇ ਕੇਸ ਜਿਸ ਕੇ ਪਾਸ ਨ
ਸਿੰਘ ਨ ਸਮਝੋ, **ਕੇਸ** ਤੇ ਕੱਛ ਸਿੰਘ ਨੂੰ ਮੋਹਰ ਲਗਾਈ
ਦਾੜ੍ਹਾ ਸਿੰਘ ਦਾ ਰੂਪ ਹੈ। ਜਿਸ ਪਾਸ ਇਹ ਤਿੰਨੇ ਵਸਤੂ ਨਹ
ਦਾ ਪਰਲੋਕ ਵਿਖੇ ਮੂੰਹ ਕਾਲਾ ਹੋਵੇਗਾ ਅਰ ਧੱਕੇ ਮਿਲਣਗੇ।
ਅਦਬ ਰਖੇਗਾ ਉਸ ਦੀ ਸਹਾਇਤਾ ਮੈਂ ਕਰਾਂਗਾ।'

[ਸ: ੬੫ ਸ: ੨੨

'ਬਚਨ ਹੂਆ ਜੋ ਤੁਸੀਂ ਮੰਗੋਗੇ ਸੋ ਦੇਵਾਂਗੇ, ਸਿਖ ਸੁ
ਗੁਰੂ ਸੁਖੀ, ਸਿਖ ਦੁਖੀ ਤਾਂ ਗੁਰੂ ਭੀ ਦੁਖੀ, ਸਰੀਰ ਦੇ ਵਾਲ
ਲਾਹੁਣੇ। ਆਪਣੇ ਮਜ਼੍ਹਬ ਕੀ ਗਿਲਾਨੀ। ਕਰਨ ਸੈਤਾਨੀ।

[ਸਾ: ੭੦ ਸ: ੨੩

ਕਛ ਕੇਸਾਂ (ਵਾਲੇ) ਦਾ ਨਾਮ ਸਿੰਘ ਹੈ, ਦੋ ਵਾਰੀ ਰੋਜ਼
ਕਰਿਆ ਕਰੋ, ਇਸ਼ਨਾਨ ਕਰ ਕੇ ਮੂੰਹ ਹੱਥ ਪੈਰ ਧੋਇ ਕੇ ਇ
ਕਰ ਕੇ ਸਾਫ ਕਰੋ, **ਕੇਸਾਂ** ਵਿਖੇ ਜਲ ਪਾਓ, ਪੱਗ ਦਸਤਾਰ
ਪਰ ਨਹੀਂ ਰਖਣੀ, ਅਦਬ ਨਾਲ ਰਖਣੀ, ਨੰਗੇ ਸੀਸ ਪ੍ਰ
ਛਕੋ। [ਸਾਖੀ ੭੦ ਸ: ੨੩

ਦੋਹਰਾ–ਸ੍ਰੀ ਗੁਰ ਜਬ ਆਗਿਆ ਦਈ,
ਸਭ ਨੇ ਮਾਨੀ ਠੀਕ।
ਲੜਕੀ ਦੇਨੀ ਦੇਖ ਕੈ,
ਘਰ ਹੋਇ ਗਰੀਬ ਸੁ ਨੀਕ।੧।
ਧਰਮ ਰਾਖਣਾ ਸ੍ਵਾਸ ਤੱਕ,

## ਸਿਖੀ ਸਿਰ ਕੇ ਸੰਗ।

ਮਰਨਾ ਕਾਇਰ ਹੋ ਨਹੀਂ,
ਸਨਮੁਖ ਕਰ ਕੇ ਜੰਗ ।੨।
ਐਸਾ ਕਰ ਸਤਿਗੁਰ ਕਹਿਯੋ,
ਹੁਕਮ ਜੋ ਮਾਨੇ ਮੋਰ।
ਉਹ ਮੇਰੋ ਕਰ ਰੂਪ ਸਭ,
ਜਾਣਹੁ ਸਭ ਕਰ ਜੋਰ।੩।
ਇਹ ਸਾਖੀ ਪੂਰਨ ਭਈ,
ਮਨੀ ਸਿੰਘ ਲਿਖ ਲੇਹ।
ਜੋ ਕੋਈ ਪੜ੍ਹੇ ਪ੍ਰੇਮ ਸਿਉਂ,
ਮੁੜ ਨਹੀਂ ਜਨਮ ਧਰੇ।੪।੮੮।

[ਸਾਖੀ ੮੮ ਸ. ੩੧੩]

'ਸਤਿਗੁਰ ਦੀਨ ਦਇਆਲ ਕ੍ਰਿਪਾ ਸਾਗਰ ਕਰਣਾ ਭੰਡਾਰ ਬੀਜਾਪੁਰ ਕੇ ਵਿਖੇ ਅਪਰ ਅਪਾਰ ਦੀਵਾਨ ਲਗਾਯਾ। ਬੇਸੁਮਾਰ ਸੰਗਤਾਂ ਆਈਆਂ, ਹਿੰਦੂ ਬੇਦ ਮਤ ਵਾਲੇ ਗੁਰੂ ਜੀ ਪਾਸ ਆਏ ਅਰ ਆਪਣੀ ਹਰ ਚਰਚਾ ਕਰਨੇ ਲਗੇ, ਹੇ ਗੁਰੂ ਜੀ ਅਸੀਂ ਮਾਸ ਸ਼ਰਾਬ ਨਹੀਂ ਵਰਤਦੇ, ਚੋਰੀ ਨਹੀਂ ਕਰਦੇ, ਝੂਠ ਨਹੀਂ ਬੋਲਦੇ, ਜੀਵਾਂ ਦੀ ਹੱਤਿਆ ਨਹੀਂ ਕਰਦੇ। ਗੁਰੂ ਜਾਨੀ ਜਾਨ ਕਿਰਪਾ ਨਿਧਾਨ ਬਚਨ ਕੀਤਾ ਤੁਸੀਂ ਧੰਨ ਹੋ, ਤੁਹਾਡੇ ਤਾਂ ਸਰਬ ਕਰਮ ਹੱਛੇ ਹੈਨ। ਸਾਡੇ ਸਾਥ ਤੁਸਾਡੀਆਂ ਸਗਰੀਆਂ ਰੀਤਾਂ ਮਿਲਦੀਆਂ ਹੈਨ, ਅਸੀਂ ਤੁਸਾਡੇ ਪੁਰ ਬੜੇ ਪਰਸਿੰਨ ਹੋਏ ਹਾਂ, ਪਰ ਦੋ ਕਰਮ ਤੁਸਾਡੇ ਐਸੇ ਖਰਾਬ ਹੈਨ, ਜਿਨਹੁ ਨੇ ਤੁਹਾਡੇ ਸਭ ਕਰਮ ਧਰਮ ਅਰ ਗੁਣ ਨਿਕੰਮੇ ਕਰ ਦਿਤੇ ਹੈਨ। ਏਕ ਤੇ ਤੁਸੀਂ ਸਿਰ ਮੁੰਨਾਵਦੇ ਹਉ, ਤਾਤੇ ਤੁਰਕ ਜੈਸੇ ਦ੍ਰਿਸਟ ਆਂਵਦੇ ਹਉ। ਦੂਸਰੇ ਤਮਾਕੂ ਜੋ ਨਖਿਦ ਹੈ ਉਹ ਪੀਂਦੇ ਖਾਂਦੇ ਹਉ।



ਇਨ ਮੰਦ ਕਰਮਨ ਕਰ ਤੁਸਾਡਾ ਸਾਡਾ ਮੇਲਗੇਲ ਨਹੀਂ ਹੋਇ ਸ
ਤੁਸਾਡੇ ਕਰਮ ਧਰਮ ਨਿਕੰਮੇ ਹੈਨ, **ਕੇਸ ਮੁਛ ਦਾੜ੍ਹੀ** ਅ
ਦੀ ਸੂਰਤ ਬਤਲਾਉਂਦੇ ਹਨ, ਨਹੀਂ ਤਾਂ ਔਰਤ ਜੈਸਾ ਹੋਂਵਦਾ ਹੈ

ਅਕਾਲ ਪੁਰਖ ਨੇ ਸਰਬ ਵਸਤੂ ਰੱਛਿਆ ਕੇ ਵਾਸਤੇ ਰ
ਹੈਨ।ਜੇਤੁਸੀਂ **ਕੇਸ ਦਾੜ੍ਹੀ** ਮੁਛ ਨ ਮੁੰਨਾਵਦੇ ਤਾਂ ਤੁਸੀਂਦੇਵ
ਜੈਸੇ ਹੁੰਦੇ। ਅਸੀਂ ਤੁਹਾਡੇ ਇਹ ਦੋਨੋ ਮੰਦ ਕਰਮ ਦੇਖ ਕਰ ਅਸ
ਹੋਂਵਦੇ ਹਾਂ,ਤੁਸੀਂ ਆਪਣੀ ਹੱਥੀਂ ਆਪਣੀ ਪਤਿ ਗਵਾਈ, ਅ
ਜਾਨ ਬੁਝ ਕਰ ਸਿਰ ਨਾਈ ਦੇ ਹਵਾਲੇ ਕਰ ਦੇਂਦੇ ਹਉ।
ਰਾਜਾ ਧਰਮ ਡੰਡ ਦੇਂਦੇ ਹੁੰਦੇ ਸਨ, ਸਿਰ ਮੂੰਹ ਮੁੰਨ ਕੇ ਛਡ
ਸੋ ਤੁਸੀਂ ਬਿਨਾਂ ਤਕਸੀਰ, ਬਿਨਾਂ ਗੁਨਾਹ, ਬਲਕਿ ਪਰਸਿੰਨਤਾ
ਬਕ ਸਿਰ ਮੁੰਨਾਵਦੇ ਹਉ, ਤੁਸੀਂ ਸਿਆਣੇ ਹੋ ਕਰ ਪਾਗਲ
ਹਉ। ਤੁਸੀਂ ਤਮਾਕੂ ਵਰਤ ਕੇ ਆਪਣੇ ਪੁੰਨ ਨਿਸਫਲ ਕਰ
ਹਉ। ਅਸਾਡਾ ਰਹਿਤ ਬਾਣਾ ਸ਼ੇਰਾਂ ਜੈਸਾ ਹੈ, ਇਨ੍ਹਾਂ ਸਿੰ
ਤ੍ਰਲੋਕੀ ਡਰੈਗੀ ਅਰ ਤ੍ਰਲੋਕੀ ਮੈ ਪਰਸਿਧ ਹੋਣੇਂਗੇ।

ਦੋਹਰਾ–ਇਸ ਪ੍ਰਕਾਰ ਗੁਰਵਾਕ ਸੇ,
ਸਿੰਘਨ ਲੀਉ ਅਨੰਦ।
ਛੱਕ ਅੰਮ੍ਰਿਤ ਸਿੰਘ ਸਜ ਗਏ,
ਕਰੀ ਦੇਰ ਨਹਿ ਬਿੰਦ।
ਕਰੀ ਬੇਨਤੀ ਸਭਨ ਮਿਲ।
ਹੇ ਸਤਿਗੁਰ ਕਿਰਪਾਲ।
ਬਚਨ ਆਪ ਕੇ ਸ੍ਰਵਣ ਕਰ,
ਭਈ ਸ਼ਾਂਤ ਖੁਸ਼ਹਾਲ।
ਅਗੇ ਕਉ ਹਮ ਕਯੋਂ ਕਰੈ,
ਹੁਕਮ ਅਦੂਲੀ ਤੋਰ।

ਹੁਕਮ ਸਭੀ ਮਾਨੈਂ ਪ੍ਰਭੂ,
ਬਖਸ਼ਹੁ ਅਵਗੁਣ ਮੋਰ।

[ਸਾਖੀ ੯੦ ਸ: ੩੨੨ ਤੋਂ ੨੫]

'ਏਕ ਸਿੰਘ ਬੜੀ ਉਮਰ ਦਾ ਬੁਢਾ ਸੀ ਅਰ ਦਾੜ੍ਹੀ ਕਾਲੀ ਸੀ ਮੁੰਢ ਦਾੜ੍ਹੀ ਕਾ ਚਿਟਾ ਸੀ ਇਕ ਸਿੰਘ ਨੇ ਪਛਾਣ ਕਰ ਪੁਛਿਆ ਤੇਰੀ ਉਮਰ ਬੜੀ ਹੈ ਅਰ ਦਾੜ੍ਹੀ ਕਿਉਂ ਕਾਲੀ ਹੈ, ਅਰ ਹੇਠੋਂ ਚਿੱਟੀ ਹੈ।

ਉਸ ਨੇ ਕਹਾ ਕਿ ਮੈਂ ਕਲਫ ਬਸਮੇ ਨਾਲ ਰੰਗ ਲਾਂਵਦਾ ਹਾਂ। ਇਸ ਲਈ ਦਾੜ੍ਹੀ ਕਾਲੀ ਰਹਿੰਦੀ ਹੈ, ਉਸ ਸਿੰਘ ਨੇ ਮਹਾਰਾਜ ਸੇ ਬੇਨਤੀ ਕਰੀ, ਸਚੇ ਪਾਤਸ਼ਾਹ! ਕਲਫ ਲਾਉਣੀ ਤੇਰੇ ਸਿੰਘ ਨੂੰ ਚਾਹੀਏ ਕੇ ਨਾ। ਮਹਾਰਾਜ ਬਚਨ ਕੀਤਾ ਸਿੰਘੋ ਪਿਆਰਿਓ ਕਲਫ ਲਾਉਣੀ ਬੜਾ ਦੋਸ਼ ਹੈ, ਉਸ ਕੋ ਮਰ ਕੇ ਰਿਛ ਕੀ ਜੂਨ ਪਾਵਣੀ ਪੈਂਦੀ ਹੈ, ਕਿਉਂਕਿ ਜੋ ਸਿੰਘ ਹੋਵੇਗਾ, ਗੁਰੂ ਕੇ ਭਾਣੇ ਨੂੰ ਮੰਨੇਗਾ, ਜਿਹੜਾ ਰੰਗ ਸਾਈਂ ਕਾ ਹੈ ਉਹੀ ਰੰਗ ਰਖੇਗਾ। ਆਗਿਆ ਅਕਾਲ ਪੁਰਖ ਦੀ ਮੰਨੇਗਾ।'

[ਸਾਖੀ ੧੧੬ ਸ. ੪੪੪]

ਉਪਰ ਲਿਖੇ ਸ੍ਰੀ ਗੁਰੂ ਦਸਮੇਸ਼ ਪਿਤਾ ਦੇ ਮੁਖ ਵਾਕ ਬਚਨ ਇਕ ਸਿਖ ਲਈ ਕਿੰਨੀ ਮਹਾਨਤਾ ਰਖਦੇ ਹਨ। ਇਸ ਗਲ ਦੇ ਵਿਸ-ਥਾਰ ਵਿਚ ਜਾਣ ਦੀ ਲੋੜ ਨਹੀਂ। ਲੋੜ ਤਾਂ ਸੰਖੇਪ ਤੋਰ ਤੇ ਇਸ ਗਲ ਨੂੰ ਸਮਝਣ ਦੀ ਹੈ ਕਿ ਇਨ੍ਹਾਂ ਦੀ ਰੋਸ਼ਨੀ ਵਿਚ ਸਿਖ ਹੋਣ ਦੇ ਨਾਤੇ ਖਾਸ ਤੋਰਤੇ ਸਾਡੇ ਅਤੇ ਮਨੁੱਖਤਾ ਦੇ ਨਾਤੇ ਆਮ ਮਨੁਖਤਾ ਦੇ ਕੀ ਫਰਜ਼ ਹਨ ਅਤੇ ਜੋ ਵੀਰ ਕੁਸੰਗਤ ਵਿਚ ਪੈ ਕੇ ਕੇਸਾਂ ਜਿਹੀ ਪਵਿਤ੍ਰ ਵਸਤੂ ਦਾ ਤਿਆਗ ਕਰ ਦੇਂਦੇ ਹਨ ਉਨ੍ਹਾਂ ਦਾ ਕੀ ਹਾਲ ਹੋਵੇਗਾ।

## ਗੁਰ ਪ੍ਰਤਾਪ ਸੂਰਜ

ਯਾਂ ਤੇ ਸ੍ਰੀ ਅਕਾਲ ਕੋ ਬਾਨਾ।
ਦੇ ਮੈ ਕੀਨੇ ਸਿੰਘ ਸਮਾਨਾ।

[ਗੁ. ਪ੍ਰ. ਸੂ. ਰਿ. ਅੰ. ੧੨]

ਛਾਪ ਗੁਰੂ ਕੀ ਗੁਰ ਸਮ ਜਾਨੈ। ਗੁਰ ਸਮ ਅਦਬ
**ਕੇਸ** ਕੋ ਠਾਨੈ। ੩੮ ਜੋ ਉਤਰਾਹਿ ਤਾਹਿ ਤਜ
ਦੈਨਾ। ਸਾਕਤ ਜਹਿ ਕਰ ਪਾਨ ਨ ਲੈਨਾ:-

[ਗੁ. ਪ੍ਰ. ਸੂ. ਰਿ. ੩ ਅੰ. ੧੦]

ਜੋ ਉਨ ਕਾ ਸੋ ਨਾਹਿਨ ਮੇਰਾ।ਜੋ ਮੇਰਾ ਤਿਨ ਕੋ ਨਹਿ
ਹੇਰਾ। ਹੋਨਿ ਸਿੱਖ ਰਖ **ਕੇਸ** ਬਿਸਾਲੇ। ਦੈਨ
ਲੈਨ ਇਹ ਸਰਬ ਸੁਖਾਲੇ। ੪੦।

ਭਾਵ-ਸਰਵਰੀਏ ਅਤੇ ਨਿਗਾਹਿ ਪੀਰ ਮੁਰੀਦਾਂ ਵਲ ਇਸ਼ਾਰਾ ਕਰ ਕੇ ਗੁਰੂ ਸਾਹਿਬ ਨੇ ਫੁਰਮਾਇ[...] ਹੈ ਕਿ ਜੋ ਉਨ੍ਹਾਂ (ਤੁਰਕਾ) ਦੀ ਰਹੁ ਰੀਤ ਤੇ ਚਲ[...] ਹੈ, ਉਹ ਮੇਰਾ ਸਿਖ ਨਹੀਂ, ਅਤੇ ਜੋ ਮੇਰਾ ਹੈ ਉਸ ਨੂੰ ਕੋਈ [...] ਨਹੀਂ ਸਕਦਾ। ਸਿਖ ਉਹੀ ਕਹਾ ਸਕਦਾ ਹੈ, ਜੋ ਕੇਸ ਰਖੇ, [...] ਕਰਮ ਧਰਮ ਸੌਖੇ ਹੀ ਹਨ:-

ਗੁਰੂ ਕਹੈ ਸੁਨਿ ਖਾਲਸਾ **ਕੇਸ** ਪਹੁਲੀ ਮੁਕਤਿ।
ਖੰਡੇ ਕੀ ਸਭ ਤੇ ਭਲੀ ਕੈ ਚਰਨਨ ਕੀ ਜੁਗਤ। ੮
ਜੁਗ ਜੁਗ ਮਹਿ ਹਮ ਆਵਤ ਹੈਂ। ਅਪਨੇ ਭਗਤਨ
ਕਾਜ। ਰਹਿਨੀ ਰਹੇ ਸੋ ਖਾਲਸਾ ਸੋ ਮੇਰੋ ਸਿਰਤਾਜ। ੯।

[ਗੁ. ਪ੍ਰ. ਸੂ. ਰਿ. ਪ. ਅੰ. ੩੮]

ਕਈ ਲੋਕ ਕੇਵਲ ਭੇਖ ਦੀ ਖਾਤਰ ਕੇਸ ਰਖ ਲੈਂਦੇ [...] ਉਨ੍ਹਾਂ ਨੂੰ ਕੇਸਾਂ ਦੀ ਅਹਿਮੀਅਤ ਦਾ ਕੋਈ ਗਿ[...] ਨਹੀਂ ਹੁੰਦਾ, ਨਾ ਅੰਮ੍ਰਿਤ ਪਾਨ ਕਰਦੇ ਹਨ। [...] ਗਰਦਨ ਕੋਲ (ਅਨਮਤੀ) ਜ਼ਨਾਨੀਆਂ ਵਾਂਗੂ ਜੂੜਾ ਕਰ ਲੈ[...] ਜਾਂ ਵਾਲ ਖੋਹਲੀ ਰਖਣੇ, ਸਿਗਰਟ ਪੀਂਦੇ ਰਹਿਣਾ ਆਦ ਉ[...]

ਦੀ ਆਮ ਆਦਤ ਬਣ ਜਾਂਦੀ ਹੈ ਉਹਨਾਂ ਬਾਰੇ ਹੁਕਮ ਹੈ :-

ਧਰੈ **ਕੇਸ** ਪਾਹੁਲ ਬਿਨਾ, ਭੇਖੀ ਮੂਰਖ ਸਿਖ ਮੇਰਾ
ਦਰਸ਼ਨ ਨਾਹਿ ਤਿਸੁ ਪਾਪੀ ਤਿਆਗੈ ਭਿਖ (ਭੇਖ)। ੧੦
[ਗੁ. ਪ੍ਰ. ਸੂ. ਰਿ. ਪ. ਅੰ. ੩੮]

ਅਥਵਾ–ਮੇਰੇ ਸਿਖਨ ਭੇਖ ਧਰ, ਦਾਨ ਲੂਟ ਬੇ ਹੇਤ।
ਧਰੇ **ਕੇਸ** ਰਿਖ ਪੰਥ ਤਜ ਕਪਟੀ ਪਾਪੀ
ਕੇਤ। ੨੨੧।

......**ਭੇਸ ਕੇਸ** ਧਰ ਆਨ ਸਿਖ, ਪੂਜਤ
ਤੁੱਛਨ ਦੇਵ। ਤਾਹਿ ਨ ਪਾਨੀ ਦੀਜੀਏ, ਮੇਰਾ ਸਿਖ
ਸੁ ਸੇਵ। **ਕੇਸਾ** ਧਾਰੀ ਭੇਖੀਆਂ ਜੀਵਨ ਕੇ
ਤਿਨ ਕਾਜ। ਧਰੇ ਕੇਸ ਚੰਡਾਲ ਸਮ ਦੇਇ
ਦਾਨ ਹੋਇ ਪਾਜ।੨੫।

......ਸਿਖ ਭੁਗਾਵੈ ਮੇਰਾ ਸਿਖ। **ਕੇਸ** ਭੇਸ ਨਹਿ
ਮੇਰੇ ਬ੍ਰਿਖ।੨੯।
(ਰਿ. ਪ. ਅੰ. ੩੮)

ਭਾਵ–ਭੇਖ ਦੀ ਖਾਤਰ ਕੇਸ ਰਖਣ ਵਾਲੇ ਲੋਕ ਪੂਰਨ ਸਿਖ ਨਹੀਂ ਹੋ ਸਕਦੇ ਕਿਉਂਕਿ ਉਹ ਸੁਆਰਥ ਸਿਧੀ ਲਈ ਐਸਾ ਕਰਦੇ ਹਨ। ਅਤੇ ਭੇਖੀ ਬਣ ਕੇ ਲੋਕਾਂ ਨੂੰ ਲੁਟ ਲੁਟ ਖਾਂਦੇ ਹਨ।

ਪਰ ਜਿਨ੍ਹਾਂ ਭਾਗਵਾਨ ਗੁਰਮੁਖਾਂ ਨੂੰ ਗੁਰੂ ਦੇ ਹੁਕਮ ਵਿਚ ਸ਼ਰਧਾ ਹੋਵੇ, ਉਹ ਸਿਦਕ ਸਹਿਤ ਕੇਸ ਰਖ ਕੇ ਅਤੇ ਅੰਮ੍ਰਿਤ ਪਾਨ

---

*ਇਹ ਕਥਨ ਹੂਬਹੂ ਸੌ ਸਾਖੀ ਦੀ ਤ੍ਰਿਹਠਵੀਂ ਸਾਖੀ ਦਾ ਹੈ।

ਕਰ ਕੇ ਪੂਰਨ ਸਿੰਘ ਸਜ ਜਾਂਦੇ ਹਨ:-

ਜਿਨ ਕੇ ਪੂਰਬਲੇ ਬਡਭਾਗਾ। ਤਿਨ ਗੁਰ ਬਾਕਨ
ਮਹਿ ਅਨਰਾਗ। ੩੪ ਦਿਨ ਪ੍ਰਤ ਹੋਇਂ ਸੈਂਕਰੇ
ਖਰੇ। ਪਹੁਲ ਲੇਤ **ਕੇਸ** ਸਿਰ ਧਰੇ। ਅੰਗੀਕਾਰ
ਰਹਿਤ ਕੋ ਕਰੈਂ। ਗੁਰ ਬਿਸਵਾਸ, ਅ.ਪਰ ਪਰ
ਹਰੈਂ ੩੪।

ਉਨ੍ਹਾਂ ਲਈ ਹੁਕਮ ਹੈ –

ਸਸਤ੍ਰਨ ਕੋ ਨਿਤ ਪ੍ਰਤਿ ਅਭਿਯਾਸਹੁ। ਨਹੀਂ ਤੁਰਕ
ਪਰ ਉਰ ਬਿਸਵਾਸਹੁ। **ਕੇਸਨ** ਅਦਬ, ਨ ਕੱਛ
ਬਿਨ ਰਹਿਣਾ, ਅਰਧ ਨਾਮ ਸਿੰਘਨ ਨਹਿ
ਕਹਿਨਾ। ੩੭।
(ਗੁ. ਪ੍ਰ. ਸੂ. ਰਿ. ੩. ਅ. ੧੯)

ਅਥਵਾ–ਤਬ ਕਲਗੀਧਰ ਦੇ ਉਪਦੇਸ਼।

ਪਹਿਰਤੁ ਕਾਛ ਰਖੋ ਸਿਰ **ਕੇਸ**। ਖੰਡੇ ਕੀ ਪਹੁਲ
ਅਬ ਲੀਜੈ। ਰਹਿਤ ਸਹਿਤ ਹੋਇ ਸ਼ਸਤ੍ਰ ਰਖੀਜੈ।੩੬
(ਗੁ. ਪ੍ਰ. ਸੂ. ਸਿ ੪. ਅੰ: ੬੫)

ਅਨੰਦਪੁਰ ਸਾਹਿਬ ਵਿਖੇ ਇਕ ਸਮੇਂ ਪਟਾੜੀ ਇਕੱਠੇ ਹੋ ਕੇ ਗੁਰੂ ਕਲਗੀਧਰ ਜੀ ਦੀ ਹਜ਼ੂਰੀ ਵਿਖੇ ਆ
ਪ੍ਰਸ਼ਨੋਤਰੀ ਰੂਪ ਵਾਰਤਾਲਾਪ ਸਮੇਂ ਗੁਰੂ ਸਾਹਿਬ ਨੇ ਉਹ
ਇਸ ਤਰ੍ਹਾਂ ਉਪਦੇਸ਼ ਦਿਤਾ:-

ਸਿਖੀ ਗੁਰ ਕੀ ਗ੍ਰਹਨ ਤੁਮ, ਕਰਹੁ ਸਕਲ ਮਿਲਿ
ਆਪ। ਪਾਹੁਲ ਖੰਡੇ ਕੀ ਲਵੋ ਵਧਿ ਹੈ ਅਧਿਕ
ਪ੍ਰਤਾਪ ੧੩।

(ਉਤ੍ਰ)...ਸੁਨ ਰਾਜਨਿ, ਮਿਲ ਕੀਯਸਿ ਬੀਚਾਰਾ।
ਏਕ ਮਤੇ ਕਰਿ ਸਭਨਿ ਉਚਾਰਾ। 'ਲਾਗ,
ਉਪਵੀਤ ਸਿਖਾ ਦਿਹੁ ਰਹਿਣੀ। ਅਪਰ ਸਰਬ
ਮੰਨਹਿ ਤੁਮ ਕਹਿਣੀ। ੧੪।... ਪਾਤਿਕ ਬਿਖੇ
ਭੱਦ੍ਰ ਭੀ ਕਰਨਾ।ਤਰਪਨ ਆਦ ਜਨੇਊ ਬਰਨਾ।੧੬।
ਜਿ ਨਹਿ ਧਰਹਿ ਧਰਮ ਨਹਿ ਰਹੈ। ਕਰ ਉਪਹਾਸ
ਅਪਰ ਨਰ ਕਹੈਂ। ਜਗਤ ਕਾਨ ਨਹਿ ਰਹੈ ਹਮਾਰੀ।
ਜਿਸ ਕੇ ਬਰਤਹਿ ਹੋਇ ਅਨੁਸਾਰੀ।੧੭।

(ਗੁ. ਪ੍ਰ. ਸੂ. ਰਿ. ੩. ਅੰ. ੧੩.)

ਭਾਵ–ਜਦ ਹਜ਼ੂਰ ਨੇ ਰਾਜਿਆਂ ਨੂੰ ਕਿਹਾ ਕਿ ਤੁਸੀਂ ਸਾਰੇ ਗੁਰਸਿਖੀ ਦੇ ਧਾਰਨੀ ਬਣੋ ਅਤੇ ਅੰਮ੍ਰਿਤ ਛਕੋ ਤਾਂ ਉਹਨਾਂ ਨੇ ਉਤਰ ਦਿਤਾ ਮਹਾਰਾਜ! ਧੋਤੀ, ਜੰਞੂ ਅਤੇ ਬੋਦੀ ਸਾਡੀ ਰਹਿਣ ਦਿਉ, ਕਿਉਂਕਿ ਇਹ ਹਿੰਦੂ ਧਰਮ ਲਈ ਜ਼ਰੂਰੀ ਹਨ। ਕਿਸੇ ਦੀ ਮ੍ਰਿਤੂ ਸਮੇਂ ਸਿਰ ਮੂੰਹ ਮੁੰਡਵਾਨਾ ਅਤੇ ਕਿਸੇ ਕਿਰਿਆ ਕਰਮ ਸਮੇਂ ਜਨੇਊ ਪਾਣਾ ਸ਼ਾਸਤਰ ਅਨੁਸਾਰ ਜ਼ਰੂਰੀ ਹੈ ਜੇ ਐਸਾ ਨਾ ਕਰੀਏ ਤਾਂ ਸਾਡਾ ਧਰਮ ਨਹੀਂ ਰਹੇਗਾ ਅਤੇ ਦੁਨੀਆਂ ਮਖੌਲ ਕਰੇਗੀ। ਇਸ ਦੇ ਉਤਰ ਵਿਚ ਹਜ਼ੂਰ ਨੇ ਕਿਹਾ :–

'ਕਲਗੀਧਰ ਬਿਗਸੇ ਸੁਨਿ ਬੈਨਾ। ਬੋਲੇ ਕ੍ਰਿਪਾ
ਭਿਗੋਇ ਨੈਨਾ। ਖਟ ਦਰਸ਼ਨ ਤੇ ਆਦਕ ਅਪਰੇ।
ਦੇਤਿ ਚਿੰਨ੍ਹ, ਨਿਜ ਰੰਗਤਿ ਕਪਰੇ। ੧੯।... ਹਮ ਤੇ
ਤੁਮ ਕੋ ਰੀਤ ਭਲੇਰੀ। ਦੇਤੇ ਹੈਂ ਸਭ ਲੇ ਤਿਨ
ਹੇਰੀ। ੨੦। ਜੋ ਸਰੂਪ ਪਰਮੇਸ਼ਰ ਦੀਨਸਿ। ਰਾਖਹੁ
**ਕੇਸ** ਮੇਹਰ ਗੁਰ ਕੀਨਸਿ।

ਪੰਥ ਪ੍ਰਕਾਸ਼ ਵਿਚ ਉਪਦੇਸ਼ ਹੈ:–

ਇਕ ਬਿਨ ਔਰ ਦੇਵਨ ਨ ਜਾਨੇ। ਪੁਨ ਕੁਰਹਿਤਾਂ
ਚਾਰ ਨਾ ਠਾਨੇ। ਇਕ ਤੋ ਕਦੇ ਨ **ਕੇਸ** ਕਟਾਵੇ।
ਰਚਨਾ ਪ੍ਰਭ ਕੀ ਮਾਨ ਰਖਾਵੇ। **ਕੇਸ** ਸਮੇਤ
ਪਾਂਚ ਜੋ ਰਾਖੇ। [ਤਿਸ ਕੋ ਦਰਸੇ ਉਠ ਸਭਾਖੇ।
(ਪੰ. ਪ੍ਰ. ਧਿ ੨੬. ਪੰ. ੧੮੪)

ਹਿੰਦੂ ਤੁਰਕ ਤੇ ਅਹਿ ਨਿਆਰਾ। ਸਿੰਘ ਮਜ਼ਬ ਅਬ
ਤੁਮ ਨੇ ਧਾਰਾ। ਰਾਖੋ ਕੱਛ **ਕੇਸ** ਕਿਰਪਾਨ। ਸਿੰਘ
ਨਾਮ ਕੇ ਇਹ ਨਿਸ਼ਾਨ। ਕੱਛ ਕਿਰਪਾਨ
**ਕੇਸ** ਤ੍ਰੈ ਮੁਦਰੀ। ਜੋ ਪਹਿਰੇ ਸੋ ਗੁਰ ਸਿੰਘ ਸੁੰਦਰੀ।
ਕੰਘਾ **ਕੇਸਾਂ** ਕੇ ਸੰਗ ਰਹੇ ਹੈ। ਇਹੁ ਪਾਂਚ ਕਕਾਰ
ਧਰੇ ਹੈ।
(ਪੰ. ਪ੍ਰ. ਧਿ. ੨੬. ਪੰ. ੧੮੫)

ਉਕਤ ਭਾਵ ਦਾ ਹੁਕਮ ਅੰਮ੍ਰਿਤ ਛਕਾਉਣ ਤੋਂ ਉਪਰੰਤ ਦਸ਼ਮੇਸ਼ ਜੀ ਨੇ ਗੁਰ ਖਾਲਸਾ ਜੀ ਨੂੰ ਦਿਤਾ ਸੀ। ਸੋ ਸਾਖੀ ਕਥਨ ਹੈ:–

ਏਕ ਮਜ਼ਬ ਰਹਿਨਾ ਭਲਾ ਦੋ ਮੈ ਰਹੈ ਨ ਕੋਇ। ਮੇਰਾ
ਸਿਖ ਕਹਾਇ ਕੈ ਭਰਮੈ ਪਾਪੀ ਸੋਇ।
[ਸੌ ਸਾ. ਪੰ. ੧੮੪ ਸਾ. ੬੩]

## ਸੁਧਰਮ ਮਾਰਗ ਪਾਤਸ਼ਾਹੀ ੧੦

ਇਹ ਗ੍ਰੰਥ ਭਾਈ ਦਇਆ ਸਿੰਘ ਨਾਲ ਗੁਰੂ ਕਲਗੀਧਰ ਜੀ ਦੇ ਉਤਰ ਪ੍ਰਸ਼ਨ ਵਿਚ, ਮੁਖਵਾਕ ਰਚਨਾ ਦਸੀ ਜਾਂਦੀ ਹੈ, ਜਿਸ ਵਿਚ ਕੇਸਾਂ ਬਾਰੇ ਹੇਠ ਲਿਖੇ ਹੁਕਮ ਇਤਿਹਾਸਕ ਦ੍ਰਿਸ਼ਟੀਕੋਨ ਤੋਂ ਵਡਮੁਲੇ ਹਨ:-

**ਰੋਮ** ਸਰਬ ਤਨ ਮੈ ਧਰੈ, ਕ੍ਰਿਆ ਪਿੰਡ ਕਰਮ
ਤਿਆਗ। ਗੁਰੂ ਗ੍ਰੰਥ ਮੈਂ ਪ੍ਰੀਤ ਕਰ, ਪੰਚ ਜਨਾ
ਤੇ ਭਾਗ। [ਸੁ. ਮਾ. ਧਿ. ੧੩. ਪੰ: ੧੭੫]

'ਜੋ ਅੰਮ੍ਰਿਤ ਛਕਿਆ ਚਾਹਿ ਕੱਛ ਪਹਿਰਾਵੈ
**ਕੇਸ** ਕੱਠੇ ਕਰ ਜੂੜਾ ਕਰੇ।

[ਸ: ਮਾ: ਪੰ: ੫੩]

'ਪ੍ਰਾਤਕਾਲ ਕੇਸੀ ਸ਼ਨਾਨ ਕਰੇ, ਅੰਮ੍ਰਿਤਸਰ ਕੇਸਾਂ ਸਮੇਤ ਸ਼ਨਾਨ ਟੁਬੇ ਲਗਾਵਨੇ ... ਪਾਗ ਉਤਾਰ ਕੇ ਕੇਸਾਂ ਸਮੇਤ, ਕਾਹਿਤੇ ਅੰਮ੍ਰਿਤਸਰ ਜੀ ਮੇਂ ਕੇਸ ਪਵਿੱਤਰ ਹੋਵਤੇ ਹੈ।

[ਸੁ. ਧ. ਮਾ. ਪੰ: ੬੩]

'ਖੁਲ੍ਹੇ **ਕੇਸੀ** ਔਰ ਜੂੜੇ ਭੋਜਨ ਨਾ ਕਰੈ।

[ਸੁ. ਨਾ: ਪੰ: ੧੭੦ ਧਿ: ੧੨]

'ਸਿਖ ਹੋਇਕੈ ਭਾਦਨ (ਮੁੰਡਨ) ਕਾ ਨਾਮ ਨ ਲੇਵੈ ਔਰ ਬਰਨ ਆਸ੍ਰਮ ਕਾ ਭੇਦ ਨ ਜਾਨੈ।

'ਜੇ ਕੱਛ ਬਿਨਾ ਰਹੇ, ਸ਼ਨਾਨ ਕਰੇ, ਪਾਗ ਬਡੀ ਬਿਨਾਂ ਬਾਂਧੇ, ਸੀਸ ਕੇਸ ਨਾਗੇ ਰਹੈ, ਤੋ ਉਸ ਕੋ ਸਵਾ ਰੁਪਈਆਂ ਤਨਖਾਹ ਹੈ।

[ਸੁ. ਮ. ਧਿ: ੬ ਸ: ੧੨੦]

ਇਨ੍ਹਾਂ ਸਾਰੇ ਪ੍ਰਮਾਣਾਂ ਤੋਂ ਸਿੱਧ ਹੁੰਦਾ ਹੈ ਕਿ ਹਰ ਮਨੁਖ
ਅਥਵਾ ਖਾਸ ਕਰ ਕੇ ਗੁਰ ਸਿੱਖ ਲਈ ਕੇਸ ਰੱਖਣੇ ਜ਼ਰੂਰੀ

ਇਤਿਹਾਸ ਵਿਚ ਜ਼ਿਕਰ ਆਉਂਦਾ ਹੈ ਕਿ ਜਦ ਸਾਏਕਾਂ ਤ
ਪੁਜਣ ਤੇ ਬੈਰਾੜ ਸਿਖਾਂ ਨੇ ਗੁਰੂ ਸਾਹਿਬ ਦਾ ਸਾਥ ਛਡ ਦਿ
ਇਕ ਦਾਨ ਸਿੰਘ ਨਾਮ ਦੇ ਬੈਰਾੜ ਨੇ ਗੁਰੂ ਸਾਹਿਬ ਜੀ ਦੀ
ਵਿਚ ਹੀ ਰਹਿਣ ਦਾ ਫੈਸਲਾ ਕੀਤਾ। ਉਸ ਦਾ ਉਸ ਸਮੇਂ ਦਾ
ਸਾਬਤ ਸੀ, ਪਰ ਕੇਸ ਨਹੀਂ ਸਨ। ਜਦ ਗੁਰੂ ਸਾਹਿਬ ਨੇ
ਕੇਸ ਰੱਖਣ ਲਈ ਕਿਹਾ ਤਾਂ ਉਸ ਨੇ ਬੇਨਤੀ ਕੀਤੀ ਮਹਾਰਾਜ
ੱਖਣ ਦੀ ਕੀ ਲੋੜ ਹੈ? ਤਾਂ ਹਜ਼ੂਰ ਨੇ ਇਸ ਪ੍ਰਕਾਰ ਦਾ ਉਤ੍ਰ ਦਿ

ਦਾਨ ਸਿੰਘ ਸੁਣ ਕਾਰਨ ਜਾ ਕੋ।
ਹੇਰਹਿ ਪਰਿਓ ਨਰਕ ਸਿੱਖ ਤਾਕੋ।
**ਕੇਸਨ** ਤੇ ਹਮ ਲੇਹੁੰ ਪਛਾਨ।
ਚਾਹਿ ਬਚਾਵਨ ਕਸ਼ਟ ਮਹਾਨ।
**ਕੇਸਨ** ਤੇ ਗਹਿ ਤੁਰਤ ਨਿਕਾਰਹਿ।
ਅਪਨੀ ਲਾਗੀ ਛਾਪ ਵੀਚਾਰਹਿ।

[ਗੁ: ਪ੍ਰ: ਸੂ: ਐ: ੧ ਅੰ: ੧੨

ਸੋ ਗੁਰੂ ਸਾਹਿਬ ਪਰ ਪੂਰਨ ਭਰੋਸਾ ਰੱਖਣ ਵਾਲੇ ਖ
ਪੰਥ ਦਾ ਇਹ ਨਿਸਚਾ ਹੈ ਕਿ ਗੁਰੂ ਕਲਗੀਧਰ ਜੀ ਆਪਣੀ
ਵਾਲੇ ਸਿੱਖ ਨੂੰ ਯਕੀਨਨ ਨਰਕਾਂ ਚੋਂ ਬਚਾਂਦੇ ਹਨ। ਇਸ ਖਿਅ
ਆਮ ਤੌਰ ਤੇ ਇਹ ਸ਼ੰਕਾ ਕੀਤਾ ਜਾਂਦਾ ਹੈ ਕਿ ਕੀ ਕੇਸਾਂ
ਮਨੁੱਖ ਦਾ ਜੀਵਨ ਨੀਵਾਂ ਤੇ ਦਾਗੀ ਹੋਵੇ ਤਾਂ ਵੀ ਸਤਿਗੁਰੂ ਸਹਾ
ਕਰਦਾ ਹੈ? ਇਸ ਦਾ ਉਤਰ ਇਹ ਹੈ ਕਿ ਬੇਸ਼ੱਕ ਸਰੀਰਕ ਰਹਿ

ਨਾਲ ਮਨ ਦੀ ਉੱਚਤਾ ਦੀ ਵੀ ਲੋੜ ਹੈ, ਪਰ ਇਸ ਫੈਸ਼ਨਪ੍ਰਸਤੀ ਅਤੇ ਅਯਾਸ਼ੀ ਦੇ ਜ਼ਮਾਨੇ ਵਿਚ ਆਪਣੇ ਰੋਮਾਂ ਨੂੰ ਕਾਇਮ ਰਖਣਾ ਵੀ ਤਾਂ ਸਤਿਗੁਰੂ ਪਰ ਵਿਸ਼ਵਾਸ਼ ਅਤੇ ਸ਼ਰਧਾ ਦਾ ਸੂਚਕ ਹੈ। ਜੋ ਸੱਜਣ ਇਸ ਗੁਰੂ ਕੀ ਮੋਹਰ ਨੂੰ ਅਦਬ ਨਾਲ ਕਾਇਮ ਰੱਖਦਾ ਹੈ। ਉਹ ਤਾਂ ਜੀਵਨ ਦੀਆਂ ਦੂਜੀਆਂ ਖਾਮੀਆਂ ਨੂੰ ਮਿਟਾ ਕੇ ਪੂਰਨ ਗੁਰਸਿੱਖ ਕਹਾਣ ਦੇ ਯੋਗ ਹੋ ਸਕਦਾ ਹੈ, ਪਰ ਜੋ ਇਸ ਮੁਢਲੇ ਰੱਬੀ ਅਸੂਲ ਦੀ ਹੀ ਉਲੰ-ਘਨਾ ਕਰ ਦੇਵੇ (ਹੋਰ ਭਾਵੇਂ ਕਈ ਖ਼ੂਬੀਆਂ ਉਸ ਵਿਚ ਹੋਣ) ਉਹ ਪੂਰਨ ਪਦ ਪ੍ਰਾਪਤੀ ਦਾ ਅਧਿਕਾਰੀ ਨਹੀਂ ਹੋ ਸਕਦਾ।

ਕਬੀਰ ਜੀ ਦਾ ਵਾਕ ਹੈ:–

'ਹਰਿ ਜਨ ਐਸਾ ਚਹੀਏ ਹਰ ਹੀ ਜੈਸਾ ਹੋਇ',ਅਰਥਾਤ ਹਰੀ ਦਾ ਜਨ ਹਰੀ ਜਿਹਾ ਹੋ ਕੇ ਹੀ ਉਸ ਨੂੰ ਪਾ ਸਕਦਾ ਹੈ, ਸੋ ਹਰੀ ਜੈਸਾ ਹੋਣਾ ਹਰੀ ਦਾ ਆਗਿਆਕਾਰ ਹੋਣਾ ਹੈ, ਅਰਥਾਤ ਸਰੀਰ 'ਜਿਸ ਨੂੰ ਹਰੀ ਨੇ ਆਪਣੇ ਜਿਹਾ ਸਾਜਿਆ ਹੈ' ਜਿਉਂ ਦਾ ਤਿਉਂ ਰਖਣਾ ਅਤੇ ਆਤਮਾ ਕਰ ਕੇ ਉਨ੍ਹਾਂ ਗੁਣਾਂ ਦਾ ਧਾਰਨੀ ਹੋਣਾ ਜੋ ਵਾਹਿਗੁਰੂ ਦੇ ਮੰਨੇ ਗਏ ਹਨ, ਇਹੀ ਹਰ ਹੀ ਜੈਸਾ ਹੋਣ ਦੀ ਨਿਸ਼ਾਨੀ ਹੈ।

## ਕੇਸ ਤੇ ਸੁਵਾਣੇ ਉਮਰੀ ਗੁਰੂ ਗੋਬਿੰਦ ਸਿੰਘ ਜੀ

(ਲਾ: ਦੌਲਤ ਰਾਇ)

'ਪੁਰਾਣੇ ਜ਼ਮਾਨਾ ਕੇ ਲੋਗ ਅਮੂਮਨ ਕੇਸ ਰਖਤੇ ਥੇ, ਹਿੰਦੁ-ਸਤਾਨ ਮੇਂ ਕਹਾ ਜਾਤਾ ਹੈ ਕਿ ਕਿਸੀ ਰਾਜਾ ਨੇ ਮਫਤੂਹਾ ਇਲਾਕਾ ਮੇਂ ਹਿੰਦੂਓਂ ਕੋ ਕੇਸ ਰੱਖਨੇ ਸੇ ਮਨ੍ਹੇ ਕੀਆ ਥਾ, ਔਰ ਸਿਰਫ ਚੋਟੀ ਰਖਨੇ ਕਾ ਹੁਕਮ ਦੀਆ ਗਿਆ ਜੋ ਮਫਤੂਹਾ ਰਈਅਤ ਹੋਨੇ ਕੀ ਨਿਸ਼ਾਨੀ ਥੀ। ਮੁਮਕਨ ਹੈ ਕਿ ਕਿਸੀ ਰਾਜਪੂਤ ਰਾਜਾ ਨੇ ਐਸਾ ਕੀਆ ਹੋ। ਗ਼ਾਲਬਨ ਯੇ ਹੈ ਕਿ ਬੁਧ ਰਾਜੇ ਨੇ 'ਜੋ ਹਿੰਦੂਓਂ ਕੇ ਤਮਾਮ ਰਸਮ ਸੇ ਨਫਰਤ ਰਖਤੇ ਥੇ ਔਰ ਹਿੰਦੂਉਂ ਕੋ ਨਿਹਾਇਤ ਜ਼ਲੀਲ ਹਾਲਤ ਮੇਂ ਰਖਤੇ ਥੇ, ਹਿੰਦੂਓਂ ਕੋ ਚੋਟੀ ਰਖਣੇ ਪਰ ਮਜਬੂਰ ਕੀਆ ਹੋ।

ਟਾਡ ਸਾਹਿਬ ਨੇ ਏਕ ਮੌਕਿਆ ਪਰ ਜ਼ਿਕਰ ਕੀਆ
ਚੋਟੀ ਰਖਣਾ ਰਾਜੋਂ ਨੇ ਆਪਣੇ ਕਿਸੀ ਮਫਤੂਹਾ ਇਲਾਕਾ ਮੈ
ਸ਼ਿਸਤ ਕੇ ਲੀਏ ਲਾਜ਼ਮੀ ਕੀਆ ਥਾ। ਯੇਹ ਰਾਜਾ ਹਿੰਦੂ ਹ
ਬ੍ਰਾਹਮਣੀ ਧਰਮ ਕੇ ਅਕਤਦਾਰ ਮੈਂ ਐਸਾ ਹੁਕਮ ਤੋ ਸ਼ਾਇਦ
ਸਕਤਾ। ਜ਼ਿਆਦਾ ਗ਼ਾਲਬ ਯੇਹ ਹੈ ਕਿ ਹਿੰਦੂ ਧਰਮ ਕੇ ਮੁ
ਰਾਜੋਂ ਨੇ ਐਸਾ ਹੁਕਮ ਨਾਫਜ਼ ਕੀਆ ਹੋਗਾ। ਔਰ ਵੋਹ ਯੇਹ
ਹੀ ਹੋ ਸਕਤੇ ਹੈ। ਮੁਖਤਸਰ ਯੇ ਹੈ ਕਿ ਵੋਹ ਕਿਸੀ ਜ਼ਬਰ
ਰਾਜਾ ਨੇ ਮਫਤੂਹਾ ਇਲਾਕਾ ਮੈ ਰਖਨੇ ਕੀ ਤਜਵੀਜ਼ ਕੀ ਥੀ
ਯੇ ਹੋ ਸਕਤਾ ਹੈ ਕਿ ਬੁਧ ਮਜ਼੍ਹਬ ਚੂੰਕਿ ਚਾਰੋ ਤਰਫ ਫੈਲ ਗਿ
ਬ੍ਰਾਹਮਣੋਂ ਔਰ ਬ੍ਰਾਹਮਣੀ ਅਕਤਦਾਰ ਮੈ ਬਚੇ ਹੂਏ ਰਾਜੋਂ ਨੇ
ਪੈਰੂੰ ਕੋ ਮਤਮੀਜ਼ ਰਖਨੇ ਕੇ ਲੀਏ ਯੇ ਚੋਟੀ ਰਖਨੇ ਕਾ ਤਰੀਕਾ ਨਿ
ਹੋ। ਔਰ ਯੇ ਜ਼ਿਆਦਾ ਕਰੀਨ ਕਿਆਸ ਹੈ।

ਕੁਛ ਹੋ ਇਸ ਮੈ ਕੁਛ ਸ਼ੱਕ ਨਹੀਂ ਕਿ ਚੋਟੀ ਏਕ ਗੁਲਾ
ਨਿਸ਼ਾਨੀ ਥੀ। ਖ਼ੁਆਹ ਵੋਹ ਨਿਸ਼ਾਨ ਜਿਸਮਾਨੀ ਗੁਲਾਮੀ ਕ
ਹਿੰਦੂ ਫਾਤਿਹਾਨ ਨੇ ਤਜਵੀਜ਼ ਕੀਆ, ਯਾ ਰੂਹਾਨੀ ਯਾ ਦੀ
ਕਾ ਨਿਸ਼ਾਨ ਬ੍ਰਾਹਮਣੋ ਨੇ ਮੁਕਰਰ ਕੀਆ। ਵੈਦਕ ਤਾਲੀਮ ਮੈ
ਚੋਟੀ ਕਾ ਮਜ਼੍ਹਬੀ ਰਸਮੋਂ ਮੈ ਕੋਈ ਤਅੱਲਕ ਆਜ ਤਕ ਸਾਬਤ
ਕੀਆ ਗਿਆ। ਬਰਹਾਲ ਯੇ ਦੋਨੋਂ ਸੂਰਤੋਂ ਮੈ ਗੁਲਾਮੀ ਕਾ ਨਿ
ਥਾ। ਗੁਰੂ ਗੋਬਿੰਦ ਸਿੰਘ (ਜੀ) ਨੇ ਇਸ ਗੁਲਾਮੀ ਕੇ ਨਿਸ਼
ਮਿਟਾਨਾ ਚਾਹਾ।

ਕਹਾ ਜਾਤਾ ਹੈ ਕਿ ਦਿਮਾਗ਼ੀ ਤਾਕਤੋਂ ਕੋ ਲੰਬੇ ਕੇਸ
ਨਮਾ ਅੱਛੀ ਤਰ੍ਹਾਂ ਨਹੀਂ ਹੋਨੇ ਦੇਤੇ, ਲੇਕਨ ਹਮ ਦੇਖਤੇ ਹੈਂ ਕਿ
ਜ਼ਮਾਨੇ ਮੈ ਕੇਸੋਂ ਕਾ ਰਖਣਾ ਦੀਮਾਗੀ ਤਾਕਤ ਨਸ਼ੂਦ ਨੁਮਾ ਮੈ
ਤਰ੍ਹਾਂ ਕਾ ਹਰਜ਼ ਨਹੀਂ ਹੂਆ। [ਸਫਾ ੧੬੪ ਤੋਂ ੧੪

# ਕੇਸ ਕਟਾਉਣ ਬਾਰੇ ਮਨੋ ਕਲਪਤ ਦਲੀਲਾਂ

ਪਿਛੇ ਲਿਖੇ ਪੰਨਿਆਂ ਵਿਚ ਇਹ ਦਸਿਆ ਜਾ ਚੁੱਕਾ ਹੈ ਕਿ ਕੇਸ ਰੱਬੀ ਦਾਤ ਹਨ, ਜਗਤ ਉਤਪਤੀ ਦੇ ਸਮੇਂ ਤੋਂ ਹੀ ਚਲੇ ਆ ਰਹੇ ਹਨ ਅਤੇ ਸ਼ੁਰੂ ਤੋਂ ਹੀ ਸਾਰੇ ਮਜ਼ਬਾਂ ਦੇ ਲੋਕ ਇਨ੍ਹਾਂ ਦੇ ਧਾਰਨੀ ਰਹੇ ਹਨ, ਪਰ ਵਰਤਮਾਨ ਕਾਲ ਵਿਚ ਕੇਸ ਰਖਣੇ ਕੇਵਲ ਸਿਖਾਂ ਦਾ ਹੀ ਧਰਮ ਸਮਝਿਆ ਜਾ ਰਿਹਾ ਹੈ ਅਤੇ ਅਛੋਪਲੇ ਹੀ ਆਮ ਲੋਕਾਂ ਦਾ ਇਹ ਖ਼ਿਆਲ ਬਣ ਗਿਆ ਹੈ ਕਿ ਸਿਖ ਗੁਰੂਆਂ ਨੇ ਹੀ ਇਹ ਰੀਤੀ ਚਲਾਈ ਹੈ, ਇਸ ਲਈ ਸਿਖ ਕੋਮ ਲਈ ਕੇਸ ਰਖਣੇ ਭਾਵੇਂ ਜ਼ਰੂਰੀ ਹੋਣ, ਪਰ ਆਮ ਲੋਕਾਂ ਲਈ ਜ਼ਰੂਰੀ ਨਹੀਂ ਕਿਉਂਕਿ ਉਨ੍ਹਾਂ ਦੇ ਧਾਰਮਕ ਅਸੂਲਾਂ ਅਨੁਸਾਰ ਇਨ੍ਹਾਂ ਦੇ ਰੱਖਣ ਲਈ ਕੋਈ ਪਾਬੰਦੀ ਨਹੀਂ । ਇਹ ਖਿਆਲ ਥੋੜੇ ਸਮੇਂ ਤੋਂ ਹੀ ਪ੍ਰਚਲਤ ਹੋਇਆ ਹੈ ਅਤੇ ਉਨ੍ਹਾਂ ਲੋਕਾਂ ਨੇ ਕੀਤਾ ਹੈ ਜੋ ਇਸ ਗੁਨਾਹ ਤੇ ਪਰਦਾ ਪਾਉਣਾ ਚਾਹੁੰਦੇ ਸਨ, ਪਿਛੋਂ ਹੋਲੀ ਹੋਲੀ ਲੋਕੀ ਇਸ ਨਵੇਂ ਕਿਸਮ ਦੇ ਫੈਸ਼ਨ ਵਿਚ ਦਾਖ਼ਲ ਹੋਣ ਲਗ ਪਏ, ਨਾ ਉਨ੍ਹਾਂ ਨੇ ਕਿਸੇ ਧਰਮ ਬਾਰੇ ਖੋਜ ਕੀਤੀ, ਨਾ ਵੇਦ ਪੁਰਾਣ ਵਾਚੇ, ਨਾ ਦੇਖੇ ਤੇ ਨਾ ਹੀ ਆਪਣੇ ਅਵਤਾਰਾਂ, ਰਿਸ਼ੀਆਂ ਮੁਨੀਆਂ ਦੇ ਜੀਵਨ ਪੜ੍ਹੇ ਹਮ। ਬਸ ਇੰਨੀ ਗਲ ਤੇ ਹੀ ਅੜ ਗਏ ਕਿ ਸਿਖ ਕੇਸ ਰਖਦੇ ਹਨ, ਇਸ ਲਈ ਅਸੀਂ ਨਹੀਂ ਰਖਦੇ, ਕਿਉਂਕਿ ਅਸੀਂ ਸਿਖ ਨਹੀਂ, ਪਰ ਇਹ ਨਹੀਂ ਸੋਚਿਆ ਕਿ ਕਿਸੇ ਮਨੋ ਕਲਪਤ ਮਜ਼ੁਬ ਜਾਂ ਧਰਮ ਦਾ ਕੇਸਾਂ ਨਾਲ ਸਬੰਧ ਹੀ ਕੀ ਹੈ, ਇਹ ਤਾਂ ਕੁਦਰਤੀ ਦਾਤ ਹੈ ਅਤੇ ਹਰ ਮਨੁੱਖ ਨੂੰ ਈਸ਼ਵਰ ਵਲੋਂ ਪੈਦਾਇਸ਼ ਤੋਂ ਹੀ ਮਿਲੀ ਹੈ। ਜੇ ਇਨ੍ਹਾਂ ਦਾ ਸਬੰਧ ਆਤਮ ਸਤਾ (ਰੂਹਾਨੀਅਤ) ਨਾਲ ਹੈ ਤਾਂ ਇਹ ਕਿਸੇ ਇਕ ਮਜ਼ਬ ਦੇ ਲੋਕਾਂ ਲਈ ਨਹੀਂ, ਸਗੋਂ



ਸਾਰੀ ਦੁਨੀਆਂ ਲਈ ਹੈ। ਇਹੀ ਵਜ੍ਹਾ ਸੀ ਕਿ ਰਿਸ਼ੀ
ਅਵਤਾਰ, ਪੈਗੰਬਰ, ਨਬੀ ਆਦਿ ਹਰ ਮਜ਼ੁਬ ਦੇ ਆਗੂ
ਇਨ੍ਹਾਂ ਦਾ ਸਤਿਕਾਰ ਕੀਤਾ ਅਤੇ ਇਨ੍ਹਾਂ ਦਾ ਹੋਣਾ ਜ਼ਰੂਰੀ
ਹੈ, ਜੋ ਮੁਕੰਮਲ ਹਵਾਲਿਆਂ ਸਹਿਤ ਪਿਛੇ ਸਾਬਤ ਕੀਤਾ
ਹੈ, ਪਰ ਇਹ ਸਬੂਤ ਤਾਂ ਉਨ੍ਹਾਂ ਲੋਕਾਂ ਲਈ ਹਨ ਜੋ ਮਜ਼ੁਬ
ਬਾਜ਼ੀ ਤੋਂ ਰਹਿਤ ਹੋ ਕੇ ਅਸਲ ਨੁਕਤੇ ਨੂੰ ਸਮਝਨ ਦਾ ਯਤਨ
ਅਤੇ ਆਪਣੇ ਧਾਰਮਕ ਗ੍ਰੰਥਾਂ ਨੂੰ ਤਅੱਸਬ ਦੀ ਐਣਕ
ਵਾਚਣ। ਜਿਨ੍ਹਾਂ ਨੇ ਨੀਤੀ ਹੀ ਇਹ ਅਪਨਾ ਰਈ ਹੈ ਕਿ
ਸਿਖ ਕਰਨ ਅਸਾਂ ਉਸ ਦੇ ਉਲਟ ਹੀ ਕਰਨਾ ਹੈ ਤਾਂ ਉ
ਪੁਰ ਣਾਂ ਦੀ ਕੀ ਪਰਵਾਹ ਕਰਦੇ ਹਨ।

ਜਿਨ੍ਹਾਂ ਲੋਕਾਂ ਨੇ ਵੇਦਕ ਹਵਾਲਿਆਂ ਅਨੁਸਾਰ ਮੁੰਡਨ
ਸਾਬਤ ਕਰਨ ਦਾ ਯਤਨ ਕੀਤਾ ਹੈ, ਇਸ ਖਿਆਲ ਦੀ
ਲਈ ਉਹਨਾਂ ਨੇ ਉਹੀ ਹਵਾਲੇ ਵਰਤੇ ਹਨ ਜੋ ਉਨ੍ਹਾਂ ਲੋ
ਕਾਢ ਹਨ ਜਿਨ੍ਹਾਂ ਨੂੰ ਕੇਸ ਕੱਟਣ ਦੀ ਸਜ਼ਾਂ ਮਿਲੀ ਸੀ, ਪਰ
ਇਸ ਨੂੰ ਧਾਰਮਕ ਅਸੂਲ ਹੀ ਬਣਾ ਲਿਆ। ਜੇ ਉਹ ਲਿਖਾ
ਪੜਚੋਲ ਕਨਦੇ ਕਿ ਜੇ ਕੇਸਾਂ ਦੇ ਖੰਡਨ ਲਈ ਕੁਝ ਪੁਰਾਣਕ
ਮਿਲਦੇ ਹਨ ਤਾਂ ਕੇਸਾਂ ਦੇ ਮੰਡਨ ਵਾਲੇ ਵੇਦਾਂ, ਪੁਰਾਣਾਂ, ਸਿ
ਅਤੇ ਉਪਨਿਸ਼ਿਦਾ ਦੇ ਹਵਾਲਿਆਂ ਦੇ ਕੀ ਅਰਥ ਹਨ ? ਤ
ਸ਼ਾਇਦ ਸੋਚ ਕੇ ਕਲਮ ਚਲਾਂਦੇ। ਕਿਸੇ ਵੀ ਧਰਮ ਦੇ ਮੁਖ
ਬਾਰੇ ਕਦੇ ਵੀ ਦੋ ਸਿਧਾਂਤ ਨਹੀਂ ਹੁੰਦੇ, ਇਹ ਉਹਨਾਂ ਨੂੰ
ਭਾਸਦੇ ਹਨ ਜੋ ਉਨ੍ਹਾਂ ਧਾਰਮਕ ਪੁਸਤਕਾਂ ਦਾ ਪੂਰਾ ਅ
ਨਹੀਂ ਕਰਦੇ ਤੇ ਨਾ ਹੀ ਪੂਰੇ ਪ੍ਰਕਰਣ ਨੂੰ ਜਾਣਨ ਦਾ
ਕਰਦੇ ਹਨ। ਬਸ ਆਪਣੇ ਮੰਤਵ ਦੀ ਸਿੱਧੀ ਲਈ ਜੋ
ਮਿਲਿਆ ਉਹ ਲੈ ਲਿਆ ਅਤੇ ਉਸ ਦਾ ਅੱਗਾ ਪਿਛਾ ਛਡ

ਤੁਸੀ ਗੁਰਬਾਣੀ ਤੋਂ ਆਪਣਾ ਮੰਤਵ ਸਿਦ ਕਰਨ

ਲੋਕਾਂ ਦੀ ਮਸਾਲ ਹੀ ਲਵੋ, ਜੋ ਲੋਕ ਗੁਰੂ ਡਮ ਫੈਲਾਣਾ ਚਾਹੁੰਦੇ ਹਨ ਉਹ ਆਮ ਤੋਰ ਤੇ ਬਾਣੀ ਦੀਆਂ ਉਹ ਤੁਕਾਂ ਲੈਂਦੇ ਹਨ ਜਿਨ੍ਹਾਂ ਵਿਚ ਗੁਰੂ ਦੀ ਹੋਂਦ ਨੂੰ ਜ਼ਰੂਰੀ ਦਸਿਆ ਹੈ ਜਿਵੇ:–

ਭਾਈ ਰੇ ਗੁਰ ਬਿਨ ਗਿਆਨ ਨ ਹੋਇ।
ਪੂਛਹੁ ਬ੍ਰਹਮੈ ਨਾਰਦੈ ਬੇਦ ਬਿਆਸੈ ਕੋਇ।

ਗੁਰੂ ਬਿਨ ਘੋਰ ਅੰਧਾਰ ਗੁਰੂ ਬਿਨ ਸਮਝ ਨ ਆਵੈ।
ਗੁਰ ਬਿਨ ਸੁਰਤ ਨ ਸਿਧ ਗੁਰੂ ਬਿਨ ਮੁਕਤ ਨ ਪਾਵੈ।

ਉਹ ਅਜਿਹੇ ਸ਼ਬਦਾਂ ਦਾ ਸਹਾਰਾ ਲੈ ਕੇ ਗੁਰੂ ਦੀ ਹੋਂਦ ਦੀ ਰੱਟ ਤਾਂ ਲਾਈ ਜਾਂਦੇ ਹਨ, ਪਰ ਇਸ ਗੱਲ ਵਲ ਨਹੀਂ ਆਉਂਦੇ ਕਿ ਉਹ ਗੁਰੂ ਕਿਹੜਾ ਹੈ। ਇਹ ਤਾਂ ਗੁਰਮਤ ਵੀ ਮੰਨਦੀ ਹੈ ਕਿ ਗੁਰੂ ਦਾ ਹੋਣਾ ਜ਼ਰੂਰੀ ਹੈ, ਝਗੜਾ ਇਹ ਨਹੀਂ ਕਿ ਗੁਰੂ ਹੋਵੇ ਜਾਂ ਨਹੀਂ, ਝਗੜਾ ਤਾਂ ਇਹ ਹੈ ਕਿ ਗੁਰੂ ਕੌਣ ਹੈ। ਗੁਰੂ ਦੀ ਤਾਰੀਫ ਨੂੰ ਬਿਆਨ ਕਰਨ ਜਾਂ ਗੁਰੂ ਬਾਰੇ ਕਲਗੀਧਰ ਜੀ ਦੇ ਫੈਸਲੇ ਅਥਵਾ ਤਾਰੀਖਾਂ ਦੇ ਹਵਾਲਿਆਂ ਨੂੰ ਦੁਨੀਆਂ ਦੇ ਸਾਹਮਣੇ ਰਖਣ ਨਾਲ ਕਿਉਂਕਿ ਉਹਨਾਂ ਦੇ ਆਪਣੇ ਪ੍ਰਪੰਚ ਦਾ ਦਵਾਲਾ ਨਿਕਲਦਾ ਹੈ ਇਸ ਲਈ ਉਹ ਅਸਲ ਨੁਕਤੇ ਵਲ ਆਉਂਦੇ ਹੀ ਨਹੀਂ ਅਤੇ ਸਾਧਾਰਨ ਲੋਕਾਂ ਦਾ ਇਹ ਹਾਲ ਹੈ ਕਿ ਉਹ ਸਾਰੀ ਵਿਚਾਰ ਦੀ ਤਹਿ ਤਕ ਜਾਣ ਦੀ ਸਮਝ ਹੀ ਨਹੀਂ ਰਖਦੇ, ਇਸ ਲਈ ਹਾਂ ਵਿਚ ਹਾਂ ਮਿਲਾ ਦੇਂਦੇ ਹਨ ਕਿ ਜਦ ਬਾਣੀ ਗੁਰੂ ਦੀ ਲੋੜ ਦਸਦੀ ਹੈ ਤਾਂ ਫਿਰ ਮੁਬਾਲਗ਼ਾ ਹੀ ਕੀ ਹੈ, ਪਰ ਇਸ ਗਲ ਵਲ ਉਹ ਧਿਆਨ ਨਹੀਂ ਦਿੰਦੇ ਕਿ ਗੁਰਮਤ ਗੁਰੂ ਦੀ ਹੋਂਦ ਨੂੰ ਤਾਂ ਸਿਧ ਕਰਦੀ ਹੈ, ਪਰ ਉਹ ਗੁਰੂ, ਗੁਰੂ ਨਾਨਕ ਸਾਹਿਬ ਦੇ



ਦਸ ਜਾਮਿਆਂ ਦੇ ਪਿਛੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਹਨ।
ਇਸੇ ਤਰ੍ਹਾਂ ਜੀਭ ਦੇ ਚਸਕੇ ਦੇ ਮਾਰੇ ਲੋਕ 'ਖਾਣਾ
ਪਵਿਤ੍ਰ ਹੈ', ਦੀ ਆੜ ਲੈ ਕੇ ਭੱਖ ਅਭੱਖ ਸਭ ਛਕੀ ਜਾਂਦੇ
ਪਰ–'ਹੋਰ ਖਾਣਾ ਖੁਸ਼ੀ ਖੁਆਰ ਜਿੱਤ ਖਾਧੈ ਤਨ ਪੀੜੀਐ ਮਨ
ਚਲਹਿ ਵਿਕਾਰ', ਮਹਾਂ ਵਾਕ ਵਲ ਧਿਆਨ ਹੀ ਨਹੀਂ ਦੇਂਦੇ
ਜੇ ਬਾਣੀ ਦਾ ਹੁਕਮ 'ਤਿਸ ਦੇਹੀ ਕਉ ਪਾਲ, ਹੈ ਤਾਂ
ਦੇਹ ਦੀ ਪਾਲਨਾ ਪੋਖਨਾ, ਨੂੰ ਤਾਂ ਗੁਰਮਤ ਕਹਿੰਦੇ ਹਨ
'ਘਟ ਵਸੈ ਚਰਨਾਰ ਬਿੰਦ ਰਸਨਾ ਜਪੈ ਗੋਪਾਲ। ਨਾਨਕ
ਸਿਮਰੀਐ' ਇਸ ਪੂਰੇ ਹੁਕਮ ਦੀ ਵਿਚਾਰ ਨਹੀਂ ਕਰਦੇ ਕਿ
ਕਾਜ ਲਈ ਦੇਹ ਦਾ ਪਾਲਨਾ ਗੁਰਮਤਿ ਵਿਚ ਜਾਇਜ਼ ਹੈ,
ਉਹ 'ਰੇ ਨਰ ਕਾਹਿ ਪਪੋਰਹੁ ਦੇਹੀ' ਦੇ ਭਾਵ ਨੂੰ ਸਮਝ
ਯਤਨ ਕਰਦੇ ਹਨ। ਹੋਰ ਵੀ ਕਈ ਹਵਾਲੇ ਦਿਤੇ ਜਾ
ਹਨ ਕਿ ਕਿਵੇਂ ਮਨਮਤੀ ਲੋਕ ਆਪਣੀ ਮਨੋਰਥ ਸਿੱਧੀ ਲਈ
ਪੁਸਤਕਾਂ ਦੀ ਆੜ ਲੈਂਦੇ ਹਣ। ਇਸੇ ਤਰ੍ਹਾਂ ਕੇਸਾਂ ਦੇ ਖੰ
ਆੜ ਕੁਝ ਕੁ ਮੰਤਕੀਆਂ ਨੇ ਵੇਦਾਂ ਤੋਂ ਲਈ ਹੈ ਜਿਸਦਾ
ਵਿਚ ਹੀ ਪੁਰਜ਼ੋਰ ਖੰਡਨ ਹੈ।
ਜੇ ਕਿਸੇ ਦੇ ਸਾਹਮਣੇ ਇਹ ਸਬੂਤ ਪੇਸ਼ ਕਰੋ ਤ
ਆਖਰ ਇਸ ਗਲ ਤੇ ਆ ਕੇ ਅੜ ਜਾਂਦਾ ਹੈ ਕਿ ਜੀ! ਇਕ
ਤਾਂ ਕੇਸ ਜ਼ਰੂਰ ਬੱਚੇ ਦੇ ਕੱਟਣੇ ਚਾਹੀਦੇ ਹਨ ਕਿਉਂਕਿ ਉਹ

---

*ਗੁਰੂ ਗ੍ਰੰਥ ਸਾਹਿਬ ਨੂੰ ਗੁਰਿਆਈ ਮਿਲਣ ਤੇ ਉ
ਨਾਮ ਪ੍ਰਾਪਤ ਕਰਨ ਬਾਰੇ ਗੁਰੂ ਕਲਗੀਧਰ ਜੀ ਦੇ ਬੇਅੰਤ
ਹੁਕਮ, ਅਥਵਾ ਗੁਰਬਾਣੀ, ਇਤਿਹਾਸ ਦੇ ਹਵਾਲੇ ਅਤੇ ਗੁਰੂ
ਨਿਸ਼ਾਨੀਆਂ ਦਾਸ ਲਿਖਤ 'ਸੱਚਾ ਗੁਰੂ' ਪੁਸਤਕ ਵਿਚ ਪੜ੍ਹੋ
(ਗਿ: ਉਧਮ ਸਿੰ

ਦੇ ਕੇਸ ਹੁੰਦੇ ਹਨ, ਜੇ ਪੁਛੋ ਲੜਕੀਆਂ ਦੇ ਕੇਸ ਕਿਵੇਂ ਸੂਤਕ ਤੋਂ ਪਾਕ ਹੋ ਗਏ ਤਾਂ ਕੋਈ ਜਵਾਬ ਨਹੀਂ, ਜੇ ਪੁਛੋ ਇਕ ਵਾਰੀ ਮੁੰਡਨ ਕਰ ਕੇ ਫਿਰ ਵੀ ਕਿਉਂ ਨਹੀਂ ਰਖ ਲਏ ਜਾਂਦੇ, ਤਾਂ ਕੋਈ ਉਤਰ ਨਹੀਂ।

ਇਕ ਚੰਗੇ ਪੜ੍ਹੇ ਲਿਖੇ ਸੱਜਣ ਨੂੰ ਲੇਖਕ ਨੇ ਪੁਛਿਆ ਕਿ ਦੁਸਹਿਰੇ ਤੇ ਰਾਮ ਚੰਦ੍ਰ ਜੀ ਦਾ ਸਾਂਗ ਧਾਰਨ ਕਰਨ ਵਾਲੇ ਨੂੰ ਬਣਾਉਟੀ ਵਾਲ ਕਿਉਂ ਲਾਏ ਜਾਂਦੇ ਹਨ ? ਤਾਂ ਉਹ ਕਹਿਣ ਲਗਾ ਇਸ ਲਈ, ਕਿ ਉਹਨਾਂ ਦੇ ਉਸ ਸਮੇਂ ਵਾਲ ਹੈ ਸਨ, ਕਿਉਂਕਿ ਜੋ ਵੀ ਬਨਬਾਸ ਲੈਂਦਾ ਸੀ ਉਹ ਵਾਲ ਨਹੀਂ ਸੀ ਕਟਾਉਂਦਾ। ਹੁਣ ਜੇ ਧਿਆਨ ਨਾਲ ਵੇਖੀਏ ਤਾਂ ਇਸ ਦਲੀਲ ਦਾ ਆਪਣੇ ਆਪ ਵਿਚ ਹੀ ਖੰਡਨ ਹੋ ਜਾਂਦਾ ਹੈ, ਉਹ ਇਸ ਤਰ੍ਹਾਂ ਕਿ ਜੇ ਬਾਨਪ੍ਰਸਤੀ ਕੇਸ ਨਹੀਂ ਸਨ ਕਟਾਉਂਦੇ ਤਾਂ ਆਖ਼ਰ ਇਸੇ ਲਈ ਕਿ ਉਸ ਉਮਰ ਵਿਚ ਉਹਨਾਂ ਨੇ ਈਸ਼ਵਰ ਭਗਤੀ ਪੂਜਾ ਪਾਠ ਆਦਿ ਪਵਿਤ੍ਰ ਕਰਮਾਂ ਵਿਚ ਸਮਾਂ ਬਿਤਾਣਾ ਹੁੰਦਾ ਸੀ, ਇਸ ਲਈ ਉਸ ਸਮੇਂ ਕੇਸ ਕਟਾਉਣੇ ਯੋਗ ਨਹੀਂ ਸਨ ਸਮਝਦੇ, ਕਿਉਂਕਿ ਕੇਸ ਇਕ ਪਵਿਤ੍ਰ ਵਸਤੂ ਹੈ ਤੇ ਇਨ੍ਹਾਂ ਦੇ ਕਟਾਇਆਂ ਪੂਜਾ ਪਾਠ, ਜੱਪ, ਤਪ ਦਾ ਬਲ ਨਸ਼ਟ ਹੋ ਜਾਂਦਾ ਹੈ। ਇਸ਼ ਤੋਂ ਇਕ ਗੱਲ ਤਾਂ ਆਪਣੇ ਆਪ ਸਾਫ ਹੋ ਗਈ ਕਿ ਚੰਗੇ ਕੰਮ ਸਮੇਂ ਕੇਸ ਰਖਣੇ ਜ਼ਰੂਰੀ ਹਨ, ਫਿਰ ਕੇਸ ਰਖਣਾ ਆਪਣੇ ਆਪ ਚੰਗਾ ਕੰਮ ਸਿਧ ਹੋ ਗਿਆ।

ਜੇ ਇਹ ਹੁੰਦਾ ਕਿ ਕਿਸੇ ਵੀ ਰਾਜਾ ਮਹਾਰਾਜਾ ਪੈਗ਼ੰਬਰ ਰਿਸ਼ੀ ਨੇ ਬੁਰਾ ਕੰਮ ਕਰਨ ਵੇਲੇ ਕੇਸ ਰਖ ਲਏ ਸਨ ਤਾਂ ਸਾਬਤ ਹੋ ਸਕਦਾ ਸੀ ਕਿ ਸ਼ਾਇਦ ਕੇਸ ਰਖਣੇ ਵੀ ਪਾਪ ਜਾਂ ਬੁਰੀ ਗੱਲ ਹੀ ਹੈ, ਪਰ ਜਦ ਵੇਦ ਪੁਰਾਣ ਸਾਬਤ ਕਰਦੇ ਹਨ ਕਿ ਕਿਸੇ ਵੀ ਪਵਿਤ੍ਰ ਕੰਮ ਪੂਜਾ, ਪਾਠ, ਯੱਗ, ਦਾਨ, ਸੰਕਲਪ ਆਦਿ ਕਾਰਜਾਂ ਸਮੇਂ ਕੇਸਾਂ ਦਾ ਹੋਣਾ ਜ਼ਰੂਰੀ ਸੀ ਅਤੇ ਕੇਸਹੀਨ ਦੇ ਕੀਤੇ ਇਹ ਕਰਮ ਫਲੀ

ਭੂਤ ਨਹੀਂ ਹੁੰਦੇ ਸਨ ਤਾਂ ਕੇਸ ਕਟਾਣੇ ਧਰਮ ਕਿਵੇਂ ਬਣ ਗਿਅ ਜੇ ਇਹ ਗੱਲ ਵੀ ਮੰਨ ਲਈਏ ਕਿ ਬਾਨਪ੍ਰਸਤੀ ਲੋਕ ਕੇਸ ਲੈਂਦੇ ਸਨ ਤਾਂ ਇਸ ਗਲ ਦਾ ਕੀ ਜਵਾਬ ਹੈ ਕਿ ਜੋ ਹਜ਼ਾਰਾਂ ਬਾਨਪ੍ਰਸਤੀ ਨਹੀਂ ਬਣੇ ਸਨ, ਉਹ ਕੇਸਾਧਾਰੀ ਕਿਉਂ ਸਨ ਅਜ ਵੀ ਸਾਂਗ ਸਮੇਂ ਦਸਰਥ ਨੂੰ ਕੇਸਾਂ ਵਾਲਾ ਕਿਉਂ ਦਸਿਆ ਜ ਹੈ ਕੀ ਉਹ ਵੀ ਬਨਬਾਸ ਗਏ ਸਨ ?

ਸਹੀ ਗੱਲ ਤਾਂ ਇਹ ਹੈ ਕਿ ਕੇਸ ਕਟਾਣੇ ਸਜ਼ਾ ਦੇ ਤੋ ਚੱਲੇ, ਪਰ ਜਦ ਉਹ ਪੰਡਤਾਂ ਵਿਦਵਾਨਾਂ ਨੂੰ ਦਿਤੀ ਗਈ, ਉਹਨਾਂ ਨੇ ਵਿਦਯਕ ਉਸਤਾਦੀ ਨਾਲ ਇਸ ਮਨਮਤ ਨੂੰ ਧਰਮ ਬਣਾ ਦਿਤਾ, ਵਾਸਤਵ ਵਿਚ ਇਹ ਮਹਾਂ ਅਧਰਮ ਹੈ।

## ਕੇਸ ਕਟਾਉਣ ਦੀ ਰੀਤੀ ਕਿਥੋਂ ਚਲੀ

ਕੇਸ ਕਟਾਉਣ ਦੀ ਰੀਤੀ ਕਦ ਅਤੇ ਕਿਵੇਂ ਚਲੀ, ਸੰਬੰਧੀ ਕੁਝ ਵਾਕਫੀਅਤ ਪਾਠਕਾਂ ਦੇ ਸਾਹਮਣੇ ਰਖਣੀ ਜ਼ਰੂਰੀ

(੧)

ਪੁਰਾਤਨ ਸਮੇਂ ਵਿਚ ਪਰ ਇਸਤ੍ਰੀ ਸੰਗ ਕਰਨ ਵਾਲੇ ਨੂੰ ਜੀਉ ਜਲਾਣ ਦਾ ਦੰਡ ਸੀ, ਜੈਸਾ ਕਿ ਮਨੂੰ ਸਿੰਮ੍ਰਤੀ ਤੋਂ ਸਿਧ ਹੈ

> पुमांसं दाहयेत्पापं शयने तप्त आयसे।
> अभ्याध्युश्च काष्ठानि तत्र दह्येत पापकृत्। ३७२
> ਪੁਮਾਸੰ ਦਾਹਿਯੇਤ ਪਾਪੰ ਸ਼ਾਯਨੇ ਤਪਤ ਆਯਸ਼ੇ।
> ਅਭਿਯਾਧਯੁਸ੍ਰ ਕਾਸ਼ਠਾਨੀ ਤਤ੍ਰ ਦਹਿਯਤੇ ਪਾਪ ਕ੍ਰਿਤ।

(ਧਿ: ੮, ਸ: ੩੭੨)

ਪਦ ਅਰਥ–ਪਮਾਸੰ=ਪੁਰਸ਼ । ਦਾਹੇਤ=ਜਲਾਵੇ । ਪਾਪੰ=ਪਾਪੀ । ਸ਼ਾਯਨੇ=ਸੌਣ ਵਾਲੀ ਵਸਤੂ (ਖਾਟ) । ਤਪਤ=ਤਪੇ ਹੂਏ । ਆਯਸ਼ੇ=ਲੋਹੇ ਕੀ । ਅਭਿਯਾਧਯੁਸ੍ਰ=ਉਸ ਕੇ ਊਪਰ ਡਾਲੇਂ । ਕਾਸ਼ਠਾਨੀ=ਲਕੜੇਂ । ਦਾਹਿਯਤੇ=ਜਲ ਕੇ ਮਰੇ । ਪਾਪਕ੍ਰਿਤ=ਵੋਹ ਪਾਪ ਕਰਮੀ ।

ਅਰਥ–ਔਰ ਉਸ ਪਾਪੀ ਯਾਰ ਕੋ ਤਪਾਏ ਹੂਏ ਲੋਹੇ ਕੀ ਖਾਟ ਪਰ ਸੁਲਾ ਕਰ ਜਲਾਵੇ, ਤਥਾ ਉਸ ਖਾਟ ਪਰ ਲੋਗ ਲਕੜੀ ਡਾਲ ਦੇਂ ਜਿਸ ਮੈਂ ਵਹ ਪੁਰਸ਼ ਜਲ ਕਰ ਮਰ ਜਾਇ ।

(ਮ: ਸਿੰ: ਟੀ: ਹਰਗੋਬਿੰਦ ਸ਼ਾਸਤ੍ਰੀ ਪੰ: ੪੬੧)

शूद्रो गुप्तमगुप्तं वा द्वैजातं वर्णमावसन् ।
अगुप्तमंसर्वस्वैर्गुप्तं सर्वेण हीयते । ३७४

ਸ਼ੂਦ੍ਰੋ ਗੁਪਤਮਗੁਪਤੰ ਵ ਦ੍ਵੈਜਾਤੇ ਵਰਣਾਮਾਵਸਨ ।
ਅਗੁਪਤਮੰ ਸਰਵਸ੍ਵੈਰਗੁਪਤੰ ਸਰਵੇਣ ਹੀਯਤੇ ।

(ਧਿ: ੮, ਸ਼: ੩੭੪)

ਪਦ ਅਰਥ–ਸ਼ੂਦ੍ਰੋ=ਸ਼ੂਦਰ । ਗੁਪਤਮਗੁਪਤੰ=ਸੁਰੱਖਯਤ ਜਾਂ ਅਸੁਰੱਖਯਤ । ਦ੍ਵੈਜਾਤੰ=ਦ੍ਵਿਜ (ਬ੍ਰਾਹਮਣ) ਇਸਤ੍ਰੀ ਕੇ ਸਾਥ । ਵਰਣਮਾਵਸੰ=ਸੰਭੋਗ ਕਰਨੇ ਪਰ ।

ਅਰਥ–ਸੁਰੱਖਯਤ ਯਾਂ ਅਸੁਰੱਖਯਤ ਦ੍ਵਿਜ ਇਸਤ੍ਰੀ ਕੇ ਸਾਥ ਸੰਭੋਗ ਕਰਨੇ ਵਾਲੇ ਸ਼ੂਦ੍ਰ ਕੋ ਅਸੁਰੱਖਯਤ ਦ੍ਵਿਜ ਇਸਤ੍ਰੀ ਕੇ ਸਾਥ ਸੰਭੋਗ ਕਰਨੇ ਪਰ ਉਸ ਕੇ ਲਿੰਗ ਕੋ ਕਟਵਾ ਕਰ ਤਥਾ ਧਨ ਕੋ ਜਪਤ ਕਰ ਦੰਡਿਤ ਕਰੇ ਤਥਾ ਸੁਰੱਖਯਤ ਦ੍ਵਿਜ ਇਸਤ੍ਰੀ ਕੇ ਸਾਥ ਸੰਭੋਗ ਕਰਨੇ ਪਰ ਉਸ ਕੀ ਸਭ ਸੰਪਤੀ ਕੋ ਜਪਤ ਕਰ ਉਸੇ ਪ੍ਰਾਣ ਦੰਡ ਸੇ ਦੰਡਿਤ ਕਰੇ ।

(ਮ: ਸਿੰ: ਟੀ: ਹ: ਗੋ: ਸ਼ਾਸਤ੍ਰੀ ਪੰਨਾ ੪੬੧)

ਜਦ ਮਨੂੰ ਜੀ ਨੇ ਉਕਤ ਕੁਕਰਮ ਦੀ ਕਾਨੂੰਨਨ ਸਜ਼ਾਇ ਇਬ੍ਰਤਨਾਕ ਤ੍ਰੀਕੇ ਨਾਲ ਮੌਤ ਨਿਯਤ ਕੀਤੀ ਤਾਂ ਇਕ ਅ ਸਵਾਲ ਸਾਹਮਣੇ ਆ ਗਿਆ ਕਿ ਇਹ ਕਰਮ ਜੇ ਕੋਈ ਬ੍ਰਾ ਕਰੇ ਤਾਂ ਉਸ ਨੂੰ ਕੀ ਸਜ਼ਾਇ ਮਿਲਣੀ ਚਾਹੀਦੀ ਹੈ । ਕਿਉ ਬ੍ਰਾਹਮਣ ਨੂੰ ਮਾਰਨ ਨਾਲ ਇਕ ਤਾਂ ਬ੍ਰਹਮ ਹੱਤਿਆ ਲਗਦ ਤੇ ਦੂਜਾ ਬ੍ਰਾਹਮਣਵੰਸ਼ ਦਾ ਨਾਸ਼ ਹੁੰਦਾ ਸੀ । ਇਸ ਲਈ ਰਿਸ਼ੀਆਂ ਦੀ ਸਭਾ ਵਿਚ ਇਸ ਔਕੜ ਦਾ ਹੱਲ ਢੂੰਡਿਆ ਗਿ ਅਤੇ ਅੰਤ ਨੂੰ ਇਹ ਫੈਸਲਾ ਹੋਇਆ ਕਿ ਬ੍ਰਾਹਮਣ ਨੂੰ ਮਾਰ ਜਗ੍ਹਾ ਉਸ ਦਾ ਮੂੰਹ ਸਿਰ ਮੁੰਨ ਦਿਤਾ ਜਾਵੇ ਤਾਂ ਕਿ ਉਹ ਮੌਤ ਵੀ ਇਸ ਭਿਆਨਕ ਸਜ਼ਾ ਤੋਂ ਸ਼ਰਮਨਾਕ ਹਾਲਤ ਵਿਚ ਹੁੰਦਾ ਫਿਰੇ ਅਤੇ ਉਸ ਨੂੰ ਵੇਖ ਕੇ ਦੂਜਿਆਂ ਨੂੰ ਇਬਰਤ ਮਿ ਰਹੇ । ਯਥਾ :

मौण्डयं प्राणान्ति को दण्डो ब्राह्मणस्य विधीयते ।
इतरेषा तु वर्णानां दण्डः प्राणान्ति को भवेत् । ३७६

ਮੂੰਡਯੰ ਪ੍ਰਾਣਾਤਿ ਕੋ ਦੰਡੋ ਬ੍ਰਾਹਮਣਸਯ ਵਿਧੀਯਤੇ ।
ਇਤ੍ਰੇਸ਼ਾਂ ਤੂ ਵਰਣਾਨਾਂ ਦੰਡ: ਪ੍ਰਾਣਾਤਿ ਕੋ ਭਵੇਤ ।

(ਮ: ਸਿੰ: ਧਿ: ੮, ਸ: ੩੭੯

ਪਦ ਅਰਥ–ਮੁੰਡਯੰ=ਮੁੰਡਨ । ਪ੍ਰਾਣਾਤਿ ਕੋ=ਪ੍ਰਾਣ ਕਰਨ (ਮਾਰ ਦੇਣ ਬ੍ਰਾਬਰ) ਦਾ । ਬ੍ਰਾਹਮਣਸਯ=ਬ੍ਰਾਹਮਣ ਵਿਧੀਯਤੇ=ਦੀਆ ਜਾਵੇ । ਇਤ੍ਰੇਸ਼ਾਂ ਤੂ=ਇਸ ਤਰ੍ਹਾਂ ਕੀ ਸ ਭਾਗੀ । ਵਰਣਾਨੰ=ਦੂਜੇ ਵਰਣੋਂ ਕਾ । ਦੰਡ=ਸਜ਼ਾ । ਪ੍ਰਾਣ ਮਾਰਨੇ ਕਾ । ਭਾਵੇਤ=ਦੇਣਾ ਚਾਹੀਏ ।

(ਪਦ ਅਰਥ–ਲੇਖਕ

ਅਰਥ–ਬ੍ਰਾਹਮਣ ਕੋ ਪ੍ਰਾਣ ਦੰਡ ਹੋਨੇ ਪਰ ਉਸਕਾ

ਕਰਾ ਦੇਣਾ ਹੀ ਉਸਕਾ ਪ੍ਰਾਣਦੰਡ ਹੋਤਾ ਹੈ ਤਥਾ ਅਨ ਵਰਣੋਂ ਕਾ (ਛੱਤ੍ਰੀ, ਵੈਸ਼ ਤੇ ਸੂਦਰ) ਕਾ ਪ੍ਰਾਣ ਨਾਸ਼ ਕਰਨਾ ਹੀ ਪ੍ਰਾਣ ਦੰਡ ਹੋਤਾ ਹੈ।

(ਮ: ਸਿ: ਟੀ: ਹ: ਗੋ: ਸ਼ਾਸਤ੍ਰੀ ਪੰਨਾ ੪੬੮)

ਉਕਤ ਸ਼ਲੋਕਾਂ ਤੋਂ ਸੂਰਜ ਵਾਂਗ ਇਹ ਗੱਲ ਰੋਸ਼ਨ ਹੋ ਜਾਂਦੀ ਹੈ ਕਿ ਕੇਸ ਕਟਾਉਣ ਦੀ ਇਹ ਰੀਤੀ ਕਿਥੋਂ ਤੇ ਕਿਵੇਂ ਚਲੀ। ਉਸ ਸਮੇਂ ਰਾਜਨੀਤਕ ਸ਼ਕਤੀ ਪੂਰੇ ਤੌਰ ਤੇ ਧਾਰਮਕ ਬ੍ਰਾਹਮਣਾਂ ਦੇ ਹੱਥ ਸੀ, ਇਸ ਲਈ ਉਨ੍ਹਾਂ ਦੇ ਮੁਖੀ ਮਨੂੰ ਜੀ ਦਾ ਇਹ ਫੈਸਲਾ ਪੂਰੇ ਤੌਰ ਤੇ ਇਕ ਕਾਨੂੰਨ ਦੀ ਹੈਸੀਅਤ ਰਖਦਾ ਸੀ ਅਤੇ ਜਿਸ ਜਿਸ ਬ੍ਰਾਹਮਣ ਨੇ ਵੀ ਅਜਿਹਾ ਕਰਮ ਕੀਤਾ, ਉਸ ਨੂੰ ਦਾੜ੍ਹੀ ਕੇਸ ਕਟਾਉਣ ਦੀ ਸਜ਼ਾ ਮਿਲਦੀ ਰਹੀ, ਜਿਵੇਂ ਕਿ :

(ਹਿੰਦੂ ਕਲਾਸੀਕਲ ਡਿਕਸ਼ਨਰੀ ਦੀ ਲਿਖਤ ਅਨੁਸਾਰ) ਸੋਮ ਰਾਜਾ ਨੂੰ ਰਿਸ਼ੀ ਬ੍ਰਹਿਸਪਤ ਦੀ ਇਸਤ੍ਰੀ ਅਤੇ ਵਰਣ ਦੇਵ ਨੂੰ ਉਤਸਾ ਨਾਮੀ ਬ੍ਰਾਹਮਣ ਦੀ ਇਸਤ੍ਰੀ 'ਭੱਦ੍ਰਾ' ਕਢਣ ਅਥਵਾ ਉਨ੍ਹਾਂ ਨਾਲ ਕੁਕਰਮ ਕਰਨ) ਕਾਰਨ ਸਜ਼ਾ ਮਿਲੀ ਸੀ । ਇਹ ਲੋਕ ਉਘੇ ਵਿਦ-ਵਾਨ ਸਨ ਅਤੇ ਕੋਈ ਸੰਦੇਹ ਨਹੀਂ ਕਿ ਇਨ੍ਹਾਂ ਨੇ ਆਪਣੇ ਪਾਪ ਤੇ ਪਰਦਾ ਪਾਣ ਲਈ ਮੁੰਡਨ ਕਰਮ ਨੂੰ ਮੁੰਡਨ ਸੰਸਕਾਰ ਨਾਮ ਦੇ ਕੇ ਇਸ ਭਾਵ ਦੇ ਮੰਤਰ ਰਚ ਕੇ ਪੁਰਾਤਨ ਗਰੰਥਾਂ ਵਿਚ ਮਿਲਾ ਦਿਤੇ ਹੋਣ, ਜਿਨ੍ਹਾਂ ਦੀ ਆੜ ਵਿਚ ਇਹ ਪਾਪ ਕਰਮ, ਧਰਮ ਰੀਤੀ ਬਣ ਗਿਆ ਹੈ। ਨਹੀਂ ਤਾਂ ਇਹ ਕਿਵੇਂ ਹੋ ਸਕਦਾ ਹੈ ਕਿ ਜਿਨ੍ਹਾਂ ਰਿਸ਼ੀਆਂ ਨੇ ਬਿਅੰਤ ਮੰਤਰ ਰਚ ਕੇ ਇਸ ਪਾਪ ਦੀ ਨਿਖੇਧੀ ਕੀਤੀ ਅਤੇ ਇਸ ਦੇ ਚੱਲਣ ਦਾ ਕਾਰਨ ਵੀ ਖੋਹਲ ਕੇ ਦੱਸਿਆ ਹੋਵੇ, ਓਹੀ ਆਪਣੀ ਕਲਮ ਨਾਲ ਇਸ ਨੂੰ ਇਕ ਧਰਮ ਸੰਸਕਾਰ ਕਰਾਰ ਦੇਣ।

ਭਾਈ ਸਾਹਿਬ ਭਾਈ ਵੀਰ ਸਿੰਘ ਜੀ ਇਸ ਬਾਰੇ ਇਉਂ ਲਿਖਦੇ ਹਨ :–

'ਜਾਪਦਾ ਹੈ ਕਿ ਇਕ ਤਾਂ ਇਸ ਪਰਕਾਰ ਸਜ਼ਾਵਾਂ ਕੇਸ ਹੀਨ ਹੋਏ ਲੋਕਾਂ ਅਤੇ ਉਨ੍ਹਾਂ ਦੀ ਉਲਾਦ ਤੋਂ ਇਹ ਰਵੱਸ਼ ਟੁਰੀ। .........ਨੰਦ ਖਾਨਦਾਨ ਦਾ ਮਗਧ ਵਿਚ ਰਾ ਇਕਾਨਵੇਂ ਬਰਸ ਤਕ ਰਿਹਾ ਹੈ। ਇਨ੍ਹਾਂ ਨੰਦਾਂ ਦੀ ਹੀ ਸਾ ਤੇ ਚੰਦ੍ਰਗੁਪਤ ਮੌਰਯ ਨੇ ਰਾਜ ਸਾਂਭਿਆ ਸੀ।'

ਬੁਧ ਜੀ ਵੀ ਕੇਸਾਧਾਰੀ ਸਨ, ਪਰ ਉਨ੍ਹਾਂ ਦੇ ਭਿਖਸ਼ੂ ਤਿ ਦੇ ਬਹੁਤੇ ਜੋਸ਼ ਵਿਚ ਤੇ ਸਰੀਰਕ ਖੂਬਸੂਰਤੀ ਨੂੰ ਖਰਾਬ ਕਰਨ (ਇਸੇ ਤਰ੍ਹਾਂ ਜੈਨੀ ਭਿਖੂ) ਸਿਰ ਮੁੰਨਣ ਲਗ ਪਏ ਸੇ । ਇਥੋ ਵਧਦੀ ਗਈ। ਨੰਦ ਰਾਜਿਆਂ ਵਿਚੋਂ ਕਿਸੇ ਦਾ ਬ੍ਰਾਹਮਣਾਂ ਨੂੰ ਵਤ ਦੇ ਕੇ ਮੁੰਡਣ ਦੇ ਸ਼ਲੋਕ ਰਚਵਾਉਣੇ ਤੇ ਉਨ੍ਹਾਂ ਨੂੰ ਥ ਕਰਨ ਵਾਸਤੇ ਲਾਲਚ ਨਾਲ ਕੇਸ਼ ਹੀਨ ਕਰਨਾ, ਇਹ ਪਤਾ ਜੀ ਨੇ ਦਿਤਾ ਹੈ। ਇਹ ਰਾਜੇ ਉਂਝ ਹੀ ਸੂਦਰ ਮੰਨੇ ਸਨ ਤੇ ਇਹ ਕੋਈ ਚਾਲ ਹਿੰਦੂਆਂ ਨੂੰ ਪਤਿਤ ਕਰਨ ਦੀ ਉ ਵਰਤੀ।

(ਗੁ: ਪ੍ਰ: ਸੂ: ਟੀ: ਪੰਨਾ ੫੦੩

( ੨ )

ਇਕ ਸਮੇਂ ਗੁਰੂ ਕਲਗੀਧਰ ਜੀ ਦੀ ਹਜ਼ੂਰੀ ਵਿਚ ਸੰ ਇਸ ਪ੍ਰਕਾਰ ਪ੍ਰਾਰਥਨਾ ਕੀਤੀ ਸੀ :–

ਇਕ ਦਿਨ ਪਿਖ ਸਤਿਗੁਰ ਕੀ ਮਰਜੀ।
ਸੰਗਤ ਹਾਥ ਜੋੜ ਕੀਯ ਅਰਜ਼ੀ।
ਸਾਚੇ ਪਾਤਸ਼ਾਹ ! ਇਹ ਕਹੀਏ।
ਚਤੁਰ ਬਰਨ ਮੁੰਡਤ ਹੀ ਲਹੀਏ। ੪੦।
ਪੂਰਬ ਤੀਨ ਜੁਗਨ ਕੀ ਬਾਤ।
ਸੁਣੀ ਪੁਰਾਨਨ ਮੈ ਬਖਿਯਾਤ।

ਸਭਿ ਕੇ ਸਿਰ ਪਰ ਹੁਤੇ ਸੁ **ਕੇਸ਼।**
ਸਮਸ਼ ਮੂਛ ਕੋ ਧਰਤਿ ਵਿਸ਼ੇਸ਼। ੪੧।
ਕਿਸ ਪ੍ਰਕਾਰ ਸਭ ਮੁੰਡਨ ਭਏ।
ਝਗਰਤ ਅਬਹਿ ਬੰਧਿ ਪਖ ਲਏ।
ਜਗ ਹੋਯੋ ਸਗਰੇ ਇਕ ਸਾਰੇ।
ਜੇ ਬੂਝਹਿ ਕਹਿ ਸ੍ਰੁਤੀ ਉਚਾਰੇ। ੪੫।
......ਸੁਨਿ ਸ੍ਰੀ ਕਲਗੀਧਰ ਤਿਸ ਕਾਲ।
ਕਹਿਓ ਪ੍ਰਸੰਗ ਸਭਨ ਕੇ ਨਾਲ। ੪੪।
......ਭੂਮ ਨੰਦ ਕੇ ਭੇ ਛਿਤ ਮਾਲਕ।
ਵਧਯੋ ਰਾਜ ਬਹੁ ਸਤ੍ਰਨ ਘਾਲਕ। ੪੫।
......ਜੋ ਮਹੀਪ ਤਿਨ ਦੇਸ਼ ਨਿਕਾਰੇ।
ਤਿਨ ਤੇ ਰਿਦੇ ਤ੍ਰਾਸ ਇਮ ਧਾਰੇ।
ਬਿਪ੍ਰਨ ਤੇ ਬਰਨੀ ਕਰਵਾਇ।
ਮੇਰੋ ਰਾਜ ਦੇਹਿੰ ਬਿਨਸਾਇ। ੪੮।
ਦੂਰਿ ਦੂਰਿ ਮੰਤ੍ਰ ਜਾਪ ਦਿਜ ਕਰੈਂ।
ਮੋ ਤੇ ਰਾਜ ਤੇਜ ਸਭ ਹਰੈਂ।
ਕਰੇ ਇਕੱਤ੍ਰ ਸੱਚਿਵ ਨਿਝ ਸਾਰੇ।
ਅਪਨੋ ਤ੍ਰਾਸ ਸੁਨਾਇ ਉਚਾਰੇ। ੪੯।

ਭਾਵ–ਜਦ ਸੰਗਤ ਨੇ ਪ੍ਰਸ਼ਨ ਕੀਤਾ ਕਿ ਸਚੇ ਪਾਤਸ਼ਾਹ! ਪੁਰਾਣਾਂ ਵਿਚ ਤਾਂ ਇਹ ਪੜ੍ਹਿਆ ਸੁਣਿਆਂ ਹੈ ਕਿ ਪੁਰਾਤਨ ਸਮੇਂ ਵਿਚ ਸਾਰੇ ਲੋਕ ਕੇਸ ਅਤੇ ਦਾਹੜੇ ਸਾਬਤ ਰਖਦੇ ਸਨ, ਪਰ ਹੁਣ ਚਾਰੇ ਹੀ ਵਰਨਾਂ ਦੇ ਲੋਕ ਸਿਰ ਮੂੰਹ ਮੁੰਨਾਈ ਫਿਰਦੇ ਹਨ। ਜੇ ਇਨ੍ਹਾਂ ਨੂੰ ਇਸ ਕੁਕਰਮ ਦਾ ਕਾਰਨ ਪੁਛੀਏ ਤਾਂ ਕਹਿੰਦੇ ਹਨ, ਸ਼ਾਸਤਰ ਵਿਚ ਇਸ ਤਰ੍ਹਾਂ ਕਰਨਾ ਲਿਖਿਆ ਹੈ।

ਸੋ ਆਪ ਕਿਰਪਾ ਕਰ ਕੇ ਦਸੋ ਕਿ ਇਹ ਕੁਰੀਤੀ ਕ
ਕਿਵੇਂ ਚਲੀ?

ਇਸ ਦੇ ਉਤਰ ਵਿਚ ਗੁਰੂ ਸਾਹਿਬ ਨੇ ਫੁਰਮਾਇ
ਬਹੁਤ ਸਮਾਂ ਹੋਯਾ, ਇਕ ਨੰਦ ਨਾਮੀ (ਸ਼ੂਦ੍ਰ) ਰਾਜਾ ਦੇ ਪੁਤ
੧ਮੇਂ ਪ੍ਰਿਥਵੀਪਤੀ (ਰਾਜਾ) ਹੋਏ, ਜਿਨ੍ਹਾਂ ਦੀ ਸੰਗਿਆ ਨੰਦ ਹ
ਉਨ੍ਹਾਂ ਨੇ ਆਪਣੇ ਬਾਹੂ ਬਲ ਨਾਲ ਕਈ ਰਜਵਾੜੇ ਫਤ
ਅਤੇ ਡੇਢ ਹਜ਼ਾਰ ਸਾਲ ਤਕ ਰਾਜ ਕੀਤਾ।

ਜਿਹੜੇ ਰਾਜਿਆਂ ਨੂੰ (ਆਖ਼ਰੀ ਰਾਜਾ) ਨੰਦ ਨੇ ਦੇਸ਼
ਦਿਤਾ ਸੀ, ਉਹਨਾਂ ਨੇ ਆਪਣਾ ਬਦਲਾ ਲੈਣ ਅਤੇ (ਸ਼ੂ
ਤੋਂ ਪਰਜਾ ਨੂੰ ਛੁਟਕਾਰਾ ਦਿਵਾਉਣ ਲਈ ਵਿਦਵਾਨ ਬ੍ਰਾ
ਬੁਲਾ ਕੇ ਵੇਦ ਮੰਤਰਾਂ ਦਾ ਪਾਠ ਆਰੰਭ ਕਰਾ ਦਿਤਾ।

ਇਹ ਵੇਖ ਨੰਦ ਰਾਜਾ ਨੇ ਵਿਦਵਾਨਾਂ ਨੂੰ ਆਪ
ਖਤ੍ਰੇ ਤੋਂ ਜਾਣੂੰ ਕਰਾਇਆ ਤੇ ਬਚਾਓ ਦਾ ਸਾਧਨ ਪੁਛਿ

ਭਾਈ ਸਾਹਿਬ ਲ਼ਿਖਦੇ ਹਨ:-

ਮਿਲਿ ਸਭਹਿਨ ਮਸਲਤ ਮਤਿ ਧਾਰੀ।
ਮੰਤ੍ਰ ਸਿਧ ਨਹਿ ਹੋਇ ਬਿਚਾਰੀ।
ਦਿਜਬਰ ਬਿਦਿਆ ਜਿਤਿਕ ਪ੍ਰਬੀਨਾ।
ਸਭ ਕੋ ਕੀਜਹਿ **ਕੇਸ** ਬਿਹੀਨਾ। ੪੦।
ਸ਼ੂਦ੍ਰ ਛਾਪ ਅਪਨੀ ਦਿਹੁ ਲਾਇ।
ਮੂੰਡੇ ਸੀਸ ਮੰਤ੍ਰ ਨਿਫਲਾਇ।
ਬਰਨੀ ਸਿਧ ਨ ਕਿਸਕੀ ਹੋਇ।
ਅਨਿਕ ਉਪਾਇ ਕਰਹਿ ਜੇ ਕੋਇ। ੫੧।
ਸੁਨ ਮਹਿਪਤਿ ਕੇ ਮਨ ਮਹਿ ਭਾਈ।
ਜਹਿ ਕਹਿ ਤੇ ਦਿਜ ਲੀਏ ਬੁਲਾਈ।

ਨਿਜ ਬਲ ਕਰ ਕੈ ਸਿਰ ਮੁੰਡਵਾਇ।
ਸ਼ੱਮਸ ਸਮੇਤ ਕੇਸ ਬਿਨਸਾਇ। ੫੨।
ਕਵੀਅਨਿ ਤੇ ਸ਼ਲੋਕ ਬਣਵਾਇ।
ਬਹੁ ਗ੍ਰੰਥਨ ਮਹਿ ਦਏ ਲਿਖਾਇ।
ਸਭ ਜਗ ਮੁੰਡਤਿ ਭਏ ਬਿਪ੍ਰ ਜਬਿ।
ਇਹ ਭੀ ਧਰਮ ਬਖਾਨਤ ਭੇ ਤਬਿ। ੫੩।
ਪਠਹਿੰ ਸ਼ਲੋਕ ਸੁਨਾਵਨਿ ਕਰੇ।
ਖਤ੍ਰੀ ਬੈਸਨ ਕੇ ਕਚ ਹਰੇ।
ਸਕਲ ਲੋਕ ਹੈਂ ਪਸ਼ੂ ਸਮਾਨੇ।
ਬਿੱਪ੍ਰੰ ਚੁਗਾਵਨ ਹਾਰ ਮਹਾਨੇ। ੫੪।
ਪਠਨ ਸ਼ਲੋਕ ਲਸਟਕਾ ਹਤੈਂ।
ਜਿਤ ਕੋ ਦਹੈਂ ਚਲਾਵਹਿ ਤਿਤੈ।
ਬਿੱਪ੍ਰਨ ਅਪਨੇ ਸਿਰ ਮੁੰਡਵਾਇ।
ਅਪਰ ਲੋਗ ਮਗ ਇਸੀ ਚਲਾਇ। ੫੫।
ਜਗਤ ਜੂਠ ਕਹੁ ਅੰਗੀ ਕਾਰਾ।
ਸੀਸ ਮੁੰਡਾਵਨ ਪੰਥ ਬਿਥਾਰਾ।
ਇਨ ਦੋਨੋ ਤੇ ਕਲਿਕੋ ਕਾਲਾ।
ਜਹਿ ਕਹਿ ਦੀਖਤਿ ਭਯੋ ਬਿਸਾਲਾ।
(ਸ੍ਰੀ ਗੁਰ ਪ੍ਰਤਾਪ ਸੂਰਜ ਰਿਤੂ ੫, ਅੰਕ ੨੯,)

ਅਰਥਾਤ–ਸਭ ਨੇ ਮਿਲ ਕੇ ਵੀਚਾਰ ਕੀਤੀ ਕਿ ਜੇ ਵੇਦ ਮੰਤ੍ਰ ਪੜ੍ਹਣ ਵਾਲਿਆਂ ਦੇ ਸਿਰ ਮੁੰਨਵਾ ਦਿਤੇ ਜਾਣ ਤਾਂ ਉਨ੍ਹਾਂ ਦਾ ਆਤ-ਮਕ ਬਲ ਨਸ਼ਟ ਹੋ ਜਾਵੇਗਾ ਤੇ ਉਨ੍ਹਾਂ ਦਾ ਪੜ੍ਹਿਆ ਕੋਈ ਮੰਤ੍ਰ ਨਹੀਂ ਫਲ ਸਕੇਗਾ।



ਇਹ ਸੁਣ ਰਾਜਾ ਨੰਦ ਨੇ ਜਿਥੋਂ ਕਿਥੋਂ ਬਹੁਤ ਸ
ਪਾਠੀ ਬ੍ਰਾਹਮਣ ਬੁਲਾਏ ਅਤੇ ਉਨ੍ਹਾਂ ਦੇ ਸਿਰ ਮੂੰਹ ਮੁੰਨਵਾ ਦਿਤੇ
ਉਨ੍ਹਾਂ ਵਿਦਵਾਨ ਬ੍ਰਾਹਮਣਾਂ ਨੇ (ਧਨ ਦੇ ਲਾਲਚ ਅਥਵਾ)
ਕੁਰੀਤੀ ਤੇ ਪੜਦਾ ਪਾਉਣ ਲਈ ਤੇ ਕੁਝ ਰਾਜਾਂ ਦੇ ਬੁਲ
ਕਵੀਆਂ ਨੇ ਮੁੰਡਨ ਸੰਸਕਾਰ ਦੇ ਕਈ ਮੰਤਰ ਰਚ ਕੇ ਵੇਦਾਂ ਸ਼
ਵਿਚ ਦਰਜ ਕਰ ਦਿਤੇ ਅਤੇ ਇਸ ਕੁਧਰਮ ਨੂੰ ਧਰਮ ਪਰ
ਅਰੰਭ ਦਿਤਾ ਗਿਆ। ਜਿਸ ਨੇ ਬੇਅੰਤ ਖਤ੍ਰੀ ਬ੍ਰਾਹਮਣ ਅਤੇ
ਨੂੰ ਕੇਸ ਹੀਨ ਕਰ ਦਿਤਾ।

ਇਸ ਤਰ੍ਹਾਂ ਬ੍ਰਾਹਮਣਾਂ ਨੇ ਬੇਅੰਤ ਪਸ਼ੂ ਬਿਰਤੀ (ਬ
ਲੋਕਾਂ ਨੂੰ ਚਰਵਾਹਿਆਂ ਵਾਂਗ ਹੱਥ ਵਿਚ (ਆਪ ਰਚੇ ਮੁੰਡਨ
ਦੇ) ਸਲੋਕ ਰੂਪੀ ਸੋਟੀਆਂ ਲੈ ਕੇ ਅਗੇ ਲਾ ਲਿਆ। ਪਹਿਲੇ
ਆਪਣੇ ਸਿਰ ਮੂੰਹ ਮੁੰਨਵਾਏ ਤੇ ਫਿਰ ਵਿਦਿਆ ਦੀ ਚਤਰਾਈ
ਬੇਅੰਤ ਦੁਨੀਆਂ ਨੂੰ ਇਸ ਰਸਤੇ ਤੇ ਤੋਰ ਦਿਤਾ, ਜਿਸ ਤੋ
ਕੁਰੀਤੀ ਹੌਲੀ ਹੌਲੀ ਸਾਰੇ ਜਗ ਵਿਚ ਫੈਲ ਗਈ।

( ੩ )

ਭਾਈ ਸੰਤੋਖ ਸਿੰਘ ਜੀ ਇਕ ਹੋਰ ਜਗ੍ਹਾ ਲਿਖਦੇ ਹ
ਪਹਾੜੀ ਰਾਜਿਆਂ ਦੇ ਪ੍ਰਸ਼ਨ ਉਤਰ ਸਮੇਂ ਗੁਰੂ ਗੋਬਿੰਦ ਸਿੰਘ
ਉਨ੍ਹਾਂ ਨੂੰ ਇਸ ਬਾਰੇ ਇਉਂ ਸਮਝਾਇਆ ਸੀ :-

ਦ੍ਵੈ ਹਜ਼ਾਰ ਸੰਮਤਿ ਬਿਤ ਗਯੋ।
ਤਬ ਇਕ ਨੰਦ ਨ੍ਰਿਪਤ ਜਗ ਭਯੋ।
ਤਿਨ ਬਿਪ੍ਰਨ ਤੇ ਭੈ ਕੁਛ ਮਾਨਾ।
ਬਰਨੀ ਕਰਹਿ ਮੰਤ੍ਰ ਪੜ੍ਹ ਨਾਨਾ। ੨੩।
......ਇਮ ਬਿਚਾਰ ਤਿਨ ਬਿਪ੍ਰ ਬੁਲਾਏ।
ਕੁਛ ਧਨ ਦੇ ਕਰਿ ਸਿਰ ਮੁੰਡਵਾਇ।
ਪੁਨ ਸਲੋਕ ਤਿਸ ਬਿਧ ਕੇ ਕਰੇ।
ਧਰਮ ਸ਼ਾਸ਼ਤਰਨ ਮੈਂ ਲੇ ਧਰੇ। ੨੪।

ਜਹਿ ਕਹਿ ਸਿਰ ਮੁੰਡਵਾਵਨ ਲਾਗੇ।
ਰੀਤ ਬਿਪ੍ਰਜੈ ਇਮ ਭੀ ਆਗੇ।.....

(ਗੁ: ਪ੍ਰ: ਸੂ: ਰਿ: ੩, ਅੰਕ ੧੩, ਸ: ੪੦੩੦)

ਭਾਵ–ਦੋ ਹਜ਼ਾਰ ਬਰਸ ਹੋਇ ਜਦ ਇਕ ਨੰਦ ਨਾਮ ਦੇ (ਸ਼ੂਦਰ) ਰਾਜੇ ਨੂੰ ਤਖਤੋਂ ਲਾਹੁਣ ਲਈ ਬ੍ਰਾਹਮਣਾਂ ਨੇ ਵੇਦ ਮੰਤ੍ਰਾਂ ਦਾ ਪਾਠ ਅਰੰਭਿਆ ਤਾਂ ਰਾਜਾ ਨੰਦ ਨੇ ਉਨ੍ਹਾਂ ਦੇ (ਕੁਝ ਜਬਰਨ ਤੇ ਕੁਝ ਧਨ ਦਾ ਲਾਲਚ ਦੇ ਕੇ) ਕੇਸ ਕਟਵਾ ਦਿਤੇ ਅਤੇ ਉਨ੍ਹਾਂ ਤੋਂ ਕੇਸ ਕਟਵਾਉਣ ਦੇ ਹੱਕ ਵਿਚ ਸਲੋਕ ਰਚਾ ਕੇ ਗਰੰਥਾਂ ਵਿਚ ਮਿਲਾ ਦਿਤੇ।

ਅਥਵਾ–

ਜਬ ਪਾਂਡਵ ਹਟਿ ਗਯੋ ਸਮਾਜਾ।
ਮਾਘਧ ਇਕ ਹਜ਼ਾਰ ਕਿਯ ਰਾਜਾ।
ਤਿਨ ਪਸਚਾਤ ਨੰਦ ਕੇ ਰਾਜੇ।
ਡੇਢ ਹਜ਼ਾਰ ਸੁ ਭੁਗਯੋ ਸਮਾਜੇ।੪੦।
ਪਰਸ ਰਾਮ ਸਮ ਸੇ ਜਗ ਹੋਇ।
ਸ਼ੂਦ੍ਰ ਛਾਪ ਕੀਨੀ ਸਭਿ ਕੋਇ।
ਜਗ ਮਹਿ ਦਿਜ ਆਦਕ ਜੋ ਭਏ।
ਸਿਰ ਮੁਖ ਸਭਨ ਮੁੰਡਾਏ ਸੋ ਦਏ।
**ਕੇਸ** ਦੂਰ ਸਭਿ ਇਕ ਸਮ ਕਰੇ।
ਦੋਖ ਅਧਿਕ ਬਯਾਪਯੋ ਸਮ ਸਰੇ।੪੧।

(ਗੁ: ਪ੍ਰ: ਸੂ: ਰਿਤੁ ੫, ਅੰਕ ੬)

ਭਾਵ–ਜਦ ਪਾਂਡਵਾਂ ਦੇ ਰਾਜ ਦਾ ਸਮਾਂ ਖ਼ਤਮ ਹੋਇਆ ਤਾਂ ਇਕ ਹਜ਼ਾਰ ਸਾਲ ਤਕ ਮਾਘਦੀਆਂ ਨੇ ਰਾਜ ਕੀਤਾ ਅਤੇ ਉਨ੍ਹਾਂ ਤੋਂ ਉਪਰੰਤ ਨੰਦ ਨਾਮ ਦੀ ਅਲ ਵਾਲੇ ਰਾਜਿਆਂ ਨੇ ਕੋਈ ਡੇਢ ਹਜ਼ਾਰ ਬਰਸ ਰਾਜ ਕੀਤਾ।

ਇਨ੍ਹਾਂ ਨੇ ਪਰਸਰਾਮ ਵਾਂਗੂੰ ਆਪਣੇ ਬਾਹੂਬਲ ਨਾਲ ਬਹੁ
ਸਾਰੇ ਬ੍ਰਾਹਮਣਾਂ ਦੇ ਸਿਰ ਮੂੰਹ ਮੁੰਨਵਾ ਦਿਤੇ। ਜਿਸ ਤੋਂ ਇਹ ਦੋ
(ਕੇਸ ਕੱਟਣ ਕਟਾਉਣ ਵਾਲਾ) ਸਭ ਪਾਸੇ ਹੌਲੀ ਹੌਲੀ ਫੈਲ ਗਿਆ

( ੪ )

ਵਿਜੈ ਮੁਕਤ ਧਰਮ ਸ਼ਾਸ਼ਤ੍ਰ ਵਿਚ ਲਿਖਿਆ ਹੈ।

'ਸਿੰਘਾਂ ਅਰਜ ਕਰੀ ਜੀ ਸੱਚੇ ਪਾਤਸ਼ਾਹ! ਅਰਦਾਸੀ
ਅਰਦਾਸ ਕਰੀ ਸੀ। **ਕੇਸਾਂ** ਸਾਸਾਂ ਦਾ ਸਹਾਈ ਵਾਹਿਗੁਰੂ, ਅ
ਨਾਲੇ ਆਖੀਦਾ ਹੈ ਕੇਸ ਗੁਰੂ ਕੀ ਮੋਹਰ ਹਨ। ਤਾਂ ਬਚਨ ਹੋਇਅ
ਹੇ ਸਿਖੋ ਪਿਆਰਿਓ! ਕੇਸ ਸਭ ਕੋਈ ਰਖਦਾ ਸੀ।

ਰਾਜੇ ਮੱਕਰ ਦਾ ਰਾਜ ਸੀ, ਪਰਜਾ ਕੋ ਕੋਈ ਹੁਕਮ ਕਰੇ, ਕੀ
ਕਹੇ ਕੋਈ ਨ ਮੰਨੇ, ਤਬ ਰਾਜੇ ਨੇ ਬਹੁਤ ਲੋਗੋਂ ਕੋ ਕੈਦ ਕੀਆ, ਤ
ਸਾਰਿਆਂ ਰਲ ਕੇ ਪਰਮੇਸਰ ਪਾਸ ਫਰਿਆਦ ਕਰੀ ਕਿ ਹੇ ਦੀਨ
ਨਾਥ! ਰਾਜਾ ਅਰ ਰਾਜੇ ਕੇ ਨੌਕਰ ਅੰਧੇ ਹੋ ਜਾਣ ਅਤੇ ਅਸੀ ਕੈਦੋ
ਛੁਟੀਏ। ਤਦੋਂ ਪਰਮੇਸਰ ਨੇ ਫ਼ਰਿਆਦ ਸੁਣੀ। ਅਰ ਰਾਜੇ
ਜੋਤਸ਼ੀਆਂ ਪਾਸੋਂ ਪੁਛਿਆ ਕਿ ਪਰਜਾ ਦਾ ਤੇਜ ਕਿਵੇਂ ਘਟੇ, ਤ
ਜੋਤਸ਼ੀਆਂ ਨੇ ਵਿਚਾਰ ਕੇ ਆਖਿਆ ਕਿ ਹੇ ਰਾਜਾ! ਪਰਜਾ ਦੇ ਸਿ
ਮੂੰਹ ਮੁੰਨਾ ਦਿਓ ਤਾਂ ਤੇਜ ਘਟ ਜਾਏਗਾ।

ਰਾਜੇ ਹੁਕਮ ਦੀਆ ਮੈਂ ਜੱਗ ਕਰਦਾ ਹਾਂ, ਸਭ ਸਿਰ ਮੁੰਨ
ਕੇ ਸੁਧ ਹੋ ਕੇ ਇਸ਼ਨਾਨ ਕਰ ਕੇ ਆਓ, ਮੇਰੇ ਘਰ ਪ੍ਰਸਾਦਿ ਬਰ
ਲੱਡੂ ਪੇੜਾ ਛਕੋ। ਏਕ ਮੋਹਰ ਦੱਖਣਾ ਦਿਊਂਗਾ। ਸੁਣਦੇ ਹੀ ਬ੍ਰਾਹਮ
ਲਾਲਚੀ ਸਿਰ ਮੁੰਨਵਾ ਕਰ ਦੇਸ ਦੇਸ ਤੇ ਆਏ ਅਰ ਕਹਾ ਜੈ ਹੋ
ਰਾਜਾ ਕੀ।

ਤਾਂ ਬ੍ਰਾਹਮਣਾਂ ਕੋ ਦੇਖ ਕਰ ਔਰ ਜਾਤਾਂ ਬੀ ਸਿਰ ਮੂੰਹ ਮੁੰਨ
ਕਰ ਆ ਗਈਆਂ। ਬੜੇ ਭਾਰੀ ਕਿਲ੍ਹੇ ਮੈ ਸਭ ਸਿਰ ਮੁੰਨੇ ਆ ਗਏ

ਤਬ ਰਾਜੇ ਹੁਕਮ ਦਿਤਾ ਸਭ ਕੋ ਕੈਦ ਕਰੋ, ਲੋਕਾਂ ਫਿਰ ਪਰਮੇਸ਼ਰ ਅਗੇ ਪੁਕਾਰ ਕਰੀ, ਪਰਮੇਸ਼ਰ ਜੀ ਨੇ ਨ ਸੁਣੀ। ਕੇਸਾਂ ਤੋਂ ਬਿਨਾਂ ਪ੍ਰੇਤ ਦਾ ਰੂਪ ਸਨ। (ਸਾਖੀ ੮ ਸ. ੪੨)

(੫)

ਬੰਦਾ ਬਹਾਦਰ ਦੇ ਸਮੇਂ ਆਮ ਤੌਰ ਤੇ ਹਿੰਦੂ ਮੁਸਲਮਾਨਾਂ ਦੇ ਦਾੜ੍ਹੀ ਕੇਸ ਕਟਾਉਣ ਦਾ ਕਾਰਨ ਉਸ ਸਮੇਂ ਦੇ ਸਹੀ ਹਾਲਾਤ ਅਮੀਨ ਦੌਲਾ ਦੇ ਲਿਖਤੀ ਰੁੱਕੇ ਅਨੁਸਾਰ ਇਉਂ ਹਨ :

ਹਕੀਕਤਿ ਤਾਜ਼ਾ ਜਹਾਂਮਦਾਰ ਈਨਸ਼ਤ : ਹਮਾ ਰੋਜ਼ ਕਿ ਨਾਨਕ ਪਰੱਸਤਾਂ, ਬ-ਸਜ਼ਾਇ ਜ਼ਯਾਦਾ ਖ਼ੀਰਾਸ ਰੀਹਾਇ ਰਸੀਦੰਦ,ਹੁਕਮ ਕਜ਼ਾਸ਼ੀਮ ਸਦੂਰ ਯਾਫ਼ਤ। ਕਿ ਰੀਸ਼ਿ ਹਿੰਦੂਆਂ ਉਰਦੂ ਮੁਅੱਲਾ ਯਕਸਰ ਤ੍ਰਾਸ਼ੰਦ।
ਵ ਸੁਬਜ਼ਾਤ ਅਬਲਾਗ਼ ਅਹਿਕਾਮਿ ਜਹਾ-ਮੁਤਾ ਨੁਮਾਯੰਦ, ਕਿ ਹੇਚ ਯਕੇ ਬੇਦੀਨੇ ਰੀਸ਼ ਦਰਾਜ਼ ਨਾ ਬਾਸ਼ਦ ਹਰ ਕਿਰਾ ਯਾਵੰਦ, ਕੀਸ਼ਸ਼ ਬਰ ਕਨੰਦ! ਚੁਨਾਚਿ ਬਰ ਤੁਬਕ ਯਰਲੀਗ਼ ਕਜ਼ਾ-ਤਬਲੀਗ਼ ਦਰ ਤਮਾਮੀ ਮਮਾਲਿਕ ਮਹਿਰੂਸਾ ਮਨਾ ਸ਼ੀਰ ਹਸਬੁਲ ਹੁਕਮ ਇਮਜ਼ਾ ਪਜ਼ੀਰੁਫ਼ਤ। ਦਰ ਹਜ਼ੂਰ ਤੁਹਫ਼ਾ ਸੁਹਬਤੇ ਰੂਇਦਾਰ, ਕਿ ਸ਼ਰਹੰਗਾ ਨਿ ਦੇਵ-ਸੀਰਤ ਦਰ ਕੂਚਾ ਵ ਬਾਜ਼ਾਰ ਸਰ ਤ੍ਰਾਸ਼ਾਂ ਹਮਰਾਹ ਵ ਆਬ ਕਸ਼ੀਫ਼ ਦਰ ਜ਼ਰੂ ਫ਼ਿ ਕਨਾਸਾਂ ਨਜਾਸਤ ਦਸਤਗਾਹ, ਹਰ ਕਿ ਮੀ ਯਾਫਤੰਦ।
ਬ-ਬੇਹੁਰਮਤੀ ਰੀਸ਼ਸ਼ ਮੀ ਤ੍ਰਾਸ਼ੀਦੰਦ। ਵ ਦਸਤਾਰ ਵ ਜਾਮਾਅਸ਼ ਮੀ ਕਸ਼ੀਦੰਦ। ਮੁਤਸੱਦੀਆਨਿ ਸਟ-

ਕਾਰਿ ਬਾਦਸ਼ਾਹੀ ਵ ਬਾਦਸ਼ਾਹਜ਼ਾਦਾ ਹਾਇ
ਦੀਗ਼ਰ ਹਨੂਦ ਰੂ-ਸ਼ਨਾਸ ਦਰ ਖਾਨਾ ਹਾਇ ਖ਼ੁ
ਰੀਸ਼ ਦੂਰ ਕਰਦਾ ਦਰ ਹਜ਼ੂਰ ਮੀ ਆਮਦੰ
ਅਲਹਾਸਲ ਈਂ ਹੰਗਾਮਾ ਬਾਲਾ ਗੁਫ਼ਤ ਰੋ
ਬ-ਰੋਜ਼ ਜ਼ਿਯਾਦਾ ਤਰ ਮੀ ਗਸ਼ਤ। ਨਾਗਹਾ
ਸਵਾਦਿ ਲਾਹਰ ਡੇਰਾ ਦੌਲਤੇ-ਇਕਬਾਲ ਬਰ
ਸ਼ੁਦ। ਵ ਬਰਾਇ ਤਯਾਰੀ ਜਸ਼ਨਿ ਜਲੂਸ ਮੈਮਨ
ਮਾਨੂਸ ਹੁਕਮਿ ਵਾਲਾ ਇਜ਼ ਨਫ਼ਾਜ਼ ਯਾਫ਼ਤ

(ਦਸਤੂਰੁਲ ਇਨਸ਼ਾ, ਲਿਖਤ ਪੰਨਾ

ਅਰਥਾਤ–ਸੰਸਾਰੀ ਆਸਰੇ (ਬਾਦਸ਼ਾਹ) ਦੀ ਸੱ
ਕਤ ਇਹ ਹੈ; ਜਿਸ ਦਿਨ ਸਿੱਖਾਂ ਨੂੰ ਉਨ੍ਹਾਂ ਦੇ ਵਧੇ ਖਰੂ
ਮਿਲੀ (ਲੋਹਗੜ੍ਹ ਦੇ ਯੁਧ ਵਿਚ ਹਾਰ ਹੋਈ), ਉਸੇ ਦਿ
ਅਟੱਲ ਹੁਕਮ ਹੋਇਆ : ਕਿ 'ਬਾਦਸ਼ਾਹੀ ਲਸ਼ਕਰ ਦੇ ਸਾ
ਦੀਆਂ ਦਾੜ੍ਹੀਆਂ ਸਫ਼ਾ ਚੱਟ ਕਰ ਦਿਤੀਆਂ ਜਾਣ। ਅ
ਵਿਚ ਇਹ ਜਗਤ ਵਿਆਪੀ ਹੁਕਮ ਭੇਜ ਦਿਤਾ ਜਾਵੇ
ਬੇ-ਦੀਨ (ਗ਼ੈਰ ਮੁਸਲਿਮ) ਲੰਮੀ ਦਾੜ੍ਹੀ ਵਾਲਾ ਨਾ ਰਹੇ। ਜਿ
ਦਾੜ੍ਹੀ ਵਾਲਾ ਵੇਖਣ, ਦਾੜ੍ਹੀ ਪੁਟ ਘੱਤਣ।

ਇਸ ਦੇ ਅਧਾਰ ਤੇ ਸਾਰੀ ਸਲਤਨਤ ਵਿਚ
ਚਾਰਕ ਹੁਕਮ ਜਾਰੀ ਹੋ ਗਏ। ਬਾਦਸ਼ਾਹ ਦੇ ਹਜ਼ੂਰ
ਦ੍ਰਿਸ਼ ਵੇਖਣ ਵਿਚ ਆਇਆ। ਦੈਂਤਾਂ ਜਿਹੇ ਫੌਜੀ ਅਫ
ਪਾਣੀ ਗੰਦੇ ਭਾਂਡਿਆਂ 'ਚ ਹੱਥੀਂ ਫੜੇ ਹੋਏ, ਨਾਈਆਂ
ਲਈ, ਕੂਚਿਆਂ ਤੇ ਬਾਜ਼ਾਰਾਂ ਵਿਚ ਹਰਲ ਹਰਲ ਕਰ
ਸਨ। ਜੇ ਕੋਈ (ਦਾੜ੍ਹੀ ਕੇਸਾਂ ਵਾਲਾ) ਲਭਦਾ ਬੜੀ
ਨਾਲ, ਉਸਦੀ ਦਾੜ੍ਹੀ ਮੁੰਨਾ ਦੇਂਦੇ, ਅਰ ਦਸਤਾਰ

ਹੋਏ ਲੀੜੇ ਲਾਹ ਲੈਂਦੇ ਸਨ। ਬਾਦਸ਼ਾਹੀ ਤੇ ਸ਼ਾਹਜ਼ਾਦਿਆਂ ਦੀਆਂ ਸਰਕਾਰਾਂ ਦੇ ਮੁਨਸ਼ੀ ਮੁਸੱਦੀ ਅਤੇ ਹੋਰ ਜਾਣੇ-ਪਛਾਣੇ ਹਿੰਦੂ ਘਰੋਂ ਹੀ ਦਾੜ੍ਹੀਆਂ ਮੁਨਾ ਕੇ ਹਜ਼ੂਰ ਆਏ।

ਹੁਣ ਇਹ ਹੰਗਾਮਾਂ ਹੋਰ ਵਧ ਗਿਆ ਹੈ ਤੇ ਦਿਨੋ ਦਿਨ ਵਧੇਰੇ ਹੁੰਦਾ ਜਾ ਰਿਹਾ ਹੈ। ਅਚਾਨਕ ਹੀ ਬਾਦਸ਼ਾਹੀ ਡੇਰਾ ਲਾਹੌਰ ਲਾਗੇ ਆਣ ਲਗਾ ਹੈ। (ਛਿਵੇਂ) ਰਾਜ ਵਰਖ ਦੇ ਸ਼ਾਹੀ ਸਮਾਗਮ ਦੀ ਤਿਆਰੀ ਵਾਸਤੇ ਹੁਕਮ ਚੜ੍ਹ ਗਿਆ ਹੈ।

(ਬੰਦਾ ਸਿੰਘ ਬਹਾਦੁਰ ਅੰਗਰੇਜ਼ੀ ਪੰਨਾ ੧੭੨–੩)

ਸਿਖ ਇਤਿਹਾਸ ਦੇ ਪਰਤੱਖ ਦਰਸ਼ਨ, ਪਹਿਲਾ ਭਾਗ ਸ਼੍ਰੋ: ਗੁ: ਪ੍ਰ: ਕ:
(ਪੰਨਾ ੧੮੦ ਤੋਂ ੧੮੨)

ਇਹ ਹਨ, ਕੇਸ ਕਟਾਉਣ ਦੀ ਰੀਤੀ ਦੇ ਮੁਢਲੇ ਕਾਰਨ ਜਿਨ੍ਹਾਂ ਨਾਲ ਇਤਿਹਾਸ ਭਰੇ ਪਏ ਹਨ।

## ਕੇਸ ਕਟਾਉਣ ਦੇ ਨੁਕਸਾਨ

ਇਹ ਗੱਲ ਤਾਂ ਸਾਫ ਹੀ ਹੈ ਕਿ ਕੇਸ ਕਟਵਾਉਣ ਵਿਚ ਕਿਸੇ ਤਰ੍ਹਾਂ ਦਾ ਵੀ ਕੋਈ ਲਾਭ ਨਹੀਂ, ਨਾ ਸਰੀਰਕ ਤੇ ਨਾ ਹੀ ਮਾਨਸਕ। ਨਾ ਕੋਈ ਡਾਕਟਰ ਕਹਿੰਦਾ ਹੈ ਕਿ ਕੇਸ ਕਟਾਉਣੇ ਸਿਹਤ ਲਈ ਜ਼ਰੂਰੀ ਹਨ ਤੇ ਨਾ ਹੀ ਕਿਸੇ ਧਾਰਮਕ ਆਗੂ ਦੀ ਰਾਇ ਹੈ, ਕਿ ਕੇਸ ਕਟਾਉਣ ਨਾਲ ਆਤਮਕ ਸ਼ਕਤੀ ਵਿਚ ਵਾਧਾ ਹੁੰਦਾ ਹੈ, ਪਰ ਇਸ ਗੱਲ ਤੇ ਹਜ਼ਾਰਾਂ ਹੀ ਸਬੂਤ ਦਿਤੇ ਗਏ ਅਤੇ ਦਿਤੇ ਜਾ ਰਹੇ ਹਨ ਕਿ ਕੇਸ ਕਟਾਉਣ ਨਾਲ ਜਿਥੇ ਆਤਮਕ ਸ਼ਕਤੀ ਕਮਜ਼ੋਰ ਹੁੰਦੀ ਹੈ ਉਥੇ ਸਰੀਰਕ ਬਲ ਵੀ ਨਸ਼ਟ ਹੋ ਜਾਂਦਾ ਹੈ ਅਤੇ ਪੈਸੇ ਦਾ ਵੀ ਵਾਧੂ ਖ਼ਰਚ ਹੈ। ਇਥੇ ਅਸੀਂ ਵੇਰਵੇ ਸਹਿਤ ਇਸ ਗੱਲ ਤੇ ਰੋਸ਼ਨੀ ਪਾਉਂਦੇ ਹਾਂ



ਕਿ ਕੇਸ ਕਟਾਉਣ ਦੇ ਕੀ ਨੁਕਸਾਨ ਹਨ।

(੧) ਕੇਸ ਕਟਾਉਣ ਨਾਲ, ਮਨੁੱਖ ਕਰੂਪ ਹੋ ਜਾਂਦ
ਉਸ ਦੇ ਚੇਹਰੇ ਦਾ ਪ੍ਰਭਾਵ ਨਹੀਂ ਰਹਿੰਦਾ, ਕ੍ਰਾਂਤੀ ਉਡ ਜਾਂਦੀ ਹੈ
ਚੇਹਰੇ ਤੇ ਹਲਕਾਪਨ ਜਿਹਾ ਆ ਜਾਂਦਾ ਹੈ।

(੨) ਸਰੀਰਕ ਬਲ ਨਸ਼ਟ ਹੁੰਦਾ ਰਹਿੰਦਾ ਹੈ, ਕਿਉਂਕਿ
ਕੇਸ ਕੱਟੇ ਜਾਣ ਕਰ ਕੇ ਉਨ੍ਹਾਂ ਦੇ ਉੱਗਾਉਣ ਵਿਚ ਵਧੇਰੇ ਤ
ਖ਼ਰਚ ਹੁੰਦੀ ਹੈ, ਜਿਸ ਕਰ ਕੇ ਦੂਜੀਆਂ ਸਰੀਰਕ ਪੁਸ਼ਟੀਆਂ ਦੀ
ਘਟ ਜਾਂਦੀ ਹੈ। ਜੇ ਕੇਸ ਨਾ ਕੱਟੇ ਜਾਣ ਤਾਂ ਆਪਣੀ ਕੁਦਰਤੀ
ਵਿਚ ਉਨੇ ਹੀ ਵਧਦੇ ਹਨ ਜਿੰਨੇ ਉਨ੍ਹਾਂ ਨੂੰ ਔਸਤਨ ਤਾਕਤ ਮਿ
ਹੈ, ਪਰ ਕੱਟਣ ਵੇਲੇ ਕੇਸ ਹਰ ਰੋਜ਼ ਮਾਪੇ ਜਾਣ ਤਾਂ ਇਕ ਅ
ਦੇ ਉਮਰ ਭਰ ਦੇ ਕੱਟੇ ਗਏ ਕੇਸਾਂ ਦੀ ਮਿਣਤੀ ਕਈ ਗਜ਼ ਤਕ
ਹੋਵੇਗੀ, ਜਿਸ ਤੋਂ ਜ਼ਾਹਿਰ ਹੈ ਕਿ ਕੇਸਾਂ ਦੇ ਰੋਜ਼ ਕੱਟੇ ਜਾਣ ਕ
ਸਰੀਰਕ ਬਲ ਨਿੱਤ ਨਵੇਂ ਕੇਸ ਉਗਾਉਣ ਵਿਚ ਵਧੇਰੇ ਲੱਗਣ ਕ
ਇਹ ਮਿਣਤੀ ਏਨੀ ਵਧੀ ਜੋ ਸਾਧਾਰਨ ਹਾਲਤ ਵਿਚ ਕਦੇ
ਵਧ ਸਕਦੀ।

(੩) ਇਕ ਤਰ੍ਹਾਂ ਉਸ ਬਿਜਲੀ ਦਾ ਵੀ ਖ਼ਾਤਮਾ ਹੋ ਜਾਂ
ਜੋ ਕੇਸਾਂ ਦੁਆਰਾ ਗਰਮੀ ਸਰਦੀ ਤੋਂ ਸਰੀਰ ਦੀ ਰੱਖਿਆ ਕ
ਹੈ। ਇਸ ਬਿਜਲੀ (ਸ਼ਕਤੀ) ਬਾਰੇ ਸਿਆਣੇ ਡਾਕਟਰਾਂ ਤੋਂ ਜਾਣ
ਪ੍ਰਾਪਤ ਕੀਤੀ ਜਾ ਸਕਦੀ ਹੈ, ਪਰ ਜੇ ਕੋਈ ਵੀਰ ਇਸ ਨੂੰ
ਦੇਖਣਾ ਚਾਹੇ ਤਾਂ ਅਸੀਂ ਉਸ ਨੂੰ ਇਕ ਤ੍ਰੀਕਾ ਦਸਦੇ ਹਾਂ ਕਿ
ਸਾਬਣ ਨਾਲ ਧੋ ਕੇ ਪਾਣੀ ਸੁੱਕ ਜਾਣ ਪਿਛੋਂ ਤੇਲ ਲਾਣ ਤੋਂ ਪ
ਪਲਾਸਟਕ ਦੇ ਕੰਘੇ ਨਾਲ ਵਾਹੋ ਅਤੇ ਛੋਟੇ ਛੋਟੇ ਕਾਗ਼ਜ਼ ਦੇ
ਕਰ ਕੇ ਜ਼ਮੀਨ ਤੇ ਰਖ ਲਵੋ, ਪੰਜ ਚਾਰ ਵਾਰ ਕੇਸਾਂ ਵਿਚ
ਸਾਰ ਕੰਘਾ ਝਟ ਹੀ ਉਨ੍ਹਾਂ ਕਾਗ਼ਜ਼ਾਂ ਦੇ ਟੁਕੜਿਆਂ ਦੇ ਨੇੜੇ ਲਿ
ਤੁਸੀਂ ਵੇਖੋਗੇ ਕਿ ਜਿਵੇਂ ਮਿਕਨਾਤੀਸੀ ਲੋਹੇ ਨਾਲ ਦੂਜਾ

ਖਿੱਚਿਆ ਆਉਂਦਾ ਹੈ ਇਸੇ ਤਰ੍ਹਾਂ ਉਹ ਟੁਕੜੇ ਖਿੱਚੇ ਹੋਏ ਕੰਘੇ ਵਲ ਆਉਣਗੇ। ਜੋ ਇਕ ਦੋ ਵਾਰੀ ਕਰਨ ਪਿਛੋਂ ਫਿਰ ਨਹੀਂ ਆ ਸੱਕਣਗੇ, ਕਿਉਂਕਿ ਬਿਜਲੀ ਦੀਆਂ ਲਹਿਰਾਂ ਝਟ ਹੀ ਖ਼ਤਮ ਹੋ ਜਾਣਗੀਆਂ, ਇਹ ਗੱਲ ਵਿਗਿਆਨਕ ਖੋਜੀ ਹੀ ਸਮਝ ਸਕਦੇ ਹਨ ਕਿ ਪਲਾਸਟਕ ਵਿਚ ਕਿਸ ਧਾਤੂ ਕਾਰਣ ਕੇਸਾਂ ਦੀ ਬਿਜਲੀ ਕੰਘੇ ਵਿਚ ਆਉਂਦੀ ਹੈ। ਤੁਸੀਂ ਇਹ ਵੀ ਵੇਖਿਆ ਹੋਵੇਗਾ ਕਿ ਕੇਸਾਂ ਵਾਲੇ ਨੂੰ ਸੰਨ ਸਟ੍ਰੋਕ ਦੀ ਬੀਮਾਰੀ ਘਟ ਹੁੰਦੀ ਹੈ, ਪਰ ਕੇਸ ਕਟਾਉਣ ਵਾਲਿਆਂ ਨੂੰ ਆਮ ਹੁੰਦੀ ਹੈ, ਉਸ ਦਾ ਕਾਰਣ ਇਹੀ ਹੈ ਕਿ ਕੇਸ ਕੱਟਣ ਨਾਲ ਗਰਮੀ ਸਰਦੀ ਦਾ ਦਿਮਾਗ਼ ਤੇ ਛੇਤੀ ਹਮਲਾ ਹੁੰਦਾ ਹੈ।

(੪) ਦੰਦਾਂ ਦੀ, ਅੱਖਾਂ ਦੀ ਅਤੇ ਦਿਮਾਗ਼ ਦੀ ਹਰ ਤਰ੍ਹਾਂ ਦੀ ਬੀਮਾਰੀ ਆਮ ਤੋਰ ਤੇ ਕੇਸ ਕੱਟੇ ਜਾਣ ਨਾਲ ਹੀ ਹੁੰਦੀ ਹੈ, ਕਿਉਂਕਿ ਇਨ੍ਹਾਂ ਨੂੰ ਪੈਦਾ ਕਰਨ ਵਾਲੇ ਕੀਟਾਣੂਆਂ ਦੀ ਰੋਕ ਥਾਮ ਕੇਸਾਂ ਕਰ ਕੇ ਹੀ ਰਹਿੰਦੀ ਹੈ।

(੫) ਹਜਾਮਤ ਕਰਾਉਣ ਵਾਲਿਆਂ ਨੂੰ ਨਿੱਤ ਹੀ ਨਾਈਆਂ ਅਗੇ ਜਾ ਕੇ ਮੂੰਹ ਅੱਡਣਾ ਪੈਂਦਾ ਹੈ ਅਤੇ ਨਾਈ ਆਮ ਗੰਦੇ ਮੰਦੇ ਪਾਣੀ ਨਾਲ ਮੁੜ ਮੁੜ ਉਨ੍ਹਾਂ ਦੇ ਮੂੰਹ ਧੋਂਦਾ, ਗਊ ਭੈਂਸ ਦੇ ਚੰਮੜੇ ਤੇ ਘੜੀ ਮੁੜੀ ਉਸਤਰਾ ਤੇਜ਼ ਕਰ ਕੇ ਮੂੰਹ ਤੇ ਫੇਰਦਾ ਅਤੇ ਹਰ ਇਕ ਆਦਮੀ ਦੇ ਮੂੰਹ ਤੇ ਫੇਰਨ ਵਾਲੀ ਕੂਚੀ ਨਾਲ ਸਾਬਣ ਆਦਿ ਲਾਂਦਾ ਹੈ, ਜੋ ਅਤਿ ਅਪਵਿੱਤ੍ਰ ਚੀਜ਼ਾਂ ਹਨ ਅਤੇ ਇਸ ਤਰ੍ਹਾਂ ਕਈ ਬੀਮਾਰੀਆਂ ਦਾ ਹਮਲਾ ਹੁੰਦਾ ਹੈ, ਕਿਉਂਕਿ ਨਾਈ ਟੀ. ਬੀ. ਦੇ, ਦਮੇ ਦੇ ਅਤੇ ਹੋਰ ਕਈ ਤਰ੍ਹਾਂ ਦੀਆਂ ਬੀਮਾਰੀਆਂ ਵਾਲੇ ਮਰੀਜ਼ਾਂ ਲਈ ਵਖ ਵਖ ਔਜ਼ਾਰ ਨਹੀਂ ਰਖਦੇ।

ਭਾਈ ਸੰਤੋਖ ਸਿੰਘ ਜੀ ਲਿਖਦੇ ਹਨ:-

ਸੁੰਦਰ ਸਰੂਪ ਤੇ ਕਰੂਪ ਬਨ ਟੇਡੇਹੋਤ,
ਜੈਸੇ ਭੂਪ ਦੰਡ ਦੇਤ ਨੈਕ ਨਾ ਸ਼ਰਮ ਹੈ।
ਮਲ ਮੂਤ ਬਾਸਨ ਮਲੀਨ ਤੇ ਮਲੀਨ ਮਹਾਂ,
ਜਿਸ ਕੋ ਲਗਤ, ਊਚ ਨੀਚ ਕੇ ਚਰਮ ਹੈਂ।
ਪਾਕ ਮੁਖ ਮੂਡ ਪੈ ਲਿਪਾਕ ਕੇ ਫਿਰਾਵੇਂ ਨਿਤ,
ਆਗੇ ਕਰ ਦੇਤ, ਜੈਸੇ ਗਾਂਡ ਕੋ ਕਰਮ ਹੈ।
ਲੋਭ ਲੋਕ ਗਤ ਪ੍ਰਲੋਕ ਕੀ ਬਿਗਾਰੇ ਮੂੜ੍ਹ,
ਮੁੰਡਨ ਕਰਾਇ ਫਿਰ ਭਾਖਤੇ ਧਰਮ ਹੈਂ।
(ਗ: ੫, ਸੂ: ਰਿਤੂ ੫, ਅੰ:

(੬) ਨਿੱਤ ਹਜਾਮਤ ਕਰਾਉਣ ਵਾਲਿਆਂ ਦੇ ਮੂੰਹ
ਦੀ ਮੁਲਾਇਮਤਾ ਨਹੀਂ ਰਹਿੰਦੀ, ਉਹ ਕੁਝ ਖਰ੍ਹਵਾ ਤੇ
ਜਾਂਦਾ ਹੈ, ਆਮ ਤੋਰ ਤੇ ਮੂੰਹ ਤੇ ਫਿਨਸੀਆਂ ਨਿਕਲਦੀਆਂ
ਹਨ, ਜਿਨ੍ਹਾਂ ਤੇ ਉਸਤਰਾ ਫਿਰਨ ਨਾਲ ਖ਼ੂਨ ਵਗਦਾ ਅ
ਉਹ ਜ਼ਖ਼ਮ ਮੁੜ ਮੁੜ ਖੁਲ੍ਹਦੇ ਰਹਿੰਦੇ ਹਨ, ਜਿਸ ਨਾਲ
ਇਲਾਵਾ ਕੋਝਾਪਨ ਵੀ ਹਮੇਸ਼ਾ ਬਣਿਆ ਰਹਿੰਦਾ ਹੈ।

(੭) ਅੰਮ੍ਰਿਤ ਵੇਲੇ ਸਿਮਰਨ ਭਜਨ ਦਾ ਵੇਲਾ
ਮੁੰਨਣ ਦੀ ਸਫ਼ਾਈ ਤੇ ਹੀ ਲਗ ਜਾਂਦਾ ਹੈ ਅਤੇ ਦੁਨਿਆਵੀ
ਵਕਤ ਵੀ ਹਰਜ ਹੁੰਦਾ ਹੈ, ਕਿਉਂਕਿ ਹਜਾਮਤ ਦੇ ਆਦ
ਹੀ ਇਹ ਕੰਮ ਕਰਨਾ ਪੈਂਦਾ ਹੈ, ਜਿਸ ਨੂੰ ਉਹ ਕਿਸੇ
ਪਾਰਟੀ ਆਦਿ ਵਿਚ ਸ਼ਾਮਲ ਹੋਣ ਤੋਂ ਪਹਿਲਾਂ ਕਰ
ਸਮਝਦਾ ਹੈ।

(੮) ਹਮੇਸ਼ਾ ਲਈ ਇਕ ਵਾਧੂ ਖ਼ਰਚ ਹੁੰਦਾ ਰ
ਚਾਰ ਆਨੇ ਤੋਂ ਲੈ ਕੇ ਰੁਪਿਆ ਰੋਜ਼ ਤਕ ਵੀ ਹੋ ਸ
ਇੰਗਲੈਂਡ ਦੇ ਇਕ ਪਾਰਲੀਮੈਂਟ ਦੇ ਮੈਂਬਰ ਮਿਸ
ਸਟੂਆਰਟ ਨੇ ਇਕ ਵੇਰਾਂ ਅਖ਼ਬਾਰਾਂ ਦੇ ਪ੍ਰਤੀਨਿਧਾਂ ਨੂੰ
ਕਿ ਇੰਗਲੈਂਡ ਦੀਆਂ ਨੌਜੁਆਨ ਲੜਕੀਆਂ ਦੀ ਵਾਲ
ਕਰੀਬਨ ਦੋ ਕਰੋੜ ਪੌਂਡ ਦਾ ਖਰਚ ਹੈ। ਪਰ ਸਾਰੇ ਗ਼ਰੀ

ਕਈ ਕਰੋੜ ਰੁਪਏ ਸਾਲਾਨਾ ਵਾਲ ਕਟਾਈ ਤੇ ਖ਼ਰਚ ਕਰਦੇ ਹਨ ਅਤੇ ਕਰੋੜਾਂ ਹੀ ਰੁਪਿਆਂ ਦਾ ਇਸ ਕੰਮ ਲਈ ਸਾਮਾਨ ਖ਼ਰੀਦਿਆ ਜਾਂਦਾ ਹੈ, ਜੋ ਦੁਨੀਆਂ ਦੀ ਆਰਥਕਤਾ ਲਈ ਭਾਰੀ ਢਾਹ ਹੈ ।

(੯) ਕੇਸ ਕਟਾਉਣ ਵਾਲਿਆਂ ਦੀ ਆਮ ਤੌਰ ਤੇ ਨੰਗੇ ਸਿਰ ਰਹਿਣ ਦੀ ਆਦਤ ਬਣ ਜਾਂਦੀ ਹੈ, ਉਹ ਹਰ ਪਾਰਟੀ ਅਥਵਾ ਧਾਰਮਕ ਇਕੱਠਾਂ ਵਿਚ ਨੰਗੇ ਸਿਰ ਹੀ ਚਲੇ ਜਾਂਦੇ ਹਨ ਅਤੇ ਉਨ੍ਹਾਂ ਦਾ ਇਹ ਤਰੀਕਾ ਇਨਸਾਨੀ ਤਹਿਜ਼ੀਬ ਲਈ ਹਾਨੀਕਾਰਕ, ਸਮਾਜਕ ਸਭਯਤਾ ਲਈ ਹਲਕਾਪਨ ਅਤੇ ਬੇਪਰਦਗੀ ਦਾ ਪ੍ਰਗਟਾਵਾ ਸਾਬਤ ਹੁੰਦਾ ਹੈ, ਜੋ ਸਾਊ ਲੋਕਾਂ ਲਈ ਅਸ਼ੋਭਾ ਦਾ ਕਾਰਨ ਹੈ।

(੧੦) ਕੇਸ ਕਟਾਉਣ ਵਾਲਾ ਰੋਜ਼ ਹੀ ਆਪਣੀ ਨਵੀਂ ਸ਼ਕਲ ਸੂਰਤ ਬਣਾਉਣ, ਕਈ ਤਰ੍ਹਾਂ ਦੀਆਂ ਮਾਂਗਾਂ ਕੱਢਣ ਅਤੇ ਬਾਰ ਬਾਰ ਸ਼ੀਸ਼ੇ ਅਗੇ ਹੈਂਕੜ ਭਰੀ ਤਬੀਅਤ ਨਾਲ ਸਿਰ ਫੇਰਨ ਦਾ ਆਦੀ ਹੋ ਜਾਂਦਾ ਹੈ, ਜਿਸ ਤੋਂ ਕਈ ਤਰ੍ਹਾਂ ਦੇ ਖ਼ੁਦ ਪ੍ਰਸਤੀ, ਹਉਮੈ ਅਤੇ ਪ੍ਰਭਤਾ ਦੇ ਖ਼ਿਆਲ ਮਨ ਵਿਚ ਪੈਦਾ ਹੋਣ ਦਾ ਅੰਦੇਸ਼ਾ ਹੋ ਸਕਦਾ ਹੈ, ਜੋ ਆਤਮਕ ਉਨਤੀ ਅਗੇ ਭਾਰੀ ਰੋਕ ਹਨ। ਇਨ੍ਹਾਂ ਤੋਂ ਇਲਾਵਾ ਬੇਅੰਤ ਹੀ ਹੋਰ ਰੋਗ ਅਤੇ ਨੁਕਸਾਨ ਮਨੁਖ ਨੂੰ ਕੇਸ ਕਟਾਉਣ ਕਰ ਕੇ ਵਾਪਰਦੇ ਹਨ, ਜਿਨ੍ਹਾਂ ਤੋਂ ਬਚਣ ਲਈ ਕੇਸਾਂ ਦੀ ਸਲਾਮਤੀ ਜ਼ਰੂਰੀ ਹੈ ।

ਸਿਆਣੇ ਅਤੇ ਵੀਚਾਰਵਾਨ ਲੋਕ ਸਮਝ ਸਕਦੇ ਹਨ ਕਿ ਇਹ ਰਾਹ ਕਿਤਨਾ ਹਾਨੀਕਾਰਕ ਹੈ,ਕਿਉਂਕਿ ਇਸ ਤੇ ਚਲਣ ਵਾਲਾ ਮਨੁੱਖ ਈਸ਼ਵਰ ਤੋਂ ਬੇਮੁਖ, ਗੁਰੂ ਪੀਰ ਦੀ ਆਗਿਆ ਤੋਂ ਮੁਨਕਿਰ ਅਤੇ ਧਰਮ ਪੁਸਤਕਾਂ ਦੀ ਉਲੰਘਣਾ ਕਰਨ ਆਦਿ ਦੋਸ਼ਾਂ ਦਾ ਭਾਗੀ ਬਣਦਾ ਹੈ ।

# ਕੇਸਾਂ ਦਾ ਵਿਗਿਆਨਕ ਪਹਿਲੂ

(੧)

ਅਪਣੀ ਰਚਨਾ ਦੀ ਸੂਖਸ਼ਮ ਕਲਾਕਾਰੀ ਨੂੰ ਤਾਂ ਰਚਨ
ਪ੍ਰਭੂ ਹੀ ਜਾਣਦਾ ਹੈ, ਪ੍ਰੰਤੂ ਕੇਸਾਂ ਦੀ ਸ਼ਕਤੀ ਅਥਵਾ ਹੋਂਦ
ਵਿਗਿਆਨਕ ਪਹਿਲੂ ਤੋਂ ਕਈ ਗੱਲਾਂ ਸਾਮ੍ਰਤੱਖ ਭਾਸਦੀਆਂ
ਜਿਨ੍ਹਾਂ ਤੋਂ ਇਹ ਜ਼ਾਹਿਰ ਹੁੰਦਾ ਹੈ ਕਿ ਜਿਸਮ ਲਈ ਇਹ
ਲੋੜੀਂਦੀ ਧਾਤ ਹਨ ।

ਗੁਰਬਾਣੀ ਦੇ 'ਪਾਂਚ ਤੱਤ ਕੋ ਤਨ ਰਚਿਓ' ਮਾਂਹ
ਅਨੁਸਾਰ ਸਰੀਰ ਦੀ ਸਾਜਨਾ ਈਸ਼ਵਰ ਨੇ ਪੰਜਾਂ ਤੱਤਾਂ ਦੇ ਮਿ
ਦੁਆਰਾ ਕੀਤੀ ਹੈ ਅਤੇ ਜੀਵਨ ਭਰ ਇਨ੍ਹਾਂ ਤੱਤਾਂ ਦੀ ਸਰੀ
ਲੋੜ ਰਹਿੰਦੀ ਹੈ। ਜਿਸ ਦੇਹ ਵਿਚ ਇਹ ਤੱਤ ਵਧ ਘਟ ਹੋ
ਉਸ ਨੂੰ ਵਖ ਵਖ ਰੋਗ ਵਿਆਪਨ ਲਗ ਜਾਂਦੇ ਹਨ, ਜਿਨ੍ਹਾਂ ਦਾ
ਅਸਰ ਮਨ ਅਤੇ ਤਨ ਤੇ ਪੈਂਦਾ ਹੈ ।

ਜਲ ਅਤੇ ਪ੍ਰਿਥਵੀ ਦਾ ਅਸਰ ਤਾਂ ਅੰਨ ਪਾਣੀ ਅ
ਖਾਣ ਪੀਣ ਵਾਲੇ ਪਦਾਰਥਾਂ ਤੋਂ ਜਾਂ ਹੱਥਾਂ ਪੈਰਾਂ ਅਥਵਾ
ਦੇ ਇਨ੍ਹਾਂ ਨਾਲ ਛੋਹਣ ਕਾਰਨ ਸਰੀਰ ਨੂੰ ਮਿਲਦਾ ਰਹਿੰਦ
ਕਿਉਂਕਿ ਇਹ ਤਤ ਸਥੂਲ ਹਨ ਅਤੇ ਇਨ੍ਹਾਂ ਦੇ ਪ੍ਰਾਪਤ
ਰਹਿਣ ਦਾ ਢੰਗ ਵੀ ਠੁਲ੍ਹਾ ਹੈ, ਪਰ ਦੂਜੇ ਜੋ ਤਿੰਨ ਤੱਤ ਅ
ਅਕਾਸ਼ ਅਤੇ ਵਾਯੂ ਹਨ ਉਹ ਸੂਖਸ਼ਮ ਹਨ, ਜਿਨ੍ਹਾਂ ਦੇ
ਹੁੰਦੇ ਰਹਿਣ ਦਾ ਤ੍ਰੀਕਾ ਵੀ ਕਲਾ ਮਈ ਹੈ । ਅਕਾਸ਼ ਤੱ
ਵਸੀਲਾ ਤਾਂ ਕੰਨ ਹਨ, ਪਰ ਦੋ ਜ਼ਰੂਰੀ ਤੱਤ ਜੋ ਅਗਨੀ ਤੇ
ਹਨ ਉਨ੍ਹਾਂ ਦਾ ਵਧੇਰੇ ਸਬੰਧ ਰੋਮਾਂ ਨਾਲ ਹੈ, ਪੌਣ ਦਾ

ਰੋਮਾਂ ਦੁਆਰਾ ਹੀ ਸਰੀਰ ਵਿਚ ਹੁੰਦਾ ਹੈ, ਜਿਵੇਂ ਆਮ ਤੌਰ ਤੇ ਵੇਖਿਆ ਗਿਆ ਹੈ ਕਿ ਵਧੇਰੇ ਠੰਡੀ ਪੌਣ ਵੇਲੇ ਸਾਡੇ ਲੂੰ ਕੰਡੇ (ਅਰਥਾਤ ਰੋਮ ਖੜੇ) ਹੋ ਜਾਂਦੇ ਹਨ।

ਅਗਨੀ ਤੱਤ ਜੋ ਬਹੁਤਾ ਕਰ ਕੇ ਸਾਨੂੰ ਸੂਰਜ ਦੀਆਂ ਕਿਰਣਾਂ ਦੁਆਰਾ ਪ੍ਰਾਪਤ ਹੁੰਦਾ ਹੈ ਉਸ ਦਾ ਵਸੀਲਾ ਵੀ ਇਹ ਕੇਸ (ਰੋਮ) ਹੀ ਹਨ, ਜੋ ਜ਼ਰੂਰਤ ਤੋਂ ਵਧੇਰੇ ਸੂਰਜ ਦੀ ਗਰਮੀ ਨੂੰ ਅਪਨੇ ਵਿਚ ਸਮੋ ਕੇ ਲੋੜੀਂਦੀ ਗਰਮੀ ਸਰੀਰ ਵਿਚ ਪੁਚਾਂਦੇ ਰਹਿੰਦੇ ਹਨ।

(੨)

ਕੁਦਰਤ ਵਲੋਂ ਇਹ ਵਸੀਲਾ ਕੇਵਲ ਮਨੁੱਖ ਲਈ ਹੀ ਨਹੀਂ ਸਭ ਜੀਵ ਜੰਤੂਆਂ ਲਈ ਹੈ, ਇਥੋਂ ਤਕ ਕਿ ਬਿਰਛ ਦੇ ਵੀ ਪੱਤੇ ਹੀ ਉਸ ਨੂੰ ਪੌਣ ਤੇ ਅਗਨੀ ਤੱਤ ਪੁਚਾਂਦੇ ਰਹਿੰਦੇ ਹਨ। ਪੱਤਿਆਂ ਤੋਂ ਹੀਣਾ ਬ੍ਰਿਛ ਘਟ ਹੀ ਵਧਦਾ ਫੁਲਦਾ ਤੇ ਫਲਦਾਇਕ ਹੁੰਦਾ ਹੈ।

ਮਨੁੱਖੀ ਸਰੀਰ ਲਈ ਇਹ ਗੱਲ ਖਾਸ ਤੌਰ ਤੇ ਵੇਖੀ ਜਾ ਸਕਦੀ ਹੈ ਕਿ ਬਚਪਨ ਵਿਚ ਇਸ ਨੂੰ ਬਹੁਤ ਘਟ ਖੁਰਾਕ ਦੀ ਲੋੜ ਹੋਣ ਕਾਰਣ ਰੋਮ ਵੀ ਛੋਟੇ ਅਤੇ ਘਟ ਹੁੰਦੇ ਹਨ, ਜਿਉਂ ਜਿਉਂ ਇਹ ਵਡਾ ਹੁੰਦਾ ਹੈ ਇਸ ਦੇ ਵਾਲ ਵੀ ਵਧਦੇ ਹਨ। ਸਗੋਂ ਹਕੀ-ਕਤ ਇਹ ਹੈ ਕਿ ਜਿਉਂ ਜਿਉਂ ਇਹ ਵਧਦੇ ਹਨ, ਅਰਥਾਤ ਲੋੜ ਅਨੁਸਾਰ ਸ਼ਕਤੀ ਦਾ ਅਕੱਰਖਣ ਕਰਦੇ ਹਨ ਤਿਉਂ ਤਿਉਂ ਸਰੀਰ ਵੀ ਬਲਵਾਨ ਹੁੰਦਾ ਜਾਂਦਾ ਹੈ ਅਤੇ ਭਰ ਜਵਾਨੀ ਵਿਚ ਇਹ ਵੀ ਪੂਰੇ ਜੋਬਨ ਵਿਚ ਹੁੰਦੇ ਹਨ। ਇਹ ਵੀ ਆਮ ਖਿਆਲ ਹੈ ਕਿ ਵਿਟੇਮਨ ਡੀ. ਨੂੰ ਕਾਇਮ ਰੱਖਣ ਲਈ ਜਿਸਮ ਦੇ ਵਾਲ ਅਤਿ ਲੋੜੀਂਦੀ ਵਸਤੂ ਹਨ, ਜਿਨ੍ਹਾਂ ਦੇ ਕਟਿਆਂ ਇਹ ਤਾਕਤ ਘਟ ਜਾਂਦੀ ਹੈ।

ਜਦ ਸਾਰੇ ਸਰੀਰ 'ਚੋਂ ਜਾਨ ਨਿਕਲ ਗਈ ਹੁੰਦੀ ਹੈ ਓਦੋਂ ਵੀ ਕੁਝ ਸਮੇਂ ਲਈ ਇਹ ਵਧਦੇ ਹਨ, ਕਿਉਂਕਿ ਇਨ੍ਹਾਂ ਅਜੇ ਸੂਖਸ਼ਮ ਰੂਪ ਵਿਚ ਜਾਨ ਬਾਕੀ ਹੁੰਦੀ ਹੈ।

ਜਦ ਪੰਜਾਂ ਤੱਤਾਂ ਦੇ ਵਧ ਘਟ ਹੋਣ ਨਾਲ ਸਰੀਰ ਕੋਈ ਰੋਗ ਪੈਦਾ ਹੋ ਜਾਵੇ ਤਾਂ ਰੋਮ ਵੀ ਉਖੜਨੇ ਜਾਂ ਟੁਟਣੇ ਹੋ ਜਾਂਦੇ ਹਨ, ਕਿਉਂਕਿ ਕੁਝ ਤਾਕਤ ਜੋ ਸਰੀਰ ਰਾਹੀਂ ਉ ਮਿਲਦੀ ਹੈ ਉਹ ਘਟ ਜਾਂਦੀ ਹੈ ਅਤੇ ਸਰੀਰ ਦੇ ਬਿਰਧ ਅਰ ਖੀਣ ਹੋਣ ਸਮੇਂ ਇਹ ਵੀ (ਚਿਟੇ) ਹੋਣੇ ਸ਼ੁਰੂ ਹੋ ਜਾਂਦੇ ਹ ਸੋ ਇਉਂ ਇਹ ਇਕ ਤਰ੍ਹਾਂ ਮੌਤ ਦਾ ਸੁਨੇਹਾ ਪੁਚਾਉਣ ਦਾ ਇਕ ਜ਼ਰੀਹਾ ਹਨ। ਫਰੀਦ ਜੀ ਦਾ ਕਥਨ ਹੈ :-

ਦੇਖ ਫਰੀਦਾ ਜਿ ਥੀਆ **ਦਾੜ੍ਹੀ** ਹੋਈ ਭੂਰ॥
ਅਗਾ ਨੇੜੇ ਆਇਆ ਪਿਛਾ ਰਹਿਆ ਦੂਰ॥

ਸਾਰੇ ਸਰੀਰ ਵਿਚ ਸ਼ਕਤੀ ਪੁਚਾਉਣ ਵਾਣਾ ਅਤੇ ਜਿਸ ਅਥਵਾ ਰੂਹਾਨੀ ਸ਼ਕਤੀ ਦਾ ਕੇਂਦਰ ਕਿਉਂਕਿ ਸਿਰ (ਦੀਮਾਗ) ਇਸ ਲਈ ਕੁਦਰਤ ਨੇ ਸਭ ਤੋਂ ਜ਼ਿਆਦਾ ਅਤੇ ਲੰਬੇ ਕੇਸ ਤੇ ਪੈਦਾ ਕੀਤੇ ਹਨ ਜੋ ਵਧੇਰੇ ਸ਼ਕਤੀ ਦਾ ਸਟਾਕ ਜਮ੍ਹਾਂ ਰਖਦੇ ਹ

(੩)

ਆਮ ਤੌਰ ਤੇ ਇਹ ਵੀ ਵੇਖਿਆ ਗਿਆ ਹੈ ਕਿ ਬਚ ਜਾਂ ਯੁਬਾ ਅਵਸਥਾ ਤਕ ਜਿਸ ਆਦਮੀ ਦੇ ਵਾਲ ਘੱਟ ਹੋਣ ਬਹੁਤ ਘਟ ਜੋਸ਼ੀਲਾ ਅਤੇ ਜੰਗ ਜੂਹ ਹੁੰਦਾ ਹੈ। ਬਹੁਤੇ ਸੰਘਣੇ (ਰੋਮਾਂ) ਵਾਲਾ ਪੁਰਸ਼ ਉਸ ਨਾਲੋਂ ਵਧੇਰੇ ਜੋਸ਼ੀਲਾ ਅਤੇ ਬਲ ਹੁੰਦਾ ਹੈ, ਜਦ ਉਹ ਜੰਗੇ ਮੈਦਾਨ ਵਿਚ ਜੂਝਣ ਲਈ ਆਉਂਦਾ ਹੈ, ਤਾਂ ਉਸ ਦਾ ਇਕ ਇਕ ਰੋਮ ਬਫਰਿਆ ਹੋ ਹੁੰਦਾ ਹੈ। ਜਿਸ ਨੂੰ ਲੂੰ ਕੰਡੇ ਕਿਹਾ ਜਾਂਦਾ ਹੈ। ਉਸ ਸਮੇਂ ਦੇ ਕੇਸ ਹੀ ਉਸ ਨੂੰ ਤਿੱਖਾ ਵਾਰ ਕਰਨ ਦੀ ਸ਼ਕਤੀ ਦੇਂਦੇ

ਆਪਣੇ ਤੇ ਹੋਣ ਵਾਲੇ ਵਾਰ ਦੇ ਖਤਰੇ ਦਾ ਅਸਰ ਇਸ ਦੇ ਦਿਲ ਤੇ ਪੈਣ ਤੋਂ ਰੋਕਦੇ ਹਨ। ਇਹੀ ਵਜ੍ਹਾ ਹੈ ਕਿ ਕੇਸਾ ਧਾਰੀ ਸੂਰਮਾ ਸੰਸਾਰ ਦੀਆਂ ਜੰਗ ਜੂਹ ਕੋਮਾਂ ਦੀ ਮੋਹਰਲੀ ਕਤਾਰ ਵਿਚ ਖੜਾ ਹੈ।

ਸੰਸਾਰ ਭਰ ਵਿਚ ਜਿੰਨੇ ਵੀ ਜੋਧਾ ਲੋਕ ਹੋਏ ਸਭ ਕੇਸਾਧਾਰੀ ਸਨ, ਜਿਵੇਂ ਕ੍ਰਿਸ਼ਨ ਜੀ, ਕਰਣ, ਅਰਜਨ, ਭੀਮ, ਦੁਰਯੋਧਨ, ਰਾਮ ਚੰਦਰ, ਰਾਵਣ ਅਤੇ ਹੋਰ ਬਿਅੰਤ ਹੀ।

ਕੇਸ ਹੀਨ ਕਿਸੇ ਸੂਰਮੇ ਦਾ ਘਟ ਹੀ ਦੁਨੀਆਂ ਦੀ ਹਿਸਟਰੀ ਵਿਚ ਜ਼ਿਕਰ ਆਇਆ ਹੈ। ਖਾਸ ਕਰ ਉਨ੍ਹਾਂ ਸੂਰਮਿਆਂ ਵਿਚ ਜੋ ਮੈਦਾਨੇ ਜੰਗ ਵਿਚ ਆਹਮੋ ਸਾਹਮਣੇ ਤਲਵਾਰ ਆਦਿ ਸ਼ਸਤਰਾਂ ਨਾਲ ਇਕ ਦੂਜੇ ਨਾਲ ਦੋ ਚਾਰ ਹੋਏ ਹੋਣ। ਕੇਸਾਂ ਵਿਚ ਇਹ ਵੀ ਰੱਬੀ ਤਾਕਤ ਹੈ ਕਿ ਜਦ ਮਨੁੱਖ ਤੇ ਕੋਈ ਖਤਰਾ ਵਾਪਰਦਾ ਹੈ ਤਾਂ ਇਹ ਵਾਇਰਲੈਸ ਦੇ ਖੰਭਿਆਂ ਵਾਂਗ ਉਸ ਨੂੰ ਚੋਕੰਨਾ ਕਰਦੇ ਹਨ ਅਤੇ ਉਸ ਖਤਰੇ ਦੇ ਮੁਕਾਬਲੇ ਲਈ ਸ਼ਕਤੀ ਅਰਥਾਤ ਉਸ ਤੋਂ ਵਾਪਰੇ ਡਰ ਨੂੰ ਦਿਲ ਤੇ ਪੈਣ ਤੋਂ ਰੋਕਣ ਲਈ ਇਕ ਤਰ੍ਹਾਂ ਵਾੜ ਦਾ ਕੰਮ ਦੇਂਦੇ ਹਨ । ਜਿਵੇਂ ਇਕ ਤਾਰ ਬਿਜਲੀ ਦੀ ਤਾਕਤ ਦਾ ਮੁਕਾਬਲਾ ਕਰ ਕੇ ਉਸ ਦੇ ਅਸਰ ਨੂੰ ਘਟ ਕਰ ਦੇਂਦੀ ਜਾਂ ਟਾਲ ਦੇਂਦੀ ਹੈ।

ਜੈਸਾ ਕਿ ਆਮ ਤੌਰ ਤੇ ਮਕਾਨਾਂ ਵਿਚ ਬਿਜਲੀ ਦੇ ਖਤਰੇ ਤੋਂ ਬਚਣ ਲਈ ਇਕ ਤਾਰ ਅਰਥ ਕੀਤੀ (ਜ਼ਮੀਨ ਵਿਚ ਗਡੀ) ਜਾਂਦੀ ਹੈ ਜੋ ਬਿਜਲੀ ਦੇ ਵਾਰ ਨੂੰ ਟਾਲ ਕੇ ਜ਼ਮੀਨ ਵਿਚ ਧਸਾ ਦੇਂਦੀ ਹੈ।

ਇਹ ਸਭ ਕੁਝ ਉਸ ਲੇਸਦਾਰ ਮਾਦੇ ਦੇ ਅਣੂਆਂ ਰਾਹੀਂ ਹੁੰਦਾ ਹੈ ਜੋ ਕਾਲੇ ਰੰਗ ਦਾ ਅਤੇ ਅਤਿ ਚਮਕੀਲਾ ਰੋਮਾਂ ਦੀਆਂ ਜੜ੍ਹਾਂ ਵਿਚ ਹੁੰਦਾ ਹੈ।

ਇਹ ਜਿਸਮ ਬਣਾਉਣ ਵਾਲੇ ਅਣੂਆਂ ਤੋਂ ਜਿਸਮ ਦੀਆਂ ਅਤੀ ਸੂਖਸ਼ਮ ਨਾੜਾਂ ਰਾਹੀਂ ਇਕੱਠਾ ਹੁੰਦਾ ਹੈ। ਸਰਦੀ ਗਰਮੀ ਜਾਂ ਕਿਸੇ ਦੇ ਖਤਰੇ ਦਾ ਸਰੀਰ ਤੇ ਅਸਰ ਹੈ ਤਾਂ ਉਹ ਵਾਲ਼ਾਂ ਰਾਹੀਂ ਹੀ ਜਿਸਮ ਵਿਚ ਪ੍ਰਵੇਸ਼ ਕ ਤਨ ਜਾਂ ਮਨ ਤਕ ਜਾਂਦਾ ਹੈ, ਜਿਸ ਨੂੰ ਕੇਸਾਂ ਦੇ ਸ਼ਕਤੀ ਅਣੂ ਰੋਕ ਦੇਂਦੇ ਹਨ ਅਤੇ ਮਨੁਖ ਇਕਦਮ ਤ੍ਰਬ੍ਹਕ ਨਹੀਂ ਜਾਂ ਉਸ ਡਰ ਕਾਰਨ ਅਧੀਰ ਨਹੀਂ ਹੋ ਜਾਂਦਾ। ਇਹੀ ਵਜ੍ਹ ਕਿ ਇਕ ਸਾਬਤ ਰੋਮਾਂ ਵਾਲਾ (ਕੇਸਾਧਾਰੀ) ਔਸਤਨ ਦੂਜੇ ਨਾਲੋਂ ਬੜੇ ਹੋਸਲੇ ਨਾਲ ਹਰ ਖਤਰੇ ਦਾ ਮੁਕਾਬਲਾ ਕਰਨ ਵਧੇਰੇ ਸਮਰੱਥ ਹੁੰਦਾ ਹੈ।

ਇਨ੍ਹਾਂ ਅਤਿ ਲੋੜੀਂਦੇ ਅਤੇ ਕੀਮਤੀ ਅਣੂਆਂ ਦਾ ਨਜ਼ਾਰਾ ਵੇਖਣਾ ਹੋਵੇ ਤਾਂ ਅੰਧੇਰੇ ਵਿਚ ਖੁਸ਼ਕ ਕੇਸਾਂ ਨੂੰ ਕਰੋ, ਤੁਹਾਨੂੰ ਕਿਸੇ ਕਿਸੇ ਵੇਲੇ ਕੇਸਾਂ ਵਿਚ ਬਿਜਲੀ ਵਾਂਗ ਜਾਪੇਗੀ।

ਪਰ ਜਦ ਕੇਸ ਮਨੁੱਖ ਕਟਾ ਹੀ ਦੇਂਦਾ ਹੈ ਤਾਂ ਨਾ ਰ ਹਨ ਉਹ ਅਣੂ ਅਤੇ ਨਾ ਰਹਿੰਦਾ ਹੈ ਉਹ ਚਮਕੀਲਾ ਮਾਦਾ, ਕਿਉ ਕੁਝ ਰੋਜ਼ ਕੱਟੇ ਜਾਂਦੇ ਕੇਸਾਂ ਨੂੰ ਉਗਾਣ ਕਾਰਣ ਅਤੇ ਕੁਝ ਦੇ ਕੱਟੇ ਜਾਣ ਕਾਰਨ ਉਸ ਦੀ ਮਾਤਰਾ ਘਟ ਜਾਂਦੀ ਹੈ ਅਤੇ ਸੂਰਮਤਾ ਨੂੰ ਛਡ ਕਾਇਰ ਦਿਲ ਹੋ ਜਾਂਦਾ ਹੈ।

(੪)

ਇਹ ਵੀ ਆਮ ਤੋਰ ਤੇ ਵੇਖਿਆ ਗਿਆ ਹੈ ਕਿ ਜਦ ਮ ਦਾ ਅੰਤਮ ਸਮਾਂ ਆ ਜਾਂਦਾ ਹੈ ਤਾਂ ਸਭ ਤੋਂ ਪਹਿਲੇ ਹੱਥ ਠੰਡੇ ਹੁੰਦੇ ਹਨ ਅਤੇ ਮੱਥੇ ਤੇ ਤਰੇਲੀ ਆਉਂਦੀ ਹੈ, ਅਰ ਕਮਜ਼ੋਰੀ ਦਾ ਅਸਰ ਪਹਿਲੇ ਇਨ੍ਹਾਂ ਅੰਗਾਂ ਤੇ ਪੈਂਦਾ ਹੈ ਕਿਉ ਇਨ੍ਹਾਂ ਤੇ ਵਾਲ ਨਹੀਂ ਹੁੰਦੇ । ਹੋਲੀ ਹੋਲੀ ਪੈਰਾਂ ਵਲੋਂ ਹੀ

ਅਸਰ ਵਧਦਾ ਵਧਦਾ ਸਿਰ ਤਕ ਪੁਜਦਾ ਹੈ ਅਤੇ ਅੰਤਿਮ ਮੁਕਾਬਲਾ (ਸਿਰ ਹੀ) ਕੇਸਾਂ ਵਾਲਾ ਹਿਸਾ ਹੀ ਕਰਦਾ ਹੈ। ਜਦ ਸਿਰ ਚੋਂ ਵੀ ਜਾਨ ਨਿਕਲ ਜਾਂਦੀ ਹੈ ਉਸ ਸਮੇਂ ਮਨੁਖ ਦੀ ਨਾੜੀ ਬੰਦ ਹੁੰਦੀ ਹੈ।

ਉਸ ਤੋਂ ਪਹਿਲੇ ਲੋਹੇ ਆਦਿ ਧਾਂਤਾਂ ਦੇ ਅਣਡਿਠ ਅਣੂਆਂ ਵਾਂਗ ਇਹ ਕੇਸ ਸਰੀਰ ਦੀ ਰਖਿਆ ਕਰਦੇ ਰਹਿੰਦੇ ਹਨ। ਕੇਸਾਂ ਦੇ ਅਣੂ ਦੂਜੀਆਂ ਧਾਤਾਂ ਦੇ ਅਣੂਆਂ ਨਾਲੋਂ ਬਹੁਤ ਵਧੇਰੇ ਮਾਤਰਾ ਵਿਚ ਹੁੰਦੇ ਹਨ । ਇਹੀ ਵਜ੍ਹਾ ਹੈ ਕਿ ਹੋਰ ਧਾਂਤਾਂ ਤਾਂ ਜ਼ਮੀਨ ਵਿਚ ਦੱਬਿਆਂ ਕੁਝ ਸਮੇਂ ਤਕ ਗਲ ਸੜ ਜਾਂਦੀਆਂ ਹਨ ਪਰ ਵਾਲ ਕਈ ਹਜ਼ਾਰ ਸਾਲ ਤਕ ਕਾਇਮ ਰਹਿ ਸਕਦੇ ਹਨ, ਕਿਉਂਕਿ ਡਾਕਟਰਾਂ ਦੇ ਕਥਨ ਅਨੁਸਾਰ ਕੇਸਾਂ ਵਿਚ ੨੨ ਹਿਸੇ ਆਕਸੀਜ਼ਨ, ੬ ਹਿਸੇ ਹਾਈਡਰੋਜਨ, ੫੦ ਹਿਸੇ ਕਾਰਬਨ, ੧੭ ਹਿਸੇ ਨਾਈਟਰੋਜ਼ਨ ਅਤੇ ੫ ਹਿਸੇ ਸਲਫਰ ਹੁੰਦਾ ਹੈ ਅਤੇ ਇਸ ਤੋਂ ਇਲਾਵਾ ਅਗਨੀ ਤੇ ਚੂਨਾ ਵੀ ਹੁੰਦਾ ਹੈ, ਜਿਸ ਦਾ ਜ਼ਿਕਰ ਅਗੇ ਆ ਚੁਕਾ ਹੈ।

(੮)

ਗੁਰਬਾਣੀ ਦੇ ਕਥਨ–

ਅਸਟਮੀ ਅਸਟ ਧਾਤ ਕੀ ਕਾਇਆ ॥
ਤਾ ਮਹਿ ਅਕੁਲ ਮਹਾ ਨਿਧਿ ਰਾਇਆ ॥

(ਗਉੜੀ ਕਬੀਰ ਜੀ)

ਅਨੁਸਾਰ ਅਠਵੀਂ ਧਾਤ ਰੋਮ ਹਨ, ਜਿਵੇਂ ਦੂਜੀਆਂ ਧਾਤਾਂ ਨਰੋਈ ਹਾਲਤ ਵਿਚ ਸਰੀਰ ਲਈ ਜ਼ਰੂਰੀ ਹਨ। ਇਸੇ ਤਰ੍ਹਾਂ ਰੋਮ ਵੀ ਜ਼ਰੂਰੀ ਹਨ। ਜੋ ਸਰੀਰ ਦੀ ਹਵਾੜ ਅਥਵਾ ਗੰਦੇ ਮਾਦੇ ਨੂੰ ਪਸੀਨੇ ਰਾਹੀਂ ਖਾਰਜ ਕਰਨ ਅਤੇ ਸੁਧ ਪੌਣ ਨੂੰ ਗ੍ਰਹਿਣ ਕਰਨ ਤੋਂ



ਇਲਾਵਾ ਉਸ ਮਹਾ ਨਿਧਿ ਰਾਇਆ (ਵਾਹਿਗੁਰੂ)
ਸ਼ਕਤੀ, ਆਤਮ ਪ੍ਰਕਾਸ਼ ਅਥਵਾ ਨੂਰ ਦੇ ਵਿਕਾਸ਼ ਦਾ ਵੀ
ਵਡਾ ਵਸੀਲਾ ਹਨ।

ਜਿਸ ਦਾ ਪ੍ਰਤੱਖ ਸਬੂਤ ਇਕ ਸਾਬਤ ਸੂਰਤ
ਮਨੁੱਖ ਦਾ ਉਹ ਜਾਹੁ ਜਲਾਲ ਹੈ, ਜਿਸ ਦਾ ਕੇਸ ਹੀਨਾਂ
ਤੇ ਨਾਮੋ ਨਿਸ਼ਾਨ ਨਹੀਂ ਹੁੰਦਾ।

ਇਸੇ ਜਾਹੁ ਜਲਾਲ ਸਦਕਾ ਮਨੁੱਖ ਕਿਸੇ
ਅਵਸਥਾ ਨੂੰ ਪ੍ਰਾਪਤ ਕਰ ਲੈਂਦਾ ਹੈ, ਜਿਸ ਬਾਰੇ ਫੁਰਮਾਣ

ਗੁਰਮੁਖਿ ਰੋਮਿ ਰੋਮਿ ਹਰਿ ਧਿਆਵੈ ॥
ਨਾਨਕ ਗੁਰਮੁਖਿ ਸਾਚਿ ਸਮਾਵੈ ॥

(ਸਿਧ ਗੋਸਟ ਸ:

ਪਰ ਮਹਾਨ ਸ਼ੋਕ ਹੈ ਕਿ ਸਰੀਰ ਦਾ ਐਡਾ ਵਡਮੁ
ਸੂਰਬੀਰਤਾ ਦਾ ਮੁਜੱਸਮਾ, ਰੱਬੀ ਨੂਰ, ਅਥਾਹ ਬਲ
ਬਰਕਤਾਂ ਦੇ ਖਜ਼ਾਨੇ (ਕੇਸਾਂ) ਨੂੰ ਇਹ ਅਭਾਗਾ ਮਨੁੱ
ਜਿਸਮ ਨਾਲੋਂ ਕੱਟ ਸੁਟਦਾ ਹੈ ਅਤੇ ਰੋੜ ਮੋੜ ਹੋਏ
ਆਪਣੀ ਸ਼ੋਭਾ, ਸੂਰਤ ਅਥਵਾ ਵਡਿਆਈ ਨੂੰ ਮਿੱਟੀ ਘੱ
ਬੇਝੱਕ ਸੰਸਾਰ ਵਿਚ ਤੁਰਿਆ ਫਿਰਦਾ ਹੈ।

## ਕੇਸਾਂ ਬਾਰੇ ਮਨੋਕਲਪਿਤ ਸ਼ੰਕੇ (ਪ੍ਰਸ਼
## ਅਤੇ ਉਨ੍ਹਾਂ ਦੇ ਉਤਰ

(੧) ਪ੍ਰਸ਼ਨ–ਕੇਸ ਸਿਰ ਤੇ ਇਕ ਨਿਰੰਮਾ
ਇਸ ਲਈ ਇਨ੍ਹਾਂ ਨੂੰ ਕਟਾ ਦੇਣਾ ਚਾਹੀਦਾ ਹੈ ?

ਉਤ੍ਰ–ਬੋਝ ਉਸ ਚੀਜ਼ ਦਾ ਹੁੰਦਾ ਹੈ ਜੋ ਸਰੀਰ ਨਾਲੋ ਅਲੱਗ ਹੋਵੇ ਅਤੇ ਸਿਰ ਤੇ ਚੁਕੀ ਜਾਵੇ। ਜੋ ਚੀਜ਼ ਸਰੀਰ ਦਾ ਹ ਅੰਗ ਹੈ ਉਹ ਬੋਝ ਕਿਵੇਂ ਹੋਇਆ ? ਕੀ ਇਸ ਤਰ੍ਹਾਂ ਫਿਰ ਲੱਤਾਂ ਬਾਹਵਾਂ ਬੋਝ ਨਹੀਂ ? ਕੀ ਸਰੀਰਕ ਅੰਗਾਂ ਨੂੰ ਬੋਝ ਕਹਿਣ ਵਾਲੇ ਇਨ੍ਹਾਂ ਨੂੰ ਕਟਾਉਣ ਲਈ ਤਿਆਰ ਹਨ ? ਕੀ ਉਹ ਇਸ ਗਲ ਵਿਚ ਰਜ਼ਾਮੰਦ ਹਨ ਕਿ ਮੂੰਹ ਦਾ ਵਾਧੂ ਬੋਝ ਨੱਕ ਰਖਣਾ ਠੀਕ ਨਹੀ।

ਜੋ ਲੋਕ ਬੋਝ ਤੋ ਮੁਰਾਦ ਕੇਸਾਂ ਦਾ ਵਜ਼ਨ ਲੈਂਦੇ ਹਨ ਉਹ ਉਸੇ ਜੁਲਾਹੇ ਵਾਲੀ ਗਲ ਕਰਦੇ ਹਨ ਜੋ ਊਠ ਉਤੇ ਰੂਈ ਦੀ ਪੰਡ ਲਦੀ ਵੇਖ ਕੇ ਕਹਿੰਦਾ ਸੀ ਕਿ ਏਡਾ ਭਾਰ ਚੁਕਣ ਨਾਲ ਇਸ ਦਾ ਲੱਕ ਕਿਉਂ ਨਹੀਂ ਟੁਟਿਆ। ਸੋ ਕੇਸਾਂ ਨੂੰ ਬੋਝ ਕਹਿਣਾ ਇਕ ਮਨ ਘੜਤ ਹੁੱਜਤ ਹੈ, ਹਕੀਕਤ ਤਾਂ ਇਹ ਹੈ ਕਿ ਕੇਸਾਂ ਵਿਚ ਭਾਰੀ ਬੋਝ ਚੁੱਕ ਸਕਣ ਅਤੇ ਡਾਂਗ ਤਲਵਾਰ ਦੇ ਬਚਾ ਦੀ ਸ਼ਕਤੀ ਹੋਂਦੀ ਹੈ, ਕੇਸ ਹੀਨ ਸਿਰ ਤਾਂ ਤੀਲੇ ਦਾ ਵਾਰ ਵੀ ਨਹੀਂ ਸਹਾਰ ਸਕਦਾ।

(੨) ਪ੍ਰਸ਼ਨ–ਦਿਮਾਗ਼ ਦੀ ਸੁਰਖਿਅਤਾ ਲਈ ਕੇਸਾਂ ਦਾ ਕਟਾਉਣਾ ਜ਼ਰੂਰੀ ਹੈ ਤਾਕਿ ਗਰਮੀ ਤੋਂ ਬਚਾਅ ਰਹੇ।

ਉੱਤ੍ਰ–ਕੇਸਾਂ ਨੂੰ ਗਰਮ ਕਹਿਣ ਵਾਲਿਆਂ ਪਾਸ ਇਸ ਦਲੀਲ ਦੀ ਪੁਸ਼ਟੀ ਲਈ ਕੋਈ ਸਬੂਤ ਨਹੀਂ। ਇਹ ਗਲ ਤਾਂ ਬੱਚੇ ਵੀ ਸਮਝ ਸਕਦੇ ਹਨ ਕਿ ਧੁੱਪ ਵਿਚ ਨੰਗੀ ਪਈ ਬਰਫ ਨਾਲੋਂ ਢਕੀ ਹੋਈ ਵਧੇਰੇ ਸੁਰੱਖਿਅਤ ਰਹਿੰਦੀ ਹੈ, ਤੇ ਜੇ ਉਸ ਨੂੰ ਕਿਸੇ ਵਾਲਾਂ ਦੇ ਬਣੇ ਕਪੜੇ, ਲੋਈ ਆਦ ਨਾਲ ਢੱਕਿਆ ਜਾਵੇ ਤਾਂ ਗਰਮੀ ਉਸ ਦੇ ਨੇੜੇ ਨਹੀਂ ਫੜਕ ਸਕਦੀ।

ਕੇਸ ਗਰਮ ਹੋਣ ਕਰ ਕੇ ਜੇ ਦਿਮਾਗ਼ ਨੂੰ ਨੁਕਸਾਨ ਪੁਚਾਂਦੇ ਹਨ ਤਾਂ ਅਤਿ ਸਰਦੀ ਵਿਚ ਇਹਨਾਂ ਦੇ ਕਟਾ ਦੇਣ ਨਾਲ ਠੰਡ ਦਾ ਵੀ ਤਾਂ ਅਸਰ ਹੋ ਸਕਦਾ ਹੈ।

ਜੇ ਇਕ ਮਿੰਟ ਲਈ ਉਕਤ ਦਲੀਲ ਨੂੰ ਮੰਨ ਵੀ ਲਿਆ
ਜਾਵੇ ਤਾਂ ਇਹ ਸੋਚਣਾ ਪਵੇਗਾ ਕਿ ਜੇ ਕੇਸ ਗਰਮੀਆਂ ਵਿਚ ਦਿਮਾ
ਤੇ ਬੁਰਾ ਅਸਰ ਪਾਂਦੇ ਹਨ ਤਾਂ ਕਰੋੜਾਂ ਇਸਤਰੀਆਂ ਦਾ ਦਿਮਾ
ਕਿਉਂ ਨਹੀਂ ਖਰਾਬ ਹੋਇਆ, ਜਿਨ੍ਹਾਂ ਕੇਸਾਧਾਰੀ ਅਵਤਾ
ਅਥਵਾ ਪੈਗ਼ੰਬਰਾਂ ਨੇ ਧਰਮ ਦੇ ਅਸੂਲਾਂ ਨੂੰ ਉਲੀਕਿਆ ਹੈ ਉਹ
ਦੀ ਸੂਝ ਬੂਝ ਕਿਵੇਂ ਕਾਇਮ ਰਹੀ ਅਤੇ ਰਾਮ ਚੰਦਰ
ਕਿਵੇਂ ਰਾਵਣ ਦੀ ਭਾਰੀ ਸੈਨਾ ਨਾਲ ਮੁਕਾਬਲਾ ਕਰ ਸਕੇ। ਸੋ ਇ
ਹੁਜਤ ਕਰਨ ਵਾਲੇ ਸ਼ਾਇਦ ਬਿਨਾਂ ਸੋਚੇ ਅਜਿਹੀਆਂ ਗੱਲਾਂ ਕਰ
ਹਨ, ਸੱਚੀ ਗਲ ਤਾਂ ਇਹ ਹੈ ਕਿ ਕੇਸ ਗਰਮੀਆਂ ਵਿਚ ਦਿਮਾਗ਼
ਠੰਡਾ ਅਤੇ ਸਰਦੀਆਂ ਵਿਚ ਗਰਮ ਰਖਦੇ ਹਨ ਜਿਸ ਤੋਂ ਮਨੁਖ
ਤਾਕਤ ਤੇ ਸੋਝੀ ਵਧੇਰੇ ਕਾਇਮ ਰਹਿੰਦੇ ਹਨ।

(੩) ਪ੍ਰਸ਼ਨ–ਕੇਸ ਰੱਖਣ ਨਾਲ ਖ਼ੂਬਸੂਰਤੀ ਵਿਚ ਫਰ
ਪੈਂਦਾ ਹੈ, ਇਸ ਲਈ ਇਹ ਕਟਾ ਦੇਣੇ ਚਾਹੀਦੇ ਹਨ।

ਉੱਤਰ–ਅਜਿਹੀਆਂ ਗੱਲਾਂ ਕਰਨ ਵਾਲਿਆਂ ਤੋਂ ਅਸ
ਪੁਛਦੇ ਹਾਂ ਕਿ ਆਖ਼ਰ ਉਹ ਖ਼ੂਬਸੂਰਤੀ ਕਿਸ ਨੂੰ ਕਹਿੰਦੇ ਹਨ, ਕੀ ਜਿ
ਨੂੰ ਉਹ ਖ਼ੂਬਸੂਰਤੀ ਕਹਿੰਦੇ ਹਨ, ਜਦੋਂ ਇਹ ਚਲੀ ਸੀ ਤਾਂ ਲੋਕੀਂ ਇ
ਨੂੰ ਪਰਲੇ ਦਰਜੇ ਦੀ ਬਦਸੂਰਤੀ ਨਹੀਂ ਸਨ ਕਹਿੰਦੇ ? ਕੀ ਖ਼ੂਬਸੂਰ
ਉਹੀ ਹੈ ਜੋ ਆਮ ਪ੍ਰਚਲਤ ਹੋ ਜਾਵੇ ? ਕੀ ਸ਼ੇਰ ਦੀਆਂ ਮੁੱਛਾਂ
ਸਿਰ ਚਟਮ ਕਰਨ ਨਾਲ ਉਸ ਨੂੰ ਕੋਈ ਖ਼ੂਬਸੂਰਤ ਕਹਿ ਸਕ
ਹੈ ? ਹਰਗਿਜ਼ ਨਹੀਂ ਇਹ ਤਾਂ ਇਕ ਫ਼ੈਸ਼ਨ ਬਣ ਗਿਆ ਹੈ
ਦੇਖਾ ਦੇਖੀ ਹਰ ਇਕ ਆਦਮੀ ਇਸ ਦੀ ਨਕਲ ਕਰਨ ਲਗ ਪਿ
ਹੈ। ਇਹ ਇਕ ਜਗਤ ਪ੍ਰਸਿਧ ਗਲ ਹੈ ਕਿ ਜਿਹੜਾ ਫ਼ੈਸ਼ਨ ਆ
ਪ੍ਰਚੱਲਤ ਹੋ ਜਾਵੇ ਉਹੀ ਖ਼ੂਬਸੂਰਤੀ ਬਣ ਜਾਂਦਾ ਹੈ ਅਤੇ ਲੋਕੀਂ ਉ

ਦੀ ਨਕਲ ਉਤਾਰਨੀ ਸ਼ੁਰੂ ਕਰ ਦੇਂਦੇ ਹਨ। ਇਸ ਗਲ ਤੋਂ ਕੌਣ ਇਨਕਾਰ ਕਰ ਸੰਕਦਾ ਹੈ ਕਿ ਇਸਤ੍ਰੀ ਜਾਤੀ ਦੀ ਖ਼ੂਬਸੂਰਤੀ ਵਾਲਾਂ ਕਰ ਕੇ ਹੀ ਹੈ। ਜਦ ਕੋਈ ਇਸਤ੍ਰੀ ਵਾਲ ਨਹੀਂ ਸੀ ਕਟਾਂਦੀ ਤਾਂ ਇਹ ਸੋਚ ਕੇ ਲੋਕਾਂ ਦੇ ਦਿਲ ਕੰਬ ਉਠਦੇ ਸਨ ਕਿ ਜੇ ਇਸਤ੍ਰੀ ਵਾਲ ਕਟਾਉਣ ਲਗ ਪਵੇ ਤਾਂ ਕਿੰਨੀ ਬੁਰੀ ਲਗੇ, ਪਰ ਹੁਣ ਜਦ ਪਛਮੀ ਵਿਦਿਆ ਦੇ ਪ੍ਰਭਾਵਾਂ ਹੇਠ ਆ ਕੇ ਭਾਰਤ ਦੀਆਂ ਕਈ ਦੇਵੀਆਂ ਵੀ ਸਿਰ ਮੁੰਨਾਉਣ ਲਗ ਪਈਆਂ ਹਨ ਤਾਂ ਇਹ ਫ਼ੈਸ਼ਨ ਵੀ ਦਿਨ ਬਦਿਨ ਵਧਣ ਲਗ ਪਿਆ ਹੈ, ਪਰ ਵਾਲ ਕੱਟੀ ਇਸਤ੍ਰੀ ਦੇ ਵਿਰੋਧੀ ਵੀ ਉਸ ਦੀ ਇਸ ਹਰਕਤ ਨੂੰ ਘ੍ਰਿਣਾ ਦੀ ਨਿਗਾਹ ਨਾਲ ਹੀ ਦੇਖਦੇ ਹਨ, ਤੇ ਜੇ ਇਸਤ੍ਰੀਆਂ ਵਿਚ ਵਾਲ ਕਟਾਉਣਾ ਆਮ ਪ੍ਰਚੱਲਤ ਹੋ ਜਾਵੇ ਤਾਂ ਇਹ ਹੀ ਬਦਸੂਰਤੀ ਖ਼ੂਬਸੂਰਤੀ ਵਿਚ ਬਦਲ ਜਾਵੇਗੀ ਜਿਹਾ ਕਿ ਹੌਲੀ ਹੌਲੀ ਹੋ ਰਿਹਾ ਹੈ ਅਤੇ ਯੋਰਪੀਨ ਇਸਤ੍ਰੀਆਂ ਵਿਚ ਆਮ ਹੈ।

ਸੋ ਖ਼ੂਬਸੂਰਤੀ ਤਾਂ ਵਖ ਵਖ ਮੁਲਕਾਂ ਦੇ ਰਸਮੋ ਰਿਵਾਜਾਂ ਨਾਲ ਸਬੰਧਤ ਹੈ। ਅਫਰੀਕਾ ਦੇ ਲੋਕ ਮੋਟੇ ਹੋਠਾਂ ਨੂੰ, ਚੀਨ ਵਾਸੀ ਛੋਟੇ ਪੈਰਾਂ ਨੂੰ ਅਤੇ ਨੈਪਾਲ ਦੇ ਗੋਰਖੇ ਲੋਕ ਮੋਟੇ ਨੱਕ ਨੂੰ ਖ਼ੂਬਸੂਰਤ ਕਹਿੰਦੇ ਹਨ, ਪਰ ਸਾਡੇ ਮੁਲਕ ਵਿਚ ਇਹ ਤਿੰਨੇ ਗਲਾਂ ਬਦਸੂਰਤੀ ਵਿਚ ਸ਼ਾਮਲ ਹਨ। ਸੋ ਸਾਫ਼ ਹੈ ਕਿ ਕੇਸ ਕਟਾਉਣ ਵਿਚ ਖ਼ੂਬਸੂਰਤੀ ਮੰਨਣੀ ਇਕ ਮਨੋਕਲਪਤ ਖਿਆਲ ਹੈ। ਖ਼ੂਬਸੂਰਤੀ ਤਾਂ ਕੇਸਾਂ ਕਰ ਕੇ ਹੀ ਵਧੇਰੇ ਹੋਂਦੀ ਹੈ, ਜਿਹਾ ਕਿ ਹਿੰਦੁਸਤਾਨ, ਅਰਬ, ਤੁਰਕਸਤਾਨ, ਈਰਾਨ, ਜਾਪਾਨ, ਮਿਸਰ ਅਤੇ ਹੋਰ ਮੁਲਕਾਂ ਦੇ ਕਵੀਆਂ ਨੇ ਕੇਸਾਂ ਵਿਚ ਖ਼ੂਬਸੂਰਤੀ ਮੰਨੀ ਹੈ ਅਤੇ ਅਜ ਵੀ ਜੋ ਕਵੀ ਕਵਿਤਾ ਲਿਖਦਾ ਹੈ ਉਹ ਵਾਲਾਂ ਦਾ ਜ਼ਿਕਰ ਖ਼ੂਬਸੂਰਤੀ ਦੇ ਪੱਖ ਵਿਚ ਹੀ ਕਰਦਾ ਹੈ ਸੋ ਖ਼ੂਬਸੂਰਤੀ ਕੇਸਾਂ ਕਰ ਕੇ ਹੀ ਵਧੇਰੇ ਹੈ ਕੇਸ ਕੱਟਣ ਨਾਲ ਨਹੀਂ।



(੪) ਪ੍ਰਸ਼ਨ—ਕੇਸ ਰਖਣ ਨਾਲ ਕੇਸਾਂ ਵਿਚ ਮੈਲ ਤੇ ਪੈਂਦੀਆਂ ਹਨ, ਇਸ ਲਈ ਕੇਸ ਨਹੀਂ ਰੱਖਣੇ ਚਾਹੀਦੇ।

ਉੱਤ੍ਰ—ਜੂਆਂ ਆਮ ਤੌਰ ਤੇ ਉਸ ਆਦਮੀ ਦੇ ਸਿਰ ਪੈਂਦੀਆਂ ਹਨ ਜੋ ਮੈਲਾ ਤੇ ਗੰਦਾ ਰਹਿੰਦਾ ਹੈ। ਕੇਸਾਂ ਨੂੰ ਸਮੇ ਧੋਣ, ਤੇਲ ਲਗਾਉਣ ਅਤੇ ਦੋਨੋਂ ਵੇਲੇ ਕੰਘਾ ਕਰਨ ਨਾਲ ਜੂਆਂ ਨਹੀਂ ਪੈਂਦੀਆਂ। ਜੂਆਂ ਕੇਸਾਂ ਕਰ ਕੇ ਨਹੀਂ ਕੁਚੀਲ ਕੇ ਪੈਂਦੀਆਂ ਹਨ, ਜੇ ਕਪੜੇ ਸਾਫ਼ ਨਾ ਰਖੇ ਜਾਣ, ਤਾਂ ਵਿਚ ਵੀ ਜੂਆਂ ਪੈ ਜਾਂਦੀਆਂ ਹਨ, ਕੀ ਇਸ ਦਾ ਇਲਾਜ ਕਿ ਕਪੜੇ ਹੀ ਨਾ ਪਹਿਨੇ ਜਾਣ।

ਦੂਜੀ ਗਲ ਇਹ ਹੈ ਕਿ ਜੂਆਂ ਵਾਲੇ ਇਤਰਾਜ਼ ਨੂੰ ਮੰ ਜਾਵੇ ਤਾਂ ਇਸਤ੍ਰੀ ਜ਼ਾਤੀ ਦਾ ਕੀ ਬਣੇਗਾ, ਕੀ ਅਜਿਹਾ ਕਰਨ ਵਾਲਿਆਂ ਨੇ ਕਦੀ ਆਪਣੀ ਮਾਤਾ, ਭੈਣ, ਇਸ ਸਿਰ ਤੋਂ ਜੂੰਆ ਕਿਰਦੀਆਂ ਵੇਖੀਆਂ ਹਨ ? ਜੇ ਹਨ ਤਾਂ ਪਹਿਲੇ ਉਨ੍ਹਾਂ ਦੇ ਬਚਾਅ ਦਾ ਪ੍ਰਬੰਧ ਕਰ ਕੇ ਫਿਰ ਇਤਰਾਜ਼ ਉਠਾਣਾ ਚਾਹੀਦਾ ਹੈ। ਸਾਡੀ ਜਾਚੇ ਤਾਂ ਮੈਲੇ, ਅਤੇ ਗੰਦੇ ਰਹਿਣ ਵਾਲੇ ਲੋਕਾਂ ਤੋਂ ਬਿਨਾਂ ਕਿਸੇ ਇਸਤ੍ਰੀ ਜ (ਕੇਸਾਧਾਰੀ) ਦੇ ਸਿਰ ਵਿਚ ਜੂੰਆਂ ਨਹੀਂ ਪੈ ਸਕਦੀਆਂ ਇਹ ਰਹਿਣ ਦੀ ਹਾਲਤ ਵਿਚ ਕੱਟੇ ਹੋਏ ਵਾਲਾਂ ਵਿਚ ਵੀ ਪੈ ਸ ਹਨ। ਅਜ ਕਲ੍ਹ ਦੇ ਅਗਾਂਹ ਵਧੇ ਅਤੇ ਸੱਭਤਾ ਦੇ ਜ਼ਮਾ ਅਜਿਹਾ ਸੁਆਲ ਕਰਨਾ ਹੀ ਸ਼ੋਭਾ ਜਨਕ ਨਹੀਂ।

(੫) ਪ੍ਰਸ਼ਨ—ਕੇਸ ਉਹ ਲੋਕ ਰਖਦੇ ਸਨ ਜੋ ਜੰਗਲ ਰਹਿੰਦੇ ਸਨ ਅਤੇ ਜਿਨ੍ਹਾਂ ਪਾਸ ਹਜਾਮਤ ਦਾ ਪ੍ਰਬੰਧ ਨ ਹੁੰਦਾ, ਜਾਂ ਜੁੱਧਾਂ ਜੰਗਾਂ ਵਿਚ ਜਿਨ੍ਹਾਂ ਨੂੰ ਵੇਹਲ ਨਹੀਂ ਸੀ ਕਿ ਅਜ ਕਲ੍ਹ ਕੇਸਾਂ ਦਾ ਰਖਣਾ ਜ਼ਰੂਰੀ ਨਹੀਂ।

ਉੱਤ੍ਰ—ਅਸੀਂ ਪਿਛੇ ਦਸ ਆਏ ਹਾਂ ਕਿ ਰਾਮ ਚੰਦਰ ਜੀ ਦੇ ਬਨਬਾਸ ਜਾਣ ਤੋਂ ਪਹਿਲੇ ਉਹਨਾਂ ਦੇ ਕੇਸ ਮੌਜੂਦ ਸਨ (ਜੋ ਰਾਮਾਇਣ ਤੋਂ ਸਾਬਤ ਹੈ) ਅਤੇ ਹੋਰ ਵੀ ਸਾਰੇ ਰਾਜੇ, ਮਹਾਰਾਜੇ, ਰਿਸ਼ੀ, ਮੁਨੀ ਅਤੇ ਅਵਤਾਰ ਘਰਾਂ ਵਿਚ ਰਹਿੰਦੇ ਹੋਏ ਕੇਸ ਰਖਦੇ ਸਨ। ਇਹ ਕਹਿਣਾ ਗ਼ਲਤ ਹੈ ਕਿ ਹਜਾਮਤ ਦਾ ਪ੍ਰਬੰਧ ਨਾ ਹੋਣ ਕਰ ਕੇ ਉਹ ਲੋਕ ਕੇਸ ਨਹੀਂ ਸਨ ਕੱਟਾ ਸਕਦੇ, ਅਜ ਕਲ੍ਹ ਸੌ ਫੀ ਸਦੀ ਆਦਮੀ ਆਪ ਹੀ ਆਪਣੀ ਹਜਾਮਤ ਕਰਦੇ ਹਨ ਅਤੇ ਜੇ ਦੇਸ਼ ਪ੍ਰਦੇਸ਼ ਜਾਣਾ ਪਵੇ ਤਾਂ ਹਜਾਮਤ ਦੇ ਸਾਮਾਨ ਦੀ ਡੱਬੀ ਨਾਲ ਹੀ ਰਖ ਲੈਂਦੇ ਹਨ। ਕੀ ਉਹ ਲੋਕ ਆਪ ਹਜਾਮਤ ਨਹੀਂ ਸਨ ਕਰ ਸਕਦੇ ? ਕੀ ਜੇ ਉਹਨਾਂ ਕੋਲ ਅਜ ਕਲ ਵਰਗੇ ਔਜ਼ਾਰ ਨਹੀਂ ਸਨ ਤਾਂ ਕੈਂਚੀਆਂ ਵੀ ਨਹੀਂ ਸਨ ? ਕੀ ਜੰਗਾਂ ਜੁੱਧਾਂ ਵੇਲੇ ਮਹੀਨਾ ਮਹੀਨਾ ਪਲ ਭਰ ਵੀ ਉਹ ਆਰਾਮ ਨਹੀਂ ਸੀ ਕਰਦੇ ? ਕੀ ਅਜ ਕਲ੍ਹ ਲੜਨ ਵਾਲੇ ਸਿਪਾਹੀ ਹਜਾਮਤ ਨਹੀਂ ਕਰਾਂਦੇ, ਸੋ ਅਜਿਹੇ ਸਵਾਲ ਤਾਂ 'ਮਨ ਹਰਾਮੀ ਹੁਜਤਾਂ ਢੇਰ' ਵਾਲੀ ਕਹਾਵਤ ਵਿਚ ਹੀ ਕੀਤਾ ਗਿਆ ਹੈ ਅਤੇ ਵੇਹਲ ਨਾ ਮਿਲਣ ਵਾਲਾ ਵੀ ਮਨ ਘੜਤ ਬਹਾਨਾ ਹੀ ਹੈ।

(੬) ਪ੍ਰਸ਼ਨ—ਕੇਸ ਰੱਖਣ ਨਾਲ ਇਨ੍ਹਾਂ ਦੇ ਧੋਣ ਆਦਿ ਦਾ ਵਾਧੂ ਖਰਚ ਪੈਂਦਾ ਹੈ ਅਤੇ ਧੋਣ ਤੇ ਸਮਾਂ ਵੀ ਜ਼ਿਆਦਾ ਲਗਦਾ ਹੈ, ਇਸ ਲਈ ਕੇਸ ਨਹੀਂ ਰਖਣੇ ਚਾਹੀਦੇ।

ਉੱਤ੍ਰ—ਇਹ ਤਾਂ ਉਸ ਸ਼ਰਾਬੀਏ ਵਾਲੀ ਗੱਲ ਹੈ ਜੋ ਇਕ ਸਾਊ ਅਥਵਾ ਸੰਜਮੀ ਬੰਦੇ ਨਾਲ ਬਹਿਸ ਕਰ ਰਿਹਾ ਸੀ ਕਿ ਤੂੰ ਫ਼ਜ਼ੂਲ ਖਰਚੀ ਕਰਦਾ ਹੈਂ, ਭਲਾ ਸ਼ਰਾਬ ਤਾਂ ਜ਼ਰੂਰੀ ਚੀਜ਼ ਹੈ ਤੇ ਇਕ ਤਰ੍ਹਾਂ ਦਾ ਅਮਲ ਹੈ, ਜਿਸ ਬਿਨਾਂ ਬੰਦਾ ਰਹਿ ਨਹੀਂ ਸਕਦਾ, ਪਰ ਇਹ ਹਰ ਅੱਠੀਂ ਦਿਨੀਂ ਚੁਆਨੀ ਦਾ ਸਾਬਣ ਕਪੜੇ ਧੋਣ ਤੇ
ਖਰਚਣ ਦੀ ਕੀ ਲੋੜ ਹੈ, ਇਸ ਫਜ਼ੂਲ ਖਰਚੀ ਨਾਲੋਂ ਕਪੜੇ
ਲਾਹ ਸੁਟਣੇ ਚਾਹੀਦੇ ਹਨ, 'ਨਾ ਰਹੇ ਬਾਂਸ ਤੇ ਨਾ ਵੱਜੇ ਬਾਂਸਰ
ਕੀ ਤੁਸੀਂ ਉਸ ਦੀ ਦਲੀਲ ਨੂੰ ਠੀਕ ਮੰਨੋਗੇ ? ਇਸ ਵਿਚ
ਬਹੁਤੀ ਬਹਿਸ ਵਾਲੀ ਗਲ ਹੀ ਕੋਈ ਨਹੀਂ, ਹਰ ਰੋਜ਼ ਹਜਾ
ਦਾ ਖਰਚ ਤੇ ਅਠੀਂ ਦਿਨੀ ਪਾ ਦਹੀਂ ਦੇ ਖਰਚ ਦਾ ਮੁਕਾ
ਕਰਨ ਨਾਲ ਆਪੇ ਜਵਾਬ ਮਿਲ ਜਾਂਦਾ ਹੈ ਅਤੇ ਹਜਾਮਤ ਕਰ
ਵੀ ਫਿਰ ਦਹੀਂ ਸਾਬਣ ਨਾਲ ਕੇਸ ਧੋਣ ਵਾਲੇ ਆਦਮੀਆਂ
ਖਰਚ ਦਾ ਹਿਸਾਬ ਲਾਇਆ ਤਾਂ ਦਾੜ੍ਹੀ ਨਾਲੋਂ ਪੁੱਛਾਂ ਲੰਬੀਆਂ
ਜਾਂਦੀਆਂ ਹਨ।

ਬਾਕੀ ਰਿਹਾ ਵਕਤ ਦਾ ਸਵਾਲ ਇਸ ਗਲ ਦਾ ਫੈ
ਅਸੀਂ ਸ਼ੰਕਾ-ਵਾਦੀਆ ਤੇ ਹੀ ਛਡਦੇ ਹਾਂ, ਇਕ ਕੇਸਾਧਾਰੀ
ਧੋਣ ਲਸੀ ਨਲਕੇ ਹੇਠਾਂ ਵੜ ਜਾਵੇ ਅਤੇ ਇਕ ਹਜਾਮਤ ਕਰਾ
ਵਾਲਾ ਆਪਣਾ ਮੂੰਹ ਸਿਰ ਨਾਈ ਦੇ ਹਵਾਲੇ ਕਰ ਦੇਵੇ, ਜੇ ਨ
ਤੋਂ ਹਜਾਮਤੀ ਦਾ ਪਹਿਲੇ ਛੁਟਕਾਰਾ ਹੋ ਗਿਆ ਤਾਂ ਕਹਿਣਾ।

(੭)ਪ੍ਰਸ਼ਨ—ਬਹੁਤੇ ਲੋਕ ਕੇਸ ਕਟਾਉਣ ਦੇ ਹੱਕ ਵਿਚ
ਕੇਸਾਧਾਰੀਆਂ ਦੀ ਗਿਣਤੀ ਘੱਟ ਹੈ, ਇਸ ਲਈ ਕੇਸ ਕਟਾਏ
ਠੀਕ ਹਨ ਕਿਉਂਕਿ ਬਹੁਮਤ ਇਸ ਗਲ ਦੀ ਪੁਸ਼ਟੀ ਕਰਦਾ ਹੈ–

ਉਤਰ—ਦੁਨੀਆਂ ਵਿਚ ਹਰ ਚੀਜ਼ ਦੇ ਲਾਭ ਅਥਵਾ
ਦਾ ਅੰਦਾਜ਼ਾ ਇਸੇ ਗਲ ਤੋਂ ਠੀਕ ਤਰ੍ਹਾਂ ਨਹੀਂ ਲਾਇਆ ਜਾ ਸ
ਕਿ ਬਹੁਤੇ ਲੋਕਾਂ ਦੀ ਰਾਇ ਕਿਸ ਪਾਸੇ ਹੈ। ਦੁਨੀਆਂ ਭਰ ਦੇ ਧਾ
ਗ੍ਰੰਥਾਂ ਦੀ ਰਾਇ ਹੈ ਕਿ ਹਰ ਮਨੁੱਖ ਨੂੰ ਦੁਨਿਆਵੀ ਝੰਝਟਾਂ ਤੋਂ
ਉਠ ਕੇ ਈਸ਼ਵਰ ਦੀ ਭਗਤੀ ਕਰਨੀ ਚਾਹੀਦੀ ਹੈ, ਪਰ ਭਗਤੀ ਕ
ਵਾਲੇ ਸਾਰੀ ਦੁਨੀਆਂ ਵਿਚ ਵਿਰਲੇ ਹੀ ਬੰਦੇ ਹਨ, ਕੀ ਇਸ ਤੋਂ
ਭਾਵ ਲੈਣਾ ਚਾਹੀਦਾ ਹੈ ਕਿ ਆਮ ਲੋਕ ਭਗਤੀ ਨਹੀਂ ਕਰਦੇ,
ਲਈ ਭਗਤੀ ਨਾ ਕਰਨਾ ਹੀ ਠੀਕ ਹੈ ? ਹਰਗਿਜ਼ ਨਹੀਂ।

ਇਹ ਗੱਲ ਕਿਸੇ ਤੋਂ ਲੁਕੀ ਛਿਪੀ ਨਹੀਂ ਕਿ ਹਰ ਸਚਾਈ ਸੰਸਾਰ ਵਿਚ ਟਾਂਵੇਂ ਟਾਂਵੇਂ ਦਿਸਦੀ ਅਤੇ ਹਰ ਕੀਮਤੀ ਚੀਜ਼ ਘਟ ਹੁੰਦੀ ਹੈ, ਮਿੱਟੀ ਤੇ ਸੋਨੇ ਦੀ ਕੀ ਬਰਾਬਰੀ ਹੈ, ਪਰ ਦੁਨੀਆਂ ਜਾਣਦੀ ਹੈ ਕਿ ਇਕ ਰੱਤੀ ਸੋਨੇ ਨਾਲ ਮਣਾਂ ਮੂੰਹੀਂ ਮਿੱਟੀ ਖ਼ਰੀਦੀ ਜਾ ਸਕਦੀ ਹੈ। ਜੰਗਲ ਵਿਚ ਹਜ਼ਾਰਾਂ ਹੋਰ ਜਾਨਵਰ ਹੁੰਦੇ ਹਨ, ਪਰ ਸ਼ੇਰਾਂ ਦੀ ਗਿਣਤੀ ਹਮੇਸ਼ਾਂ ਘਟ ਹੁੰਦੀ ਹੈ। ਸੈਂਕੜੇ ਕਬੂਤਰ ਇਕੋ ਜਾਲ ਵਿਚ ਫਸਾਏ ਜਾ ਸਕਦੇ ਹਨ, ਪਰ ਸ਼ੇਰਾਂ ਨੂੰ ਪਿੰਜਰੇ ਡੱਕਣ ਲਗਿਆਂ ਮੁੱਲ ਪੈ ਜਾਂਦਾ ਹੈ। ਦੁਨੀਆਂ ਭਰ ਦੇ ਬੜੇ ਬੜੇ ਨੀਤੀਵਾਨਾਂ ਅਥਵਾ ਸਾਇੰਸਦਾਨਾਂ ਦੀ ਗਿਣਤੀ ਆਮ ਪੇਂਡੂ ਜਾਂ ਅਨਪੜ੍ਹ ਜਨਤਾ ਨਾਲੋਂ ਲੱਖ ਪ੍ਰਤੀ ਇਕ ਵੀ ਸ਼ਾਇਦ ਨਾ ਹੋਵੇ, ਪਰ ਜੇ ਬਹੁਗਿਣਤੀ ਦੇ ਖ਼ਿਆਲ ਨਾਲ ਰਾਜ ਪਰਬੰਧ ਦੀ ਵਾਗ ਡੋਰ 'ਘਟ ਗਿਣਤੀ ਦੇ ਦੋਸ਼ ਵਿਚੋਂ ਨੀਤੀਵਾਨਾਂ ਤੋਂ ਖੋਹ ਕੇ ਬਹੁਗਿਣਤੀ ਦੇ ਪੇਂਡੂਆਂ ਨੂੰ ਸੌਂਪੀ ਜਾਵੇ ਤਾਂ ਚੰਦ ਦਿਨਾਂ ਵਿਚ ਹੀ ਆਪਣੇ ਆਪ ਇਸ ਗੱਲ ਦਾ ਨਿਤਾਰਾ ਹੋ ਸਕਦਾ ਹੈ ਕਿ ਘਟ ਗਿਣਤੀ ਵਾਲਿਆਂ ਦੀ ਪ੍ਰਬੰਧ ਨੀਤੀ ਠੀਕ ਸੀ ਜਾਂ ਬਹੁਗਿਣਤੀ ਵਾਲਿਆਂ ਦੀ।

ਸੋ ਘਟ ਗਿਣਤੀ ਤੇ ਬਹੁਗਿਣਤੀ ਦਾ ਕੇਸਾਂ ਬਾਰੇ ਸਵਾਲ ਤਾਂ ਬਿਲਕੁਲ ਹੀ ਬੇਬੁਨਿਆਦ ਹੈ, ਤੇ ਜੇ ਉਕਤ ਸੁਆਲੀ ਫਿਰ ਵੀ ਹੱਠ ਕਰੇ ਕਿ ਨਹੀਂ ਬਹੁਗਿਣਤੀ ਦਾ ਫੈਸਲਾ ਹੀ ਠੀਕ ਹੈ ਤਾਂ ਅਸੀਂ ਫਿਰ ਵੀ ਉਸ ਨੂੰ ਕੇਸਾ ਧਾਰੀਆਂ ਦੀ ਗਿਣਤੀ ਜ਼ਿਆਦਾ ਸਾਬਤ ਕਰ ਕੇ ਦਸ ਸਕਦੇ ਹਾਂ, ਕਿਉਂਕਿ ਸੰਸਾਰ ਭਰ ਵਿਚ ਇਸਤ੍ਰੀਆਂ ਦੀ ਸੰਖਿਆ ਮਨੁੱਖਾਂ ਨਾਲੋਂ ਕਿਤੇ ਵਧੇਰੇ ਹੈ ਅਤੇ ਕੇਸਾਧਾਰੀ ਲੋਕ ਹੋਰ ਵੀ ਇਸ ਗਿਣਤੀ ਨੂੰ ਵਧਾਂਦੇ ਹਨ ਇਸ ਤਰ੍ਹਾਂ ਇਹ ਗਿਣਤੀ ਕ੍ਰੋੜਾਂ ਤਕ ਪੁਜ ਜਾਵੇਗੀ। ਜੇ ਅਜੇ ਵੀ ਬਹੁਗਿਣਤੀ ਤੇ ਜ਼ੋਰ ਦੇਣਾ ਹੈ, ਤਾਂ ਇਸ ਦਾ ਆਖ਼ਰੀ ਉੱਤਰ ਹੈ ਕਿ ਲੋਕ ਰਾਜ ਵਿਚ ਬਹੁਗਿਣਤੀ ਜਿਸ ਕਾਨੂੰਨ ਦੇ ਵਿਰੁਧ ਹੋਵੇ, ਉਸ ਨੂੰ ਸਰਕਾਰ ਬਦਲ ਦੇਂਦੀ ਹੈ, ਪਰ ਕੇਸਾਂ ਦੇ ਵਿਰੁਧ ਕ੍ਰੋੜਾਂ ਲੋਕਾਂ ਦੀ ਰਾਇ ਹੋਣ ਦੇ ਬਾਵਜੂਦ ਭੀ ਕੁਦ
ਅਜ ਤਕ ਇਸ ਕਾਨੂੰਨ ਨੂੰ ਨਹੀਂ ਬਦਲਿਆ, ਅਰਥਾਤ ਹਰ
ਕੇਸਾਂ ਸਹਿਤ ਹੀ ਪੈਦਾ ਹੋ ਰਿਹਾ ਹੈ ਅਤੇ ਕੱਟਣ ਵਾਲਿਆਂ
ਨਾਲ ਦੇ ਨਾਲ ਉਗਦੇ ਰਹਿੰਦੇ ਹਨ।

(ਦ) ਪ੍ਰਸ਼ਨ—ਜੇ ਸਾਬਤ ਸੂਰਤ ਦੇ ਸਵਾਲ ਤੋਂ ਕੇਸ
ਪਾਪ ਹੈ ਤਾਂ ਨਹੁੰ ਕਿਉਂ ਕਟੇ ਜਾਂਦੇ ਹਨ?

ਉੱਤਰ—ਇਹ ਹੁੱਜਤ ਆਸਾਨ ਹੋਣ ਕਰ ਕੇ ਹਰ
ਮੂੰਹ ਚੜ੍ਹੀ ਹੋਈ ਹੈ, ਜਿਸ ਦਾ ਉੱਤਰ ਅਸੀਂ ਵੇਰਵੇ ਸਹਿਤ
ਯਤਨ ਕਰਾਂਗੇ।

(ੳ) ਜਿਸ ਤਰ੍ਹਾਂ ਕੇਸਾਂ ਵਿਚ ਜਾਨ ਜਾਂ ਬਿਜਲੀ ਹੈ
ਤਰ੍ਹਾਂ ਨਹੁੰਆਂ ਵਿਚ ਨਹੀਂ। ਥੋੜੇ ਕੇਸ ਅੱਗ ਵਿਚ ਪਾ
ਉਹਨਾਂ ਵਿਚ ਖ਼ੂਨ ਉਬਾਲੇ ਖਾਂਦਾ ਦਿਸੇਗਾ, ਪਰ ਇਹ ਗੱਲ
ਵਿਚ ਨਹੀਂ। ਜਿਵੇਂ ਕੁਦਰਤੀ ਟੁੱਟੇ ਉਖੜੇ ਕੇਸ ਕੰਘੇ ਨਾ
ਕੀਤੇ ਜਾਂਦੇ ਹਨ, ਇਸੇ ਤਰ੍ਹਾਂ ਜੋ ਨਹੁੰ ਮੁਰਦਾ ਹੋ ਜਾਂਦੇ ਹਨ
ਨਹੁੰਆਂ ਦੇ ਜਿਸ ਹਿੱਸੇ ਵਿਚ ਖ਼ੂਨ ਨਹੀਂ ਰਹਿੰਦਾ ਉ
ਜਾਂਦੇ ਹਨ ਜੋ ਨਹੁੰ ਮਾਸ ਤੇ ਖ਼ੂਨ ਨਾਲ ਜੁੜਿਆ ਰਹਿੰਦਾ
ਉਸ ਨੂੰ ਕੋਈ ਕੱਟਦਾ ਹੈ ਤੇ ਨਾ ਹੀ ਉਹ ਕੱਟਿਆ ਜਾ ਸਕ
ਨਹੁੰਆਂ ਦੇ ਦੋ ਹਿਸੇ ਹਨ, ਇਕ ਜਾਨ ਵਾਲਾ ਤੇ ਇਕ ਬੇਜ
ਇਸ ਤਰ੍ਹਾਂ ਕੇਸਾਂ ਦੇ ਦੋ ਹਿਸੇ ਨਹੀਂ। ਜਿਸ ਕਰਕੇ ਨਹੁੰਆਂ
ਦਾ ਕੋਈ ਮੁਕਾਬਲਾ ਨਹੀਂ।

(ਅ) ਕੇਸਾਂ ਦੇ ਰੱਖਣ ਲਈ ਬੇਅੰਤ ਹੀ ਧਰਮ ਗ੍ਰੰ
ਹਵਾਲੇ ਮਿਲਦੇ ਹਨ, ਪਰ ਨਹੁੰ ਰੱਖਣ ਲਈ ਇਕ ਵੀ ਪ੍ਰਮ
ਮਿਲਦਾ। ਜਿੰਨੇ ਪੁਰਾਤਨ ਰਿਸ਼ੀ, ਅਵਤਾਰ ਅਥਵਾ ਰਾਜੇ
ਹੋਏ ਹਨ, ਉਨ੍ਹਾਂ ਦੀਆਂ ਤਸਵੀਰਾਂ ਵਿਚ ਕੇਸ ਤਾਂ ਮੌਜੂਦ ਹ

ਕੇਸਾਂ ਦਾ ਕੱਟਣਾ ਮੌਤ ਦੇ ਬਰਾਬਰ ਦੀ ਸਜ਼ਾ ਮੰਨੀ ਜਾਂਦੀ ਰਹੀ ਹੈ. ਪਰ ਲੰਬੇ ਲੰਬੇ ਨਹੁੰ ਨਹੀਂ। ਨਾ ਹੀ ਕੇਸਾਂ ਵਾਂਗ ਨਹੁੰਆਂ ਨੂੰ ਪਵਿੱਤਰ ਵਸਤੂ ਮੰਨਿਆਂ ਗਿਆ ਹੈ। ਅਤੇ ਨਾ ਹੀ ਮੌਤ ਦੀ ਸਜ਼ਾ ਦੇ ਬਦਲੇ ਨਹੁੰ ਕੱਟੇ ਜਾਂਦੇ ਰਹੇ ਹਨ।

(ੲ) ਨਹੁੰ ਕੁਦਰਤ ਨੇ ਇਸ ਲਈ ਮਨੁੱਖ ਨੂੰ ਦਿਤੇ ਹਨ ਕਿ ਇਹ ਹੱਥਾਂ ਰਾਹੀਂ ਆਸਾਨੀ ਨਾਲ ਹਰ ਕੰਮ ਕਰ ਸਕੇ, ਜੇ ਨਹੁੰ ਨਾ ਹੋਣ ਤਾਂ ਮਨੁੱਖ ਦੇ ਹੱਥਾਂ ਚੋਂ ਕੋਈ ਕਰੜਾ ਕੰਮ ਕਰਨ ਨਾਲ ਖ਼ੂਨ ਜਾਰੀ ਹੋ ਸਕਦਾ ਹੈ ਅਤੇ ਕੋਈ ਕਿਰਿਆ ਵੀ ਨਹੀਂ ਸੋਰ ਸਕਦੀ।

(ਸ) ਨਹੁੰ ਜਿਥੇ ਮੁਰਦਾ ਹਿੱਸੇ ਦੇ ਕੱਟੇ ਜਾਣ ਤੇ ਕੰਮ ਕਾਜ ਵਿਜ ਸਹਾਈ ਹੁੰਦੇ ਹਨ, ਉਥੇ ਨਾ ਕੱਟਣ ਨਾਲ ਹਰ ਕੰਮ ਵਿਚ ਰੋਕ ਸਾਬਤ ਹੁੰਦੇ ਹਨ ਅਤੇ ਮਨੁੱਖ ਇਕ ਤਰ੍ਹਾਂ ਮੁਸੀਬਤ ਵਿਚ ਫਸ ਜਾਂਦਾ ਹੈ।

(ਹ) ਵਾਸਤਵ ਵਿਚ ਨਹੁੰ ਉਸ ਸਮੇਂ ਤੋਂ ਹੀ ਵਧਣੇ ਸ਼ੁਰੂ ਹੋਏ ਹਨ ਜਦ ਤੋਂ ਲੋਕਾਂ ਨੇ ਹੱਥੀਂ ਕਿਰਤ ਕੰਮ ਕਰਨਾ ਛਡਿਆ ਹੈ, ਪੁਰਾਣੇ ਜ਼ਮਾਨੇ ਵਾਂਗ ਜੇ ਹਰ ਆਦਮੀ ਹੱਥੀਂ ਕੰਮ ਕਰੇ ਤਾਂ ਨਹੁੰ ਕਦੇ ਨਹੀਂ ਵਧ ਸਕਦੇ। ਤੁਸੀਂ ਉਨ੍ਹਾਂ ਇਸਤ੍ਰੀਆਂ ਦੇ ਨਹੁੰਆਂ ਤੋਂ ਇਸ ਗੱਲ ਦਾ ਪਤਾ ਲਾ ਸਕਦੇ ਹੋ ਜੋ ਘਰ ਦਾ ਬਰਤਨ ਆਦਿ ਸਾਫ਼ ਕਰਨ ਦਾ ਕੰਮ ਹੱਥੀਂ ਕਰਦੀਆਂ ਹਨ, ਉਹਨਾਂ ਨੂੰ ਨਹੁੰ ਕੱਟਣ ਦੀ ਬਹੁਤ ਘਟ ਲੋੜ ਪੈਂਦੀ ਹੈ, ਕਿਉਂਕਿ ਕੰਮ ਕਾਜ ਨਾਲ ਨਹੁੰਆਂ ਦਾ ਮੁਰਦਾ ਹਿੱਸਾ ਆਪਣੇ ਆਪ ਘਸਦਾ ਰਹਿੰਦਾ ਹੈ ਅਤੇ ਮਾਸ ਦਾ ਬਚਾਉ ਰਹਿੰਦਾ ਹੈ।

(ਕ) ਗੁਰੂ ਗੋਬਿੰਦ ਸਿੰਘ ਜੀ ਨੇ ਕੇਸ ਰੱਖਣ ਨੂੰ ਧਾਰਮਕ ਅਸੂਲ ਅਤੇ ਕੱਟਣ ਨੂੰ ਕੁਰਹਿਤ (ਧਰਮ ਤੋਂ ਪਤਿਤ ਹੋਣਾ) ਦਸਿਆ ਹੈ, ਪਰ ਇਹ ਹੁਕਮ ਉਨ੍ਹਾਂ ਦਾ ਨਹੁੰਆਂ ਬਾਰੇ ਨਹੀਂ, ਇਸ ਲਈ ਸਿੱਖ ਨਹੁੰਆਂ ਤੇ ਕੇਸਾਂ ਦੇ ਸਵਾਲ ਨੂੰ ਇਕੋ ਜਿਹਾ ਨਹੀਂ ਮੰਨਦੇ ਅਤੇ ਹੁਕਮ ਵੀ ਹੈ।

'ਰੋਮ ਸਰੀਰ ਤੇ ਕਹੂੰ ਨ ਛੇਦੇ ਔਰ ਨਖ ਕਾਟੈ। ਕਿਉ
ਭੋਜਨ ਮੈ ਮੈਲ ਨ ਪੜੈ।

(ਕਲਗੀਧਰ ਕ੍ਰਿਤ ਸੁਧਰਮ ਮਾਰਗ ਪੰਨਾ ੧੨੩।)

(ਖ) ਕੇਸ ਚੇਹਰੇ ਦੀ ਸੁੰਦਰਤਾ ਜਾਹੁ ਜਲਾਲ ਅ
ਸੂਰਬੀਰਤਾ ਦਾ ਚਿੰਨ੍ਹ ਹਨ, ਪਰ ਨਹੁੰਆਂ ਵਿਚ ਇਸ ਤਰ੍ਹਾਂ ਦਾ
ਵੀ ਗੁਣ ਨਹੀਂ।

(ਗ) ਕੇਸਾਂ ਦੇ ਰੱਖਣ ਬਾਰੇ ਗੁਰਬਾਣੀ, ਰਹਿਤਨਾਮੇ,
ਇਤਿਹਾਸ ਅਤੇ ਪੁਰਾਤਨ ਪੁਰਸ਼ਾਂ ਦੇ ਆਪਣੇ ਸਰੂਪ ਤੋਂ ਬੇਅੰ
ਸਬੂਤ ਮਿਲਦੇ ਹਨ, ਪਰ ਨਹੁੰਆਂ ਬਾਰੇ ਕਿਧਰੇ ਕੋਈ
ਜਾਂ ਸਬੂਤ ਨਹੀਂ।

(ਘ) ਜਿਵੇਂ ਕੇਸ ਆਪਣੇ ਆਪ ਉਖੜਦੇ ਰਹਿੰਦੇ ਹਨ,
ਤਰ੍ਹਾਂ ਜੇ ਨਹੁੰ ਨਾ ਵੀ ਕੱਟੇ ਜਾਣ ਤਾਂ ਵੀ ਆਪਣੇ ਆਪ ਕੰਮ
ਕਰਦਿਆਂ ਟੁੱਟ ਜਾਂਦੇ ਹਨ, ਪਰ ਉਸ ਤਰ੍ਹਾਂ ਟੁੱਟੇ ਹੋਏ, ਹੱ
ਤਕਲੀਫ਼ ਦੇਂਦੇ ਹਨ ਇਸੇ ਲਈ ਕੰਘੇ ਨਾਲ ਕੇਸਾਂ ਦੀ ਸਫ਼ਾ
ਤਰ੍ਹਾਂ ਨਾਖ਼ੁਨ (ਜਿਨ੍ਹਾਂ ਵਿਚ ਖ਼ੂਨ ਨਹੀਂ ਰਹਿੰਦਾ ਮੁਰਦਾ ਹੋ
ਹਨ, ਉਨ੍ਹਾਂ) ਨੂੰ ਕੱਟ ਦਿਤਾ ਜਾਂਦਾ ਹੈ। ਜੋ ਕੇਸਾਂ ਦੇ ਕੱਟੇ ਜਾਣ
ਬੁਰਾਈ ਵਿਚ ਸ਼ਾਮਲ ਨਹੀਂ ਤੇ ਨਾ ਹੀ ਨਹੁੰਆਂ ਨੂੰ ਕੇਸ
ਸਮਾਨਤਾ ਦਿਤੀ ਜਾ ਸਕਦੀ ਹੈ। ਇਸ ਲਈ ਨਹੁੰਆਂ ਦੀ ਹੁੱਜਤ
ਅੜੁੰਗਣੀ ਹੈ, ਇਸ ਤਰ੍ਹਾਂ ਤਾਂ ਇਸ ਗੱਲ ਤੇ ਵੀ ਇਤਰਾਜ਼ ਹੋ
ਹੈ ਕਿ ਸਰੀਰ ਦੀ ਮੈਲ ਕਿਉਂ ਉਤਾਰਦੇ ਹੋ? ਟੱਟੀ ਪਿਸ਼ਾਬ
ਫਿਰਦੇ ਹੋ? ਸੋ ਇਹ ਬੇਸਮਝ ਲੋਕਾਂ ਦੀਆਂ ਕੇਵਲ ਹੁੱਜਤਾਂ
ਜੇ ਉਨ੍ਹਾਂ ਹੁਣ ਵੀ ਇਹ ਸਵਾਲ ਕਰਨਾ ਹੈ ਤਾਂ ਉਹ ਆਪਣੇ ਬ
ਤੇ ਕਰਨ ਜੋ ਕੇਸ ਰਖਦੇ ਅਤੇ ਨਹੁੰ ਕਟਾ ਦੇਂਦੇ ਸਨ, ਨਹੁੰਅ
ਕਟਾਣਾ ਤਾਂ ਇਵੇਂ ਹੀ ਹੈ ਜਿਵੇਂ ਕੇਸਾਂ ਨੂੰ ਕੰਘਾ ਕਰਨਾ।

(੯) ਪ੍ਰਸ਼ਨ—ਜੇ ਕਿਸੇ ਨਾਲ ਝਗੜਾ ਹੋ ਜਾਵੇ ਜਾਂ ਕਿਸੇ ਕਾਰਨ ਲੜਾਈ ਕਰਨੀ ਪਏ ਤਾਂ ਕੇਸ ਖੁਲ੍ਹ ਜਾਂਦੇ ਹਨ ਜਿਸ ਕਰਕੇ ਬੜੀ ਔਕੜ ਪੇਸ਼ ਆਉਂਦੀ ਹੈ ਅਤੇ ਵਿਰੋਧੀ ਕੇਸਾਂ ਜਾਂ ਦਾੜ੍ਹੀ ਨੂੰ ਹੱਥ ਪਾ ਲੈਂਦਾ ਹੈ। ਇਸ ਲਈ ਦਾੜ੍ਹੀ ਕੇਸ ਨਹੀਂ ਰਖਣੇ ਚਾਹੀਦੇ।

ਉੱਤਰ—ਅਜਿਹਾ ਸੋਚਣਾ ਹੀ ਮਨ ਨੂੰ ਲੜਾਈਆਂ ਅਤੇ ਬਿਖਾਧੀ ਵਿਚ ਰੁਝਾਈ ਰਖਣਾ ਹੈ, ਜੋ ਮਨੁੱਖੀ ਆਦਰਸ਼ਾਂ ਦੇ ਵਿਰੁਧ ਹੈ, ਪਰ ਚਲੋ ਮੰਨ ਲੈਂਦੇ ਹਾਂ ਕਿ ਲੜਾਈ ਕਦੇ ਨਾ ਕਦੇ ਕਿਸੇ ਨਾਲ ਕਰਨੀ ਪੈਂਦੀ ਹੈ, ਪਰ ਜੇ ਉਸ ਸਮੇਂ ਕੇਸ ਲੜਨ ਵਿਚ ਰੁਕਾਵਟ ਪਾਂਦੇ ਹਨ ਤਾਂ ਕੀ ਭਾਰਾ ਢਿੱਡ ਰੋਕ ਨਹੀਂ ਪਾਂਦਾ? ਕੀ ਫਿਰ ਢਿੱਡ ਨੂੰ ਤੇ ਸਰੀਰ ਦੇ ਕਈਆਂ ਅੰਗਾਂ ਨੂੰ ਵੀ ਕਟਾ ਦੇਣਾ ਚਾਹੀਦਾ ਹੈ? ਜਿਸ ਤਰ੍ਹਾਂ ਮਾਰ ਉਹ ਖਾਂਦਾ ਹੈ ਜੋ ਢਿੱਲੜ, ਕਮ-ਜ਼ੋਰ ਜਾਂ ਬੁਜ਼ਦਿਲ ਹੋਵੇ। ਇਸੇ ਤਰ੍ਹਾਂ ਕੇਸ ਵੀ ਉਸ ਦੇ ਖੁਲ੍ਹਦੇ ਹਨ ਅਤੇ ਉਸੇ ਦੇ ਦਾੜ੍ਹੇ ਨੂੰ ਹੱਥ ਪਾਇਆ ਜਾ ਸਕਦਾ ਹੈ, ਜੋ ਮਰੀਅਲ ਅਤੇ ਕਮਜ਼ੋਰ ਹੋਵੇ। ਜੇ ਉਹ ਦਾੜ੍ਹੀ ਕੇਸ ਕਟਾ ਵੀ ਦੇਵੇ ਤਾਂ ਵੀ ਵਿਰੋਧੀ ਉਸ ਤੇ ਭਾਰੂ ਹੋ ਜਾਵੇਗਾ ਅਤੇ ਸਿਖ ਇਤਿਹਾਸ ਤਾਂ ਖਾਸ ਤੌਰ ਤੇ ਗਵਾਹ ਹੈ ਕਿ ਹਜ਼ਾਰਾਂ ਕੇਸਹੀਨਾਂ ਦੀ ਇਕ ਇਕ ਕੇਸਾਧਾਰੀ ਰਖਿਆ ਕਰਦਾ ਰਿਹਾ ਹੈ। ਇਸ ਲਈ ਲੜਾਈ ਦਾ ਬਹਾਨਾ ਵੀ ਕੇਸਾਂ ਲਈ ਫਜ਼ੂਲ ਹੈ। ਬਹਾ-ਦਰ ਕੇਸਾਧਾਰੀ ਦੇ ਕੇਸਾਂ ਜਾਂ ਦਾਹੜੇ ਵਿਚ ਹਥ ਪਾਉਣ ਦਾ ਕਿਸੇ ਨੂੰ ਹੀਆ ਨਹੀਂ ਪੈ ਸਕਦਾ ਤੇ ਨਾ ਹੀ ਉਹ ਕੇਸ ਇਸ ਤਰ੍ਹਾਂ ਰਖਦਾ ਹੈ ਕਿ ਝਟ ਖੁਲ੍ਹ ਜਾਣ। ਅਰਜਨ ਅਤੇ ਭੀਮ ਵਰਗੇ ਜੋਧੇ ਕੇਸਾਧਾਰੀ ਹੀ ਸਨ। ਦਸਮ ਪਿਤਾ ਦੇ ਬਿਅੰਤ ਸੂਰਬੀਰ ਸਿਖਾਂ ਨੇ ਇਸ ਧਰਤੀ ਤੋਂ ਜ਼ਾਲਮਾਂ ਦਾ ਖੁਰਾ ਖੋਜ ਮਿਟਾਇਆ ਹੈ, ਪਰ ਕਿਸੇ ਨੂੰ ਵੀ ਕਦੇ ਅਜਿਹੇ ਸਮੇਂ ਕੇਸ ਰੁਕਾਵਟ ਸਾਬਤ ਨਹੀਂ ਹੋਏ।

(੧੦) ਪ੍ਰਸ਼ਨ—ਵਰਤਮਾਨ ਯੁਗ ਵਿਚ ਕੇਸ ਸ਼
ਨਹੀਂ, ਆਮ ਪੜ੍ਹੇ ਲਿਖੇ ਲੋਕਾਂ ਵਿਚ ਵੀ (ਜੋ ਕੇਸ ਨਹੀਂ
ਬੈਠਾ ਕੇਸਾਂ ਵਾਲਾ ਮਨੁੱਖ ਚੰਗਾ ਨਹੀਂ ਲਗਦਾ ਤੇ ਜੇ ਦੂਜੇ
ਵਿਚ ਜਾਣਾ ਪਏ ਤਾਂ ਉਥੋਂ ਦੀ ਜਨਤਾ ਕੇਸਾਂ ਦਾ ਮਜ਼ਾਕ ਉ
ਹੈ।

ਉੱਤਰ—ਇਹੋ ਜਿਹੇ ਖ਼ਿਆਲ ਆਮ ਤੌਰ ਤੇ ਉਹਨ
ਦੇ ਮਨ ਵਿਚ ਉਠਦੇ ਹਨ, ਜੋ ਬੇ-ਦੀਨ ਅਤੇ ਬੇ-ਜ਼ਮੀਰ ਹੁੰਦੇ
ਸ੍ਵੈ-ਭਰੋਸੇ ਵਾਲੇ ਗੰਭੀਰ, ਅਥਵਾ ਸਿਦਕਵਾਨ ਆਦਮੀ ਦੇ
ਵਿਚ ਕਦੇ ਇਹ ਖਿਆਲ ਹੀ ਨਹੀਂ ਉਠਦੇ। ਪਾਠਕ
ਪੜ੍ਹ ਆਏ ਹਨ ਕਿ ਸਾਰੇ ਧਰਮ ਅਤੇ ਧਾਰਮਕ ਗ੍ਰੰਥ ਕੇਸਾਂ ਨੂੰ
ਜਨਕ ਦਸਦੇ ਹਨ, ਜੇ ਵਰਤਮਾਨ ਯੁੱਗ ਦੇ ਬਹੁਤੇ ਲੋਕਾਂ ਨੇ
ਪ੍ਰਸਤੀ ਵਿਚ ਵਹਿ ਕੇ ਕੇਸਾਂ ਨੂੰ ਤਲਾਂਜਲੀ ਦੇ ਦਿਤੀ ਹੈ ਤ
ਨਾਲ ਕੇਸਾਂ ਦੀ ਸ਼ੋਭਾ ਘਟ ਨਹੀਂ ਗਈ। ਠੀਕ ਗਲ ਤ
ਹੈ ਕਿ ਕੇਸ-ਹੀਨਾਂ ਵਿਚ ਬੈਠਾ ਇਕ ਵੀ ਕੇਸਾਧਾਰੀ ਮਨੁੱਖ ਪ੍ਰ
ਸ਼ਾਲੀ ਅਤੇ ਸੂਰਬੀਰ ਲਗਦਾ ਹੈ। ਕੀ ਬਾਕੀ ਬਨਵਾਸੀ
ਵਿਚ ਬੈਠਾ ਸ਼ੇਰ ਇਹ ਮਹਿਸੂਸ ਕਰ ਸਕਦਾ ਹੈ ਕਿ ਮੈਂ ਇ
ਵਿਚ ਸ਼ੋਭਾ ਨਹੀਂ ਦੇਂਦਾ? ਕੀ ਕੋਈ ਉਸ ਨੂੰ ਵੇਖ ਕੇ ਕਹਿ
ਹੈ ਕਿ ਬਾਕੀਆਂ ਦਾ ਤਾਂ ਬੜਾ ਰੋਹਬ ਹੈ, ਪਰ ਸ਼ੇਰ ਵਿਚ
ਕੋਝਾ ਲਗਦਾ ਹੈ? ਸਾਡਾ ਤਾਂ ਖ਼ਿਆਲ ਹੈ ਕਿ ਕੋਈ ਮੂਰ
ਇਹ ਨਹੀਂ ਕਹਿੰਦਾ। ਇਉਂ ਕਹਿਣਾ ਭਾਵੇਂ ਯੋਗ ਹੋਵੇ ਕਿ
ਵਿਚ ਬੈਠੇ ਸ਼ੇਰ ਦੀ ਹੱਤਕ ਹੋ ਰਹੀ ਹੈ, ਪਰ ਇਹ ਕੋਈ ਮੂ
ਨਹੀਂ ਸਕਦਾ ਕਿ ਜੇ ਸ਼ੇਰ ਮੁੱਛਾਂ ਤੇ ਸਿਰ ਦੇ ਵਾਲ ਕਟਾ ਦੇ
ਇਨ੍ਹਾਂ ਵਰਗਾ ਹੀ ਹੋ ਜਾਵੇ ਅਤੇ ਨਾਂ ਵੀ ਸਿੰਘ ਤੋਂ ਸਿਆਰ
ਲਵੇ ਤਾਂ ਜ਼ਿਆਦਾ ਚੰਗਾ ਲਗੇ।

ਬਾਕੀ ਰਹੀ ਬਾਹਰ ਦੇ ਮੁਲਕਾਂ ਵਿਚ ਕੇਸਾਂ ਬਾਰੇ ਮਜ਼ਾਕ ਦੀ ਗਲ, ਸੋ ਇਹ ਉੱਕਾ ਹੀ ਨਿਰਮੂਲ ਹੈ। ਕਿਸੇ ਦੇ ਧਰਮ ਜਾਂ ਬਾਣੇ ਦਾ ਮੂਰਖ ਲੋਕ ਹੀ ਮਜ਼ਾਕ ਉਡਾ ਸਕਦੇ ਹਨ, ਪੜ੍ਹੇ ਲਿਖੇ ਲੋਕ ਤਾਂ ਸਗੋਂ ਉਸ ਦਾ ਵਧੇਰੇ ਸਤਿਕਾਰ ਕਰਦੇ ਹਨ। ਇਹ ਆਪਣਾ ਹੀ ਤੌਖਲਾ ਉਕਤ ਸੁਆਲੀਆਂ ਦੀ ਪਰੇਸ਼ਾਨੀ ਦਾ ਕਾਰਨ ਬਣਿਆਂ ਰਹਿੰਦਾ ਹੈ ਕਿ ਇਹ ਲੋਕ ਮੁੜ ਮੁੜ ਸਾਡੇ ਵਲ ਵੇਖਦੇ ਹਨ। ਸ਼ਾਇਦ ਮਜ਼ਾਕ ਉਡਾਂਦੇ ਹੋਣਗੇ। ਵਾਸਤਵ ਵਿਚ ਉਹ ਸੋਚ ਰਹੇ ਹੁੰਦੇ ਹਨ ਕਿ ਧੰਨ ਹੈ ਇਹ ਮਨੁੱਖ, ਜਿਸ ਨੇ ਇਸ ਐਸ਼ਪ੍ਰਸਤੀ ਦੇ ਜ਼ਮਾਨੇ ਵਿਚ ਇਕ ਜਟਾਜੂਟ ਬੀਤਰਾਗ ਪੁਰਸ਼ ਵਾਂਗ ਜ਼ਮਾਨੇ ਦੀ ਪਰਵਾਹ ਨਾ ਕਰਦਿਆਂ ਹੋਇਆਂ ਅੰਤਮ ਸਵਾਸਾਂ ਤਕ ਆਪਣੇ ਗੁਰੂ ਦੀ ਕੇਸ ਕਾਇਮ ਰਖਣ ਦੀ ਆਗਿਆ ਨੂੰ ਪਾਲਣ ਦਾ ਪ੍ਰਣ ਕਰ ਰਖਿਆ ਹੈ। ਠੀਕ ਗਲ ਤਾਂ ਇਹ ਹੈ ਕਿ ਉਹ ਲੋਕ ਕੇਸਾਂ ਵਾਲੇ ਦੀ ਸਗੋਂ ਇਜ਼ਤ ਕਰਦੇ ਹਨ ਅਤੇ ਉਸ ਨੂੰ ਵਧੇਰੇ ਸਚਾਈ ਪ੍ਰਸਤ, ਈਸ਼ਵਰ ਪੂਜ ਅਤੇ ਧਰਮੀ ਸਮਝਦੇ ਹਨ। ਇਸ ਤੋਂ ਸਪਸ਼ਟ ਹੈ ਕਿ ਉਹ ਲੋਕ ਕਿਸੇ ਦੇ ਧਰਮ ਨੂੰ ਮਜ਼ਾਕ ਨਹੀਂ ਕਰਦੇ, ਸਗੋਂ ਉਸ ਦੀ ਇਜ਼ਤ ਕਰਦੇ ਹਨ। ਪਿਛੇ ਜਿਹੇ ਪਾਠਕਾਂ ਨੇ ਅਖਬਾਰਾਂ ਵਿਚ ਪੜ੍ਹਿਆ ਹੀ ਹੋਵੇਗਾ ਕਿ ਅਮਰੀਕਾ ਵਿਚ ਇਕ ਸਿਖ ਨੌਜਵਾਨ ਦੀ, 'ਨੌਕਰੀ ਖਾਤਰ ਪੱਗ ਲਾਹੁਣ ਤੋਂ ਇਨਕਾਰ ਕਰਨ ਤੇ' ਕਿੰਨੀ ਇਜ਼ਤ ਹੋਈ ਹੈ, ਸਗੋਂ ਅਗੋਂ ਵਾਸਤੇ ਇਕ ਤਰ੍ਹਾਂ ਕਾਨੂੰਨ ਹੀ ਬਣ ਗਿਆ ਹੈ ਕਿ ਸਿੱਖ ਸਿਪਾਹੀ ਆਪਣੇ ਰੂਪ ਵਿਚ ਪੱਗ ਬੰਨ੍ਹ ਕੇ ਉਥੋਂ ਦੀ ਫੌਜ ਵਿਚ ਭਰਤੀ ਹੋ ਸਕਦਾ ਹੈ।

ਮੈਂ ਪਾਠਕਾਂ ਦਾ ਧਿਆਨ ਇਕ ਹੱਡ ਬੀਤੀ ਘਟਨਾ ਵਲ ਦਿਵਾਂਦਾ ਹਾਂ, ਗੁਰਮਤ ਪਰਚਾਰ ਲਈ ਸੰਗਤਾਂ ਦੇ ਸੱਦੇ ਤੇ ਜਦ ਮੈਂ ਨਵੰਬਰ ੧੯੫੭ ਵਿਚ ਅਫਰੀਕਾ ਦੇ ਦੌਰੇ ਤੇ ਗਿਆ ਤਾਂ ਕੁਝ ਦਿਨਾਂ ਲਈ ਯੋਗੰਡਾ ਦੇ ਜਿੰਜਾ ਸ਼ਹਿਰ ਵਿਚ ਇਕ ਸ: ਇੰਦਰ ਸਿੰਘ
ਜੀ ਗਿੱਲ ਦੇ ਘਰ ਠਹਿਰਣ ਦਾ ਅਵਸਰ ਮਿਲਿਆ। ਇਕ
ਅਸੀਂ ਇੰਗਲਿਸ਼ ਮੈਚ ਵੇਖਣ ਗਏ ਤਾਂ ਉਥੇ ਮੈਨੂੰ ਵੇਖ ਕੇ
ਅੰਗਰੇਜ਼ ਅਤੇ ਉਹਨਾਂ ਦੇ ਬੱਚੇ ਇਕੱਠੇ ਹੋ ਗਏ। ਉਸ ਸਮੇਂ
ਅੰਗਰੇਜ਼ ਅਤੇ ਉਸਦੀ ਸੁਪੱਤਨੀ ਨੇ ਸ: ਇੰਦਰ ਸਿੰਘ ਜੀ ਨੂੰ ਕਿਹ
ਜੇ ਇਹ ਪਰਵਾਨ ਕਰੇ ਤਾਂ ਅਸੀਂ ਇਸ ਦੀ ਇਕ ਤਸਵੀਰ
ਕਰ ਲਈਏ ਤੇ ਪੈਰਸ ਭੇਜੀਏ, ਜਿਥੇ ਹਰ ਸਾਲ ਚੰਗੀਆਂ ਤਸ
ਦੀ ਨੁਮਾਇਸ਼ ਹੁੰਦੀ ਹੈ। ਉਨ੍ਹਾਂ ਤਿੰਨ ਦਿਨ ਰੋਜ਼ ਘਰ ਲਿ
ਮੇਰੀ ਪੈਂਨਸਿਲ ਨਾਲ ਤਸਵੀਰ ਤਿਆਰ ਕੀਤੀ, ਪਰ ਬਾਰ
ਇਹ ਕਹਿੰਦੇ ਰਹੇ ਕਿ 'ਸਿੰਘ ! ਤੇਰਾ ਕੜਾ ਔਰ ਕ੍ਰਿਪਾਨ
ਮਣੇ ਰਹਿਣੇ ਚਾਹੀਏ, ਤੇਰੇ ਲੰਬੇ ਦਾਹੜੇ ਔਰ ਲਿਬਾਸ ਕਾ ਹ
ਪਰ ਬਹੁਤ ਪ੍ਰਭਾਵ ਪੜਾ ਹੈ।' ਹੁਣ ਪਾਠਕ ਆਪ ਅੰਦਾਜ਼
ਲੈਣ ਕਿ ਉਹ ਲੋਕ ਕੇਸਾਂ ਅਤੇ ਸਿੱਖੀ ਬਾਣੇ ਦੀ ਇਜ਼ਤ
ਹਨ ਜਾਂ ਤ੍ਰਿਸਕਾਰ। ਜੇ ਉਨ੍ਹਾਂ ਤ੍ਰਿਸਕਾਰ ਕਰਨਾ ਹੋਵੇ ਤਾਂ ਅ
ਪਾਦਰੀ ਦੀ ਦਾਹੜੀ ਦਾ ਕਿਉਂ ਨਾ ਕਰਨ।

ਸੋ ਸਿੱਖੀ ਬਾਣਾ ਅਤੇ ਕੇਸਾਂ ਦੀ ਸਲਾਮਤੀ ਸਿੱਖ ਦੇ
ਕਾਰ ਦਾ ਕਾਰਨ ਹੈ, ਮਜ਼ਾਕ ਦਾ ਨਹੀਂ। ਇਹ ਬਹਾਨਾ ਤਾਂ
ਲੋਕ ਕਰਦੇ ਹਨ ਜੋ ਉਨ੍ਹਾਂ ਮੁਲਕਾਂ ਵਿਚ ਮੈਲੀ ਭਾਵਨਾ ਲੈ ਕੇ
ਹਨ, ਕੇਸਾਂ ਨੂੰ ਮਜ਼ਾਕ ਵੀ ਉਥੋਂ ਦੇ ਉਹੀ ਕੁੜੀਆਂ ਮੁੰਡੇ ਕਰਦੇ
ਜੋ ਵਿਸ਼ੇ ਵਿਕਾਰਾਂ ਦੀ ਲਹਿਰ ਵਿਚ ਗ਼ੋਤੇ ਖਾ ਰਹੇ ਹੁੰਦੇ ਹਨ।
ਨੂੰ ਵੇਖ ਕੇ ਭੇਖੀ ਸਿੱਖਾਂ ਦੇ ਵੀ ਮਨ ਲਲਚਾ ਜਾਂਦੇ ਹਨ ਜੋ ਕੇ
ਨਫਰਤ ਕਰਨ ਲਗ ਜਾਂਦੇ ਹਨ ਅਤੇ ਕੁਸੰਗਤ ਵਿਚ ਪੈ ਕੇ ਕੇਸ
ਦੇਂਦੇ ਹਨ।

ਗੁਰੂ ਕਲਗੀਧਰ ਦਾ ਸਿੱਖ ਤਾਂ ਨਾ ਕਦੀ ਇਸ ਤਰ੍ਹਾਂ
ਗੱਲਾਂ ਸੋਚਦਾ ਹੈ ਤੇ ਨਾ ਹੀ ਇਸ ਰੱਬੀ ਬਾਣੇ ਤੋਂ ਕੇਸਹੀਨ
ਗਿਣਤੀ ਦੇ ਸਾਹਮਣੇ ਨਫ਼ਰਤ ਕਰਦਾ ਹੈ। ਉਹ ਤਾਂ ਸਰੀਰ ਦੇ

ਇਕ ਰੋਮ ਨੂੰ ਆਪਣੇ ਪ੍ਰਾਣਾਂ ਤੋਂ ਵੀ ਪਿਆਰਾ ਸਮਝਦਾ ਹੈ ਅਤੇ ਪ੍ਰਾਣਾਂ ਦਾ ਅੰਤ ਭਾਵੇਂ ਹੋ ਜਾਏ, ਪਰ ਕੇਸਾਂ ਦੀ ਬੇਅਦਬੀ ਨੂੰ ਨਹੀਂ ਸਹਾਰ ਸਕਦਾ। ਅਜਿਹੇ ਸਿਦਕੀਆਂ ਲਈ ਹੀ ਅਸੀਂ ਰੋਜ਼ ਅਰਦਾਸ ਕਰਦੇ ਹਾਂ, 'ਜਿਨ੍ਹਾਂ ਗੁਰ ਸਿੱਖਾਂ ਨੇ ਸਿੱਖੀ ਸਿਦਕ ਕੇਸਾਂ ਸਵਾਸਾਂ ਸੰਗ ਨਿਬਾਹਿਆ, ਤਿਨ੍ਹਾਂ ਦੀ ਕਮਾਈ ਦਾ ਧਿਆਨ ਧਰ ਕੇ ਬੋਲੋ ਜੀ ਵਾਹਿਗੁਰੂ।'

## ਸਿੱਖ ਕਦੇ ਪਤਿਤ ਨਹੀ ਹੋ ਸਕਦਾ

ਅਜ ਕਲ੍ਹ ਬਹੁਤ ਲੋਕਾਂ ਦੀ ਜ਼ਬਾਨ ਤੇ ਇਹ ਗਲ ਚੜ੍ਹੀ ਹੋਈ ਹੈ ਕਿ ਸਿੱਖ ਨੋਜਵਾਨ ਸਿੱਖੀ ਤੋਂ ਪਤਿਤ ਹੋ ਰਹੇ ਹਨ, ਪਰ ਜੇ ਅਸੀਂ ਸਿੱਖੀ ਦੇ ਗੁਣਾਂ ਅਥਵਾ ਅਸੂਲਾਂ ਨੂੰ ਸਮਝਣ ਦਾ ਯਤਨ ਕਰੀਏ ਤਾਂ ਇਹ ਗੱਲ ਉੱਕੀ ਹੀ ਨਿਰਮੂਲ ਜਾਪੇਗੀ। ਪਤਿਤ ਉਹੀ ਹੁੰਦਾ ਹੈ, ਜਿਸ ਵਿਚ ਸਿੱਖੀ ਵਾਲੇ ਅਸੂਲ (ਸਿਫਤਾਂ) ਨਹੀਂ, ਜੋ ਸਿੱਖੀ ਦਾ ਧਾਰਣੀ, ਅੰਮ੍ਰਿਤਧਾਰੀ ਰਹਿਤ ਬਹਿਤ ਵਿਚ ਪਰਪੱਕ ਅਤੇ ਨਾਮ ਬਾਣੀ ਦੇ ਸਹਾਰੇ ਜੀਵਨ ਬਿਤਾਉਣ ਵਾਲਾ ਹੈ, ਉਸ ਨੂੰ ਦੁਨੀਆਂ ਦੀ ਕੋਈ ਤਾਕਤ ਪਤਿਤ ਨਹੀਂ ਕਰ ਸਕਦੀ। ਅਸੀਂ ਮੰਨਦੇ ਹਾਂ ਕਿ ਕਈ ਵੇਰ ਰਾਜਸੀ ਦਬਾਅ ਵੀ ਸਿੱਖੀ ਨੂੰ ਢਾਹ ਲਾਣ ਦਾ ਕਾਰਨ ਬਣ ਜਾਂਦਾ ਹੈ, ਪਰ ਪੂਰਨ ਸਿੱਖ ਕਦੇ ਉਸ ਦੀ ਪਰਵਾਹ ਨਹੀਂ ਕਰਦੇ। ਜੇ ਇਤਿਹਾਸ ਦੇ ਵਰਕੇ ਫੋਲੀਏ ਤਾਂ ਪਤਾ ਲਗਦਾ ਹੈ ਕਿ ਬਾਬਾ ਬੰਦਾ ਬਹਾਦਰ ਤੋਂ ਲੈ ਕੇ ਸਿੱਖ ਰਾਜ ਤੱਕ ਸਿੱਖੀ ਤੇ ਬੜਾ ਭਾਰੀ ਦਬਾਅ ਰਿਹਾ ਹੈ। ਇਸ ਸਮੇਂ ਵਿਚ ਸਿੱਖ ਰਹਿਣਾ ਜਾਂ ਬਨਣਾ ਸਿੱਧਾ ਮੌਤ ਦੇ ਮੂੰਹ ਪੈਣ ਵਾਲੀ ਗੱਲ ਸੀ।

ਉਸ ਸਮੇਂ ਦੇ ਸਿੱਖ ਵਕਤ ਦੀ ਹਕੂਮਤ ਦੇ ਜ਼ੁਲਮਾਂ ਕਾਰਣ



ਜ਼ਿਆਦਾ ਤਰ ਪਹਾੜਾਂ ਜੰਗਲਾਂ ਵਿਚ ਰਹਿੰਦੇ ਸਨ। ਲਿ
ਕਿ ਦਿੱਲੀ ਨੂੰ ਫਤਹ ਕਰ ਕੇ ਇਕ ਵੇਰਾਂ ਨਾਦ
ਜਦ ਲਾਹੋਰ ਨੂੰ ਜਾ ਰਿਹਾ ਸੀ ਤਾਂ ਰਾਹ ਵਿਚ ਸਿੰਘਾਂ ਨੇ ਹ
ਕੇ ਸਾਰਾ ਲੁੱਟ ਦਾ ਮਾਲ ਉਸ ਪਾਸੋਂ ਖੋਹ ਲਿਆ। ਉਸ ਨੇ
ਦਾ ਹਾਲ ਸੂਬਾ ਖਾਨ ਬਹਾਦਰ ਤੋਂ ਪੁਛਿਆ, ਜਿਸ ਦੇ
ਵਿਚ ਉਸ ਨੇ ਜੋ ਕੁਝ ਕਿਹਾ, ਉਸ ਨੂੰ ਗਿ: ਗਿਆਨ ਸਿ
ਇਉਂ ਵਰਣਨ ਕਰਦੇ ਹਨ:–

ਗਾਂਵ ਕਿਸੀ ਮੈ ਸੋ ਨ ਬਸੈ ਹੈਂ। ਰਾਤ ਕਿਤੇ ਦਿਨ
ਬਿਤੈ ਹੈਂ...। ਮਨ ਮਨ ਲੋਹਾ ਰੱਖਤ ਮਹਾਨੇ।
ਟੋਪ ਸੰਜੋਇ ਚਿਰਾਨੇ। ਫਿਰ ਭੀ ਦੌੜੇ ਦੇਤ ਨਾ ਡਾ
ਬਨ ਮਹਿ ਮਿਰਗਨ ਸਮ ਧੱਸ ਜਾਹੈਂ ਸੋਵਤ ਫਿ
ਤਰ ਕੋ ਖੈ ਹੈਂ। ਪੀਠ ਲਗਾਇ ਨਾ ਧਰ ਪਰ ਪੈ ਹੈ
ਸੋ ਸੋ ਕੋਸ ਭਗੇ ਹੀ ਜੈ ਹੈਂ। ਚੈਨ ਰੈਣ ਦਿਨ
ਨ ਲੈਹੈਂ। ਮਾਰਤ ਇਨ ਕੋ ਹਮ ਥਕ ਗਏ।
ਨਿੱਤ ਬਢਤ ਜਾਤ ਹੈਂ ਨਏ। ਮਰਨ ਮਾਰਨੋ
ਨ ਡਰ ਹੈਂ। ਮੌਤ ਚਰਾਗ ਪਤੰਗੇ ਪਰ
ਬਲਕਿ, ਜੋ ਦੀਨ ਹਮਾਰੇ ਆਵੇ। ਮੌਕਾ ਪਾ
ਇਨ ਮੈਂ ਜਾਵੇ।

[ਪੰਥ ਪ੍ਰਕਾਸ਼ ਧਿ:

ਇਸ ਕਥਨ ਤੋਂ ਪਤਾ ਲਗਦਾ ਹੈ ਕਿ ਉਸ ਸਮੇਂ
ਕਿੰਨੀ ਸਖਤੀ ਹੁੰਦੀ ਸੀ। ਸਿੱਖ ਦੇ ਥਾਂ ਟਿਕਾਣੇ ਦੀ ਟੋ
ਵਾਲੇ ਨੂੰ ਦਸ ਰੁਪਏ, ਜਗ੍ਹਾ ਦੱਸਣ ਵਾਲੇ ਨੂੰ ਵੀਹ ਰੁਪਏ,
ਸਿਰ ਕੱਟ ਕੇ ਲਿਆਉਣ ਵਾਲੇ ਨੂੰ ਚਾਲ੍ਹੀ ਰੁਪਏ, ਸਿੱਖ ਨੂੰ
ਫੜ ਕੇ ਲਿਆਉਣ ਵਾਲੇ ਨੂੰ ਅੱਸੀ ਰੁਪਏ ਅਤੇ ਸਿੱਖ ਨੂੰ ਦ

ਲਿਆਣ ਵਾਲੇ ਨੂੰ ਇਕ ਪਿੰਡ ਇਨਾਮ ਦਿਤਾ ਜਾਂਦਾ ਸੀ। ਪਰ ਧੰਨ ਸਨ ਉਹ ਸਿੱਖ, ਜਿਨ੍ਹਾਂ ਫਿਰ ਵੀ ਸਿੱਖੀ ਸਿਦਕ ਕੇਸਾਂ ਸੁਆਸਾਂ ਨਾਲ ਨਿਬਾਹਿਆ, ਸੀ ਨਹੀਂ ਕੀਤੀ ਅਤੇ ਅਕਾਲ ਪੁਰਖ ਦੇ ਭਾਣੇ ਨੂੰ ਮਿੱਠਾ ਕਰ ਕੇ ਮੰਨਿਆ।

ਭਾਈ ਮਨੀ ਸਿੰਘ ਜੀ, ਭਾਈ ਸਬੇਗ ਸਿੰਘ ਸ਼ਾਹਬਾਜ਼ ਸਿੰਘ ਜੀ ਅਤੇ ਹੋਰ ਬੇਅੰਤ ਸਿੰਘਾਂ ਦੀ ਸ਼ਹਾਦਤ ਦੇ ਕਾਰਨਾਮੇ ਪੜ੍ਹ ਕੇ ਸ਼ਰੀਰ ਦੇ ਰੋਂਗਟੇ ਖੜੇ ਹੋ ਜਾਂਦੇ ਹਨ। ਭਾਈ ਤਾਰੂ ਸਿੰਘ ਜੀ ਦੇ ਕੇਸ ਜਦ ਜਲਾਦ ਜ਼ਬਰਨ ਕੱਟਨ ਲਗੇ ਤਾਂ ਉਹਨਾਂ ਦੀ ਸਿੱਖੀ ਸਪਿਰਟ ਦੇ ਬਲ ਸਦਕਾ ਕੇਸ ਲੋਹੇ ਦੀਆਂ ਤਾਰਾਂ ਤੋਂ ਵੀ ਸਖਤ ਹੋ ਗਏ, ਜੋ ਕਿਸੇ ਅਉਜ਼ਾਰ ਨਾਲ ਵੀ ਨਾ ਕੱਟੇ ਗਏ, ਆਖਰ ਜ਼ਾਲਮਾਂ ਨੇ ਉਹਨਾਂ ਦੀ ਖੋਪਰੀ ਉਤਾਰ ਦਿਤੀ, ਪਰ ਭਾਈ ਸਾਹਿਬ ਕੇਸ ਕਟਾਉਣ ਲਈ ਰਜ਼ਾਮੰਦ ਨਾ ਹੋਏ, ਭਾਵੇਂ ਉਹਨਾਂ ਨੂੰ ਸਿੱਖੀ ਤੋਂ ਪਤਿਤ ਹੋਣ ਲਈ ਬਹੁਟ ਸਾਰੇ ਲਾਲਚ ਦਿਤੇ ਗਏ, ਪਰ ਆਪ ਨੇ ਜੁਆਬ ਦਿਤਾ:—

ਧਰਮ ਕੇ ਹੇਤੁ ਸਰੀਰ ਮੇਰਾ, ਪੂਣ ਪਾਲ ਕੇ ਖ਼ਾਕ
ਕੇ ਸਾਥ ਮਿਲੇਗਾ। ਧਰਮ ਤੇ ਚਿੱਤ ਅਡੋਲ ਖੜਾ
ਬ੍ਰਹਮੰਡ ਹਿਲੇ ਪਰ ਇਹ ਨਾ ਹਿਲੇਗਾ। ਸਾਜੇ
ਸਮਾਜ ਤ੍ਰਿਲੋਕੀ ਕੋ ਰਾਜ, ਕੁਬੇਰ ਕੀ ਮਾਇਆ ਕਾ
ਦੁਆਰ ਖੁਲ੍ਹੇਗਾ। ਏਤੀ ਬਿਭੂਤੀ ਕੇ ਦੇਖ ਕਦੇਤ ਨਾ,
ਤਾਰੂ ਮੁਰਿੰਦ ਕਾ ਚਿੱਤ ਡੁਲੇਗਾ।

---

ਸੋ ਭਾਈ ਤਾਰੂ ਸਿੰਘ ਜੀ ਨੂੰ ਜੇ ਪਤਿਤ ਨਹੀਂ ਕੀਤਾ ਜਾ ਸਕਿਆ ਤਾਂ ਅਜ ਵੀ ਸਿਦਕੀ ਸਿੱਖ ਨੂੰ ਕੋਈ ਤਾਕਤ ਸਿੱਖੀ ਤੋਂ ਨਹੀਂ ਡੇਗ ਸਕਦੀ। ਜੋ ਲੋਕ ਪਤਿਤ ਹੁੰਦੇ ਹਨ, ਉਹ ਸਿਖ ਨਹੀਂ ਭੇਖੀ ਹਨ, ਉਹਨਾਂ ਨੂੰ ਸਿੱਖੀ ਦੀ ਦਾਤ ਪ੍ਰਾਪਤ ਨ[illegible] ਹੁੰਦੀ। ਤੁਸੀਂ ਇਕ ਕੀੜੀ ਦੀ ਮਿਸਾਲ ਹੀ ਲਵੋ, ਜਦ ਉਸ ਨੂੰ [illegible] ਲਗ ਜਾਵੇ ਕਿ ਅਮਕੀ ਜਗ੍ਹਾ ਖੰਡ ਪਈ ਹੈ ਤਾਂ ਝੱਟ ਉਸ [illegible] ਤੇਜ਼ੀ ਨਾਲ ਦੋੜਨਾ ਸ਼ੁਰੂ ਕਰ ਦੇਵੇਗੀ, ਜੇ ਤੁਸੀਂ ਉਸ ਦਾ ਰ[illegible] ਉਂਗਲ ਨਾਲ ਰੋਕੋ ਤਾਂ ਅਗੇ ਪਿਛੇ ਹੋ ਕੇ ਭਜ ਉਠੇਗੀ, ਜਦ ਉਹ ਮਿਠੇ ਕੋਲ ਜਾ ਕੇ ਉਸ ਨੂੰ ਮੂੰਹ ਲਾ ਲਵੇ ਤਾਂ ਭਾਵੇਂ [illegible] ਨੂੰ ਖਿਚ ਕੇ ਲੱਕੋਂ ਹੀ ਕਿਉਂ ਨਾ ਤੋੜ ਦਿਤਾ ਜਾਵੇ, ਵਸ [illegible] ਨਹੀਂ ਹਿਲੇਗੀ।

ਇਸੇ ਤਰ੍ਹਾਂ ਪਤਿਤ ਹੁੰਦਾ ਤੇ ਡੋਲਦਾ ਉਹੀ ਸਿੱਖ ਹੈ ਜੋ [illegible] ਸਿੱਖੀ ਦੇ ਅੰਮ੍ਰਿਤ ਸਵਾਦ ਤੋਂ ਵਾਂਜਿਆਂ ਅਤੇ ਸਿੱਖ ਇਤਿਹਾਸ[illegible] ਕੋਰਾ ਹੋਵੇ। ਜਿਸ ਨੂੰ ਕੇਸਾਂ ਦੀ, ਅੰਮ੍ਰਿਤ ਦੀ ਤੇ ਪੰਜ ਕਕਾਰ[illegible] ਰਹਿਤ ਦੀ ਅਹਿਮੀਅਤ ਦਾ ਪਤਾ ਹੋਵੇ ਉਹ ਕਦੀ ਸਿੱਖੀ [illegible] ਪਤਿਤ ਨਹੀਂ ਹੁੰਦਾ।

ਗੁਰੂ ਤੇਗ ਬਹਾਦਰ ਸਾਹਿਬ ਜੀ ਨੇ ਤਲਵਾਰ ਦੀ [illegible] ਹੇਠਾਂ ਸੀਸ ਰਖਣ ਵੇਲੇ ਗੁਰ ਸਿੱਖਾਂ ਦੇ ਨਾਮ ਜੋ ਅੰਤਮ [illegible] ਜਾਰੀ ਕੀਤਾ ਸੀ, ਉਸ ਨੂੰ ਕਿਸੇ ਵਿਦਵਾਨ ਹਜ਼ੂਰੀ ਕਵੀ (ਸ਼ਾ[illegible] ਉਹ ਸੈਨਾਪਤ ਸਨ) ਨੇ ਇਉਂ ਲਿਖਿਆ ਹੈ:—

ਚਿੱਤ ਚਰਨ ਕਮਲ ਕਾ ਆਸਰਾ, ਚਿੱਤ ਚਰਨ ਕਮਲ
ਸੰਗ ਜੋੜੀਏ। ਮਨ ਲੋਚੇ ਬੁਰਿਆਈਆਂ ਗੁਰ ਸ਼ਬਦੀ
ਇਹ ਮਨ ਹੋੜੀਏ। ਬਾਂਹਿ ਜਿਨ੍ਹਾਂ ਦੀ ਪਕੜੀਏ ਸਿਰ
ਦੀਜੈ ਬਾਂਹਿ ਨ ਛੋੜੀਏ। ਗੁਰੂ ਤੇਗ ਬਹਾਦਰ ਬੋਲਿਆ
ਧਰ ਪਈਏ ਧਰਮ ਨ ਛੋੜੀਏ।

ਜੋ ਹਜ਼ੂਰ 'ਧਰ ਪਈਏ ਧਰਮ ਨ ਛੋੜੀਏ' ਪਰ ਆਪ [illegible]

ਨਾ ਕਰਦੇ ਤਾਂ ਸ਼ਾਇਦ ਸਿੱਖੀ ਵਿਚ ਪੁਰਜ਼ਾ ਪੁਰਜ਼ਾ ਕੱਟ ਮਰਨ ਦੀ ਸਪਿਰਟ ਨ ਪੈਦਾ ਹੋ ਸਕਦੀ ਅਤੇ ਕਿਸੇ ਸਿੱਖ ਨੂੰ ਸਿੱਖੀ ਤੋਂ ਡੇਗਣਾ ਵੀ ਅਸਾਨ ਹੁੰਦਾ,ਸੋ ਪਤਿਤ ਉਹੀ ਸਿੱਖ ਹੋ ਰਹੇ ਹਨ ਜੋ ਭੇਖੀ ਹਨ ਤੇ ਜਿਨ੍ਹਾਂ ਸਤਿਗੁਰੂ ਗੁਰਬਾਣੀ ਦੀ ਓਟ ਛੱਡ ਦਿਤੀ ਹੈ–ਜੋ ਲੋਕਕੇਵਲ ਜ਼ਬਾਨੀ ਗੱਲਾਂ ਦੇ ਪਿੜ ਬੰਨ੍ਹਦੇ ਰਹਿੰਦੇ ਹਨ ਕਿ ਸਿੱਖ ਪਤਿਤ ਹੋ ਰਹੇ ਹਨ, ਉਨ੍ਹਾਂਨੂੰ ਵਡਾ ਖਤਰਾ ਇਹ ਮਾਸੂਸ ਕਰਨਾ ਚਾਹੀਦਾ ਹੈ ਕਿ ਸਿੱਖ ਨੌਜ-ਵਾਨਾਂ ਦੇ ਦਿਲਾਂ ਚੋਂ ਸਿੱਖੀ ਭਾਵਨਾ ਘਟ ਰਹੀ ਹੈ, ਜਿਸ ਦਾ ਕਾਰਨ ਸਹੀ ਪ੍ਰਚਾਰ ਦੀ ਕਮੀ ਹੈ। ਜੇ ਇਸ ਵਲ ਉਹ ਜ਼ਿੰਮੇਵਾਰ ਸੱਜਣ ਪੂਰੀ ਤਰ੍ਹਾਂ ਧਿਆਨ ਦੇਣ, ਗੁਰਦਵਾਰਿਆਂਦੀ ਕ੍ਰੋੜਾਂ ਰੁਪਿਆਂ ਦੀ ਆਮਦਨ ਦਾ ਕੁਝ ਹਿੱਸਾ ਗੁਰਮਤਿ ਸਾਹਿਤ ਪਰ ਖਰਚ ਕੀਤਾ ਜਾਵੇ, ਜੋ ਕਈ ਜ਼ਬਾਨਾਂ ਵਿਚ ਛਪੇ ਅਤੇ ਧੜੇਬਾਜ਼ੀ ਤੋਂ ਉੱਚਿਆਂ ਉਠ ਕੇ ਪ੍ਰਚਾਰ ਦੀ ਵਾਗ ਡੋਰ ਯੋਗ ਹੱਥਾਂ ਵਿਚ ਦਿਤੀ ਜਾਵੇ ਤਾਂ ਪਤਿਤ ਹੋਣਾ ਤਾਂ ਇਕ ਪਾਸੇ ਰਿਹਾ, ਲੱਖਾਂ ਗ਼ੈਰ ਸਿੱਖ ਵੀ ਸਿੱਖੀ ਦੇ ਧਾਰਨੀ ਹੋ ਸਕਦੇ ਹਨ।

## ਸਿੱਖੀ ਕੇਸਾਂ ਸਵਾਸਾਂ ਨਾਲ ਨਿਭਾਹੁਣ ਦੇ ਚਮਤਕਾਰ

ਵੈਸੇ ਤਾਂ ਮੁਗਲ ਰਾਜ ਨੇ ਅਰੰਭ ਕਾਲ ਤੋਂ ਹੀ ਇਸਲਾਮ ਧਰਮ ਨੂੰ ਸਾਰੇ ਦੇਸ਼ ਵਿਚ ਫੈਲਾਉਣ ਦਾ ਇਰਾਦਾ ਬਣਾ ਰਖਿਆ ਸੀ ਅਤੇ ਹਿੰਦੂ ਦੇਵੀ ਦੇਵਤਿਆਂ ਦੀ ਨਿਰਾਦਰੀ, ਹਿੰਦੂ ਮੰਦਰਾਂ ਦੀ ਬੇਅਦਬੀ ਅਥਵਾ ਹਿੰਦੂ ਬਹੂ ਬੇਟੀਆਂ ਦੀ ਬੇਹੁਰਮਤੀ ਆਏ ਦਿਨ ਹੁੰਦੀ ਰਹਿੰਦੀ ਸੀ, ਪਰ ਇਸ ਮੰਤਕ ਦੀ ਸਰੰਜਾਮਤਾ ਲਈ ਮੁੱਢ ਜਹਾਂਗੀਰ ਦੇ ਸਮੇਂ ਬੱਝਾ ਸੀ। ਉਸ ਨੇ ਪੰਚਮ ਪਾਤਸ਼ਾਹ ਗੁਰੂ



ਅਰਜਨ ਦੇਵ ਜੀ ਨੂੰ ਆਪਣੇ ਖਾਸ ਹੁਕਮ* ਨਾਲ ਤ
ਦੇ ਕੇ ਸ਼ਹੀਦ ਕਰਵਾ ਦਿਤਾ ਅਤੇ ਹਿੰਦੂ ਧਰਮ ਨੂੰ ਦਬਾਉਣ
ਮਜ਼ਬੂਤ ਇਰਾਦਾ ਬਣਾ ਲਿਆ ਸੀ।

ਇਸ ਤੋਂ ਪਹਿਲੇ ਮੁਗਲ ਹਕੂਮਤ ਨੂੰ ਹਿੰਦੂ ਕਲਚ
ਮਿਟਾ ਕੇ ਇਸਲਾਮੀ ਸ਼ਰ੍ਹਾ ਨੂੰ ਪ੍ਰਚਾਰਨ ਵਿਚ ਕੋਈ ਖਾਸ ਦਿ
ਨਹੀਂ ਸੀ ਜਾਪੀ, ਉਹਨਾਂ ਦੇ ਸਾਹਮਣੇ ਉਹ ਇਤਿਹਾਸ ਦੇ
ਮੌਜੂਦ ਸਨ, ਜਿਨ੍ਹਾਂ ਵਿਚ ਇਸ ਤੋਂ ਪਹਿਲੇ ਦੇ ਮੁਸਲਿਮ ਹੁਕਮ
ਵਲੋਂ ਲੱਖਾਂ ਦੀ ਤਾਦਾਦ ਵਿਚ ਹਿੰਦੂਆਂ ਦੇ ਕਤਲ ਕਰਨ, ਹਜ਼ਾ
ਹਿੰਦੂ ਮੰਦਰਾਂ ਦੇ ਗਿਰਾਉਣ ਅਤੇ ਬੇਅੰਤ ਹਿੰਦੂ ਬਹੂ ਬੇ
ਨੂੰ ਗਜ਼ਨੀ ਵਿਚ ਟਕੇ ਟਕੇ ਤੋਂ ਨੀਲਾਮ ਕਰਨ ਦੇ ਕਾਰਨਾਮੇ
ਸਨ, ਇਸ ਲਈ ਹਿੰਦੂ ਧਰਮ ਦਾ ਨਾਸ਼ ਕਰਨ ਵਿਚ ਉਹ
ਕੋਈ ਔਖ ਨਹੀਂ ਜਾਪਦਾ ਸੀ।

ਪਰ ਜਦ ਗੁਰੂ ਨਾਨਕ ਸਾਹਿਬ ਦੇ ਦੇਸ਼ ਧਰਮ ਦੀ ਰੱ
ਲਈ ਚੁਕੇ ਬੀੜੇ ਤੇ ਮੁਗ਼ਲ ਹਾਕਮਾਂ ਦੀ ਨਜ਼ਰ ਪਈ ਤਾਂ
ਚੁਕੰਨੇ ਹੋ ਗਏ, ਉਹਨਾਂ ਇਹ ਵੇਲੇ ਸਿਰ ਹੀ ਭਾਪ ਲਿਅ
ਹਿੰਦੂਆਂ ਵਾਂਗ ਇਸ ਨਵੀਂ ਉਠੀ ਲਹਿਰ ਨੂੰ ਦਬਾਉਣਾ ਅ
ਨਹੀਂ, ਇਸ ਲਈ ਉਨ੍ਹਾਂ ਨੇ ਸਮੇਂ ਸਿਰ ਹੀ ਕਰੜੇ ਹਥੀਂ ਸਿੱਖ
ਨਾਲ ਟੱਕਰ ਲਈ, ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਪਿਛੋ
ਹਰਿ ਗੋਬਿੰਦ ਸਾਹਿਬ ਨਾਲ ੪ ਲੜਾਈਆਂ ਲੜੀਆਂ ਗਈਆਂ
ਤੇਗ ਬਹਾਦਰ ਸਾਹਿਬ ਨੂੰ ਚਾਂਦਨੀ ਚੋਕ (ਦਿਲੀ) ਦੀ ਕੁਤਵਾਲ

---

*ਤੋਜ਼ਕੇ ਜਹਾਂਗੀਰ ਨਵਲ ਕਿਸ਼ੋਰ ਪ੍ਰੈਸ ਲਖਨਉ
ਛਪੀ ਸਫਾ ੩੪।

ਅਤੇ ਉਨ੍ਹਾਂ ਦੇ ਕੁਝ ਮੁਖੀ ਸਿੱਖਾਂ ਨੂੰ ਬਾਜ਼ਾਰ ਵਿਚ ਸਰੇ ਆਮ ਸ਼ਹੀਦ ਕੀਤਾ ਗਿਆ। ਇਸ ਸਮੇਂ ਤੱਕ ਸਿੱਖਾਂ ਵਿਚ ਸਿੱਖੀ ਸਿਦਕ ਤੋਂ ਮਰ ਮਿਟਣ ਦੀ ਸਪਿਰਟ ਆ ਚੁਕੀ ਸੀ ਅਤੇ ਭਾਈ ਮਤੀ ਦਾਸ ਅਥਵਾ ਭਾਈ ਦਿਆਲਾ ਜੀ ਆਦਿ ਗੁਰਸਿਖਾਂ ਨੇ ਹੱਸ ਹੱਸ ਕੇ ਆਪਾ ਵਾਰਿਆ ਸੀ, ਪਰ ਸਿੱਖੀ ਦਾ ਦਾਮਨ ਨਹੀ, ਸੀ ਛਡਿਆ।

ਇਹ ਗਲ ਵੀ ਸਵਿਸਥਾਰ ਇਸ ਪੁਸਤਕ 'ਕੇਸ ਚਮਤਕਾਰ' ਵਿਚ ਦਸੀ ਜਾ ਚੁਕੀ ਹੈ ਕਿ ਦਸੇ ਹੀ ਗੁਰੂ ਸਾਹਬਾਨ ਸਾਬਤ ਸਰੂਪ (ਕੇਸਾਧਾਰੀ) ਸਨ ਅਤੇ ਸਹਿਜੇ ਸਹਿਜੇ ਉਹਨਾਂ ਦੇ ਚਰਨ ਸਾਦਕ ਸਿਖ ਵੀ ਕੇਸ ਰਖ ਰਹੇ ਸਨ। ਭਾਈ ਮਤੀ ਦਾਸ ਜੀ ਦੇ ਸੀਸ ਤੇ ਜਦ ਆਰਾ ਚੱਲਿਆ ਤਾਂ ਵਡੀ ਰੁਕਾਵਟ ਉਹਨਾਂ ਦੇ ਕੇਸਾਂ ਦਾ ਜੂੜਾ ਸੀ, ਜਿਸ ਵਿਚ ਆਰਾ ਰੁਕਦਾ ਸੀ ਅਤੇ ਅਲਫ ਖਾਨ (ਜਿਸ ਦੇ ਜ਼ਿੰਮੇ ਭਾਈ ਮਤੀ ਦਾਸ ਦੇ ਚੀਰਨ ਦੀ ਡਿਉਟੀ ਲਗੀ ਸੀ) ਜਲਾਦਾਂ ਨੂੰ ਹਲਾਸ਼ੇਰੀ ਦੇ ਰਿਹਾ ਸੀ। ਇਸ ਬਾਰੇ ਦਿਲੀ ਦੀ ਇਕ ਬਹੁਤ ਬਿਰਧ ਮੁਸਲਮਾਨ ਔਰਤ ਦੇ ਲੰਿਖੇ ਬਿਆਨ ਚੋਂ ਕੁਝਕੁ ਜ਼ਿਕਰ ਇਉਂ ਹੈ :-

(ਅਲਫ ਖਾਨ ਨੇ ਕਿਹਾ) ਜਲਦੀ ਕਰੋ ਮੇਰੇ ਸ਼ੇਰੋ, ਆਰਾ ਕਸ਼ੋਂ ਨੇ ਆਰਾ ਚਲਾਨੇ ਕੀ ਕੋਸ਼ਸ਼ ਕੀ ਲੇਕਨ ਫਜ਼ੂਲ, ਸਿਰ ਲਕੜੀ ਤੋ ਥਾ ਨਹੀਂ ਫਿਰ ਬਾਲ ਔ ਚਮੜੀ ਵੀ ਰੁਕਾਵਟ ਪੈਦਾ ਕਰ ਰਹੇ ਥੇ,।

ਲੇਖ, ਅਲਫ ਖਾਂ ਔਰ ਭਾਈ ਮਤੀ ਦਾਸ,
ਅਖਬਾਰ 'ਹਿੰਦੂ' ਜਲੰਧਰ (੨੯-੧੧-੫੦)

ਉਂਞ ਤਾਂ ਆਮ ਲੋਕੀਂ ਉਸ ਸਮੇਂ ਕੇਸ ਦਾਹੜੀ ਰਖਦੇ ਸਨ, ਪਰ ਗੁਰੂ ਨਾਨਕ ਨਾਮਲੇਵਾ ਸਿਖ ਤਾ ਬਹੁਤੇ ਕੇਸਾਧਾਰੀ ਹੀ ਸਨ ਅਤੇ ਉਹਨਾਂ ਦੇ ਕੇਸ ਕੱਟਣੇ ਤੇ ਕਲਮਾਂ ਪੜ੍ਹਾਉਣਾ ਹੀ ਉਹਨਾਂ ਨੂੰ ਇਸਲਾਮ ਧਰਮ ਵਿਚ ਲਿਆਉਣ ਸ਼ਰਤ ਸੀ, ਉਹਨਾਂ ਗੁਰੂ ਦੁਲਾਰਿਆਂ ਨੇ ਜਾਨਾਂ ਦੇ ਦਿਤੀਆਂ, ਸਿਖੀ ਦਾ ਤਿਆਗ ਨਹੀਂ ਕੀਤਾ। ਦਸਮ ਪਿਤਾ ਵੇਲੇ ਤਾਂ ਆਪ, ਉਹਨਾਂ ਦੇ ਚਾਰ ਸਹਿਬਜ਼ਾਦੇ ਅਤੇ ਬੇਅੰਤ ਹੀ ਧਰਮ ਦੀ ਖਾਤਰ ਜੂਝ ਮਰੇ, ਪਰ ਸਿਖੀ ਸਿਦਕ ਨਹੀਂ ਹਾਰਿ

ਇਥੇ ਕੁਝਕੁ ਹਵਾਲੇ ਕੇਸਾਂ ਦੀ ਰਖਿਆ ਲਈ ਕੁਰ ਹੋਣ ਵਾਲੇ ਸੂਰਬੀਰਾਂ ਦੇ ਦਿਤੇ ਜਾਂਦੇ ਹਨ।

(੧)

ਬੰਦਾ ਬਹਾਦਰ ਦੀ ਗ੍ਰਿਫਤਾਰੀ ਸਮੇਂ ਜਦ ਸੈਂਕੜੇ ਫੜੇ ਗਏ ਅਤੇ ਸੈਂਕੜੇ ਹੀ ਸਿੰਘਾਂ ਦੇ ਸੀਸ ਕਟ ਬਰ ਨਾਲ ਪਰੋਕੇ ਜਦ ਜਲੂਸ ਕਢਿਆ ਗਿਆ ਤਾਂ ਇਸ ਦ੍ਰਿਸ਼ ਨੂੰ ਵਾਲਿਆਂ ਦੇ ਦਿਲ ਕੰਬ ਉਠੇ। ਜਲੂਸ ਵਿਚ ਸਿੰਘ ਸ਼ਬਦ ਤੇ ਅਰਦਾਸੇ ਕਰਦੇ ਜਾ ਰਹੇ ਸਨ:-

ਯੋਂ ਕਹਿ ਕੈ ਕਰਹੈਂ ਅਰਦਾਸ। ਗੁਰੂ ਕਰੈ ਤੁਰਕਨ
ਕਾ ਨਾਸ। ਗੁਰੂ ਖਾਲਸਾ ਬਹੁ ਪ੍ਰਕਾਸੈ। ਸਿਦਕ
ਨਿਭੈ ਸੰਗ **ਕੇਸਨ** ਸਵਾਸੈ (ਪੰ: ਪ੍ਰ. ਧਿ. ੪੬)

ਕੈਦੀ ਸੂਰਬੀਰਾਂ ਦੀ ਕਤਲੇਆਮ ਸਮੇਂ ਇਕ ਇਕ ਖਿੜੇ ਮੱਥੇ ਤਲਵਾਰ ਅਗੇ ਸੀਸ ਰਖਦਾ ਅਤੇ ਵਾਹਿਗੁਰੂ ਵਾਹਿ ਕਰਦਾ ਕੁਰਬਾਨ ਹੁੰਦਾ ਗਿਆ, ਪਰ ਕਿਸੇ ਨੇ ਵੀ ਸਿਖੀ ਤਿਆ ਪ੍ਰਵਾਨ ਨਾ ਕੀਤਾ :-

ਆ ਗ੍ਰਿਫ਼ਤਾਰਾਨਿ ਬੇਗ਼ਮ ਖੁਦ ਗਰਦਨ ਪੇਸ਼ਿ
ਜਲਾਦਾਂ ਮੀ ਨਿਹਾਦੰਦ। ਵਾਹਗੁਰੂ ਵਾਹਗੁਰੂ
ਗੋਯਾ ਜਾਂ ਮੀ ਦਾਦੰਦ।

(ਰਸਾਲਾ ਸਾਹਿਬ ਨੁਮਾ ੧੯

ਭਾਵ–ਉਹ ਸਿੰਘ ਜੋ ਕੈਦੀ ਸਨ ਬੇਚਿੰਤ ਹੋਕੇ ਆਪੇ ਹੀ ਜਲਾਦਾਂ ਦੀ ਤਲਵਾਰ ਅੱਗੇ ਸੀਸ ਰੱਖ ਦੇਂਦੇ ਤੇ ਵਾਹਿਗੁਰੂ ਵਾਹਿਗੁਰੂ ਕਰਦੇ ਸ਼ਹੀਦ ਹੋ ਜਾਂਦੇ ਸਨ। ਕਹਿੰਦੇ ਨੇ ਉਨ੍ਹਾਂ ਬਹਾਦਰਾਂ ਸ਼ਹੀਦਾਂ ਵਿਚ ਇਕ ਛੋਟੀ ਉਮਰ ਦਾ ਬੱਚਾ ਸੀ ਜੋ ਸਿੰਘਾਂ ਦੇ ਨਾਲ ਕੈਦੀ ਸੀ ਉਸ ਦੀ ਮਾਤਾ ਨੇ ਕਿਸੇ ਹੀਲੇ ਫਰਖਸੀਅਰ (ਬਾਦਸ਼ਾਹ) ਤਕ ਅਪਣੀ ਫ਼ਰਿਆਦ ਪਹੁੰਚਾਈ, ਕਿ ਮੇਰਾ ਲੜਕਾ ਬੇਕਸੂਰ ਹੈ, ਦੀ ਹੁਣੇ ਹੀ ਸ਼ਾਦੀ ਹੋਈ ਹੈ, ਮੇਰੇ ਤੇ ਰਹਿਮ ਕਰ ਕੇ ਉਸ ਨੂੰ ਰਿਹਾ ਇਸ ਕੀਤਾ ਜਾਵੇ।

ਇਹ ਸੁਣ ਬਾਦਸ਼ਾਹ ਨੇ ਉਸ ਦੀ ਮਰਜ਼ੀ ਪ੍ਰਵਾਨ ਕਰ ਲਈ ਤੇ ਬੱਚੇ ਦੀ ਰਿਹਾਈ ਦਾ ਹੁਕਮ ਦੇ ਦਿਤਾ। ਜਦ ਉਸ ਬੱਚੇ ਨੂੰ ਪਤਾ ਲਗਾ ਤਾਂ ਉਸ ਨੇ ਕਿਹਾ:–

> 'ਪਿਸਰ ਊ ਬ ਫਿਰਿਯਾਦ ਕਿ ਮਾਦਰਮ ਦਰੋਗ ਮੀ
> ਗੋਯਦ ! ਮਨ ਬ-ਦਿਲੋਜਾਨ ਅਜ਼ਮੋਤ ਕਿਦਾਨੇ
> ਫਿਦਵੀਅਨ ਜਾਂ ਨਿਸਾਰ ਮੁਰਸ਼ਦਿ ਖ਼ੁਦਮ ! ਮਰਾ
> ਜ਼ੂਦ ਬ-ਰਫੀਕਾਨਿ ਮਨ ਰਸਾਨੇਦ।
>
> (ਮੁੰਤਖ਼ ਬੁਲਲੁਬਾਬ)

ਭਾਵ–ਉਸ ਬੁਢੀ ਦੇ ਪੁਤਰ ਨੇ ਫਰਿਆਦ ਕੀਤੀ ਕਿ ਮੇਰੀ ਮਾਤਾ ਝੂਠ ਕਹਿ ਰਹੀ ਹੈ, ਮੈਂ ਤਨੋਂ ਮਨੋਂ ਆਪਣੇ ਗੁਰੂ ਤੋਂ ਜਾਨ ਕੁਰਬਾਨ ਕਰਨ ਵਾਲਾ ਸੇਵਕ ਹਾਂ, ਮੈਨੂੰ ਛੇਤੀ ਸ਼ਹੀਦ ਕਰੋ ਅਤੇ ਆਪਣੇ (ਸ਼ਹੀਦ) ਸਾਥੀਆਂ ਨਾਲ ਤੋਰੋ। ਉਸ ਵਕਤ ਦੇ ਇਤਿਹਾਸ-ਕਾਰ ਖ਼ਾਫ਼ੀ ਖਾਨ ਦਾ ਅੱਖੀਂ ਡਿੱਠਾ ਇਹ ਵਾਕਿਆ ਉਕਤ ਕਥਨ ਅਨੁਸਾਰ ਕੇਸਾ ਦੀ ਰਖਿਆ ਲਈ ਮਰ ਮਿਟਣ ਵਾਲਿਆਂ ਦੀ ਇਕ ਮਹਾਨ ਗਵਾਹੀ ਹੈ।

ਗਿ: ਗਿਆਨ ਸਿੰਘ ਜੀ ਇਸ ਸਾਕੇ ਬਾਰੇ ਲਿਖਦੇ
ਕ ਬਾਦਸ਼ਾਹ ਨੇ ਜਦ ਉਸ ਬੁਢੀ ਦੀ ਫਿਰਿਆਦ ਸੁਣੀ ਤਾਂ ਕਿ

> ਬਾਦਸ਼ਾਹ ਤਬ ਐਸੇ ਕਹੀ ਹੈ।
> ਜੇ ਕਰ ਤੁਵਸੁਤ ਸਿੱਖ ਨਹੀਂ ਹੈ।
> ਤੇ ਤਿਸ ਕੋ ਹਮ ਅਬੀ ਤਜੈ ਹੈਂ।
> ਜੇ ਸਿੱਖ ਹੈ ਤੇ ਕਤਲ ਕਰੈ ਹੈਂ।
> ਉਤ ਦਿਨ ਕਤਲ ਹੋਂਨ ਸੋ ਗਯੋ।
> ਬਾਦ ਸ਼ਾਹਿ ਨੇ ਤੁਰਤ ਸਦਯੋ।
> ਬੂਝਯੋ ਓਨ ਬਤਾਯੋ ਪਿੱਖ।
> ਮੈਂ ਹੂੰ ਸਹੀ ਗੁਰੂ ਕਾ ਸਿੱਖ।
> ਮਾਈ ਮੇਰੀ ਬੋਲਤ ਕੂਰ।
> ਕਤਲ ਹੋਂਨ ਮੈਂ ਚਹੂੰ ਜਰੂਰ।
> ਸਿਦਕ ਉਮਰ ਪਿਖ ਸੁਣ ਕੈ ਬਾਤੈਂ।
> ਬਾਦਸ਼ਾਹਿ ਖ਼ੁਸ਼ਿ ਹੋਇ ਬਖਯਾਤੈਂ।
> ਕਹਯੋ ਜਾਨ ਮੈ ਤੇਰੀ ਬਖਸ਼ੀ।
> ਪਰ ਸਿੱਖੀ ਨਾਹਿ ਗੁਰੂ ਕੀ ਰਖਸੀ।
> ਹਸ ਕੈ ਬਾਲਕ ਬੋਲਯੋ ਧੀਰਾ।
> ਕੱਚ ਗਹਾਤ ਛਡਾਵਤ ਹੀਰਾ।
> ਮੈ ਨਹਿ ਐਸਾ ਵਣਜ ਕਰੈ ਹੋਂ।
> ਸਿੱਖੀ ਤਜ ਨਹਿ ਜੀਵਨ ਚੈਹ ਹੋਂ।
>
> (ਪੰ. ਪ੍ਰ. ਧਿ. ਪ੬ ਪੰ. ੪੦

ਸਿੱਖੀ ਨਾਹਿ ਗੁਰੂ ਕੀ ਰਖਸੀ, ਅਤੇ 'ਸਿਖੀ ਤਜ
ਆਦ ਉਕਤ ਪਦਾਂ ਤੋਂ ਮੁਰਾਦ ਕੇਸਾਂ ਤੇ ਹੀ ਹੈ। ਜਦ ਪੱ
ਸਿੱਖਾਂ ਦਾ ਵੈਰੀ ਸੀ, ਲੋਕੀ ਉਨ੍ਹਾਂ ਦਾ ਨਾਂ ਪਤਾ ਦਸ ਕੇ
ਤੋਂ ਜਾਗੀਰਾਂ ਤੇ ਇਨਾਮ ਪ੍ਰਾਪਤ ਕਰ ਰਹੇ ਸਨ, ਫੜੇ ਜ

ਸਿੰਘ ਕੋਹ ਕੋਹ ਕੇ ਸ਼ਹੀਦ ਕੀਤੇ ਜਾਂਦੇ ਸਨ ਤਾਂ ਇਹ ਸਭ ਕੁਝ ਦੇਖ ਸੁਣ ਕੇ ਵੀ ਸਿੰਘ ਸਿਖੀ ਅਰਥਾਤ ਕੇਸਾਂ ਦਾ ਤਿਆਗ ਕਰਨ ਲਈ ਤਿਆਰ ਨਹੀਂ ਸਨ ਹੁੰਦੇ ਅਤੇ ਇਸ ਤਰ੍ਹਾਂ ਦਾ ਦ੍ਰਿੜ੍ਹ ਨਿਸਚਾ ਦੇਖ ਕੇ ਹਿੰਦੂ ਤੁਰਕ ਉਨ੍ਹਾਂ ਦੇ ਵੈਰੀ ਬਣ ਜਾਂਦੇ ਸਨ ਜੋ ਸਿੰਘਾਂ ਨੂੰ ਪਕੜਾਂਦੇ ਅਤੇ ਉਨ੍ਹਾਂ ਦੇ ਸਿਰ ਕੱਟ ਕੇ ਲਾਹੌਰ ਪੁਚਾਂਦੇ ਸਨ।

"ਇਹ ਜਬਰੀ ਪਿਖ ਸਿੰਘਨ ਕੇਰੀ।
ਹਿੰਦੂ ਤੁਰਕ ਭਏ ਸਭ ਵੈਰੀ।
ਸਿੰਘਨ ਕੋ ਲਾਗੇ ਪਕਰਾਵਨ।
ਕੈ ਸਿਰ ਕਾਟ ਲਾਹੌਰ ਪੁਚਾਵਨ।
ਸਿੱਖ ਅਸਿੱਖ ਨ ਦੁਸ਼ਟ ਨਿਹਾਰੈਂ।
**ਕੇਸਾਂ** ਵਾਰੇ ਕੋ ਕਟ ਡਾਰੈਂ।

(ਪੰ. ਪ੍ਰ. ਧਿ. ੭੨)

( ੨ )

ਕੁਝ ਲੋਕ ਉਸ ਸਮੇਂ ਅਜਹੇ ਵੀ ਸਨ ਜੋ ਸਿੱਖ ਧਰਮ ਦੇ ਮੰਨਨ ਵਾਲੇ ਤਾਂ ਨਹੀਂ ਸਨ, ਪਰ ਕੇਸ ਦਾਹੜੀ ਰੱਖਦੇ ਸਨ, ਉਨ੍ਹਾਂ ਦੇ ਵੀ ਸਿਰ ਕੱਟ ਕੱਟ ਕੇ ਪ੍ਰਾਪਤ ਕੀਤੇ ਗਏ :-

"ਰਾਵੀ ਚੰਦਰ ਭਗਾ ਕੇ ਤੀਰੇ।
ਸਿਆਲ ਪਚਾਧੇ ਬਸਤ ਗੰਭੀਰੇ।
ਸੋ ਸਭ **ਦਾੜ੍ਹੀ ਕੇਸ** ਰਖਾਵਤ।
ਛੱਲੇ ਪਾਇ ਗਲੇ ਲਟਕਾਵਤ।
ਉਨ ਕੋ ਮਾਰ ਮੁੰਡ ਤਿਨ ਲਿਆ ਕੇ।
**ਦਾੜ੍ਹੀ ਕੇਸ** ਲਾਹੌਰ ਦਿਖਾ ਕੇ।
ਬਹੁਤ ਔਰਤਾਂ ਕੇ ਸਿਰ ਲਿਆਇ।
ਦੁਸ਼ਟਨ ਲਏ ਇਨਾਮ ਮਹਾਇ।
ਕਹਿਰ ਜ਼ੁਲਮ ਜਬ ਐਸ ਅਧਾਰੈ।
ਭਏ ਮਚਯੋ ਅਤ ਹਾ ਹਾ ਕਾਰੈ।
ਬਿਤੈ ਵਖਤ ਸਿੰਘਨ ਪਰ ਕਹਿਰੈਂ।
ਛਪਨੇ ਮਿਲੈ ਨ ਕਿਤ ਬਨ ਠਹਿਰੈਂ।
ਪਕੜਯੋ ਸਿੰਘ ਜੋ ਜਾਇ ਲਹੌਰੈ।
ਨਾਜ਼ਮ ਮਰਵਾਵੈ ਇਸ ਤੌਰੈ।
ਫਾਂਸੀ ਸੂਲੀ ਚਰਖੀ ਚਾੜ੍ਹੈ।
ਥੋਥੇ ਤੀਰਨ ਸੇ ਸੰਘ ਫਾੜੈ।
ਹਾਥ ਪਾਊਂ ਕਟਵਾਇ ਕੈ ਗੇਰੈ।
ਕਾਹੂੰ ਤਸਮੇ ਖੇਂਚਨ ਬੇਰੈ।
ਕਾਹੂੰ ਕੋ ਗਜ ਸੇ ਚਿਰਵਾਵੈ।
ਕਾਹੂੰ ਕੇ ਤਨ ਕੀਲ ਠੁਕਾਵੈ।
ਕੱਚੇ ਚੰਮ ਕਾਹੇ ਮੜ੍ਹਵਾਵੈਂ।
ਸਾਥ ਜੰਬੂਰਨ ਕਿਸੈ ਕੁਹਾਵੈਂ।
ਪਰ ਸਿੱਖ ਮਰਤੇ ਹਾਇ ਨ ਕੈਹੈਂ।
ਭਾਣਾ ਪ੍ਰਭ ਕਾ ਖੁਸ਼ ਹ੍ਵੈ ਸੈਹ ਹੈਂ।

(ਪੰ. ਪ੍ਰ. ਧਿ. ੭੨. ਪੰ. ਪਪਪ

ਇਸ ਤੋਂ ਇਲਾਵਾ ਰਹਿਣ ਸਹਿਣ ਦੀ ਉਸ ਸਮੇ ਿ
ਦੀ ਕੀ ਦਸ਼ਾ ਸੀ, ਭਾਈ ਸਾਹਿਬ ਲਿਖਦੇ ਹਨ :-

ਝੱਲਨ ਮੱਧ ਦਰਿਆਵਨ ਤੀਰ,
ਕਿ ਝਾਰਨ ਔਰ ਪਹਾਰਨ ਮੈਂ ਹੈ।
ਸ਼ੇਰ ਬਘਿਆੜਨ ਕੀ ਮੱਧ ਖੱਡਨ,
ਸਿੰਘ ਰਹੈਂ ਲੁੱਕ ਦਿਉਸ ਬਿਤੈ ਹੈਂ।
ਗਾਜਰ ਮੂਲੀ ਪੱਤਾ ਫਲ ਸਾਗ,

ਉਬਾਲ ਛਕੈਂ ਕਿਤ ਕੱਚਾ ਚਬੈਂ ਹੈਂ।
ਮੌਦ ਰਹਿ ਹਰ ਹਾਲ ਬਿਖੈ,
ਗੁਰਬਾਣੀ ਪੜਹਿ ਨਿਤ ਨੇਮ ਨਿਭੈ ਹੈਂ।

(ਪ੍ਰੰ. ਪ੍ਰ. ਧਿ. ੭੫. ਪੰ. ੫੬੭)

( ੩ )

ਜਦ ਪਿਤਾ ਪੁਤ੍ਰ ਸਬੇਗ ਸਿੰਘ ਤੇ ਸ਼ਾਹਬਾਜ਼ ਸਿੰਘ ਫੜੇ ਗਏ ਤਾਂ ਹਾਕਮ ਨੇ ਉਨ੍ਹਾਂ ਨੂੰ ਬੜੇ ਲਾਲਚ ਦਿਤੇ ਕਿ ਤੁਸੀਂ ਕੇਸ ਕਟਾ ਕੇ ਮੁਸਲਮਾਨ ਹੋ ਜਾਵੋ :-

ਕਹਯੋ ਦੀਨ ਤੁਮ ਹਮਰਾ ਮਾਨੋ, ਦੇਹੂੰ ਜਗੀਰ ਅਪਾਰੇ।
ਨਹੀਂ ਤੋ ਤੁਮ ਕੋ ਚਾੜ੍ਹ ਚਰਖੜੀ, ਮਾਰੋਂ ਦੁਖ ਦੈ ਭਾਰੇ।
ਬੋਲਯੋ ਤਬੈ ਸਬੇਗ ਸਿੰਘ ਹਮ, ਤੁਰਕ ਨ ਕਬਹੂੰ ਹੋਵੈਂ।
ਨਿਜ ਗੁਰੂਅਨ ਗੁਰ ਭਾਈਅਨ ਕੇ ਸੰਮ, ਧਰਮ ਹੇਤ ਜਿੰਦ ਖੋਵੈਂ।
...ਤੁਰਕ ਭਏ ਜਬ ਮਰੈਂ ਨ ਕਬਹੂੰ, ਤੋ ਹਮ ਤੁਰਕ ਬਨੇ ਹੈਂ।
ਮੌਤ ਰਹੇ ਜੇ ਤਬ ਭੀ ਸਿਰ ਪਰ, ਤੋ ਕਿਯੋਂ ਧਰਮ ਤਜੈ ਹੈਂ।

(ਪੰ. ਪ੍ਰ. ਧਿ. ੭੫. ਪੰ. ੫੬੮)

ਭਾਈ ਤਾਰੂ ਸਿੰਘ ਨੂੰ ਜਦ ਸੂਬਾ ਲਾਹੌਰ ਨੇ ਕੇਸ ਕਟਾਉਣ ਲਈ ਕਿਹਾ ਤਾਂ ਉਸ ਨੇ ਉੱਤਰ ਦਿਤਾ:-

'ਤਨ ਨੂਰੀ ਸੁਖ ਅਚੱਲ ਦਾਇ ਹੈ। ਤਾਕੋ ਕੈਸੇ ਤਜਯੋ ਜਾਇ ਹੈ।
**ਸਿੱਖੀ ਕੇਸ** ਅਮੋਲਕ ਧਾ ਹੈਂ। ਬਡੇ ਨਸੀਬਾਂ ਤੈ ਹਥ ਆ ਹੈਂ।
ਤਿਸੈ ਤਿਆਗ ਤੁਰਕ ਜੇ ਬਨੋਂ। ਪੈ ਹੂੰ ਦੋਜ਼ਖ ਜਹਿ ਦੁਖ ਘਨੋ।
...ਮੈ ਗੁਰ ਸਿਖੀ ਨਾਹਿ ਤਜੈ ਹੋਂ। **ਕੇਸਾਂ ਸ੍ਵਾਸਾਂ** ਸੰਗ ਨਿਭੈ ਹੋਂ।

ਇਹ ਸੁਣ ਕੇ ਨਵਾਬ ਅੱਗ ਭਗੋਲਾ ਹੋ ਗਿਆ ਤੇ ਉਸ ਨੇ



ਭਾਈ ਸਾਹਿਬ ਦੇ ਕੇਸ ਕਟਾਉਣ ਲਈ ਨਾਈ ਨੂੰ ਬੁਲਾ ਲਿਆ:

ਨਾਈ ਤਬੈ ਨਵਾਬ ਹਕਾਰਾ।
ਸਿੰਘ ਕੋ ਅਪਨੇ ਸਮੁਖ ਬਿਠਾਰਾ।
ਸਿੱਖ ਨੇ ਗੁਰੁ ਕਾ ਧਰਯੋ ਧਿਆਨ।
ਹੇ ਗੁਰੂ **ਕੇਸ ਸੀਸ ਸੰਗ** ਜਾਨ।

ਜਦ ਨਾਈ ਦੀ ਕੈਂਚੀ ਕੇਸਾਂ ਨੂੰ ਨਾ ਕੱਟ ਸਕੀ ਤਾਂ ਨ
ਮੋਚੀ ਨੂੰ ਬੁਲਾ ਲਿਆ:-

...ਹੇਰ ਨਵਾਬ ਗਜਾਬ ਠਾਨ ਕੈ।
ਸਦਯੋ ਮੋਚੀ ਤਾਹਿ ਆਨ ਕੈ।
**ਕੇਸ** ਲਗਯੋ ਰੰਬੀ ਸੋਂ ਖੇਤਨ।
ਕਟਿਓ ਨ ਏਕ ਕੀਨ ਬਲ ਓਤਨ।
......ਫਿਰ ਨਵਾਬ ਕੇ ਕਹੇ ਤਾਹਿ ਨੈ।
ਰੰਬੀ ਦਈ ਘਸੋਇ ਮਾਹਿ ਨੈ।
ਸਿਦਕੀ ਸਾਬਰ ਸਿੰਘ ਨ ਡੋਲਯੋ।
ਤੋਬਾ ਹਾਇ ਮੁਖੋਂ ਨ ਬੋਲਯੋ।
**ਕੇਸਾਂ** ਸਾਥ ਅਰਧ ਸਿਰ ਜਬੈ।
ਉਤਰਯੋ ਦੇਖ ਖੁਸ਼ੀ ਭੋ ਤਬੈ।

(ਪੰ. ਪ੍ਰ. ਧਿ. ੭੬. ਪੰ. ੫੮

ਇਤਿਹਾਸ ਦੇ ਉਕਤ ਹਵਾਲੇ ਇਸ ਗੱਲ ਦਾ ਪਰਤੱਖ
ਹਨ ਕਿ ਪੁਰਾਤਨ ਸਿੰਘਾਂ ਨੇ ਆਪਣੇ ਤਨ ਤਾਂ ਕੁਹਾ ਸੁ
ਸਿੱਖੀ ਸਿਦਕ ਨੂੰ ਕੇਸਾਂ ਸ੍ਵਾਸਾਂ ਸੰਗ ਨਿਭਾਹਿਆ।

(੩)

ਇਕ ਮੁਸਲਮਾਨ ਇਤਿਹਾਸਕਾਰ 'ਗ਼ੁਲਾਮ ਜ਼ੀਲਾਨੀ' ਕਿਲਾ ਮੁਲਤਾਨ ਦੇ ਫ਼ਤਹਿ ਹੋਣ ਸਮੇਂ ਦੀ ਅੱਖੀਂ ਡਿੱਠੀ ਘਟਨਾ ਆਪਣੀ ਰਚਿਤ ਕਿਤਾਬ 'ਜੰਗਿ ਮੁਲਤਾਨ' ਵਿਚ ਲਿਖਦਾ ਹੈ ਕਿ ਜਦ ਮੁਲਤਾਨ ਦੇ ਕਿਲ੍ਹੇ ਤੇ ਮਹਾਰਾਜਾ ਰਣਜੀਤ ਸਿੰਘ ਦੀਆਂ ਫ਼ੌਜਾਂ ਗੋਲਾਬਾਰੀ ਕਰ ਰਹੀਆਂ ਸਨ ਤਾਂ ਉਨ੍ਹਾਂ ਦੀ ਤੋਪ ਦਾ ਪਹੀਆ ਟੁਟ ਗਿਆ, ਜ਼ੀਲਾਨੀ ਲਿਖਦਾ ਹੈ ਕਿ ਮੈਂ ਉਸ ਵੇਲੇ ਕੇਸਾਧਾਰੀ ਸਿੰਘਾਂ ਵਾਲਾ ਵੇਸ ਬਣਾ ਕੇ ਜਾਸੂਸੀ ਕਰ ਰਿਹਾ ਸਾਂ। ਜਦ ਸਿੰਘਾਂ ਦੇ ਗੋਲੇ ਚਲਣੇ ਬੰਦ ਹੋ ਗਏ ਤਾਂ ਕੁਝ ਰੌਲਾ ਰੌਲਾ ਸੁਣਾਈ ਦਿਤਾ, ਜਦ ਮੈਂ ਧਿਆਨ ਨਾਲ ਸੁਣਿਆ ਤਾਂ ਉਚੀ ਉਚੀ ਆਵਾਜ਼ ਆ ਰਹੀ ਸੀ, 'ਪਹਿਲੇ ਮੈਂ, ਪਹਿਲੇ ਮੈਂ।' ਜਦ ਮੈਂ ਨੇੜੇ ਹੋ ਕੇ ਡਿੱਠਾ ਤਾਂ ਪਤਾ ਲਗਾ ਕਿ ਸਿੰਘਾਂ ਦੀ ਤੋਪ ਦਾ ਪਹੀਆ ਟੁੱਟਾ ਹੋਇਆ ਹੈ ਅਤੇ ਇਕ ਸਿੰਘ ਦੇ ਤਜਵੀਜ਼ ਕਰਨ ਤੇ 'ਕਿ ਮੈਂ ਪਹੀਏ ਨੂੰ ਮੋਢਾ ਦੇਂਦਾ ਹਾਂ ਤੁਸੀਂ ਤੋਪ ਚਲਾ ਦਿਓ' ਇਸ ਗੱਲ ਤੇ ਸਿੰਘ ਆਪੋ ਵਿਚ ਝਗੜ ਪਏ, ਇਕ ਕਹਿੰਦਾ ਸੀ ਪਹਿਲੇ ਮੈਂ ਮੋਢਾ ਦੇਂਦਾ ਹਾਂ ਤੇ ਦੂਜਾ ਕਹਿੰਦਾ ਸੀ ਪਹਿਲੇ ਮੈਂ। ਐਨੇ ਵਿਚ ਇਕ ਸਿੰਘ ਨੇ ਕਿਹਾ ਕਿ ਮੇਰੇ ਸੱਜੇ ਖੱਬੇ ਖੜੇ ਹੋ ਜਾਉ, ਪਹਿਲੇ ਮੈਂ ਮੋਢਾ ਦੇਂਦਾ ਹਾਂ ਤੇ ਫਿਰ ਮੇਰੇ ਸੱਜੇ ਪਾਸੇ ਵਾਲਾ ਤੇ ਫਿਰ ਖੱਬੇ ਵਾਲਾ ਸਿੰਘ ਮੋਢਾ ਦੇਈ ਜਾਵੇ। ਇਸ ਤਰ੍ਹਾਂ ਜਦ ਤਕ ਕਿਲ੍ਹਾ ਫ਼ਤਹ ਨਾ ਹੋ ਜਾਵੇ ਮੋਢੇ ਦੇਂਦੇ ਜਾਉ। ਇਸ ਤਰ੍ਹਾਂ ਮੇਰੇ ਦੇਖਦਿਆਂ ਦਰਜਨ ਆਦਮੀ ਤੂੰਬਾ ਤੂੰਬਾ ਹੋ ਗਏ ਤੇ ਕਿਲ੍ਹੇ ਦੀ ਦੀਵਾਰ ਵਿਚ ਪਾੜ ਪੈ ਗਿਆ।

ਉਸ ਸਮੇਂ ਮੇਰਾ ਵੀ ਜੀ ਕੀਤਾ ਕਿ ਮੈਂ ਵੀ ਮੋਢਾ ਦਿਆਂ, ਪਰ ਇਹ ਸੋਚ ਕੇ 'ਕਿ ਜੇ ਮੈਂ ਵੀ ਤੋਪ ਨਾਲ ਉਡ ਗਿਆ ਤਾਂ ਅਜਿਹੇ ਸਿੰਘਾਂ ਦੀ ਸੂਰਬੀਰਤਾ ਦਾ ਇਤਿਹਾਸ ਕੌਣ ਲਿਖੇਗਾ' 'ਮੈਂ ਖ਼ਿਆਲ ਬਦਲ ਲਿਆ।

(੪)

ਵਾਂ ਪਿੰਡ (ਮਾਝੇ) ਦੇ ਰਹਿਣ ਵਾਲੇ ਸੂਰਬੀਰ ਸਿੰਘ
ਤਾਰਾ ਸਿੰਘ ਸਾਡੇ ਸਿੱਖ ਇਤਿਹਾਸ ਦੇ ਰਤਨ ਹੋ ਗੁਜ਼ਰੇ ਹਨ,
ਦੇ ਨਿਵਾਸ ਅਸਥਾਨ ਲਾਗੇ ਬ੍ਰਿੱਛਾਂ ਦੇ ਝੁੰਡਾਂ ਦਾ ਵਾੜ
ਸਮੇਂ ਧਰਮ ਹੇਤ ਘਾਲਾਂ ਘਾਲਨ ਵਾਲੇ ਸਿੰਘਾਂ ਲਈ ਟਿਕਾਣਾ ਸੀ ਅਤੇ ਭਾਈ ਸਾਹਿਬ ਖ਼ਾਲਸੇ ਦੀ ਲੰਗਰ ਆਦ ਦੀ ਸੇਵ
ਤਤਪਰ ਰਹਿੰਦੇ ਸਨ।

ਉਸ ਸਮੇਂ ਨੁਸ਼ਹਿਰੇ ਦੇ ਰਹਿਣ ਵਾਲਾ ਸਾਹਿਬ
ਇਸ ਪਰਗਣੇ ਦਾ ਚੌਧਰੀ ਸੀ, ਜੋ ਸਰਕਾਰ ਕੋਲ ਸਿੰਘਾਂ ਦੀ ਮੁ
ਕਰਦਾ ਰਹਿੰਦਾ ਸੀ ਅਤੇ ਸਿੰਘਾਂ ਨਾਲ ਬੜੀ ਖਾਰ ਰਖਦਾ ਸੀ
ਵੇਰ ਉਸ ਨੇ ਸਿੰਘਾਂ ਦੇ ਖੇਤ ਵਿਚ ਘੋੜੀਆਂ ਖੁਲ੍ਹੀਆਂ ਛਡ ਦਿ
ਸਿੰਘਾਂ ਦੇ ਰੋਕਣ ਤੇ ਗੱਲ ਵਧ ਗਈ ਅਤੇ ਇਸ ਨੇ ਕਿਹਾ 'ਮੈਂ ਤੁ
ਲਿਹਾਜ਼ ਕਰਦਾ ਰਿਹਾ ਹਾਂ ਜੋ ਤੁਸਾਨੂੰ ਕਤਲ ਨਹੀਂ ਕਰਵਾ
ਭਲਾ ਹੁਣ ਹੀ ਸਹੀ, ਮੈਂ ਤੁਸਾਡੇ **ਕੇਸਾਂ** ਦੇ ਰੱਸੇ ਬਣਾ ਕੇ
ਘੋੜੀਆਂ ਨੂੰ ਬੰਨ੍ਹਾਂਗਾ,* ਕੇਸਾਂ ਦੀ ਬਿਅਦਬੀ ਦੇ ਇਹ ਵਾਕ
ਸਿੰਘਾਂ ਦੀਆਂ ਅੱਖਾਂ ਵਿਚ ਖ਼ੂਨ ਉੱਤਰ ਆਇਆ। ਉਧਰ
ਰਾਇ ਨੇ ਫ਼ੌਜਦਾਰ ਨੂੰ ਜਾ ਭੜਕਾਇਆ, ਗੱਲ ਸੂਬਾ ਖ਼ਾਨ ਬ
ਤਕ ਪੁਜੀ, ਉਸ ਨੇ ਬਾਈ ਸੌ ਸਵਾਰ ਦੇ ਕੇ ਮੋਮਨ ਖ਼ਾਂ ਨੂੰ ਭੇਜਿ
ਰਾਹੋਂ ਭੁੱਲੀ ਫ਼ੌਜ ਜਦ ਵਾਂ ਦੇ ਨੇੜੇ ਪੁਜੀ ਤਾਂ ਭਾ: ਤਾਰਾ ਸਿੰਘ
ਤੇ ਚੋਟ ਲਾ ਕੇ ਆਵਾਜ਼ਾ ਦਿਤਾ ਕਿ ਅਸੀਂ ਐਥੇ ਹਾਂ, ਕਿਉਂ

---

* ਦੇਖੋ 'ਇਤਿਹਾਸਕ ਖੋਜ, ਕਰਮ ਸਿੰਘ ਹਿਸਟੋ
ਸਫ਼ਾ ੧੯੮।

ਉਧਰ ਭਟਕ ਰਹੇ ਹੋ। ਇਥੇ ਕੇਵਲ ੨੨ ਸਿੰਘਾਂ ਨਾਲ ਘਮਸਾਨ ਦਾ ਜੁੱਧ ਹੋਇਆ, ਜਿਸ ਵਿਚ ਜਥੇਦਾਰ ਬਘੇਲ ਸਿੰਘ ਤੇ ਭਾ: ਤਾਰਾ ਸਿੰਘ ਸਣੇ ਸਿੰਘਾਂ ਦੇ ਪੁਰਜ਼ਾ ਪੁਰਜ਼ਾ ਕੱਟ ਮਰੇ, ਕੇਵਲ ਕੇਸਾਂ ਦੀ ਬੇਅਦਬੀ ਦੇ ਇਕ ਬੋਲ ਬਦਲੇ।

ਇਸ ਤਰ੍ਹਾਂ ਬੇਅੰਤ ਸੂਰਬੀਰਾਂ ਨੇ ਕੇਸਾਂ ਦੇ ਅਦਬ ਤੇ ਰੱਖਿਆ ਹਿਤ ਉਹ ਚਮਤਕਾਰ ਵਿਖਾਏ ਹਨ, ਜਿਨ੍ਹਾਂ ਦੀ ਮਿਸਾਲ ਦੁਨੀਆਂ ਦਾ ਇਤਿਹਾਸ ਜੁੱਗਾਂ ਤਕ ਨਹੀਂ ਪੇਸ਼ ਕਰ ਸਕੇਗਾ।

## ਸਿੰਘਣੀਆਂ ਤੇ ਕੇਸ

ਜਿਥੇ ਪੁਰਾਤਨ ਗੁਰ ਸਿੱਖਾਂ ਨੇ ਪ੍ਰਾਣ ਤਾਂ ਦੇ ਦਿਤੇ, ਪਰ ਸਿੱਖੀ ਸਿਦਕ ਨਹੀਂ ਹਾਰਿਆ, ਅਰਥਾਤ ਕੇਸਾਂ ਦਾ ਤਿਆਗ ਨਹੀਂ ਕੀਤਾ, ਉਥੇ ਗੁਰ ਸਿੱਖ ਬੀਬੀਆਂ ਨੇ ਵੀ ਆਪਣੇ ਧਰਮ ਅਥਵਾ ਸਿਖੀ ਨੂੰ ਦਾਗ ਨਹੀਂ ਲਗਣ ਦਿਤਾ। ਮੀਰ ਮੰਨੂ ਦੀ ਜੇਹਲ ਵਿਚ ਗੁਰੂ ਦੁਲਾਰੀਆਂ ਸਿਖ ਬੀਬੀਆਂ ਨੂੰ ਜੋ ਤਸੀਹੇ ਦਿਤੇ ਗਏ ਹਨ, ਉਨ੍ਹਾਂ ਦਾ ਜ਼ਿਕਰ ਕਰਦੇ ਹੋਏ ਗਿਆਨੀ ਗਿ: ਸਿੰਘ ਜੀ ਲਿਖਦੇ ਹਨ :–

"ਜਬ ਉਨ੍ਹਾਂ ਦੇ ਬਾਲਕ ਨਿਆਣੇ।
ਭੁੱਖੇ ਪਿਆਸੇ ਦੁਖੀ ਨਿਮਾਣੇ।
ਚੀਕਾਂ ਮਾਰਨ ਰੋਵੇਂ ਲਿਟ ਲਿਟ।
ਟੁਕੜੇ ਮੰਗਨ ਪਾਨੀ ਘੁਟ ਘੁਟ।
ਦੇ ਦੇ ਪਿਆਰ ਵਿਲਾਸਨ ਮਾਈਆਂ।
ਦੁਸ਼ਟਨ ਵਸ ਪੜੀਆਂ ਮਾਂ ਜਾਈਆਂ।
ਆਖਰ ਭੁੱਖੇ ਬੱਚੇ ਰੋ ਕੈ।
ਸੋ ਜਾਵਤ ਲਿਟ ਬਯਾਕੁਲ ਹੋ ਕੈ।
(ਪੰ. ਪ੍ਰ. ਧਿ. ੮੮. ਪੰ. ੬੯੧)

ਇਸ ਤਰ੍ਹਾਂ ਕਈ ਕਈ ਦਿਨ ਉਨ੍ਹਾਂ ਸੀਰ ਖੋਰ ਬਚਿ
ਭੁਖੇ ਰੱਖ ਕੇ ਆਖਰ ਬੇਰਹਿਮੀ ਨਾਲ ਸ਼ਹੀਦ ਕੀਤਾ ਜਾਂ
ਪਰ ਸੂਰਬੀਰ ਦੇਵੀਆਂ ਨੇ ਧਰਮ ਨਹੀਂ ਹਾਰਿਆ। ਜਦ ਮੰ
ਨੇ ਆਪ ਆਕੇ ਸਿੰਘਣੀਆਂ ਨੂੰ ਕਈ ਤਰ੍ਹਾਂ ਦੇ ਲਾਲਚ ਅਤੇ
ਦਿਤੀ ਤਾਂ ਅਗੋਂ :–

ਸਿੰਘਣੀਆਂ ਨਿਰ ਭੈ ਹੈ ਗਾਯੋ।
ਕਿਉਂ ਪਾਪੀ ਬਕਬਾਦ ਲਗਾਯੋ।
ਜੋ ਕਰਨਾ ਸੋ ਕਰ ਲੈ ਅਬੀ।
ਦੁਖ ਸੁਖ ਹਮ ਸੈਹ ਹੈਂ ਸਿਰ ਸਬੀ।
ਦੀਨ ਹਮਰਾ ਹੈ ਇਕ ਸੁੱਚਾ।
ਔਰ ਦੀਨ ਸਭਕਾ ਹੈ ਕੱਚਾ।
ਹਮ ਔਰਨ ਪਰ ਲਾਹਨਤ ਘਲ ਹੈਂ।
ਛੋਡੈਂ ਅਪਨਾ ਧਰਮ ਨ ਪਲ ਹੈਂ। (ਪੰ. ਪ੍ਰ

ਇਸ ਤਰ੍ਹਾਂ ਦੇ ਬਿਅੰਤ ਤਸੀਹੇ ਸਹਾਰ ਕੇ ਵੀ ਸਿੰਘ
ਨੇ ਦਿਲੁ ਨਹੀ ਹਾਰੇ ਅਤੇ ਆਪਣੀਆਂ ਅੱਖਾਂ ਸਾਂਹਵੇਂ
ਬੱਚਿਆਂ ਦੇ ਟੋਟੇ ਟੋਟੇ ਹੋਂਦੇ ਵੇਖੇ, ਉਨ੍ਹਾਂ ਨੂੰ ਨੇਜ਼ਿਆਂ ਤੇ
ਤੱਕਿਆ, ਅਤੇ ਉਨ੍ਹਾਂ ਦੇ ਟੋਟਿਆਂ ਦੇ ਗਲਾਂ ਵਿਚ ਹਾਰ
ਪਰ ਅੰਤਲੇ ਸ੍ਵਾਸਾਂ ਤਕ ਇਹੀ ਅਰਦਾਸ ਕੀਤੀ, 'ਹੇ ਵਾਹਿ
ਗੁਰੂ ਕਲਗੀਧਰ ਪਿਤਾ ! ਸਿਖੀ ਸਿਦਕ ਕੇਸਾਂ ਸ੍ਵਾਸਾਂ ਸੰਗ
ਹੁਣਾ ਅਤੇ ਆਪਣੇ ਚਰਨਾ ਦਾ ਪਿਆਰ ਬਖਸ਼ਣਾ।

ਉਕਤ ਇਤਿਹਾਸਕ ਘਟਨਾਵਾਂ ਤੋਂ ਅਜ ਕਲ ਦੀਆ
ਬੀਬੀਆਂ ਨੂੰ ਸਬਕ ਲੈਣਾ ਚਾਹੀਦਾ ਹੈ ਜੇ ਅਜ ਵੀ ਸਿਖ ਮਾਤਾਵਾਂ
ਮਤ ਦੀ ਰੋਸ਼ਨੀ ਵਿਚ ਆਪਣੇ ਬਚਿਆਂ ਦੀ ਪਰਵਸ਼ ਤੇ ਪੂਰੀ ਦੇ
ਰੱਖਣ ਤਾਂ ਕੋਈ ਵਜ੍ਹਾ ਨਹੀਂ ਕਿ ਸਿਖ ਬਚੇ ਸਿਖੀ ਤੋਂ ਪਤਿ

ਇਸ ਪਤਿਤਪੁਣੇ ਦੀ ਲਹਿਰ ਵਿਚ ਬਹੁਤਾ ਕਸੂਰ ਮਾਤਾਵਾਂ ਦਾ ਹੈ ਜੋ ਅਪਣੀ ਜ਼ੁੰਮੇਵਾਰੀ ਦਾ ਅਹਿਸਾਸ ਨਹੀਂ ਕਰਦੀਆਂ।

## ਇਸਤ੍ਰੀ ਵੀ ਸਾਬਤ ਸੂਰਤ ਰਹੇ

ਵਾਹਿਗੁਰੂ ਦੇ ਭਾਣੇ ਅੰਦਰ ਜਿਥੇ ਮਾਨੁੱਖ ਲਈ ਸਾਬਤ ਸੂਰਤ ਰਹਿਣਾ ਜ਼ਰੂਰੀ ਹੈ, ਉਥੇ ਇਸਤ੍ਰੀ ਲਈ ਵੀ ਜ਼ਰੂਰੀ ਹੈ। ਪੁਰਾਤਣ ਸਮੇਂ ਦੀਆਂ ਭਾਰਤੀ ਦੇਵੀਆਂ ਜਿਸ ਪਵਿਤ੍ਰਤਾ ਤਹਿਜ਼ੀਬ ਅਤੇ ਧਾਰਮਕ ਰੁਚੀ ਦੀਆਂ ਮਾਲਕ ਸਨ, ਅਜ ਉਸ ਦਾ ਦੇਸ਼ ਵਿਚ ਕਾਲ ਹੀ ਪੈ ਗਿਆ ਹੈ। ਪੱਛਮੀ ਸੱਭਯਤਾ ਨੇ ਸਾਡੇ ਦੇਸ਼ ਦੀਆਂ ਪੁਰਾਤਨ ਰੁਵਾਇਤਾਂ ਦਾ ਦੀਵਾਲਾ ਕੱਢ ਦਿਤਾ ਹੈ।

ਜਿਸ ਦੇਸ਼ ਦੀ ਇਕ ਧ੍ਰੋਪਤਾ ਨੂੰ ਜ਼ਬਰਨ ਨਗਨ ਕਰਨ ਦੇ ਅਪਰਾਧ ਬਦਲੇ ਲਖੂਖਾਹ ਮਾਨੁੱਖਾਂ ਨੂੰ ਮੌਤ ਦੇ ਘਾਟ ਉਤਾਰ ਦਿਤਾ ਗਿਆ ਸੀ (ਜਿਸ ਦੀ ਯਾਦ ਵਜੋਂ ਕੁਰੁਖਸ਼ੇਤ੍ਰ ਦੀ ਜੰਗ ਦਾ ਇਤਿਹਾਸ ਮਹਾਂਭਾਰਤ ਦੇ ਰੂਪ ਵਿਚ ਸਾਡੇ ਸਾਹਮਣੇ ਹੈ) ਅਜ ਉਸ ਦੇਸ ਦੀ ਨਾਰੀ ਆਪੇ ਅਧਨੰਗੀ ਹੋ ਕੇ ਸਰੇ ਆਮ ਫਿਰਦੀ ਦਿਖਾਈ ਦੇ ਰਹੀ ਹੈ ਅਤੇ ਫੈਸ਼ਨਪ੍ਰਸਤੀ ਦੀ ਲਹਿਰ ਵਿਚ ਇਥੇ ਤਕ ਗ਼ਰਕ ਹੋ ਗਈ ਹੈ ਕਿ ਕੇਵਲ ਵਾਲ ਕਟਾਣੇ ਤਾਂ ਕਿਤੇ ਰਹੇ, ਮੱਥੇ ਦੇ ਭਰਵੱਟੇ ਵੀ ਮੁੰਨ ਕੇ ਉਨ੍ਹਾਂ ਥਾਵਾਂ ਤੇ ਕਾਲੇ ਰੰਗ ਦੇ ਕੁੰਡਲਦਾਰ ਚੀਰ ਕੱਢ ਕੇ ਅਤ ਦਰਜੇ ਦੀ ਨੀਵੀਂ ਸੱਭਯਤਾ ਦੀ ਨੁਮਾਇਸ਼ ਕਰ ਰਹੀ ਹੈ।

ਇਸ ਮਹਾਨ ਦੁਰਾਚਾਰ ਦੀ ਰੋਕ ਥਾਮ ਲਈ ਹੀ ਗੁਰੂ ਕਲਗੀਧਰ ਜੀ ਨੇ ਕੇਸ ਕਟਾਉਣੇ ਚੌਥੀ ਬੱਜਰ ਕੁਰਹਿਤ ਗਰਦਾਨ ਕੇ ਜਿਥੇ ਮਾਨੁਖਾਂ ਨੂੰ ਇਸ ਪਾਪ ਤੋਂ ਟੋਕਿਆ, ਉਥੇ ਇਸਤ੍ਰੀ ਜ਼ਾਤੀ ਨੂੰ ਵੀ ਸਾਬਤ ਸੂਰਤ ਰਹਿਣ ਦਾ ਉਪਦੇਸ਼ ਕੀਤਾ ਸੀ।

ਪਰ ਮਹਾਨ ਸ਼ੋਕ ਹੈ ਕਿ ਨਾਮ ਬਾਣੀ ਅਥਵਾ
ਰਹਿਤ ਤੋਂ ਗਿਰ ਕੇ ਬੇਅੰਤ ਸਿਖ ਬੀਬੀਆਂ ਵੀ ਫੈਸ਼ਨ
ਦੀ ਅੱਗ ਵਿਚ ਦਗਧ ਹੋ ਰਹੀਆਂ ਹਨ ਅਤੇ ਆਪਣੇ ਕੇਸ
ਨਵੀਂ ਨਵੀਂ ਕਿਸਮ ਦੇ ਵਾਲ ਬਣਾ ਰਹੀਆਂ ਹਨ।

ਕਈ ਕੇਸਾਧਾਰੀ ਗੁਰ ਸਿਖਾਂ ਦੀਆਂ ਕੇਸ ਕਟੀਆਂ ਤ
ਨੂੰ ਉਨ੍ਹਾਂ ਨਾਲ ਘੁੰਮਦਿਆਂ ਵੇਖ ਕੇ ਲੱਜਾ ਨਾਲ ਸਿਰ ਝੁਕ ਜ
ਪਰ ਉਹ ਭੱਦਰ ਪੁਰਸ਼ ਇਸ ਵਿਚ ਵੀ ਆਪਣੀ ਵਡਿਆਈ
ਹਨ। ਇਸ ਗੱਲ ਦਾ ਅੰਦਾਜ਼ਾ ਲਾਉਣਾ ਔਖਾ ਨਹੀਂ ਕਿ
ਦੀ ਔਲਾਦ ਅਗੋਂ ਕਿਵੇਂ ਸਿਖੀ ਰਹਿਤ ਦੀ ਪਾਬੰਦ ਰਹਿ ਸਕੇ

ਇਹ ਸਭ ਕੁਝ ਸਾਡੇ ਆਗੂ ਚੰਗੀ ਤਰ੍ਹਾਂ ਦੇਖ ਰ
ਪਰ ਉਨ੍ਹਾਂ ਨੂੰ ਤਾਂ ਸਮੇਂ ਸਿਰ ਵੋਟਾਂ ਤੇ ਚੰਦੇ ਚਾਹੀਦੇ
ਸਿੱਖ ਧਰਮ ਦੇ ਪਰਚਾਰ ਦੀ ਸਿਰ ਖਪਾਈ ਵਿਚ ਪੈ ਕੇ
ਕੀ ਲੈਣਾ ਹੈ। ਇਨ੍ਹਾਂ ਦੁਖਦਾਈ ਵਹਿਣਾਂ ਵਿਚ ਨਾ ਪੈਂਦੇ ਹੋ
ਹੀ ਜ਼ਿਕਰ ਕਰਨਾ ਇਥੇ ਕਾਫੀ ਹੈ ਕਿ ਸਿੰਘਾਂ ਦੇ ਵਾਂਗ ਸਿੰਘ
ਨੂੰ ਵੀ ਕੇਸਾਂ ਦੀ ਰਹਿਤ ਵਿਚ ਪਰਪੱਕ ਰਹਿਣਾ ਚਾਹੀਦਾ
ਜਿਸਮ ਦੇ ਕਿਸੇ ਵੀ ਹਿਸੇ ਤੋਂ ਰੋਮ ਨਹੀਂ ਕਟਾਣੇ, ਉਖੇੜ
ਦਵਾਈ ਆਦਿ ਨਾਲ ਉਤਾਰਨੇ ਚਾਹੀਦੇ। ਕਈ ਬੀਬੀਆਂ ਨੂੰ
ਦੇ ਵਾਲ ਉਗ ਪੈਂਦੇ ਹਨ ਜੋ ਆਮ ਤੌਰ ਤੇ ਕਿਸੇ ਤਰੀਕੇ ਨਾਲ
ਦੇਂਦੀਆਂ ਹਨ ਜੋ ਭਾਰੀ ਤੇ ਮਹਾਨ ਭੁਲ ਹੈ। ਚਾਰ ਦਿਨਾਂ ਦੇ
ਅਤੇ ਲੋਕ ਲਾਜ ਦੇ ਵਹਿਮ ਵਿਚ ਵਾਹਿਗੁਰੂ ਤੋਂ ਬੇਮੁਖ ਹੋਕ
ਗੁਰੂ ਦਸਮ ਪਿਤਾ ਜੀ ਦੇ ਹੁਕਮ ਦੀ ਉਲੰਘਣਾ ਕਰਨੀ ਮਹ
ਹੈ, ਅਤੇ ਅਜਿਹੀ ਕੁਰਹਿਤ ਕਰਨ ਵਾਲੀ ਇਸਤ੍ਰੀ ਦਾ ਸੰਗ
ਵਾਲਾ ਪਤੀ ਵੀ ਅਪਰਾਧ ਦਾ ਭਾਗੀ ਬਣਦਾ ਹੈ, ਜਿਸ ਲਈ
ਸਿੰਘਣੀ ਦੇ ਨਾਲ ਹੀ ਉਸ ਲਈ ਵੀ ਭੁਲ ਬਖਸ਼ਾਉਣੀ
ਅੰਮ੍ਰਿਤ ਛਕਣਾ ਜ਼ਰੂਰੀ ਹੈ।

# ਕੇਸਾਂ ਬਾਰੇ ਸਿਖਾਂ ਦਾ ਫਰਜ਼

ਪਿਛਲੇ ਸਫਿਆਂ ਵਿਚ ਇਹ ਗਲ ਭਲੀ ਪ੍ਰਕਾਰ ਸਿੱਧ ਹੋ ਚੁਕੀ ਹੈਕਿ ਹਰ ਧਰਮ ਦੇ ਆਗੂਆਂ ਨੇ ਕੇਸਾਂ ਨੂੰ ਪਵਿਤ੍ਰ ਮੰਨਿਆ, ਅਥਵਾ ਇਨ੍ਹਾਂ ਦਾ ਹੋਣਾ ਜ਼ਰੂਰੀ ਦਸਿਆ ਹੈ। ਇਥੇ ਇਸ ਗਲ ਤੇ ਵੀ ਕੁਝਕੁ ਵੀਚਾਰ ਜ਼ਰੂਰੀ ਭਾਸਦੀ ਹੈ ਕਿ ਕੇਸਾਂ ਬਾਰੇ ਕੇਸਾਧਾਰੀ ਸਿੱਖਾਂ ਦੇ ਕੀ ਫ਼ਰਜ਼ ਹਨ।

ਸਮੁਚੇ ਤੌਰ ਤੇ ਸਾਡਾ ਪਹਿਲਾ ਫਰਜ਼ ਇਹ ਹੈ ਕਿ ਅਸੀਂ ਕੇਸਾਂ ਦਾ ਆਪ ਵਧ ਤੋਂ ਵਧ ਸਤਿਕਾਰ ਕਰੀਏ। ਗੁਰ ਸਿੱਖਾਂ ਵਿਚ ਕੇਸਾਂ ਦਾ ਅਦਬ ਦਿਨ ਬਦਿਨ ਬਹੁਤ ਘਟ ਰਿਹਾ ਹੈ। ਨੰਗੇ ਕੇਸੀ ਰੋਟੀ ਖਾਣ, ਟੱਟੀ ਪਿਸ਼ਾਬ ਕਰਨ ਅਤੇ ਬਾਜ਼ਾਰਾਂ ਵਿਚ ਫਿਰਨ ਦਾ ਤਾਂ ਆਮ ਰਿਵਾਜ ਹੀ ਹੋ ਗਿਆ ਹੈ। ਅਜਿਹੇ ਖਿਆਲ ਪੱਛਮੀ ਵਿਦਿਆ ਤੋਂ ਪੈਦਾ ਹੋਈ ਨਾਸਤਕਤਾ ਨੇ ਆਮ ਪੜ੍ਹੇ ਲਿਖੇ ਲੋਕਾਂ ਵਿਚ ਪੈਦਾ ਕਰ ਦਿਤੇ ਹਨ ਕਿ ਨੰਗੇ ਕੇਸੀ ਫਿਰਨ ਨਾਲ ਸਿੱਖੀ ਵਿਚ ਕੀ ਫ਼ਰਕ ਪੈ ਸਕਦਾ ਹੈ। ਸਮਝ ਨਹੀਂ ਆਉਂਦੀ ਕਿ ਉਹ ਆਖਰ ਸਿੱਖੀ ਵਿਚ ਫਰਕ ਦੇ ਅਰਥ ਕੀ ਲੈਂਦੇ ਹਨ। ਜੇ ਉਹ ਸਿੱਖੀ ਨੂੰ ਸਮਝਣ ਦਾ ਯਤਨ ਕਰਨ ਤਾਂ ਉਨ੍ਹਾਂ ਨੂੰ ਪਤਾ ਲਗ ਸਕਦਾ ਹੈ ਕਿ ਸਿੱਖੀ ਦਾ ਕੋਈ ਅਸੂਲ ਹੈ, ਜੇ ਉਸ ਨੂੰ ਤੋੜ ਦਿਤਾ ਜਾਵੇ ਤਾਂ ਸਿੱਖੀ ਟੁੱਟ ਜਾਂਦੀ ਹੈ, ਅਰਥਾਤ ਸਿੱਖ ਦੇ ਅਰਥ ਗੁਰੂ ਕੀ ਸਿਖਿਆ ਉਤੇ ਚਲਣਾ ਹੈ। ਜੇ ਸਿਖਿਆ ਦਾ ਉਲੰਘਣ ਕੀਤਾ ਜਾਵੇ ਤਾਂ ਸਿੱਖੀ ਨਹੀਂ ਰਹਿ ਸਕਦੀ। ਜਿਥੇ ਗੁਰੂ ਸਾਹਿਬ ਨੇ ਸਾਨੂੰ ਆਤਮਕ ਤੌਰ ਤੇ ਪਵਿੱਤਰ ਰਹਿਣ ਅਥਵਾ ਨਾਮ ਸਿਮਰਨ, ਸੇਵਾ ਆਦਿ ਦੀ ਸਿਖਿਆ ਦਿਤੀ ਹੈ, ਉਥੇ ਸਾਬਤ ਸੂਰਤ ਰਹਿਣ ਦਾ ਵੀ ਹੁਕਮ ਦਿਤਾ ਹੈ ਅਤੇ ਸਾਬਤ ਓਹੀ ਰਹਿ ਸਕਦਾ ਹੈ, ਜਿਸ ਦੇ ਮਨ

ਵਿਚ ਕੇਸਾ ਦਾ ਅਦਬ ਹੋਵੇ, ਅਰਥਾਤ ਉਹ ਸਮਝਦਾ ਹੋਵੇ
ਗੁਰੂ ਸਾਹਿਬ ਜੀ ਦੀ ਮੋਹਰ ਹੈ। ਇਹਨਾਂ ਦੀ ਬੇਅਦਬੀ
ਸਤਿਗੁਰਾਂ ਦੇ ਹੁਕਮ ਦੀ ਬੇਅਦਬੀ ਕਰਨਾ ਹੈ। ਜਿਨ੍ਹਾਂ ਲੋਕ
ਕੇਸਾਂ ਨੂੰ ਆਮ ਵਾਲ ਸਮਝਣ ਦਾ ਖਿਆਲ ਪੈਦਾ ਹੋ ਗਿਆ
ਇਨ੍ਹਾਂ ਨੂੰ ਦੂਜੇ ਲੋਕਾਂ ਵਾਂਗੂੰ ਸਰੀਰ ਤੇ ਇਕ ਅਪਵਿੱਤ੍ਰ ਚੀਜ਼
ਲਗ ਪਏ ਹਨ, ਉਹਨਾਂ ਦਾ ਕਿਸੇ ਵੇਲੇ ਵੀ ਸਿੱਖੀ ਤੋਂ ਪਤਿ
ਸੰਭਵ ਹੋ ਸਕਦਾ ਹੈ।

ਇਕ ਸਮੇਂ ਦੀ ਗਲ ਹੈ ਕਿ ਇਕ ਸੱਜਣ
ੰਘਾ ਕਰ ਕੇ ਕੰਘੇ ਵਾਲੇ ਕੇਸ ਜੋੜਿਆਂ ਵਾਲੀ ਥਾਂ
ਦਿਤੇ। ਲੇਖਕ ਨੇ ਝੱਟ ਉਨ੍ਹਾਂ ਨੂੰ ਉਥੋਂ ਚੁਕ ਲਿਆ। ਇਹ ਵੇ
ਗੁਰਮੁਖ ਕਹਿਣ ਲਗਾ, ਇਹ ਤੁਸਾਂ ਇਥੋਂ ਕਿਉਂ ਚੁਕੇ
ਕਿਹਾ ਇਸ ਤਰ੍ਹਾਂ ਕੇਸਾਂ ਨੂੰ ਨਹੀਂ ਸੁਟੀਦਾ, ਬੇਅਦਬੀ ਹੁ
ਇਸ ਦੇ ਉਤਰ ਵਿਚ ਉਹ ਕਹਿਣ ਲਗਾ, ਇਸ ਤਰ੍ਹ
ਗੰਦ ਪੈਂਦਾ ਹੈ ਬੇਅਦਬੀ ਦਾ ਇਸ ਵਿਚ ਕੀ ਸੁਆਲ ਹੈ।

ਸੋ ਜਿਨ੍ਹਾਂ ਲੋਕਾਂ ਦੇ ਮਨ ਵਿਚ ਕੇਸਾਂ ਬਾਰੇ ਗੰਦ ਦਾ
ਆ ਸਕਦਾ ਹੈ, ਉਹ ਸਿਖੀ ਨੂੰ ਕੇਸਾਂ ਸ੍ਵਾਸਾਂ ਨਾਲ ਨਿਭਾ
ਕਿਵੇਂ ਬਣ ਸਕਦੇ ਹਨ। ਇਸ ਲਈ ਜ਼ਰੂਰੀ ਹੈ ਕਿ
ਕੇਸਾਧਾਰੀ ਗੁਰਸਿੱਖ ਕੇਸਾਂ ਦਾ ਵਧ ਤੋਂ ਵਧ ਸਤਕ
ਨੰਗੇ ਕੇਸੀਂ ਟੱਟੀ ਪਿਸ਼ਾਬ ਨਾ ਜਾਵੇ, ਬਾਹਰ ਨਾ ਫਿਰੇ, ਅ
ਨਾ ਕਰੇ।

ਗੁਰ ਕੇ ਛੋਡ ਅਵਰ ਸਿਉ ਮਾਂਗੈ । ਰਾਤੀ ਸਵੈ ਤੇ
ਹੋਇ ਨਾਂਗੈ। ਨਗਨ ਹੋਇ ਕਰ ਭੋਗ ਜੋ ਕਰੈ
ਨਗਨ ਹੋਇ ਜਲ ਮੱਜਨ ਕਰੈ। ੨੩।

ਕੇਸਾਂ ਦੀ ਸੇਵਾ ਤੇ ਸੰਭਾਲ ਲਈ ਕੰਘਾ ਕ
ਦਸਤਾਰ ਸਜਾਈ ਰਖਣਾ ਜ਼ਰੂਰੀ ਹੈ। ਛੋਟੀ ਦਸਤਾਰ
ਵੀ ਉਤਾਰਣੀ ਯੋਗ ਨਹੀਂ ਹੁਕਮ ਹੈ –

ਮਿਲ ਮਿਲ ਬੈਠਹਿ ਕੰਘਾ ਕਰ ਕਰ।
ਚੁਨ ਚੁਨਪਾਗ ਬੰਧਹਿ ਮੁਦ ਕਰ ਕਰ।
[ਗੁ. ਪ੍ਰ. ਸੂ. ਰਿ. ੩. ਅੰ ੨੧]

ਨੰਗੇ ਕੇਸੀ ਪ੍ਰਸ਼ਾਦ ਛੱਕਣਾ ਜਾਂ ਟੋਪੀ ਆਦਿ ਸਿਰ ਤੇ ਰੱਖਣਾ ਵੀ ਮਨ੍ਹਾ ਹੈ।

ਪਾਗ ਉਤਾਰ ਪ੍ਰਸਾਦਿ ਜੋ ਖਾਵੈ ਸੋ ਸਿਖ ਕੁੰਭੀ
ਨਰਕ ਸਿਧਾਵੈ । ਸਿਖ ਹੋਇ ਸਿਰ ਟੋਪੀ ਧਰੈ।
ਸਾਤ ਜਨਮ ਕੁਸਟੀ ਹੋਇ ਮਰੈ। (ਰਹਿਤ ਨਾਮਾ)

[ਉੱਤਰ ਪ੍ਰਸ਼ਨ ਭਾਈ ਨੰਦ ਲਾਲ ਜੀ ਅੰ. ੨੩–੨੪

ਇਹ ਠੀਕ ਹੈ ਕਿ ਇਨ੍ਹਾਂ ਹੁਕਮਾਂ ਦੀ ਉਲੰਘਣਾ ਕਰਨ ਵਾਲੇ ਬਾਗ਼ੀ ਹੋਏ ਫਿਰਦੇ ਹਨ, ਅਤੇ ਉਹ ਸਮਝਦੇ ਹਨ ਕਿ ਸਾਨੂੰ ਤਨਖ਼ਾਹ (ਡੰਡ) ਲਾਉਣ ਵਾਲਾ ਕੋਈ ਨਹੀਂ, ਪਰ ਉਨ੍ਹਾਂ ਨੂੰ ਇਹ ਭੁਲਣਾ ਨਹੀਂ ਚਾਹੀਦਾ ਕਿ ਹਾਜ਼ਰਾ ਹਜ਼ੂਰ ਸਤਿਗੁਰੂ ਸਾਡੇ ਖ਼ਿਆਲਾਂ ਨੂੰ ਜਾਨਣ ਵਾਲੇ (ਅੰਤਰਜਾਮੀ) ਹਨ ਅਤੇ ਹਰ ਸਮੇਂ ਸਾਨੂੰ ਡੰਡ ਲਾ ਸਕਦੇ ਹਨ, ਅਰਥਾਤ ਉਕਤ ਹੁਕਮ ਦੀ ਉਲੰਘਣਾ ਕਰਨ ਨਾਲ ਦੋਸ਼ੀ ਕਿਸੇ ਵੇਲੇ ਭੀ ਗੁਰੂ ਘਰ ਤੋਂ ਫਿਟਕਾਰਿਆ ਜਾ ਸਕਦਾ ਹੈ। ਦੁਨਿਆਵੀ ਸਜ਼ਾ ਤੋਂ ਗੁਰੂ ਦੀ ਸਜ਼ਾ ਵਧੇਰੇ ਡਾਢੀ ਹੈ, ਇਸ ਲਈ ਉਸ ਤੋਂ ਬਚਣਾ ਤੇ ਗੁਰੂ ਕੇ ਹੁਕਮ ਦੀ ਪਾਲਣਾ ਕਰਨੀ ਜ਼ਰੂਰੀ ਹੈ। ਸੋ ਕੇਸ ਧੋਣ ਜਾਂ ਸੁਕਾਉਣ ਤੋਂ ਬਿਨਾਂ ਕਿਸੇ ਵੇਲੇ ਵੀ ਨੰਗੇ ਨਹੀਂ ਰਖਣੇ ਚਾਹੀਦੇ।

ਨੰਗੇ ਕੇਸੀਂ ਘਰੋਂ ਬਾਹਰ ਫਿਰਨਾ ਜਾਂ ਕੇਸਾਂ ਨੂੰ (ਬਿਨਾ ਸੁਕਾਉਣ ਦੇ ਸਮੇਂ ਤੋਂ) ਖੁਲ੍ਹਾ ਰਖਣਾ ਵੀ ਯੋਗ ਨਹੀਂ ਹੁਕਮ ਹੈ:–

ਦੋਹਰਾ–ਨਗਨ ਹੋਇ ਬਾਹਰ ਫਿਰੈ, ਨਗਨ ਸੀਸ ਜੋ ਖਾਇ।
ਨਗਨ ਪ੍ਰਸਾਦਿ ਜੋ ਬਾਟਈ, ਤਨਖਾਹੀ ਬਡੋ ਕਹਾਇ।



ਰਖਹਿ ਨ ਕੇਸ ਖੁਲ੍ਹੇ ਕਰ ਜੂੜਾ।
ਦੇ ਦਸਵੰਧ ਗੁਰੂ ਕੋ ਰੂੜਾ ।੩੨।
(ਗੁ. ਪ੍ਰ. ਸੂ. ਰਿ. ੩. ਅੰ. ੫੦)

ਅਜ ਸਿੱਖ ਮਹਿਸੂਸ ਹੀ ਨਹੀਂ ਕਰ ਰਿਹਾ ਕਿ ਕੇਸ
ਬੇਅਦਬੀ ਗੁਰੂ ਕੇ ਸਰੂਪ ਦੀ ਬੇਅਦਬੀ ਹੈ, ਅਤੇ ਸਮਾਜ, ਭਾਈ
ਅਥਵਾ ਮਾਤਾ ਪਿਤਾ ਦੀ ਪ੍ਰਵਾਹ ਤਕ ਨਾ ਕਰ ਕੇ ਸਿਖ ਨੌਜ
ਮੂੰਹ ਸਿਰ ਮੁੰਨਾ ਦੇਂਦੇ ਹਨ, ਪਰ ਕੋਈ ਸਮਾਂ ਸੀ ਜਦ ਧੋਖੇ ਨਾ
ਜੇ ਕਿਸੇ ਸਿਖ ਦੇ ਕੇਸ ਕਟੇ ਜਾਂਦੇ ਸਨ ਤਾਂ ਉਹ ਇਸ ਗ਼ਮ
ਖ਼ੁਦਕਸ਼ੀ ਕਰ ਕੇ ਮਰ ਜਾਣ ਨੂੰ ਤਿਆਰ ਹੋ ਜਾਂਦਾ ਸੀ।

ਭਾ: ਸੁੱਖਾ ਸਿੰਘ ਮਾੜੀ ਕੰਬੋ ਜਦ ਸਿੰਘ ਸਜ ਗਏ ਤਾਂ
ਆਈ. ਡੀ. ਉਨ੍ਹਾਂ ਦੀ ਭਾਲ ਵਿਚ ਲਗ ਗਈ, ਅਤੇ ਉਸ
ਪ੍ਰਵਾਰ ਨੂੰ ਤੰਗ ਕਰਨ ਲਗੀ। ਇਕ ਦਿਨ ਜਦ ਸੁੱਖਾ ਸਿੰ
ਘਰ ਆਏ ਤਾਂ ਮਾਤਾ ਪਿਤਾ ਅਥਵਾ ਸਾਰੇ ਪ੍ਰਵਾਰ ਨੇ ਮਜਬੂਰ
ਕਿ ਤੂੰ ਸਿਖੀ ਤਿਆਗ ਦੇਹ:–

'ਮਾਤ ਪਿਤਾ ਭਾਈ ਤ੍ਰਿਆ ਟੇਰੇ।
ਤੂੰ ਪਕਰਯੋ ਜਏ ਹੈਂ ਕਿਸਿ ਬੇਰੇ।
ਇਹੁ ਸਿੱਖੀ ਅਤਿ ਬੁਰੀ ਬਲਾ ਹੈ।
ਪਾਇ ਰਖੀ ਨਿਜ ਗਲ ਤੈਂ ਪਾ ਹੈ।
**ਕੇਸ** ਮੁੰਡਾਇ ਛੋੜ ਅਬ ਸਿਰ ਕੇ।
ਬਨੇ ਰਹੁ ਮੋਨੇ ਸਿਖ ਗੁਰ ਕੇ।
ਸੁਨ ਕੈ ਸਿੰਘ ਲੜਯੋ ਉਨ ਸੰਗੈ।
ਉਨ ਮਿਲ ਕੀਨੋ ਦਗਾ ਕੁਢੰਗੈ।
ਸਾਗ ਬੀਚ ਬਹੁ ਭੰਗ ਖੁਵਾਈ।
ਸੋਯੋ ਜਬ ਸਿਰ ਦਯੋ ਮੁੰਡਾਈ।

ਜਾਗ ਜਵੈ ਸਿਖ ਸਿਰ ਹਥ ਫੇਰਾ।
ਰੋਯੋ । ਮਾਂਡੀ ਰਾਰ ਬਧੇਰਾ।
ਆਖਰ ਇਨ ਮਨ ਇਹ ਦਿੜ ਠਯੋ।
**ਕੇਸਨ** ਸੰਗ ਧਰਮ ਮਮ ਗਯੋ।
ਅਬ ਜੀਵਨ ਨਿਸਫਲ ਹੈ ਮੇਰਾ।
ਡੂਬ ਕੂਪ ਮੈ ਮਰਨ ਚੰਗੇਰਾ।
ਛਾਲ ਕੂਪ ਮਹਿ ਮਾਰੀ ਜਾਇ।
ਕਾਢਨ ਗਏ ਸਬੰਧੀ ਧਾਇ।
ਉਹ ਨਾ ਨਿਕਸੇ ਮਰਨਾ ਚੈਹੈ।
ਤਬ ਇਕ ਸਿਖ ਕਹਯੋ ਇਮ ਐਹੈ।
ਯੋ ਆਤਮਘਾਤੀ ਕਯੋਂ ਥੈ ਹੈ।
ਮਿਲੋ ਖਾਲਸੇ ਕੇ ਸੰਗ ਧੈਹੈ।
ਇਹੀ ਬਚਨ ਸੁੱਖਾ ਸਿੰਘ ਮਾਨਾ।
ਇਸ ਹੀ ਮੈ ਨਿਜ ਲਖੀ ਕਲਯਾਨਾ।
[ਪੰ: ੫ ਧਿ: ੮੨ ਪੰ: ੬੩੩]

ਉਸ ਦਿਨ ਤੋਂ ਹੀ ਆਪ ਫਿਰ ਕੇਸ ਰੱਖ ਕੇ ਖਾਲਸਾ ਪੰਥ ਨਾਲ ਜਾ ਰਲੇ ਅਤੇ ਦੇਸ ਅਥਵਾ ਧਰਮ ਦੀ ਰੱਖਿਆ ਲਈ ਮਹਾਨ ਘਾਲਾਂ ਘਾਲ ਕੇ ਸਿੱਖ ਇਤਿਹਾਸ ਵਿਚ ਬਹੁਤ ਉੱਚਾ ਨਾਮਨਾ ਪ੍ਰਾਪਤ ਕੀਤਾ।

ਇਸੇ ਤਰ੍ਹਾਂ ਹੋਰ ਬਿਅੰਤ ਪੁਰਾਤਨ ਗੁਰ ਸਿੱਖਾਂ ਨੇ ਕੇਸਾਂ ਦੇ ਅਦਬ ਨੂੰ ਕਾਇਮ ਰਖਣ ਲਈ ਵਡੀ ਤੋਂ ਵਡੀ ਕੁਰਬਾਨੀ ਕਰਨ ਤੋ ਸੰਕੋਚ ਨਹੀਂ ਕੀਤਾ।

ਬਾਬਾ ਆਲਾ ਸਿੰਘ ਜੀ (ਪਟਿਆਲਾ ਪਤੀ) ਦਾ ਨਾਮ ਸਿੱਖ ਇਤਿਹਾਸ ਵਿਚ ਸੂਰਜ ਵਾਂਗ ਰੋਸ਼ਨ ਹੈ, ਅਹਿਮਦ ਸ਼ਾਹ ਅਬਦਾਲੀ



ਦੇ ਹਮਲੇ ਸਮੇਂ ਉਨ੍ਹਾਂ ਦੇ ਸਾਹਮਣੇ ਇਕ ਔਕੜ ਪੇਸ਼ ਆਈ
ਇਹ, ਕਿ ਪੰਥ ਦਾ ਸਾਥ ਦੇਣ ਜਾਂ ਹਕੂਮਤ ਦਾ, ਆਖਰ ਉ
ਪੰਥ ਦਾ ਸਾਥ ਦੇਣ ਦਾ ਤਹੱਈਆ ਕਰ ਲਿਆ। ਅਹਿਮਦ
ਕ੍ਰੋਧ ਵਿਚ ਆ ਕੇ ਇਕ ਤਕੜਾ ਹਮਲਾ ਕੀਤਾ ਤੇ ਮਹਾਰਾਜਾ
ਸਿੰਘ ਨੂੰ ਕੈਦ ਕਰ ਲਿਆ ਅਤੇ ਉਨ੍ਹਾਂ ਦੇ ਜਬਰੀ ਕੇਸ ਕੱ
ਹੁਕਮ ਦੇ ਦਿਤਾ।ਜਦ ਬਾਬਾ ਆਲਾ ਸਿੰਘ ਨੂੰ ਪਤਾ ਲਗਾ ਤਾਂ
ਸ਼ਾਹ ਵਲੀ ਖਾਂ ਦੀ ਮਾਰਫਤ ਅਬਦਾਲੀ ਨੂੰ ਕਹਾ ਭੇਜਿਆ
ਲੱਖ ਰੁਪਿਆ ਲੈ ਲਵੇ, ਪਰ ਮੇਰੇ ਕੇਸ ਨ ਕੱਟੋ। ਆਖਰ ਸ
ਨਕਦ ਤੇ ਪੰਜ ਲੱਖ ਸਾਲਾਨਾ ਲੈਣਾ ਕਰ ਕੇ ਅਹਿਮਦ
ਮਹਾਰਾਜਾ ਨੂੰ ਰਿਹਾ ਕਰ ਦਿਤਾ।*

ਇੰਨੀ ਵਡੀ ਰਕਮ ਬਾਬਾ ਆਲਾ ਸਿੰਘ ਨੇ ਕੇਵ
ਖਿਆਲ ਨਾਲ ਦੇਣੀ ਪ੍ਰਵਾਨ ਕੀਤੀ ਸੀ ਕਿ ਉਨ੍ਹਾਂ ਦੇ ਕੇ
ਬੇਅਦਬੀ ਨਾ ਕੀਤੀ ਜਾਵੇ। ਕਾਸ਼! ਕਿ ਅਜ ਕਲ੍ਹ ਦੇ ਰਾਜੇ
ਅਤੇ ਹੋਰ ਅਮੀਰ ਤਬਕੇ ਦੇ ਸਿੱਖ ਪੁਰਾਤਨ ਸਿਖ ਰਾਜੇ ਮਾਹ
ਦੇ ਜੀਵਨ ਤੋਂ ਸਿਖਿਆ ਪ੍ਰਾਪਤ ਕਰਨ ਅਤੇ ਕੇਸਾਂ ਅਥਵਾ ਗੁ
ਦੀ ਹੋਰ ਰਹਿਤ ਬਹਿਤ ਵਿਚ ਪ੍ਰਪੱਕ ਰਹਿਣ।

## ਕੇਸ਼ਾਂ ਦੀ ਮਹੱਤਤਾ ਦੇ ਪਰਤੱਖ ਸਬੂ

ਕੇਸਾਂ ਦਾ ਮਜ਼ਮੂਨ, ਇਕ ਅਹਿਮ ਮਜ਼ਮੂਨ ਹੈ,
ਸਦੀਆਂ ਤੋਂ ਬਹਿਸ ਮੁਬਾਹਿਸਾ ਅਤੇ ਚਰਚਾ ਚਲਦੀ ਆ
ਭਾਵੇਂ ਇਹ ਬਹਿਸ ਦਾ ਵਿਸ਼ਾ ਨਹੀਂ, ਕਿਉਂਕਿ ਇਹ
ਰਚਨਾ ਹੈ ਅਤੇ ਸਰੀਰ ਦਾ ਇਕ ਅੰਗ ਹੈ, ਪਰ ਰੱਬ

---

*ਇਤਿਹਾਸਕ ਲੈਕਚਰ ਸਫਾ ੧੮੭।

ਅਤੇ ਆਪ ਹੁਦਰੇ ਲੋਕਾਂ ਨੇ ਬਦੋਬਦੀ ਇਸ ਨੂੰ ਬਹਿਸ ਦਾ ਮਜ਼ਮੂਨ ਬਣਾ ਦਿਤਾ ਹੈ।

ਹੁਣ ਤਕ ਕੁਝਕੁ ਸਿੱਖ ਵਿਦਵਾਨਾਂ ਨੇ ਇਸ ਪਰ ਜੋ ਖੋਜ ਕੀਤੀ ਹੈ, ਉਹ ਸ਼ਲਾਘਾਯੋਗ ਹੈ, ਪਰ ਉਸ ਨੂੰ ਕਈ ਪੱਖਾਂ ਤੋਂ ਅਪੂਰਨ ਅਨੁਭਵ ਕਰਦੇ ਹੋਏ ਦਾਸ ਨੇ ਇਹ 'ਕੇਸ ਚਮਤਕਾਰ' ਪੁਸਤਕ ਲਿਖਣ ਦਾ ਯਤਨ ਕੀਤਾ ਹੈ । ਭਾਵੇਂ ਇਸ ਨੂੰ ਵੀ ਸੰਪੂਰਨ ਨਹੀਂ ਕਹਿ ਸਕਦਾ, ਕਿਉਂਕਿ ਕੇਸਾਂ ਦੀ ਮਹੱਤਤਾ ਬਾਰੇ ਬਹੁਤ ਕੁਝ ਸੰਸਾਰ ਭਰ ਦੇ ਸਾਹਿਤ ਵਿਚ ਮਿਲਦਾ ਹੈ, ਪਰ ਫਿਰ ਵੀ ਇਹ ਕੋਸ਼ਿਸ਼ ਕੀਤੀ ਹੈ ਕਿ ਹਰ ਪਹਿਲੂ ਤੋਂ ਇਸ ਨੂੰ ਸਪੱਸ਼ਟ ਰੂਪ ਵਿਚ ਦੁਨੀਆਂ ਦੇ ਸਾਹਮਣੇ ਰਖਿਆ ਜਾ ਸਕੇ।

ਇਥੇ ਕੁਝਕੁ ਸਮਾਚਾਰ ਨਵੇਂ ਪ੍ਰਾਪਤ ਹੋਏ ਵੀ ਲਿਖਣੇ ਜ਼ਰੂਰੀ ਸਮਝੇ ਹਨ, ਜੋ ਪਾਠਕਾਂ ਦੀ ਦਿਲਚਸਪੀ ਵਿਚ ਅਵੱਸ਼ ਵਾਧਾ ਕਰਨਗੇ ।

(੧)

ਸੰਸਾਰ ਭਰ ਦੇ ਕਿਸੇ ਵੀ ਮਜ਼੍ਹਬ ਜਾਂ ਮੁਲਕ ਦਾ ਫਕੀਰੀ ਅਤੇ ਰੂਹਾਨੀਅਤ ਵਲ ਝੁਕਾਓ ਰਖਣ ਵਾਲਾ ਜਾਂ ਮਹਾਨ ਸਾਹਿਤਕਾਰ ਬੰਦਾ ਕੇਸਾਧਾਰੀ ਹੋਇਆ ਹੈ ਅਤੇ ਇਹ ਗਲ ਕਿਸੇ ਤੋਂ ਗੁਝੀ ਛਿਪੀ ਨਹੀਂ । ਇਕ ਨੂਰਾਨੀ ਦਾੜ੍ਹੇ ਵਾਲੇ ਸਮਾਜੀ ਸੱਜਣ ਨੇ ਇਕ ਵੇਰਾਂ ਦਸਿਆ ਕਿ ਮੈਂ ਡਾਕਟਰ ਹਾਂ ਅਤੇ ਇਹ ਸੋਚ ਕੇ ਕਿ ਦਾੜ੍ਹੇ ਦੀ ਬਜ਼ੁਰਗੀ ਕਾਰਣ ਹੀ ਜ਼ਨਾਨਾ ਮਰੀਜ਼ਾਂ ਵਿਚ ਮੇਰੀ ਪ੍ਰੈਕਟਿਸ ਵਧ ਸਕਦੀ ਅਤੇ ਦਾੜ੍ਹੇ ਦੀ ਸ਼ਰਮ ਕਾਰਨ ਮੇਰਾ ਜੀਵਨ ਸੁੱਚਾ ਰਹਿ ਸਕਦਾ ਹੈ, ਮੈਂ ਦਾੜ੍ਹੀ ਰਖੀ ਹੋਈ ਹੈ। ਐਥੋਂ ਤਕ ਕਿ ਨਾਟਕ ਚੇਟਕ ਅਰਥਾਤ ਜਾਦੂ ਟੂਣੇ, ਭੂਤਾਂ ਪ੍ਰੇਤਾਂ ਦੇ ਮੰਤ੍ਰ ਸਾਧਨ ਵਾਲੇ ਵੀ ਉਸ ਸਮੇਂ ਵਿਚ ਹਜਾਮਤ ਨਹੀਂ ਕਰਵਾਂਦੇ ਤਾਂ ਕਿ ਮੰਤ੍ਰ ਪੂਰਾ ਅਸਰਦਾਇਕ ਰਹੇ।

(੨)

ਮਹਾਤਮਾਂ ਬੁੱਧ ਦੇ ਜੀਵਨ ਵਿਚ ਪਾਠਕਾਂ ਨੇ ਇਹ ਵਾ
ਆਮ ਪੜ੍ਹੀ ਹੋਵੇਗੀ ਕਿ ਜਦ ਉਹ ਸੰਸਾਰ ਵਲੋਂ ਉਪਰਾਮ ਬਿ
ਹੋ ਕੇ ਘਰੋਂ ਨਿਕਲ ਤੁਰੇ ਅਤੇ 'ਨਿਰਜਨਾ' ਨਦੀ ਪਾਰ ਕਰਨ ਲ
ਤਾਂ ਆਪਣੇ ਅਤਿ ਪਿਆਰੇ ਟਹਿਲੀਏ 'ਚੰਨ' ਨੂੰ ਕਹਿਣ ਲਗੇ ਕਿ
ਮੈਂ ਹੁਣ ਜੀਵਨ ਭਰ ਲਈ ਗ੍ਰਿਹਸਤ ਤਿਆਗ ਚਲਿਆ ਹਾ
ਮੇਰੇ ਘਰ ਕਹਿ ਦੇਈਂ ਕਿ ਕੋਈ ਮੇਰਾ ਪਿੱਛਾ ਨਾ ਕਰੇ।

ਇਹ ਸੁਣ ਕੇ ਚੰਨ ਨੇ ਕਿਹਾ ਮਹਾਰਾਜ ! ਆਪ ਦਾ ਵੈ
ਧਾਰਨ ਕਰਨਾ ਅਤੇ ਘਰੋਂ ਚਲੇ ਜਾਣਾ ਸੁਣ ਕੇ ਨਗਰੀ
ਹਾਹਾਕਾਰ ਮਚ ਜਾਵੇਗੀ, ਆਪ ਦੇ ਪਿਤਾ ਇਸ ਸਦਮੇ ਨੂੰ ਨ
ਸਹਾਰ ਸਕਣਗੇ, ਇਹ ਕਿਵੇਂ ਹੋ ਸਕਦਾ ਹੈ ਕਿ ਆਪ ਦਾ ਪਿ
ਨਹੀਂ ਕੀਤਾ ਜਾਵੇਗਾ।

ਇਹ ਸੁਣ ਕੇ ਰਾਜਕੁਮਾਰ 'ਸਧਾਰਥ' ਨੇ ਸੋਚਿਆ ਕੀ ਵਿ
ਕਰਾਂ ਕਿ ਮੇਰਾ ਪਰਵਾਰ ਮੇਰੇ ਤਿਆਗ ਦੇ ਰਾਹ ਵਿਚ ਰੁਕਾਵਟ
ਪਾ ਸਕੇ। ਆਖ਼ਰ ਉਸ ਨੂੰ ਇਕ ਵਿਉਂਤ ਸੁਝ ਹੀ ਗਈ, ਉਹ
ਕਿ ਉਨ੍ਹਾਂ ਦਿਨਾਂ ਵਿਚ ਜੇ ਕੋਈ ਕੇਸ ਕਟਾ ਦੇਂਦਾ ਸੀ, ਜਾਂ
ਅਪ੍ਰਾਧ ਬਦਲੇ ਉਸ ਦੇ ਕੇਸ ਕੱਟੇ ਜਾਂਦੇ ਸਨ, ਤਾਂ ਘਰ ਵਿਚ
ਦੇ ਮੱਥੇ ਲਗਣ ਨੂੰ ਕੋਈ ਤਿਆਰ ਨਹੀਂ ਸੀ ਹੁੰਦਾ।

ਇਹ ਸੋਚ ਕੇ ਰਾਜਕੁਮਾਰ ਨੇ ਆਪਣੇ ਕੇਸ ਕੱਟ ਕੇ ਚੰ
ਹੱਥੀਂ ਘਰ ਭੇਜ ਦਿਤੇ, ਕਿ ਇਸ ਤਰ੍ਹਾਂ ਨਾ ਕੋਈ ਮੇਰੇ ਮੱਥੇ ਲਗ
ਤਿਆਰ ਹੋਵੇਗਾ, ਤੇ ਨਾ ਮੇਰੇ ਰਾਹ ਵਿਚ ਰੋੜਾ ਬਣੇ
ਪਰ ਪਿਛੋਂ ਉਨ੍ਹਾਂ ਨੇ ਕੇਸ ਰਖ ਲਏ ਜੋ ਉਨ੍ਹਾਂ ਦੇ
ਬੁੱਤਾਂ ਦੇ ਸਿਰ ਸਜੇ ਜੂੜਿਆਂ ਤੋਂ ਸਾਫ ਜ਼ਾਹਿਰ ਹੈ।

ਪਿਛਲੇ ਸਾਲ ਥਾਈਲੈਂਡ ਦੇ ਦੌਰੇ ਸਮੇਂ ਲੇਖਕ ਨੇ
ਵੇਖਿਆ ਕਿ ਦੇਸ਼ ਭਰ ਵਿਚ ਜੋ ੨੨ ਹਜ਼ਾਰ ਦੇ ਕਰੀਬ ਮੰਦਰ ਹੈ,

ਵਿਚ ਤਿੰਨ ਹਜ਼ਾਰ ਕੇਵਲ ਸ਼ਹਿਰ ਬੈਂਕੋਕ ਵਿਚ ਹੈ) ਉਨ੍ਹਾਂ ਵਿਚ ਆਮ ਬੁੱਤ ਕੇਸਾਂ ਵਾਲੇ ਹਨ।

੩

ਬੈਂਕੋਕ ਵਿਚ ਇਕ 'ਤ੍ਰੈਈ ਮਿੱਤ੍ਰ' ਨਾਂ ਦਾ ਮੰਦਰ ਵੇਖਿਆ, ਜਿਸ ਵਿਚ ਸਾਢੇ ਪੰਜ ਟਨ ਸੋਨੇ ਦਾ ਮਹਾਤਮਾਂ ਬੁੱਧ ਦਾ ਬੁੱਤ ਹੈ, ਜਿਸ ਦੇ ਸਿਰ ਤੇ ਜੂੜਾ ਹੈ।

ਇਸ ਮੰਦਰ ਦਾ ਨਾਂ ਤ੍ਰੈਈਮਿੱਤਰ ਹੋਣ ਦਾ ਇਤਿਹਾਸ ਇਹ ਹੈ ਕਿ ਤਿੰਨ (ਆਪੋ ਵਿਚ ਮਿੱਤਰ) ਸਾਧੂਆਂ ਦੇ ਨਾਂ ਤੇ ਬਣਿਆ ਹੈ, ਜਿਨ੍ਹਾਂ ਦੀਆਂ ਤਸਵੀਰਾਂ ਅੰਦਰ ਟੰਗੀਆਂ ਹੋਈਆਂ ਹਨ,ਜੋ ਸੁੰਦਰ ਖੁਲ੍ਹੇ ਦਾੜ੍ਹੇ ਤੇ ਕੇਸਾਂ ਵਾਲੀਆਂ ਹਨ। ਚੀਨ ਵਿਚ ਧਰਮਵਾਦੀ ਲੋਕ ਸਾਰੇ ਹੀ ਇਨ੍ਹਾਂ ਸਾਧੂਆਂ ਦੀ ਪੂਜਾ ਉਪਾਸ਼ਨਾ ਕਰਦੇ ਹਨ। ਅਜੇ ਵਧੇਰੇ ਖੋਜ ਕਰਨ ਦੀ ਲੋੜ ਹੈ, ਸੰਭਵ ਹੈ ਕਿ ਇਹ ਗੁਰੂ ਨਾਨਕ, ਭਾਈ ਮਰਦਾਨਾ ਤੇ ਭਾਈ ਬਾਲਾ ਦੀਆਂ ਹੋਣ। ਕਿਉਂਕਿ ਇਤਿਹਾਸ ਵਿਚ ਲਿਖਿਆ ਹੈ ਕਿ ਗੁਰੂ ਨਾਨਕ ਦੇਵ ਚੀਨ ਵਿਚ ਗਏ ਹਨ ਅਤੇ ਉਥੇ ਆਪ ਦੇ ਨਾ ਤੇ ਹੀ ਇਕ ਸ਼ਹਿਰ ਆਬਾਦ ਹੈ ਜਿਸ ਦਾ ਨਾਮ 'ਨਾਨਕਿਨ' ਹੈ।

( ੪ )

੨੫-੬-੬੩ ਨੂੰ ਬੈਂਕੋਕ ਵਿਚ ਇਕ ਹੋਰ ਮੰਦਰ ਲੇਖਕ ਨੇ ਵੇਖਿਆ ਜਿਸ ਦਾ ਨਾਮ 'ਵੱਟ ਸਹੰਮਨਾ ਬੋਰੀ ਹਾਨ' ਹੈ ਜਿਸ ਦੇ ਥਾਈਂ ਬੋਲੀ ਵਿਚ ਅਰਥ ਹਨ 'ਅਹਾਰ ਤੋਂ ਪਹਿਲੇ ਪੂਜਾ ਪਾਠ ਵਾਲਾ ਮੰਦਰ'। ਇਥੋਂ ਦੇ ਮੁਖੀ ਸਾਧੂ ਦੀ ਤਾਬਿਆਦਾਰੀ ਅਤੇ ਆਮ ਪ੍ਰਬੰਧ ਸਰਕਾਰ ਵਲੋਂ ਹੈ। ਇਹ ਸਾਧੂ ਕਾਫੀ ਉਮਰ ਦਾ ਹੈ ਜੋ ਚੀਨਾ ਹੈ, ਪਰ ਨੌਜਵਾਨ ਲਗਦਾ ਹੈ। ਕੁਝ ਨਾਟਕ ਚੇਟਕ ਅਤੇ ਰੂਹਾਂ ਬੁਲਾਣ ਵਿਚ ਵੀ ਪ੍ਰਸਿੱਧ ਹੈ। ਜਦ ਅਸੀਂ ਇਸ ਮੰਦਰ ਨੂੰ ਵੇਖਣ ਗਏ ਤਾਂ ਸ਼ਹਿਰ ਦੇ ਪਤਵੰਤੇ ਸੱਜਣ ਸ: ਨਿਰੰਜਨ ਸਿੰਘ, ਸ: ਪ੍ਰਤਾਪ



ਸਿੰਘ, ਸ: ਸਰਦਾਰ ਸਿੰਘ ਅਤੇ ਸ: ਨਰੈਣ ਸਿੰਘ ਜੀ ਸ਼ਗੁਫ
ਮੇਰੇ ਨਾਲ ਸਨ।

ਰਹਿਰਾਸ ਸਾਹਿਬ ਦੇ ਪਾਠ ਦਾ ਸਮਾਂ ਹੋ ਗਿਆ ਸੀ,
ਆਣ ਤਕ ਮੰਦਰ ਵਿਚ ਹੀ ਦਾਸ ਨੇ ਰਹਿਰਾਸ ਸਾਹਿਬ ਦ
ਕੀਤਾ,ਪਾਠ ਦੇ ਦੌਰਾਨ ਹੀ ਜਦ ਉਹ ਆਇਆ ਤਾਂ ਉਸਨੇ ਗੁ
ਦੇ ਪਾਠ ਨੂੰ ਪਹਿਲੇ ਨਮਸ਼ਕਾਰ ਕੀਤੀ, ਅਰਦਾਸ ਵਿਚ ਹਥ
ਖੜਾ ਰਿਹਾ ਅਤੇ ਭੋਗ ਪਿਛੋਂ ਮੇਰੀਆਂ ਅੱਖਾਂ ਵਿਚ ਅੱਖਾਂ
ਅਤੇ ਮੇਰੇ ਦੋਵੇਂ ਹਥ ਆਪਣੇ ਹੱਥਾਂ ਵਿਚ ਫੜ ਕੇ ਕੁਝ ਜ਼ੋਰ ਅ
ਕਰਨ ਲਗਾ। ਸ: ਨਰੈਣ ਸਿੰਘ ਜੀ ਨੇ ਮੈਨੂੰ ਦਸਿਆ ਸੀ ਕਿ
ਹਰ ਇਕ ਨਾਲ ਨਾਟਕ ਚੇਟਕ ਦੇ ਦੋ ਹੱਥ ਕਰਦਾ ਹੈ,
ਰਹਿਣਾ। ਮੈਂ ਉਸ ਦੇ ਪ੍ਰਭਾਵ ਹੇਠਾਂ ਨਾ ਆਇਆ ਅਤੇ ਦਿ
ਵਾਹਿਗੁਰੂ ਮੰਤਰ ਦਾ ਜਾਪ ਕਰਦਾ ਰਿਹਾ। ਆਖਰ ਉਸ ਨੇ
ਹੱਥ ਛਡ ਦਿਤੇ ਤੇ ਥਾਈ ਜ਼ਬਾਨ ਵਿਚ ਸ: ਨਰੈਣ ਸਿੰਘ ਜੀ ਨੂੰ
ਲਗਾ, ਇਸ ਦੇ ਕੋਲ ਜੋ ਮੰਤਰ ਹੈ,ਉਸ ਤੇ ਮੇਰਾ ਵਸ ਨਹੀਂ ਚ
ਉਸ ਮੰਦਰ ਵਿਚ ਵੀ ਉਨ੍ਹਾਂ ਤਿੰਨ ਸਾਧੂਆਂ ਦੀਆਂ ਸਾਬਤ
ਤਸਵੀਰਾਂ ਟੰਗੀਆਂ ਹੋਈਆਂ ਸਨ ਅਤੇ ਇਕ ਹੋਰ ਸਾਧੂ ਦੀ '
ਸੂਰਤ' ਵਖਰੀ ਤਸਵੀਰ ਸੀ, ਜਿਸ ਦੇ ਬਾਰੇ ਉਸ ਨੇ ਦਸਿ
ਇਸ ਸਾਧੂ ਦੀ ਉਮਰ ਇਸ ਵੇਲੇ ਤਿੰਨ ਸੌ ਸਾਲ ਦੇ ਕਰੀਬ ਹੈ
ਦਾ ਨਾਮ 'ਪੈਕੂੰਗ ਸੈਹਤਿਉਨ' ਹੈ ਅਤੇ ਇਹ ਅਜ ਵੀ ਸ਼ਾਹ
ਸਰਹੱਦ ਤੇ 'ਚੀਆਂਗ ਰਾਈ' ਨਾਂ ਦੀ ਪਹਾੜੀ ਵਿਚ ਤਪੱਸਿਆ
ਰਿਹਾ ਹੈ। ਇਸ ਦੇ ਤਪ ਤੇਜ ਅਥਵਾ ਬਲ ਦਾ ਇਕ ਮੁਖ
ਇਹ ਹੈ ਕਿ ਇਹ ਸਾਬਤ ਸੂਰਤ ਹੈ।

ਇਹ ਵੀ ਪਤਾ ਲਗਾ ਕਿ ਪੁਰਾਣੇ ਜ਼ਮਾਨੇ ਵਿਚ
ਸਭ ਲੋਕ ਕੇਸਾਧਾਰੀ ਹੁੰਦੇ ਸਨ, ਨਾਸਤਕਤਾ ਦੀ ਲਹਿਰ ਸਮੇਂ ਕ
ਦੇ ਜ਼ਬਰਨ ਜਦ ਕੇਸ ਕੱਟੇ ਜਾਣ ਲਗੇ, ਤਾਂ ਉਨ੍ਹਾਂ ਚੋਂ ਬਹੁ

ਨਸ ਕੇ ਪਹਾੜਾਂ ਵਿਚ ਚਲੇ ਗਏ, ਜਿਨ੍ਹਾਂ ਵਿਚ ਕਈ ਸਾਧੂ ਬਣ ਗਏ, ਪਰ ਕੇਸ ਨਾ ਕੱਟਣ ਦਿਤੇ।

( ੫ )

ਬੈਂਕੋਕ ਵਿਚ ਇਕ ਹੋਰ ਮੰਦਰ ਵੇਖਿਆ ਜਿਸ ਦੀ ਉਚਾਈ ੭੨ ਕਿਲੋ ਮੀਟਰ ਹੈ, ਇਸ ਨੂੰ ਰਾਜ ਦੇ ਪਹਿਲੇ ਬਾਦਸ਼ਾਹ ਨੇ ਇਕ ਪਹਾੜੀ ਉਸਾਰ ਕੇ ਬਣਾਇਆ ਸੀ ਇਸ ਮੰਦਰ ਦਾ ਨਾਮ 'ਵਟ ਸਰਾ ਕੇਟ' ਹੈ। ਥਾਈ ਬੋਲੀ ਵਿਚ ਵਟ ਦੇ ਅਰਥ ਮੰਦਰ। ਸਰਾ=ਦੇ ਅਰਥ ਧੋਨਾ ਅਤੇ ਕੇਟ=ਦੇ ਅਰਥ ਕੇਸ ਹਨ। ਪ੍ਰਸਿਧ ਰਵਾਇਤ ਹੈ ਕਿ ਇਥੇ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਚਰਨ ਪਾਏ ਸਨ ਅਤੇ ਕੇਸ ਧੋਤੇ ਸਨ, ਜਿਸ ਕਰ ਕੇ ਇਸ ਦਾ ਨਾਮ ਹੀ ਕੇਸ ਧੋਣ ਵਾਲਾ ਮੰਦਰ ਪਿਆ। ਇਸ ਦੀ ਪੁਸ਼ਟੀ ਵਿਚ ਇਹ ਦਲੀਲ ਵੀ ਕਾਫੀ ਵਜ਼ਨਦਾਰ ਹੈ ਕਿ ਕੇਵਲ ਇਕੋ ਇਕ ਉਹ ਮੰਦਰ ਹੈ ਜਿਥੇ ਕਤਕ ਪੂਰਨਮਾਸ਼ੀ ਦਾ ਮੇਲਾ ਲਗਦਾ ਹੈ, ਜੋ ਗੁਰੂ ਨਾਨਕ ਦੇਵ ਜੀ ਦੇ ਚਰਨ ਪੈਣ ਅਤੇ ਕਿਸੇ ਸਮੇਂ ਗੁਰੂ ਸਾਹਿਬ ਦੀ ਪੈਰੋਕਾਰੀ ਦਾ ਪ੍ਰਤੱਖ ਸਬੂਤ ਹੈ। ਹੋਰ ਬਿਅੰਤ ਮੰਦਰ ਵੇਖੇ, ਜਿਨ੍ਹਾਂ ਵਿਚ ਰਾਜੇ, ਮਹਾਰਾਜੇ,ਰਿਸ਼ੀ ਮੁਨੀ ਅਤੇ ਸਾਧੂਆਂ ਦੀਆਂ ਲੱਖਾਂ ਰੁਪਿਆਂ ਦੀਆਂ ਧਾਤਾਂ ਤੋਂ ਬਣੀਆਂ ਸਭ ਮੂਰਤਾਂ ਕੇਸਾਂ ਤੇ ਦਾਹੜੇ ਵਾਲੀਆਂ ਸਾਬਤ ਸੂਰਤ ਹਨ।

ਸਭ ਤੋਂ ਮਹੱਤਵ ਪੂਰਨ ਗੱਲ ਉਥੇ ਇਹ ਵੇਖੀ ਕਿ ਅਜ ਵੀ ਮੌਜੂਦਾ ਬਾਦਸ਼ਾਹ (ਜਿਸ ਦਾ ਨਾਮ 'ਭੂਮੀਬਲ ਅਤੁਲਯ ਭੇਜ ਹੈ) ਦੇ ਪੂਜਾ ਪਾਠ ਕਰਨ ਵਾਲੇ ਸਾਰੇ ਪੰਡਤ ਕੇਸਾਧਾਰੀ ਹਨ, ਹੁਕਮਨ ਉਨ੍ਹਾਂ ਨੂੰ ਸਾਬਤ ਸੂਰਤ ਰਹਿਣਾ ਪੈਂਦਾ ਹੈ, ਇਸ ਜਗਤ ਪ੍ਰਸਿਧ ਰਵਾਇਤ ਕਾਰਨ ਕਿ 'ਕੇਸ ਕੱਟਿਆਂ ਪੂਜਾ ਪਾਠ ਲਈ ਆਤਮ ਬਲ ਅਥਵਾ ਤੇਜ ਪ੍ਰਤਾਪ ਨਹੀਂ ਰਹਿੰਦਾ।'

( ੬ )

ਸਿੰਘਾ ਪੁਰ ਵਿਖੇ ਆਮ ਬਜ਼ੁਰਗਾਂ ਨੇ ਦਸਿਆ ਕਿ ੧
ਵਿਚ ਜਦ ਜਾਪਾਨੀਆਂ ਨੇ ਹਮਲਾ ਕੀਤਾ ਤਾਂ ਸ਼ਹਿਰ ਤੇ ਕਬਜ਼ਾ
ਪਿਛੋਂ ਉਨ੍ਹਾਂ ਨੇ ਲੋਕਾਂ ਤੇ ਅਸਹਿ ਜ਼ੁਲਮ ਢਾਹੇ, ਪਰ ਕੇਸਾ
ਕਿਸੇ ਸਿੱਖ ਤੇ ਹੱਥ ਨਹੀਂ ਉਠਾਇਆ, ਇਥੋਂ ਤਕ ਕਿ ਕਿਸੇ
ਤੇ ਹਮਲਾ ਕਰਨ ਸਮੇਂ ਘਰ ਵਿਚ ਕੋਈ ਜੇ ਕੇਸਾਧਾਰੀ
ਵੇਖਿਆ ਤਾਂ ਉਸ ਮਕਾਨ ਦੇ ਦਰਵਾਜ਼ੇ ਤੇ ਲਿਖ ਕੇ ਲਾ ਗਏ
ਇਸ ਨੂੰ ਨਹੀਂ ਲੁੱਟਣਾ।

ਹੋ ਸਕਦਾ ਹੈ ਉਨ੍ਹਾਂ ਦੇ ਖਿਆਲ ਵਿਚ ਇਸ ਦਾ ਕ
ਕੇਵਲ ਇਹ ਹੋਇਆ ਹੋਵੇ ਕਿ ਇਹ ਹਿੰਦੁਸਤਾਨੀ ਹਨ ਅਤੇ
ਸਤਾਨੀਆਂ ਨੂੰ ਉਹ ਉਸ ਸਮੇਂ ਦੁਖ ਨਾ ਦੇਣਾ ਚਾਹੁੰਦੇ ਹੋਣ,
ਇਕ ਗਲ ਤਾਂ ਪਰਤੱਖ ਸੀ ਕਿ ਇਕ ਸਿਖ ਨੂੰ ਵੇਖਦੇ ਹੀ
ਜਾਣ ਜਾਂਦੇ ਸਨ ਕਿ ਇਹ ਹਿੰਦੁਸਤਾਨੀ ਹੈ, ਕਿਉਂਕਿ ਭ
ਸੱਭਯਤਾ ਨੂੰ ਇਕ ਸਿਖ ਨੇ ਹੀ ਜਿਉਂ ਦਾ ਤਿਉਂ ਸੰਭਾਲ ਕੇ ਰ
ਹੋਇਆ ਹੈ ਅਤੇ ਮੌਜੂਦਾ ਸਾਬਤ ਸੂਰਤ ਨੂੰ ਕਾਇਮ ਰੱਖਣ ਦੇ
ਗੁਰੂ ਨਾਨਕ ਦੇਵੇ ਜੀ ਦਾ ਅਵਤਾਰ ਵੀ ਭਾਰਤ ਵਿਚ ਹੀ ਹੋ
ਸੀ, ਇਸ ਲਈ ਇਕ ਸਿਖ ਲਈ ਸਹੀ ਭਾਰਤੀ ਹੋਣ ਦਾ
ਉਨ੍ਹਾਂ ਨੂੰ ਉਸ ਦੀ ਸਾਬਤ ਸੂਰਤ ਤੋਂ ਹੀ ਲਗ ਜਾਂਦਾ ਸੀ, ਜ
ਦੂਜੇ ਲੋਕਾਂ ਦੀ ਉਹ ਕੋਈ ਪਹਿਚਾਨ ਨਹੀਂ ਕਰ ਸਕਦੇ ਸ
ਉਹ ਕਿਸ ਮੁਲਕ ਦੇ ਰਹਿਣ ਵਾਲੇ ਹਨ।

( ੭ )

ਬੈਂਕੋਕ ਵਿਚ ਲੇਖਕ ਦੀ ਸ਼ਹਿਰੀ ਪਤਵੰਤਿਆਂ ਨੇ ੧-੬
ਨੂੰ ਕਰਨਲ ਭਿੰਨ ਨਾਲ ਵੀ ਉਚੇਚਾ ਤੌਰ ਤੇ ਮੁਲਾਕਾਤ
'ਜੋ ਪੰਜਾਬੀ ਸੂਬਾ ਮੋਰਚੇ ਦੇ ਦੌਰਾਣ ਹਿੰਦੁਸਤਾਨ ਆਇਆ ਸੀ
ਗੁਰਦਵਾਰਾ ਸੀਸ ਗੰਜ ਵਿਚ ਉਸ ਨੂੰ ਸਿਰੋਪਾਉ ਵੀ ਦਿਤਾ ਗਿ
ਸੀ, ਇਹ ਥਾਈਲੈਂਡ ਸਰਕਾਰ ਵਿਚ ਧਾਰਮਕ ਮਹਿਕਮੇ

ਵਜ਼ੀਰ ਹੈ, ਤੇ ਤਕੜਾ ਵਿਦਵਾਨ ਹੈ।'

ਜਦ ਅਸੀਂ (ਦਾਸ ਲੇਖਕ, ਸ੍ਰ. ਨਰੈਣ ਸਿੰਘ, ਸ੍ਰ. ਨਿਰੰਜਨ ਸਿੰਘ, ਅਤੇ ਸ੍ਰ. ਕਰਤਾਰ ਸਿੰਘ ਜੀ ਪ੍ਰਿੰਸੀਪਲ ਸਿਖ ਵਿਦਿਆਲਾ) ਉਸਦੇ ਬੰਗਲੇ ਵਿਚ ਦਾਖਲ ਹੋਏ ਤਾਂ ਇਕ ਭਾਰੀ ਲਾਇਬ੍ਰੇਰੀ ਵਿਚ ਸਭ ਤੋਂ ਪਹਿਲੇ ਜਿਸ ਕਿਤਾਬ ਤੇ ਨਜ਼ਰ ਪਈ, ਉਸ ਤੇ ਇੰਗਲਿਸ਼ ਵਿਚ ਲਿਖਿਆ ਸੀ 'ਗੁਰੂ ਨਾਨਕ'।

ਉਸ ਵਲੋਂ ਹੋਈ ਨਿੱਘੀ ਆਓਭਗਤ ਪਿਛੋਂ ਲੇਖਕ ਨੇ ਸ੍ਰ: ਨਰੈਣ ਸਿੰਘ (ਦੁਭਾਸ਼ੀਏ) ਰਾਹੀਂ ਉਸ ਤੇ ਪਹਿਲਾ ਸੁਆਲ ਇਹ ਕੀਤਾ ਕਿ ਹਿੰਦੁਸਤਾਨ ਦੇ ਦੌਰੇ ਤੋਂ ਤੁਹਾਡੇ ਤੇ ਕੀ ਪਰਭਾਵ ਪਿਆ ਹੈ? ਉਸਨੇ ਉਤ੍ਰ ਦਿਤਾ ਕਿ ਮੈਂ ਸਿਖ ਧਰਮ ਅਤੇ ਉਸ ਦੀ ਸੂਰਮਤਾ ਵੇਖ ਕੇ ਬਹੁਤ ਪ੍ਰਭਾਵਤ ਹੋਇਆ ਹਾਂ। ਮੈਂ ਮਾਸੂਸ ਕੀਤਾ ਹੈ ਕਿ ਸਿਖ ਧਰਮ ਦੀ ਭਲਾਈ ਵਿਚ ਹਿੰਦੁਸਤਾਨ ਦੀ ਭਲਾਈ ਹੈ, ਅਤੇ ਸਿਖ ਧਰਮ ਦੀ ਉੱਨਤੀ ਵਿਚ ਭਾਰਤ ਦੀ ਉੱਨਤੀ ਹੈ। ਜੇ ਸਿਖ ਧਰਮ ਨੂੰ ਪ੍ਰਫੁਲਤ ਹੋਣ ਦਾ ਪੂਰਾ ਮੌਕਾ ਮਿਲੇ, ਇਸ ਧਰਮ ਦੇ ਕਲਚਰਲ ਅਥਵਾ ਵਿਦਯਕ ਪਹਿਲੂਆਂ ਨੂੰ ਭਾਰਤੀ ਸਰਕਾਰ ਬਰਾਬਰਤਾ ਦਾ ਸਨਮਾਨ ਦੇਵੇ ਤਾਂ ਕੋਈ ਵਜ੍ਹਾ ਨਹੀਂ ਕਿ ਸਾਰਾ ਦੇਸ਼ ਉਨਤੀ ਦੀ ਸਿਖਰ ਨਾ ਛੋਹ ਸਕੇ। ਮੈਂ ਸਮਝਦਾ ਹਾਂ ਕਿ ਸਿਖ ਧਰਰਮ ਦਾ ਨੀਵਾਂ ਹੋਣਾ ਭਾਰਤੀ ਸਭਯੱਤਾ ਦਾ ਨੀਵਾਂ ਹੋਣਾ ਹੈ। ਮੇਰੇ ਖਿਆਲ ਵਿਚ ਸਿਖ ਹੀ ਇਕ ਅਜਿਹਾ ਹਿੰਦੁਸਤਾਨੀ ਹੈ, ਜਿਸ ਨੇ ਆਪਣੇ ਦੇਸ਼ ਦੀ ਪੁਰਾਤਨ ਸਭਯੱਤਾ ਅਤੇ ਲਿਬਾਸ ਨੂੰ ਜਿਉਂ ਦਾ ਤਿਉਂ ਕਾਇਮ ਰਖਿਆ ਹੋਇਆ ਹੈ। ਹੋਰ ਕਿਸੇ ਬੰਦੇ ਤੋਂ ਤਾਂ ਪੁਛ ਗਿਛ ਤੋਂ ਹੀ ਪਤਾ ਲਗੇਗਾ ਕਿ ਉਹ ਕਿਹੜੇ ਮੁਲਕ ਦਾ ਰਹਿਣ ਵਾਲਾ ਹੈ, ਪਰ ਇਕ ਸਿਖ ਨੂੰ ਵੇਖਦੇ ਹੀ ਪਤਾ ਲਗ ਜਾਂਦਾ ਹੈ ਕਿ ਇਹ ਹਿੰਦੁਸਤਾਨੀ ਹੈ।'

ਹੋਰ ਵੀ ਉਸ ਨੇ ਸਿਖ ਧਰਮ ਦੀ ਤਾਰੀਫ ਵਿਚ ਬਹੁਤ ਕੁਝ ਕਿਹਾ, ਜਿਸ ਦੇ ਬਿਆਨ ਵਿਚ ਸਾਬਤ ਸੂਰਤ ਸਿਖੀ ਦੀ ਬਹੁਤ ਸ਼ਲਾਘਾ ਸੀ।

(੮)

ਕੇਸਾਧਾਰੀ ਹੋਣਾ ਇਸ ਗੱਲ ਦਾ ਵੀ ਸਭ ਤੋਂ ਵਡਾ ਸ
ਕਿ ਇਕ ਇਨਸਾਨ ਆਪਣੇ ਧਰਮ ਅਤੇ ਇਸ਼ਟ ਦਾ ਕਿਤਨਾ ਵ
ਹੈ। ਅੰਗਰੇਜ਼ ਦੇ ਰਾਜ ਸਮੇਂ ਇਸੇ ਲਈ ਮਿਲਟਰੀ ਦੀ ਹਰ
ਵਿਚ ਸਿਖ ਜੁਆਨਾਂ ਨੂੰ ਉਚੇਚਾ ਤੋਰ ਤੇ ਪ੍ਰਬੰਧ ਕਰ ਕੇ ਅ
ਛਕਾਇਆ ਜਾਂਦਾ ਸੀ ਅਤੇ ਇਸ ਲਈ ਰਹਿਤ ਬਹਿਤ ਦੇ
ਗ੍ਰੰਥੀ ਰਖੇ ਜਾਂਦੇ ਸਨ। ਅੰਗਰੇਜ਼ ਇਹ ਸਮਝਦਾ ਸੀ ਕਿ ਸਿਖ
ਧਰਮ ਦੀ ਵਫਾਦਾਰੀ ਦੇ ਜਜ਼ਬੇ ਕਾਰਣ ਹੀ ਦੇਸ਼ ਦੇ ਵਫਾਦ
ਅਤੇ ਇਨ੍ਹਾਂ ਦੇ ਅੰਮ੍ਰਿਤ ਅਥਵਾ ਕੇਸਾਂ ਦੀ ਸਲਾਮਤੀ ਵਿਚ
ਅਥਾਹ ਬਲ ਹੈ ਕਿ ਇਹ ਪੋਰੀ ਪੋਰੀ ਕਟ ਮਰਦੇ ਹਨ, ਪਰ ਜੁ
ਵਿਚ ਪਿੱਠ ਨਹੀਂ ਦੇਂਦੇ। ਉਸ ਸਮੇਂ ਇਥੋਂ ਤਕ ਕਿ ਕਿਸੇ ਦਾਹੜ
ਜੁਆਨ ਦਾ ਝੱਟ ਕੋਟ ਮਾਰਸ਼ਲ ਹੋ ਜਾਂਦਾ ਸੀ ਅਤੇ ਉਸ ਨੂੰ
ਭੁਲ ਦੀ ਸਜ਼ਾ ਮਿਲਦੀ ਸੀ।

ਸਿੰਘਾਪੁਰ ਵਿਚ ਇਕ ਆਦਮੀ ਬਾਰੇ ਮੈਨੂੰ ਦਸਿਆ
ਕਿ ਇਹ ਇੰਗਲੈਂਡ ਗਿਆ ਸੀ, ਉਥੇ ਸਾਬਤ ਸੂਰਤ ਹੀ ਰਿ
ਇਕ ਯੋਰਪੀਨ ਲੜਕੀ ਨੇ ਇਸ ਦੇ ਨਾਲ ਸ਼ਾਦੀ ਕਰਾ ਲਈ
ਇਥੇ ਆ ਕੇ ਜਦ ਉਸ ਨੇ ਕੇਸ ਕਟਾ ਦਿਤੇ ਤਾਂ ਉਹ ਲੜਕੀ
ਛਡ ਕੇ ਚਲੀ ਗਈ ਕਿ ਜੋ ਆਪਣੇ ਧਰਮ ਦਾ ਵਫਾਦਾਰ ਨਹੀਂ
ਉਹ ਮੇਰਾ ਕਿਵੇਂ ਰਹਿ ਸਕਦਾ ਹੈ।

(੯)

ਆਜ਼ਾਦ ਹਿੰਦ ਫੋਜ ਦੇ ਸਮੇਂ ਦੀ ਬੰਕੋਕ ਵਿਚ ਵਾਪ
ਅੱਖੀਂ ਡਿੱਠੀ ਘਟਨਾ ਸ: ਨਰੈਣ ਸਿੰਘ ਸ਼ਗੁਫਤਾ ਨੇ ਲੇ
ਸੁਣਾਈ, ਕਿ ਮੇਰੀ ਡਿਊਟੀ ਉਨ੍ਹਾਂ ਦਿਨਾਂ ਵਿਚ ਨੇਤਾ ਜੀ ਦੀ
ਵਿਚ ਸੀ, ਜਦ ਕਿਸੇ ਫੋਜੀ ਨੇ ਨੇਤਾ ਜੀ ਨੂੰ ਦਸਿਆ ਕਿ ਇਕ
.........ਸਿੰਘ ਜੋ ਸਫਲ ਅਫਸਰ ਹੈ, ਆਜ਼ਾਦ ਹਿੰਦ ਫੋਜ ਦੀ ਵ
ਵਜੋਂ ਆਪ ਦੇ ਨਾਲ ਮਿਲਣਾ ਚਾਹੁੰਦਾ ਹੈ। ਉਨ੍ਹਾਂ ਝੱਟ ਹੁਕਮ

ਕਿ ਬੁਲਾਓ, ਜਦ ਕਰਨਲ ਸਾਹਮਣੇ ਹੋਇਆ ਤਾਂ ਨੇਤਾ ਜੀ ਹੈਰਾਨ ਹੋ ਗਏ ਤੇ ਗਰਜ ਕੇ ਪੁਛਿਆ ਕਿ ਆਪ ਕੋਣ ਹੈਂ ? (ਕਿਉਂਕਿ ਉਸ ਸਮੇਂ ਉਹ ਕੇਸਾਂ ਤੋਂ ਰਹਿਤ ਸੀ ਅਤੇ ਨੇਤਾ ਜੀ ਨੇ ਕਿਸੇ ਸਮੇਂ ਉਸਨੂੰ ਸਾਬਤ ਸੂਰਤ ਵੇਖਿਆ ਸੀ) ਜਦ ਕਰਨਲ ਨੇ ਆਪਣਾ ਨਾਂ ਦਸਿਆ ਤਾਂ ਨੇਤਾ ਜੀ ਦਾ ਚੇਹਰਾ ਲਾਲ ਹੋ ਗਿਆ ਤੇ ਕਿਹਾ ਕਿ 'ਤੁਮ ਅਗਰ ਗੁਰੂ ਗੋਬਿੰਦ ਸਿੰਘ ਕੇ ਵਫਾਦਾਰ ਨਹੀਂ ਰਹੇ ਤੋ ਆਜ਼ਾਦ ਹਿੰਦ ਫੋਜ ਕੇ ਕਬ ਰਹੋਗੇ, ਹਮ ਕੋ ਤੋ ਵਫਾਦਾਰ ਸਿਪਾਹੀਓਂ ਕੀ ਜ਼ਰੂਰਤ ਹੈ।' ਸ: ਨਰੈਣ ਸਿੰਘ ਜੀ ਨੇ ਦਸਿਆ ਕਿ ਇਸ ਗੱਲ ਤੋਂ ਪ੍ਰਭਾਵਤ ਹੋ ਕੇ ਉਸ ਸਿਖ ਅਫਸਰ ਨੇ ਫਿਰ ਕੇਸ ਰਖ ਲਏ ਅਤੇ ਆਈ. ਐਨ. ਏ. ਵਿਚ ਸ਼ਾਮਲ ਹੋ ਗਿਆ।

ਉਕਤ ਘਟਨਾਵਾਂ ਤੋਂ ਪਰਤੱਖ ਹੈ ਕਿ ਕੇਸਾਧਾਰੀ ਮਨੁੱਖ (ਸਿਖ) ਹੀ ਅਜਿਹਾ ਵਿਯੱਕਤੀ ਹੈ ਜੋ ਸੂਰਬੀਰਤਾ, ਵਫਾਦਾਰੀ ਅਤੇ ਵਾਹਿਗੁਰੂ ਦੀ ਸਾਜੀ ਮਨੁੱਖੀ ਸੱਭਯਤਾ ਦੀ ਸਹੀ ਤਸਵੀਰ ਹੈ। ਕੇਸਾਂ ਦੀ ਬਰਕਤ ਸਦਕਾ ਹੀ ਇਸ ਦੇ ਅੰਦਰ ਸਵਾ ਲੱਖੀ ਸਪਿਰਟ ਹੈ, ਕੇਸਾਂ ਦੇ ਕਾਰਣ ਹੀ ਇਹ ਇਕ ਚੋਟੀ ਦਾ ਜੰਗ ਜੂਹ ਹੈ ਅਤੇ ਕੇਸਾਂ ਦੀ ਬਰਕਤ ਸਦਕਾ ਹੀ ਇਹ ਇਕ ਰਾਜ ਰਿਸ਼ੀ ਹੈ।

ਅਭਾਗਤਾ ਦੀ ਗੱਲ ਹੈ ਕਿ ਸਾਡੇ ਦੇਸ ਨੇ ਗੁਰੂ ਕਲਗੀਆਂ ਵਾਲੇ ਦੀ ਉਸ ਬਖਸ਼ਸ਼ ਦੀ ਸਾਰ ਨਹੀਂ ਜਾਣੀ ਜੋ ਉਨ੍ਹਾਂ ਨੇ ਸਾਬਤ ਸੂਰਤ ਰਹਿਣ ਦਾ ਉਪਦੇਸ਼ ਦੇ ਕੇ ਦੇਸ਼ ਤੇ ਕੀਤੀ ਸੀ।

ਇਸ ਵਿਚ ਕੀ ਸੰਦੇਹ ਹੋ ਸਕਦਾ ਹੈ ਕਿ ਜੇ ਦੇਸ਼ ਦੇ ਕਰੋੜਾਂ ਲੋਕਾਂ ਵਿਚ ਮੁੱਠੀ ਭਰ ਗਿਣਤੀ ਦੇ ਸਿੰਘਾਂ ਦੀ ਸੂਰਮਤਾ ਦੀ ਸਾਰੀ ਦੁਨੀਆਂ ਵਿਚ ਚਰਚਾ ਹੈ ਤਾਂ ਕੋਈ ਵਜ੍ਹਾ ਨਹੀਂ ਕਿ ਸਾਰਾ ਭਾਰਤ ਜੇ ਕੇਸਾਧਾਰੀ (ਸਾਬਤ ਸੂਰਤ) ਹੁੰਦਾ ਤਾਂ ਬਾਕੀ ਸੈਂਕੜੇ ਮੁਲਕ, ਸ਼ਕਤੀ ਅਰਥਾਤ ਸੂਰਮਗਤੀ ਦੇ ਪਹਿਲੂ ਤੋਂ ਇਸ ਦਾ ਪਾਸਕੂ ਵੀ ਨਾ ਹੁੰਦੇ।

# ਕੇਸਾਂ ਦੀ ਸੇਵਾ ਤੇ ਸਫ਼ਾਈ

ਕੇਸਾਂ ਬਾਰੇ ਸਿੱਖਾਂ ਅਤੇ ਗ਼ੈਰ ਸਿੱਖਾਂ ਦੇ ਮਨਾਂ ਵਿਚ ਘਿ
ਪੈਦਾ ਹੋਣ ਦਾ ਇਕ ਕਾਰਣ ਇਹ ਵੀ ਹੈ ਕਿ ਸਿੱਖੀ ਤੋਂ ਅਗਿ
ਆਲਸੀ ਲੋਕ ਕੇਸਾਂ ਦੀ ਸਫ਼ਾਈ ਦਾ ਖ਼ਿਆਲ ਨਹੀਂ ਰਖਦੇ।
ਗੁਰਦਾਸ ਜੀ ਲਿਖਦੇ ਹਨ:-

ਜੈਸੇ ਜਲ ਧੋਇ ਬਿਨ ਅੰਬਰ ਮਲੀਨ ਹੋਤ,
ਬਿਨ ਤੇਲ ਮੈਲੋ ਤੈਸੇ **ਕੇਸ** ਹੂੰ ਭਿਆਨ ਹੈ।

(ਕ. ੫੩੭

ਕੇਸਾਂ ਦੀ ਸਫ਼ਾਈ ਲਈ ਅੱਵਲ ਤਾਂ ਹਰ ਚੋਥੇ ਦਿਨ,
ਤਾਂ ਹਫ਼ਤੇ ਵਿਚ ਇਕ ਵੇਰ ਕੇਸੀ ਇਸ਼ਨਾਨ ਕਰਨਾ ਬਹੁਤ
ਹੈ। ਕਈ ਸੱਜਣ ਰੋਜ਼ਾਨਾ ਵੀ ਕੇਸੀ ਇਸ਼ਨਾਨ ਕਰਨ ਦੇ ਹੱਕ
ਹਨ, ਜੇ ਉਹ ਸਦਾ ਇਸ ਤਰ੍ਹਾਂ ਕਰ ਸਕਦੇ ਹਨ ਤਾਂ ਮੁਬਾਰ
ਪਰ ਇਸ ਤਰ੍ਹਾਂ ਕੰਮ ਕਾਜ ਵਾਲੇ ਲੋਕਾਂ ਨੂੰ ਗਿੱਲੇ ਕੇਸਾਂ ਤੇ ਦਸ
ਸਜਾਉਣ ਕਰ ਕੇ ਸਿਰਦਰਦ, ਕੇਸਾਂ ਦਾ ਟੁੱਟਣਾ ਅਤੇ ਵਾਸ਼ਨਾ
ਕਈ ਔਗੁਣ ਪੈਦਾ ਹੋਣ ਦਾ ਡਰ ਰਹਿੰਦਾ ਹੈ ਅਤੇ ਇਸ ਤ
ਕਰਮ ਕਾਂਡ ਦੇ ਖ਼ਿਆਲ ਨਾਲ ਕੀਤਾ ਜਾਵੇ ਤਾਂ ਠੀਕ ਨਹੀਂ,
ਇਸ਼ਨਾਨ ਰੋਜ਼ ਕਰਨਾ ਬੁਰਾ ਨਹੀਂ।

ਕੇਸੀਂ ਇਸ਼ਨਾਨ ਲਈ ਤਰਾਵਟ ਦੇ ਖ਼ਿਆਲ ਨਾਲ
ਵੀ ਵਰਤੋਂ ਚੰਗੀ ਹੈ, ਪਰ ਦਹੀਂ ਨਾਲ ਆਮ ਕੇਸਾਂ ਵਿਚ ਵ
ਪੈਦਾ ਹੋ ਜਾਂਦੀ ਹੈ, ਇਸ ਲਈ ਸਾਬਣ ਜਾਂ ਰੇਠੇ ਆਦਿ
ਇਸ਼ਨਾਨ ਕਰ ਕੇ ਸਰਸੋਂ ਦਾ ਖ਼ਾਲਸ ਤੇਲ ਉਸੇ ਵੇਲੇ ਲਗਾ
ਚਾਹੀਦਾ ਹੈ, ਇਸ ਤਰ੍ਹਾਂ ਸਿਰ ਦਰਦੀ ਜਾਂ ਖੁਸ਼ਕੀ ਕਦੇ ਵੀ
ਹੋ ਸਕਦੀ। ਇਸ ਤੋਂ ਇਲਾਵਾ ਇਕ ਹੋਰ ਵਧੀਆ ਤਰੀਕਾ

ਹੈ ਕੱਚੀ ਗਿਰੀ ਬਰੀਕ ਕੁਤਰ ਕੇ ਉਸ ਵਿਚ ਦੋ ਨਿੰਬੂ ਨਿਚੋੜ ਕੇ ਪਾਣੀ ਵਿਚ ਉਬਾਲ ਲਿਆ ਜਾਵੇ, ਠੰਡਾ ਕਰਕੇ ਹੱਥਾਂ ਨਾਲ ਮਲ ਪੁਣ ਕੇ ਕੇਸ ਧੋਤੇ ਜਾਣ ਤਾਂ ਨਾ ਕਦੇ ਸਿੱਕਰੀ ਪੈਂਦੀ ਹੈ ਤੇ ਨਾ ਹੀ ਤੇਲ ਦੀ ਲੋੜ ਰਹਿੰਦੀ ਹੈ।

ਕੇਸਾਂ ਦੀ ਮਜ਼ਬੂਤੀ ਅਤੇ ਮੁਲਾਇਮਤਾ ਲਈ ਚੰਗਾ ਤੇਲ ਵਰਤਣਾ ਮਾੜੀ ਗੱਲ ਨਹੀਂ, ਪਰ ਭੜਕੀਲੀ ਖ਼ੁਸ਼ਬੋ ਦੀ ਖ਼ਾਤਰ ਕੋਈ ਚੀਜ਼ ਵਰਤਣੀ ਜਾਂ ਫ਼ਿਕਸੋ ਆਦਿ ਲਗਾ ਕੇ ਉਨ੍ਹਾਂ ਨੂੰ ਖ਼ੂਬਸੂਰਤੀ ਦੇ ਖ਼ਿਆਲ ਨਾਲ ਚਿਪਕਾਣਾ ਠੀਕ ਨਹੀਂ। ਕਲਫ ਆਦਿ ਲਾਣੀ ਤਾਂ ਉਕਾ ਹੀ ਗੁਰਮਤ ਵਿਚ ਵਿਵੱਰਜਤ ਹੈ।

ਕੇਸਾਂ ਦੇ ਅਦਬ ਅਤੇ ਸੰਭਾਲ ਲਈ ਇਹ ਵੀ ਜ਼ਰੂਰੀ ਹੈ ਕਿ ਦੋਨੋਂ ਵੇਲੇ ਕੇਸੀਂ ਕੰਘਾ ਕੀਤਾ ਜਾਵੇ। ਹੁਕਮ ਹੈ–

ਕੰਘਾ ਦੋਨੋਂ ਵਕਤ ਕਰ, ਪਾਗ ਚੁਣੇ ਚੁਣ ਬਾਂਧਈ।
ਦਾਤਨ ਨੀਤ ਕਰੇ, ਨਾ ਦੁਖ ਪਾਵੇ ਲਾਲ ਜੀ।
(ਉ: ਪ੍ਰ: ਭ: ਨੰ: ਲਾਲ ਜੀ ਅੰ: ੧੩)

ਕੇਸਾਂ ਨੂੰ ਸਾਫ ਰਖਣ ਅਤੇ ਵਕਤ ਸਿਰ ਕੰਘਾ ਕਰਨ ਨਾਲ ਇਨ੍ਹਾਂ ਵਿਚ ਕਦੀ ਕਰੂਪਤਾ ਨਹੀਂ ਆ ਸਕਦੀ ਅਤੇ ਨਾ ਹੀ ਇਨ੍ਹਾਂ ਤੋਂ ਕਿਸੇ ਨੂੰ ਕਦੀ ਘਿਰਣਾ ਹੋ ਸਕਦੀ ਹੈ। ਜੋ ਲੋਕ ਮਹੀਨਾ ਮਹੀਨਾ ਕੇਸੀ ਇਸ਼ਨਾਨ ਅਤੇ ਹਫਤਾ ਹਫਤਾ ਕੰਘਾ ਨਹੀਂ ਕਰਦੇ, ਜਿਨ੍ਹਾਂ ਦੇ ਮੋਢਿਆਂ ਤੋਂ ਹਰ ਵੇਲੇ ਖੁਸ਼ਕ ਅਤੇ ਮੈਲੇ ਕੇਸਾਂ ਦੀਆਂ ਲਿਟਾਂ ਲਮਕਦੀਆਂ ਰਹਿੰਦੀਆਂ ਹਨ, ਉਹੀ ਕੇਸਾਂ ਬਾਰੇ ਘਿਰਣਾ ਫੈਲਾਉਣ ਦੇ ਜ਼ਿੰਮੇਵਾਰ ਹਨ ਅਤੇ ਜੂੰਆਂ ਆਦਿ ਵੀ ਉਨ੍ਹਾਂ ਦੇ ਹੀ ਸਿਰਾਂ ਵਿਚ ਪੈਂਦੀਆਂ ਹਨ। ਇਹ ਕਸੂਰ ਕੇਸਾਂ ਦਾ ਨਹੀਂ, ਉਨ੍ਹਾਂ ਲੋਕਾਂ ਦਾ ਆਪਣਾ ਹੈ।

ਕਈ ਅਜਿਹੇ ਵੀ ਸੱਜਣ ਹਨ ਜੋ ਛੋਟੇ ਬੱਚਿਆਂ ਦੇ ਕੇਸ ਕਟਾ ਦੇਂਦੇ ਹਨ, ਅਤੇ ਬੱਚੇ ਦੇ ਕੁਝ ਵਡੇਰੇ ਹੋਣ ਤੇ ਰਖਦੇ ਹਨ, ਇਸ ਖ਼ਿਆਲ ਤੇ ਕਿ ਬੱਚੇ ਨੂੰ ਜੂੰਆਂ ਪੈ ਜਾਂਦੀਆਂ ਹਨ ਜਾਂ ਸੰਭਾਲ
ਸਕਦਾ। ਉਨ੍ਹਾਂ ਦਾ ਇਹ ਖ਼ਿਆਲ ਗ਼ਲਤ ਹੈ, ਜੂੰਆਂ ਉਸ ਬ
ਸਿਰ ਵਿਚ ਪੈਂਦੀਆਂ ਹਨ, ਜਿਸ ਨੂੰ ਮੈਲਾ ਕੁਚੈਲਾ ਰਖਿਆ
ਸਾਫ਼ ਸੁਥਰੇ ਕੇਸਾਂ ਵਿਚ ਕਦੇ ਜੂੰ ਨਹੀਂ ਪੈਂਦੀ, ਭਾਵੇਂ ਉਹ ਛੋ
ਛੋਟੇ ਬੱਚੇ ਦੇ ਕਿਉਂ ਨਾ ਹੋਣ। ਇਹ ਸਭ ਮਾਂ ਜਾਂ ਪਾਲਨਾ
ਦੀ ਜ਼ਿੰਮੇਵਾਰੀ ਵਾਲੇ ਸੱਜਣਾਂ ਦਾ ਕਸੂਰ ਹੈ। ਜੇ ਮਾਵਾਂ ਲੜ
ਦੇ ਵਾਲਾਂ ਦੀ ਸੇਵਾ ਕਰਦੀਆਂ ਹਨ, ਤਾਂ ਲੜਕੇ ਦਿਆਂ
ਕੀਤੀ ਜਾ ਸਕਦੀ ਹੈ ਅਤੇ ਜਦ ਬੱਚਾ ਸਿਆਣਾ ਹੋ ਜਾਵੇ ਤਾਂ
ਕੇਸਾਂ ਨੂੰ ਸੰਭਾਲ ਲੈਂਦਾ ਹੈ।

ਕਈ ਅਮੀਰ ਘਰਾਂ ਵਿਚ ਪੰਦਰਾਂ ਪੰਦਰਾਂ ਸਾਲ ਦੇ ਮੁੰ
ਦੀਆਂ ਗੁਤਾਂ ਕੀਤੀਆਂ ਜਾਂਦੀਆਂ ਹਨ, ਜੋ ਇਸ ਨੂੰ ਵੀ
ਸਮਝਦੇ ਹਨ, ਪਰ ਯਾਦ ਰਹੇ ਕਿ ਇਸ ਤਰ੍ਹਾਂ ਕਰਨ ਨਾਲ ਬ
ਸਮੇਂ ਸਿਰ ਕੇਸਾਂ ਨੂੰ ਸੰਭਾਲਣ ਦਾ ਅਤੇ ਪੱਗ ਬੰਨ੍ਹਣ ਦਾ
ਨਹੀਂ ਆਉਂਦਾ, ਜਿਸ ਕਰ ਕੇ ਉਹ ਕਿਸੇ ਵੇਲੇ ਅੱਕ ਕੇ ਕੇਸ
ਤੋਂ ਹੀ ਇਨਕਾਰੀ ਹੋ ਜਾਂਦੇ ਹਨ। ਸੋ ਮਾਪਿਆਂ ਨੂੰ ਚਾਹੀਦਾ
ਅਠ ਦਸ ਸਾਲ ਦੀ ਉਮਰ ਵਿਚ ਹੀ ਬੱਚੇ ਨੂੰ ਕੇਸ ਸੰਭਾਲਣੇ
ਜੂੜਾ ਕਟਨਾ ਸਿਖਾ ਦੇਣ ਅਤੇ ਸਿੱਖੀ ਸਿਦਕ ਕੇਸਾਂ ਸੁਆਸਾਂ
ਨਿਭਾਹੁਣ ਵਾਲੇ ਸ਼ਹੀਦ ਸਿੰਘਾਂ ਦੀਆਂ ਸਾਖੀਆਂ ਸੁਣਾਉਂਦੇ
ਕਰਨ, ਤਾਂ ਕਿ ਉਨ੍ਹਾਂ ਦੇ ਮਨਾਂ ਵਿਚ ਸਿੱਖੀ (ਕੇਸਾਂ) ਬਾਰੇ
ਸਤਿਕਾਰ ਵਧੇ।

## ਪਤਿਤ ਸਿੱਖ

ਖ਼ਾਲਸਾ ਪੰਥ ਵਿਚ ਸਹਿਜਧਾਰੀ ਅਤੇ ਪਤਿਤ ਸਿੱਖ ਦ
ਦਰਜਾ ਨਹੀਂ, ਜਿਸ ਨੇ ਬਚਪਨ ਤੋਂ ਕੇਸ ਨਾ ਰੱਖੇ ਹੋਣ, ਜੋ ਗੁ

ਨੂੰ ਮੰਨਦਾ ਅਤੇ ਗੁਰਬਾਣੀ ਉਤੇ ਭਰੋਸਾ ਰਖਦਾ ਹੋਵੇ, ਬਿਖਿਆ (ਤਮਾਕੂ) ਦਾ ਸੇਵਣ ਨਾ ਕਰੇ, ਕੁੱਠਾ ਮਾਸ ਨਾ ਖਾਵੇ ਉਹ ਸਹਿਜਧਾਰੀ ਸਿੱਖਾਂ ਵਿਚ ਗਿਣਿਆ ਜਾਂਦਾ ਹੈ, ਅਤੇ ਉਸ ਨਾਲ ਖਾਣ ਪਾਣ ਦੀ ਸਾਂਝ ਫਿਰ ਵੀ ਕਿਸੇ ਹੱਤ ਤਕ ਹੋ ਸਕਦੀ ਹੈ, ਪਰ ਜੋ ਰੱਖੇ ਹੋਏ ਕੇਸ ਕਟਾ ਦੇਵੇ, ਉਸ ਨੂੰ ਪਤਿਤ (ਸਿੱਖੀ ਤੋਂ ਗਿਰਿਆ ਹੋਇਆ ਬੇਮੁਖ) ਕਿਹਾ ਜਾਂਦਾ ਹੈ, ਜਿਸ ਨਾਲ ਖਾਣ ਪੀਣ ਵਿਚ ਕਿਸੇ ਤਰ੍ਹਾਂ ਦੀ ਸਾਂਝ ਯੋਗ ਨਹੀਂ ।

ਮੀਨਾ ਅਤੇ ਮਸੰਦੀਆ ਮੋਨਾ ਕੁੜੀ ਜੋ ਮਾਰ ।
ਹੋਇ ਸਿੱਖ ਵਰਤਨ ਕਰੈ ਅੰਤ ਹੋਇਗਾ ਖੁਆਰ ।

(ਰ: ਨ: ਭਾ: ਪ੍ਰਹਿਲਾਦ ਸਿੰਘ ਅੰਕ ੬)

ਜੋ ਸੱਜਣ (ਆਮ ਤੌਰ ਤੇ ਨੌਜਵਾਨ) ਪਤਿਤ ਹੋ ਜਾਂਦੇ ਹਨ, ਉਨ੍ਹਾਂ ਦੀ ਇਸ ਭੁੱਲ ਦੀ ਜ਼ਿੰਮੇਵਾਰੀ ਉਨ੍ਹਾਂ ਦੇ ਵਾਲਦੈਨ ਪਰ ਵੀ ਆਉਂਦੀ ਹੈ। ਜੇ ਮਾਤਾ ਪਿਤਾ ਇਸ ਬਾਰੇ ਕਰੜੀ ਨਿਗਰਾਨੀ ਰੱਖਣ ਤਾਂ ਬੱਚਿਆਂ ਦਾ ਕਦੇ ਹੌਸਲਾ ਨਹੀਂ ਪੈ ਸਕਦਾ। ਇਕ ਮਿੰਟ ਲਈ ਮੰਨ ਲਓ ਕਿ ਅਜ ਕਲ੍ਹ ਦੇ ਬੱਚੇ ਮਾਪਿਆਂ ਤੋਂ ਆਕੀ ਹਨ, ਫਿਰ ਅਸੀਂ ਪੁਛਦੇ ਹਾਂ ਮਾਪੇ ਵੀ ਕਿਉਂ ਨਹੀਂ ਆਕੀ ਹੋ ਜਾਂਦੇ ? ਜੇ ਮਾਪੇ ਵੀ ਇਸ ਪਾਸੇ ਪੂਰਾ ਧਿਆਨ ਦੇਣ ਤਾਂ ਬਹੁਤ ਹੱਦ ਤੀਕ ਪਤਿਤ-ਪੁਣੇ ਦੀ ਲਹਿਰ ਬੰਦ ਹੋ ਸਕਦੀ ਹੈ । ਇਹ ਤਾਂ ਸਭ ਕੰਮ ਲਿਹਾਜ਼ੇ ਲਿਹਾਜ਼ੀ ਵਿਗੜ ਰਿਹਾ ਹੈ, ਜੋ ਗੁਰੂ ਘਰ ਤੋਂ ਭਾਰੀ ਬੇਮੁਖਤਾ ਹੈ।

ਕਈ ਸੱਜਣ ਅਜਿਹੇ ਵੀ ਹਨ, ਜੋ ਕਈ ਵੇਰ ਪਤਿਤ ਹੁੰਦੇ ਤੇ ਫਿਰ ਅੰਮ੍ਰਿਤ ਛਕਦੇ ਰਹਿੰਦੇ ਹਨ, ਜਿ ਰੋਮਾਂ ਦੀ ਬੇਅਦਬੀ ਕੁਰਹਿਤ ਹੈ, ਜਿਸ ਲਈ ਅੰਮ੍ਰਿਤ ਛਕਣਾ ਜ਼ਰੂਰੀ ਹੈ ਤਾਂ ਇਸ ਦਾ ਭਾਵ ਇਹ ਨਹੀਂ ਕਿ ਕੇਸ ਕਟਾਉਣ ਵਾਲ਼ੇ ਪਤਿਤ ਲਈ ਵੀ ਬਾਰ ਬਾਰ ਅੰਮ੍ਰਿਤ ਛਕਣ ਦੀ ਖੁ਼ਲ੍ਹ ਹੈ, ਰੋਮਾਂ ਤੋਂ ਮੁਰਾਦ ਤਾਂ ਸਰੀਰ ਦੇ ਦੂਜੇ ਰੋਮ ਹਨ, ਸਿਰ ਦੇ ਰੋਮਾਂ ਲਈ ਤਾਂ ਕੇਸ ਸ਼ਬਦ ਪ੍ਰਸਿੱਧ ਹੈ।

ਭਾਵੇਂ ਕੇਸ ਕਟਾਉਣ ਵਾਲਾ ਵੀ ਅੰਮ੍ਰਿਤ ਛਕ ਕੇ
ਸਿੰਘ ਸਜ ਸਕਦਾ ਹੈ, ਪਰ ਸਾਡੇ ਵੀਚਾਰ ਅਨੁਸਾਰ ਉਸ
ਨਰਮੀ ਅਤੇ ਮਿਲਵਰਤਣ ਦਾ ਵਤੀਰਾ ਦੂਜਿਆਂ ਲਈ ਹੋਂ
ਅਫਜ਼ਾਈ ਦੇ ਤੁੱਲ ਹੈ । ਅਸੀਂ ਇਹ ਨਹੀਂ ਕਹਿੰਦੇ ਕਿ ਉ
ਹਮੇਸ਼ਾਂ ਲਈ ਦੁਰਕਾਰਿਆ ਜਾਵੇ, ਪਰ ਉਸ ਲਈ ਆਮ ਰੋਮ
ਬੇਅਦਬੀ ਕਰਨ ਵਾਲਿਆਂ ਨਾਲੋਂ ਵਖਰਾ ਅਰਥਾਤ ਕਰੜਾ
ਹੋਣਾ ਚਾਹੀਦਾ ਹੈ, ਤਾਂਕਿ ਉਸ ਤੋਂ ਦੂਜੇ ਲੋਕਾਂ ਨੂੰ ਵੀ ਇ
ਹੋਵੇ ਅਤੇ ਅਗੋਂ ਲਈ ਕੋਈ ਅਜਿਹੀ ਭੁਲ ਕਰਨ ਦਾ ਹੌਂਸਲ
ਕਰੇ। ਕਈ ਸੱਜਣ ਕਿਸੇ ਫੋੜੇ ਆਦਿ ਬੀਮਾਰੀ ਦੇ ਬਹਾਨੇ ਵੀ
ਜਾਂ ਦੂਜੇ ਰੋਮਾਂ ਦੀ ਬੇਅਦਬੀ ਝਟ ਕਰਾ ਦੇਂਦੇ ਹਨ। ਇਹ ਠ
ਕਿ ਕਈ ਵੇਰ ਡਾਕਟਰੀ ਰਾਇ ਕਾਰਨ ਉਹ ਇਸ ਤਰ੍ਹਾਂ
ਲਈ ਮਜਬੂਰ ਹੁੰਦੇ ਹਨ, ਪਰ ਸਾਡੇ ਵਿਚਾਰ ਅਨੁਸਾਰ ਇਹ
ਸਰੀਰ ਨੂੰ ਪਿਆਰਾ ਸਮਝ ਕੇ ਸਿੱਖੀ ਅਸੂਲ ਦਾ ਤਿਆਰ
ਸਿੱਖੀ ਸਿਦਕ ਤੇ ਨਾਮ ਸਿਮਰਨ ਵਿਚ ਵੀ ਤਾਂ ਕੋਟਾਨ ਕੋਟ
ਦੇ ਇਲਾਜ ਦੀ ਸ਼ਕਤੀ ਮੌਜੂਦ ਹੈ, ਕੇਵਲ ਵਿਸ਼ਵਾਸ਼ ਦੀ ਲੋੜ ਹੈ

ਲੇਖਕ ਦਾ ਵਡਾ ਕਾਕਾ ਸਵਰਨਜੀਤ ਸਿੰਘ. ਜੋ ਇਸ
ਸੀਨੀਅਰ ਕੈਂਬ੍ਰਿਜ ਵਿਚ ਪੜ੍ਹਦਾ ਹੈ, ਦੋ ਸਾਲ ਦੀ ਆਯੂ ਵਿਚ
ਪਿਆ ਸੀ ਅਤੇ ਉਸ ਦੇ ਸਿਰ ਤੇ ਅਜਿਹੀ ਚੋਟ ਆਈ ਸੀ,
ਨੂੰ ਟਾਂਕੇ ਲਗਾਣੇ ਜ਼ਰੂਰੀ ਹੋ ਗਏ ਸਨ । ਪਰ ਜਦ ਡਾਕ
ਕਿਹਾ ਕਿ ਕੁਝ ਕੇਸ ਕੱਟੇ ਬਿਨਾਂ ਟਾਂਕੇ ਨਹੀਂ ਲਗ ਸਕਦੇ ਤਾਂ
ਚਿਚਲਾ ਉਠਿਆ। ਜਦ ਮੈਂ ਇਸ ਗਲ ਦੀ ਵਿਰੋਧਤਾ ਕੀਤ
ਕੇਸ ਨਹੀਂ ਕਟਣੇ, ਤਾਂ ਉਹ ਚੁਪ ਹੋ ਗਿਆ । ਇਸ ਤੇ ਡਾ
ਹੈਰਾਨ ਹੋ ਗਿਆ। ਫਿਰ ਅਜਮਾਇਸ਼ ਦੇ ਤੌਰ ਤੇ ਕੈਂਚੀ ਹੱਥ
ਲੈ ਕੇ ਉਸ ਨੇ ਕਿਹਾ, 'ਥੋੜੇ ਕੇਸ ਕੱਟ ਦੇਈਏ ?' ਕਾਕੇ ਨੇ

ਵਾਲੇ ਥਾਂ ਤੇ ਹੱਥ ਰਖ ਕੇ ਫਿਰ ਚਿੱਲਾਣਾ ਸ਼ੁਰੂ ਕਰ ਦਿਤ', ਜਿਸ ਤੇ ਮਜਬੂਰਨ ਡਾਕਟਰ ਨੂੰ ਉਸੇ ਹਾਲਤ ਵਿਚ ਟਾਂਕੇ ਲਾਣੇ ਪਏ। ਸੋ ਇਹ ਵੀ ਇਕ ਖਿਆਲ ਹੀ ਹੈ, ਤਜਰਬੇਕਾਰ ਡਾਕਟਰ ਦੇ ਸਾਹਮਣੇ ਉਪਰੇਸ਼ਨ ਲਈ ਰੋਮ ਰੁਕਾਵਟ ਨਹੀਂ ਬਣ ਸਕਦੇ।

ਬਹੁਤ ਵੇਰਾਂ ਕਈ ਸੱਜਣ ਇਹ ਸੁਆਲ ਕਰਦੇ ਹਨ ਕਿ ਉਪਰੇਸ਼ਨ ਵੇਲੇ ਰੋਮ ਕੱਟੇ ਜਾਣੇ ਚਾਹੀਦੇ ਹਨ ਜਾਂ ਨਹੀਂ। ਜੇ ਇਸ ਪ੍ਰਸ਼ਨ ਦਾ ਉਤਰ ਅਸੀਂ ਗੁਰਮਤ ਦੀ ਰੋਸ਼ਨੀ ਵਿਚ ਢੂੰਡੀਏ ਤਾਂ ਕਿਧਰੇ ਨਹੀਂ ਮਿਲਦਾ ਅਤੇ ਆਪਣੀ ਜ਼ੁੰਮੇਵਾਰੀ ਤੇ ਕੋਈ ਹਾਂ ਨਹੀਂ ਕਰ ਸਕਦਾ। ਮੇਰੀ ਨਿੱਜੀ ਰਾਏ ਤਾਂ ਇਹ ਹੈ ਕਿ ਕੇਸਾਂ ਦੇ ਇਕ ਰੋਮ ਦੇ ਬਦਲੇ ਸਰੀਰ ਦਾ ਬਲੀਦਾਨ ਵੀ ਕਰਨਾ ਪਵੇ ਤਾਂ ਕਰ ਦੇਣਾ ਚਾਹੀਦਾ ਹੈ, ਪਰ ਸਰੀਰ ਦਾ ਇਕ ਰੋਮ ਤਕ ਨਹੀਂ ਕਟਾਣਾ ਚਾਹੀਦਾ।

ਪਤਿਤ ਸ਼ਬਦ ਤੋਂ ਇਹ ਭਾਵ ਲੈਣਾ ਵੀ ਠੀਕ ਨਹੀਂ ਕਿ ਕੇਸ ਜਾਂ ਦਾੜ੍ਹੀ ਕਟਾਉਣ ਵਾਲਾ ਹੀ ਪਤਿਤ ਹੈ, ਪਤਿਤ ਤਾਂ ਉਹ ਵੀ ਹੈ, ਜੋ ਸਰੀਰ ਦਾ ਕੋਈ ਵੀ ਰੋਮ ਕਟਾਉਂਦਾ ਹੈ ਜਾਂ ਚਾਰ ਕੁਰਹਿਤਾਂ (ਰੋਮਾਂ ਦੀ ਬੇਅਦਬੀ, ਕੁੱਠਾ ਮਾਸ ਦੀ ਵਰਤੋਂ, ਪਰ ਇਸਤ੍ਰੀ ਗਮਨ, ਤਮਾਕੂ ਦੀ ਵਰਤੋਂ) ਕਰੇ। ਸਿਖ ਧਰਮ ਦੇ ਸੰਕੇਤ ਅਨੁਸਾਰ ਇਨ੍ਹਾਂ ਚੋਂ ਇਕ ਵੀ ਕੁਰਹਿਤ ਕਰਨਾ ਸਿੱਖੀ ਤੋਂ ਪਤਿਤ ਹੋਣਾ ਹੈ।

## — ਅੰਤਿਕਾ —

## ਪਰਚਾਰ ਬਾਰੇ ਸਾਡੀ ਅਨਗਹਿਲੀ

( ੧ )

ਬਚਪਨ ਤੋਂ ਹੀ ਗੁਰਮਤ ਪ੍ਰਚਾਰ ਵਲ ਲਗੇ
ਗੁਰਸਿਖਾਂ ਦੇ ਜੀਵਨ ਪੜ੍ਹਦੇ ਰਹਿਣ ਕਾਰਣ
ਮਨ ਤੇ ਡੂੰਘਾ ਪ੍ਰਭਾਵ ਰਿਹਾ ਹੈ, ਅਤੇ ਹਮੇਸ਼ਾਂ ਹੀ
ਰਹੀ ਹੈ ਕਿ ਐਡੀ ਉੱਚੀ ਸੁੱਚੀ ਗੁਰੂ ਕੀ ਬਖਸ਼ੀ ਸਿੱਖੀ
ਕਿਉਂ ਵਾਂਜੀ ਹੈ। ਕਿਉਂ ਸਿਖ ਨੌਜੁਆਨ
ਪਤਿਤ ਹੋ ਰਹੇ ਹਨ, ਖਾਲਸਾ ਕਾਲਜਾਂ ਦੇ
ਵੀ ਕਈ ਦਾੜ੍ਹੀ ਮੁੱਛਾਂ ਕਟਦੇ ਹਨ ਅਤੇ ਪੰਜਾਬ ਦੇ
ਕਿਆਂ, ਯੂ. ਪੀ., ਸੀ. ਪੀ. ਆਦਿ ਪ੍ਰਾਂਤਾਂ, ਮਿਲਟਰੀ,
ਫੋਰਸ ਅਥਵਾ ਨੇਵੀ ਆਦਿ ਮਹਿਕਮਿਆਂ ਵਿਚ ਕਿਉਂ
ਦਾ ਸਫਾਇਆ ਹੋ ਰਿਹਾ ਹੈ, ਅਤੇ ਸਿਖ ਰਹੁਰੀਤੀ
ਕੀਤਾ ਜਾ ਰਿਹਾ ਹੈ। ਇਹ ਸਨ ਖਿਆਲ, ਜਿਨ੍ਹਾਂ ਨੇ
ਲਿੱਖਣ ਲਈ ਮੇਰੇ ਮਨ ਨੂੰ ਪ੍ਰੇਰਿਆ। ਪਹਿਲਾਂ ਤਾਂ
ਇਸ ਵਿਸ਼ੇ ਤੇ ਇਕ ਛੋਟਾ ਜਿਹਾ ਟ੍ਰੈਕਟ ਲਿਖਿਆ
ਮੇਹਨਤ ਕਰਦੇ ਕਰਦੇ ਐਨਾ ਕੁਝ ਮਿਲਦਾ ਗਿਆ, ਜਿਸ
ਪੁਸਤਕ ਦਾ ਰੂਪ ਦਿਤੇ ਬਿਨਾਂ ਕੋਈ ਚਾਰਾ ਨਹੀਂ ਸੀ।

ਇਸ ਖੋਜ ਅਤੇ ਮਿਹਨਤ ਨੂੰ ੧੯੪੮ ਵਿਚ
ਅਤੇ ੧੯੫੮ ਵਿਚ ਇਸ ਦੀ ਪਹਿਲੀ ਐਡੀਸ਼ਨ ਛੋਟੇ
ਪ੍ਰਕਾਸ਼ਤ ਹੋ ਸਕੀ ਸੀ, ਪਰ ਕਈ ਕਾਰਣਾਂ ਕਰਕੇ
ਹਾਲਾਤ ਉਸ ਵਿਚ ਨਾ ਦਿਤੇ ਜਾ ਸਕੇ, ਉਪਰੰਤ
ਹੁਣ ਤਕ ਸਮਾਂ ਲਗਾ, ਉਸ ਦੇ ਫਲ ਵਜੋਂ ਅਗੇ ਨਾਲੋਂ
ਕੇਸਾਂ ਦੀ ਮਹਾਨਤਾ ਬਾਰੇ ਇਕੱਤ੍ਰ ਹੋ ਗਏ ਜੋ ਇਸ
ਵਿਚ ਦਿਤੇ ਜਾ ਰਹੇ ਹਨ।

२.

ਪੁਸਤਕ ਦੀ ਤਿਆਰੀ ਸਮੇਂ ਪਹਿਲੇ ਖਿਆਲ ਸੀ ਕਿ ਪੁਰਾਤਨ ਹਵਾਲਿਆਂ ਨੂੰ ਪੰਜਾਬੀ ਲਿੱਪੀ ਵਿਚ ਹੀ ਪ੍ਰਮਾਣ ਦੇ ਤੌਰ ਤੇ ਵਰਤਿਆ ਜਾਵੇ, ਪਰ ਕਈ ਮਿਤ੍ਰਾਂ ਦੀ ਪ੍ਰੇਰਨਾ ਨਾਲ ਊਨ੍ਹਾਂ ਨੂੰ ਪਹਿਲੇ ਹਿੰਦੀ ਦੇ ਮੂਲ ਰੂਪ ਵਿਚ ਹੀ ਲਿਖ ਕੇ ਉਸ ਦੇ ਉਚਾਰਣ ਨੂੰ ਪੰਜਾਬੀ ਅਖਰਾਂ ਦਾ ਰੂਪ ਵੀ ਦੇ ਦਿਤਾ, ਅਤੇ ਨਾਲ ਹੀ ਪੂਰੇ ਪੂਰੇ ਸਬੂਤ ਵਜੋਂ ਹਰ ਇਕ ਸ਼ਲੋਕ ਮੰਤਰ ਦਾ ਸਫਿਆਂ,ਸਤਰਾਂ ਅਥਵਾ ਉਚਾਰਣ ਕਰਨ ਵਾਲੇ ਵਯਕਤੀਆਂ ਦੇ ਨਾਵਾਂ ਤਕ ਢੂੰਡ ਕੇ ਲਿਖ ਦਿਤਾ ਤਾਕਿ ਕਿਸੇ ਨੂੰ ਸ਼ੱਕ ਸ਼ੁਬ੍ਹੇ ਦੀ ਗੁੰਜਾਇਸ਼ ਹੀ ਨਾ ਰਹੇ।

ਵੇਦਾਂ ਅਤੇ ਸਿਮ੍ਰਤੀਆਂ ਆਦਿ ਦੇ ਮੰਤਰਾਂ ਦੇ ਸਫੇ, ਸਤਰਾਂ ਆਮ ਤੋਰ ਤੇ ਟੀਕਿਆਂ ਦੀਆਂ ਹਨ, ਪਰ ਇਸ ਵਾਰੀ ਵੇਦਾਂ ਦੇ ਮੂਲ ਸਫੇ ਵੀ ਲਿਖ ਦਿਤੇ ਹਨ (ਜੋ ਚਾਰੇ ਮੇਰੀ ਲਾਇਬ੍ਰੇਰੀ ਵਿਚ ਮੌਜੂਦ ਹਨ) ਕੇਸਾਂ ਬਾਰੇ ਮੰਤ੍ਰ ਕੱਠੇ ਕਰਨ ਲਈ ਵੇਦਾਂ ਦੀਆਂ ਚਾਰੇ ਸੈਂਚੀਆਂ ਅਤੇ ਸੰਸਕ੍ਰਿਤ ਵਿਚ ਲਿਖੇ ਬਾਕੀ ਸਾਰੇ ਗ੍ਰੰਥਾਂ ਨੂੰ ਪਹਿਲੇ ਨਜ਼ਰ ਚੋਂ ਕੱਢਿਆ ਅਤੇ ਕੇਸ਼ੋ, ਕੇਸ਼ੀ, ਕੇਸ਼ਨੰ, ਕੇਸ਼ਾਂ, ਕਪਰ ਦਿਨੰ, ਸ਼ਮੱਸਰੂ ਆਦਿ ਪਦਾਂ ਨੂੰ ਨਾਲ ਹੀ ਨਿਸ਼ਾਨ ਲਾਂਦਾ ਗਿਆ। ਉਪਰੰਤ ਕੁਝ ਵੇਦਾਂ ਦੇ ਪੁਰਾਤਨ ਟੀਕਿਆਂ (ਜਿਨ੍ਹਾਂ ਦੇ ਨਾਮ ਪੁਸਤਕ ਵਿਚ ਲਿਖ ਦਿਤੇ ਹਨ) ਅਤੇ ਪੰਡਤ ਦੀਨਾ ਨਾਥ ਜੀ ਸ਼ਰਮਾਂ ਦੀ ਮਦਦ ਨਾਲ ਉਪਰ ਲਿਖੇ ਪੱਦਾਂ ਦੇ ਪੂਰੇ ਮੰਤਰ ਢੂੰਡੇ, ਉਨ੍ਹਾਂ ਦੇ ਅਰਥ ਸਮਝੇ ਤੇ ਨਾਲ ਹੀ ਉਨ੍ਹਾਂ ਮੰਤਰਾਂ ਨੂੰ ਉਚਾਰਣ ਕਰਨ ਵਾਲੇ ਰਿਸ਼ੀਆਂ ਦੇ ਨਾਮ ਵੀ ਢੂੰਡ ਭਾਲ ਕੇ ਇਹ ਸਾਰਾ ਕੁਝ ਇਕੱਤ੍ਰ ਕਰਨ ਵਿਚ ਕਾਮਯਾਬ ਹੋ ਸਕਿਆ ਹਾਂ।

ਕੇਸਾਂ ਦਾ ਵਿਸ਼ਾ ਇਕ ਬੜਾ ਅਹਿਮ ਵਿਸ਼ਾ ਹੈ ਅਤੇ ਇਹਨਾਂ ਬਾਰੇ ਦਿਤੇ ਕਿਸੇ ਪੁਰਾਤਨ ਹਵਾਲੇ ਲਈ ਬੜੀ ਜ਼ਿੰਮੇਵਾਰੀ ਦੀ ਲੋੜ ਸੀ, ਇਸ ਲਈ ਇਹ ਵੀ ਕੋਸ਼ਸ਼ ਕੀਤੀ ਗਈ ਹੈ ਕਿ ਜਿਸ



ਗਰੰਥ ਦਾ ਹਵਾਲਾ ਦਿਤਾ ਜਾਏ, ਉਸ ਦੀ ਐਡੀਸ਼ਨ ਦੇ ਛਪਣ
ਸਾਲ, ਮੈਨੇਜਰ ਦਾ ਨਾਮ ਅਤੇ ਥਾਂ ਆਦਿ ਦਾ ਵੀ ਨਾਲ ਨਿ
ਕਰ ਦਿਤਾ ਜਾਵੇ ਤਾਕਿ ਕੋਈ ਵੀ ਕਿੰਤੂ ਕਰਨ ਵਾਲਾ ਸ
ਉਂਗਲ ਨਾ ਉਠਾ ਸਕੇ।

ਮੰਤ੍ਰਾਂ ਦੇ ਅਰਥ ਕਰਨ ਵਿੱਚ ਭੁਲ ਵੀ ਹੋ ਸਕਦੀ ਹੈ,
ਆਮ ਭਾਵ ਦੀ ਦਰੁਸਤੀ ਨੂੰ ਕਾਇਮ ਰੱਖਣ ਦਾ ਆਪਣੀ
ਪੂਰਾ ਯਤਨ ਕੀਤਾ ਹੈ।

੩.

ਕਈ ਸੱਜਣ ਕੇਵਲ ਫੋਕੀ ਨੁਕਤਾਚੀਨੀ ਦੇ ਸੁਭਾਵ ਕ
ਕਈ ਵੇਰ ਇਉਂ ਵੀ ਆਖਿਆ ਕਰਦੇ ਹਨ:-

(੧) ਸਾਨੂੰ ਇਸ ਖੋਜ ਜਾਂ ਬਹਿਸ ਦੀ ਕੀ ਲੋੜ ਹੈ ਕਿ
ਸ਼ਾਸਤ੍ਰ ਜਾ ਹੋਰ ਧਰਮਾਂ ਦੇ ਗਰੰਥ ਕੇਸਾਂ ਬਾਰੇ ਕੀ ਕਹਿੰਦੇ
ਜਦ ਕਿ ਅਸੀਂ ਉਹਨਾਂ ਨੂੰ ਮੰਨਦੇ ਹੀ ਨਹੀਂ। ਸਾਡੇ ਲਈ ਤਾਂ
ਹੀ ਕਾਫੀ ਹੈ ਕਿ ਕੇਸ ਰਖਣੇ ਗੁਰੂ ਦਾ ਹੁਕਮ ਹੈ।

(੨) ਗੁਰਬਾਣੀ ਜਾਂ ਇਤਿਹਾਸ ਵਿਚ ਆਇ ਕੇਸਾਂ
ਹੁਕਮ ਨੂੰ ਕਿਹੜਾ ਲੋਕਾਂ ਮੰਨ ਲਿਆ ਹੈ ਤੇ ਅਸੀਂ ਦੂਜੇ ਧਰ
ਹਵਾਲੇ ਕੱਠੇ ਕਰੀਏ। ਜਿਹੜੇ ਨੌਜਵਾਨ ਬਾਣੀ ਅਤੇ ਰ
ਨਾਮਿਆਂ ਤੇ ਅਮਲ ਨਹੀਂ ਕਰਦੇ। ਉਹ ਵੇਦਾਂ ਦੀ ਕੀ
ਕਰਦੇ ਹਨ।

(੩) ਇਸ ਗੱਲ ਦੇ ਪ੍ਰਚਾਰਨ ਵਿਚ ਗੁਰਮਤ ਦੀ ਵਡਿ
ਨਹੀਂ ਕਿ ਦੂਜੇ ਧਰਮਾਂ ਦੇ ਗਰੰਥ ਵੀ ਕੇਸਾਂ ਦੀ ਮਹਾਨਤਾ ਦ
ਹਨ ਆਦਿ। ਅਜਿਹੀਆਂ ਗਲਾਂ ਮੈਂ ਕਈ ਵੀਰਾਂ ਤੋਂ ਕੰਨੀ ਸੁ
ਹਨ। ਮੈਂ ਜਾਣਦਾ ਹਾਂ ਕਿ ਅਜਿਹੇ ਲੋਕ ਕੁਝ ਤਾਂ ਬੇਸਮਝੀ ਕ
ਇੰਜ ਕਹਿੰਦੇ ਹਨ ਤੇ ਕੁਝ ਜਾਣ ਬੁਝ ਕੇ ਨੁਕਤਾਚੀਨੀ ਦੇ ਤੌ
ਜਦ ਉਹ ਪੂਰਾ ਧਿਆਨ ਦੇਣ ਤਾਂ ਹੇਠ ਲਿਖੇ ਉਤਰ ਉਹਨਾਂ

ਕਾਫੀ ਹਨ :-

ਜੇ ਪੁਰਾਤਨ ਗਰੰਥ ਵਾਚਣ ਦੀ ਲੋੜ ਨਾ ਹੋਂਦੀ ਤਾਂ ਗੁਰੂ ਕਲਗੀਧਰ ਪੰਜ ਸਿੰਘਾਂ ਨੂੰ ਕਾਸ਼ੀ ਵਿਚ ਸੰਸਕ੍ਰਿਤ ਵਿਦਿਆ ਪੜ੍ਹਨ ਨਾ ਭੇਜਦੇ । ਇਹ ਠੀਕ ਹੈ ਕਿ ਇਕ ਸਿਦਕਵਾਨ ਸਿਖ ਲਈ ਐਨਾ ਹੀ ਕਾਫੀ ਹੈ ਕਿ ਕੇਸ ਰੱਖਣੇ ਗੁਰੂ ਦਾ ਹੁਕਮ ਹੈ, ਪਰ ਜੋ ਲੋਕ ਸਦੀਆਂ ਤੋਂ ਰੱਟ ਲਾ ਰਹੇ ਹਨ ਕਿ ਕੇਸ ਰੱਖਣੇ ਕੇਵਲ ਗੁਰੂ ਗੋਬਿੰਦ ਸਿੰਘ ਜੀ ਦੀ ਕਾਡ ਹੈ ਅਤੇ ਕੇਸ ਕੱਟਣੇ ਜਾਂ ਮੁੰਡਨ ਸੰਸਕਾਰ ਇਕ ਵੈਦਕ ਅਥਵਾ ਧਾਰਮਕ ਰਸਮ ਹੈ। ਉਹਨਾਂ ਦੀਆਂ ਅੱਖਾਂ ਖੋਹਲਣ ਅਤੇ ਸਚਾਈ ਨੂੰ ਪ੍ਰਚਾਰਨ ਲਈ ਪੁਰਾਤਨ ਗਰੰਥਾਂ ਦੇ ਪ੍ਰਮਾਣ ਇਤਿਹਾਸਕ ਪ੍ਰਮਾਣਾਂ ਨਾਲੋਂ ਵੀ ਜ਼ਰੂਰੀ ਹਨ, ਕਿਉਂਕਿ ਉਨ੍ਹਾਂ ਲੋਕਾਂ ਦਾ ਵੇਦਾਂ ਪੁਰਾਣਾਂ ਤੇ ਹੀ ਨਿਸਚਾ ਹੈ ਸਿਖ ਇਤਿਹਾਸ ਤੇ ਨਹੀਂ ।

ਮੈਨੂੰ ਕੁਝ ਪਤਰ ਕੇਸ ਚਮਤਕਾਰ ਦੇ ਪਾਠਕ ਹਿੰਦੂ ਪਰਵਾਰਾਂ ਸਬੰਧੀ ਆਏ ਹਨ, ਜਿਨ੍ਹਾਂ ਬਾਰੇ ਇਹ ਲਿਖਿਆ ਹੈ ਕਿ ਅਸੀਂ ਇਸ ਪੁਸਤਕ ਦਾ ਇਕ ਇਕ ਹਵਾਲਾ ਪੁਰਾਤਨ ਗ੍ਰੰਥਾਂ ਨਾਲ ਮੇਲ ਕੇ ਹੈਰਾਨ ਹੋ ਗਏ ਹਾਂ ਕਿ ਜਦ ਸ਼ਾਸਤ੍ਰ ਵੀ ਕੇਸਾਂ ਦੀ ਇੰਨੀ ਮਹਾਨਤਾ ਦਸਦੇ ਹਨ ਤਾਂ ਫਿਰ ਇਹਨਾਂ ਨੂੰ ਕੱਟਣ ਦਾ ਘੋਰ ਅਪਰਾਧ ਕਿਉਂ ਕੀਤਾ ਜਾਵੇ। ਪਾਠਕ ਅੰਦਾਜ਼ਾ ਲੈ ਲੈਣ ਕੇ ਪੁਰਾਤਨ ਗਰੰਥਾਂ ਦੇ ਹਵਾਲੇ ਗ਼ੈਰ-ਜ਼ਰੂਰੀ ਹਨ ਕਿ ਜ਼ਰੂਰੀ, ਮੇਰੇ ਖਿਆਲ ਵਿਚ ਜੇ ਸਿੱਖੀ ਚਾਰ ਦੀਵਾਰੀ ਵਿਚ ਬੰਦ ਰਖਣ ਵਾਲੀ ਚੀਜ਼ ਨਹੀਂ, ਤਾਂ ਇਸ ਵਿਸ਼ਾਲ ਖੋਜ ਤੇ ਪ੍ਰਚਾਰ ਦੀ ਪਾਠਕਾਂ ਨੂੰ ਦਿਲੀ ਕਦਰ ਕਰਨੀ ਚਾਹੀਦੀ ਹੈ ।

ਬਾਕੀ ਰਹਾ ਵੇਦਾਂ ਸ਼ਾਸਤਰਾਂ ਦੇ ਮੰਨਣ ਦੀ ਗੱਲ ਇਸ ਦੇ ਉਤਰ ਵਿਚ ਐਨਾ ਕਹਿਣਾ ਹੀ ਕਾਫੀ ਹੈ ਕਿ ਕਿਸੇ ਸਿਧਾਂਤ ਦੀ ਪਰੋੜ੍ਹਤਾ ਵਜੋਂ ਕਿਸੇ ਗਰੰਥ ਦਾ ਹਵਾਲਾ ਦੇਣਾ ਉਸ ਦੇ

ਪੈਰੋਕਾਰ ਬਣਨਾ ਨਹੀਂ ਹੋਂਦਾ। ਮੇਰੇ ਖਿਆਲ ਵਿਚ ਤਾਂ
ਸੋਚਣਾ ਆਪਣੀ ਸੂਝ ਬੂਝ ਨੂੰ ਤਾਲਾ ਮਾਰਨਾ ਹੈ। ਇਹ ਕਹਿ
ਕਿ ਗੁਰਬਾਣੀ ਜਾਂ ਇਤਿਹਾਸ ਦਾ ਹੁਕਮ ਜੇ ਸਿਖ ਨੌਜਵਾਨ
ਮੰਨਦੇ ਤਾਂ ਵੇਦਾਂ ਨੂੰ ਕਿਥੇ ਮੰਨਣਗੇ, ਇਕ ਅਜੀਬ ਤੇ ਬੇਧ
ਦਲੀਲ ਹੈ। ਇਸ ਤਰ੍ਹਾਂ ਤਾਂ ਇਹ ਵੀ ਕਿਹਾ ਜਾ ਸਕਦਾ
ਜੇ ਬਾਣੀ ਤੇ ਲੋਕ ਅਮਲ ਨਹੀਂ ਕਰਦੇ ਤਾਂ ਹੋਰ ਧਾਰਮਕ
ਲਿਖਣ ਦੀ ਜਾਂ ਪ੍ਰਚਾਰ ਦੀ ਕੀ ਲੋੜ ਹੈ, ਸੋ ਕਿਸੇ ਧ
ਪਰਚਾਰ ਦੀ ਲਹਿਰ ਵਿਚ ਜਿਥੇ ਅਮਲ ਨਾ ਕਰਨ ਵਾਲੇ
ਲੋਕ ਹੋਂਦੇ ਹਨ, ਉਥੇ ਅਮਲ ਕਰਨ ਵਾਲੇ ਵੀ ਬਹੁਤ ਹੋਂਦੇ

ਇਹ ਕਹਿਣਾ ਵੀ ਕਿ ਜੋ ਅਸੂਲ ਗੁ
ਨੇ ਦਰਸਾਏ ਹਨ, ਉਨ੍ਹਾਂ ਦੀ ਪ੍ਰੋੜ੍ਹਤਾ ਦੂਜੇ
ਦੇ ਗ੍ਰੰਥਾਂ ਦੁਆਰਾ ਕਰਨੀ ਗੁਰਮਤਿ ਦੀ ਵਡਿਆਈ
ਭਾਰੀ ਤੰਗਦਿਲੀ ਤੇ ਗੁਰਮਤਿ ਤੋਂ ਬੇਸਮਝੀ ਦਾ ਪ੍ਰ
ਹੈ। ਭਾਈ ਗੁਰਦਾਸ ਜੀ ਦਾ ਪਹਿਲੀ ਵਾਰ ਵਿਚ ਵੇਦਾਂ
ਅਤੇ ਪ੍ਰਾਣਾਂ ਦੇ ਸਿਧਾਂਤਾਂ ਦਾ ਵਿਸਥਾਰ ਨਾਲ ਜ਼ਿਕਰ ਕ
ਗੁਰਬਾਣੀ ਵਿਚ ਪੁਰਾਤਨ ਜ਼ਿਕਰ ਆਣੇ (ਜਿਨ੍ਹਾਂ ਦਾ
ਪੁਰਾਣਾਂ ਸ਼ਾਸਤ੍ਰਾਂ ਤੋਂ ਬਿਨਾਂ ਕਿਧਰੇ ਵੀ ਨਹੀਂ ਮਿਲ ਸਕਦਾ
ਗੁਰੂ ਕਲਗੀਧਰ ਜੀ ਦਾ ਕਈ ਪੁਰਾਤਨ ਗ੍ਰੰਥਾਂ ਦੇ ਉਲੱਥੇ ਕ
ਇਸ ਗੱਲ ਦੇ ਪ੍ਰਤੱਖ ਸਬੂਤ ਹਨ ਕਿ ਗੁਰਮਤਿ ਦੀ ਮ
ਨੂੰ ਦਰਸਾਉਣ ਲਈ ਕਿਸੇ ਵੀ ਗ੍ਰੰਥ ਦਾ ਹਵਾਲਾ ਦੇਣਾ
ਜਤ ਨਹੀਂ।

(੪)

ਕਈ ਸਾਲਾਂ ਦੀ ਅਥੱਕ ਮੇਹਨਤ ਨਾਲ ਲਿਖੀ ਇਹ
ਛਪਾਉਣ ਸਮੇਂ ਮੇਰਾ ਮਨ ਇਸ ਗੱਲੋਂ ਗਦ-ਗਦ ਹੋ ਰਿਹਾ
ਛੱਪਦੇ ਹੀ ਸਾਡੇ ਆਗੂ ਅਥਵਾ ਧਾਰਮਕ ਸੰਸਥਾਵਾਂ ਇਸ ਨੂੰ

ਚੁਕ ਲੈਣਗੀਆਂ, ਵਧ ਤੋਂ ਵਧ ਲੋਕਾਂ ਤਕ ਪੁਚਾਉਣ ਲਈ ਕਈ ਸਕੀਮਾਂ ਬਣਾਉਣਗੀਆਂ, ਅਤੇ ਇਸ ਨੂੰ ਹਿੰਦੀ, ਉਰਦੂ, ਅੰਗ੍ਰੇਜ਼ੀ, ਆਦਿ ਜ਼ਬਾਨਾਂ ਵਿਚ ਛਾਪਣ ਦੇ ਵਸੀਲੇ ਆਸਾਨੀ ਨਾਲ ਮੁਹੱਈਆ ਹੋ ਜਾਣਗੇ,ਪਰ ਪਹਿਲੀ ਐਡੀਸ਼ਨ ਛਪਣ ਤੇ ਇਕ ਵੀ ਆਸ ਪੂਰੀ ਨਾ ਹੋਈ, ਕਈ ਮੁਖੀ ਬਾਡੀਆਂ ਨੂੰ ਯਾਦ ਦਿਲਾਈ, ਪਰ ਕਿਸੇ ਨੇ ਇਸ ਪਾਸੇ ਧਿਆਨ ਨਹੀਂ ਦਿਤਾ।

ਇਹ ਠੀਕ ਹੈ ਕਿ ਕਿਸੇ ਪੁਸਤਕ ਨੂੰ ਪ੍ਰਕਾਸ਼ਤ ਕਰਨ ਲਈ ਇਹ ਵੀ ਇਕ ਤਰੀਕਾ ਹੈ ਕਿ ਉਸਦੇ ਹਕੂਕ ਕਿਸੇ ਨੂੰ ਦੇ ਦਿਤੇ ਜਾਂਦੇ ਹਨ ਅਤੇ ਉਸ ਨੂੰ ਚਲਦੇ ਕੰਮ ਵਿਚ ਪੁਸਤਕ ਮਹਿੰਗੀ ਵੀ ਨਹੀਂ ਪੈਂਦੀ, ਪਰ ਮੇਰੇ ਮਨ ਵਿਚ ਤਾਂ ਤੜਪ ਇਹ ਸੀ ਕਿ ਸਿਖ ਨੌ-ਜੁਆਨਾਂ ਵਿਚ ਪਤਿਤਪੁਣੇ ਦੀ ਲਹਿਰ ਜੋ ਤੇਜ਼ੀ ਨਾਲ ਵਧ ਰਹੀ ਹੈ,ਉਸਨੂੰ ਰੋਕਣ ਲਈ ਉਕਤ ਤ੍ਰੀਕਾ ਬਹੁਤ ਸੁਸਤ ਰਹੇਗਾ, ਇਸ ਲਈ ਇਹ ਖਿਆਲ ਬਣਾਇਆ ਕਿ ਪੁਸਤਕ ਨੂੰ ਛਾਪਕੇ ਮੁਖੀ ਬਾਡੀਆਂ, ਵਿਦਵਾਨਾਂ ਆਗੂਆਂ ਅੱਥਵਾ ਆਮ ਸੰਗਤਾਂ ਦੀਆਂ ਸਟੇਜਾਂ ਤਕ ਪੁਚਾਇਆ ਜਾਵੇ ਤਾਂ ਕਿ ਇਸ ਦ ਸ੍ਰੋਤ ਜ਼ਿਆਦਾ ਤੋਂ ਜ਼ਿਆਦਾ ਛੇਤੀ ਸਿਖ ਸੰਗਤਾਂ ਤਕ ਪੁਜੇ ਅਤੇ ਲੋੜਵੰਦ ਇਸ ਤੋਂ ਸ਼ੀਘਰ ਲਾਭ ਪ੍ਰਾਪਤ ਕਰ ਸਕਣ, ਇਸ ਇਰਾਦੇ ਨਾਲ ਮੈਂ ਸ਼੍ਰੋਮਣੀ ਅਕਾਲੀ ਦਲ, ਸ਼੍ਰੋਮਣੀ ਕਮੇਟੀ, ਗੁਰਦਵਾਰਾ ਪ੍ਰਬੰਧਕ ਕਮੇਟੀ ਦਿਲੀ, ਚੀਫ ਖਾਲਸਾ ਦੀਵਾਨ ਦੇ ਅਤੇ ਆਮ ਕਈ ਸੁਭਾਵਾਂ ਦੇ ਆਗੂ ਮੁਖੀ ਮੈਂਬਰਾਂ ਨੂੰ ਬਹੁਤ ਸਾਰੀਆਂ ਕਾਪੀਆਂ ਹਰ ਵਾਰੀ ਮੁਫਤ ਦਿਤੀਆਂ ਅਤੇ ਇਸ ਪਾਸੇ ਧਿਆਨ ਦਿਵਾਉਣ ਲਈ ਕਈ ਕਈ ਚੱਕਰ ਕੱਟੇ ਤੇ ਚਿਠੀਆਂ ਲਿਖੀਆਂ, ਪਰ ਹੈਰਾਨਗੀ ਤੇ ਅਫ-ਸੋਸ ਹੈ ਕਿ ਕਈਆਂ ਨੇ ਤਾਂ ਇਹ ਕਿਹਾ ਕਿ ਸਾਨੂੰ ਯਾਦ ਹੀ ਨਹੀਂ ਕਿਤਾਬ ਲਈ ਸੀ ਕਿ ਨਹੀਂ,ਕਈਆਂ ਕਿਹਾ ਅਸੀਂ ਪੜ੍ਹੀ ਹੀ ਨਹੀਂ, ਕੋਈ ਚੁਕ ਕੇ ਲੈ ਗਿਆ ਹੈ। ਅਤੇ ਕਈਆਂ ਨੇ ਏਥੋਂ ਤਕ ਕਿਹਾ

ਕਿ ਅਜ ਕਲ ਕੌਣ ਕਿਸੇ ਦੀ ਮੰਨਦਾ ਹੈ, ਜਿਸ ਦਾ ਜੀ ਕ
ਕੇਸ ਰਖ ਲਵੇਗਾ, ਨਹੀਂ ਤਾਂ ਜ਼ਬਰਦਸਤੀ ਕੌਣ ਰਖਦਾ ਹੈ।

( ੫ )

ਇਸ ਤੋਂ ਇਲਾਵਾ ਬਹੁਤ ਸਾਰੀਆਂ ਕਾਪੀਆਂ ਪ
ਐਡੀਸ਼ਨ ਦੀਆਂ ਦਿਲੀ ਦੇ ਤੇ ਬਾਹਰ ਦੇ ਬਹੁਤ ਸਾਰੇ ਕੁਝ
ਸਿਖਾਂ ਨੂੰ ਦਿਤੀਆਂ ਕਿ ਪੜ੍ਹ ਕੇ ਜ਼ਿਆਦਾ ਤੋਂ ਜ਼ਿਆਦਾ ਕਾ
ਪ੍ਰਚਾਰ ਹਿਤ ਲੈ ਕੇ ਮੁਫਤ ਵੰਡਣਗੇ, ਪਰ ਉਨ੍ਹਾਂ ਨੇ ਸ਼
ਪੁਸਤਕ ਦਾ ਇਕ ਪੰਨਾ ਵੀ ਪਰਤ ਕੇ ਨਹੀਂ ਵੇਖਿ
ਇਸ ਹਾਲਤ ਤੋਂ ਅੰਦਾਜ਼ਾ ਲਾਉਣਾ ਔਖਾ ਨਹੀਂ ਕਿ ਪ੍ਰਚਾਰ
ਸਾਡੀ ਕੀ ਰੁਚੀ ਹੈ। ਪਰ ਜਿਸ ਕਿਸੇ ਨੇ ਪੜ੍ਹੀ ਉਹ ਹੈਰਾਨ
ਗਿਆ ਕਿ ਕੇਸਾਂ ਦੀ ਮਹਾਨਤਾ ਬਾਰੇ ਦੁਨੀਆਂ ਦੇ ਇਤਿਹਾਸ
ਕੀ ਕੁਝ ਭਰਿਆ ਪਿਆ ਹੈ।

ਭਾਵੇਂ ਆਪਣੇ ਯਤਨ ਨਾਲ ਪੁਸਤਕ ਨੂੰ ਕਾਫੀ
ਤਕ ਪਹੁੰਚਾਉਣ ਵਿਚ ਮੈਂ ਸਫਲ ਹੋ ਗਿਆ ਅਤੇ
ਪਾਠਕਾਂ ਨੇ ਇਸ ਨੂੰ ਧਿਆਨ ਨਾਲ ਪੜ੍ਹਿਆ, ਉਨ੍ਹਾਂ
ਭਾਰੀ ਖੁਸ਼ੀ ਅਤੇ ਪ੍ਰਸੰਸਾ ਪ੍ਰਗਟ ਕੀਤੀ, ਪਰ ਸਾਡੇ ਕਈਆਂ ਮੁ
ਨੂੰ ਕਿਸੇ ਥਾਂ ਤੇ ਇਸ ਲਿਖਤ ਦਾ ਨਾ ਲੈਣਾ ਵੀ ਕੁਫਰ ਜਾਪਣ
ਪਿਆ। ਉਹ ਇਹ ਗੱਲ ਸੋਚਣ ਲਈ ਤਿਆਰ ਹੀ ਨਹੀਂ
ਗੁਰਦਵਾਰਿਆਂ ਦੇ ਲੱਖਾਂ ਰੁਪਿਆਂ ਦੀ ਆਮਦਨ ਦਾ ਕੀ ਲਾਭ
ਧਰਮ ਪ੍ਰਚਾਰ ਵਲੋਂ ਅਸਾਂ ਉਕਾ ਹੀ ਅੱਖਾਂ ਮੀਟੀਆਂ ਹੋਈਆਂ

( ੬ )

ਦੂਜਾ ਥਾਂ ਸੀ ਖਾਲਸਾ ਸਕੂਲ ਖਾਲਸਾ ਕਾਲਜ ਅਤੇ ਖਾ
ਲਾਇਬ੍ਰੇਰੀਆਂ, ਘੱਟ ਹੀ ਕੋਈ ਉਕਤ ਸੰਸਥਾ ਹੋਵੇਗੀ,ਜਿਥੇ ਪੁਸ
(ਸੈਂਪਲ ਦੇ ਤੌਰ ਤੇ ਫ੍ਰੀ) ਪੁਚਾਉਣ ਵਿਚ ਮੈਂ ਅਸਫਲ
ਹੋਵਾਂ, ਪਰ ਦੁਖ ਦੀ ਗੱਲ ਹੈ ਕਿ ਸਭ ਜਗ੍ਹਾ ਦੇ ਪ੍ਰਿੰਸੀਪਲਾਂ ਅਤੇ
ਮਾਸਟਰਾਂ ਨੇ ਇਸ ਪਾਸੇ ਧਿਆਨ ਹੀ ਨਹੀਂ ਦਿਤਾ ਜੋ ਬੜੀ ਆ

ਨਾਲ ਸਿਖ ਵਿਦਿਆਰਥੀਆਂ ਲਈ ਕਾਫੀ ਗਿਣਤੀ ਵਿਚ ਲੈ ਸਕਦੇ ਸਨ ਅਤੇ ਇਸ ਦਾ ਸਿਖੀ ਤੋਂ ਡੋਲੇ ਹੋਏ ਨੌਜੁਆਨਾਂ ਤੇ ਖਾਸ ਅਸਰ ਹੋਣਾ ਸੀ।

ਪਰ ਇਹ ਕੁਝ ਤਾਂ ਹੁੰਦਾ ਜੇ ਉਹ ਅਧਿਆਪਕ ਸਿਖੀ ਦਰਦ ਰੱਖਣ ਵਾਲੇ ਹੁੰਦੇ,ਮੈਂ ਤਾਂ ਇਹ ਵੇਖ ਕੇ ਹੈਰਾਨ ਹੋ ਗਿਆ ਕਿ ਸੌ 'ਚੋਂ ਸ਼ਾਇਦ ਪੰਜ ਅਧਿਆਪਕ ਅਜਿਹੇ ਹਨ ਜੋ ਸਿਖੀ ਲਗਨ ਵਾਲੇ ਹਨ ਅਤੇ ਇਹੋ ਜਿਹੇ ਕੰਮਾਂ ਵਿਚ ਨਿੱਜੀ ਲਾਲਚ ਨਹੀਂ ਰਖਦੇ। ਜਿਹੜੇ ਆਪ ਹੀ ਦਾਹੜੇ ਦੀ ਬੇਅਦਬੀ ਕਰਨੀ ਜਾਂ ਕਲਫ ਲਾਣੀ ਬੁਰੀ ਨਹੀਂ ਸਮਝਦੇ, ਉਨ੍ਹਾਂ ਦਾ ਇਸ ਪਾਸੇ ਵਲ ਧਿਆਨ ਹੀ ਕਿਵੇਂ ਆ ਸਕਦਾ ਹੈ।

ਦੂਜੀ ਗੱਲ ਇਹ ਕਿ ਪੁਸਤਕ ਉਹ ਆਪ ਪੜ੍ਹਦੇ ਨਹੀਂ ਤੇ ਪੜ੍ਹੇ ਬਿਨਾਂ ਉਨ੍ਹਾਂ ਨੂੰ ਇਸਦੀ ਕੀ ਕਦਰ ਹੋ ਸਕਦੀ ਸੀ।

ਮੈਨੂੰ ਇਸ ਜਦੋ-ਜਹਿਦ ਵਿਚ ਇਕ ਗੱਲ ਦੀ ਸਮਝ ਨਹੀਂ ਆਈ ਕਿ ਜੇ ਸਾਡੀਆਂ ਮੁਖੀ ਬਾਡੀਆਂ ਆਗੂਆਂ ਅਧਿਆਪਕਾਂ ਆਦਿ ਦਾ ਆਮ ਤੌਰ ਤੇ ਗੁਰਮਤ ਸਾਹਿਤ ਲਈ ਇਹ ਰਵੱਈਆ ਹੈ ਤਾਂ ਆਖਰ ਇਹਨਾਂ ਲੰਬੀਆਂ ਲੰਬੀਆਂ ਤਕਰੀਰਾਂ ਅਤੇ ਰੌਲੇ ਦੀ ਕੀ ਲੋੜ ਹੈ!

ਮੁਖ ਨਿਸ਼ਾਨਾ ਤੇ ਸਾਡਾ ਸਾਰਿਆਂ ਦਾ ਸਿਖੀ ਪ੍ਰਚਾਰ ਹੈ, ਜੇ ਇਸ ਪਾਸੇ ਧਿਆਨ ਹੀ ਨਹੀਂ ਦੇਣਾ ਤਾਂ ਇਹ ਸਭ ਕੁਝ ਕਿਸ ਲੇਖੇ। ਆਮ ਤਾਲੀਮ ਤਾਂ ਸਰਕਾਰੀ ਸਕੂਲਾਂ ਵਿਚ ਇਸ ਤੋਂ ਵੀ ਸਸਤੀ ਮਿਲਦੀ ਹੈ। ਖਾਲਸਾ ਸਕੂਲਾਂ ਜਾਂ ਕਾਲਜਾਂ ਦਾ ਭਾਵ ਤਾਂ ਇਹ ਹੈ ਕਿ ਅਸੀਂ ਨਾਲ ਸਿਖ ਧਰਮ ਦੇ ਪ੍ਰਚਾਰ ਦਾ ਜ਼ਰੀਹਾ ਵੀ ਕਾਇਮ ਰਖੀਏ ਜੋ ਦੂਜੇ ਸਕੂਲਾਂ ਵਿਚ ਨਹੀਂ ਰਹਿ ਸਕਦਾ।

ਜੇ ਸਾਡੇ ਸਿਖ ਕਾਲਜਾਂ ਦੇ ਵਿਦਿਆਰਥੀ ਹੀ ਦਾੜ੍ਹੀ ਮੁਛਾਂ ਚੱਟਮ ਕਰੀ ਫਿਰਦੇ ਹਨ ਅਤੇ ਕਈ ਅਧਿਆਪਕ ਵੀ ਦਾੜ੍ਹੀ ਕੱਟਦੇ

ਜਾਂ ਰੰਗਦੇ ਹਨ ਤਾਂ ਸਾਡਾ ਖਾਲਸਾਪਨ ਕਿਥੇ ਗਿਆ। ਕੀ
ਸਕੂਲਾਂ ਦਾ ਨਾਮ ਖਾਲਸਾ ਸਕੂਲ ਰਖਣਾ ਖਾਲਸਾ ਪਦ ਦੀ
ਨਹੀਂ ? ਅਫਸੋਸ ਹੈ ਕਿ ਅਸੀਂ ਆਪਣੀ ਅਸਲੀਅਤ ਨੂੰ
ਜਾ ਰਹੇ ਹਾਂ।

ਅੰਤ ਵਿਚ ਮੈਂ ਪਾਠਕਾਂ ਦਾ ਧਿਆਨ ਥੋੜ੍ਹਾ ਇਸ ਪਾ
ਦਿਵਾਂਦਾ ਹਾਂ ਕਿ ਉਕਤ ਕਿਸਮ ਦੀ ਸਾਰੀ ਕਮਜ਼ੋਰੀ ਆਮ
ਸਿੱਖੀ ਦੀਆਂ ਮੋਹਰਲੀਆਂ ਕਤਾਰਾਂ ਵਿਚ ਅਰਥਾਤ ਸਭਾ ਸੁ
ਟੀਆਂ ਅਥਵਾ ਸੰਸਥਾਵਾਂ ਦੇ ਮੁਖੀਆਂ ਵਿਚ ਹੈ। ਸਿਖੀ
ਤਹਿਆਂ ਵਿਚ ਅਰਥਾਤ ਪਿਛਲੀਆਂ ਕਿਤਾਰਾਂ ਵਿਚ ਜਿਦ
ਚੌਧਰਤਾ ਤੋਂ ਦੂਰ ਹਨ, ਪਾਰਟੀਬਾਜ਼ੀ ਦੀਆਂ ਛਿੱਟਾਂ ਉਨ੍ਹਾਂ ਤੇ
ਪਈਆਂ, ਗੁਰਦਵਾਰਿਆਂ ਦਾ ਧਾਨ ਉਨ੍ਹਾਂ ਦੇ ਮੂੰਹ ਨਹੀਂ ਲੱਗਾ
ਵਿਚ ਸਿਖੀ ਲਈ ਅਥਾਹ ਸ਼ਰਧਾ ਤੇ ਸਿਦਕ ਹੈ। ਪੰਥ ਦੀ
ਸਭ ਕੁਝ ਵਾਰਨਾ ਪਵੇ ਤਾਂ ਉਹ ਇਕ ਤੁਛ ਖੇਡ ਸਮਝਦੇ
ਗੁਰਮਤਿ ਸਾਹਿਤ ਅਤੇ ਪ੍ਰਚਾਰ ਲਈ ਉਨ੍ਹਾਂ ਦੇ ਮਨਾਂ ਵਿਚ
ਵਾਲੀ ਤੜਪ ਹੈ, ਉਨ੍ਹਾਂ ਦੀ ਪ੍ਰੇਰਣਾ ਅਤੇ ਅਸੀਸਾਂ ਨੇ ਹੀ ਹੱਲ
ਦਿਤੀ ਹੈ ਕਿ ਉਮਰ ਭਰ ਤੋਂ ਕੀਤੀ ਮੇਹਨਤ ਲਈ ਮੈਂ ਦਿ
ਛੱਡਾਂ ਅਤੇ ਇਸ ਤੋਂ ਇਲਾਵਾ ਅਗਲੀਆਂ ਲਿਖਤਾਂ ਨੂੰ ਵੀ ਪ੍ਰ
ਕਰਨ ਦਾ ਯਤਨ ਜਾਰੀ ਰੱਖਾਂ।

( ੭ )

ਇਹ ਜ਼ਿਕਰ ਕਰਨਾ ਵੀ ਅਯੋਗ ਨਹੀਂ ਹੋਵੇਗਾ ਕਿ
ਕੌਮ ਵਿਚ ਸ਼ੁਰੂ ਤੋਂ ਇਹੀ ਹਾਲਤ ਰਹੀ ਹੈ।

ਭਾਈ ਸੰਤੋਖ ਸਿੰਘ ਜੀ ਨੂੰ ਕੈਂਥਲ ਦੇ ਮਹਾਰਾਜਾ ਉਦੇ
ਨੇ ਅਤੇ ਭਾਈ ਸਾਹਿਬ ਕਾਨ੍ਹ ਸਿੰਘ ਜੀ ਨੂੰ ਸਰਕਾਰ ਪਟਿਆ
ਕਾਫੀ ਮੱਦਦ ਦਿਤੀ, ਤਦ ਉਹ ਐਨਾ ਮਹਾਨ ਸਾਹਿਤ ਕੌ
ਸਕੇ ਹਨ, ਅਤੇ ਭਾਈ ਸਾਹਿਬ ਭਾ: ਵੀਰ ਸਿੰਘ ਜੀ ਅ

ਆਰਥਕ ਯੋਗਤਾ, ਸ਼ਖਸੀਅਤ ਅਤੇ ਰਸੂਖ ਕਾਰਣ ਕੌਮ ਦੀ ਸੇਵਾ ਕਰ ਗਏ ਹਨ, ਵਰਨਾ ਪੰਥ ਨੇ ਉਕਤ ਵਯਕਤੀਆਂ ਦਾ ਹੱਥ ਨਹੀਂ ਵਟਾਇਆ।

ਸਰਦਾਰ ਕਰਮ ਸਿੰਘ ਜੀ ਹਿਸਟੋਰੀਅਨ ਤੇ ਗਿਆਨੀ ਗਿਆਨ ਸਿੰਘ ਜੀ ਆਦਿ ਦੀਆਂ ਹੱਡ ਬੀਤੀਆਂ ਮੁਸੀਬਤਾਂ ਨੂੰ ਯਾਦ ਕਰ ਕੇ ਹਿਰਦਾ ਕੰਬ ਜਾਂਦਾ ਹੈ। ਸਾਡੇ ਵਿਚ ਆਮ ਰੀਤੀ ਹੈ ਜਿਊਂਦਿਆਂ ਦੀ ਸਾਰ ਨਾ ਲੈਣੀ ਤੇ ਮੋਇਆਂ ਦੇ ਗੀਤ ਗਾਣੇ, ਆਮ ਜਨਤਾ ਦੀ ਵੀ ਅਜਿਹੀ ਦਸ਼ਾ ਹੋ ਗਈ ਹੈ ਕਿ ਗੰਦੇ ਨਾਵਲ, ਡਰਾਮੇ ਤੇ ਫਿਲਮੀ ਰਸਾਲਿਆਂ ਨਾਲ ਤਾਂ ਘਰ ਭਰੇ ਪਏ ਹਨ, ਪਰ ਗੁਰਬਾਣੀ ਦੇ ਗੁਟਕੇ ਭਾ: ਨੰਦ ਲਾਲ ਜੀ ਦੀ ਬਾਣੀ ਅਥਵਾ ਧਾਰਮਕ ਪੁਸਤਕਾਂ ਦੇ ਕਿਸੇ ਟਾਂਵੇਂ ਟਾਂਵੇ ਘਰ ਵਿਚ ਦਰਸ਼ਨ ਹੋਂਦੇ ਹਨ।

ਥੋੜ੍ਹਾ ਚਿਰ ਹੋਇਆ, ਮੈਨੂੰ ਕਿਸੇ ਦਸਿਆ ਕਿ ਪੰਥ ਦੇ ਮਹਾਨ ਵਿਦਵਾਨ ਪੰਡਤ ਤਾਰਾ ਸਿੰਘ ਨਿਰੋਤਮ ਦੇ ਲਿਖੇ ਸਿਰੀ ਰਾਗ ਦੇ ਟੀਕੇ (ਜਿਸ ਦਾ ਆਕਾਰ ਵਡੀ ਜਨਮ ਸਾਖੀ ਜਿਡਾ ਹੈ) ਦੀਆਂ ਦਿਲੀ ਵਿਚ ਕੋਈ ਇਕ ਸੋ ਕਾਪੀਆਂ ਕਿਸੇ ਕਬਾੜੀ ਪਾਸ ਰੱਦੀ ਵਿਚ ਵਿੱਕ ਰਹੀਆਂ ਸਨ, ਜਿਥੋਂ ਕਿਸੇ ਪੰਥ ਦਰਦੀ ਨੇ ਉਨ੍ਹਾਂ ਨੂੰ ਗੁਰਦਵਾਰਾ ਸੀਸ ਗੰਜ ਦੇ ਦਫਤਰ ਵਿਚ ਪੁਚਾਇਆ, ਜਿਥੋਂ ਮੈਂ ਵੀ ਇਕ ਕਾਪੀ ਲਈ ਹੈ ਤੇ ਅਜੇ ਵੀ ਉਥੇ ਬਹੁਤ ਪਈਆਂ ਹਨ।

ਇਹ ਹੈ ਸਾਡੀ ਗੁਰਬਾਣੀ ਜਾਂ ਧਾਰਮਕ ਸਾਹਿਤ ਲਈ ਆਮ ਦਿਲਚਸਪੀ। ਕੀ ਕਹਿੰਦੀ ਹੋਵੇਗੀ ਉਸ ਚੋਟੀ ਦੇ ਵਿਦਵਾਨ ਦੀ ਆਤਮਾ, ਜਿਸ ਦੀ ਮਿਹਨਤ ਕੋਡੀਆਂ ਵਿਚ ਰੁਲੀ।

ਅਜਿਹੀ ਹਾਲਤ ਵਿਚ ਅਸੀਂ ਉਨ੍ਹਾਂ ਲੋਕਾਂ ਦਾ ਕੀ ਮੁਕਾਬਲਾ ਕਰ ਸਕਦੇ ਹਾਂ, ਜਿਨ੍ਹਾਂ ਨੇ ਦਰਜਨਾਂ ਜ਼ਬਾਨਾਂ ਵਿਚ ਆਪਣੀਆਂ ਧਾਰਮਕ ਪੁਸਤਕਾਂ ਨੂੰ ਕਰੋੜਾਂ ਦੀ ਤਾਦਾਦ ਵਿਚ ਛਾ
ਤੇ ਦੁਨੀਆਂ ਦੇ ਕੋਨੇ ਕੋਨੇ ਤਕ ਕੋਡੀਆਂ ਦੇ ਭਾ ਪਹੁੰਚਾਇ
ਇਹ ਸਭ ਕੁਝ ਉਨ੍ਹਾਂ ਦੇ ਮਿਸ਼ਨਰੀ ਸਿਸਟਮ, ਉਤਸ਼ਾਹ
ਸਾਹਿਤਕ ਪ੍ਰਚਾਰ ਲਈ ਅਰਬਾਂ ਰੁਪਏ ਖਰਚ ਕਰਨ ਦਾ ਨ
ਹੈ: ਅਸੀਂ ਤਾਂ ਸਦੀਆਂ ਤੋਂ ਗੁਰੂ ਦੀਆਂ ਗੋਲਕਾਂ ਨੂੰ ਸਿ
ਵਾਂਗ ਚਮੁੱਟੇ ਹੋਏ ਹਾਂ ਅਤੇ ਚੋਧਰਤਾ ਦੇ ਰੋਗ ਦੇ ਮਾਰੇ ਇਕ
ਨੂੰ ਨੀਚਾ ਦਿਖਾਣ ਲਈ ਘੁਲ ਘੁਲ ਕੇ ਖਪਦੇ ਜਾ ਰਹੇ ਹਾਂ।

ਅਜਿਹੀ ਦੁਖਦਾਈ ਹਾਲਤ ਨੂੰ ਵੇਖ ਕੇ ਭਾਵੇਂ ਮੈਂ
ਸਮਾਂ ਸੁਸਤੀ ਵਿਚ ਗਵਾ ਬੈਠਾ ਹਾਂ ਕਿ ਜਦ ਕੌਮ ਦੇ ਮੁਖੀਅ
ਜ਼ਿੰਮੇਂਵਾਰਾਂ ਦਾ ਇਸ ਪਾਸੇ ਧਿਆਨ ਹੀ ਨਹੀਂ ਤਾਂ ਅ
ਮੋਢਿਆਂ ਤੇ ਕੀ ਹੋ ਸਕੇਗਾ, ਪਰ ਆਮ ਸਿਖ ਸੰਗਤਾਂ ਦੀ
ਉਤਸ਼ਾਹ, ਪਿਆਰ ਤੇ ਹੌਂਸਲਾ ਅਫਜ਼ਾਈ ਤੋਂ ਪਰਭਾਵਤ
ਮੈਂ ਆਪਣੇ ਤੁਛ ਤੇ ਨਿਮਾਣੇ ਯਤਨ ਨੂੰ ਜਾਰੀ ਰੱਖਣ ਦਾ ਇ
ਬਣਾਂਦਾ ਹਾਂ ਅਤੇ ਯਤਨ ਕਰਾਂਗਾ ਕਿ ਜਦ ਤਕ ਸਰੀਰ
ਇਸ ਮਿਹਨਤ ਲਈ ਬਲ ਹੈ, ਇਸ ਨੂੰ ਜਾਰੀ ਰੱਖਾਂ। ਇਹ
ਕਿਸੇ ਘੁਮੰਡ ਵਿਚ ਨਹੀਂ, ਬਲਕਿ ਦੁਖੀ ਹਿਰਦੇ ਨਾਲ ਨਿੰ
ਸਹਿਤ ਲਿਖ ਰਿਹਾ ਹਾਂ। ਮੈਂ ਇਸ ਗਲ ਨੂੰ ਵੀ ਨਹੀਂ ਭੁੱਲ
ਕਿ ਸੰਗਤਾਂ ਨੇ ਮੇਰੇ ਜਹੇ ਨਾਚੀਜ਼ ਨੂੰ ਜਿਥੇ ਨਿਵਾਜਿਆ ਹੈ
ਸਚਾਈ ਦੀ ਵੀ ਮੇਰੀ ਆਸ ਤੋਂ ਵਧ ਕਦਰ ਕੀਤੀ ਹੈ।

ਸੰਗਤਾਂ ਦੀ ਹੌਂਸਲਾ ਅਫਜ਼ਾਈ ਸਦਕਾ ਹੀ ਕਈ
ਤੋਂ ਹੁਣ ਤਕ ਜਿੱਥੇ ਸਿੱਖ ਧਰਮ ਤੇ ਕੁਝ ਪੈਂਫਲਟ ਅਤੇ
ਦੀ ਗਿਣਤੀ (ਦੇਸ਼, ਪ੍ਰਦੇਸ਼) ਵਿਚ ਸਿੱਖੀ ਅਸੂਲਾਂ ਦੇ ਪਰਚੇ
ਹਿਤ ਮੁਫਤ ਵੰਡਣ ਦਾ ਸੁਭਾਗ ਵਾਹਿਗੁਰੂ ਨੇ ਬਖਸ਼ਿਆ ਹੈ
'ਸੱਚਾ ਗੁਰੂ' ਤੇ 'ਨਿਰਾਲੀ ਖੋਜ' ਤੋਂ ਇਲਾਵਾ ਈਸਟ ਅਫ

ਥਾਈਲੈਂਡ, ਮਲਾਇਆ ਅਤੇ ਸਿੰਘਾਪੁਰ ਆਦਿ ਦੇਸਾਂ ਦੇ ਗੁਰਦਵਾਰੇ ਅਥਵਾ ਲਾਇਬਰੇਰੀਆਂ ਨੂੰ 'ਕੇਸ ਚਮਤਕਾਰ' ਪੁਸਤਕ ਦੀਆਂ ਵੀ ਸੈਂਕੜੇ ਕਾਪੀਆਂ ਮੁੰਫਤ ਭੇਟਾ ਕੀਤੀਆਂ ਹਨ,ਜਿਨ੍ਹਾਂ ਦਾ ਜ਼ਿਕਰ ਉਕਤ ਦੇਸ਼ਾਂ ਦੀਆਂ ਸਿੰਘ ਸਭਾਵਾਂ ਵਲੋਂ ਮਿਲੀਆਂ ਚਿਠੀਆਂ ਵਿਚ ਮੌਜੂਦ ਹੈ। (ਭਾਵੇਂ ਨਿੱਜੀ ਤੌਰ ਤੇ ਕੁਝ ਵੀਰਾਂ ਨੇ ਭੇਟਾ ਤੇ ਵੀ ਲੀਤੀਆਂ ਹਨ)।

ਇਸ ਤੋਂ ਬਿਨਾਂ ਜਿਥੇ ਵੀ ਕੋਈ ਪਤਿਤ ਜਾਂ ਢਿੱਲੜ ਸਜਣ ਦੀ ਸਰੋਤ ਪਈ, ਉਸ ਦੇ ਪਾਸ ਆਪ ਜਾ ਕੇ ਪੁਸਤਕ ਬਿਨਾਂ ਭੇਟਾ ਦੇ ਦਿਤੀ ਅਤੇ ਪਰੇਰਨਾ ਕੀਤੀ, ਜਿਸਦਾ ਸਭ ਥਾਵਾਂ ਤੇ ਖਾਸਾ ਲਾਭ ਹੋਇਆ ਹੈ। ਇਹ ਸਭ ਕੁਝ ਉਨ੍ਹਾਂ ਵੀਰਾਂ ਦੇ ਉਦਮ ਅਤੇ ਉਤਸ਼ਾਹ ਦਾ ਸਦਕਾ ਹੈ, ਜਿਨ੍ਹਾਂ ਨੇ ਮੇਰੇ ਹੌਂਸਲੇ ਨੂੰ ਕਾਇਮ ਰੱਖਿਆ ਅਤੇ ਹੱਥ ਵਟਾਇਆ ਹੈ। ਅੰਤ ਵਿਚ ਮੈਂ ਉਨ੍ਹਾਂ ਦਾ ਸਚੇ ਦਿਲੋਂ ਧੰਨਵਾਦ ਕਰਦਾ ਹਾਂ ਅਤੇ ਵਾਹਿਗੁਰੂ ਅਗੇ ਅਰਦਾਸ ਕਰਦਾ ਹਾਂ ਕਿ ਅਜਿਹੇ ਪੰਥ ਦਰਦੀ ਕੌਮਾਂ ਵਿਚ ਸਦਾ ਕਾਇਮ ਰਹਿਣ।

ਕਈ ਸਾਲਾਂ ਦੀ ਖੋਜ, ਥਾਂ ਥਾਂ ਪੁਜ ਕੇ ਹਵਾਲੇ ਪ੍ਰਾਪਤ ਕਰਨ, ਪੁਸਤਕਾਂ ਦਾ ਭਾਰੀ ਸਟਾਕ ਰੱਖਣ ਅਤੇ ਸਾਰੀ ਤਿਆਰੀ ਲਈ ਕਿੰਨਾ ਕੁ ਖਰਚ ਅਤੇ ਮੇਹਨਤ ਦੀ ਲੋੜ ਸੀ, ਇਸ ਗਲ ਦਾ ਅਨੁਮਾਨ ਪਾਠਕ ਸਾਰੀ ਪੁਸਤਕ ਪੜ੍ਹ ਕੇ ਹੀ ਲਾ ਸੱਕਣਗੇ।

ਮੈਂ ਮਹਿਸੂਸ ਕਰਦਾ ਹਾਂ ਕਿ ਸਿੱਖ ਕੌਮ (ਖਾਸ ਕਰ ਨਵੀਂ ਪਨੀਰੀ) ਇਸ ਸਮੇਂ ਡਾਢੇ ਖਤਰਨਾਕ ਮੋੜ ਵਿਚ ਹੈ। ਅਜਿਹਾ ਠੋਸ ਉਪਰਾਲਾ ਕਰਨ ਦੀ ਸ਼ੀਘਰ ਲੋੜ ਹੈ, ਜਿਸ ਨਾਲ ਸਿੱਖੀ ਪਰਚਾਰ ਵਿਚ ਵਾਧਾ ਹੋਵੇ। ਜੇ ਪਹਿਲੇ ਛੋਟੇ ਆਕਾਰ ਵਿਚ ਇਸ ਪੁਸਤਕ ਦੇ ਪ੍ਰਭਾਵ ਨੇ ਸੈਂਕੜੇ ਦੇਸ ਪ੍ਰਦੇਸ਼ ਦੇ ਨੌਜਵਾਨਾਂ ਨੂੰ ਕੇਸ ਕਾਇਮ ਰਖਣ ਅਥਵਾ ਸਾਬਤ ਸੂਰਤ ਰਹਿਣ ਲਈ ਪਰੇਰਿਆ ਹੈ ਤਾਂ ਯਕੀਨਨ ਹੁਣ ਵੀ ਇਸਦਾ ਖਾਸਾ ਲਾਭ ਪੁਜੇਗਾ।

## ਸਿੱਖ ਪੰਥ ਦੇ ਧਿਆਨ ਯੋਗ

ਇਹ ਗੱਲ ਸੂਰਜ ਵਾਂਗ ਰੋਸ਼ਨ ਹੈ ਕਿ ਗੁਰੂ ਨਾਨਕ
ਦਾ ਸਾਜਿਆ ਸਿੱਖ ਧਰਮ ਇਕ ਆਲਮਗੀਰ ਧਰਮ
ਨੂੰ ਸਹੀ ਅਰਥਾਂ ਵਿਚ ਲੋਕ ਧਰਮ ਕਿਹਾ ਜਾ ਸਕਦਾ
ਘਾਲਾਂ ਇਸਦੀ ਸਾਜਨਾ ਹਿੱਤ ਦਸ ਗੁਰੂ ਸਾਹਿਬਾਨ ਨੇ
ਹਨ, ਉਨ੍ਹਾਂ ਦੀ ਮਸਾਲ ਸੰਸਾਰ ਭਰ ਵਿੱਚ ਨਹੀਂ ਮਿਲਦੀ
ਨਾਨਕ ਸਾਹਿਬ ਜੀ ਦਾ ਉਮਰ ਭਰ ਦੇਸ਼ ਦੇਸ਼ਾਂਤ੍ਰਾਂ ਦਾ ਸਫਰ
ਗੁਰੂ ਅਰਜਨ ਸਾਹਿਬ ਜੀ ਦਾ ਉਬਲਦੀ ਦੇਗ ਵਿੱਚ ਚੌਂਕੜਾ,
ਆਪਣੇ ਸ਼ਰੀਰ ਦੀ ਬਲੀ ਦੇਣੀ, ਗੁਰੂ ਤੇਗ਼ ਬਹਾਦਰ ਸਾ
ਹਿੰਦੂ ਧਰਮ ਅਤੇ ਦੇਸ ਦੀ ਖਾਤਰ ਆਪਣਾ ਸੀਸ ਕਟਾ ਦੇਣ
ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਆਪਣਾ ਸਾਰਾ ਸਰਬੰਧ
ਕੁਰਬਾਨ ਕਰ ਦੇਣਾ ਅਜਿਹੀਆਂ ਘਟਨਾਵਾਂ ਹਨ, ਜਿਨ੍ਹਾਂ
ਕਰ ਕੇ ਸਰੀਰ ਦੇ ਰੋਂਗਟੇ ਖੜੇ ਹੋ ਜਾਂਦੇ ਹਨ।

ਇਸ ਦੇ ਉਪਰੰਤ ਹਜ਼ਾਰਾਂ ਗੁਰੂ ਕਲਗੀਧਰ ਦੇ
ਨੇ ਜਿਵੇਂ ਦੇਸ਼ ਧਰਮ ਦੀ ਖ਼ਾਤਰ ਆਰਿਆਂ ਨਾਲ ਤਨ ਚਿ
ਬੰਦ ਬੰਦ ਕਟਾਏ ਆਪਣੇ ਆਪ ਨੂੰ ਰੰਬੀਆਂ ਤੇ ਚਰਖੜ
ਭੇਟ ਕੀਤਾ, ਆਪਣੇ ਮਾਸੂਮ ਬਚਿਆਂ ਨੂੰ ਅੱਖਾਂ ਸਾਹਮ
ਸੁੱਟਿਆ, ਪਰ ਸੀ ਤਕ ਨਹੀਂ ਕਹੀ, ਇਹ ਅਦੁੱਤੀ ਅਤੇ
ਗੱਲਾਂ ਹਨ ਜੋ ਕਿਸੇ ਦੂਜੇ ਧਰਮ ਦੇ ਇਤਿਹਾਸ ਵਿਚ
ਮਿਲਦੀਆਂ।

ਇਕ ਈਸਾ ਜੀ ਦੇ ਸੂਲੀ ਚੜ੍ਹਨ ਦਾ ਨਤੀਜਾ ਜੇ ਇਸ ਵੇਲੇ ਕ੍ਰੋੜਾਂ ਦੀ ਗਿਣਤੀ ਵਿਚ ਲੋਕ ਈਸਾਈ ਧਰਮ ਦੇ ਧਾਰਨੀ ਦੇਖੇ ਜਾਂਦੇ ਹਨ, ਤਾਂ ਇਧਰ ਹਜ਼ਾਰਾਂ ਸੂਲੀ ਚੜ੍ਹਨ ਵਾਲੇ ਪੈਦਾ ਕਰਨ ਵਾਲੀ ਸਿੱਖ ਕੌਮ ਦੇ ਲੱਖਾਂ ਨੌਜੁਆਨ ਕੁਝ ਸਾਲਾਂ ਵਿਚ ਹੀ ਸਿੱਖੀ ਨੂੰ ਤਿਲਾਂਜਲੀ ਦੇ ਚੁਕੇ ਹਨ। ਗਿਣਤੀ ਦੇ ਤੌਰ ਤੇ ਤਾਂ ਅਸੀਂ ਅੱਸੀ ਲੱਖ ਦਾ ਫ਼ਖ਼ਰ ਕਰ ਰਹੇ ਹਾਂ, ਪਰ ਗੁਰ ਸਿੱਖੀ ਜੀਵਨ ਅਤੇ ਖਾਲਸਾ ਪਦ ਅਧਿਕਾਰ ਦੇ ਪਹਿਲੂ ਤੋਂ ਸਾਡੀ ਗਿਣਤੀ ਕਿੰਨੀ ਹੈ, ਇਹ ਅੰਦਾਜ਼ਾ ਪਾਠਕ ਆਪ ਲਾ ਸਕਦੇ ਹਨ। ਇਹ ਠੀਕ ਹੈ ਕਿ ਗੁਰੂ ਕਲਗੀਆਂ ਵਾਲੇ ਦੀ ਸਿੱਖੀ ਮੁਕ ਨਹੀਂ ਸਕਦੀ ਅਤੇ ਇਹ ਬੂਟਾ ਜੁਗਾਂ ਤਾਈਂ ਕਾਇਮ ਰਹੇਗਾ, ਪਰ ਜੋ ਗਿਰਾਵਟਾਂ, ਕਮਜ਼ੋਰੀਆਂ ਅਤੇ ਮਨਮਤਾਂ ਇਸ ਵਿੱਚ ਪ੍ਰਵੇਸ਼ ਕਰ ਰਹੀਆਂ ਹਨ, ਉਨ੍ਹਾਂ ਨੂੰ ਵੀ ਅੱਖੋਂ ਉਹਲੇ ਨਹੀਂ ਕੀਤਾ ਜਾ ਸਕਦਾ ਅਤੇ ਇਹ ਮੰਨਣਾ ਪਵੇਗਾ ਕਿ ਇਹ ਸਭ ਕੁਝ ਪਰਚਾਰ ਦੀ ਕਮੀ ਕਾਰਨ ਹੋ ਰਿਹਾ ਹੈ। ਇਹ ਚਰਚਾ ਤਾਂ ਹਰ ਕੋਈ ਕਰ ਰਿਹਾ ਹੈ ਕਿ ਸਿੱਖੀ ਨੂੰ ਬੜੀ ਭਾਰੀ ਢਾਹ ਲਗ ਰਹੀ ਹੈ, ਪਰ ਅਮਲੀ ਤੌਰ ਤੇ ਕੋਈ ਠੋਸ ਉਪਰਾਲਾ ਨਹੀਂ ਕੀਤਾ ਜਾ ਰਿਹਾ।

ਇਹ ਠੀਕ ਹੈ ਕਿ ਸਿਖ ਧਰਮ ਵਿੱਚ ਧਰਮ ਤੇ ਸਿਆਸਤ ਦੋਵੇਂ ਜ਼ਰੂਰੀ ਹਨ, ਪਰ ਯਾਦ ਰਖਣ ਵਾਲੀ ਗੱਲ ਇਹ ਹੈ ਕਿ ਨੀਂਹ ਧਰਮ ਹੀ ਹੈ। ਜੇ ਨੀਂਹ ਕਮਜ਼ੋਰ ਹੋ ਜਾਵੇ ਤਾਂ ਮਕਾਨ ਦੀਆਂ ਦੀਵਾਰਾਂ ਕਾਇਮ ਨਹੀਂ ਰਹਿ ਸਕਦੀਆਂ। ਇਸ ਵਿਚ ਸ਼ੱਕ ਨਹੀਂ ਕਿ ਕਈ ਸਾਲਾਂ ਤੋਂ ਖਾਲਸਾ ਪੰਥ ਨੂੰ ਕਈ ਔਕੜਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ, ਪਰ ਇਸ ਗੱਲ ਨੂੰ ਵੀ ਝੁਠਲਾਇਆ ਨਹੀਂ ਜਾ ਸਕਦਾ ਕਿ ਪੰਥ ਦੀ ਵਧੇਰੇ ਸ਼ਕਤੀ ਤੇ ਸਰਮਾਇਆ ਪਾਰਟੀ ਪਾਲੇਟਿਕਸ ਪਰ ਖਰਚ ਹੋ ਰਹੇ ਹਨ, ਜੇ ਪੰਥਕ ਭਲਾਈ ਲਈ ਕੋਈ ਨਕਸ਼ਾ ਉਲੀਕਿਆ ਜਾਂਦਾ ਹੈ ਤਾਂ ਉਸ ਨੂੰ ਵਿਲੂੰਧਰ ਕੇ ਰੱਖ

ਦੇਣ ਵਾਲੇ ਸਾਡੇ ਵਿਚੋਂ ਹੀ ਪੈਦਾ ਹੋ ਜਾਂਦੇ ਹਨ। ਇਨ੍ਹਾਂ ਹਾ
ਵਿਚ ਧਰਮ ਪਰਚਾਰ ਵਲ ਪੂਰਾ ਧਿਆਨ ਨਹੀਂ ਦਿਤਾ ਜਾ
ਅਤੇ ਲੱਖਾਂ ਸਾਧਨਾਂ ਦੇ ਬਾਵਜੂਦ ਸਾਡੀ ਦਸ਼ਾ ਨਿਗਰਦੀ
ਰਹੀ ਹੈ।

ਸਕੂਲਾਂ, ਕਾਲਜਾਂ ਅਤੇ ਮਿਲਟਰੀ ਵਿਚ ਹਜ਼ਾਰਾਂ ਨੌਜ
ਧੜਾਧੜ ਪਤਿਤ ਹੋ ਰਹੇ ਹਨ। ਕਈ ਥਾਈਂ ਦੰਭੀ ਅਤੇ ਭੇਖੀ
ਗੱਦੀਆਂ ਲਾ ਕੇ ਆਪਣੇ ਆਪ ਨੂੰ ਗੁਰੂ ਸਦਾਂਦੇ ਅਤੇ ਸਿਖ ਸੰ
ਨੂੰ ਕੁਰਾਹੇ ਪਾ ਰਹੇ ਹਨ।

ਕਮੇਟੀਆਂ ਸੰਸਥਾਵਾਂ ਦੀ ਦਸ਼ਾ ਇਹ ਹੈ ਕਿ ਸਾਰੇ
ਜਗਤ ਵਿਚ ਸ਼ਾਇਦ ਇਕ ਵੀ ਅਜਿਹੀ ਸਭਾ ਸੁਸਾਇਟੀ ਨਾ
ਜਿਥੇ ਫੁੱਟ ਤੇ ਪਾਰਟੀਬਾਜ਼ੀ ਨਹੀਂ। ਕਿਤਨੇ ਦੁਖ ਦੀ ਗੱਲ ਹੈ
ਸਾਡੀ ਸਾਰੀ ਸ਼ਕਤੀ ਧਰਮ ਨੂੰ ਛਡ ਕੇ ਧੜੇਬਾਜ਼ੀ ਪਰ ਲਗ ਰਹੀ
ਐ ਗੁਰੂ ਖਾਲਸਾ ਜੀ ! ਆਖਰ ਇਹ ਹਾਲਤ ਕਦ ਤਕ ਰਹੇਗੀ
ਇਸ ਦਾ ਨਤੀਜਾ ਕੀ ਹੋਵੇਗਾ? ਕਿਧਰ ਚਲੇ ਗਏ ਪੱਖੇ ਦੀ
ਬਦਲੇ ਨਵਾਬੀਆਂ ਨੂੰ ਠੁਕਰਾਉਣ ਵਾਲੇ ਤੇ ਕਿਥੋਂ ਪੈਦਾ ਹੋ ਗਏ
ਤੇ ਆਰਜ਼ੀ ਚੌਧਰ ਪਿਛੇ ਸਿੱਖੀ ਨੂੰ ਪਿੱਠ ਦੇਣ ਵਾਲੇ। ਕਿਥੇ ਬੁਧ ਧ
ਦੇ ਪ੍ਰਚਾਰ ਲਈ ਸੈਂਕੜੇ ਰਾਜੇ ਮਹਾਰਾਜੇ ਰਾਜ ਭਾਗ ਤਿਆਗ ਕੇ ਭਿ
ਬਣੇ ਸਨ ਤੇ ਕਿਥੇ ਸਿੱਖ ਅਮੀਰ ਘਰਾਣਿਆਂ ਚੋਂ ਦਿਨਬਦਿਨ
ਹੀ ਅਲੋਪ ਹੋ ਰਹੀ ਹੈ। ਕਿਥੇ ਕਿਸੇ ਸਮੇਂ ਹਰ ਹਿੰਦੂ ਪਰ
ਵਿਚ ਇਕ ਅਧ ਜ਼ਰੂਰ ਸਿਖ ਸਜਦਾ ਸੀ ਤੇ ਕਿਥੇ ਅਜ ਹਰ
ਘਰਾਣੇ ਵਿਚ ਕੋਈ ਨਾ ਕੋਈ ਸਿਖੀ ਦਾ ਤਿਆਗ
ਰਿਹਾ ਹੈ। ਕਿਥੇ ਈਸਾਈ ਸੁਸਾਇਟੀਆਂ ਤੇ ਸਰਮਾਏ
ਕ੍ਰੋੜਾਂ ਰੁਪਏ ਆਪਣੇ ਮਿਸ਼ਨ ਦੇ ਪ੍ਰਚਾਰ ਉੱਤੇ ਖ਼ਰਚ ਕਰ ਰਹੇ ਹ
ਕਿਥੇ ਸਾਡਾ ਉਹ ਸਰਮਾਇਆ ਬਹੁਤਾ ਸਾਡੀਆਂ ਢਾਹੂ ਕਾਰਵਾਈ
ਤੇ ਲੱਗ ਰਿਹਾ ਹੈ। ਕਿਥੇ ਮਿਸ਼ਨਰੀ ਘਰੋਗੀ ਜ਼ਿੰਮੇਂਵਾਰੀਆਂ ਤੋਂ

ਫ਼ਿਕਰ ਹੋ ਕੇ ਪ੍ਰਚਾਰ ਕਰ ਰਹੇ ਹਨ ਤੇ ਕਿਥੇ ਸਾਡੇ ਬਹੁਤੇ ਲਿਖਾਰੀ ਤੇ ਪ੍ਰਚਾਰਕਾਂ ਨੂੰ ਕਿਸੇ ਸੰਸਥਾ ਦੀ ਸਰਪ੍ਰਸਤੀ ਪ੍ਰਾਪਤ ਨਹੀਂ । ਕਿਥੇ ਅੰਜੀਲ ਦਰਜਨਾਂ ਜ਼ਬਾਨਾਂ ਵਿਚ ਛੱਪ ਕੇ ਕੋਡੀਆਂ ਦੇ ਭਾ ਘਰ ਘਰ ਫੈਲੀ, ਤੇ ਕਿਥੇ ਸਾਡੀ ਇਹ ਹਾਲਤ ਕਿ ਅਵਲ ਤਾਂ ਬਹੁਤ ਘੱਟ ਲਿਖਾਰੀ ਧਾਰਮਕ ਸਾਹਿਤ ਲਿਖਣ ਵਲ ਧਿਆਨ ਦੇ ਰਹੇ ਹਨ ਤੇ ਜੇ ਕੋਈ ਦਿੰਦਾ ਵੀ ਹੈ ਤਾਂ ਉਸ ਦੀ ਕੋਈ ਕਦਰ ਨਹੀਂ ।

ਸੋ ਐ ਮਾਈ ਭਾਈ ਗੁਰੂ ਖਾਲਸਾ ਵੀਰੋ ! ਆਉ ਸਾਰੇ ਆਪਣਾ ਆਪਣਾ ਫਰਜ਼ ਪਛਾਣੀਏ, ਪਹਿਲੇ ਆਪ ਗੁਰਮਤਿ ਦੇ ਧਾਰਨੀ ਹੋ ਕੇ ਗੁਰ ਸਿੱਖੀ ਦਾ ਦਾਮਨ ਫੜੀਏ, ਆਪਣੇ ਘਰਾਂ ਵਿਚ ਗੁਰਮਤਿ ਰਹਿਣੀ ਬਹਿਣੀ ਦੇ ਪਾਠ ਸਿਮਰਨ ਆਦ ਦੀ ਪਰਪਾਟੀ ਪਾਈਏ ਅਤੇ ਉਪਰੰਤ ਗੁਰ ਸਿੱਖੀ ਦੇ ਪਰਚਾਰ ਵਲ ਧਿਆਨ ਦੇਈਏ ।

ਜੋ ਧਨ ਖਰਚ ਸਕਦਾ ਹੈ ਧਨ ਦੁਆਰਾ, ਜੋ ਤਨ ਰਾਹੀਂ ਕਰ ਸਕਦਾ ਹੈ, ਤਨ (ਕਲਮ) ਰਾਹੀਂ ਅਤੇ ਜੋ ਪ੍ਰਚਾਰ ਰਾਹੀਂ ਕਰ ਸਕਦਾ ਹੈ ਪਰਚਾਰ ਲਈ ਕਮਰਕਸਾ ਕਰ ਲਵੇ । ਸਾਡੇ ਇਸ ਅਲਪ ਜੀਵਨ ਦਾ ਨਿਸ਼ਾਨਾ ਦੁਨੀਆਵੀ ਪਸਾਰਾ, ਝੂਠੀ, ਸ਼ੋਭਾ ਅਤੇ ਧਨ ਪਰਾਪਤੀ ਹੀ ਨਹੀਂ । ਸਾਡੇ ਸਿਰ ਸਤਿਗੁਰਾਂ ਦੀਆਂ ਮਹਾਨ ਕੁਰਬਾਨੀਆਂ ਦਾ ਰਿਣ ਹੈ ਅਤੇ ਅਸਾਂ ਉਸ ਡਿਉਟੀ ਨੂੰ ਵੀ ਨਿਭਾਉਣਾ ਹੈ, ਜੋ ਸਤਿਗੁਰਾਂ ਨੇ ਗੁਰਮਤਿ ਪਰਚਾਰ ਲਈ ਸਾਡੇ ਸਿਰ ਸੌਂਪੀ ਹੈ ।

ਸਭ ਤੋਂ ਵਡਾ ਦੁਖ ਅਤੇ ਅਫਸੋਸ ਇਸ ਗਲ ਦਾ ਹੈ ਕਿ ਸਾਡਾ ਪੰਥਕ ਸਰਮਾਇਆ ਸਦੀਆਂ ਤੋਂ ਪਾਰਟੀਬਾਜ਼ੀ ਅਤੇ ਧੜੇਬਾਜ਼ੀ ਤੇ ਲਗ ਰਿਹਾ ਹੈ । ਜੇ ਅਜਿਹਾ ਨਾ ਹੋਂਦਾ ਤਾਂ ਕੌਮ ਅਜ ਚੜ੍ਹਦੀ ਕਲਾ ਦੀ ਸਿਖਰ ਤੇ ਹੁੰਦੀ, ਪਰ ਹਾਲਤ ਦਿਨ ਬਦਿਨ ਬੇਬਸੀ ਦੀ ਬਣਦੀ ਜਾ ਰਹੀ ਹੈ ਵਾਹਿਗੁਰੂ ਹੀ ਮੇਹਰ ਕਰੇ । ਸ਼੍ਰੋ: ਗੁ: ਪ੍ਰ:
ਕਮੇਟੀ, ਚੀਫ ਖਾਲਸਾ ਦੀਵਾਨ ਅਤੇ ਸ਼ਰੋਮਣੀ ਅਕਾਲੀ ਦਲ
ਜੋ ਮੁਖ ਬਾਡੀਆਂ ਹਨ, ਸਿਖ ਪੰਥ ਦੀਆਂ ਨਜ਼ਰਾਂ ਹਮੇਸ਼ਾਂ
ਤੇ ਰਹੀਆਂ ਹਨ, ਪਰ ਪ੍ਰਚਾਰ ਦੇ ਖੇਤਰ ਵਿਚ ਇਹ ਕਿੰਨਾ
ਵਧੀਆਂ ਹਨ, ਇਹ ਕਿਸੇ ਤੋਂ ਗੁਝੀ ਛਿਪੀ ਗਲ ਨਹੀਂ । ਜੇ
ਬਾਡੀਆਂ ਸਚੇ ਦਿਲੋਂ ਕੋਈ ਉਪਰਾਲਾ ਕਰਨ ਤਾਂ ਕੀ ਕੁਝ ਨਾ
ਸਕਦਾ । ਇਕੱਲੀ ਗੁਰਦਵਾਰਾ ਕਮੇਟੀ ਦਿਲੀ, ਜਿਸ ਪਾਸ
ਲੱਖ ਰੁਪਿਆ ਸਾਲਾਨਾ ਆਮਦਨ ਹੈ, ਬਹੁਤ ਕੁਝ ਕਰ ਸਕ
ਪਰ ਸਤਿਆਨਾਸ ਹੋਵੇ ਧੜੇਬਾਜ਼ੀ ਅਤੇ ਖੁਦਗਰਜ਼ੀ ਦਾ,
ਸਮੇਂ ਗੁਰੂ ਕਲਗੀਧਰ ਆਪ ਹੀ ਕੌਮ ਦੀ ਬਹੁੜੀ ਕਰਨ ਹੋ
ਆਸ ਨਹੀਂ ਰਹੀ ।

ਪਾਠਕਾਂ ਅਤੇ ਮੁਖੀਆਂ ਦੀ ਸੇਵਾ ਵਿਖੇ ਬੇਨਤੀ
ਸਰਬੰਸਦਾਨੀ ਸਤਿਗੁਰਾਂ ਦੀ ਸਾਜੀ ਗੁਰਸਿਖੀ ਦੀ ਮੌਜੂਦਾ
ਧਿਆਨ ਨਾਲ ਵੇਖੋ ਅਤੇ ਦਿਲੋਂ ਅਨਭਵ ਕਰੋ, ਸੁਮੱਤ ਦੇਣ
ਤਾਂ ਵਾਹਿਗੁਰੂ ਹੈ, ਪਰ ਗੁਰਮਤਿ ਦਾ ਪ੍ਰਚਾਰ ਹੀ ਸਡੇ ਕੋਲ
ਵਸੀਲਾ ਹੈ ਜੋ ਕੁਰਾਹੇ ਪਿਆਂ ਨੂੰ ਰਹਿਰਾਸਤੀ ਤੇ ਲਿਆ
ਹੈ । ਮੈਂ ਆਪ ਨੂੰ ਕੇਵਲ ਐਨੀ ਖੇਚਲ ਦੇਂਦਾ ਹਾਂ ਕਿ
ਪੁਸਤਕ ਨੂੰ ਆਦਿ ਤੋਂ ਅੰਤ ਤਕ ਧਿਆਨ ਨਾਲ ਪੜ੍ਹੋ, ਇਕ
ਆਦਮੀ ਆਪਣੇ ਕਈ ਸਾਥੀਆਂ ਨੂੰ ਮੰਗਾਉਣ ਅਤੇ ਪੜ੍ਹ
ਪ੍ਰੇਰੋ । ਲੈ ਕੇ ਵਧ ਤੋਂ ਵਧ ਕਾਪੀਆਂ ਵੰਡੋ, ਲਾਇਬਰੇਰੀਆਂ
ਵਿਚ ਰੱਖੋ, ਖਾਲਸਾ ਸਕੂਲਾਂ ਵਿਚ ਲਾਓ, ਜਿਥੇ ਵੀ ਕੋਈ ਕੋ
ਡੋਲਿਆ ਸੱਜਣ ਮਿਲੇ ਉਸ ਨੂੰ ਦਿਉ ਅਤੇ ਇਸ ਦਾ ਘਰ ਘਰ
ਕਰੋ ਤਾਕਿ ਮੌਜੂਦਾ ਪਤਿਤਪੁਣੇ ਦੀ ਲਹਿਰ ਨੂੰ ਠੱਲ੍ਹ ਪੈ ਸਕੇ
ਨਾ ਵੇਖੋ ਕਿ ਇਹ ਲਿਖਾਰੀ ਸਾਡੇ ਧੜੇ ਦਾ ਨਹੀਂ, ਮੇਰੇ ਖਿਆਲ
ਕਿਸੇ ਵੀ ਧਾਰਮਕ ਆਗੂ ਜਾਂ ਲਿਖਾਰੀ ਨੂੰ ਧੜਿਆਂ ਵਿਚ
ਪੈਣਾ ਚਾਹੀਦਾ, ਸਾਡਾ ਸਾਰਿਆਂ ਦਾ ਫਰਜ਼ ਹੈ ਧਰਮ ਨੂੰ
ਧੜਾ ਸਮਝੀਏ ਅਤੇ ਗੁਰੂ ਸਿਖੀ ਦਾ ਪ੍ਰਚਾਰ ਕਰੀਏ ।

# ਅੰਤਿਮ ਅਰਦਾਸ

(੧) ਹੇ ਵਾਹਿਗੁਰੂ, ਗੁਰੂ ਕਲਗੀਧਰ ਪਿਤਾ ! ਆਪਣੇ ਪੰਥ ਦੇ ਆਪ ਸਹਾਈ ਹੋਵੋ ਅਤੇ ਕੌਮ ਨੂੰ ਚੜ੍ਹਦੀ ਕਲਾ ਦਾ ਜੀਵਨ ਬਖਸ਼ੋ।

(੨) ਕੌਮ ਦੇ ਆਗੂਆਂ ਸੰਤਾਂ ਸਾਧੂਆਂ ਅਤੇ ਪਰਚਾਰਕਾਂ ਨੂੰ ਸੁਮੱਤ ਬਖਸ਼ੋ ਕਿ ਭੇਖ, ਪਖੰਡ, ਖ਼ੁਦਗਰਜ਼ੀ ਅਤੇ ਧੜੇਬਾਜ਼ੀ ਤੋਂ ਰਹਿਤ ਹੋਕੇ ਆਪ ਦੇ ਇਸ ਸੱਚੇ ਸੁਚੇ ਧਰਮ ਦਾ ਪਰਚਾਰ ਕਰਨ।

(੩) ਸੇਵਕ ਨੂੰ ਸੁਮੱਤ ਬਖਸ਼ੋ ਅਤੇ ਸਿਰ ਤੇ ਕ੍ਰਿਪਾ ਭਰਿਆ ਹੱਥ ਰੱਖੋ ਕਿ ਨਿਰਲੋਭ, ਨਿਰਵਿਕਾਰ ਅਤੇ ਨਿਰਪੱਖ ਹੋ ਕੇ ਆਪ ਦੀ ਮਿੱਠੀ ਪਿਆਰੀ ਗੁਰਮਤਿ ਦਾ ਢੰਡੋਰਾ ਦੇਂਦਿਆਂ ਇਸ ਦੇਹੀ ਦਾ ਅੰਤ ਹੋਵੇ।

ਕੋਈ ਭਲਾ ਕਹੁ ਭਾਵੈ ਬੁਰਾ ਕਹੁ
ਹਮ ਤਨ ਦੀਉ ਹੈ ਢਾਰ ॥

ਵਾਹਿਗੁਰੂ ਜੀ ਕਾ ਖਾਲਸਾ
ਵਾਹਿਗੁਰ਼ ਜੀ ਕੀ ਫਤਹ ॥

ਊਧਮ ਸਿੰਘ
ਸੁਵਰਨ ਭਵਨ, ਬਲਾਕ ੨ ਈ. ਮਕਾਨ ਨੰ: ੪,
ਲਾਜਪਤ ਨਗਰ, ਨਵੀਂ ਦਿੱਲੀ-੧੪

੧ ਅਪ੍ਰੈਲ ੧੯੬੫



ਲੇਖਕ—
ਗਿਆਨੀ ਊਧਮ ਸਿੰਘ ਜੀ
(ਜਨਮ—੧੫ ਅਪ੍ਰੈਲ ੧੯੧੮)

੧ ੴ ਸਤਿਗੁਰ ਪ੍ਰਸਾਦਿ ॥

ਬਾਬਾਣੀਆਂ ਕਹਾਣੀਆਂ ਪੁਤ ਸਪੁਤ ਕਰੇਨ

# ਗੁਰੂ ਨਾਨਕ ਜੀਵਨ-ਇਕ ਨਵੀਂ ਖੋਜ


ਇਸ ਪੁਸਤਕ ਦੇ ਹੱਕ ਲੇਖਕ
ਦੇ ਨਾਮ ਵੇਂ ਹਨ ਬਿਨਾ ਮੇਰੀ ਲਿਖਤੀ
ਆਗਿਆ ਕੋਈ ਨ ਛਾਪੇ ਊਧਮ ਸਿੰਘ

ਜਿਸ ਵਿਚ ਭਾਰਤ ਦੇਸ, ਮਨੁਖੀ ਭੇਦ ਭਾਵ ਦੇ ਮੁਢਲੇ ਕਾਰਣ. ਜਰਵਾਣਿਆਂ ਦੇ ਅਤਿਆਚਾਰ, ਦੂਜੇ ਧਰਮਾਂ ਦਾ ਦ੍ਰਿਸ਼ਟੀ ਕੋਣ ਅਤੇ ਬੇਦੀ ਬੰਸ ਦੇ ਅਰੰਭਕ ਇਤਿਹਾਸ ਤੋਂ ਇਲਾਵਾ ਕਈ ਸਿਧਾਂਤਕ ਪੜਚੋਲਾਂ ਸਹਿਤ ਨਨਕਾਣਾ ਸਾਹਿਬ ਤੋਂ ਲੈ ਕੇ ਡੇਹਰਾ ਬਾਬਾ ਨਾਨਕ ਤਕ ਸੰਸਾਰ ਭਰ ਦਾ ਸਫ਼ਰ ਵਾਰ ਗੁਰੂ ਨਾਨਕ ਇਤਿਹਾਸ ਸਣੇ ਉਨ੍ਹਾਂ ਦੇ ਦੇਸਾਂ ਪ੍ਰਦੇਸਾਂ ਵਿਚ ਕਾਇਮ ਸਮੂੰਹ ਗੁਰਦਵਾਰਿਆਂ ਦੇ, ਵਿਸਥਾਰ ਸਹਿਤ ਅੰਕਿਤ ਹੈ ।

ਸੁਰਜੀਤ ਪ੍ਰਕਾਸ਼ਨ ਨਵੀਂ ਦਿੱਲੀ-੨੭



ਲੇਖਕ :—
ਗਿ: ਊਧਮ ਸਿੰਘ



ਤਖਤ ਸ੍ਰੀ ਕੇਸ਼ ਗੜ੍ਹ ਸਾਹਿਬ ( ਅਨੰਦ ਪੁਰ )

Takht Sri Kesh Garh Sahib ( Anand Pur )

ਪ੍ਰਸਿਧ ਖੋਜੀ ਅਤੇ ਕਥਾ ਵਾਚਕ ਲੇਖਕ ਗਿਆਨੀ ਊਧਮ ਸਿੰਘ ਜੀ ਨਵੀਂ ਦਿੱਲੀ ਦੀ 'ਕਸ ਫਿਲਾਸਫੀ' ਉਤੇ ਮਹਾਨ ਰਚਨਾ ਨੂੰ ਪੇਪਰ ਬੈਕ ਵਿਚ ਪ੍ਰਕਾਸ਼ਤ ਕਰ ਦਿੱਤਾ ਗਿਆ ਹੈ। ਇਸਪੁਸਤਕ ਨੂੰ ਜਿਸ ਨੇ ਪੜ੍ਹਿਆ ਹੈ, ਉਹ ਵਿਦਵਾਨ ਲੇਖਕ ਦੀ ਕਲਮ ਦਾ ਲੋਹਾ ਮੰਨ ਗਿਆ ਹੈ। ਆਦਿ ਕਾਲ ਤੋਂ ਲੈ ਕੇ ਸਾਇੰਸ ਦੇ ਵਰਤਮਾਨ ਯੁਗ ਤੱਕ ਕੇਸਾਂ ਨਾਲ ਸੰਬੰਧਤ ਡੂੰਘਾ ਅਧਿਐਨ ਲੇਖਕ ਦੀ ਮਿਹਨਤ ਅਤੇ ਸਿਰੜ ਦੀ ਮੂੰਹ ਬੋਲਦੀ ਤਸਵੀਰ ਹੈ।

ਪ੍ਰਕਾਸ਼ਨ ਕਮੇਟੀ ਨਾਲ ਸੰਪਰਕ ਪੈਦਾ ਕਰੋ।

9, CANAL ROAD, COVENTRY.